# ਆਧੁਨਿਕ ਪੱਛਮੀ ਕਾਵਿ ਸ਼ਾਸਤਰ ਅਤੇ ਵਿਹਾਰਕ ਆਲੋਚਨਾ

DPBI506

Edited by
Dr. Harpreet Singh

LOVELY PROFESSIONAL UNIVERSITY

# ਆਧੁਨਿਕ ਪੱਛਮੀ ਕਾਵਿ ਸ਼ਾਸਤਰ ਅਤੇ ਵਿਹਾਰਕ ਆਲੋਚਨਾ

Edited By
Dr.Harpreet Singh

Course Name: ਆਧੁਨਿਕ ਪੱਛਮੀ ਕਾਵਿ ਸ਼ਾਸਤਰ ਅਤੇ ਵਿਹਾਰਕ ਆਲੋਚਨਾ

ਤਤਕਰਾ


| ਅਧਿਆਇ ਨੰਬਰ | ਅਧਿਆਇ ਦਾ ਨਾਮ | ਲੇਖਕ ਦਾ ਨਾਮ | ਪੰਨਾ ਨੰਬਰ |
|---|---|---|---|
| ਅਧਿਆਇ-1 | ਮਾਰਕਸਵਾਦੀ ਸਾਹਿਤ ਸਿਧਾਂਤ ਦੇ ਮੁੱਖ ਸੰਕਲਪ | ਡਾ.ਹਰਪ੍ਰੀਤ ਸਿੰਘ | 1-14 |
| ਅਧਿਆਇ-2 | ਨਾਰੀਵਾਦੀ ਆਲੋਚਨਾ | ਡਾ.ਹਰਪ੍ਰੀਤ ਸਿੰਘ | 15-26 |
| ਅਧਿਆਇ-3 | ਮਨੋਵਿਗਿਆਨਕ ਆਲੋਚਨਾ | ਡਾ.ਹਰਪ੍ਰੀਤ ਸਿੰਘ | 27-46 |
| ਅਧਿਆਇ-4 | ਰੂਸੀ ਰੂਪਵਾਦ | ਡਾ.ਹਰਪ੍ਰੀਤ ਸਿੰਘ | 47-60 |
| ਅਧਿਆਇ-5 | ਬਾਖਤਿਨ ਸਿਧਾਂਤ | ਡਾ.ਹਰਪ੍ਰੀਤ ਸਿੰਘ | 61-70 |
| ਅਧਿਆਇ-6 | ਅਮਰੀਕੀ ਨਵ–ਆਲੋਚਨਾ | ਡਾ.ਹਰਪ੍ਰੀਤ ਸਿੰਘ | 71-80 |
| ਅਧਿਆਇ-7 | ਸਰੰਚਨਾਵਾਦੀ ਸਾਹਿਤ ਸਿਧਾਂਤ: ਸੋਸਿਊਰ:ਭਾਸ਼ਕ ਮਾਡਲ | ਡਾ.ਹਰਪ੍ਰੀਤ ਸਿੰਘ | 81-96 |
| ਅਧਿਆਇ-8 | ਉੱਤਰ ਸੰਰਚਨਾਵਾਦ-ਸਾਹਿਤ ਸਿਧਾਂਤ | ਡਾ.ਹਰਪ੍ਰੀਤ ਸਿੰਘ | 97-110 |
| ਅਧਿਆਇ-9 | ਉੱਤਰ ਸੰਰਚਨਾਵਾਦ: ਰੋਲਾਂ ਬਾਰਥ ਦੀ ਦੇਣ | ਡਾ.ਹਰਪ੍ਰੀਤ ਸਿੰਘ | 111-122 |
| ਅਧਿਆਇ-10 | ਯੱਕ ਦੈਰੀਦਾ ਅਤੇ ਵਿਰਚਨਾਵਾਦ | ਡਾ.ਹਰਪ੍ਰੀਤ ਸਿੰਘ | 123-134 |
| ਅਧਿਆਇ-11 | ਮਿਸ਼ੈਲ ਫੂਕੋ ਅਤੇ ਪ੍ਰਵਚਨ | ਡਾ.ਹਰਪ੍ਰੀਤ ਸਿੰਘ | 135-150 |
| ਅਧਿਆਇ-12 | ਬਸਤੀਵਾਦ ਅਤੇ ਉਤਰ ਬਸਤੀਵਾਦ | ਡਾ.ਹਰਪ੍ਰੀਤ ਸਿੰਘ | 151-162 |
| ਅਧਿਆਇ-13 | ਉੱਤਰ ਆਧੁਨਿਕਤਾ | ਡਾ.ਹਰਪ੍ਰੀਤ ਸਿੰਘ | 163-174 |
| ਅਧਿਆਇ-14 | ਵਿਸ਼ਵੀਕਰਨ | ਡਾ.ਹਰਪ੍ਰੀਤ ਸਿੰਘ | 175-186 |

# ਅਧਿਆਇ-1: ਮਾਰਕਸਵਾਦੀ ਸਾਹਿਤ ਸਿਧਾਂਤ ਦੇ ਮੁੱਖ ਸੰਕਲਪ

*Harpreet singh, Lovely Professional University*

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ–

- ਮਾਰਕਸਵਾਦੀ ਚਿੰਤਨ ਤੇ ਮਾਰਕਸਵਾਦੀ ਆਲੋਚਨਾ ਪ੍ਰਣਾਲੀ ਤੋਂ ਜਾਣੂ ਹੋਣਗੇ।
- ਸਾਹਿਤ ਵਿਚ ਮਾਰਕਸਵਾਦ ਦੀ ਮਹੱਤਤਾ ਤੇ ਸਾਰਥਕਤਾ ਨੂੰ ਸਮਝ ਸਕਣਗੇ।
- ਮਾਰਕਸਵਾਦੀ ਨਜ਼ਰੀਏ ਅਨੁਸਾਰ ਸਾਹਿਤ ਸਿਰਜਨਾ ਦੇ ਕਾਬਲ ਬਣਨਗੇ।
- ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਸਾਹਿਤ ਦਾ ਮੁਲਾਂਕਣ ਕਰ ਸਕਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਮਾਰਕਸਵਾਦ ਅਨੁਸਾਰ ਸਾਹਿਤ/ਕਲਾ ਉਸਾਰ ਦਾ ਅੰਗ ਹੈ। ਮਾਰਕਸਵਾਦੀ ਵਿਚਾਰਧਾਰਾ ਵਿੱਚ ਸਾਹਿਤ ਸਿਰਜਣਾ ਨੂੰ ਦੈਵੀ ਮਿਹਰ ਨਹੀਂ ਮੰਨਿਆ ਜਾਂਦਾ ਬਲਕਿ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਨੁੱਖ ਆਪਣੇ ਯਤਨਾਂ ਰਾਹੀਂ ਸਾਹਿਤ ਸਿਰਜਦਾ ਹੈ। ਜਿਸ ਵਾਰ

ਇਕ ਕਿਰਤੀ ਕਿਸੇ ਮਸ਼ੀਨ ਜਾਂ ਪਦਾਰਥਾਂ ਦੀ ਸਹਾਇਤਾ ਨਾਲ ਸਰੀਰਕ ਜਾਂ ਬੌਧਿਕ ਕਿਰਤ ਕਰਦਾ ਹੈ, ਉਸੇ ਪ੍ਰਕਾਰ ਸਾਹਿਤਕਾਰ ਵੀ ਬੌਧਿਕ ਯਤਨਾਂ ਨਾਲ ਸਾਹਿਤ ਸਿਰਜਣ ਦੀ ਕਿਰਤ ਕਰਦਾ ਹੈ। ਸਾਹਿਤ, ਲਲਿਤ ਕਲਾ ਦਾ ਇੱਕ ਅੰਗ ਹੈ ਅਤੇ ਸਾਹਿਤ ਤੇ ਕਲਾ ਕਿਸੇ ਵੀ ਸਮਾਜਿਕ ਬਣਤਰ ਦਾ ਉਸਾਰ ਹੁੰਦੀ ਹੈ। ਮਾਰਕਸ ਨੇ ਕਿਸੇ ਸਮਾਜ ਦੀ ਬਣਤਰ ਨੂੰ ਸਮਝਾਉਣ ਲਈ ਨੀਂਹ ਅਤੇ ਉਸਾਰ ਸੰਕਲਪਾਂ ਦੀ ਵਰਤੋਂ ਕੀਤੀ ਹੈ। ਸਮਾਜ ਦਾ ਆਰਥਿਕ ਢਾਂਚਾ ਉਸ ਦੀ ਨੀਂਹ ਹੁੰਦਾ ਹੈ। ਇਸ ਨੀਂਹ ਉੱਤੇ ਹੀ ਉਸ ਸਮਾਜ ਦੀ ਰਾਜਨੀਤੀ, ਧਰਮ, ਨੈਤਿਕਤਾ, ਦਰਸ਼ਨ ਸਾਹਿਤ ਅਤੇ ਕਲਾ ਉਸਰੇ ਹੁੰਦੇ ਹਨ। ਇਉਂ ਸਾਹਿਤ, ਸਮਾਜਿਕ ਬਣਤਰ ਦਾ ਉਸਾਰ ਹੈ। ਸਾਹਿਤ ਸਮਾਜ ਦੀ ਉਸਾਰੀ ਦਾ ਮਹੱਤਵਪੂਰਨ ਸਾਧਨ ਹੈ। ਸਾਹਿਤ ਆਪਣੀ ਵਿਚਾਰਧਾਰਾ ਰਾਹੀਂ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਸਮਾਜ ਵਿੱਚ ਤਬਦੀਲੀ ਲਈ ਮਹੱਤਵਪੂਰਨ ਸਾਧਨ ਬਣਦਾ ਹੈ। ਮਾਰਕਸਵਾਦੀ ਚਿੰਤਨ ਦੀ ਇੱਕ ਅਮੀਰ ਪਰੰਪਰਾ ਹੈ ਜਿਸ ਬਾਰੇ ਸੰਖੇਪ ਵਿੱਚ ਵਿੱਚ ਸੰਕੇਤ ਕੀਤਾ ਗਿਆ ਹੈ। ਵੱਖ-ਵੱਖ ਚਿੰਤਕਾਂ ਨੇ ਵੱਖ-ਵੱਖ ਸੁਹਜ ਸ਼ਾਸਤਰੀ ਸਮੱਸਿਆਵਾਂ ਬਾਰੇ ਚਰਚਾ ਕੀਤੀ, ਜਿਸ ਦੇ ਸਿੱਟੇ ਵਜੋਂ ਇਹ ਸਮੀਖਿਆ ਪ੍ਰਣਾਲੀ ਬਾਹਰਮੁਖੀ ਅਤੇ ਵਿਗਿਆਨਕ ਲੀਹਾਂ ਉੱਪਰ ਵਿਕਸਿਤ ਹੋਈ। ਇਸ ਅਮੀਰ ਪਰੰਪਰਾ ਦੇ ਸਿੱਟੇ ਵਜੋ ਹੁਣ ਮਾਰਕਸਵਾਦੀ ਵਿਚਾਰਧਾਰਾ ਦਾ ਆਪਣਾ ਮੌਲਿਕ ਸੁਹਜ ਸ਼ਾਸਤਰ ਬਣ ਚੁੱਕਾ ਹੈ, ਜਿਸ ਦੇ ਆਧਾਰ ਉੱਤੇ ਇਸ ਵਿਚਾਰਧਾਰਾ ਦੇ ਚਿੰਤਕ ਸੁਹਜਾਤਮਕ ਪੱਖਾਂ ਜਾਂ ਲਲਿਤ ਕਲਾਵਾਂ ਨੂੰ ਪਰਖਦੇ ਹਨ।

## ਵਿਸ਼ਾ ਵਸਤੂ:

ਮਾਰਕਸਵਾਦੀ ਆਲੋਚਨਾ ਤੋਂ ਸਾਡਾ ਭਾਵ ਸਾਹਿਤ ਵਿਚ ਉਸ ਆਲੋਚਨਾ ਤੋਂ ਹੈ ਜੋ ਦਾਰਸ਼ਨਿਕ ਪੱਧਰ ਤੇ ਮਾਰਕਸਵਾਦ ਨੂੰ ਆਪਣਾ ਮੂਲ ਦਾਰਸ਼ਨਿਕ ਆਧਾਰ ਵੱਜੋਂ ਸਥਾਪਿਤ ਕਰਦੀ ਹੈ।

ਡਾ.ਸੁਰਜੀਤ ਸਿੰਘ ਭੱਟੀ ਅਨੁਸਾਰ-

"ਉਹ ਆਲੋਚਨਾ ਜੋ ਦਾਰਸ਼ਨਿਕ ਰੂਪ ਵਿਚ ਦਵੰਦਵਾਦ ਪਦਾਰਥਵਾਦ ਦੀ ਧਾਰਨੀ ਹੈ ਤੇ ਜੋ ਸਾਹਿਤ ਨੂੰ ਇਸ ਦਰਸ਼ਨ ਦੁਆਰਾ ਪ੍ਰਤੀਪਾਦਤ ਧਾਰਨਾਵਾਂ ਦੇ ਪ੍ਰਸੰਗ ਵਿਚ ਰੱਖ ਕੇ ਵੇਖਣ ਜਾਂ ਸਮਝਣ ਦਾ ਯਤਨ ਕਰਦੀ ਹੈ , ਉਸ ਆਲੋਚਨਾ ਨੰ ਅਸੀਂ ਮਾਰਕਸਵਾਦੀ ਆਲੋਚਨਾ ਦਾ ਨਾਂ ਦੇ ਸਕਦੇ ਹਾਂ"।

ਮਾਰਕਸਵਾਦੀ ਆਲੋਚਨਾ ਨੂੰ ਦਵੰਦਵਾਦ ਪਦਾਰਥਵਾਦ ਵੀ ਕਿਹਾ ਜਾਂਦਾ ਹੈ; ਇਸ ਤੋਂ ਭਾਵ ਇਹ ਹੈ ਕਿ ਇਹ ਦਰਸ਼ਨ ਆਪਣੀ ਪ੍ਰਕ੍ਰਿਤੀ ਵੱਜੋਂ ਪਦਾਰਥਵਾਦੀ ਹੈ ਤੇ ਇਸਦੀ ਵਿਧੀ ਜਾਂ ਵਿਗਿਆਨ ਦੰਵਦਵਾਦ ਹੈ। ਦੰਵਦਵਾਦ ਪ੍ਰਕ੍ਰਿਤੀ, ਚਿੰਤਨ ਤੇ ਸਮਾਜ ਵਿਚਲੀ ਗਤੀ ਦੇ ਸਮਾਨਯ ਨਿਯਮਾਂ ਦਾ ਗਿਆਨ ਕਰਵਾਉਣ ਵਾਲਾ ਗਿਆਨ ਹੈ। ਸੋ ਮਾਰਕਸਵਾਦੀ/ਪਦਾਰਥਵਾਦੀ ਦਿਸ਼ਟੀਕੋਣ ਉਹ ਦਿਸ਼ਟੀਕੋਣ ਹੈ ਜੋ ਸਮੁੱਚੇ ਸਮਾਜ, ਪ੍ਰਕ੍ਰਿਤੀ ਤੇ ਚਿੰਤਨ ਦੀਆਂ ਸਮੱਸਿਆਵਾਂ ਨੂੰ ਇਕ ਵਿਸ਼ੇਸ਼ ਪਦਾਰਥਵਾਦੀ ਤੇ ਬਾਹਰਮੁਖੀ ਦ੍ਰਿਸ਼ਟੀਕੋਣ ਤੋਂ ਦੰਵਦਵਾਦੀ ਢੰਗ ਨਾਲ ਸਮਝਣ ਦਾ ਯਤਨ ਕਰਦਾ ਹੈ ।

ਇਸਨੂੰ ਦੰਵਦਵਾਦ ਭੌਤਿਕਵਾਦdialectical materialism ਦਾ ਨਾਮ ਵੀ ਦਿੱਤਾ ਗਿਆ ਹੈ।ਇਸਦੇ ਅੰਤਰਗਤ ਦਿਸਦੇ ਜਗਤ ਦੀ ਹਕੀਕਤ ਨੂੰ ਭੌਤਿਕ ਵ ਰਤਾਰੇ ਦੇ ਰੂਪ ਵਿਚ ਸੰਕਲਪਿਆ ਗਿਆ ਹੈ । ਇਹ ਸਮੁੱਚਾ ਵਰਤਾਰਾ ਵਿਰੋਧ -ਵਿਕਾਸ ਦੇ ਨਿਯਮ ਅਧੀਨ ਗਤੀਸ਼ੀਲ ਹੈ। ਸਮੁੱਚਾ ਵਰਤਾਰਾ ਗਿਣਾਤਮਕ ਤੋਂ ਗੁਣਾਤਮਕ ਹੈ। ਨਿਸ਼ੇਧ ਦਾਨਿਸ਼ੇਧ ਹੈ। ਅਰਥਾਤ ਪਦਾਰਥ ਦਾ ਅਹਿਮ ਸਥਾਨ ਹੈ।ਇਸ ਦਾ ਕਦੇ ਨਾਸ਼ ਨਹੀਂ ਹੁੰਦਾ। ਚੇਤਨਾ ਦੂਜੇ ਨੰਬਰ ਤੇ ਹੈ। ਇਸ ਚਿੰਤਨ ਦਾ ਦੂਸਰਾ ਪਹਿਲੂ ਇਤਿਹਾਸਕ ਭੌਤਿਕਵਾਦ historical materialism ਨਾਲ ਸੰਬੰਧਿਤ ਹੈ ਜਿਸਦੇ ਅੰਤਰਗਤ ਮਨੁੱਖੀ ਸਮਾਜ ਦਾ ਵਿਸ਼ਲੇਸ਼ਣ ਆਰਥਿਕ ਤੇ ਰਾਜਨੀਤਿਕ ਸਥਿਤੀਆਂ ਦੇ ਹਵਾਲੇ ਨਾਲ ਕੀਤਾ ਜਾਂਦਾ ਹੈ। ਜੋ ਇਹ ਸਪਸ਼ਟ ਕਰਦਾ ਹੈ ਕਿ ਮਨੁੱਖੀ ਸਮਾਜ ਦਾ ਹੁਣ ਤੱਕ ਦਾ ਇਤਿਹਾਸ ਵਰਗ-ਸੰਘਰਸ਼ ਤੇ ਅਮਾਨਵੀ ਸ਼ੋਸ਼ਣ ਦਾ ਇਤਿਹਾਸ ਹੈ।ਇਸ ਸੰਦਰਭ ਵਿਚ ਮਾਰਕਸ ਦੇ ਦੋ ਪ੍ਰਸਿੱਧ ਕਥਨਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ ।

1 ਮਨੁੱਖਾਂ ਦੀ ਚੇਤਨਾ ਉਨ੍ਹਾਂ ਦੀ ਹੋਂਦ ਨੂੰ ਨਿਰਧਾਰਿਤ ਨਹੀਂ ਕਰਦੀ , ਸਗੋਂ ਉਨ੍ਹਾਂ ਦੀ ਸਮਾਜਿਕ ਹੋਂਦ ਉਨ੍ਹਾਂ ਦੀ ਚੇਤਨਾ ਨੂੰ ਨਿਰਧਾਰਿਤ ਕਰਦੀ ਹੈ।

2 ਦਾਰਸ਼ਨਿਕਾਂ ਨੇ ਹੁਣ ਤੱਕ ਵੱਖ-ਵੱਖ ਢੰਗਾਂ ਨਾਲ ਸੰਸਾਰ ਦੀ ਵਿਆਖਿਆ ਕੀਤੀ ਹੈ।ਮਸਲਾ ਤਾਂ ਇਸਨੂੰ ਬਦਲਣ ਦਾ ਹੈ ।

ਸੋ ਇਸ ਨੇ ਸਾਹਿਤਿਕ ਰਚ ਨਾਵਾਂ ਦੀ ਅੰਦਰਲੀ ਵਸਤੂ ਅਤੇ ਸਮਾਜਿਕ -ਇਤਿਹਾਸਕ ਪਰਿਪੇਖ ਨੂੰ ਅਧਿਐਨ ਦਾ ਆਧਾਰ ਬਣਾਇਆ। ਇਸ ਲਈ ਇਸ ਨੂੰ ਵਸਤੂ -ਵਾਦੀ ਜਾਂ ਇਤਿਹਾਸਵਾਦੀ ਆਲੋਚਨਾ-ਪ੍ਰਣਾਲੀ ਆਖਣਾ ਉਚਿਤ ਜਾਪਦਾ ਹੈ। ਇਹ ਦਰਸ਼ਨ ਬੀਜ ਰੂਪ ਵਿਚ ਪ੍ਰਾਚੀਨ ਦਰਸ਼ਨਾਂ ਵਿਚੋਂ ਇਕ ਹੈ ਪ੍ਰੰਤੂ ਇਕ ਨਿਸ਼ਚਿਤ ਵਿਗਿਆਨਕ ਦਰਸ਼ਨ ਵੱਜੋਂ ਇਸਦੀ ਸਥਾਪਨਾ ਮਾਰਕਸ ਤੇ ਏਂਗਲਸ ਨੇ

ਆਪਣੇ ਜੀਵਨ ਕਾਲ ਵਿਚ 19 ਵੀ ਸਦੀ ਦੇ ਅੰਤ ਵਿਚ ਕੀਤੀ। ਆਦਰਸ਼ਵਾਦੀ ਦਰਸ਼ਨ ਦੇ ਖਿਲਾਫ ਇਹ ਦਰਸ਼ਨ ਆਪਣੇ ਮੂਲ ਰੂਪ ਵਿਚ ਜਾਂ ਸੁਭਾ ਵਿਚ ਪਦਾਰਥਵਾਦੀ ਹੈ, ਜਿਸ ਅਨੁਸਾਰ ਇਹ ਸਮੁੱਚਾ ਸੰਸਾਰ ਇਕ ਸਮੁੱਚੇ ਵਰਤਾਰੇ ਵਿਚੋਂ ਨਿਰੰਤਰ ਗਤੀਸ਼ੀਲ ਤੇ ਵਿਕਾਸ ਕਰ ਰਿਹਾ ਹੈ। ਇਸ ਵਿਕਾਸ ਦੇ ਕੁਝ ਬਾਹਰਮੁਖੀ ਨਿਯਮ ਹਨ ਜਿੰਨ੍ਹਾਂ ਰਾਹੀਂ ਅਸੀ ਇਸ ਸੰਸਾਰ ਦੇ ਵਰਤਾਰਿਆਂ ਨੂੰ ਜਾਣ ਸਕਦੇ ਹਾਂ। ਮਾਕਸਵਾਦੀ ਦਰਸ਼ਨ ਆਦਰਸ਼ਵਾਦੀਆਂ ਦੀ ਇਸ ਧਾਰਨਾ ਦੇ ਉਲਟ ਕਿ ਸੰਸਾਰ ਨੂੰ ਜਾਣਿਆ ਨਹੀਂ ਜਾ ਸਕਦਾ, ਸਗੋਂ ਇਸ ਵਿਚਾਰ ਦਾ ਹਾਮੀ ਹੈ ਕਿ ਸੰਸਾਰ ਨੂੰ ਜਾਣਿਆ ਜਾ ਸਕਦਾ ਹੈ। ਪ੍ਰੰਤੂ ਇਹ ਗਿਆਨ ਵੀ ਸਮਾਜਿਕ ਤੇ ਬੌਧਿਕ ਵਿਕਾਸ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਅਨੁਸਾਰ ਹੀ ਹੁੰਦਾ ਹੈ।

ਮਾਰਕਸਵਾਦ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਸ਼ੋਸ਼ਣ ਰਹਿਤ ਸਮਾਜ ਦੀ ਉਸਾਰੀ ਲਈ ਕਾਂਤੀਕਾਰੀ ਪਰਿਵਰਤਨ ਦਾ 'ਵਿਗਿਆਨਕ' ਹੱਲ ਪੇਸ਼ ਕਰਦਾ ਹੈ। ਇਹ ਮਿਹਨਤਕਸ਼ ਵਰਗ ਨਾਲ ਪ੍ਰਤਿਬੱਧਤਾ ਰੱਖਣ ਵਾਲਾ ਕ੍ਰਾਂਤੀਕਾਰੀ ਫ਼ਲਸਫ਼ਾ ਹੋ ਨਿਬੜਦਾ ਹੈ। ਇਸੇ ਮੰਤਵ ਲਈ ਮਾਰਕਸਵਾਦੀ ਚਿੰਤਨ ਪ੍ਰਣਾਲੀ ਨੇ ਸ ਮਾਜਿਕ ਆਰਥਿਕ ਬਣਤਰ ਦਾ ਵਿਸ਼ਲੇਸ਼ਣ ਪੇਸ਼ ਕੀਤਾ ਹੈ । ਜਿਸਦੇ ਕੇਂਦਰੀ ਸੰਕਲਪ ਹਨ:

ਵਸਤੂ ਅਤੇ ਰੂਪ

ਆਧਾਰ base ਅਤੇ ਉਸਾਰ super structure

ਵਰਗ-ਸੰਘਰਸ਼ class-struggle

ਵਿਚਾਰਧਾਰਾ **ideology**

ਮਾਰਕਸਵਾਦੀ ਆਲੋਚਨਾ ਦਾ ਦੂਸਰੀ ਤਰ੍ਹਾਂ ਦੀਆਂ ਆਲੋਚਨਾਵਾਂ ਨਾਲੋਂ ਫ਼ਰਕ ਇਸ ਗੱਲ ਵਿਚ ਹੈ ਕਿ ਇਹ ਆਪਣੇ ਸੁਭਾ ਵਿਚ ਸਮਾਜ ਵਿਗਿਆਨਕ ਹੈ। ਤੱਤ ਰੂਪ ਵਿਚ ਇਹ ਮਾਰਕਸ ਤੇ ਲੈਨਿਨ ਦੇ ਵਿਗਿਆਨਕ ਸਮਾਜ ਦੇ ਵਿਗਿਆਨ ਦੇ ਨਿਯਮਾਂ ਉੱਪਰ ਆਧਾਰਿਤ ਹੈ।

ਮਾਰਕਸਵਾਦੀ ਆਲੋਚਨਾ ਦਾ ਮੰਤਵ ਸਾਹਿਤਿਕ ਕਿਰਤ ਵਿਚ ਪੇਸ਼ ਸਾਹਿਤ ਬਿੰਬ ਦਾ ਵਿਸ਼ਲੇਸ਼ਣ , ਉਸ ਦੇ ਸਮਾਜਿਕ ਇਤਿਹਾਸਕ ਪਰਿਪੇਖ ਵਿਚ ਰੱਖ ਕੇ ਇਸ ਤਰਾਂ ਪੇਸ਼ ਕਰਨਾ ਹੈ ਕਿ ਉਸਦੀ ਵਿਆਖਿਆ ਨਾਲ ਪਾਠਕ ਨੂੰ ਇਕ ਨਵੀਂ ਦਿਸ਼ਾ ਤੇ ਨਵੇਂ ਦ੍ਰਿਸ਼ਟੀਕੋਣ ਤੋਂ ਉਸ ਕਿਰਤ ਨੂੰ ਸਮਝਣ ਦਾ ਮੌਕਾ ਮਿਲੇ। ਮਾਰਕਸਵਾਦ ਨਾ ਕੇਵਲ ਸੰਸਾਰ ਦੇ ਸਮੁੱਚੇ ਵਰਤਾਰਿਆਂ ਅਤੇ ਵਿਕਾਸ ਨੂੰ ਵਿਗਿਆਨਕ ਢੰਗ ਨਾਲ ਸਮਝਣ ਵਿਚ ਮਨੁੱਖ ਦੀ ਸਹਾਇਤਾ ਕਰਦਾ ਹੈ ਸਗੋਂ ਸੰਸਾਰ ਦੇ ਸਮੁੱਚੇ ਸ਼ੋਸ਼ਿਤ ਵਰਗ ਦਾ ਹਮੇਸ਼ਾ ਹੀ ਵਿਚਾਰਧਾਰਿਕ ਹਥਿਆਰ ਅਤੇ ਵਿਸ਼ਵਦ੍ਰਿਸ਼ਟੀਕੋਣ ਬਣਿਆ ਹੈ।

ਮਾਰਕਸਵਾਦੀ ਦਰਸ਼ਨ ਕਿਸੇ ਚਿੰਤਕ ਦੀ ਦਿਮਾਗੀ ਕਸਰਤ ਨਾ ਹੋ ਕੇ ਵਿਸ਼ੇਸ਼ ਸਮਾਜਿਕ-ਇਤਿਹਾਸਕ ਪ੍ਰਸਥਿਤੀਆਂ ਦੀ ਹੀ ਉਪਜ ਹੈ। 19ਵੀ. ਸਦੀ ਵਿਚ ਸਮੁੱਚੇ ਯੂਰਪ ਵਿਚ ਫਰਾਂਸੀਸੀ ਇਨਕਲਾਬ, ਉਦਯੋਗਿਕ ਕ੍ਰਾਂਤੀ ਦੇ ਨਤੀਜੇ ਵਜੋਂ ਜਾਗੀਰਦਾਰੀ ਪ੍ਰਬੰਧ ਦਾ ਟੁੱਟਣਾ ਅਤੇ ਪੂੰਜੀਵਾਦੀ ਪ੍ਰਬੰਧ ਦੀ ਸਥਾਪਨਾ , ਬੁਰਜੁਆ ਅਤੇ ਪ੍ਰਲੇਤਰੀ ਵਰਗਾਂ ਦਾ ਪੈਦਾ ਹੋਣਾ , ਸੰਘਰਸ਼, ਵਿਰੋਧੀ ਟਕਰਾ, ਸਰੀਰ ਵਿਗਿਆਨ ਦੀਆਂ ਲੱਭਤਾਂ-ਕੌਸ਼ਿਕਾਵਾਂ cells and organic unity , ਡਾਰਵਿਨ (1809-1882) ਦੇ ਵਿਕਾਸਵਾਦ ਆਦਿ ਦੇ ਆਧਾਰ ਉੱਤੇ ਹੀ ਮਾਰਕਸਵਾਦੀ ਦਰਸ਼ਨ ਦੀ ਇੱਕ ਵਿਗਿਆਨਕ ਵਿਸ਼ਵਦ੍ਰਿਸ਼ਟੀਕੋਣ ਵਜੋਂ ਉਸਾਰੀ ਸੰਭਵ ਹੋ ਸਕੀ।

ਸੋ ਕਾਰਲ ਮਾਰਕਸ (1818-83) ਤੇ ਫਰੈਡਰਿਕ ਏਂਗਲਸ (1820-1895) ਦੁਆਰਾ ਸਥਾਪਿਤ ਲੈਨਿਨ (1870-1924),ਸਟਾਲਿਨ (1879-1953) ਤੇ ਮਾਓ-ਜੇ-ਤੁੰਗ ਦੁਆਰਾ ਵਿਕਸਤ, ਲੁਕਾਚ,ਕਾਰਵਿਲ ਹਾਰਵਰਡ ਫਾਸਟ ਤੇ ਰੈਲਫ ਫਾਕਸ ਦੁਆਰਾ ਪ੍ਰਚਲਿਤ ਤੇ ਟੈਰੀ ਈਗਲਟਨ ,ਅਲਥਿਊਸਰ ਪੀਅਰੇ, ਦੈਰੀਦਾ ਤੇ ਯੱਕ ਲਾਕਾਂ ਰਾਹੀਂ ਸੂਖਮਤਾ ਤੱਕ ਪਹੁੰਚਾਈ ਤੇ ਪ੍ਰਸਾਰੀ ਗਈ ਮਾਰਕਸਵਾਦੀ ਆਲੋਚਨਾ ਦੀ ਅਮੀਰ ਪੰਰਪਰਾ ਸੰਸਾਰ ਵਿਚ ਆਲੋਚਨਾ ਦੇ ਖੇਤਰ ਵਿਚ ਆਪਣੀਆਂ ਸੀਮਾਵਾਂ ਤੇ ਕਮਜ਼ੋਰੀਆਂ ਦੇ ਬਾਵਜੂਦ ਵੀਮਜੇ ਤੱਕ ਪੂਰੀ ਤਰ੍ਹਾਂ ਸਥਾਪਿਤ ਹੈ। ਸੋ ਸਮੁੱਚੇ ਰੂਪ ਵਿਚ ਮਾਰਕਸਵਾਦ ਦੀ ਜੋ ਪ੍ਰਕ੍ਰਿਤੀ ਸਾਮ੍ਹਣੇ ਆਉਂਦੀ ਹੈ ਉਸ ਨੂੰ ਅਸੀਂ ਇਸ ਤਰਾਂ ਸਮਝ ਸਕਦੇ ਹਾਂ।

ਮਾਰਕਸਵਾਦ ਅਨੁਸਾਰ ਸੁਹਜ ਚੇਤਨਾ ਜਮਾਂਦਰੂ ਨਹੀਂ ਬਲਕਿ ਸਮਾਜਿਕ ਹੈ। ਮਾਰਕਸਵਾਦੀ ਸੁਹਜ ਸ਼ਾਸਤਰ ਦੀ ਇਹ ਮਾਨਤਾ ਹੈ ਕਿ ਮਨੁੱਖ ਵਿਚਲੀ ਸੁਹਜ ਚੇਤਨਾ ਜਮਾਂਦਰੂ ਨਹੀਂ, ਬਲਕਿ ਸਮਾਜਿਕ ਹੈ। ਦੂਸਰੇ ਸ਼ਬਦਾਂ ਵਿੱਚ ਮਨੁੱਖ ਵਿੱਚ ਸੁਹਜ ਦੀ ਸੋਝੀ ਦਾ ਵਿਕਾਸ ਜਮਾਂਦਰੂ ਹੀ ਨਹੀਂ ਹੋ ਜਾਂਦਾ ਬਲਕਿ ਇਹ ਚੇਤਨਾ ਮਨੁੱਖ ਨੂੰ ਉਹ ਸਮਾਜ ਦਿੰਦਾ ਹੈ ਜਿਸ ਵਿੱਚ ਮਨੁੱਖ ਜੰਮਦਾ ਅਤੇ ਪਲਦਾ ਹੈ। ਸਾਰੇ ਸਮਾਜਾਂ ਦੇ ਸੁਹਜ ਮਾਪਦੰਡ ਇਕੋ ਜਿਹੇ ਨਹੀਂ ਹਨ। ਜੇਕਰ ਮਨੁੱਖ ਦੀ ਸੁਹਜ ਚੇਤਨਾ ਜਮਾਂਦਰੂ ਹੁੰਦੀ ਤਾਂ ਸਾਰੇ ਸਮਾਜਾਂ ਵਿੱਚ ਸੁਹਜ ਦੇ ਮਾਪਦੰਡ ਇਕੋ ਜਿਹੇ ਹੋਣੇ ਸਨ। ਕਿਸੇ ਵੀ ਸਮਾਜ ਵਿੱਚ ਸੁਹਜ ਸੰਬੰਧੀ ਸਥਾਪਨਾਵਾਂ ਪਿੱਛੇ ਕੁਝ ਕੁ ਜੀਵ ਵਿਗਿਆਨਕ ਅਤੇ ਕੁਝ ਇਤਿਹਾਸਕ ਕਾਰਨ ਹੁੰਦੇ ਹਨ। ਮਿਸਾਲ ਵਜੋਂ ਪੰਜਾਬੀ ਸਭਿਆਚਾਰ ਵਿਚ ਵਿਆਹ ਸਮੇਂ ਲਾਲ ਸੂਹੇ ਰੰਗਾਂ ਦੀ ਪ੍ਰਧਾਨਤਾ ਹੁੰਦੀ ਹੈ ਅਤੇ

ਅਫ਼ਸੋਸ ਜਾਂ ਦੁੱਖ ਸਮੇਂ ਸਫ਼ੈਦ ਰੰਗ ਦਾ ਪ੍ਰਚਲਨ ਹੀ ਹੁੰਦਾ ਹੈ। ਜਦਕਿ ਪੱਛਮੀ ਦੇਸ਼ਾਂ ਵਿੱਚ ਵਿਆਹ ਸਮੇਂ ਸਫੈਦ ਰੰਗ ਦੇ ਕੱਪੜੇ ਪਹਿਨੇ ਜਾਂਦੇ ਹਨ। ਜੇਕਰ ਮਨੁੱਖ ਦੀ ਚੇਤਨਾ ਜਮਾਂਦਰੂ ਹੁੰਦੀ ਤਾਂ ਦੋਵੇਂ ਹੀ ਦੇਸ਼ਾਂ ਵਿੱਚ ਇਕ ਖ਼ਾਸ ਮੌਕੇ ਖਾਸ ਰੰਗ ਦੇ ਹੀ ਕੱਪੜੇ ਪਹਿਨੇ ਜਾਣੇ ਚਾਹੀਦੇ ਸਨ। ਇਸੇ ਤਰ੍ਹਾਂ ਪੰਜਾਬੀ ਸਭਿਆਚਾਰ ਵਿਚ ਲੰਮੇ ਕਦ, ਤਿੱਖੇ ਨੈਣ ਨਕਸ਼ ਅਤੇ ਗੋਰੇ ਰੰਗ ਵਾਲੇ ਵਿਅਕਤੀ ਨੂੰ ਸੋਹਣਾ ਮੰਨਿਆ ਜਾਂਦਾ ਹੈ। ਪਰ ਅਫਰੀਕਨ ਦੇਸ਼ਾਂ ਵਿੱਚ ਸਾਰੇ ਹੀ ਕਾਲੇ ਰੰਗ ਵਾਲੇ ਵਿਅਕਤੀ ਹਨ। ਉੱਥੇ 'ਕਾਲੀ ਸੁੰਦਰਤਾ (Black Beauty) ਦਾ ਸੰਕਲਪ ਹੈ। ਸੁਹਜ-ਬੋਧ ਜਮਾਂਦਰੂ ਨਾ ਹੋਣ ਕਾਰਨ ਹੀ ਸਾਨੂੰ ਇਹ ਵਖਰੇਵੇਂ ਨਜ਼ਰੀਂ ਪੈਂਦੇ ਹਨ।

ਮਾਰਕਸਵਾਦ ਅਨੁਸਾਰ ਮਨੁੱਖ ਨੇ ਕੁਝ ਵੀ ਨਿਰਾਰਥਕ ਨਹੀਂ ਸਿਰਜਿਆ। ਸਾਹਿਤ ਵੀ ਮਨੁੱਖ ਦੀ ਸਿਰਜਣਾ ਹੈ ਅਤੇ ਇਸ ਪਿੱਛੇ ਮਨੁੱਖ ਦਾ ਕੋਈ ਸਾਰਥਕ ਉਦੇਸ਼ ਹੈ। ਮਾਰਕਸਵਾਦੀ ਵਿਚਾਰਧਾਰਾ 'ਕਲਾ ਸਮਾਜ ਲਈ' ਦੇ ਵਿਚਾਰ ਨੂੰ ਸਵੀਕਾਰ ਕਰਦੀ ਹੈ। ਕਲਾ ਜਾਂ ਸਾਹਿਤ ਦਾ ਉਦੇਸ਼ ਸਮਾਜ ਲਈ ਸ਼ਿਵਮ (ਕਲਿਆਣਕਾਰੀ) ਬਣਨਾ ਹੈ। ਮਾਰਕਸਵਾਦੀ ਵਿਚਾਰਧਾਰਾ ਵਿਅਕਤੀ ਅਤੇ ਸਮਾਜ ਦੋਹਾਂ ਪੱਖਾਂ ਤੋਂ ਸਾਹਿਤ ਦਾ ਉਦੇਸ਼ ਨਿਰਧਾਰਿਤ ਕਰਦੀ ਹੈ। ਵਿਅਕਤੀਗਤ ਪੱਧਰ ਉੱਤੇ ਸਾਹਿਤ ਦਾ ਉਦੇਸ਼ ਸੁਹਜਾਤਮਕ ਆਨੰਦ ਦੇਣਾ ਹੈ ਅਤੇ ਸਮਾਜਿਕ ਪੱਧਰ ਉੱਤੇ ਨਿੱਜੀ ਸੰਪੱਤੀ ਉੱਤੇ ਆਧਾਰਤ ਸਮਾਜ ਵਿੱਚ ਇਨਕਲਾਬੀ ਪਰਿਵਰਤਨ ਲਿਆਉਣਾ ਹੈ। ਸਾਹਿਤ ਅਤੇ ਕਲਾ ਸੰਬੰਧੀ ਮਾਓ ਦਾ ਵਿਚਾਰ ਸਭ ਤੋਂ ਅਹਿਮ ਹੈ। ਉਸ ਅਨੁਸਾਰ ਸਮਾਜ ਦੇ ਵਿੱਚ ਇਨਕਲਾਬੀ ਪਰਿਵਰਤਨਾਂ ਲਈ ਸਾਹਿਤ ਨੂੰ ਇਕ ਸ਼ਕਤੀ ਵਜੋਂ ਕੰਮ ਕਰਨਾ ਚਾਹੀਦਾ ਹੈ, ਪਰ ਕਿਸੇ ਚਾਲਕ ਸ਼ਕਤੀ ਵਜੋਂ ਨਹੀਂ। ਸਾਹਿਤ ਸਮਾਜ ਵਿੱਚ ਇਕਦਮ ਤਬਦੀਲੀ ਨਹੀਂ ਲਿਆ ਸਕਦਾ ਪਰ ਲੋਕਾਂ ਦੀ ਮਾਨਸਿਕਤਾ ਨੂੰ ਹੌਲੀ-ਹੌਲੀ ਤਿਆਰ ਕਰਦਾ ਹੈ। ਇਕ ਚਿੰਤਕ ਅਨੁਸਾਰ ਲੋਕਾਂ ਦੀਆਂ ਅੱਖਾਂ ਸਾਹਿਤ ਪੜ੍ਹਦੀਆਂ ਹਨ, ਫਿਰ ਇਹ ਦਿਮਾਗ਼ ਵਿੱਚ ਚਲਾ ਜਾਂਦਾ ਹੈ ਅਤੇ ਹੌਲੀ-ਹੌਲੀ ਲੋਕਾਂ ਦੀਆਂ ਰਗਾਂ ਵਿੱਚ ਦੌੜਦਾ ਰਹਿੰਦਾ ਹੈ। ਸਮਾਂ ਆਉਣ ਤੇ ਸਾਹਿਤ ਸਮਾਜ ਵਿੱਚ ਤਬਦੀਲੀ ਲਈ ਮਹੱਤਵਪੂਰਨ ਸਾਧਨ ਬਣਦਾ ਹੈ।

ਮਾਰਕਸਵਾਦ ਅਨੁਸਾਰ ਲੇਖਕ ਦਾ ਉਦੇਸ਼-ਸਾਹਿਤ ਸਮਾਜ ਵਿੱਚ ਇਨਕਲਾਬੀ ਤਬਦੀਲੀ ਦਾ ਸਰੋਤ ਬਣਦਾ ਹੈ ਪਰ ਇਹ ਸਭ ਕੁਝ ਸਾਹਿਤ ਆਪ ਨਹੀਂ ਕਰਦਾ, ਸਗੋਂ ਸਾਹਿਤ ਦੇ ਮਾਧਿਅਮ ਰਾਹੀਂ ਲੇਖਕ ਕਰਦਾ ਹੈ। ਸਾਹਿਤ ਆਪਣੇ ਆਪ ਤਾਂ ਰਚਿਆ ਨਹੀਂ ਜਾਂਦਾ। ਉਸ ਨੂੰ ਲੇਖਕ ਰਚਦਾ ਹੈ। ਇਸ ਲਈ ਸਾਹਿਤ ਦਾ ਉਦੇਸ਼ ਬਦਲਵੇਂ ਸ਼ਬਦਾਂ ਵਿੱਚ ਲੇਖਕ ਦਾ ਉਦੇਸ਼ ਹੁੰਦਾ ਹੈ। ਜੇਕਰ ਲੇਖਕ ਆਪਣੇ ਉਦੇਸ਼ ਪ੍ਰਤੀ ਸੁਚੇਤ ਅਤੇ ਸਮਰਪਿਤ ਨਹੀਂ ਤਾਂ ਸਾਹਿਤ ਆਪਣੇ ਉਦੇਸ਼ ਦੀ ਪੂਰਤੀ ਕਿਵੇਂ ਕਰ ਸਕਦਾ ਹੈ |

## ਵਸਤੂ ਅਤੇ ਰੂਪ:

ਹਰ ਸਾਹਿਤਿਕ ਰਚਨਾ ਦੇ ਦੋ ਪਹਿਲੂ ਹੁੰਦੇ ਹਨ। ਪਹਿਲਾ ਵਸਤੂ ਅਤੇ ਦੂਸਰਾ ਰੂਪ ਵਸਤੂ ਦਾ ਸੰਬੰਧ ਕਿਸੇ ਰਚਨਾ ਵਿਚ ਪੇਸ਼ ਵਸਤੂ-ਸਮੱਗਰੀ ਭਾਵ ਕੀ ਸ਼ਬਦ ਨਾਲ ਅਤੇ ਰੂਪ ਦਾ ਸੰਬੰਧ ਪੇਸ਼ ਕੀਤੀ ਵਸਤੂ ਦੇ ਵਿਸ਼ੇਸ਼ ਢੰਗ ਜਾਂ ਵਿਧੀ ਨਾਲ ਭਾਵ ਕਿਵੇਂ ਨਾਲ ਹੁੰਦਾ ਹੈ। ਮਾਰਕਸਵਾਦੀ ਦਰਸ਼ਨ ਅਨੁਸਾਰ ਵਸਤੂ ਅਤੇ ਰੂਪ ਵਿਚ ਦੰਵਦਾਤਮਕ ਸੰਬੰਧ ਭਾਵ ਕੋਈ ਵਸਤੂ ਇਕ ਵਿਸ਼ੇਸ਼ ਰੂਪ ਤੋਂ ਬਿਨਾਂ ਆਪਣੀ ਹੋਂਦ ਨਹੀਂ ਰੱਖਦਾ ਅਤੇ ਹਰ ਰੂਪ ਦਾ ਕੋਈ ਨਾ ਕੋਈ ਵਸਤੂ ਹੁੰਦਾ ਹੈ। ਵਸਤੂ ਰੂਪ ਨੂੰ ਨਿਰਧਾਰਿਤ ਕਰਦਾ ਹੈ ਅਤੇ ਰੂਪ ਵਸਤੂ ਨੂੰ ਮੁੜਵੇਂ ਰੂਪ ਵਿਚ ਪ੍ਰਭਾਵਿਤ ਕਰਨ ਦੇ ਸਮਰੱਥ ਹੁੰਦਾ ਹੈ।ਵਸਤੂ ਤੇ ਰੂਪ ਦੇ ਆਪਸੀ ਸੰਬੰਧਾਂ ਵਿਚ ਪ੍ਰਾਥਮਿਕਤਾ ਵਸਤੂ ਦੀ। ਪਰ ਵਸਤੂ ਤੋਂ ਬਿਨਾਂ ਰੂਪ ਤੇ ਰੂਪ ਤੋਂ ਬਿਨਾਂ ਵਸਤੂ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।

ਲੈਨਿਨ ਅਨੁਸਾਰ-

'ਰੂਪ ਇਕ ਬਾਹਰੀ ਖੋਲ ਜਾਂ ਨਿਸਕ੍ਰਿਆ ਵਸਤੂ ਨਹੀਂ ਹੈ। ਭਾਵੇਂ ਇਸਨੂੰ ਵਸਤੂ ਹੀ ਨਿਸ਼ਚਿਤ ਕਰਦਾ ਹੈ, ਪਰ ਇਹ ਵਸਤੂ ਵਿਰੋਧੀ ਨਹੀਂ ਸਗੋਂ ਕਾਰਜਸ਼ੀਲ ਹੈ।'

ਪਲੈਖਨੋਵ ਅਨੁਸਾਰ-

" ਰੂਪ ਕੇਵਲ ਉਦੋਂ ਹੀ ਖੂਬਸੂਰਤ ਲਗਦਾ ਹੈਜਦੋਂ ਇਸ ਵਿਚ ਕੋਈ ਵਿਚਾਰ ਹੋਵੇ।ਖੂਬਸੂਰਤ ਮੱਥੇ ਦਾ ਕੀ ਫਾਇਦਾ, ਜੇ ਇਸ ਵਿਚ ਦਿਮਾਗ ਨਹੀਂ ਹੈ।"

ਹੀਗਲ ਨੇ ਆਪਣੀ ਪੁਸਤਕ 'Philosophy of Fine Arts' ਵਿਚ ਵਸਤੂ ਤੇ ਰੂਪ ਦੇ ਆਪਸੀ ਸੰਬੰਧਾਂ ਨੂੰ ਪ੍ਰਗਟਾਉਂਦਾ ਲਿਖਦਾ ਹੈ

"ਹਰ ਨਿਸ਼ਚਿਤ ਵਸਤੂ ਆਪਣੇ ਅਨੁਸਾਰੀ ਰੂਪ ਨੂੰਨਿਰਧਾਰਿਤਕਰਦਾ ਹੈ

ਰੂਪ ਆਪਣੇ ਆਪ ਵਿਚ ਕੁਝ ਵੀ ਨਹੀਂ ਸਗੋਂ ਵਸਤੂ ਦਾ ਰੂਪ

ਵਿਚ ਹੀ ਰੂਪਾਂਤਰਣ ਹੈ।ਰੂਪ ਵਿਚਲਾ ਨੁਕਸ ਵਸਤੂ ਵਿਚਲੇ
ਨੁਕਸ ਤੋਂ ਪੈਦਾ ਹੁੰਦਾ ਹੈ।"

ਮਾਰਕਸ ਤੇ ਏਂਗਲਸ ਦੋਵਾਂ ਨੇ ਰੂਪ ਦੇ ਮਹੱਤਵ ਨੂੰ ਸਵੀਕਾਰਿਆ ਹੈ ਪਰ ਉਨ੍ਹਾਂ ਨੇ ਆਪਣੀ ਕਿਰਤਾਂ ਵਿਚ ਰੂਪ ਦੀ ਸਰਗਰਮ ਭੂਮਿਕਾ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਨੇ ਉਹਨਾਂ ਸਾਰੀਆਂ ਸ਼ੈਲੀਮੂਲਕ ਯੁਕਤਾਂ ਦੀ ਆਲੋਚਨਾ ਕੀਤੀ ਜਿਹੜੀਆਂ ਸਾਹਿਤ ਨੂੰ ਸਮਾਜ ਰੂਪ ਨਹੀਂ ਦਿੰਦੀਆਂ।

ਮਾਰਕਸ ਅਨੁਸਾਰ-

"ਰੂਪ ਵਸਤੂ ਤੋਂ ਪੈਦਾ ਹੁੰਦਾ ਹੈ ਤੇ ਵਸਤੂ ਨੂੰ ਪ੍ਰਭਾਵਿਤ ਕਰਦਾ ਹੈ। ਰੂਪ ਵਸਤੂ ਤੋਂ ਬਿਨਾਂ ਹੋਂਦ ਵਿਚ ਨਹੀਂ ਆ ਸਕਦਾ ਅਤੇ ਵਸਤੂ ਵੱਖ-ਵੱਖ ਰੂਪਾਂ ਤੋਂ ਬਿਨਾ ਹੋਂਦ ਸਥਾਪਿਤ ਨਹੀਂ ਕਰ ਸਕਦੀ। ਇੰਝ ਰੂਪ ਦਾ ਨਿਰਧਾਰਨ ਵਸਤੂ ਦੀ ਪ੍ਰਕ੍ਰਿਤੀ ਦੇ ਆਧਾਰ ਤੇ ਹੁੰਦਾ ਹੈ ਤੇ ਵਸਤੂ ਦੇ ਪਰਿਵਰਤਨ ਦੇ ਨਾਲ ਰੂਪ ਵਿਚ ਵੀ ਪਰਿਵਰਤਨ ਹੋ ਜਾਂਦਾ ਹੈ।"

ਰੈਲਿਫ ਫੌਕਸ ਨੇ ਆਪਣੀ ਪੁਸਤਕ Novel and the People ਵਿਚ ਵਸਤੂ ਅਤੇ ਰੂਪ ਦੇ ਸੰਬੰਧਾਂ ਨੂੰ ਇਸ ਤਰ੍ਹਾਂ ਪ੍ਰਗਟਾਇਆ ਹੈ:

'ਵਸਤੂ ਰੂਪ ਨੂੰ ਪੈਦਾ ਕਰਦਾ ਹੈ ਇਹ ਇਸਦਾ ਸਮਰੂਪ
ਤੇ ਇਸ ਤੋਂ ਅਭਿੰਨ ਹੈ। ਪ੍ਰਮੁੱਖਤਾ ਭਾਵੇਂ ਵਸਤੂ ਦੀ ਹੈ
ਪਰ ਰੂਪ ਵਸਤੂ ਉੱਤੇ ਪ੍ਰਕਿਰਿਆ ਕਰਦਾ ਹੈ ਅਤੇ ਇਸ
ਤੋਂ ਕੋਈ ਵੀ ਅਕ੍ਰਿਆਸ਼ੀਲ ਨਹੀਂ ਰਹਿੰਦਾ। ਉਹ ਇਹ ਵੀ
ਸਪੱਸ਼ਟ ਕਰਦਾ ਹੈ ਕਿ ਵਸਤੂ ਅਤੇ ਰੂਪ ਇੱਕੋ ਜਿਹੇ
ਹਨ ਭਾਵੇਂ ਇਹਨਾਂ ਵਿਚੋਂ ਬੁਨਿਆਦੀ ਪਹਿਲ ਵਸਤੂ ਦੀ ਹੈ।"

ਫਰੈਡਿਕ ਜੈਮਸਨ ਨੇ ਵਸਤੂ ਅਤੇ ਰੂਪ ਦੇ ਆਪਸੀ ਸੰਬੰਧਾਂ ਬਾਰੇ 'ਮਾਰਕਸਵਾਦ ਤੇ ਰੂਪ ' 1971 ਵਿਚ ਆਪਣੇ ਵਿਚਾਰ ਇੰਝ ਪ੍ਰਗਟਾਏ ਹਨ-

"ਰੂਪ ਆਪਣੇ ਆਪ ਵਿਚ ਉਸਾਰ ਦੇ ਖੇਤਰ ਵਿਚ
ਵਸਤੂ ਤੇ ਹੋਣ ਵਾਲੀ ਪ੍ਰਕ੍ਰਿਆ ਹੈ।ਕੁਝ ਵਿਦਵਾਨ ਜੋ
ਇਹ ਮੰਨਦੇ ਹਨ ਕਿ ਰੂਪ ਤੇ ਵਸਤੂ ਹਰ ਹਾਲਤ ਵਿਚ
ਅਨਿਖੜਵੇਂ ਹਨ, ਇਹ ਨਿਖੇੜਾ ਬਨਾਵਟੀ ਹੈ। ਇਸ ਤੋਂ
ਉਲਟ ਇਹ ਵੀ ਕਹਿ ਸਕਦੇ ਹਾਂ ਕਿ ਅਸਲ ਵਿਚ ਇਹ
ਨਿਰਸੰਦੇਹ ਠੀਕ ਹੈ।"

## ਪ੍ਰਤੀਬੱਧਤਾ:

ਪ੍ਰਤੀਬੱਧਤਾ ਤੋਂ ਭਾਵ ਹੈ ਕਿ ਲੇਖਕ ਦਾ ਬੁਨਿਆਦੀ ਤੌਰ ਤੇ ਕਿਸੇ ਇਕ ਦ੍ਰਿਸ਼ਟੀਕੋਣ ਨਾਲ ਜੁੜਿਆ ਹੋਣਾ ਹੈ। ਇਹ ਦ੍ਰਿਸ਼ਟੀਕੋਣ ਮਾਨਵ ਪੱਖੀ ਮੁਲਾਂ ਦਾ ਧਾਰਨੀ ਹੋ ਸਕਦਾ ਹੈ ਜਾਂ ਮਾਨਵ ਵਿਰੋਧੀ ਮੁੱਲਾਂ ਦਾ। ਸਮਾਜ ਦੋ ਵਿਰੋਧੀ ਜੁੱਟਾਂ 'ਚ ਵੰਡਿਆ ਹੋਇਆ ਹੈ, ਹਰ ਸਮਾਜ ਵਿਚ ਇਕ ਉਹ ਜਮਾਤ ਹੁੰਦੀ ਹੈ ਜੋ ਉਪਜ ਦੇ ਸਾਧਨਾਂ ਉੱਤੇ ਕਾਬਜ਼ ਹੁੰਦੀ ਹੈ ਤੇ ਦੂਜੀ ਧਿਰ ਜਿਸ ਕੋਲ ਉਪਜ ਦਾ ਕੋਈ ਸਾਧਨ ਨਹੀਂ ਹੁੰਦਾ। ਨਤੀਜੇ ਵਜੋਂ ਉਹ ਕਾਬਜ ਦੇ ਅਧੀਨ ਹੋ ਜਾਂਦੇ ਹਨ।ਭਾਰੂ ਜਮਾਤ ਇਨ੍ਹਾਂ ਨਿਮਾਣੇ ਨਿਤਾਣੇ ਤੇ ਸਾਧਨਹੀਣ ਲੋਕਾਂ ਦੀ ਆਰਥਿਕ ਲੁੱਟ ਕਰਦੀ

ਹੈ ਤੇ ਇਹ ਘੋਲ ਉਨ੍ਹਾਂ ਚਿਰ ਤੱਕ ਜ਼ਾਰੀ ਰਹਿੰਦਾ ਹੈ, ਜਿੰਨਾ ਚਿਰ ਤੀਕ ਉਪਜ ਦੇ ਸਾਰੇ ਸਾਧਨਾਂ ਤੇ ਆਮ ਲੋਕਾਂ ਦੀ ਮਲਕੀਅਤ ਸਥਾਪਿਤ ਨਹੀਂ ਹੋ ਜਾਂਦੀ। ਉਨ੍ਹਾਂ ਚਿਰ ਜਮਾਤੀ ਸਮਾਜ ਵਰਗ ਰਹਿਤ ਸਮਾਜ ਵਿਚ ਨਹੀਂ ਬਦਲ ਸਕਦਾ। ਜਿਸ ਵਿਚ ਮਨੁੱਖ ਅਤੇ ਮਨੁੱਖ ਵਿਚ ਆਪਸੀ ਸੰਬੰਧ ਧੋਖੇ ਤੇ ਲੁੱਟ ਖਸੁੱਟ ਦੀ ਥਾਂ ਆਪਸੀ ਭਾਈਚਾਰੇ ਸਹਿਯੋਗ, ਮਿੱਤਰਤਾਪੂਰਨ ਮਿਲਵਰਤਨ ਦੇ ਨਹੀਂ ਬਣ ਜਾਂਦੇ।

ਕਾਰਲ ਮਾਰਕਸ ਨੇ ਲੇਖਕ ਨੂੰ ਸੁਚੇਤ ਕਰਦਿਆਂ ਤੇ ਜ਼ਿੰਮੇਵਾਰੀ ਦਾ ਅਹਿਸਾਸ ਦਿਵਾਉਂਦਿਆਂ ਆਖਿਆ

> "ਲੇਖਕ ਨੂੰ ਜਿਊਣ ਤੇ ਲਿਖਣਯੋਗ ਹੋਣ ਲਈ ਜ਼ਰੂਰ ਕਮਾਉਣਾ ਚਾਹੀਦਾ ਹੈ, ਪਰ ਉਸਨੂੰ ਕਿਸੇ ਤਰ੍ਹਾਂ ਵੀ ਕਮਾਉਣ ਲਈ ਜਿਊਣਾ ਤੇ ਲਿਖਣਾ ਨਹੀਂ ਚਾਹੀਦਾ।"

ਹਰਬਰਟ ਫਾਸਟ-

> "ਜੇਕਰ ਕੋਈ ਪਸ਼ੂ ਬਣਨਾ ਪਸੰਦ ਕਰ ਲਏ ਤਾਂ ਮਾਨਵ
>
> ਜਾਤੀ ਦੀਆਂ ਪੀੜਾਂ ਵੱਲੋ ਪਿੱਠ ਫੇਰ ਸਕਦਾ ਹੈ ਤੇ ਸਿਰਫ
>
> ਆਪਣੇ ਹਿੱਤਾਂ ਦਾ ਹੀ ਧਿਆਨ ਰੱਖ ਸਕਦਾ ਹੈ।

ਸੁਰਜੀਤ ਭੱਟੀ-

> "ਲੇਖਕ ਦੀ ਪ੍ਰਤੀਬੱਧਤਾ ਸਮਾਜ ਦੀ ਤੋਰ ਵਿਚ ਕੰਮ ਕਰ ਰਹੀਆਂ ਉਨ੍ਹਾਂ ਪ੍ਰਗਤੀਸ਼ੀਲ ਤਾਕਤਾਂ ਜਾਂ ਜਮਾਤਾਂ ਨਾਲ ਹੋਣੀ ਚਾਹੀਦੀ ਹੈ ਜੋ ਸਮਾਜਿਕ ਵਿਕਾਸ ਦੀ ਇਕ ਉਚੇਰੀ ਅਵੱਸਥਾ ਵਲ ਚੜ੍ਹਾਈ ਲਈ ਯਤਨਸ਼ੀਲ ਹੋਣ। ਲੇਖਕ ਦੀ ਪ੍ਰਤੀਬੱਧਤਾ ਅਜਿਹੇ ਸਾਹਿਤ ਚਿੱਤਰ ਨੂੰ ਪੇਸ਼ ਕਰਨਾ ਹੈ ਜਿਸ ਨਾਲ ਉਹ ਕੇਵਲ ਆਪਣੀਆਂ ਕਲਾਤਮਕ ਪ੍ਰਵਿਰਤੀਆਂ ਦਾ ਹੀ ਪ੍ਰਗਟਾਵਾ ਕਰ ਸਕੇ। ਸਗੋਂ ਆਪਣੀਆਂ ਕਿਰਤਾਂ ਰਾਹੀਂ ਸਮਾਜਿਕ ਜੀਵਨ ਨੂੰ ਅਜਿਹੀ ਗਤੀਸ਼ੀਲਤਾ ਵਿਚ ਪੇਸ਼ ਕਰਨ ਦੇ ਸਮਰੱਥ ਹੋਵੇ,ਜਿਸ ਨਾਲ ਪਾਠਕਾਂ ਦੀ ਨਾ ਕੇਵਲ ਸੁਹਜਾਤਮਕ ਤ੍ਰਿਪਤੀ ਹੀ ਹੋਵੇ, ਸਗੋਂ ਉਨ੍ਹਾਂ ਦੀ ਦ੍ਰਿਸ਼ਟੀ ,ਵਿਸ਼ਾਲਤਾ ਤੇ ਡੰਘਾਈ ਵੀ ਪ੍ਰਾਪਤ ਕਰ ਸਕੇ।"

ਪਲੈਖਨੋਵ ਅਨੁਸਾਰ-

> " ਸਮਾਜ ਕਲਾਕਾਰ ਵਾਸਤੇ ਨਹੀਂ ਬਣਿਆ ਸਗੋਂ ਕਲਾਕਾਰ
>
> ਸਮਾਜ ਵਾਸਤੇ ਬਣਿਆ ਹੈ। ਕਲਾ ਦਾ ਕਰਤਵ ਹੈ ਕਿ ਮਨੁੱਖ
>
> ਦੀ ਚੇਤਨਾ ਦੇ ਵਿਕਾਸ ਵਿਚ ਸਮਾਜਿਕ ਪ੍ਰਬੰਧ ਨੂੰ ਬਿਹਤਰ
>
> ਬਣਾਉਣ ਵਿਚ ਸਹਾਈ ਹੋਵੇ।"

ਲੈਨਿਨ ਅਨੁਸਾਰ-

> 'ਸਾਹਿਤ ਨੂੰ ਲਾਜ਼ਮੀ ਤੌਰ ਤੇ ਇਕ ਮਹਾਨ ਸਮਾਜਿਕ ਜ਼ ਮਹੂਰੀ ਮਸ਼ੀਨ ਦੀ ਗਰਾਰੀ ਦੇ ਪੇਚ ਬਣਨਾ ਚਾਹੀਦਾ ਹੈ।'

ਇਕ ਥਾਂ ਉਹ ਹੋਰ ਲਿਖਦਾ ਹੈ

"ਲੇਖਣੀ ਵਿਚ ਨਿਰਪੱਖਤਾ ਸੰਭਵ ਹੈ।ਲੇਖਕ ਦੀ ਸੁਤੰਤਰਤਾ ਸਿਰਫ ਰੁਪਈਆਂ ਦੀ ਥੈਲੀ ਉੱਤੇ ਨਿਰਭਰਤਾ ਹੈ। ਅਣਪਖਤੀ ਲੇਖਕ ਮੁਰਦਾਬਾਦ।

ਜਿਸ ਚੀਜ਼ ਦੀ ਸੱਭ ਤੋਂ ਵੱਧ ਜ਼ਰੂਰਤ ਹੈ ਉਹ ਮਜ਼ਦੂਰ ਜਮਾਤ ਦੀ ਲਹਿਰ ਨਾਲ ਅਭਿੰਨ ਰੂਪ ਵਿਚ ਜੁੜਿਆ ਬਹੁ ਰੂਪ ਤੇ ਬਹੁ ਭਾਂਤ ਸਾਹਿਤ।"

ਲੈਨਿਨ ਦੇ ਵਿਚਾਰਾਂ ਤੋਂ ਪੱਖਪਾਤੀ ਸਾਹਿਤ ਦਾ ਹੋਣਾ ਜ਼ਰੂਰੀ ਹੈ।

ਮਾਰਕਸਵਾਦੀ ਦਰਸ਼ਨ ਮਜ਼ਦੂਰ ਜ਼ਮਾਤ ਦਾ ਵਿਚਾਰਧਾਰਕ ਹਥਿਆਰ ਹੈ। ਇਸ ਲੇਖਕ ਦੀ ਪ੍ਰਤੀਬੱਧਤਾ ਲਾਜ਼ਮੀ ਤੌਰ ਤੇ ਇਸ ਜਮਾਤ ਨਾਲ ਹੀ ਹੋਵੇਗੀ ਇਹ ਆਪਣੀਆਂ ਰਚਨਾਵਾਂ ਦੇ ਕਲਾਤਮਕ ਵਿਵੇਕ ਰਾਹੀਂ ਉਨ੍ਹਾਂ ਦੀਆਂ ਇਨਕਲਾਬੀ ਸੰਭਾਵਨਾਵਾਂ ਦਾ ਗਿਆਨ ਕਰਾਉਂਦਿਆਂ ਉਨ੍ਹਾਂ ਦੀ ਸਮਾਜਿਕ ਚੇਤਨਾ ਨੂੰ ਪ੍ਰਚੰਡ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿਚ ਸਿਰ ਵੱਢ ਕੇ ਸੰਘਰਸ਼ ਕਰਨ ਲਈ ਤਿਆਰ ਕਰਨ

ਲਈ ਠੀਕ ਦ੍ਰਿਸ਼ਟੀਕੋਣ ਤੋਂ ਅਗਵਾਈ ਕਰਦਾ ਹੈ। ਭਾਵੇਂ ਕੁਝ ਚਿੰਤਕਾਂ ਦਾ ਵਿਚਾਰ ਹੈ ਕਿ ਲੇਖਕ ਨਿਰਪੇਖ ਰਹਿਣਾ ਚਾਹੀਦਾ ਹੈ। ਪਰ ਨਿਰਪੱਖਤਾ ਦਾ ਇਹ ਢੰਗ ਅੰਤਿਮ ਰੂਪ ਵਿਚ ਨਿਰਪੱਖਤਾ ਚੇਹਰਦੇ ਹੇਠ ਭਾਰੂ ਧਿਰ ਦਾ ਪੱਖ ਪੂਰਦਾ ਹੈ।

ਮਾਰਕਸਵਾਦ ਅਨੁਸਾਰ-

> "ਲੇਖਕ ਦੀ ਪ੍ਰਤੀਬੱਧਤਾ ਦਾ ਦੂਹਰਾ ਅਰਥ ਹੈ ਕਿ ਇਕ ਪਾਸੇ ਉਹ ਸਮਾਜ ਦੀ ਇਨਕਲਾਬੀ ਤਬਦੀਲੀ ਲਈ ਜੂਝ ਰਿਹਾ ਹੈ ਤੇ ਵਚਨਬੱਧ ਮਜ਼ਦੂਰ ਜਮਾਤ ਨਾਲ ਪ੍ਰਤੀਬੱਧ ਹੈ ਤੇ ਦੂਸਰੇ ਪਾਸੇ ਉਹ ਸਾਹਿਤ ਦੀ ਸੁਹਜਾਤਮਕਤਾ ਨਾਲ ਵੀ ਪ੍ਰਤੀਬੱਧਤ ਹੋਵੇ।"

ਯੂਰੀਬਾਰਾਬਾਸ ਅਨੁਸਾਰ-

> "ਪ੍ਰਤੀਬੱਧਤਾ ਉਦੋਂ ਹੀ ਕਲਾਤਮਕ ਹੁੰਦੀ ਹੈ ਜਦੋਂ ਇਸ ਨੂੰ
>
> ਕਲਾਤਮਕ ਤੇ ਸੁਹਜਾਤਮਕ ਸਾਧਨਾਂ ਰਾਹੀਂ ਪ੍ਰਗਟਾਇਆ ਜਾਂਦਾ ਹੈ।

## ਸਾਹਿਤ ਤੇ ਵਿਚਾਰਧਾਰਾ:

ਸਾਹਿਤ ਤੇ ਵਿਚਾਰਧਾਰਾ ਵਿਚ ਬੜਾ ਨੇੜਲਾ ਰਿਸ਼ਤਾ ਹੈ। ਸਾਹਿਤ ਤੇ ਵਿਚਾਰਧਾਰਾ ਦਾ ਸੰਬੰਧ ਅੰਤਰ ਸੰਬੰਧਿਤ ਹੈ। ਸਾਹਿਤ ਆਪਣੀ ਸੁਤੰਤਰ ਹੋਂਦ ਦਾ ਧਾਰਨੀ ਹੋਣ ਦੇ ਬਾਵਜੂਦ ਆਪਣੇ ਸਮੇਂ ਦੀ ਵਿਚਾਰਧਾਰਾ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ ਤੇ ਮੁੜਵੇਂ ਰੂਪ ਵਿਚ ਵਿਚਾਰਧਾਰਾ ਨੂੰ ਪ੍ਰਭਾਵਿਤ ਵੀ ਕਰਦਾ ਹੈ। ਜਮਾਤੀ ਸਮਾਜ ਵਿਚ ਹਰ ਵਰਤਾਰੇ ਵਾਂਗ ਹਰ ਵਿਚਾਰਧਾਰਾ ਦੇ ਵੀ ਦੋ ਰੂਪ ਹਨ। ਇੱਕ ਕਾਬਜ਼ ਜਾਂ ਭਾਰੂ ਜਮਾਤ ਦੀ ਵਿਚਾਰਧਾਰਾ ਤੇ ਦੂਜੀ ਦਲਿਤ ਵਰਗ ਦੀ ਵਿਚਾਰਧਾਰਾ। ਮਾਰਕਸਵਾਦੀ ਚਿੰਤਕ ਠੋਕ ਵਜਾ ਕੇ ਸਾਹਿਤ ਤੇ ਵਿਚਾਰਧਾਰਾ ਦੇ ਆਪਸੀ ਦਵੰਦਾਤਮਕ ਸੰਬੰਧਾਂ ਨੂੰ ਪ੍ਰਵਾਨਗੀ ਦਿੰਦਿਆ ਸਾਹਿਤ ਦੇ ਵਿਚਾਰਧਾਰਕ ਰੋਲ ਨੂੰ ਬਹੁਤ ਮਹਤੱਵਪੂਰਣ ਸਵੀਕਾਰ ਕਰਦੇ ਹਨ। ਸਾਹਿਤ ਵਿਚ ਲੇਖਕ ਦੇ ਵਿਚਾਰ ਤੇ ਦਿਸ਼ਟੀਕੋਣ ਜਿੰਨੇ ਕਲਾਤਮਕ ਰੂਪ ਵਿਚ ਢਲੇ ਹੋਣਗੇ ,ਉਨਾਂ ਹੀ ਉਨਾਂ ਦੇ ਸਮਾਜਿਕ ਮੁੱਲ ਵਿਚ ਵਾਧਾ ਹੋਵੇਗਾ।

ਲੂਨਾਚਾਰਸਕੀ ਅਨੁਸਾਰ-

"ਉਹ ਲੇਖਕ ਮਹਾਨ ਹੈ ਜਿਹੜਾ ਕਿਸੇ ਜਟਿਲ ਤੇ ਕੀਮਤੀ ਸਮਾਜਿਕ ਵਿਚਾਰ ਨੂੰ ਬਹੁਤ ਹੀ ਸ਼ਕਤੀਸ਼ਾਲੀ ਕਲਾਤਮਕ ਢੰਗ ਤੇ ਸਰਲਤਾ ਨਾਲ ਪੇਸ਼ ਕਰਨ ਵਿਚ ਸਫਲ ਹੁੰਦਾ ਹੈ ਤੇ ਜਿਸ ਨਾਲ ਉਹ ਲੱਖਾਂ ਹੀ ਲੋਕਾਂ ਦੇ ਦਿਲਾਂ ਵਿਚ ਉਤਰ ਜਾਂਦਾ ਹੈ ।

ਮਾਰਕਸਵਾਦੀ ਚਿੰਤਕਾਂ ਅਨੁਸਾਰ-

"ਸਾਹਿਤ ਕਦੇ ਵੀ ਨਿਰਪੱਖ ਨਹੀਂ ਰਿਹਾ। ਸਾਹਿਤ ਵਿਚ ਵਿਚਾਰਧਾਰਾ ਕਲਾਤਮਕਤਾ ਵਿਚ ਢਲ ਕੇਪੇਸ਼ ਹੋਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਹੀ ਸਾਹਿਤ ਦਾ ਸਮਾਜਿਕ ਤੇ ਨਿੱਜੀ ਮੁੱਲ ਵਿਚ ਵਾਧਾ ਹੋਵੇਗਾ"।

ਸਾਹਿਤ ਵਿਚ ਨਾਅਰੇਬਾਜ਼ੀ ਦੇ ਰੂਪ ਵਿਚ ਪੇਸ਼ ਹੋਈ ਵਿਚਾਰਧਾਰਾ ਨੂੰ ਮਾਰਕਸਵਾਦੀ ਬਿਲਕੁਲ ਪ੍ਰਵਾਨ ਨਹੀਂ ਕਰਦਾ।ਕਈ ਚਿੰਤਕ ਇਸ ਧਾਰਨਾ ਦੇ ਹਨ ਕਿ ਸਾਹਿਤ ਵਿਚ ਵਿਚਾਰ ਧਾਰਾ ਦੇ ਪ੍ਰਵੇਸ਼ ਨਾਲ ਉਨਾਂ ਦਾ ਕਲਾਤਮਕ ਮੁੱਲ ਘੱਟ ਜਾਂਦਾ ਹੈ। ਐਸੇ ਲੋਕ ਵੀ ਕਿਸੇ ਹੋਰ ਵਿਚਾਰਧਾਰਾ ਦੀ ਪੇਸ਼ਕਾਰੀ ਕਰ ਰਹੇ ਹੁੰਦੇ ਹਨ।

"ਸਾਹਿਤ ਵਿਚ ਨਿਰਪੱਖਤਾ ਜਾਂ ਨਿਰੋਲ ਕਲਾਤਮਕਤਾ ਦੀ ਗੱਲ ਕਰਨ ਵਾਲਿਆਂ ਦੀ ਇਕ ਵਿਚਾਰਧਾਰਾ ਹੁੰਦੀ ਹੈ ; ਇਹ ਵਿਚਾਰਧਾਰਾ ਸਮਾਜ ਦੀ ਕਾਬਜ਼ ਸ਼੍ਰੇਣੀ ਦੇ ਹਿਤਾਂ ਦੀ ਪੂਰਤੀ ਲਈ ਹੁੰਦੀ ਹੈ।

ਦਾ ਬਰੋ ਲਿਊਬੋਵ ਅਨੁਸਾਰ-

" ਕਲਾ ਦਾ ਉਦੇਸ਼ ਜਨਤਾ ਨੂੰ ਸਿੱਖਿਆ ਦੇਣਾ ਹੁੰਦਾ ਹੈ, ਉਸ ਦੇ ਲਈ ਜੀਵਨ ਦੀ ਪਾਠ-ਪੁਸਤਕ ਬਣਨਾ ਹੈ, ਸਮੁੱਚੇ ਸਮਾਜ ਲਈ ਅੱਖ ਤੇ ਕੰਨ ਬਣਨਾ ਹੈ।"

## ਸਮਾਜਵਾਦੀ ਯਥਾਰਥਵਾਦ:

ਸਾਹਿਤ ਤੇ ਸਾਹਿਤ ਆਲੋਚਨਾ ਸੰਬੰਧੀ ਕਈ ਕਿਸਮਾਂ ਦੇ ਵਾਦ ਤੇ ਅਪਵਾ ਦ ਪੈਦਾ ਹੁੰਦੇ ਰਹੇ ਹਨ ਤੇ ਖਤਮ ਹੁੰਦੇ ਰਹੇ ਹਨ। ਪ੍ਰੰਤੂ ਸਨਾਤਨਵਾਦ, ਰੁਮਾਂਸਵਾਦ ਤੇ ਯਥਾਰਥਵਾਦ ਦੀ ਤ੍ਰੀਮੂਰਤੀ ਦਾ ਸਾਹਿਤ ਦੇ ਖੇਤਰ ਵਿਚ ਆਪਣਾ ਇਕ ਵਖਰਾ ਸਥਾਨ ਹੈ।

ਯਥਾਰਥਵਾਦ ਦਾ ਸਹੀ ਅਰਥ ਸੱਚੀ ਜਾਣਕਾਰੀ ਤੋਂ ਇਲਾਵਾ ਪ੍ਰਤੀਨਿੱਧ ਪ੍ਰਸਥਿਤੀਆਂ ਵਿਚ ਪ੍ਰਤੀਨਿੱਧ ਪਾਤਰਾਂ ਦਾ ਸੱਚਾ ਚਿਤਰਣ ਹੈ।

ਲੂਕਾਚ ਅਨੁਸਾਰ-

"ਸਮਾਜਵਾਦੀ ਯਥਾਰਥਵਾਦ ਵਿਚ ਸਮਾਜਵਾਦੀ ਸ਼ਕਤੀਆਂ ਦਾ ਵਰਨਣ ਹੁੰਦਾ ਹੈ ਆਲੋਚਨਾਤਮਕ ਯਥਾਰਥਵਾਦ ਵਿਚ ਨਹੀਂ।

ਸਾਹਿਤ ਸਾਸ਼ਤਰ ਵਿਚ ਸਮਾਜਵਾਦੀ ਯਥਾਰਥ ਸੰਕਲਪ ਦੀ ਵਰਤੋਂ ਗੋਰਕੀ ਨੇ ਉਸ ਸਾਹਿਤ ਲਈ ਕੀਤੀ ਜੋ ਵਰਤਮਾਨ ਦੇ ਅੰਤਰਵਿਰੋਧਾਂ ਦਾ ਵਾਦ ਹੈ । ਸਮਾਜਵਾਦੀ ਯਥਾਰਥ ਰਚਨਾ ਦਾ ਮੂਲ ਸਿਧਾਂਤ ਇਹ ਹੈ ਕਿ ਸਮਾਜਵਾਦੀ ਇਨਕਲਾਬ ਤੋਂ ਬਿਨਾਂ ਕਿਸੇ ਵੀ ਸੱਮਸਿਆ ਦਾ ਸਦੀਵੀਂ ਹੱਲ ਸੰਭਵ ਨਹੀਂ। ਇਸ ਕਰਕੇ ਸਮਾਜਵਾਦੀ ਇਨਕਲਾਬ ਦੀ ਇਤਿਹਾਸਕ ਸੰਭਾਵਨਾ ਪੈਦਾ ਹੋ ਚੁੱਕੀ ਹੈ । ਇਸ ਇਨਕਲਾਬ ਦਾ ਅਰਥ ਹੈ ਕਿ ਨਿੱਜੀ ਜਾਇਦਾਦੀ ਸੰਸਥਾ ਤੇ ਉਸ ਉੱਤੇ ਆਧਾਰਿਤ ਸੰਸਕ੍ਰਿਤੀ ਵਿਚ ਪਰਿਵਰਤਨ ਇਤਿਹਾਸਕ ਤੌਰ ਤੇ ਇਹ ਲਾਜ਼ਮੀ ਪਰਿਵਰਤਨ ਹੈ। ਸਾਹਿਤਕਾਰ ਦਾ ਇਹ ਫਰਜ਼ ਹੈ ਕਿ ਉਹ ਸ਼ੋਸ਼ਿਤ ਵਰਗ ਨੂੰ ਇਤਿਹਾਸ ਦੀ ਅਵਸ਼ਕ ਚੇਤਨਾ ਪ੍ਰਦਾਨ ਕਰੇ। ਅਸ਼ੋਸ਼ਿਤ ਵਰਗ ਨੂੰ ਉਸਦੇ ਅੰਦਰੋਂ ਚਿਤਰੇ ਤੇ ਉਸਦੇ ਵਿਕਾਸ ਦੀ ਲੰਬੀ ਪ੍ਰਕ੍ਰਿਆ ਵਿਚ ਦੀ ਲੰਘਾਦਿਆਂ ਹੋਇਆ ਉਸਦੀਆਂ ਖਾਮੀਆਂ ਦੂਰ ਕਰੇ; ਤਾਂ ਕਿ ਉਸ ਵਿਚ ਸਥਿਤੀ ਤੋਂ ਉਪਰਲੀ ਸਥਿਤੀ ਨੂੰ ਮੁਖ਼ਾਤਿਬ ਹੋਣ ਦੀ ਚੇਤਨਾ ਪੈਦਾ ਹੋ ਸਕੇ ਤੇ ਉਹ ਲਚਰੀ ਜਾਂ ਨਾਂ ਮੰਨਣਯੋਗ ਪ੍ਰਤੀਕ ਨਾਂ ਹੋਵੇ। ਸਮਾਜਵਾਦੀ ਯਥਾਰਥਵਾਦ ਵਰਤਮਾਨ ਲਈ ਸਮਾਜ ਤੇ ਸ਼੍ਰੇਣੀ ਰਹਿਤ ਸਮਾਜਵਾਦ ਦੇ ਸਰੂਪ ਤੇ ਚਿਤਰਣ ਦੀ ਮੰਗ ਕਰਦਾ ਹੈ ਤੇ ਨਾਲੋਂ ਨਾਲ ਇਨਾਂ ਦੋਹਾਂ ਦੇ ਟਕਰਾਉਣ ਦੀ ਪ੍ਰਕਿਆ ਦੇ ਵਿਸਥਾਰ ਚਿਤਰਣ ਦੀ ਆਸ ਰੱਖਦਾ ਹੈ ।

## ਨੀਂਹ ਤੇ ਉਸਾਰ:

ਕਿਸੇ ਸਮਾਜ ਦੇ ਉਤਪਾਦਨ ਸੰਬੰਧਾਂ ਦਾ ਕੁੱਲ ਜੋੜ ਹੀ ਕਿਸੇ ਸਮਾਜ ਦਾ ਆਰਥਿਕ ਢਾਂਚਾ, ਇਹਦਾ ਆਧਾਰ ਜਾਂ ਨੀਂਹ ਬਣਦਾ ਹੈ।ਇਹ ਨੀਂਹ ਹੀ ਸਮਾਹ ਦਾ ਬੁਨਿਆਦੀ ਢਾਂਚਾ ਹੰਦੀ ਹੈ ਜਿਸ ਉੱਪਰ ਸਮਾਜ ਦਾ ਬਾਕੀ ਦਿੱਸਦਾ ਢਾਂਚਾ ਜਿਵੇਂ ਰਾਜ , ਕਾਨੂੰਨ, ਨੈਤਿਕਤਾ, ਰਾਜਨੀਤੀ, ਧਰਮ, ਕਲਾ ਆਦਿ ਉਸਰਿਆ ਹੁੰਦਾ ਹੈ।

### ਵਿਯੋਗ:

ਕਿਰਤੀ-ਕਾਮੇ ਆਪਣੀਆਂ ਹੀ ਪੈਦਾ ਕੀਤੀਆਂ ਵਸਤਾਂ ਤੋਂ ਟੁੱਟੇ ਹੁੰਦੇ ਹਨ। ਉਹਨਾਂ ਵਸਤਾਂ ਤੇ ਉਹਨਾਂ ਦਾ ਕੋਈ ਹੱਕ ਜਾਂ ਅਧਿਕਾਰ ਨਹੀਂ ਹੁੰਦਾ। ਅਜਿਹੀ ਦਰਦਭਰੀ ਤੇ ਮੰਦਭਾਗੀ ਅਵਸਥਾ ਵਿਰੋਧ ਤੇ ਸੰਘਰਸ਼ ਦਾ ਕਾਰਨ ਬਣਦੀ ਹੈ

### ਸਾਰ-ਅੰਸ਼:

ਮਾਰਕਸਵਾਦੀ ਵਿਚਾਰਧਾਰਾ, ਆਲੋਚਨਾ ਤੋਂ ਵੀ ਉਹੀ ਆਸ ਰੱਖਦੀ ਹੈ ਜੋ ਸਾਹਿਤ ਤੋਂ ਇਸ ਦਰਸ਼ਨ ਅਨੁਸਾਰ, ਆਲੋਚਨਾ ਦਾ ਸਭ ਤੋਂ ਚੰਗਾ ਤਰੀਕਾ ਇਹੋ ਹੈ ਕਿ ਉਹ ਸਥਿਤੀ ਨੂੰ ਇਸ ਢੰਗ ਨਾਲ ਖੋਲ੍ਹ ਕੇ ਰੱਖੇ ਕਿ ਪ੍ਰਸਤੁਤ ਤੱਥਾਂ ਦੇ ਆਧਾਰ ਤੇ ਪਾਠਕ ਆਪਣੇ ਆਪ ਸਿੱਟਾ ਕੱਢਣ ਦੇ ਸਮਰਥ ਹੋ ਸਕੇ। ਡਾ. ਸੁਰਜੀਤ ਸਿੰਘ ਭੱਟੀ ਮਾਰਕਸਵਾਦੀ ਚਿੰਤਕ ਟੈਰੀ ਈਗਲਟਨ ਦੇ ਹਵਾਲੇ ਨਾਲ ਲਿਖਦੇ ਹਨ-"ਮਾਰਕਸਵਾਦੀ ਆਲੋਚਨਾ ਦੀ ਮੌਲਿਕਤਾ, ਸਾਹਿਤ ਸੰਬੰਧੀ ਇਸ ਦੀ ਇਤਿਹਾਸਕ ਪਹੁੰਚ ਵਿੱਚ ਨਹੀਂ, ਸਗੋਂ ਇਤਿਹਾਸ ਦੀ ਇਨਕਲਾਬੀ ਸਮਝ ਵਿੱਚ ਹੈ। ਆਲੋਚਕ ਇਕ ਨਵੀਂ ਭਾਸ਼ਾ ਦੇ ਪ੍ਰਯੋਗ ਨਾਲ ਸਾਹਿਤਕ ਕਿਰਤ ਵਿੱਚ ਇਕ ਵਖਰੇਵਾਂ ਪੈਦਾ ਕਰਦਾ ਹੈ। ਇਸ ਭਾਸ਼ਾ ਰਾਹੀਂ ਉਹ ਇਹ ਸਪੱਸ਼ਟ ਕਰਦਾ ਹੈ ਕਿ ਸਾਹਿਤਕ ਕਿਰਤ ਜਿਵੇਂ ਦਿਖਾਈ ਦੇ ਰਹੀ ਹੈ, ਵਾਸਤਵ ਵਿੱਚ ਅਜਿਹੀ ਨਹੀਂ। ਦੂਸਰੇ ਸ਼ਬਦਾਂ ਵਿੱਚ ਆਲੋਚਕਾਂ ਸਾਹਿਤ ਕਿਰਤ ਵਿੱਚ ਲੁਕੇ ਉਸ ਉਦੇਸ਼ ਨੂੰ ਉਜਾਗਰ ਕਰਦਾ ਹੈ ਜਿਸ ਨੂੰ ਲੇਖਕ ਆਪਣੀ ਕਲਾ ਅਤੇ ਸੁਹਜ ਵਿੱਚ ਲੁਕਾ ਕੇ ਪੇਸ਼ ਕਰਦਾ ਹੈ। ਮਿਸਾਲ ਵਜੋਂ ਜਦੋਂ ਕੋਈ ਆਲੋਚਕ ਸੰਤੋਖ ਸਿੰਘ ਧੀਰ ਦੀ ਕਹਾਣੀ 'ਕੋਈ ਇੱਕ ਸਵਾਰ' ਦੀ ਸਮੀਖਿਆ ਕਰੇਗਾ ਤਾਂ ਇਸ ਵਿਚਲੇ ਬਾਰੂ, ਟਾਂਗਾ, ਬੱਸ ਆਦਿ ਪ੍ਰਤੀਕਾਂ ਨੂੰ ਸਪੱਸ਼ਟ ਕਰਦਿਆਂ ਦੱਸੇਗਾ ਕਿ ਟਾਂਗਾ ਜਾਗੀਰਦਾਰੀ ਵਿਵਸਥਾ ਅਤੇ ਬੱਸ ਪੂੰਜੀਵਾਦੀ ਵਿਵਸਥਾ ਦੇ ਆਗਮਨ ਦੇ ਪ੍ਰਤੀਕ ਹਨ। ਫਿਰ ਉਹ ਸਮਝਾਏਗਾ ਕਿ ਬੱਸ (ਮਸ਼ੀਨੀ ਵਿਵਸਥਾ) ਰਾਹੀਂ ਲੇਖਕ ਕਹਿਣਾ ਚਾਹੁੰਦਾ ਹੈ ਕਿ ਕੁਝ ਲੋਕ ਮਸ਼ੀਨ ਨੂੰ ਸਾਧਨ ਬਣਾ ਕੇ ਬਾਰੂ ਵਰਗੇ ਕਿਰਤੀਆਂ ਦਾ ਹਿੱਸਾ ਵੀ ਹੜੱਪ ਕਰ ਜਾਂਦੇ ਹਨ। ਪ੍ਰਤੀਕਾਂ ਬਾਰੇ ਹੋਰ ਵਿਸਥਾਰ ਵਿੱਚ ਜਾਂਦਿਆਂ ਉਹ ਦੱਸੇਗਾ ਕਿ ਬੱਸ ਦਾ ਡਰਾਈਵਰ ਵੀ ਉਸ ਦਾ ਮਾਲਕ ਨਹੀਂ, ਸਗੋਂ ਕਿਰਤੀ ਹੈ।, ਇਸ ਤਰ੍ਹਾਂ ਇਹ ਵਿਵਸਥਾ ਮਸ਼ੀਨ ਦੀ ਸਹਾਇਤਾ ਨਾਲ ਕਿਰਤੀ ਨੂੰ ਕਿਰਤੀ ਦਾ ਦੁਸ਼ਮਣ ਬਣਾਉਂਦੀ ਹੈ। ਇਉਂ ਮਾਰਕਸਵਾਦੀ ਆਲੋਚਨਾ ਦਾ ਉਦੇਸ਼ ਉਸ ਕਮੀ ਨੂੰ ਪੂਰਾ ਕਰਨਾ ਜਿਹੜੀ ਕਮੀ ਸਾਹਿਤ ਰਚਨਾ ਨੂੰ ਪਾਠਕ ਦੁਆਰਾ

ਪੜ੍ਹੇ ਜਾਣ ਪਿੱਛੋਂ ਵੀ ਰਹਿ ਜਾਂਦੀ ਹੈ। ਸਾਹਿਤਕਾਰ ਦਾ ਉਦੇਸ਼/ਸੰਦੇਸ਼ ਉਸ ਦੀ ਕਲਾ ਵਿੱਚ ਲਪੇਟਿਆ ਹੋਣ ਕਾਰਨ ਪਾਠ ਕਦੀ ਸਮਝ-ਸੀਮਾ ਵਿੱਚ ਨਹੀਂ ਆਉਂਦਾ। ਆਲੋਚਨਾ ਪਾਠਕ ਦੀ ਸੂਝ ਦਾ ਵਿਸਥਾਰ ਕਰਕੇ ਉਸ ਦਾ ਬੁੱਧੀ ਜਾਂ ਸਮਝ ਨੂੰ ਪ੍ਰਚੰਡ ਕਰਕੇ, ਉਸ ਨੂੰ ਸਿਰ ਵੱਢਵੇਂ ਘੋਲ ਲਈ ਤਿਆਰ ਕਰਦੀ ਹੈ।

ਯਾਂ ਪਾਲ ਸ਼ਾਰਤ੍ਰ Jean Paul Sartre ਅਨੁਸਾਰ-

"ਮਨੁੱਖ ਦੇ ਹੁਣ ਤੱਕ ਦੇ ਸਮੁੱਚੇ ਗਿਆਨ ਵਿਚ , ਮਾਰਕਸਵਾਦੀ ਦਰਸ਼ਨ ਇੱਕ ਅਜਿਹਾ ਪੜਾਅ ਹੈ ਜਿਸ ਤੋਂ ਅੱਗੇ ਅਜੇ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ।

## ਮੁੱਖ/ਕੇਂਦਰੀ ਸ਼ਬਦ:

ਪਦਾਰਥਵਾਦ-----ਭੌਤਿਕਵਾਦ / ਅਨਾਤਮਵਾਦੀ

ਦੰਵਦਵਾਦ ----ਤਾਰਕਿਕ

ਦਰਸ਼ਨ-----ਫਿਲਾਸਫੀ

ਗਤੀਸ਼ੀਲ---ਪਰਿਵਰਤਨਸ਼ੀਲ

ਵਿਚਾਰਧਾਰਾ-----ਵਿਚਾਰ ਪੱਧਤੀ

ਨਿਰਾਰਥਕ---ਗੈਰ-ਜ਼ਰੂਰੀ

## ਸਵੈ-ਮੁਲਾਂਕਣ:

1. ਉਹ ਆਲੋਚਨਾ ਜੋ ਦਾਰਸ਼ਨਿਕ ਰੂਪ ਵਿਚ ਦਵੰਦਵਾਦ ਪਦਾਰਥਵਾਦ ਦੀ ਧਾਰਨੀ ਹੈ ਤੇ ਜੋ ਸਾਹਿਤ ਨੂੰ ਇਸ ਦਰਸ਼ਨ ਦੁਆਰਾ ਪ੍ਰਤੀਪਾਦਤ ਧਾਰਨਾਵਾਂ ਦੇ ਪ੍ਰਸੰਗ ਵਿਚ ਰੱਖ ਕੇ ਵੇਖਣ ਜਾਂ ਸਮਝਣ ਦਾ ਯਤਨ ਕਰਦੀ ਹੈ, ਉਸ ਆਲੋਚਨਾ ਨੰ ਅਸੀਂ ਮਾਰਕਸਵਾਦੀ ਆਲੋਚਨਾ ਦਾ ਨਾਂ ਦੇ ਸਕਦੇ ਹਾਂ ।''

ਇਹ ਕਥਨ ਹੈ-

ੳ. ਸੁਰਜੀਤ ਸਿੰਘ ਭੱਟੀ

ਅ. ਕਿਸ਼ਨ ਸਿੰਘ

ੲ. ਸੰਤ ਸਿੰਘ ਸੇਖੋਂ

ਸ. ਗੁਰਚਰਨ ਸਿੰਘ

2. ਖਾਲੀ ਥਾਂ ਭਰੋ:

ਮਾਰਕਸਵਾਦੀ ਆਲੋਚਨਾ ਆਪਣੀ ਪ੍ਰਕ੍ਰਿਤੀ ਵੱਜੋਂ -------------ਹੈ।

ੳ. ਰਹੱਸਵਾਦੀ

ਅ. ਪਦਾਰਥਵਾਦੀ

ੲ. ਅਧਿਆਤਮਵਾਦੀ

ਸ. ਰੂਪਵਾਦੀ

3. ਦੰਵਦਵਾਦ ਤੋਂ ਭਾਵ ਹੈ:

ੳ. ਦੰਵਦਵਾਦ ਪ੍ਰਕ੍ਰਿਤੀ ਵਿਚਲੀ ਗਤੀ ਦੇ ਸਮਾਨਯ ਨਿਯਮਾਂ ਦਾ ਗਿਆਨ ਕਰਵਾਉਣ ਵਾਲਾ ਗਿਆਨ ਹੈ।

ਅ. ਦੰਵਦਵਾਦ ਚਿੰਤਨ ਵਿਚਲੀ ਗਤੀ ਦੇ ਸਮਾਨਯ ਨਿਯਮਾਂ ਦਾ ਗਿਆਨ ਕਰਵਾਉਣ ਵਾਲਾ ਗਿਆਨ ਹੈ।

ੲ. ਦੰਵਦਵਾਦ ਸਮਾਜ ਵਿਚਲੀ ਗਤੀ ਦੇ ਸਮਾਨਯ ਨਿਯਮਾਂ ਦਾ ਗਿਆਨ ਕਰਵਾਉਣ ਵਾਲਾ ਗਿਆਨ ਹੈ।

ਸ. ਉਪਰੋਕਤ ਸਾਰੇ

4. ਮਨੁੱਖਾਂ ਦੀ ਚੇਤਨਾ ਉਨ੍ਹਾਂ ਦੀ ਹੋਂਦ ਨੂੰ ਨਿਰਧਾਰਿਤ ਨਹੀਂ ਕਰਦੀ, ਸਗੋਂ ਉਨ੍ਹਾਂ ਦੀ ਸਮਾਜਿਕ ਹੋਂਦ ਉਨ੍ਹਾਂ ਦੀ ਚੇਤਨਾ ਨੂੰ ਨਿਰਧਾਰਿਤ ਕਰਦੀ ਹੈ। ਇਹ ਕਥਨ ਹੈ-

ੳ. ਲੈਨਿਨ

ਅ. ਫਰੈਡਰਿਕ ਏਂਗਲਜ਼

ੲ. ਰੂਸੋ

ਸ. ਕਾਰਲ ਮਾਰਕਸ

5. ਖਾਲੀ ਥਾਂ ਭਰੋ:

ਵਿਗਿਆਨਕ ਦਰਸ਼ਨ ਵੱਜੋਂ ਇਸਦੀ ਸਥਾਪਨਾ ਮਾਰਕਸ ਤੇ ਏਂਗਲਸ ਨੇ ਆਪਣੇ ਜੀਵਨ ਕਾਲ ਵਿਚ -------------------- ਕੀਤੀ।

ੳ. 17 ਵੀ ਸਦੀ ਦੇ ਅੰਤ ਵਿਚ

ਅ. 18 ਵੀ ਸਦੀ ਦੇ ਅੰਤ ਵਿਚ

ੲ. 19 ਵੀ ਸਦੀ ਦੇ ਅੰਤ ਵਿਚ

ਸ. 20 ਵੀ ਸਦੀ ਦੇ ਅੰਤ ਵਿਚ

6. ਲੇਖਕ ਦੀ ਪ੍ਰਤੀਬੱਧਤਾ ਦਾ ਦੂਹਰਾ ਅਰਥ ਹੈ ਕਿ ਇਕ ਪਾਸੇ ਉਹ ਸਾਹਿਤ ਦੀ ਸੁਹਜਾਤਮਕਤਾ ਨਾਲ ਪ੍ਰਤੀਬੱਧਤ ਹੋਵੇ ਤੇ ਦੂਸਰੇ ਪਾਸੇ ਉਹ ਸਮਾਜ ਦੀ ਇਨਕਲਾਬੀ ਤਬਦੀਲੀ ਲਈ ਜੂਝ ਰਿਹਾ ਹੈ ਤੇ ਵਚਨਬੱਧ ਮਜ਼ਦੂਰ ਜਮਾਤ ਨਾਲ ਵੀ ਪ੍ਰਤੀਬੱਧ ਹੋਵੇ ।''

ਇਹ ਕਥਨ ਹੈ:

ੳ. ਸਹੀ

ਅ. ਗਲਤ

7. ਲੈਨਿਨ ਦੇ ਵਿਚਾਰਾਂ ਤੋਂ ਨਿਰਪੱਖ ਸਾਹਿਤ ਦਾ ਹੋਣਾ ਜ਼ਰੂਰੀ ਹੈ।

ਇਹ ਕਥਨ ਹੈ:

ੳ. ਸਹੀ

ਅ. ਗਲਤ

8. ਸਮਾਜਵਾਦੀ ਯਥਾਰਥ ਰਚਨਾ ਦਾ ਮੂਲ ਸਿਧਾਂਤ ਇਹ ਹੈ ਕਿ ਸਮਾਜਵਾਦੀ ਇਨਕਲਾਬ ਤੋਂ ਬਿਨਾਂ ਕਿਸੇ ਵੀ ਸੱਮਸਿਆ ਦਾ ਸਦੀਵੀਂ ਹੱਲ ਸੰਭਵ ਨਹੀਂ।; ਇਹ ਕਥਨ ਹੈ:

ੳ. ਸਹੀ

ਅ. ਗਲਤ

9 ਮਾਰਕਸਵਾਦੀ ਦਰਸ਼ਨ ਦੀ ਇੱਕ ਵਿਗਿਆਨਕ ਵਿਸ਼ਵ-ਦ੍ਰਿਸ਼ਟੀਕੋਣ ਵਜੋਂ ਉਸਾਰੀ ਕਿਹੜੇ ਕਾਰਨ ਕਰਕੇ ਸੰਭਵ ਹੋ ਸਕੀ:

ੳ. 19ਵੀ. ਸਦੀ ਵਿਚ ਸਮੁੱਚੇ ਯੂਰਪ ਵਿਚ ਫਰਾਂਸੀਸੀ ਇਨਕਲਾਬ

ਅ. ਉਦਯੋਗਿਕ ਕ੍ਰਾਂਤੀ ਦੇ ਨਤੀਜੇ ਵਜੋਂ ਜਾਗੀਰਦਾਰੀ ਪ੍ਰਬੰਧ ਦਾ ਟੁੱਟਣਾ ਅਤੇ ਪੂੰਜੀਵਾਦੀ ਪ੍ਰਬੰਧ ਦੀ ਸਥਾਪਨਾ ਨਾਲ ਬੁਰਜੂਆ ਅਤੇ ਪ੍ਰਲੇਤਰੀ ਵਰਗਾਂ ਦਾ ਪੈਦਾ ਹੋਣਾ, ਸੰਘਰਸ਼, ਵਿਰੋਧੀ ਟਕਰਾ,

ੲ. ਸਰੀਰ ਵਿਗਿਆਨ ਦੀਆਂ ਲੱਭਤਾਂ-ਕੌਸ਼ਿਕਾਵਾਂ cells and organic unity

ਸ. ਡਾਰਵਿਨ (1809-1882) ਦੇ ਵਿਕਾਸਵਾਦ

ਹ. ਉਪਰੋਕਤ ਸਾਰੇ

10. ਰੂਪ ਇਕ ਬਾਹਰੀ ਖੋਲ ਜਾਂ ਨਿਸਕ੍ਰਿਆ ਵਸਤੂ ਨਹੀਂ ਹੈ। ਭਾਵੇਂ ਇਸਨੂੰ ਵਸਤੂ ਹੀ ਨਿਸ਼ਚਿਤ ਕਰਦਾ ਹੈ, ਪਰ ਇਹ ਵਸਤੂ ਵਿਰੋਧੀ ਨਹੀਂ ਸਗੋਂ ਕਾਰਜਸ਼ੀਲ ਹੈ।

ਇਹ ਕਥਨ ਹੈ-

ੳ. ਲੈਨਿਨ

ਅ. ਕਾਰਲ ਮਾਰਕਸ

ੲ. ਦੇਰੀਦਾ

11. "ਰੂਪ ਕੇਵਲ ਉਦੋਂ ਹੀ ਖੂਬਸੂਰਤ ਲਗਦਾ ਹੈ, ਜਦੋਂ ਇਸ ਵਿਚ ਕੋਈ ਵਿਚਾਰ ਹੋਵੇ। ਖੂਬਸੂਰਤ ਮੱਥੇ ਦਾ ਕੀ ਫਾਇਦਾ, ਜੇ ਇਸ ਵਿਚ ਦਿਮਾਗ ਨਹੀਂ ਹੈ।"

ੳ. ਰੂਸੋ

ਅ. ਕਾਰਲ ਮਾਰਕਸ

ੲ. ਲੈਨਿਨ

ਸ. ਪਲੈਖਨੋਵ

12. Philosophy of Fine Arts ਪੁਸਤਕ ਹੈ:

ੳ. ਰੈਲਿਫ ਫੌਕਸ

ਅ. ਫਰੈਡਿਕ ਜੈਮਸਨ

ੲ. ਹੀਗਲ

ਸ. ਉਪਰੋਕਤ ਕੋਈ ਵੀ ਨਹੀਂ

13. ਰੈਲਿਫ ਫੌਕਸ ਦੀ ਪੁਸਤਕ ਹੈ:

ੳ. Novel the People

ਅ. Novel of the People

ੲ. Novel and the People

ਸ. the People and Novel

14. "ਲੇਖਕ ਨੂੰ ਜਿਊਣ ਤੇ ਲਿਖਣਯੋਗ ਹੋਣ ਲਈ ਜ਼ਰੂਰ ਕਮਾਉਣਾ ਚਾਹੀਦਾ ਹੈ, ਪਰ ਉਸਨੂੰ ਕਿਸੇ ਤਰ੍ਹਾਂ ਵੀ ਕਮਾਉਣ ਲਈ ਜਿਊਣਾ ਤੇ ਲਿਖਣਾ ਨਹੀਂ ਚਾਹੀਦਾ।"

ਇਹ ਕਥਨ ਹੈ-

ੳ. ਲੈਨਿਨ

ਅ. ਫਰੈਡਰਿਕ ਐਂਗਲਜ਼

ੲ. ਰੂਸੋ

ਸ. ਕਾਰਲ ਮਾਰਕਸ

15. ਸਾਹਿਤ ਨੂੰ ਲਾਜ਼ਮੀ ਤੌਰ ਤੇ ਇਕ ਮਹਾਨ ਸਮਾਜਿਕ ਜ਼ਮਹੂਰੀ ਮਸ਼ੀਨ ਦੀ ਗਰਾਰੀ ਦੇ ਪੇਚ ਬਣਨਾ ਚਾਹੀਦਾ ਹੈ।'

ਇਹ ਕਥਨ ਹੈ-

ੳ. ਲੈਨਿਨ

ਅ. ਫਰੈਡਰਿਕ ਐਂਗਲਜ਼

ੲ. ਰੂਸੋ

ਸ. ਕਾਰਲ ਮਾਰਕਸ

16. ਖਾਲੀ ਸਥਾਨ ਭਰੋ:

ਮਾਰਕਸਵਾਦੀ ਆਲੋਚਨਾ ਦੀ ਮੌਲਿਕਤਾ, ਸਾਹਿਤ ਸੰਬੰਧੀ ਇਸ ਦੀ -----------ਵਿੱਚ ਨਹੀਂ, ਸਗੋਂ ਇਤਿਹਾਸ ਦੀ ਇਨਕਲਾਬੀ ਸਮਝ ਵਿੱਚ ਹੈ।

17. ਖਾਲੀ ਸਥਾਨ ਭਰੋ:

ਸਮਾਜਵਾਦੀ ਯਥਾਰਥ ਰਚਨਾ ਦਾ ਮੂਲ ਸਿਧਾਂਤ ਇਹ ਹੈ ਕਿ----------------------ਤੋਂ ਬਿਨਾਂ ਕਿਸੇ ਵੀ ਸੱਮਸਿਆ ਦਾ ਸਦੀਵੀਂ ਹੱਲ ਸੰਭਵ ਨਹੀਂ।

18. ਖਾਲੀ ਸਥਾਨ ਭਰੋ:

ਜੇਕਰ ਕੋਈ ਪਸ਼ੂ ਬਣਨਾ ਪਸੰਦ ਕਰ ਲਏ ਤਾਂ --------------ਦੀਆਂ ਪੀੜਾਂ ਵੱਲੋ ਪਿੱਠ ਫੇਰ ਸਕਦਾ ਹੈ ਤੇ ਸਿਰਫ ਆਪਣੇ ਹਿੱਤਾਂ ਦਾ ਹੀ ਧਿਆਨ ਰੱਖ ਸਕਦਾ ਹੈ।"

19. ਖਾਲੀ ਸਥਾਨ ਭਰੋ:

ਪ੍ਰਤੀਬੱਧਤਾ ਉਦੋਂ ਹੀ ਕਲਾਤਮਕ ਹੁੰਦੀ ਹੈ ਜਦੋਂ ਇਸ ਨੂੰਕਲਾਤਮਕ ਤੇ ---------------------ਰਾਹੀਂ

ਪ੍ਰਗਟਾਇਆ ਜਾਂਦਾ ਹੈ।

20. ਖਾਲੀ ਸਥਾਨ ਭਰੋ

ਕਲਾ ਦਾ ਉਦੇਸ਼ ਜਨਤਾ ਨੂੰ ਸਿੱਖਿਆ ਦੇਣਾ ਹੁੰਦਾ ਹੈ ਉਸ ਦੇ ਲਈ ਜੀਵਨ ਦੀ -----------------ਬਣਨਾ ਹੈ, ਸਮੁੱਚੇ ਸਮਾਜ ਲਈ ਅੱਖ ਤੇ ਕੰਨ ਬਣਨਾ ਹੈ।"

## ਅਭਿਆਸ ਪ੍ਰਸ਼ਨ

1. ਮਾਰਕਸਵਾਦੀ ਆਲੋਚਨਾ ਦੀਆਂ ਮੁੱਖ ਵਿਸ਼ੇਸਤਾਵਾਂ ਦਾ ਵਰਣਨ ਕਰੋ।
2. ਮਾਰਕਸਵਾਦੀ ਆਲੋਚਨਾ ਵਿਚ ਵਸਤੂ ਤੇ ਰੂਪ ਬਾਰੇ ਕੀ ਚਰਚਾ ਕੀਤੀ ਗਈ ਹੈ ਵਿਸਥਾਰ ਵਿਚ ਵਰਣਨ ਕਰੋ।
3. ਪ੍ਰਤੀਬੱਧਤਾ ਨੇ ਨੋਟ ਲਿਖੋ।
4. ਸਮਾਜਵਾਦੀ ਯਥਾਰਥਵਾਦ ਤੋਂ ਕੀ ਭਾਵ ਹੈ ਵਿਸਥਾਰ ਵਿਚ ਵਰਣਨ ਕਰੋ।
5. ਮਾਰਕਸਵਾਦੀ ਆਲੋਚਨਾ ਵਿਚ 'ਵਿਚਾਰਧਾਰਾ' ਦਾ ਕੀ ਅਰਥ ਹੈ? ਸਪਸ਼ਟ ਕਰੋ।
6. 'ਵਸਤੂ ਤੇ ਰੂਪ ', 'ਪ੍ਰਤੀਬੱਧਤਾ', 'ਸਮਾਜਵਾਦੀ ਯਥਾਰਥਵਾਦ ' ਅਤੇ 'ਵਿਚਾਰਧਾਰਾ' ਮਾਰਕਸਵਾਦੀ ਆਲੋਚਨਾ ਦੇ ਮਹੱਤਵਪੂਰਨ ਪਹਿਲੂ ਹਨ ਸਿੱਧ ਕਰੋ।

## ਸੰਦਰਭ ਪੁਸਤਕਾਂ:


- ਸਾਹਿਤ ਅਧਿਐਨ ਪ੍ਰਣਾਲੀਆਂ, ਥਿੰਦ, ਕਰਨੈਲ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, (2010)
- ਵਾਦ ਚਿੰਤਨ, ਸੁਰਜੀਤ ਸਿੰਘ ਭੱਟੀ (ਡਾ.), ਚੇਤਨਾ ਪ੍ਰਕਾਸ਼ਨ, ਲੁਧਿਆਣਾ, (2011)
- ਮਾਰਕਸਵਾਦੀ ਪੰਜਾਬੀ ਆਲੋਚਨਾ, ਭੱਟੀ, ਸੁਰਜੀਤ ਸਿੰਘ, ਪੰਜਾਬੀ ਪ੍ਰਕਾਸ਼ਨ, ਚੰਡੀਗੜ੍ਹ, (2009)
- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)

## ਮਹੱਤਵਪੂਰਨ ਲਿੰਕ

https://www.marxists.org/punjabi/gurmukhi/miscellaneous/marxvad-de-buneadi-masle-plekhanov.pdf

https://punjabipedia.org/topic.aspx?txt=%E0%A8%AE%E0%A8%BE%E0%A8%B0%E0%A8%95%E0%A8%B8%E0%A8%B5%E0%A8%BE%E0%A8%A6

ਉੱਤਰਮਾਲਾ

| | | | | |
|---|---|---|---|---|
| 1. ੳ | 2. ਅ | 3. ਸ | 4. ਸ | 5. ੲ |
| 6.ੳ | 7. ਅ | 8. ੳ | 9. ਹ | 10. ੳ |
| 11.ਸ | 12. ੲ | 13. ੲ | 14. ਸ | 15. ੳ |
| 16. ਇਤਿਹਾਸਕ ਪਹੁੰਚ | | 17. ਸਮਾਜਵਾਦੀ ਇਨਕਲਾਬ | | 18. ਮਾਨਵ ਜਾਤੀ |
| 19. ਸੁਹਜਾਤਮਕ ਸਾਧਨਾਂ | | 20. ਪਾਠ-ਪੁਸਤਕ | | |

# ਅਧਿਆਇ-2: ਨਾਰੀਵਾਦੀ ਆਲੋਚਨਾ

*Harpreet singh, Lovely Professional University*

ਵਿਸ਼ਾ ਵਸਤੂ (Content)


- ਉਦੇਸ਼
- ਪ੍ਰਸਤਾਵਨਾ
- ਵਿਸ਼ਾ ਵਸਤੂ
- ਸਾਰ-ਅੰਸ਼
- ਕੇਂਦਰੀ ਸ਼ਬਦ
- ਸਵੈ-ਮੁਲਾਂਕਣ
- ਅਭਿਆਸ ਪ੍ਰਸ਼ਨ
- ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਨਾਰੀਵਾਦ ਦੇ ਨਿਕਾਸ, ਵਿਕਾਸ ਅਤੇ ਕਿਸਮਾਂ ਬਾਰੇ ਜਾਣ ਸਕਣਗੇ।
- ਸਾਹਿਤ ਵਿਚ ਨਾਰੀਵਾਦੀ ਅਧਿਐਨ ਪ੍ਰਣਾਲੀ ਦੀ ਮਹੱਤਤਾ ਤੇ ਸਾਰਥਕਤਾ ਨੂੰ ਸਮਝ ਸਕਣਗੇ।
- ਨਾਰੀਵਾਦੀ ਅਧਿਐਨ ਪ੍ਰਣਾਲੀ ਦੇ ਨਜ਼ਰੀਏ ਅਨੁਸਾਰ ਸਾਹਿਤ ਸਿਰਜਨਾ ਕਰਨ ਦੇ ਕਾਬਲ ਬਣਨਗੇ।
- ਨਾਰਵਾਦੀ ਪਹੁੰਚ ਵਿਧੀ ਦੇ ਦ੍ਰਿਸ਼ਟੀਕੋਣ ਤੋਂ ਸਾਹਿਤ ਦਾ ਮੁਲਾਂਕਨ ਕਰ ਸਕਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਨਾਰੀਵਾਦ ਵੀਹਵੀਂ ਸਦੀ ਦੇ ਸਿਧਾਂਤਕ ਅਤੇ ਸਮਾਜ-ਚਿੰਤਨ ਵਿਚ ਇਕ ਨਵੀਂ ਸਰਗਰਮ ਸਮਾਜਕ ਲਹਿਰ ਅਤੇ ਸਾਹਿਤ -ਸਿਧਾਂਤ ਵਜੋਂ ਆਪਣੀ ਨਿਵੇਕਲੀ ਹੋਂਦ ਗ੍ਰਹਿਣ ਕਰਦਾ ਹੈ।ਨਾਰੀਵਾਦ ਚਿੰਤਨ ਇਕ ਸਾਹਿਤ ਸਿਧਾਂਤ ਵਜੋਂ1960 ਤੋਂ ਬਾਅਦ ਆਪਣੇ ਆਪ ਨੂੰ ਸਾਹਿਤ-

ਆਲੋਚਨਾ ਦੇ ਖੇਤਰ ਵਿਚ ਸਥਾਪਿਤ ਕਰਦਾ ਹੈ ਅਤੇ ਵਿਕਸਿਤ ਹੁੰਦਾ ਹੋਇਆ1980 ਤੱਕ ਉੱਤਰ ਨਾਰੀਵਾਦ ਦੇ ਪੜਾ ਤੱਕ ਪਹੁੰਚ ਜਾਂਦਾ ਹੈ।ਇਹ ਲਹਿਰ ਬਹੁਤ ਪੁਰਾਣੀ ਹੈ; ਪਰ ਇਹਦੇ ਵਿਚ ਸਰਗਰਮ ਔਰਤਾਂ ਨੇ ਆਪਣੇ ਲਈ 'ਨਾਰੀਵਾਦ' ਸੰਕਲਪ ਦਾ ਪ੍ਰਯੋਗ ਨਹੀਂ ਕੀਤਾ; ਬਲਕਿ ਉਹ ਨਾਰੀ ਦੇ ਹੱਕਾਂ ਦੀਆਂ ਸਮਰਥਕ ਦੇ ਰੂਪ ਵਿਚ ਪ੍ਰਸਤੁਤ ਹੋਈਆਂ। ਵਿਦਿਆਰਥੀ ਇਸ ਅਧਿਆਇ ਦੇ ਅਧਿਐਨ ਨਾਲ ਨਾਰੀਵਾਦ ਦੇ ਨਿਕਾਸ, ਵਿਕਾਸ, ਕਿਸਮਾਂ ਬਾਰੇ ਜਾਣ ਸਕਣਗੇ। ਵਿਦਿਆਰਥੀ ਨਾਰੀਵਾਦ ਦੀਆਂ ਵਿਭਿੰਨ ਦਿਸ਼ਾਵਾਂ ਨੂੰ ਸਮਝਦੇ ਹੋਏ ਸਾਹਿਤ ਸਿਰਜਨਾ ਅਤੇ ਸਾਹਿਤ ਆਲੋਚਨਾ ਕਰ ਸਕਣ ਵਿਚ ਸਮਰੱਥ ਹੋਣਗੇ।

## ਵਿਸ਼ਾ ਵਸਤੂ:

ਸੱਭ ਤੋਂ ਪਹਿਲਾ 1630-1650 ਵਿਚ ਇੰਗਲੈਂਡ ਦੀਆਂ ਔਰਤਾਂ ਨੂੰ ਧਾਰਮਿਕ ਖੇਤਰ ਵਿਚ ਬਰਾਬਰੀ ਦੀ ਮੰਗ ਉੱਪਰ ਬਹੁਤ ਸਾਰੇ ਸਮਾਜਕ ਸਮੂਹਾਂ ਦੀ ਹਮਦਰਦੀ ਤੇ ਸਹਾਇਤਾ ਪ੍ਰਾਪਤ ਹੋਈ।1906 ਵਿਚ ਆਈ ਇੱਕ ਪੁਸਤਕ Dictionaire de Philosophie ਵਿਚ ਨਾਰੀਵਾਦ ਬਾਰੇ ਸੰਕੇਤ ਮਿੱਲਦਾ ਹੈ ਕਿ ਨਾਰੀਵਾਦ ਉਹ ਸਥਿਤੀ ਹੈ ਜਿਸ ਵਿਚ ਔਰਤਾਂ ਦੇ ਹੱਕਾਂ ਦੀ ਅਨੁਕੂਲਤਾ ਸ਼ਾਮਿਲ ਹੈ ;ਜਿਹੜੀ ਔਰਤਾਂ ਦੇ ਹੱਕਾਂ ਲਈ ਸੁਖਾਵੀਂ ਹੈ ।ਇਸ ਲਹਿਰ ਵਿਚ Ellen Du Bois ਇਕ ਮਹੱਤਵਪੂਰਨ ਨਾਮ ਹੈ ਜਿਸਨੇ ਵੋ ਟ-ਅਧਿਕਾਰ ਅਤੇ ਨਾਰੀਵਾਦ ਲਈ ਬਹੁਤ ਕੰਮ ਕੀਤਾ। ਉਸ ਦਾ ਮੰਨਣਾ ਹੈ ਕਿ ਨਾਰੀਵਾਦ ਸ਼ਬਦ ਫਰਾਂਸ ਵਿਚ ਪਹਿਲੀ ਵਾਰ ਵੋਟ -ਹੱਕ ਪ੍ਰਾਪਤ ਕਰਨ ਵਾਲੀਆਂ ਔਰਤਾਂ ਵੱਲੋਂ ਕੀਤੀ ਜੱਦੋ-ਜਹਿਦ ਅਤੇ ਲਹਿਰ ਲਈ ਵਰਤਿਆ ਗਿਆ।ਅਮਰੀਕਾ ਤੇ ਕੈਨੇਡਾ ਵਿਚ ਸਰਗਰਮ ਭੁਮਿਕਾ ਨਿਭਾਉਣ ਵਾਲੀ Linda Kealey ਨੇ 'ਨਾਰੀਵਾਦ' ਸ਼ਬਦ New Women ਲਈ ਵਰਤਿਆ। Webster's Dictionary ਅਨੁਸਾਰ ਨਾਰੀਵਾਦ ਉਹ ਲਹਿਰ ਹੈ ਜੋ ਔਰਤਾਂ ਲਈ ਅਧਿਕਾਰ ਪ੍ਰਾਪਤ ਕਰਨ ਲਈ ਕਿਰਿਆਸ਼ੀਲ ਹੋਵੇ ਅਤੇ ਜਿਸ ਵਿਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਰਾਜਨੀਤਿਕ ਅਧਿਕਾਰ ਮਿਲਣ। Toril moi 'ਨਾਰੀਵਾਦ' ਦੇ ਸੰਬੰਧ ਵਿਚ ਚਰਚਾ ਕਰਦੀ ਹੋਈ ਸਪਸ਼ਟ ਕਰਦੀ ਹੈ ਕਿ ਨਾਰੀਵਾਦ ਇਕ ਤਰ੍ਹਾਂ ਨਾਲ ਰਾਜਨੀਤਿਕ ਲੇਬਲ ਹਨ ਜਿਸ ਦਾ ਅਰਥ ਹੈ ਕਿ ਇਹ ਲਹਿਰ 1960 ਤੋਂ ਆਰੰਭ ਹੋਈ 'ਨਾਰੀਵਾਦ' ਲਹਿਰ ਨਵੀਂ ਔਰਤ ਦੇ ਮਨੋਰਥਾਂ ਦਾ ਸਮਰਥਨ ਕਰਦੀ ਹੈ। ਨਾਰੀਵਾਦੀ ਆਲੋਚਨਾ ਵਿਚ ਵਰਜੀਨੀਆ ਵੂਲਫ Virginia Woolf ਦੀ ਮਹੱਤਵਪੂਰਨ ਦੇਣ ਹੈ। ਉਸ ਨੇ A Room of One's Own ਵਰਗੀਆਂ ਲਿਖਤਾਂ ਵਿਚ ਪੁਰਸ਼ ਪ੍ਰਧਾਨ ਸਮਾਜ ਦੀਆਂ ਮਾਨਤਾਵਾਂ ਨੂੰ ਚੁਨੌਤੀ ਦਿੱਤੀ। ਨਾਰੀਵਾਦੀ ਲਹਿਰ ਵਿਚ ਫ਼ਰਾਂਸ ਦੀ ਨਾਰੀਵਾਦੀ ਚਿੰਤਕ Simone de Beauvoir ਦੀ ਭੂਮਿਕਾ ਬੜੀ ਅਰਥ ਭਰਪੂਰ ਹੈ। ਉਹ ਆਪਣੀ ਪ੍ਰਸਿੱਧ ਪੁਸਤਕ The Second Sex ਵਿਚ ਸਪੱਸ਼ਟ ਕਰਦੀ ਹੈ ਕਿ ਮਰਦ ਅਤੇ ਔਰਤ ਬਿਜਲੀ ਦੇ +ve ਅਤੇ -ve pole ਵਾਂਗ ਨਹੀਂ। ਇਸਤਰੀ ਲਿੰਗ ਨੂੰ ਪਰਿਭਾਸ਼ਿਤ ਕਰਨ ਲਈ ਪੁਲਿੰਗ ਦੀ ਮੁਥਾਜੀ ਝੱਲਣੀ ਪੈਂਦੀ ਰਹੀ ਹੈ। ਸੋ ਇਸ ਪੁਸਤਕ ਵਿਚ ਉਹ ਪੁਰਸ਼ ਪ੍ਰਧਾਨ ਸਮਾਜ ਦੀਆਂ ਉਨ੍ਹਾਂ ਸਾਰੀਆਂ ਸਾਜਿਸ਼ਾਂ ਦਾ ਪਰਦਾਫ਼ਾਸ ਕਰਦੀ ਹੈ ਜੋ ਨਾਰੀ ਨੂੰ ਇਕ ਵਸਤੂ ਦੇ ਰੂਪ ਵਿਚ ਸਥਾਪਿਤ ਕਰਦੀ ਹੈ।

ਸਮੁੱਚੇ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਨਾਰੀਵਾਦ ਉਹ ਸੰਕਲਪ ਜਾਂ ਲਹਿਰ ਹੈ ਜੋ ਕਿਸੇ ਵੀ ਢੰਗ ਨਾਲ ਔਰਤ ਦੇ ਬਰਾਬਰੀ ਦੇ ਹੱਕਾਂ ਦੀ ਹਮਾਇਤ ਕਰਦਾ ਹੋਵੇ ਅਤੇ ਲਿੰਗ-ਭੇਦ ਕਾਰਣ ਉਸ ਨਾਲ ਕੀਤੀ ਜਾਣ ਵਾਲੀ ਕਿਸੇ ਵੀ ਬੇਇਨਸਾਫ਼ੀ ਅਤੇ ਸਮਾਜਕ ਵਿਤਕਰੇ ਦੇ ਕੀਤੇ ਜਾਣ ਦੇ ਖਿਲਾਫ਼ ਹੋਵੇ।

Charlotte Bunch ਨੇ ਵਿਚਾਰ ਪ੍ਰੱਗਟ ਕੀਤਾ ਕਿ ਨਾਰੀਵਾਦ ਦਾ ਅਰਥ ਔਰਤਾਂ ਦੇ ਹੱਕਾਂ ਵਿਚ ਵਾਧਾ ਨਹੀਂ , ਪਰਤੂੰ ਇਸਦਾ ਅਰਥ ਸਮਾਜ ਦਾ ਰੂਪਾਂਤਰਣ transformation ਹੈ। ਅਸਲ ਵਿਚ ਨਾਰੀਵਾਦ ਲਿੰਗ -ਭੇਦ ਕਰਕੇ ਕੀਤੇ ਜਾਣ ਵਾਲੇ ਕਿਸੇ ਵੀ ਵਿਤਕਰੇ ਅਤੇ ਬੇਇਨਸਾਫ਼ੀ ਤੋਂ ਔਰਤ ਨੂੰ ਮੁਕਤ ਕਰਵਾਉਣ ਦੀ ਲਹਿਰ ਹੈ। ਇਹ ਸਾਰੇ ਮਨੁੱਖੀ ਸੰਬੰਧਾਂ ਵਿਚ ਬਰਾਬਰੀ ਅਤੇ ਇਨਸਾਫ਼ ਦੀ ਮੰਗ ਕਰਦਾ ਹੈ।ਇਹ ਹਰ ਤਰ੍ਹਾਂ ਦੇ ਵਿਸੇਸ਼ ਅਧਿਕਾਰ ਅਤੇ ਦਰਜੇਬੰਦੀ ਨੂੰ ਵੰਗਾਰਦਾ ਹੈ ਜੋ ਲਿੰਗ ਭੇਦ ਕਰਕੇ ਸਮਾਜ ਵਿਚ ਪ੍ਰਚਲਿਤ ਹੈ। ਨਾਰੀਵਾਦ ਦਾ ਮੰਤਵ 'ਧੌਂਸ ਦੇ ਸਿਸਟਮ' ਨੂੰ ਵਗਾਹ ਮਾਰਨਾ ਹੈ।

ਉਪਰੋਕਤ ਚਰਚਾ ਤੋਂ ਇਹ ਗੱਲ ਸਹਿਜੇ ਸਪੱਸਟ ਹੋ ਜਾਂਦੀ ਹੈ ਕਿ ਨਾਰੀਵਾਦ ਦਾ ਅਰਥ ਨਾਰੀ ਵੱਲੋਂ ਮਨੁੱਖ /ਮਰਦ ਨੂੰ ਘ੍ਰਿਣਾ ਕਰਨਾ ਨਹੀਂ; ਇਹ ਅਰਥ ਬਿਲਕੁਲ ਵੀ ਨਹੀਂ ਕਿ ਨਾਰੀ ਸੰਸਾਰ ਵਿਚ ਮਨੁੱਖ ਨੂੰ ਅਤੇ ਉਸਦੀ ਹੋਂਦ ਨੂੰ ਦੇਖਣਾ ਹੀ ਨਹੀਂ ਚਾਹੁੰਦੀ।ਨਾਰੀ ਇਹ ਨਹੀਂ ਚਾਹੁੰਦੀ ਕਿ ਮਰਦ ਰਸੋਈ ਦਾ ਕੰਮ-ਕਾਜ ਸੰਭਾਲਣ।

1969 ਤੋਂ ਬਾਅਦ ਨਾਰੀਵਾਦੀ ਲਿਖਤਾਂ ਵਿਚ ਇਕ ਇਹੋ ਜਿਹਾ ਹੜ੍ਹ ਆ ਗਿਆ, ਜਿਸ ਦੀ ਕਿਸੇ ਵੀ ਹੋਰ ਆਲੋਚਨਾਤਮਕ ਪ੍ਰਣਾਲੀ ਵਿਚ ਉਦਾਹਰਣ ਨਹੀਂ ਮਿਲਦੀ। ਐਲੇਨ ਸ਼ੋਅਵਾਟਰ (Elaine Showalter) ਇਸ ਨੂੰ ਇਕ ਧਾਰਮਿਕ ਪੁਨਰਜਾਤੀ ਨਾਲ ਉਪਮਾ ਦਿੰਦੀ ਹੈ। ਅਮਰੀਕਾ, ਇੰਗਲੈਂਡ ਅਤੇ ਫ਼ਰਾਂਸ ਵਰਗੇ ਦੇਸ਼ਾਂ ਵਿਚ ਆਲੋਚਨਾ ਹੁਣ ਕੋਈ ਏਕੀਕ੍ਰਿਤ (Unitary) ਪ੍ਰੋਗਰਾਮ ਜਾਂ ਸਿੱਧਾਂਤ ਨਹੀਂ ਰਹਿ ਗਈ ਬਲਕਿ ਹੁਣ ਇਸ ਵਿਚ ਕਾਫ਼ੀ ਅਨੇਕਤਾ, ਭਿੰਨਤਾ ਅਤੇ ਬਹੁਮੁਖਤਾ ਆ ਗਈ ਹੈ ਜਿਸ ਵਿਚ ਮਨੋਵਿਗਿਆਨਕ, ਮਾਰਕਸਵਾਦੀ ਅਤੇ ਉਤਰ-ਸੰਰਚਨਾਵਾਦੀ ਪ੍ਰਣਾਲੀਆਂ ਆਪਣਾ ਆਪਣਾ ਯੋਗਦਾਨ ਪਾ ਰਹੀਆਂ ਹਨ। ਇਸੇ ਤਰ੍ਹਾਂ ਨਾਰੀਵਾਦੀ ਚਿੰਤਨ ਅਤੇ ਆਲੋਚਨਾ ਦੀਆਂ ਵੀ ਬਹੁਤ

ਸਾਰੀਆਂ ਦਿਸ਼ਾਵਾਂ ਅਤੇ ਪ੍ਰਣਾਲੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਤਾਂ ਵੀ ਇਨ੍ਹਾਂ ਵਿਚ ਸੰਕਲਪਾਂ ਅਤੇ ਵਿਚਾਰਾਂ ਦੀ ਕਾਫ਼ੀ ਸਾਂਝ ਹੈ। ਇਨ੍ਹਾਂ ਦੀਆਂ ਕੁਝ ਇਕ ਸਾਂਝੀਆਂ ਮਾਨਤਾਵਾਂ ਇਸ ਪ੍ਰਕਾਰ ਹਨ :

ਨਾਰੀਵਾਦੀ ਆਲੋਚਨਾ ਪ੍ਰਣਾਲੀ ਦੀ ਮੁਢਲੀ ਧਾਰਣਾ ਇਹ ਹੈ ਕਿ ਪੱਛਮੀ ਸਭਿਅਤਾ ਮੂਲ ਤੌਰ ਤੇ ਪੁਰਸ਼ (ਪਿਤਾ) ਪ੍ਰਧਾਨ ਹੈ। ਇਹ ਪੁਰਸ਼-ਕੇਂਦ੍ਰਿਤ ਅਤੇ ਪੁਰਸ਼-ਨਿਯੰਤ੍ਰਿਤ ਹੈ। ਇਸ ਦਾ ਸੰਗਠਨ ਇਸ ਪ੍ਰਕਾਰ ਹੋਇਆ ਹੈ ਕਿ ਹਰ ਸਭਿਆਚਾਰਕ ਸੰਸਥਾ ਵਿਚ ਨਾਰੀ ਨੂੰ ਦਬਾ ਕੇ ਰੱਖਿਆ ਜਾਂਦਾ ਹੈ। ਪਰਿਵਾਰਿਕ, ਧਾਰਮਿਕ, ਰਾਜਨੈਤਿਕ, ਆਰਥਿਕ, ਸਮਾਜਿਕ, ਕਾਨੂੰਨੀ ਅਤੇ ਕਲਾਤਮਕ ਖੇਤਰਾਂ ਵਿਚ ਨਾਰੀ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਜਾਂਦੀ ਹੈ। ਯੂਨਾਨੀ ਫ਼ਲਸਫੇ ਤੋਂ ਲੈ ਕੇ ਅੱਜ ਤਕ ਨਾਰੀ ਨੂੰ ਪੁਰਸ਼ ਦੀ ਤੁਲਨਾ ਵਿਚ ਘਟੀਆ ਅਤੇ ਤੁੱਛ ਸਮਝਿਆ ਗਿਆ ਹੈ। ਕਿਉਂਕਿ ਉਸ ਪਾਸ ਪੁਰਸ਼- ਲਿੰਗ ਦੀ ਅਣਹੋਂਦ ਹੈ, ਇਸ ਵਾਸਤੇ ਉਸ ਨੂੰ ਮਾਨਵ ਦੀ ਬਜਾਇ ਅ-ਮਾਨਵ ਸਿੱਧ ਕੀਤਾ ਜਾਂਦਾ ਹੈ। ਸਮਾਜੀਕਰਨ ਦੀ ਪ੍ਰਕ੍ਰਿਆ ਦੇ ਨਾਮ ਹੇਠ ਉਸ ਨੂੰ ਪੁਰਸ਼-ਪ੍ਰਧਾਨ ਵਿਚਾਰਧਾਰਾ ਸਿਖਲਾਈ ਜਾਂਦੀ ਹੈ, ਜਿਸ ਕਾਰਨ ਉਹ ਪੁਰਸ਼ ਦੀ ਉੱਤਮਤਾ ਦੇ ਸਿੱਧਾਂਤ ਨੂੰ ਆਪ ਮਨ ਵਿਚ ਵਸਾ ਕੇ ਆਪਣੇ ਹੀ ਲਿੰਗ ਪ੍ਰਤੀ ਤ੍ਰਿਸਕਾਰ ਅਤੇ ਗੁਲਾਮੀ ਦੀ ਭਾਵਨਾ ਰੱਖਣ ਲੱਗ ਪੈਂਦੀ ਹੈ।

ਭਾਵੇਂ ਇਹ ਠੀਕ ਹੈ ਕਿ ਵਿਅਕਤੀ ਦਾ 'ਲਿੰਗ' ਉਸ ਦੇ ਸਰੀਰ-ਵਿਗਿਆਨ (Anatomy) ਦੁਆਰਾ ਨਿਸ਼ਚਿਤ ਹੁੰਦਾ ਹੈ ਪਰੰਤੂ ਸਾਡੇ ਇਥੇ ਪੁਲਿੰਗ ਅਤੇ ਇਸਤ੍ਰੀਲਿੰਗ ਬਾਰੇ ਧਾਰਨਾਵਾਂ ਸਭਿਆਚਾਰਕ ਬਣਤਰਾਂ ਹਨ। ਜਿਵੇਂ ਸੀਮੋਨ ਦ ਬੋਇਆ ਕਹਿੰਦੀ ਹੈ ਕਿ ਇਸਤ੍ਰੀ ਪੈਦਾ ਨਹੀਂ ਹੁੰਦੀ ਬਲਕਿ ਬਣਾਈ ਜਾਂਦੀ ਹੈ। ਸਭਿਅਤਾ ਨਾਲ ਸੰਬੰਧਿਤ ਸਾਰੀਆਂ ਸੰਸਥਾਵਾਂ ਮਿਲ ਕੇ ਉਸ ਜੀਵ ਦਾ ਉਤਪਾਦਨ ਕਰਦੀਆਂ ਹਨ,ਜਿਸ ਨੂੰ 'ਇਸਤ੍ਰੀ' ਕਿਹਾ ਜਾਂਦਾ ਹੈ।ਇਸ ਤਰ੍ਹਾਂ ਸਭਿਆਚਾਰ ਵਿਚ ਪੁਲਿੰਗ ਦਾ ਅਰਥ ਹੈ ਕ੍ਰਿਆਸ਼ੀਲ , ਪ੍ਰਬਲ, ਪਰਾਕ੍ਰਮੀ, ਵਿਵੇਕਸ਼ੀਲ ਅਤੇ ਸਿਰਜਨਾਤਮਕ;ਜਦੋਂ ਕਿ ਇਸਤ੍ਰੀ ਹੋਣ ਦਾ ਅਰਥ ਹੈ ਨਿਸ਼ਕ੍ਰਿਯ ਦੁਰਬਲ, ਡਰਪੋਕ, ਜਜ਼ਬਾਤੀ ਅਤੇ ਰਵਾਇਤੀ।

ਨਾਰੀਵਾਦੀ ਚਿੰਤਕਾਂ ਦੀ ਇਕ ਹੋਰ ਸਥਾਪਨਾ ਇਹ ਹੈ ਕਿ ਪੁਰਸ਼ ਵਿਚਾਰਧਾਰਾ ਉਨ੍ਹਾਂ ਸਾਰੀਆਂ ਲਿਖਤਾਂ ਉੱਪਰ ਛਾ ਗਈ ਹੈ , ਜਿਨ੍ਹਾਂ ਨੂੰ ਉੱਤਮ ਸਾਹਿਤ ਵਿਚ ਸ਼ੁਮਾਰ ਕੀਤਾ ਜਾਂਦਾ ਹੈ ਅਤੇ ਜਿਹੜੀਆਂ ਹੁਣ ਤਕ ਪੁਰਸ਼ਾਂ ਲਈ ਲਿਖੀਆਂ ਗਈਆਂ ਹਨ। ਮਿਸਾਲ ਦੇ ਤੌਰ ਤੇ ਮਹਾਨ ਸਮਝੀਆਂ ਜਾਣ ਵਾਲੀਆਂ ਸਾਰੀਆਂ ਸਾਹਿਤਿਕ ਕਿਰਤਾਂ ਕਿਸੇ ਨਾ ਕਿਸੇ ਪੁਰਸ਼, ਪਾਤਰ ਦੇ ਆਲੇ ਦੁਆਲੇ ਹੀ ਘੁੰਮਦੀਆਂ ਹਨ ਜਿਵੇਂ ਈਡਿਪਸ , ਯੂਲੀਸਿਜ਼, ਹੈਮਲੇਟ, ਟਾਮ ਜੋਨਜ਼, ਕੈਪਟਨ ਅਹਾਬ ਆਦਿਕ। ਇਹ ਪਾਤਰ ਪੁਰਸ਼ਾਂ ਦੇ ਲੱਛਣਾਂ, ਅਨੁਭੂਤੀਆਂ ਅਤੇ ਸੰਵੇਦਨਾਵਾਂ ਦਾ ਪ੍ਰਗਟਾਵਾ ਕਰਦੇ ਹਨ ਅਤੇ ਪੁਰਸ਼-ਖੇਤਰ ਨਾਲ ਸੰਬੰਧਿਤ ਪੁਰਸ਼-ਪ੍ਰਧਾਨ ਰੁਚੀਆਂ ਦੀ ਤਲਾਸ਼ ਕਰਦੇ ਹਨ। ਇਨ੍ਹਾਂ ਪੁਰਸ਼ਾਂ ਦੇ ਪ੍ਰਸੰਗ ਵਿਚ ਇਸਤ੍ਰੀਆਂ ਦੀ ਭੂਮਿਕਾ ਗੌਣ ਅਤੇ ਨਿਮਨ ਹੁੰਦੀ ਹੈ ਅਤੇ ਇਸ ਭੂਮਿਕਾ ਨੂੰ ਪੁਰਸ਼ਾਂ ਦੀਆਂ ਇੱਛਾਵਾਂ ਅਤੇ ਪ੍ਰਯੋਜਨਾਂ ਦੇ ਵਿਰੋਧ ਵਿਚ ਪੇਸ਼ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਨਾਰੀਵਾਦੀਆਂ ਦੀ ਇਕ ਸਥਾਪਨਾ ਇਹ ਵੀ ਹੈ ਕਿ ਪਾਰੰਪਰਿਕ ਸੁਹਜ-ਮੁੱਲ ਅਤੇ ਮਾਪਦੰਡ, ਵਸਤੂਗਤ ਅਤੇ ਵਿਸ਼ਵਾਰਥੀ ਨਾ ਹੋ ਕੇ ਮਰਦਾਨਾ ਮਨੌਤਾਂ, ਰੁਚੀਆਂ ਅਤੇ ਵਿਵੇਕ-ਵਿਧੀਆਂ ਵੱਲ ਉਲਾਰ ਹਨ। ਇਸ ਤਰ੍ਹਾਂ ਸਾਹਿਤਕ ਕਿਰਤਾਂ ਦਾ ਆਲੋਚਨਾਤਮਕ ਅਧਿਐਨ ਲਿੰਗਕ-ਪੂਰਵਗ੍ਰਹਿਆਂ ਉਪਰ ਆਧਾਰਿਤ ਹੈ।

ਨਾਰੀਵਾਦੀ ਆਲੋਚਕਾਂ ਦਾ ਮੁੱਖ ਮੁੱਦਾ ਇਹ ਹੈ ਕਿ ਸਾਹਿੱਤ-ਅਧਿਐਨ ਦੇ ਪ੍ਰਸੰਗ ਵਿਚ ਕੁਝ ਅਜਿਹੀਆਂ ਵਿਧੀਆਂ ਦਾ ਨਿਰਮਾਣ ਕੀਤਾ ਜਾਵੇ ਜਿਨ੍ਹਾਂ ਸਦਕਾ ਨਾਰੀ ਦੇ ਦਿਸ਼ਟੀਕੋਣ, ਝੁਕਾਵਾਂ ਅਤੇ ਕਦਰਾਂ-ਕੀਮਤਾਂ ਨਾਲ ਇਨਸਾਫ਼ ਕੀਤਾ ਜਾ ਸਕੇ। ਇਸ ਮੁੱਦੇ ਦੀ ਪੂਰਤੀ ਹਿੱਤ ਅਜਿਹੀ ਪਾਠ-ਵਿਧੀ ਦੀ ਸਿਰਜਨਾ ਕਰਨ ਦੀ ਜ਼ਰੂਰਤ ਸੀ ਕਿ ਨਾਰੀ, ਪੁਰਸ਼ ਪ੍ਰਧਾਨ ਲੇਖਕਾਂ ਦੀਆਂ ਰਚਨਾਵਾਂ ਨੂੰ ਸਹਿਜ-ਸਵੀਕਿਤੀ ਦੇ ਅੰਦਾਜ਼ ਵਿਚ ਪੜ੍ਹਨ ਦੀ ਬਜਾਇ ਅਸਵੀਕਾਰ ਦੀ ਮੁਦਰਾ ਵਿਚ ਪੜੇ ਤਾਂਕਿ ਇਨਾਂ ਲਿਖਤਾਂ ਵਿਚ ਪੇਸ਼ ਲਿੰਗਕ- ਉਲਾਰਾਂ ਨੂੰ ਰੌਸ਼ਨੀ ਵਿਚ ਲਿਆਂਦਾ ਜਾ ਸਕੇ । ਇਕ ਹੋਰ ਫ਼ੈਸਲੇ ਅਨੁਸਾਰ ਨਾਰੀਵਾਦੀ ਆਲੋਚਕਾਂ ਦਾ ਇਹ ਫ਼ਰਜ਼ ਵੀ ਸੀ ਕਿ ਉਹ ਪੁਰਸ਼ਾਂ ਦੁਆਰਾ ਲਿਖੇ ਨਾਵਲਾਂ ਅਤੇ ਕਵਿਤਾਵਾਂ ਵਿਚ ਪੇਸ਼ ਨਾਰੀ-ਬਿੰਬਾਂ ਦੀ ਪਹਿਚਾਣ ਕਰਨ। ਅਜਿਹੇ ਬਿੰਬਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕੇਗਾ। ਇਕ ਤਾਂ ਅਜਿਹੇ ਬਿੰਬ, ਜਿਨ੍ਹਾਂ ਵਿਚ ਪੁਰਸ਼-ਲੇਖਕਾਂ ਨੇ ਨਾਰੀ ਦਾ ਆਦਰਸ਼ਕ ਦੇਵੀ' ਰੂਪ ਪੇਸ਼ ਕੀਤਾ ਹੈ ਅਤੇ ਦੂਜੇ ਉਹ, ਜਿਨ੍ਹਾਂ ਵਿਚ ਨਾਰੀ ਨੂੰ ਵਾਸਨਾ-ਪੂਰਤੀ ਦਾ ਇਕ ਖਿਡਾਉਣਾ ਅਤੇ ਸਮਾਜ ਦੀਆਂ ਤਮਾਮ ਬੁਰਾਈਆਂ ਦਾ ਸੋਮਾ ਬਣਾਇਆ ਗਿਆ ਹੈ। ਭਾਵੇਂ ਬਹੁਤੇ ਨਾਰੀਵਾਦੀ ਚਿੰਤਕ ਪੁਰਸ਼-ਲੇਖਕਾਂ ਨੂੰ ਨਾਰੀ ਵਿਰੋਧੀ ਗਰਦਾਨਦੇ ਹਨ ਪਰ ਤਾਂ ਵੀ ਕੁਝ ਇਕ ਚਿੰਤਕਾਂ ਨੇ ਚਾਸਰ , ਸ਼ੈਕਸਪੀਅਰ, ਸੈਮੂਅਲ ਰਿਚਰਡਸਨ, ਹੈਨਰੀਕ ਇਬਸਨ ਅਤੇ ਬਰਨਾਰਡ ਸ਼ਾਅ ਦੀ ਇਸ ਗੱਲੋਂ ਵਡਿਆਈ ਵੀ ਕੀਤੀ ਹੈ ਕਿ ਉਨ੍ਹਾਂ ਨੇ ਪੁਰਸ਼-ਸ਼੍ਰੇਣੀ ਦੇ ਉਲਾਰਾਂ-ਵਿਕਾਰਾਂ ਅਤੇ ਪੂਰਵਾਹਿਆਂ ਤੋਂ ਉਪਰ ਉੱਠ ਕੇ ਉਨ੍ਹਾਂ ਸਭਿਆਚਾਰਕ ਦਬਾਵਾਂ ਨੂੰ ਸਮਝਣ ਅਤੇ ਮਹਿਸੂਸ ਕਰਨ ਦੀ ਚੇਸ਼ਟਾ ਕੀਤੀ ਹੈ ਜਿਨ੍ਹਾਂ ਨੇ ਸਮਾਜ ਵਿਚ ਨਾਰੀ ਨੂੰ ਨਕਾਰਾਤਮਕ ਅਤੇ ਤੁੱਛ ਭੂਮਿਕਾਵਾਂ ਕਬੂਲ ਕਰਨ ਵਾਸਤੇ ਮਜਬੂਰ ਕੀਤਾ ਹੈ।

ਕੁਝ ਇਕ ਨਾਰੀਵਾਦੀ ਚਿੰਤਕਾਂ ਜਿਵੇਂ ਐਨੇਨ ਸ਼ੋਅਵਾਲਟਰ ਨੇ ਆਪਣੀ ਦ੍ਰਿਸ਼ਟੀ ਨੂੰ 'ਜਿਨੋਟੀਸਿਜ਼ਮ (Gynocriticism) ਉਪਰ ਕੇਂਦ੍ਰਿਤ ਕੀਤਾ ਹੈ। ਇਹ ਇਕ ਅਜਿਹੀ ਆਲੋਚਨਾਤਮਕ ਪ੍ਰਣਾਲੀ ਹੈ ਜੋ ਨਾਰੀ-ਲੇਖਕਾਂ ਦੀਆਂ ਰਚਨਾਵਾਂ ਦੇ ਅਧਿਐਨ ਵਾਸਤੇ ਇਕ ਵਿਸ਼ੇਸ਼ ਪ੍ਰਕਾਰ ਦਾ ਨਾਰੀਵਾਦੀ ਸਿਧਾਂਤਿਕ ਚੌਖਟਾ ਤਿਆਰ ਕਰਦੀ ਹੈ।

ਨਾਰੀਵਾਦ ਦੇ ਬਾਰੇ ਮੁੱਖ ਰੂਪ ਵਿਚ ਇਹ ਵਿਚਾਰਧਾਰਾਵਾਂ ਸਾਮ੍ਹਣੇ ਆਈਆਂ ਹਨ

## ਰੂੜੀਵਾਦ ਨਾਰੀਵਾਦ (Consevative Feminism):

ਇਹ ਚਿੰਤਕ ਸਮਝਦੇ ਹਨ ਕਿ ਔਰਤ ਨੂੰ ਪੈਰ ਦੀ ਜੁੱਤੀ ਸਮਝਣਾ ਕੋਈ ਅਣਹੋਣੀ ਗੱਲ ਨਹੀਂ । ਔਰਤ ਉੱਪਰ ਜਬਰ ਨੂੰ ਸਵੀਕਾਰ ਕਰਦੇ ਹਨ ਪਰ ਇਸ ਵਿਚਾਰ ਨਾਲ ਸਹਿਮਤ ਨਹੀਂ ਹੁੰਦੇ ਕਿ ਇਹ ਸਮਾਜਕ ਪ੍ਰਬੰਧ ਕਾਰਨ ਹੋ ਰਿਹਾ ਹੈ। ਔਰਤ ਦੇ ਰੋਲ ਨੂੰ ਮਰਦ ਦੇ ਰੋਲ ਨਾਲੋਂ ਨੀਵਾਂ ਜਾਂ ਘਟੀਆ ਸਵੀਕਾਰ ਨਹੀਂ ਕਰਦੇ। ਜਮਾਂਦਰੂ ਤੌਰ ਤੇ ਔਰਤਾਂ ਨਾਰੀ ਦੇ ਰੋਲ ਲਈ ਜ਼ਿਆਦਾ ਢੁਕਵੀਆਂ ਹਨ। ਇਹ ਲਿੰਗੀ ਵਿਤਕਰੇ ਨੂੰ ਪ੍ਰਵਾਨਗੀ ਦਿੰਦੇ ਹਨ ਅਤੇ ਦੋਹਾਂ ਲਿੰਗਾਂ ਵਿਚ ਨਾ ਬਰਾਬਰੀ ਨੂੰ ਵੀ ਪ੍ਰਵਾਨ ਕਰਦੇ ਹਨ। ਲਿੰਗੀ ਨਾ ਬਰਾਬਰੀ ਸਰੀਰਕ/ਮਨੋਵਿਗਿਆਨਕ ਦੋਹਾਂ ਪੱਧਰਾਂ 'ਤੇ ਵਿਦਮਾਨ ਹੈ। ਇਸੇ ਕਾਰਨ ਔਰਤ ਨੂੰ ਭਾਵੁਕ ਤੌਰ 'ਤੇ ਅਸਥਿਰ, ਸਹਿਣਸ਼ੀਲਤਾ ਦੀ ਮੂਰਤੀ ਅਤੇ ਸਿਧਾਂਤਕ ਚਿੰਤਨ ਤੋਂ ਸੱਖਣੀ ਪ੍ਰਵਾਨ ਕਰਦੇ ਹਨ। ਪੱਛਮ ਵਿਚ ਇਸ ਪ੍ਰਸੰਗ ਵਿਚ ਰੂਸੋ, ਸ਼ਾਪਨਹਾਰ, ਫ਼ਿਸ਼ਟੇ, ਨੀਤਸ਼ੇ ਅਤੇ ਫ਼ਰਾਇਡ ਦਾ ਨਾਂ ਲਿਆ ਜਾ ਸਕਦਾ ਹੈ।

ਇਸ ਪ੍ਰਕਾਰ ਰੂੜੀਵਾਦੀ ਨਾਰੀਵਾਦ ਬਾਰੇ ਹੇਠ ਲਿਖੇ ਨੁਕਤੇ ਸਾਮ੍ਹਣੇ ਆਉਂਦੇ ਹਨ-

- ਔਰਤ ਪੈਰ ਦੀ ਜੁੱਤੀ ਕੋਈ ਅਣਹੋਣੀ ਗਲ ਨਹੀਂ।
- ਔਰਤ ਉੱਪਰ ਹੋ ਰਿਹਾ ਜ਼ਬਰ ਸਮਾਜਿਕ ਪ੍ਰਬੰਧ ਕਰਕੇ ਨਹੀਂ।
- ਔਰਤ ਦਾ ਰੋਲ ਮਰਦ ਨਾਲੋਂ ਘਟੀਆ ਨਹੀਂ।
- ਜਮਾਂਦਰੂ ਤੌਰ ਤੇ ਔਰਤਾਂ ਨਾਰੀਦੇ ਰੋਲ ਲਈ ਜਿੰਮੇਵਾਰ
- ਲਿੰਗੀ ਵਿਤਕਰਾ-ਸਰੀਰਿਕ ਤੇ ਮਨੋਵਿਗਿਆਨਕ ਪੱਧਰ
- ਭਾਵੁਕ ਤੌਰ ਤੇ ਅਸਥਿਰ,ਸਹਿਣਸ਼ੀਲਤਾ ਦੀ ਮੂਰਤ,ਸਿਧਾਂਤਕ ਚਿੰਤਨ ਤੋਂ ਸੱਖਣੀ
- ਰੂਸੋ,ਨੀਤਸ਼ੇ,ਫਰਾਇਡ

## ਉਦਾਰਵਾਦੀ ਨਾਰੀਵਾਦ (Liberal Feminism) :

ਇਸ ਪ੍ਰਣਾਲੀ ਦਾ ਕਲਾਸਿਕ ਪ੍ਰਗਟਾਵਾ John Stuartmill ਦੀ ਪੁਸਤਕ The Subjection of woman (1869)ਵਿਚੋਂ ਮਿਲਦਾ ਹੈ। ਇਹ ਵਿਚਾਰ (National Organisation of woman Now) ਸੰਗਠਨਾਂ ਵਿਚ ਵੀ ਮਿਲਦੇ ਹਨ ਜੋ ਔਰਤ ਦੇ ਕਾਨੂੰਨੀ ਹੱਕਾਂ ਦੀ ਰਾਖੀ ਲਈ ਵਧੇਰੇ ਸਰਗਰਮ ਹਨ। ਇਹ ਉਦਾਰਵਾਦੀ ਦ੍ਰਿਸ਼ਟੀ ਔਰਤਾਂ ਨੂੰ ਆਪਣੀ ਹੋਣੀ ਦੇ ਮਾਲਿਕ ਆਪ ਹੋਣ ਅਤੇ ਸਮਾਜ ਵਿਚ ਬਿਨਾਂ ਕਿਸੇ ਵਿਤਕਰੇ ਤੋਂ ਮਰਦ ਨਾਲ ਹਰ ਖੇਤਰ ਵਿਚ ਮੁਕਾਬਲਾ ਕਰਨ ਦੇ ਹੱਕਾਂ ਦੀ ਵਕਾਲਤ ਕਰਦੀ ਹੈ। ਹਰ ਬੰਦਾ ਹਰ ਦੂਸਰੇ ਬੰਦੇ ਨਾਲ ਮੁਕਾਬਲੇ ਵਿਚ ਹੈ। ਰਾਜ ਦਾ ਫਰਜ਼ ਹੈ ਕਿ ਉਹ ਇਸ ਮੁਕਾਬਲੇ ਨੂੰ ਬਿਨਾਂ ਕਿਸੇ ਪੱਖਪਾਤ ਤੋਂ ਯਕੀਨੀ ਬਣਾਵੇ। ਉਦਾਰਵਾਦੀ ਸੰਗਠਨ ਜਮਾਤੀ ਸਮਾਜ ਵਿਚ ਇਨਕਲਾਬੀ ਤਬਦੀਲੀ ਲਿਆ ਕਿ ਔਰਤ ਦੀ ਬੰਦ ਖ਼ਲਾਸੀ ਦੀ ਥਾਂ ਆਪਣੇ ਆਪ ਨੂੰ ਕੁਝ ਸੰਵਿਧਾਨਕ ਹੱਕਾਂ ਅਤੇ ਔਰਤਾਂ ਦੀ ਸਥਿਤੀ ਵਿਚ ਸਮਾਜਕ ਸੁਧਾਰਾਂ ਦੀ ਸੀਮਾ ਤੋਂ ਅੱਗੇ ਨਹੀਂ ਜਾਂਦੇ। ਇਸ ਕਾਰਨ ਔਰਤ ਦੀ ਬੰਦ ਖੁਲਾਸੀ ਬਾਰੇ ਇਨ੍ਹਾਂ ਦੀ ਪਹੁੰਚ ਵਿਅਕਤੀਵਾਦੀ, ਰੁਮਾਂਸਵਾਦੀ ਅਤੇ ਸੁਧਾਰਵਾਦ ਦੀਆਂ ਸੀਮਾਵਾਂ ਨੂੰ ਪਾਰ ਨਹੀਂ ਕਰਦੀ। ਇਹ ਸਮਾਜਕ ਪ੍ਰਬੰਧ ਦੀ ਇਨਕਲਾਬੀ ਢੰਗ ਨਾਲ ਬਦਲਣ ਦੀ ਥਾਂ ਸੰਵਿਧਾਨਕ ਘੇਰੇ ਵਿਚ ਰਹਿੰਦਿਆਂ ਔਰਤ ਲਈ ਕੁਝ ਰਿਆਇਤਾਂ ਤੇ ਸਹਾਰਾ ਲਈ ਯਤਨਸ਼ੀਲ ਹੁੰਦੇ ਹਨ। ਔਰਤ ਦੀ ਬੰਦ ਖ਼ਲਾਸੀ ਨੂੰ ਵਧੇਰੇ ਸਮਾਜਕ ਜਮਾਤੀ ਸੰਘਰਸ਼ ਨਾਲ ਜੋੜਨ ਦੀ ਚਿੰਤਾ ਅਤੇ ਚੇਤਨਾ ਇਨ੍ਹਾਂ ਦੀਆਂ ਆਪਣੀਆਂ ਜਮਾਤੀ ਸੀਮਾਵਾਂ ਅਤੇ ਜਮਾਤੀ ਹਿਤਾਂ ਕਾਰਣ ਸ਼ਾਇਦ ਇਨ੍ਹਾਂ ਨੂੰ ਨਹੀਂ ਪੁੱਗਦੀ।

ਇਸ ਪ੍ਰਕਾਰ ਉਦਾਰਵਾਦੀ ਨਾਰੀਵਾਦ ਬਾਰੇ ਹੇਠ ਲਿਖੇ ਨੁਕਤੇ ਸਾਮ੍ਹਣੇ ਆਉਂਦੇ ਹਨ

- John Stuartmill------The Subjection of Woman1869
- ਔਰਤਾਂ ਨੂੰ ਆਪਣੀ ਹੋਣੀ ਦੇ ਮਾਲਕ,ਸਮਾਜ ਵਿਚ ਮਰਦ ਦੇ ਬਰਾਬਰ,ਬਿਨਾਂ ਕਿਸੇ ਵਿਤਕਰੇ ਤੋਂ,ਰਾਜ ਦਾ ਫਰਜ਼।
- ਇਨਕਲਾਬੀ ਤਬਦੀਲੀ ਰਾਹੀਂ-ਸੰਵਿਧਾਨਕ ਸੁਧਾਰ ਅਤੇ ਸਮਾਜਿਕ ਸੁਧਾਰ ਹੀ ਟੀਚਾ।
- ਇਸ ਕਾਰਣ ਔਰਤ ਦੀ ਬੰਦ ਖੁਲਾਸੀ ਬਾਰੇ ਇੰਨਾਂ ਦੀ ਪਹੁੰਚ ਵਿਅਕਤੀਵਾਦੀ,ਰੁਮਾਂਸਵਾਦੀ,ਸੁਧਾਰਵਾਦ ਦੀਆਂ ਸੀਮਾਵਾਂ ਪਾਰ ਨਹੀਂ ਕਰਦੀ।
- ਸਮਾਜਿਕ ਪ੍ਰਬੰਧ ਦੀ ਇਨਕਲਾਬੀ ਢੰਗ ਨਾਲ ਬਦਲਣ ਦੀ ਥਾਂ ਸੰਵਿਧਾਨਕ ਘੇਰੇ ਵਿਚ ਔਰਤ ਲਈ ਕੁੱਝ ਰਿਆਇਤਾਂ ਤੇ ਸੁਧਾਰਾਂ ਲਈ ਯਤਨਸ਼ੀਲ।
- ਔਰਤ ਦੀ ਬੰਦ ਖੁਲਾਸੀ ਨੂੰ ਵਧੇਰੇ ਜਮਾਤੀ ਸੰਘਰਸ਼ ਨਾਲ ਜੋੜਨ ਦੀ ਚਿੰਤਾ ਤੇ ਚੇਤਨਾ ਇੰਨ੍ਹਾਂ ਦੀਆਂ ਆਪਣੀਆਂ ਜਮਾਤੀ ਸੀਮਾਵਾਂ ਅਤੇ ਜਮਾਤੀ ਹਿਤਾਂ ਕਰਕੇ ਸ਼ਾਇਦ ਇੰਨ੍ਹਾਂ ਨੂੰ ਨਹੀਂ ਪੁਗਦੀ।

## ਜੁਝਾਰੂ ਨਾਰੀਵਾਦ (Radical Feminism):

ਔਰਤ ਉੱਪਰ ਜਬਰ ਦੇ ਸਾਰੇ ਵਿਭਿੰਨ ਰੂਪਾਂ ਨੂੰ ਇਹ ਪਹੁੰਚ ਲਿੰਗ ਜਬਰ ਦੇ ਵਿਸ਼ਾਲ ਪਰਿਪੇਖ ਵਿਚ ਰੱਖ ਕੇ ਹੀ ਵਿਚਾਰਦੀ ਹੈ। ਉਹ ਉਦਾਰਵਾਦੀਆਂ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ ਔਰਤਾਂ ਉੱਪਰ ਜਬਰ ਦਾ ਕਾਰਣ ਉਨ੍ਹਾਂ ਨੂੰ ਮਿਲਣ ਵਾਲੇ ਜਮਹੂਰੀ ਅਤੇ ਰਾਜਨੀਤਕ ਅਧਿਕਾਰਾਂ ਦੀ ਘਾਟ ਵਿਚ ਹੈ। ਇਸ ਤਰ੍ਹਾਂ ਉਹ ਔਰਤ ਦੇ ਜਬਰ ਨੂੰ ਮਾਰਕਸਵਾਦੀ ਨਾਰੀਵਾਦ ਦੇ ਜਮਾਤੀ ਸਮਾਜ ਦੀ ਧਾਰਣਾ ਕਾਰਨ ਵੀ ਪ੍ਰਵਾਨ ਨਹੀਂ ਕਰਦੇ। ਉਹ ਪਰਤਾਨਪੰਥੀ ਬਣਨ ਦੇ ਰਾਹ ਪੈਂਦਿਆਂ ਔਰਤ ਉਪਰ ਜਬਰ ਦਾ ਕਾਰਣ ਉਸ ਦੀ ਸਰੀਰਕ (biological) ਬਣਤਰ ਵਿਚ ਨਿਹਿਤ ਕਰਦੇ ਹਨ। ਬੱਚੇ ਪੈਦਾ ਕਰਨ ਕਰਕੇ ਔਰਤ ਦੀ ਕਮਜ਼ੋਰੀ ਬਣ ਜਾਂਦੀ ਹੈ ਕਿ ਉਹ ਮਰਦ ਉੱਪਰ ਨਿਰਭਰ ਹੋਵੇ। ਪਰਿਵਾਰ ਦਾ ਆਧਾਰ ਸਰੀਰਕ (Biological) ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਨਿੱਜੀ ਜਾਇਦਾਦ ਅਤੇ ਜਮਾਤੀ-ਸਮਾਜ ਦੀ ਹੋਂਦ ਤੋਂ ਪਹਿਲਾਂ ਹੀ ਔਰਤ ਸਰੀਰਕ ਤੌਰ 'ਤੇ ਮਰਦ ਦੇ ਜਬਰ ਦਾ ਸ਼ਿਕਾਰ ਸੀ। ਸੋ ਪਰਿਵਾਰਕ ਖੇਤਰ ਵਿਚ ਸਰੀਰਕ ਪੱਧਰ 'ਤੇ ਜਬਰ ਦਾ ਜੋ ਮਾਡਲ ਬਣਿਆ ਉਹ ਨਸਲਵਾਦੀ ਵਿਤਕਰੇ ਅਤੇ ਜਮਾਤੀ ਸਮਾਜ ਦਾ ਆਧਾਰ-ਮਾਡਲ ਬਣਦਾ ਹੈ। ਪੂੰਜੀਵਾਦ, ਨਸਲਵਾਦ ਨਾਲ ਲੜਾਈ ਲੜਨ ਤੋਂ ਪਹਿਲਾਂ ਲਿੰਗ ਵਾਦ (sexism) ਦੇ ਖ਼ਿਲਾਫ਼ ਲੜਾਈ ਉਸ ਤੋਂ ਪਹਿਲਾਂ ਕਰਨੀ ਜ਼ਰੂਰੀ ਬਣਦੀ ਹੈ। ਜੁਝਾਰੂ ਨਾਰੀਵਾਦੀ ਖ਼ਿਆਲ ਕਰਦੇ ਹਨ ਕਿ ਔਰਤ ਦੀ ਮੁਕਤੀ ਵਿਗਿਆਨਕ ਇਨਕਲਾਬ ਨਾਲ ਆਵੇਗੀ। ਸਿਰਫ਼ ਤਕਨਾਲੋਜੀ ਦੇ ਇਨਕਲਾਬ ਨਾਲ ਔਰਤ ਨੂੰ ਬੱਚੇ ਜੰਮਣ ਅਤੇ ਪਾਲਣ ਦੇ ਬੋਝ ਤੋਂ ਮੁਕਤ ਕਰਾਇਆ ਜਾ ਸਕਦਾ ਹੈ। ਨਕਲੀ ਢੰਗ ਨਾਲ ਬੱਚੇ ਪੈਦਾ ਕਰਨ ਦੀ ਤਕਨੀਕ ਤੇ ਬਲ ਦਿੰਦੇ ਹਨ।ਉਹ ਹਰ ਤਕਨਾਲੋਜੀ ਪਰਿਵਾਰ ਨੂੰ ਔਰਤ ਤੇ ਮਰਦ ਦੋਹਾਂ ਨੂੰ ਬੱਚੇ ਪੈਦਾ ਕਰਨ ਅਤੇ ਕੰਮ ਦੇ ਦੋਹਾਂ ਤੋਂ ਮੁਕਤ ਕਰਨਗੇ। ਇਹ ਪਰਿਵਾਰ ਦੇ ਤਾਨਾਸ਼ਾਹੀ ਅਤੇ ਜਾਬਰਾਨਾ ਸੰਬੰਧਾਂ ਨੂੰ ਸਮਾਪਤ ਕਰ ਦੇਵੇਗਾ। ਮਨੁੱਖੀ ਪ੍ਰਤਿਭਾ ਬਾਰੇ ਇਨ੍ਹਾਂ ਦੀ ਪਹੁੰਚ ਨਵ-ਫ਼ਰਾਇਡਵਾਦੀ ਹੈ ਉਹ ਆਧੁਨਿਕ ਜੀਵਨ ਦੀ ਮੁੱਖ ਸਮੱਸਿਆ ਕਾਮੁਕਤਾ (sexuality) ਨੂੰ ਮੰਨਦੇ ਹਨ। ਇਹ ਔਰਤਾਂ ਦੀ ਬੰਦ ਖ਼ਲਾਸੀ ਦੇ ਨਾਲ ਬੱਚਿਆਂ ਦੀ ਬੰਦ ਖ਼ਲਾਸੀ ਦੀ ਵੀ ਵਕਾਲਤ ਕਰਦੇ ਹਨ। ਇਨ੍ਹਾਂ ਦਾ ਵਿਚਾਰ ਹੈ ਕਿ ਔਰਤ ਦੇ ਜਬਰ ਦਾ ਬੁਨਿਆਦੀ ਆਧਾਰ ਬੱਚੇ ਜੰਮਣਾ ਅਤੇ ਬੱਚੇ ਪਾਲਣਾ ਹੈ। ਪਰਿਵਾਰ ਦੇ ਰਿਸ਼ਤੇ ਬੱਚੇ ਹੰਢਾਉਂਦੇ ਹਨ ਅਤੇ ਫਿਰ ਅਜਿਹੇ ਹੀ ਸਮਾਜ ਦੀ ਅੱਗੇ ਸਿਰਜਣਾ ਕਰਦੇ ਹਨ। ਇਸ ਪਹੁੰਚ ਦੀ ਸੀਮਾ ਇਹ ਹੈ ਕਿ ਇਹ ਸਮਾਜਕ-ਇਤਿਹਾਸਕ ਸਮੱਸਿਆ ਦਾ ਹੱਲ ਸਰੀਰਕ ਵਿਗਿਆਨਕ ਟੈਕਨੀਕ ਵਿਚੋਂ ਲੱਭਦੇ ਹਨ।

ਇਸ ਪ੍ਰਕਾਰ ਜੁਝਾਰੂ ਨਾਰੀਵਾਦ ਬਾਰੇ ਹੇਠ ਲਿਖੇ ਨੁਕਤੇ ਸਾਮ੍ਹਣੇ ਆਉਂਦੇ ਹਨ - ਔਰਤਾਂ ਉੱਪਰ ਜ਼ਬਰ ਦਾ ਕਾਰਣ ਕਾਨੂੰਨੀ ਹੱਕ ਜਾਂ ਅਧਿਕਾਰਾਂ ਦੀ ਕਮੀ ਨਹੀਂਨਾਂ ਹੀ ਜਮਾਤੀ ਸਮਾਜ ਦੀ ਧਾਰਨਾ ਕਰਕੇ ਜ਼ੁਲਮ ਹੈ।

- ਜ਼ਬਰ ਦਾ ਕਾਰਣ ਉਸਦੀ ਸਰੀਰਿਕ ਬਣਤਰ ਹੈ ।ਬੱਚੇ ਪੈਦਾ ਕਰਨਕਰਕੇ ਔਰਤ ਦੀ ਕਮਜ਼ੋਰੀ ,ਮਰਦ ਉੱਪਰ ਨਿਰਭਰ।
- ਔਰਤ ਦੀ ਮੁਕਤੀ ਇੱਕ ਸਰੀਰ ਵਿਗਿਆਣਨਕ ਇਨਕਲਾਬ ਨਾਲ।ਤਕਨਾਲੋਜੀ ਦੇ ਇਨਕਲਾਬ ਕਰਕੇ।
- ਇਹ ਪਰਿਵਾਰ ਦੇ ਤਾਨਾਸ਼ਾਹੀ ਅਤੇ ਜ਼ਾਬਰਾਨਾ ਸੰਬੰਧਾਂ ਨੂੰ ਸਮਾਪਤ ਕਰੇਗਾ।
- ਔਰਤਾਂ ਤੇ ਜ਼ਬਰ ਦਾ ਬੁਨਿਆਦੀ ਕਾਰਣ ਬੱਚੇ ਜੰਮਣਾ ਤੇ ਬੱਚੇ ਪਾਲਣਾ ਹੈ। ਇਸ ਸਮਾਜਕ-ਇਤਿਹਾਸਕ ਸਮੱਸਿਆ ਦਾ ਹੱਲ ਸਰੀਰਿਕ ਵਿਗਿਆਨਕ ਟੈਕਨੀਕ ਵਿਚੋਂ ਹੈ।

### ਮਾਰਕਸਵਾਦੀ ਨਾਰੀਵਾਦ Marxist Feminism :

ਇਸ ਵਿਚਾਰਧਾਰਾ ਦੇ ਤਹਿਤ ਨਾਰੀ ਦੇ ਜ਼ਬਰ ਦਾ ਕਾਰਣ ਜਮਾਤੀ ਸਮਾਜ ਅਤੇ ਨਿੱਜੀ ਜਾਇਦਾਦ ਦੀ ਸੰਸਥਾ ਨੂੰ ਮੰਨਿਆ ਜਾਂਦਾ ਹੈ। ਮਾਰਕਸਵਾਦੀ ਨਾਰੀ ਤੇ ਹੋਣ ਵਾਲੀ ਹਿੰਸਾ ਤੇ ਜ਼ੁਲਮ ਨੂੰ ਕੇਵਲ ਪਿੱਤਰ-ਤੰਤਰ /ਪੁਰਸ਼ਤੰਤਰ ਦੀ ਕਾਢ ਨਹੀਂ ਮੰਨਦੇ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਕ ਸਮਾਂ ਮਾਂ-ਪ੍ਰਧਾਨ-ਸਮਾਜ ਦਾ ਵੀ ਸੀ। ਮਿਹਨਤ ਦੀ ਵੰਡ ਨਾਲ ਮਰਦ ਦਾ ਹੱਥ ਉੱਪਰ ਹੋ ਗਿਆ। ਔਰਤ ਗੁਲਾਮ ਹੋ ਗਈ। ਇਸ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਇਕ ਲੰਮੇ ਸੰਘਰਸ਼ ਦੀ ਲੋੜ ਹੈ। ਭਾਵ ਜਮਾਤੀ ਸੰਘਰਸ਼-ਲੋਕ ਅੰਦੋਲਨ ਰਾਹੀਂ ਹੀ ਲਿਤਾੜਿਆ ਵਰਗ ਮੁਕਤੀ ਪਾ ਸਕਦਾ ਹੈ। ਇਕ ਤੱਥ ਸਮਝਣਯੋਗ ਹੈ ਕਿ ਜਮਾਤੀ ਸਮਾਜ ਵਿਚ ਕੇਵਲ ਔਰਤ ਹੀ ਗ਼ੁਲਾਮ ਨਹੀਂ ਹੁੰਦੀ ਬਲਕਿ ਮਰਦ ਵੀ ਗੁਲਾਮ ਹੁੰਦਾ ਹੈ।ਪਰ ਜਮਾਤੀ ਸਮਾਜ ਵਿਚ ਔਰਤ ਗੁਲਾਮ ਦੀ ਗੁਲਾਮ ਹੋਣ ਕਰਕੇ ਦੂਹਰੀ ਗੁਲਾਮੀ ਭੋਗਦੀ ਹੈ। ਲੈਨਿਨ ਦਾ ਕਹਿਣਾ ਹੈ

'ਪ੍ਰੋਲੇਤਰੀ ਉਨ੍ਹਾਂ ਚਿਰ ਸੰਪੂਰਣ ਆਜ਼ਾਦੀ ਪ੍ਰਾਪਤ ਨਹੀਂ ਕਰ ਸਕਦਾ ਜਿੰਨ੍ਹਾਂ ਚਿਰ ਉਹ ਔਰਤ ਲਈ ਸੰਪੂਰਣ ਆਜ਼ਾਦੀ ਪ੍ਰਾਪਤ ਨਾ ਕਰ ਲਵੇ।'

ਮਾਰਕਸਵਾਦੀ ਮੰਨਦੇ ਹਨ ਕਿ ਔਰਤ ਦੀ ਆਜ਼ਾਦੀ ਦਾ ਮਸਲਾ ਸਿਰਫ ਕਾਨੂੰਨੀ ਹੱਕਾਂ ਜਾਂ ਤਕਨਾਲੋਜੀ ਵਿਚ ਇਨਕਲਾਬ ਲਿਆ ਕੇ ਹੱਲ ਨਹੀਂ ਕੀਤਾ ਜਾ ਸਕਦਾ ਸਗੋਂ ਸਮਾਜਕ ਪ੍ਰਬੰਧ ਦੀ ਇਨਕਲਾਬੀ ਤਬਦੀਲੀ, ਜਮਾਤੀ ਸੰਘਰਸ਼, ਵਿਸ਼ਾਲ ਲੋਕ-

ਲਹਿਰ ਨਾਲ ਹੱਲ ਕੀਤਾ ਜਾ ਸਕਦਾ ਹੈ।ਇਸ ਤਹਿਤ ਔਰਤ ਨੂੰ ਮਰਦ ਦੇ ਖਿਲਾਫ਼ ਨਹੀਂ ਸਗੋਂ ਔਰਤ ਤੇ ਮਰਦ ਨੂੰ ਮਿਲ ਕੇ ਸਮਾਜਕ ਅਨਿਆਂ ਅਤੇ ਜਬਰ ਨੂੰ ਦੂਰ ਕਰਨ ਲਈ ਮਿਲ ਕੇ ਜੂਝਣਾ ਪਵੇਗਾ। ਇਸ ਨਾਲ ਸਮਾਜ ਦੀ ਬਿਹਤਰੀ ਅਤੇ ਔਰਤ ਦੀ ਬਿਹਤਰੀ ਹੋ ਸਕਦੀ ਹੈ।

ਇਸ ਪ੍ਰਕਾਰ ਮਾਰਕਸਵਾਦੀ ਨਾਰੀਵਾਦ ਬਾਰੇ ਹੇਠ ਲਿਖੇ ਨੁਕਤੇ ਸਾਮ੍ਹਣੇ ਆਉਂਦੇ ਹਨ-

- ਨਾਰੀ ਦੇ ਜ਼ਬਰ ਦਾ ਕਾਰਣ ਜਮਾਤੀ ਸਮਾਜ ਅਤੇ ਨਿੱਜੀ ਜਾਇਦਾਦ ਦੀ ਸੰਸਥਾ।
- ਜ਼ਬਰ ਦਾ ਕਾਰਣ ਪਿੱਤਰ-ਤੰਤਰ /ਪੁਰਸ਼ਤੰਤਰ ਦੀ ਕਾਢ ਨਹੀਂ।
- ਮਾਂ-ਪ੍ਰਧਾਨ-ਸਮਾਜ; ਮਿਹਨਤ ਦੀ ਵੰਡ, ਮਰਦ ਉੱਪਰ,ਜਮਾਤੀ ਸੰਘਰਸ਼-ਲੋਕ ਅੰਦੋਲਨ ਰਾਹੀਂ ਲਿਤਾੜਿਆ ਵਰਗ ਮੁਕਤੀ ਪਾ ਸਕਦਾ ਹੈ।
- ਜਮਾਤੀ ਸਮਾਜ ਵਿਚ ਰਤ ਗੁਲਾਮ ਦੀ ਗੁਲਾਮ ਹੋਣ ਕਰਕੇ ਦੂਹਰੀ ਗੁਲਾਮੀ।ਸਿਰਫ ਕਾਨੂੰਨੀ ਹੱਕਾਂ ਜਾਂ ਤਕਨਾਲੋਜੀ ਵਿਚ ਇਨਕਲਾਬ ਲਿਆ ਕੇ ਨਹੀਂ,ਸਗੋਂ ਸਮਾਜਕ ਪ੍ਰਬੰਧ ਦੀ ਇਨਕਲਾਬੀ ਤਬਦੀਲੀ, ਜਮਾਤੀ ਸੰਘਰਸ਼,ਵਿਸ਼ਾਲ ਲੋਕ-ਲਹਿਰ ਨਾਲ ਮਸਲਾ ਹੱਲ।
- ਔਰਤ ਤੇ ਮਰਦ ਨੂੰ ਮਿਲ ਕੇ ਲੜਾਈ ਲੜਨੀ

## ਕਾਲਾ ਨਾਰੀਵਾਦ (Black Feminism) :

ਨਾਰੀਵਾਦ ਜਿੱਥੇ ਨਰ ਅਤੇ ਨਾਰੀ ਵਿਚਲੇ ਲਿੰਗੀ ਅਤੇ ਸਮਾਜਕ ਵਖਰੇਵੇਂ ਨੂੰ ਆਪਣੇ ਆਧਾਰ ਬਣਾਉਂਦਾ ਹੈ ਉਥੇ ਨਾਰੀਵਾਦੀਆਂ ਨੇ ਆਪਣੀ ਸਾਂਝ ਨੂੰ ਬਰਕਰਾਰ ਰੱਖਣ ਲਈ ਨਾਰੀਵਾਦ ਦੇ ਸਾਂਝੇ ਸੰਕਲਪ ਅਧੀਨ ਆਪਣੇ ਆਪ ਨੂੰ ਲਾਮਬੰਦ ਕਰਨ ਦਾ ਯਤਨ ਕੀਤਾ ਹੈ। ਪਰੰਤੂ ਜਿੱਥੇ ਸਮਾਜ ਵਿਚ ਅਤੇ ਸੰਸਾਰ ਵਿਚ ਤਕਰੀਬਨ ਹਰ ਦੇਸ਼ ਜਾਂ ਖਿੱਤੇ ਵਿਚ ਨਸਲ, ਪਛਾਣ, ਬੋਲੀ, ਸਭਿਆਚਾਰ , ਰੰਗ, ਲਿੰਗ ਦੇ ਆਧਾਰ ਉਪਰ ਬਹੁਤ ਸਾਰੇ ਵਖਰੇਵੇਂ ਦਰਜ ਹੋ ਚੁਕੇ ਹਨ ਅਤੇ ਜਿੰਨਾਂ ਨੂੰ ਚਿੰਤਕਾਂ ਦੀ ਵੱਡੀ ਗਿਣਤੀ ਵਲੋਂ ਮਾਨਤਾ ਵੀ ਦਿੱਤੀ ਜਾ ਚੁਕੀ ਹੈ। ਇਥੇ ਇਹ ਦੱਸਣਾ ਵੀ ਦਿਲਚਸਪੀ ਤੋਂ ਖ਼ਾਲੀ ਨਹੀਂ ਕਿ 'ਨਾਰੀ' ਉਪਰ ਸੰਸਾਰ ਪੱਧਰ ਉਪਰ ਹੋ ਰਹੇ ਇਕੋ ਪ੍ਰਕਾਰ ਦੇ ਮਰਦ ਪ੍ਰਧਾਨ ਸਮਾਜ ਦੇ ਸਾਮੂਹਿਕ ਤਸ਼ਦੱਦ ਦੇ ਖ਼ਿਲਾਫ਼ ਭਾਵੇਂ ਨਾਰੀਵਾਦੀਆਂ ਵਿਚ ਇਸ ਸਾਂਝੇ ਜਬਰ ਦੇ ਖ਼ਿਲਾਫ਼ ਲੜਨ ਦੀ ਯੁੱਧਨੀਤੀ ਅਤੇ ਦਾਅ ਪੇਚ ਵੀ ਸਾਂਝੇ ਹਨ ਫਿਰ ਵੀ ਨਾਰੀਵਾਦੀਆਂ ਵਿਚ ਸਾਂਝ ਦੇ ਬਾਵਜਦੇ ਬਹੁਤ ਸਾਰੇ ਮਸਲਿਆਂ ਉਤੇ ਵਖਰੇਵਾਂ ਹੈ ।ਉਘੜਵੇਂ ਰੂਪ ਵਿਚ ਪ੍ਰਾਪਤ ਹੁੰਦਾ ਹੈ। ਨਾਰੀਵਾਦੀਆਂ ਦੇ ਭਾਈਚਾਰਕ ਸੰਕਲਪ ਉਪਰ ਇਹ ਇਤਰਾਜ਼ ਅਕਸਰ ਉੱਠਦਾ ਹੈ ਕਿ ਅਸਲ ਵਿਚ ਨਾਰੀਵਾਦ ਵਿਚ ਪੱਛਮ ਦੀ, ਗੋਰੀ, ਮੱਧ ਸ਼੍ਰੇਣਿਕ ਔਰਤ ਦੇ ਜੀਵਨ ਅਨੁਭਵ ਅਤੇ ਇੱਛਾਵਾਂ ਨੂੰ ਹੀ ਤੱਤ ਰੂਪ ਵਿਚ ਇਕ ਸਰਬ ਵਿਆਪਕ ਮਾਡਲ ਦੇ ਤੌਰ ਤੇ ਪ੍ਰਵਾਨਗੀ ਦੇ ਦਿੱਤੀ ਗਈ ਹੈ। ਚਿੰਤਕਾਂ ਦਾ ਵਿਚਾਰ ਹੈ ਕਿ ਸਾਰੀਆਂ ਔਰਤਾਂ ਨੂੰ ਇਕੋ ਰੱਸੇ ਬੰਣ ਵਾਲੀ ਇਸ ਪਹੁੰਚ ਨੇ ਕਿਉਂਕਿ ਨਸਲ, ਰੰਗ ਅਤੇ ਜਮਾਤੀ ਵਿਤਕਰਿਆਂ ਨੂੰ ਸਾਂਝ ਦੇ ਪਰਦੇ ਹੇਠ ਅਣਡਿੱਠ ਕਰਨ ਦੀ ਗਲਤੀ ਕੀਤੀ ਹੈ ਜੋ ਨਤੀਜੇ ਵਜੋਂ ਇਸ ਪਹੁੰਚ ਨੇ ਵੱਖ-ਵੱਖ ਔਰਤ ਸਮੂਹਾਂ ਦਾ ਨੁਕਸਾਨ ਵੱਧ ਕੀਤਾ ਹੈ ਅਤੇ ਫ਼ਾਇਦਾ ਘੱਟ। ਪਹਿਲੇ ਅਤੇ ਦੂਜੇ ਦੌਰ ਦੇ ਨਾਰੀਵਾਦ ਵਿਚ ਜਿਥੇ ਪੱਛਮ ਦੀ ਗੋਰੀ ਅਤੇ ਮੱਧ ਸ਼੍ਰੇਣਿਕ ਔਰਤ ਦੇ ਪਰਿਪੇਖ ਅਤੇ ਅਨੁਭਵ ਨੂੰ ਵਧੇਰੇ ਸਰਬਵਿਆਪਕਤਾ ਪ੍ਰਦਾਨ ਕੀਤੀ ਗਈ ਉਥੇ ਇਸ ਪਹੁੰਚ ਨੇ ਮਜ਼ਦੂਰ ਨਾਰੀ ਵਰਗ ਅਤੇ ਤੀਸਰੀ ਦੁਨੀਆਂ ਦੀ ਬਸਤੀਵਾਦੀ ਗੁਲਾਮੀ ਭੋਗ ਰਹੀਆਂ ਔਰਤਾਂ ਦੇ ਦੁੱਖਾਂ ਅਤੇ ਅਨੁਭਵ ਨੂੰ ਲਗਭਗ ਨਜ਼ਰ-ਅੰਦਾਜ਼ ਕਰਨ ਦਾ ਗੁਨਾਹ ਕੀਤਾ ਕਿਉਂਕਿ ਇਹ ਪਹੁੰਚ ਬੁਨਿਆਦੀ ਤੌਰ 'ਤੇ ਯੂਰੋ-ਕੇਂਦ੍ਰਿਤ ਰਹੀ। ਪੱਛਮ ਦੀ ਗੋਰੀ ਔਰਤ ਸੰਸਾਰ ਦੀਆਂ ਸਮੂਹ ਔਰਤਾਂ ਦੀ ਆਵਾਜ਼ ਦੀ ਪ੍ਰਤਿਨਿਧਤਾ ਕਰਨ ਨਾਲ ਔਰਤ ਦੀ ਸਰਬਵਿਆਪੀ ਨੇਤਾ ਬਣ ਨਿੱਬੜੀ। ਇਸ ਔਰਤ ਨੇ ਜੋ ਖ਼ੁਦ ਪੰਜੀਵਾਦੀ ਪ੍ਰਬੰਧ ਦੀ ਘਾੜਤ ਸੀ ਤੀਸਰੀ ਦੁਨੀਆਂ ਅਤੇ ਪਛੜੇ ਹੋਏ ਦੇਸ਼ਾਂ ਦੀਆਂ ਔਰਤਾਂ ਵੱਲੋਂ ਪੂੰਜੀਵਾਦੀ ਪ੍ਰਬੰਧ ਅਤੇ ਇਨ੍ਹਾਂ ਦੇਸ਼ਾਂ ਵਿਚ ਮੁਦਾਖ਼ਤ ਕਾਰਣ- ਇਨ੍ਹਾਂ ਔਰਤਾਂ ਨਾਲ ਰੰਗ, ਪਛਾਣ, ਪੂੰਜੀਵਾਦ, ਨਸਲਵਾਦ ਅਤੇ ਬਸਤੀਵਾਦ ਦੇ ਵਰਤਾਰਿਆਂ ਕਾਰਣ ਨਿੱਤ ਹੋ ਰਹੇ ਅਤੇ ਹੰਢਾਏ ਜਾ ਰਹੇ ਵਿਤਕਰਿਆਂ ਨੂੰ ਅਣਡਿੱਠ ਕੀਤਾ।

ਇਸ ਪ੍ਰਕਾਰ ਕਾਲਾ ਨਾਰੀਵਾਦ ਬਾਰੇ ਹੇਠ ਲਿਖੇ ਨੁਕਤੇ ਸਾਮ੍ਹਣੇ ਆਉਂਦੇ ਹਨ--

- ਨਾਰੀ ਉੱਪਰ ਹੋ ਰਿਹਾ ਜ਼ਬਰ ਦੇ ਖਿਲਾਫ਼ ਲੜਨ ਲਈ ਯੁੱਧਨੀਤੀ ਅਤੇ ਦਾਅ ਪੇਚ ਸਾਂਝੇ ਵੀ ਹਨ ਪਰ ਬਹੁਤ ਸਾਰੇ ਮਸਲਿਆਂ ਤੇ ਵਖਰੇਵਾਂ ਵੀ ਹੈ।

- ਨਾਰੀਵਾਦ ਵਿਚ ਪੱਛਮ ਦੀ ਗੋਰੀ ਦੇ ਜੀਵਨ ਅਨੁਭਵ ਅਤੇ ਇਛਾਵਾਂ ਨੂੰ ਤੱਤ ਰੂਪ ਵਿਚ ਸਰਵ ਵਿਆਪਕ ਮਾਡਲ ਦੇ ਤੌਰ ਤੇ ਪ੍ਰਵਾਨਗੀ।

- ਪਰ ਇਤਰਾਜ਼ ਉਠਦਾ ਹੈ ਕਿ ਇਹਨਾਂ ਨੇ ਰੰਗ਼ ਪਛਾਣ, ਪੂੰਜੀਵਾਦ, ਨਸਲਵਾਦ, ਬਸਤੀਵਾਦ ਦੇ ਵਰਤਾਰਿਆਂ ਕਾਰਣ ਹੰਢਾਏ ਜਾ ਰਹੇ ਵਿਤਕਰਿਆ ਨੂੰ ਅਣਡਿੱਠ ਕੀਤਾ।

- ਕਾਲੇ ਨਾਰੀਵਾਦ ਨੇ ਵੰਗਾਰਿਆਂ। ਕਾਲੀ ਔਰਤ ਨਾਲ ਲਿੰਗਵਾਦ ਅਤੇ ਨਸਲਵਾਦ ਦੇ ਨਾਂ ਉੱਤੇ ਜੋ ਜ਼ਬਰ ਹੋਇਆ,ਜੋ ਕੁਝ ਗੋਰੀ ਨਸਲ ਵੱਲੋਂ ਕੀਤਾ ਗਿਆ,ਗੋਰੇ ਨਾਰੀਵਾਦ ਨੇ ਇਸ ਬਾਰੇ ਆਪਣੀ ਜ਼ਬਾਨ ਨਹੀਂ ਖੋਲ੍ਹੀ ਹੈ।

## ਸਾਰ-ਅੰਸ਼:

ਨਾਰੀਵਾਦੀ ਆਲੋਚਨਾ ਲਿੰਗ-ਭੂਮਿਕਾਵਾਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਕਰਦੀ ਹੈ। ਇਹ ਪ੍ਰਣਾਲੀ ਦਰਸਾਉਂਦੀ ਹੈ ਕਿ ਲਿੰਗ ਦਾ ਇਸ ਗੱਲ ਨਾਲ ਕੋਈ ਵਾਸਤਾ ਨਹੀਂ ਕਿ ਇਸਤ੍ਰੀ ਅਸਲ ਵਿਚ ਹੈ ਕੀ ਹੈ? ਬਲਕਿ ਇਸ ਗੱਲ ਨਾਲ ਹੈ ਕਿ ਇਸਤ੍ਰੀ ਨੂੰ ਕਿਸੇ ਸਭਿਆਚਾਰ ਜਾਂ ਉਪ-ਸਭਿਆਚਾਰ ਵਿਚ ਦੇਖਿਆ ਕਿਵੇਂ ਜਾਂਦਾ ਹੈ ਭਾਵ ਉਸ ਦੀ ਸਭਿਆਚਾਰਕ ਸਥਿਤੀ ਕਿਵੇਂ ਦੀ ਹੈ ? ਇਹ ਕਹਿ ਦੇਣਾ ਕਿ ਔਰਤ ਦੀਆਂ ਦੋ ਛਾਤੀਆਂ ਹਨ; ਉਨ੍ਹਾਂ ਦੀ ਜੈਵਕ ਪ੍ਰਕਿਰਤੀ ਬਾਰੇ ਗੱਲ ਕਰਨਾ ਹੈ ਪਰ ਜਦੋਂ ਇਹ ਕਿਹਾ ਜਾਂਦਾ ਹੈ ਕਿ ਔਰਤਾਂ ਡਰਪੋਕ ਹੁੰਦੀਆਂ ਹਨ , ਨਿਮਰ ਹੁੰਦੀਆਂ ਹਨ , ਜਜ਼ਬਾਤੀ ਹੁੰਦੀਆਂ ਹਨ ਜਾਂ ਸਵੈ -ਤਰਸ ਦੀ ਭਾਵਨਾ ਰੱਖਣ ਵਾਲੀਆਂ ਹੁੰਦੀਆਂ ਹਨ ਤਾਂ ਇਸ ਤਰ੍ਹਾਂ ਉਨ੍ਹਾਂ ਦੀ ਸਭਿਆਚਾਰਕ ਸਥਿਤੀ ਸਾਮ੍ਹਣੇ ਆ ਰਹੀ ਹੁੰਦੀ ਹੈ। ਸੋ ਜਿਨ੍ਹਾਂ ਗੱਲਾਂ ਨੂੰ ਇਸਤ੍ਰੀ ਲਿੰਗ ਨਾਲ ਸੰਬੰਧਿਤ ਕੀਤਾ ਜਾਂਦਾ ਹੈ ਉਹ ਸੱਭ ਸਭਿਆਚਾਰਕ ਘਾੜਤਾਂ ਹਨ। ਇਹੀ ਗੱਲ ਪੁਲਿੰਗ ਨਾਲ ਸੰਬੰਧਿਤ ਘਟਨਾਵਾਂ ਉਪਰ ਲਾਗੂ ਹੁੰਦੀ ਹੈ। ਇਸ ਤਰ੍ਹਾਂ ਨਾਰੀਵਾਦ ਆਰੰਭ ਤੋਂ ਹੀ ਲਿੰਗਕ ਪੱਖ-ਪਾਤਾਂ ਨਾਲ ਜੁੜਿਆ ਰਿਹਾ ਹੈ ਕਿਉਂਕਿ ਲਿੰਗਭੂਮਿਕਾਵਾਂ ਨੂੰ ਤਬਦੀਲ ਕਰਨ ਦੁਆਰਾ ਸਮਾਜ ਵਿਚ ਮੌਜੂਦ ਮਰਦਔਰਤ ਦੇ ਸ਼ਕਤੀ ਸੰਬੰਧਾਂ Power relations ਨੂੰ ਬਦਲਿਆ ਜਾ ਸਕਦਾ ਹੈ।

ਨਾਰੀਵਾਦੀ ਸਾਹਿਤ ਅਧਿਐਨ ਨੇ ਆਪਣਾ ਧਿਆਨ ਉਨ੍ਹਾ ਵਿਸ਼ਿਆਂ ਉਪਰ ਕੇਂਦ੍ਰਿਤ ਕੀਤਾ ਹੈ ਜਿਹੜਾ ਨਾਰੀ ਦੀ ਸਥਿਤੀ ਨਾਲ ਸੰਬੰਧ ਰੱਖਦੇ ਹਨ।ਇਸ ਅਧਿਐਨ ਪ੍ਰਣਾਲੀ ਨੇ ਕੁਝ ਅਜਿਹੇ ਨਾਰੀ-ਲੇਖਕਾਂ ਦੀ ਤਲਾਸ਼ ਕੀਤੀ ਜੋ ਭੁੱਲੇ ਵਿਸਰੇ ਸਨ ਜਾਂ ਜਿਨ੍ਹਾਂ ਨੂੰ ਅਣਗੌਲੇ ਕੀਤਾ ਹੋਇਆ ਸੀ।

## ਮੁੱਖ ਕੇਂਦਰੀ ਸ਼ਬਦ:

ਕਾਮੁਕਤਾ-----ਕਾਮਵਾਸਨਾ

ਵਿਅਕਤੀਵਾਦੀ-----ਨਿੱਜਵਾਦੀ

ਜੁਝਾਰੂ---ਅਤਿਵਾਦੀ

ਉਦਾਰਵਾਦੀ—ਉਦਾਰਚਿਤ/ਅਜ਼ਾਦ ਖਿਆਲ

ਰੂੜੀਵਾਦ—ਪਿਛਾਂਹਖਿਚੂ

ਅਨੁਭੂਤੀਆਂ-ਅਹਿਸਾਸਾਂ

## ਸਵੈ-ਮੁਲਾਂਕਣ:

1. ਨਾਰੀਵਾਦ ਦਾ ਅਰਥ ਔਰਤਾਂ ਦੇ ਹੱਕਾਂ ਵਿਚ ਵਾਧਾ ਨਹੀਂ, ਪਰਤੂੰ ਇਸਦਾ ਅਰਥ ਸਮਾਜ ਦਾ ਰੂਪਾਂਤਰਣ transformation ਹੈ। ਇਹ ਕਥਨ ਹੈ-

ੳ. Webster's Dictionary

ਅ. Toril moi

ੲ. Charlotte Bunch

ਸ. Simone de Beauvoir

2. ਨਾਰੀਵਾਦ ਉਹ ਲਹਿਰ ਹੈ ਜੋ ਔਰਤਾਂ ਲਈ ਅਧਿਕਾਰ ਪ੍ਰਾਪਤ ਕਰਨ ਲਈ ਕਿਰਿਆਸ਼ੀਲ ਹੋਵੇ ਅਤੇ ਜਿਸ ਵਿਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਰਾਜਨੀਤਿਕ ਅਧਿਕਾਰ ਮਿਲਣ।: ਇਹ ਕਥਨ ਹੈ-

ੳ. Webster's Dictionary

ਅ. Toril moi

ੲ. Charlotte Bunch

ਸ. Simone de Beauvoir

3. ਨਾਰੀਵਾਦ ਚਿੰਤਨ ਇਕ ਸਾਹਿਤ ਸਿਧਾਂਤ ਵਜੋਂ -------- ਤੋਂ ਬਾਅਦ ਆਪਣੇ ਆਪ ਨੂੰ ਸਾਹਿਤ-ਆਲੋਚਨਾ ਦੇ ਖੇਤਰ ਵਿਚ ਸਥਾਪਿਤ ਕਰਦਾ ਹੈ

ੳ. 1940

ਅ. 1950

ੲ. 1960

ਸ. 1970

ਹ. 1060

4. ਸੱਭ ਤੋਂ ਪਹਿਲਾ 1630-1650 ਵਿਚ------- ਦੀਆਂ ਔਰਤਾਂ ਨੂੰ ਧਾਰਮਿਕ ਖੇਤਰ ਵਿਚ ਬਰਾਬਰੀ ਦੀ ਮੰਗ ਉੱਪਰ ਬਹੁਤ ਸਾਰੇ ਸਮਾਜਕ ਸਮੂਹਾਂ ਦੀ ਹਮਦਰਦੀ ਤੇ ਸਹਾਇਤਾ ਪ੍ਰਾਪਤ ਹੋਈ।

ੳ. ਫਰਾਂਸ

ਅ. ਅਮਰੀਕਾ

ੲ. ਇੰਗਲੈਂਡ

ਸ. ਚੀਨ

ਹ. ਆਸਟਰੇਲੀਆ

5. 'ਨਾਰੀਵਾਦ' ਸ਼ਬਦ ਲਈ New Women ਵਰਤਿਆ

ੳ. Linda Kealey

ਅ. Toril moi

ੲ. Charlotte Bunch

ਸ. Simone de Beauvoir

6. ਨਾਰੀਵਾਦ ਸ਼ਬਦ ਫਰਾਂਸ ਵਿਚ ਪਹਿਲੀ ਵਾਰ ਵੋਟ-ਹੱਕ ਪ੍ਰਾਪਤ ਕਰਨ ਵਾਲੀਆਂ ਔਰਤਾਂ ਵੱਲੋਂ ਕੀਤੀ ਜੱਦੋ-ਜਹਿਦ ਅਤੇ ਲਹਿਰ ਲਈ ਵਰਤਿਆ ਗਿਆ। । ਇਹ ਕਥਨ ਹੈ:

ੳ. ਸਹੀ

ਅ. ਗਲਤ

7. A Room of One's Own - Linda Kealey ਦੀ ਪ੍ਰਸਿੱਧ ਪੁਸਤਕ ਹੈ।

ਇਹ ਕਥਨ ਹੈ:

ੳ. ਸਹੀ

ਅ. ਗਲਤ

8. ਨਾਰੀਵਾਦੀ ਲਹਿਰ ਵਿਚ ਫ਼ਰਾਂਸ ਦੀ ਨਾਰੀਵਾਦੀ ਚਿੰਤਕ Simone de Beauvoir ਦੀ ਭੂਮਿਕਾ ਬੜੀ ਅਰਥ ਭਰਪੂਰ ਹੈ:

ਇਹ ਕਥਨ ਹੈ:

ੳ. ਸਹੀ

ਅ. ਗਲਤ

9. Linda Kealey ਦਾ ਸੰਬੰਧ ਕਿਹੜੇ ਦੇਸ਼ ਨਾਲ ਹੈ:

ੳ. ਫਰਾਂਸ

ਅ. ਅਮਰੀਕਾ

ੲ. ਇੰਗਲੈਂਡ

ਸ. ਚੀਨ

ਹ. ਆਸਟਰੇਲੀਆ

10. ਜਮਾਂਦਰੂ ਤੌਰ ਤੇ ਔਰਤਾਂ ਨਾਰੀ ਦੇ ਰੋਲ ਲਈ ਜ਼ਿਆਦਾ ਢੁਕਵੀਆਂ ਹਨ। ਇਹ ਤੱਥ ਨਾਰੀਵਾਦ ਦੀ ਕਿਹੜੀ ਕਿਸਮ ਨਾਲ ਸੰਬੰਧਿਤ ਹੈ:

ੳ. ਜੁਝਾਰੂ ਨਾਰੀਵਾਦ

ਅ. ਉਦਾਰਵਾਦੀ ਨਾਰੀਵਾਦ

ੲ. ਰੂੜੀਵਾਦ ਨਾਰੀਵਾਦ

ਸ. ਮਾਰਕਸਵਾਦੀ ਨਾਰੀਵਾਦ

11. Dictionaire de Philosophie ਪੁਸਤਕ ਪ੍ਰਾਪਤ ਹੁੰਦੀ ਹੈ

ੳ. 1900

ਅ. 1850

ੲ. 1906

ਸ. 1875

12. ਕਿਸ ਨਾਰੀ ਚਿੰਤਕ ਨੇ ਨਾਰੀਵਾਦ ਦੀ ਤੁਲਨਾ ਧਾਰਮਿਕ ਪੁਨਰਜਾਤੀ ਨਾਲ ਕੀਤੀ ਹੈ:

ੳ. Linda Kealey

ਅ. Toril moi

ੲ. Elaine Showalter

ਸ. Simone de Beauvoir

13. ਔਰਤ ਦੀ ਆਜ਼ਾਦੀ ਦਾ ਮਸਲਾ ਸਿਰਫ ਕਾਨੂੰਨੀ ਹੱਕਾਂ ਜਾਂ ਤਕਨਾਲੋਜੀ ਵਿਚ ਇਨਕਲਾਬ ਲਿਆ ਕੇ ਹੱਲ ਨਹੀਂ ਕੀਤਾ ਜਾ ਸਕਦਾ ਸਗੋਂ ਸਮਾਜਕ ਪ੍ਰਬੰਧ ਦੀ ਇਨਕਲਾਬੀ ਤਬਦੀਲੀ ਜਮਾਤੀ ਸੰਘਰਸ਼,ਵਿਸ਼ਾਲ ਲੋਕ-ਲਹਿਰ ਨਾਲ ਹੱਲ ਕੀਤਾ ਜਾ ਸਕਦਾ ਹੈ। ਇਹ ਤੱਥ ਨਾਰੀਵਾਦ ਦੀ ਕਿਹੜੀ ਕਿਸਮ ਨਲ ਸੰਬੰਧਿਤ ਹੈ:

ੳ. ਜੁਝਾਰੂ ਨਾਰੀਵਾਦ

ਅ. ਉਦਾਰਵਾਦੀ ਨਾਰੀਵਾਦ

ੲ. ਰੂੜੀਵਾਦ ਨਾਰੀਵਾਦ

ਸ. ਮਾਰਕਸਵਾਦੀ ਨਾਰੀਵਾਦ

14. ਔਰਤ ਦੀ ਮੁਕਤੀ ਵਿਗਿਆਨਕ ਇਨਕਲਾਬ ਨਾਲ ਆਵੇਗੀ।: ਇਹ ਤੱਥ ਨਾਰੀਵਾਦ ਦੀ ਕਿਹੜੀ ਕਿਸਮ ਨਾਲ ਸੰਬੰਧਿਤ ਹੈ

ੳ. ਜੁਝਾਰੂ ਨਾਰੀਵਾਦ

ਅ. ਉਦਾਰਵਾਦੀ ਨਾਰੀਵਾਦ

ੲ. ਰੂੜੀਵਾਦ ਨਾਰੀਵਾਦ

ਸ. ਮਾਰਕਸਵਾਦੀ ਨਾਰੀਵਾਦ

15. ਸਮਾਜਕ ਪ੍ਰਬੰਧ ਨੂੰ ਇਨਕਲਾਬੀ ਢੰਗ ਨਾਲ ਬਦਲਣ ਦੀ ਥਾਂ ਸੰਵਿਧਾਨਕ ਘੇਰੇ ਵਿਚ ਰਹਿੰਦਿਆਂ ਔਰਤ ਲਈ ਕੁਝ ਰਿਆਇਤਾਂ ਤੇ ਸਹਾਰਾ ਲਈ ਯਤਨਸ਼ੀਲ ਹੋਣਾ ਆਦਿ ਨਾਰੀਵਾਦ ਦੀ ਕਿਹੜੀ ਕਿਸਮ ਨਾਲ ਸੰਬੰਧਿਤ ਹੈ

ੳ. ਜੁਝਾਰੂ ਨਾਰੀਵਾਦ

ਅ. ਉਦਾਰਵਾਦੀ ਨਾਰੀਵਾਦ

ੲ. ਰੂੜੀਵਾਦ ਨਾਰੀਵਾਦ

ਸ. ਮਾਰਕਸਵਾਦੀ ਨਾਰੀਵਾਦ

16. ਖਾਲੀ ਸਥਾਨ ਭਰੋ:

ਉਦਾਰਵਾਦੀ ਦ੍ਰਿਸ਼ਟੀ ਔਰਤਾਂ ਨੂੰ ਆਪਣੀ ਹੋਣੀ ਦੇ ਮਾਲਿਕ ਆਪ ਹੋਣ ਅਤੇ ਸਮਾਜ ਵਿਚ ਬਿਨਾਂ ਕਿਸੇ ਵਿਤਕਰੇ ਤੋਂ ਮਰਦ ਨਾਲ ਹਰ ਖੇਤਰ ਵਿਚ -----------------------ਕਰਨ ਦੇ ਹੱਕਾਂ ਦੀ ਵਕਾਲਤ ਕਰਦੀ ਹੈ।

17. ਖਾਲੀ ਸਥਾਨ ਭਰੋ:

ਸਮਾਜੀਕਰਨ ਦੀ ਪ੍ਰਕ੍ਰਿਆ ਦੇ ਨਾਮ ਹੇਠ ਉਸ ਨੂੰ -------------------ਵਿਚਾਰਧਾਰਾ ਸਿਖਲਾਈ ਜਾਂਦੀ ਹੈ, ਜਿਸ ਕਾਰਨ ਉਹ ਪੁਰਸ਼ ਦੀ ਉੱਤਮਤਾ ਦੇ ਸਿੱਧਾਂਤ ਨੂੰ ਆਪ ਮਨ ਵਿਚ ਵਸਾ ਕੇ ਆਪਣੇ ਹੀ ਲਿੰਗ ਪ੍ਰਤੀ ਤ੍ਰਿਸਕਾਰ ਅਤੇ ਗੁਲਾਮੀ ਦੀ ਭਾਵਨਾ ਰੱਖਣ ਲੱਗ ਪੈਂਦੀ ਹੈ।

18. ਖਾਲੀ ਸਥਾਨ ਭਰੋ:

ਭਾਵੇਂ ਇਹ ਠੀਕ ਹੈ ਕਿ ਵਿਅਕਤੀ ਦਾ 'ਲਿੰਗ' ਉਸ ਦੇ ਸਰੀਰ-ਵਿਗਿਆਨ (Anatomy) ਦੁਆਰਾ ਨਿਸ਼ਚਿਤ ਹੁੰਦਾ ਹੈ ਪਰੰਤੂ ਸਾਡੇ ਇਥੇ ਪੁਲਿੰਗ ਅਤੇ ਇਸਤ੍ਰੀਲਿੰਗ ਬਾਰੇ ਧਾਰਨਾਵਾਂ --------------------ਬਣਤਰਾਂ ਹਨ।

19. ਖਾਲੀ ਸਥਾਨ ਭਰੋ:

Toril moi 'ਨਾਰੀਵਾਦ' ਦੇ ਸੰਬੰਧ ਵਿਚ ਚਰਚਾ ਕਰਦੀ ਹੋਈ ਸਪਸ਼ਟ ਕਰਦੀ ਹੈ ਕਿ ਨਾਰੀਵਾਦ ਇਕ ਤਰ੍ਹਾਂ ਨਾਲ ---------------- ਹਨ ਜਿਸ ਦਾ ਅਰਥ ਹੈ ਕਿ ਇਹ ਲਹਿਰ 1960 ਤੋਂ ਆਰੰਭ ਹੋਈ 'ਨਾਰੀਵਾਦ' ਲਹਿਰ ਨਵੀਂ ਔਰਤ ਦੇ ਮਨੋਰਥਾਂ ਦਾ ਸਮਰਥਨ ਕਰਦੀ ਹੈ।

20. ਖਾਲੀ ਸਥਾਨ ਭਰੋ:

ਅਸਲ ਵਿਚ ਨਾਰੀਵਾਦ ਲਿੰਗ-ਭੇਦ ਕਰਕੇ ਕੀਤੇ ਜਾਣ ਵਾਲੇ ਕਿਸੇ ਵੀ ਵਿਤਕਰੇ ਅਤੇ ਬੇਇਨਸਾਫ਼ੀ ਤੋਂ ਔਰਤ ਨੂੰ ਮੁਕਤ ਕਰਵਾਉਣ ਦੀ ਲਹਿਰ ਹੈ। ਇਹ ਸਾਰੇ ਮਨੁੱਖੀ ਸੰਬੰਧਾਂ ਵਿਚ-------------------ਦੀ ਮੰਗ ਕਰਦਾ ਹੈ।

## ਅਭਿਆਸ ਪ੍ਰਸ਼ਨ

1.ਨਾਰੀਵਾਦ ਤੋਂ ਕੀ ਭਾਵ ਹੈ?

2. ਨਾਰੀਵਾਦੀ ਆਲੋਚਨਾ ਪ੍ਰਣਾਲੀ ਦੀਆਂ ਮੁੱਢਲੀਆਂ ਧਾਰਨਾਵਾਂ
ਕੀ ਹਨ?

3 ਨਾਰੀਵਾਦ ਦੇ ਨਿਕਾਸ ਅਤੇ ਵਿਕਾਸ ਬਾਰੇ ਚਾਨਣਾ ਪਾਉ।

4. ਨਾਰੀਵਾਦ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਉ।

5.ਮਾਰਕਸਵਾਦੀ ਨਾਰੀਵਾਦ ਦੀਆਂ ਕੀ ਧਾਰਨਾਵਾਂ ਹਨ?

## ਸੰਦਰਭ ਪੁਸਤਕਾਂ:


- ਔਰਤ ਸ਼ਸ਼ਕਤੀਕਰਣ ਸੰਕਲਪ ਅਤੇ ਰੂਪ, ਡਾ. ਗੁਰਦੀਸ਼ ਕੌਰ ਬਾਜਵਾ ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲਾ ਸੰਸਕਰਨ (2010)
- ਵਾਦ ਚਿੰਤਨ, ਭੱਟੀ, ਸੁਰਜੀਤ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲਾ ਸੰਸਕਰਨ (2010)

## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%A8%E0%A8%BE%E0%A8%B0%E0%A9%80%E0%A8%B5%E0%A8%BE%E0%A8%A6

ਉੱਤਰਮਾਲਾ

| | | | | |
|---|---|---|---|---|
| 1.ੲ | 2. ੳ | 3. ੲ | 4. ੲ | 5. ੳ |
| 6.ੳ | 7. ਅ | 8. ੳ | 9. ਅ | 10. ੲ |
| 11.ੲ | 12. ੲ | 13. ਸ | 14. ੳ | 15. ਅ |
| 16. ਮੁਕਾਬਲਾ | 17. ਪੁਰਸ਼-ਪ੍ਰਧਾਨ | 18. ਸਭਿਆਚਾਰਕ | 19. ਰਾਜਨੀਤਿਕ ਲੇਬਲ | |
| 20. ਬਰਾਬਰੀ ਅਤੇ ਇਨਸਾਫ਼ | | | | |

# ਅਧਿਆਇ-3: ਮਨੋਵਿਗਿਆਨਕ ਆਲੋਚਨਾ

*Harpreet singh, Lovely Professional University*

ਵਿਸ਼ਾ ਵਸਤੂ (Content)


- ਉਦੇਸ਼
- ਪ੍ਰਸਤਾਵਨਾ
- ਵਿਸ਼ਾ ਵਸਤੂ
- ਸਾਰ-ਅੰਸ਼
- ਕੇਂਦਰੀ ਸ਼ਬਦ
- ਸਵੈ-ਮੁਲਾਂਕਣ
- ਅਭਿਆਸ ਪ੍ਰਸ਼ਨ
- ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਮਨੋਵਿਗਿਆਨ ਦੇ ਸਰੂਪ ਅਤੇ ਪ੍ਰਕ੍ਰਿਤੀ ਨੂੰ ਸਮਝਣ ਦੇ ਕਾਬਲ ਬਣੇਗਾ।
- ਸਾਹਿਤ ਵਿਚ ਮਨੋਵਿਗਿਆਨਕ ਅਧਿਐਨ ਪ੍ਰਣਾਲੀ ਦੀ ਮਹੱਤਤਾ ਤੇ ਸਾਰਥਕਤਾ ਨੂੰ ਸਮਝਸਕਣਗੇ।
- ਸਾਹਿਤ ਆਲੋਚਨਾ ਵਿਚ ਇਸ ਦੀ ਵਰਤੋਂ ਦੁਆਰਾ ਸਾਹਿਤ ਦੀਆਂ ਵਿਭਿੰਨ ਦਿਸ਼ਾਵਾਂ ਦਾ ਮੁਲਾਂਕਣ ਕਰ ਸਕਣ ਦੇ ਸਮਰੱਥ ਹੋਵੇਗਾ।

## ਪ੍ਰਸਤਾਵਨਾ:

ਵੀਹਵੀਂ ਸਦੀ ਦੀਆਂ ਜਿੰਨਾਂ ਆਲੋਚਨਾਤਮਕ ਪ੍ਰਣਾਲੀਆਂ ਨੇ ਸਾਹਿਤ ਅਧਿਐਨ ਦੇ ਖੇਤਰ ਵਿਚ ਨਵੀਆਂ ਅੰਤਰਦ੍ਰਿਸ਼ਟੀਆਂ ਖੋਲ੍ਹੀਆਂ, ਉਨ੍ਹਾਂ ਵਿਚ ਮਨੋਵਿਗਿਆਨਕ ਜਾਂ ਮਨੋਵਿਸ਼ਲੇਸ਼ਣਾਤਮਕ ਪ੍ਰਣਾਲੀ ਵੀ ਕਾਫ਼ੀ ਮਹੱਤਵਪੂਰਨ ਹੈ। ਕਲਾ ਅਤੇ ਸਾਹਿਤ ਅਧਿਐਨ ਦੇ ਪਰਿਪੇਖ ਵਿਚ

ਮਨੋਵਿਸ਼ਲੇਸ਼ਣਵਾਦ ਤੋਂ ਭਾਵ ਸਾਹਿਤ ਅਧਿਐਨ ਦੀ ਉਸ ਵਿਧੀ ਤੋਂ ਹੈ ਜਿਸਦਾ ਆਧਾਰ ਫਰਾਇਡ, ਯੁੰਗ, ਐਡਲਰ ਅਤੇ ਇਹਨਾਂ ਤੋਂ ਮਗਰਲੇ ਵਿਦਵਾਨਾਂ ਦੀਆਂ ਮਨੁੱਖ, ਮਨ ਅਤੇ ਲਿੰਗ ਵਿੱਚੋਂ ਉਪਜੇ ਵਿਵਹਾਰ ਸੰਬੰਧੀ ਕੀਤੀਆਂ ਖੋਜਾਂ ਹਨ। ਸਾਹਿਤ ਅਧਿਐਨ ਦੀ ਇਸ ਵਿਧੀ ਵਿਚ ਲੇਖਕ ਦੀ ਮਾਨਸਿਕਤਾ ਅਤੇ ਪਾਤਰਾਂ ਦੀਆਂ ਪ੍ਰਸਥਿਤੀਆਂ ਵਿੱਚੋਂ ਉਹਨਾਂ ਦੇ ਵਿਵਹਾਰ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਹ ਅਧਿਐਨ ਪ੍ਰਣਾਲੀ ਤਾਂ ਆਲੋਚਕ ਦੇ ਮਨੋਵਿਗਿਆਨ ਨੂੰ ਵੀ ਅਧਿਐਨ ਦਾ ਵਿਸ਼ਾ ਬਣਾਉਂਦੀ ਹੈ। ਇਸ ਪ੍ਰਣਾਲੀ ਦਾ ਸੂਤਰਪਾਤ ਤਾਂ ਉਨੀਵੀਂ ਸਦੀ ਦੇ ਆਰੰਭ ਵਿਚ ਹੀ ਹੋ ਗਿਆ ਸੀ 1827 ਵਿਚ ਥਾਮਸ ਕਾਰਲਾਈਲ ਨੇ ਸਾਹਿਤ-ਆਲੋਚਨਾ ਦਾ ਬੁਨਿਆਦੀ ਕੰਮ ਲਿਖਤ ਵਿਚ ਕਿਸੇ ਲੇਖਕ ਦੀ ਵਿਸ਼ੇਸ਼ ਮਨੋਸਥਿਤੀ ਨੂੰ ਪਹਿਚਾਨਣਾ ਮੰਨਿਆ ਸੀ।20ਵੀਂ ਸਦੀ ਵਿਚ ਇਹ ਪ੍ਰਣਾਲੀ ਕਾਫ਼ੀ ਮਜ਼ਬੂਤ ਹੋ ਜਾਂਦੀ ਹੈ।

## ਵਿਸ਼ਾ ਵਸਤੂ:

ਮਨੋਵਿਸ਼ਲੇਸ਼ਣੀ ਅਧਿਐਨ ਵਿਧੀ ਦਾ ਆਧਾਰ ਮਨੋਵਿਗਿਆਨ ਹੈ। ਇਸ ਲਈ ਪਹਿਲਾਂ ਮਨੋਵਿਗਿਆਨ ਅਤੇ ਸਾਹਿਤ ਨੂੰ ਸਮਝਣ ਵਿਚ ਸਹਾਈ, ਇਸ ਦੇ ਸੰਕਲਪ ਦਾ ਅਧਿਐਨ ਕਰਨਾ ਜ਼ਰੂਰੀ ਹੈ।

ਮਨੋਵਿਗਿਆਨ, ਉਹ ਵਿਗਿਆਨ ਹੈ ਜੋ ਮਨੁੱਖੀ ਮਨ ਦਾ ਅਧਿਐਨ ਕਰਦਾ ਹੈ। ਮਨੁੱਖੀ ਮਨ ਦੀ ਹੋਂਦ ਸਰੀਰ ਵਿਚ ਹੀ ਸੰਭਵ ਹੈ। ਇਸ ਲਈ ਇਸਦਾ ਅਧਿਐਨ ਖੇਤਰ ਮਨੁੱਖੀ ਸਰੀਰ ਅਤੇ ਮਨ ਨਾਲ ਹੈ। ਪਰ ਮਨੁੱਖੀ ਸਰੀਰ ਵਿਚ ਮਨ ਨਾਮ ਦਾ ਕੋਈ ਅੰਗ ਨਹੀਂ। ਮਨ ਤੋਂ ਭਾਵ ਮਾਨਸਿਕਤਾ ਹੈ। ਮਨੁੱਖੀ ਦਿਮਾਗ ਦਾ ਕੋਈ ਹਿੱਸਾ ਸੁਚੇਤ , ਅਰਧ-ਸੁਚੇਤ ਜਾਂ ਅਵਚੇਤਨ ਜਦੋਂ ਕਿਸੇ ਵਿਸ਼ੇਸ਼ ਦਿਸ਼ਾ ਵੱਲ ਯਾਤਰਾ ਕਰਦਾ ਹੈ ਤਾਂ ਉਸ ਵਿੱਚੋਂ ਉਪਜੀਆਂ ਬਿਰਤੀਆਂ ਨੂੰ ਮਾਨਸਿਕਤਾ ਕਿਹਾ ਜਾਂਦਾ ਹੈ। ਮਨੋਵਿਗਿਆਨ, ਮਨੁੱਖ ਦੇ ਵਿਵਹਾਰ ਦਾ ਅਧਿਐਨ ਕਰਦਾ ਹੈ। ਮਨੁੱਖੀ ਮਨ ਬਹੁਤ ਗੁੰਝਲਦਾਰ ਸ਼ੈਅ ਹੈ। ਗੁੰਝਲਦਾਰ ਮਨ ਗੁੰਝਲਦਾਰ ਵਿਵਹਾਰ ਦਾ ਕਾਰਣ ਬਣਦਾ ਹੈ। ਮਨੁੱਖੀ ਮਨ ਵਿਚ ਸਭ ਤੋਂ ਵੱਧ ਉਲਝਣਾਂ ਉਹ ਅਨੁਭਵ ਉਪਜਾਉਂਦੇ ਹਨ ਜਿੰਨ੍ਹਾਂ ਨੂੰ ਦੂਜਿਆਂ ਨਾਲ ਸਾਂਝਾ ਕਰਨ ਤੋਂ ਸਭ ਤੋਂ ਝਿਜਕ ਹੁੰਦੀ ਹੈ।

ਮਨੋਵਿਗਿਆਨ ਅਤੇ ਮਨੋਵਿਸ਼ਲੇਸ਼ਣ ਦਾ ਮੋਢੀ ਸਿਗਮੰਡ ਫਰਾਇਡ ਹੈ। ਸਿਗਮੰਡ ਫ਼ਰਾਇਡ ਦਾ ਜਨਮ ਇਕ ਯਹੂਦੀ ਪਰਿਵਾਰ ਵਿਚ ਮੋਰਵੀਆਂ ਦੇ ਕਸਬੇ ਫ਼ਰੀਬਰਗ (Freiberg) ਵਿਚ 6 ਮਈ 1856 ਈ. ਨੂੰ ਹੋਇਆ। ਹਾਲੇ ਫ਼ਰਾਇਡ ਦੀ ਉਮਰ ਤਿੰਨ ਸਾਲ ਹੀ ਸੀ ਕਿ ਉਸ ਦੇ ਪਰਿਵਾਰ ਨੂੰ ਵਿਆਨਾ (Vienna)ਵਿਚ ਜਾਣਾ ਪਿਆ। 17 ਸਾਲ ਦੀ ਉਮਰ ਵਿਚ ਉਹ ਵਿਆਨਾ ਯੂਨੀਵਰਸਿਟੀ ਵਿਚ ਮੈਡੀਕਲ ਦੇ ਵਿਦਿਆਰਥੀ ਦੇ ਤੌਰ ਤੇ ਦਾਖ਼ਲ ਹੋਇਆ ਅਤੇ 1881 ਈ. ਵਿਚ ਡਾਕਟਰ ਆਫ਼ ਮੈਡੀਸਨ ਵਿਚ ਗਰੈਜੂਏਸ਼ਨ ਕੀਤੀ। 1885- 86 ਈ. ਵਿਚ ਪੈਰਿਸ ਵਿਚ ਚਾਰਕੋਟ (Charcot) ਨਾਲ ਹੈਸ਼ਟੀਰੀਆ (hysteria) ਅਤੇ ਸੰਮੋਹਨ (hypnosis) ਉਤੇ ਕੰਮ ਕੀਤਾ ਅਤੇ ਉਸ ਨੇ ਆਪਣੀ ਪ੍ਰੈਕਟਿਸ ਵਿਚ ਸੰਮੋਹਨ ਦੀ ਵਿਧੀ ਦਾ ਪ੍ਰਯੋਗ ਮਨੋਰੋਗੀਆਂ ਉਤੇ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ 1888 ਈ. ਵਿਚ ਬਰੂਅਰ (Breuer) ਨਾਲ ਰਲ ਕੇ ਹੈਸਟੀਰੀਏ ਦੇ ਰੋਗੀਆਂ ਉਤੇ ਸੰਮੋਹਨ ਵਿਧੀ ਦਾ ਪ੍ਰਯੋਗ ਸ਼ੁਰੂ ਕੀਤਾ। ਇਥੋਂ ਹੀ ਉਸ ਨੂੰ 'ਮਨੋਵਿਸ਼ਲੇਸ਼ਣ ਲਈ ਸਮੱਗਰੀ ਮਿਲੀ। ਉਸ ਨੇ ਡਾ. ਬਰੂਅਰ ਦੁਆਰਾ ਐਨਾ ਦੀ ਕੇਸ ਹਿਸਟਰੀ ਨੂੰ ਆਧਾਰ ਬਣਾਇਆ। 'ਐਨਾ' ਆਪਣੇ ਬਿਮਾਰ ਪਿਤਾ ਦੀ ਸੇਵਾ ਕਰਦੀ-ਕਰਦੀ ਹੱਥਾਂ ਦੇ ਲਕਵੇ ਦਾ ਸ਼ਿਕਾਰ ਹੋ ਗਈ ਸੀ। ਜਦੋਂ ਬਰੂਅਰ ਸੰਮੋਹਨ ਵਿਧੀ ਦਾ ਪ੍ਰਯੋਗ ਕਰਦਾ ਸੀ ਤਾਂ ਫ਼ਰਾਇਡ ਨੇ ਦੇਖਿਆ ਕਿ ਸੰਮੋਹਨ ਦੀ ਅਵਸਥਾ ਵਿਚ ਰੋਗੀ ਦੀ ਮਾਨਸਿਕ ਹਾਲਾਤ ਅਜੀਬ ਤਰ੍ਹਾਂ ਦੀ ਤਰਲਤਾ ਗ੍ਰਹਿਣ ਕਰ ਲੈਂਦੀ ਸੀ ਅਤੇ ਉਹ ਆਪਣੇ ਦਮਿਤ ਭਾਵ ਵੀ ਕਹਿ ਮਾਰਦਾ ਸੀ ਜੋ ਉਸ ਦੇ ਮਨੋਤਾਪ ਦੀ ਤਹਿ ਤੱਕ ਜਾਣ ਵਿਚ ਅਲਪ ਰੂਪ ਵਿਚ ਹੀ ਸਹਾਈ ਹੁੰਦੇ ਸਨ। ਸੰਮੋਹਨ ਦੀ ਅਵਸਥਾ ਤੋਂ ਬਾਅਦ ਵੀ ਭਾਵੇਂ ਰੋਗੀ ਕੁਝ ਰਾਹਤ ਮਹਿਸੂਸ ਕਰਦਾ ਸੀ, ਪਰੰਤੂ ਫ਼ਰਾਇਡ ਨੇ ਆਪਣੇ ਤਜ਼ਰਬੇ ਵਿਚ ਦੇਖਿਆ ਕਿ ਇਸ ਵਿਧੀ ਦੇ ਨਤੀਜੇ ਚਿਰ ਸਥਾਈ ਅਤੇ ਬਹੁਤੇ ਲਾਹੇਵੰਦ ਨਹੀਂ ਹਨ। ਇਸ ਲਈਉਸ ਨੇ 1895 ਈ. ਵਿਚ ਬਰੂਅਰ ਦੀ ਸੰਮੋਹਨ-ਵਿਧੀ ਦਾ ਤਿਆਗ ਕਰਕੇ ਸਹਿਚਾਰ ਵਿਧੀ(Free Association) ਦੀ ਵਰਤੋਂ ਕਰਨੀ ਸ਼ਰ ਕੀਤੀ।

### ਫ਼ਰਾਇਡ ਦੇ ਮਨੋਵਿਸ਼ਲੇਸ਼ਣ ਨਾਲ ਸੰਬੰਧਤ ਪ੍ਰਮੁੱਖ ਖੋਜ ਗ੍ਰੰਥ:

The Interpretation of Dreams : 1900

The Psychopathology of Every day life : 1901

Three Essays on the theory of sexuality : 1905

Theory of Narcissism , 1910

Techniques of Psychoanalysis, 1911-15

Totem & Taboo : 1912,

Group Psychology:1921

Ego& Super Ego : 1923,

Inhibition, Symptoms and Anxiety: 1926,

Civilization and its Discontents 1930 ਆਦਿ ਹਨ।

ਇਸ ਮਹਾਨ ਚਿੰਤਕ ਦੀ 23 ਸਤੰਬਰ 1939 ਨੂੰ ਲੰਡਨ ਵਿਚ ਸਮਾਜ ਨਾਲੋਂ ਸਰੀਰਕ ਵਿਦਾਇਗੀ ਹੋਈ।

ਫ਼ਰਾਇਡ ਨੇ ਆਪਣੀ ਖੋਜ ਵਿਚ ਦੇਖਿਆ ਕਿ ਬਚਪਨ ਦੇ ਦਮਿਤ ਕਾਮ ਭਾਵ ਵਿਅਕਤਿਤਵ ਵਿਚ ਵਿਸ਼ੇਸ਼ ਯੋਗਦਾਨ ਪਾਉਂਦੇ ਹਨ, ਜਿਨ੍ਹਾਂ ਦਾ ਕਾਰਨ ਸਮਾਜਿਕ, ਸਾਂਸਕ੍ਰਿਤਕ, ਧਾਰਮਿਕ ਹੁੰਦਾ ਹੈ। ਫ਼ਰਾਇਡ ਨੇ ਇਹ ਨਿਸ਼ਚਿਤ ਕੀਤਾ ਕਿ ਮਨੁੱਖੀ ਮਨ ਵਿਚ ਅਨੇਕਾਂ ਅਜਿਹੇ ਵਿਚਾਰ ਦਮਿਤ ਹੋਏ ਪਏ ਹਨ ਜੋ ਭਾਵੇਂ ਸਾਡੇ ਚੇਤੰਨ ਦਾ ਭਾਗ ਨਹੀਂ ਬਣਦੇ ਪਰ ਉਹ ਵਿਅਕਤਿਤਵ ਦੇ ਸੰਗਠਤ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਸ ਨੇ ਇਹ ਸਿੱਧ ਕੀਤਾ ਕਿ ਚੇਤੰਨ ਮਨ ਦੀ ਹੋਂਦ ਇੰਨੀ ਕੁ ਹੈ ਕਿ ਜਿਵੇਂ ਬਰਫ਼ ਦਾ ਇ ਕ ਵੱਡਾ ਤੋਦਾ ਪਾਣੀ ਦੇ ਉਪਰ ਬਹੁਤ ਥੋੜਾ ਦਿਸਦਾ ਹੈ ਅਤੇ ਜ਼ਿਆਦਾ ਭਾਗ ਪਾਣੀ ਵਿਚ ਡੁੱਬਿਆ ਹੁੰਦਾ ਹੈ ਉਵੇਂ ਹੀ ਸਾਡਾ ਅਚੇਤਨ ਬਹੁਤ ਵਿਸ਼ਾਲ ਹੁੰਦਾ ਹੈ। ਇਸ ਵਿਚ ਸਾਡੀਆਂ ਅਤ੍ਰਿਪਤ ਕਾਮ-ਵਾਸਨਾਵਾਂ/ਮੰਦ-ਭਾਵਨਾਵਾਂ ਦਾ ਤ੍ਰਿਪਤੀ ਲਈ ਘੋਰ ਯੁੱਧ ਚਲਦਾ ਰਹਿੰਦਾ ਹੈ। ਪ੍ਰਤੂੰ ਵਿਅਕਤੀ ਇਨ੍ਹਾਂ ਦੀ ਇੱਛਾ ਪੂਰਤੀ ਕਰਨ ਦੇ ਅਸਮਰੱਥ ਰਹਿੰਦਾ ਹੈ ਕਿਉਂਕਿ ਸਮਾਜਿਕ ਪ੍ਰਾਣੀ ਹੋਣ ਕਰਕੇ ਉਸ ਲਈ ਸ਼ਿਸ਼ਟਾਚਾਰ ਬਣਾਈ ਰੱਖਣਾ ਜ਼ਰੂਰੀ ਹੁੰਦਾ ਹੈ। ਇਸ ਲਈ ਉਹ ਇਨਾਂ ਦਮਿਤ ਭਾਵਨਾਵਾਂ ਉਤੇ ਰੋਕ(censor) ਲਗਾਈ ਰੱਖਦਾ ਹੈ।

ਸੋ ਮਨੋਵਿਸ਼ਲੇਸ਼ਣ ਮਨੋਵਿਗਿਆਨ ਦੀ ਮਹਾਨ ਉਪਲੱਬਧੀ ਹੈ। ਇਸ ਕਰਕੇ ਮਨੋਵਿਗਿਆਨ ਦੀ ਮਨੋਵਿਸ਼ਲੇਸ਼ਣ ਸੰਪ੍ਰਦਾਇ ਇਕ ਖ਼ਾਸ ਮਹੱਤਵ ਦੀ ਧਾਰਨੀ ਹੈ।'ਮਨੋਵਿਸ਼ਲੇਸ਼ਣ' ਦੀ ਸਥਾਪਨਾ ਵਿਆਨਾ ਦੇ ਪ੍ਰਸਿੱਧ ਮਨੋਵਿਗਿਆਨੀ ਡਾ. ਸਿਗਮੰਡ ਫ਼ਰਾਇਡ (SigmundFreud) ਨੇ ਕੀਤੀ। ਫ਼ਰਾਇਡ ਨੇ ਵੀਆਨਾ ਦੇ ਸੁਪ੍ਰਸਿਧ ਮਨੋਚਕਿਤਕ ਬਰੂਅਰ (Brur) ਨਾਲ ਰਲ ਕੇ ਖੋਜ ਕਾਰਜ਼ ਕੀਤਾ। ਬਰੂਅਰ ਅਤੇ ਚਾਰਕੋਟ ਦੋਨੋਂ ਹੀ ਮਨੋਰੋਗੀਆਂ ਦੇ ਇਲਾਜ ਲਈ ਸੰਮੋਹਨ (hypnosis) ਵਿਧੀ ਦੀ ਵਰਤੋਂ ਕਰਦੇ ਸਨ। ਇਹ ਵਿਧੀ ਨਿਰਦੇਸ਼ਨ ਦੀ ਅਜਿਹੀ ਵਿਧੀ ਹੈ ਜਿਸ ਰਾਹੀਂ ਸੰਮੋਹਿਤ ਵਿਅਕਤੀ ਅਤਿਸੰਘਣੇ ਨਿਰਦੇਸ਼ਨ ਦੀ ਜਕੜ ਵਿੱਚ ਆ ਜਾਂਦਾ ਹੈ। ਫਿਰ ਸੰਮੋਹਨਕਾਰ ਸੰਮੋਹਿਤ ਵਿਅਕਤੀ ਦੀਆਂ ਇੰਦਰਿਆਵੀ ਸੰਵੇਦਨਾਵਾਂ ਮਾਨਸਿਕ ਇੱਛਾਵਾਂ ਤੇ ਸਰੀਰਕ ਕਿਰਿਆਵਾਂ ਨੂੰ ਆਪਣੇ ਨਿਰਦੇਸ਼ਨ ਅਨੁਸਾਰ ਢਾਲ ਸਕਦਾ ਹੈ। ਸੰਮੋਹਨ ਦੀ ਸਾਰੀ ਲੀਲ੍ਹਾ ਅਵਚੇਤਨ ਦੀ ਰੰਗਭੂਮੀ ਉਪਰ ਵਾਪਰਦੀ ਹੈ। ਸੰਮੋਹਿਤ ਵਿਅਕਤੀ ਦੇ ਅਵਚੇਤਨ ਮਨ ਨੂੰ ਮਨਸੂਖ ਕਰ, ਸੁਚੱਜ ਰਾਹੀਂ ਸੰਮੋਹਨਕਾਰ ਉਸ ਦੇ ਅਵਚੇਤਨ ਨਾਲ ਸਿੱਧਾ ਸੰਬੰਧ ਜੋੜਦਾ ਹੈ। ਪ੍ਰੰਤੂ ਫ਼ਰਾਇਡ ਇਸ ਤੋਂ ਸਮਰੱਥ ਵਿਧੀ ਦੀ ਖੋਜ ਵਿਚ ਸੀ। ਉਸ ਨੇ ਬਰੂਅਰ ਨਾਲ ਰਲ ਕੇ 1893 ਤੋਂ 95 ਤਕ ਮੁੱਢਲੇ ਨਿਰੀਖਣ (basic observations) ਦੇ ਆਧਾਰ ਉਤੇ ਹਿਸਟੀਰੀਏ ਸੰਬੰਧੀ ਜੋ ਪੇਪਰ ਪ੍ਰਕਾਸ਼ਤ ਕਰਵਾਏ ਉਹ 'ਮਨੋਵਿਸ਼ਲੇਸ਼ਣ ਦੀ ਸ਼ੁਰੂਆਤ ਮੰਨੇ ਜਾਂਦੇ ਹਨ। ਫ਼ਰਾਇਡ ਨੇ ਦੇਖਿਆ ਕਿ ਮਨੋਰੋਗਾਂ ਦੇ ਇਲਾਜ ਲਈ ਸੰਮੋਹਨ ਵਿਧੀ ਦੇ ਨਤੀਜੇ ਬਹੁਤੇ ਲਾਭਦਾਇਕ ਨਹੀਂ ਹਨ। ਫ਼ਰਾਇਡ ਨੇ ਬਰੂਅਰ ਨਾਲੋਂ ਆਪਣੇ ਮਨੋਵਿਸ਼ਲੇਸ਼ਣ ਸਿਧਾਂਤ ਦੀਆਂ ਵਿਧੀਆਂ ਵਿਚ ਭਿੰਨਤਾ ਲਿਆਂਦੀ। ਉਸ ਨੇ ਬਰੂਅਰ ਨਾਲੋਂ ਭਿੰਨ ਹੋ ਕੇ ਆਪਣੀਆਂ ਸਮੁੱਚੀਆਂ ਵਿਧੀਆਂ ਨੂੰ ਇਕ ਸਿਸਟਮ ਵਿਚ ਬੰਨ੍ਹ ਕੇ 1896 ਵਿਚ ਮਨੋਵਿਸ਼ਲੇਸ਼ਣ ਦਾ ਨਾਮ ਦਿੱਤਾ। ਮਨੋਵਿਸ਼ਲੇਸ਼ਣ ਨੂੰ ਮਨੁੱਖੀ ਵਿਵਹਾਰ ਦੀ ਵਿਧੀ, 'ਮਨੋਵਿਕਾਰਾਂ ਦੇ ਇਲਾਜ ਦੀ ਵਿਧੀ' ਜਾਂ ਮਨੋਵਿਸ਼ਲੇਸ਼ਣੀ ਵਿਧੀਆਂ ਰਾਹੀਂ ਮਨੁੱਖੀ ਵਿਵਹਾਰ ਦੀ ਖੋਜ ਕਿਹਾ ਜਾਂਦਾ ਹੈ। ਮਨੋਵਿਗਿਆਨ ਦੇ ਸਾਰੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਮਨੋਵਿਗਿਆਨ ਦੀ ਖੋਜ ਅਸਲ ਵਿਚ ਵਿਅਕਤਿਤਵ ਦੀ ਖੋਜ ਹੈ।

ਸੋ ਫਰਾਇਡ ਸਪਸ਼ਟ ਕਰਦਾ ਹੈ ਕਿ ਮਨੁੱਖੀ ਸਰੀਰ ਵਾਂਗ ਮਨੁੱਖੀ ਮਨ ਵੀ ਰੋਗੀ ਹੋ ਜਾਂਦਾ ਹੈ। ਬਿਮਾਰ ਮਨ ਬਿਮਾਰ ਮਾਨਸਿਕਤਾ ਦੀ ਸਿਰਜਣਾ ਕਰਦਾ ਹੈ। ਮਨੁੱਖ ਦੀਆਂ ਖ਼ਾਹਿਸ਼ਾਂ ਅਤੇ ਬਾਹਰੀ ਸਮਾਜ ਦੇ ਵਿਚਕਾਰ ਵਿਰੋਧ ਹੈ। ਸਮਾਜ ਦੇ ਵਿਰੋਧ ਦੇ ਬਾਵਜੂਦ ਵੀ ਇਹ ਦੱਬੀਆਂ ਘੁਟੀਆਂ ਖ਼ਾਹਿਸ਼ਾਂ ਕਦੀ-ਕਦੀ ਜਦੋਂ ਪੂਰਤੀ ਲਈ ਸਿਰ ਚੁਕਦੀਆਂ ਹਨ ਤਾਂ ਮਾਨਸਿਕ ਤਣਾਵ ਜਾਂ ਉਲਝਣਾਂ ਪੈਦਾ ਹੋ ਜਾਂਦੀਆਂ ਹਨ। ਇਹਨਾਂ ਉਲਝਣਾਂ ਨੂੰ ਸੁਲਝਾਉਣ ਲਈ ਫਰਾਇਡ ਨੇ ਜਿਹੜੀ ਵਿਧੀ ਅਪਣਾਈ ਉਸ ਨੂੰ ਮਨੋਵਿਸ਼ਲੇਸ਼ਣੀ ਵਿਧੀ ਕਿਹਾ ਜਾਂਦਾ ਹੈ।

ਫਰਾਇਡ ਆਪਣੀ ਰਚਨਾ Introduction to Psychonalysis ਵਿਚ ਲਿਖਦਾ ਹੈ-

"ਸਾਹਿਤ ਅਤੇ ਹੋਰ ਕਲਾਵਾਂ , ਸੁਪਨਿਆਂ ਅਤੇ ਪਾਗਲਪਣ ਦੇ ਲੱਛਣਾਂ ਵਾਂਗ ਉਨ੍ਹਾਂ ਇਛਾਵਾਂ ਦੀ ਕਲਪਨਾਤਮਕ ਸੰਤੁਸ਼ਟੀ ਨਾਲ ਸੰਬੰਧ ਰੱਖਦੀਆਂ ਹਨ ਜਿਹੜੀਆਂ ਕਿ ਨੈਤਿਕਤਾ ਉਚਿਤਤਾ ਦੇ ਪ੍ਰਵਾਨਿਤ ਪੈਮਾਨਿਆਂ ਦੁਆਰਾ ਅਣਵਾਂਛਿਤ ਅਤੇ ਅਪਵਿੱਤਰ ਮੰਨੀਆਂ ਜਾਂਦੀਆਂ ਹਨ।"

ਫਰਾਇਡ ਦੇ ਮਨੋਵਿਸ਼ਲੇਸ਼ਣ ਸੰਕਲਪ ਨੂੰ ਤਿੰਨ ਅਰਥਾਂ ਵਿਚ ਵਰਤਿਆ ਗਿਆ ਹੈ

1 ਮਨੋਵਿਸ਼ਲੇਸ਼ਣ, ਮਾਨਸਿਕ ਰੋਗਾਂ ਦੇ ਇਲਾਜ ਦੀ ਇੱਕ ਵਿਧੀ ਹੈ।

2 ਮਨੋਵਿਸ਼ਲੇਸ਼ਣ, ਮਨੁੱਖੀ ਵਿਵਹਾਰ ਦਾ ਵਿਗਿਆਨ ਹੈ।

3 ਮਨੋਵਿਸ਼ਲੇਸ਼ਣ ਵਿਧੀ ਮਨੁੱਖੀ ਵਿਵਹਾਰ ਵਿਚ ਸਵੈ ਵਿਰੋਧੀ ਇੱਛਾਵਾਂ ਦੀ ਆਪਸੀ ਟੱਕਰ ਨੂੰ ਖ਼ਤਮ ਕਰਕੇ ਵਿਅਕਤੀ ਵਿਚ ਸੰਤੁਲਨ ਲਿਆਉਣ ਵਾਲੀ ਵਿਧੀ ਹੈ।

ਫਰਾਇਡ ਦਾ ਮਨੋਵਿਸ਼ਲੇਸ਼ਣਵਾਦੀ ਸਿਧਾਂਤ ਦੋ ਭਾਗਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਮਨੁੱਖ ਦੇ ਉਸ ਵਿਵਹਾਰ ਦਾ ਅਧਿਐਨ ਕੀਤਾ ਜਾਂਦਾ ਹੈ ਜੋ ਮੁਢਲੀਆਂ ਪ੍ਰਵਿਰਤੀਆਂ ਕਰਕੇ ਉਪਜਦਾ ਹੈ। ਦੂਸਰੇ ਭਾਗ ਵਿਚ ਮਾਨਸਿਕ ਪ੍ਰਕ੍ਰਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ।

ਪ੍ਰਵਿਰਤੀਆਂ ਉਹ ਸ਼ਕਤੀਆਂ ਹਨ ਜਿਹੜੀਆਂ ਮਨੁੱਖ ਨੂੰ ਕੁਝ ਕਰਨ ਲਈ ਬੇਬੱਸ ਕਰਦੀਆਂ ਹਨ। ਜਿਵੇਂ ਭੁੱਖ ਅਤੇ ਕਾਮ। ਮਨੋਵਿਗਿਆਨ ਦੇ ਖੇਤਰ ਵਿਚ ਕਾਮ ਨੂੰ ਬੜੇ ਵਿਸਤ੍ਰਿਤ ਅਰਥਾਂ ਵਿਚ ਵਰਤਿਆ ਜਾਂਦਾ ਹੈ। ਕਾਮ ਦਾਅਰਥ ਹਰ ਉਸ ਸਰੀਰਿਕ ਪ੍ਰਕ੍ਰਿਆ ਤੋਂ ਹੈ ਜਿਸ ਤੋਂ ਆਨੰਦ ਪੈਦਾ ਹੋਵੇ। ਮਨੁੱਖੀ ਵਿਵਹਾਰ ਵਿਚ ਉਪਜਣ ਵਾਲੇ ਦੁੱਖ , ਸੁੱਖ , ਅਸ਼ਾਂਤੀ ਜਾਂ ਬੇਚੈਨੀ ਆਦਿ ਦਾ ਆਧਾਰ ਇਹੋ ਪ੍ਰਵਿਰਤੀ ਹੈ ਦੂਸਰੀ ਕਿਸਮ ਦੀਆਂ ਪ੍ਰਵਿਰਤੀਆਂ ਆਕਰਮਣਕਾਰੀ ਹਨ। ਆਤਮਘਾਤ , ਕਿਸੇ ਨੂੰ ਨੁਕਸਾਨ ਪਹੁੰਚਾਉਣਾ ਜਾਂ ਜਾਨੋਂ ਮਾਰਨ ਦੀ ਇੱਛਾ ਰੱਖਣਾ ਹਮਲਾਵਰ ਪ੍ਰਵਿਰਤੀ ਹੈ। ਕਾਮ ਨਾਲ ਸੰਬੰਧਿਤ ਪ੍ਰਵਿਰਤੀ ਦਾ ਬਹੁਤ ਮਹੱਤਵ ਹੈ। ਮਨੁੱਖੀ ਵਿਵਹਾਰ ਵਿੱਚ ਉਪਜਣ ਵਾਲੇ ਦੁੱਖ , ਸੁੱਖ , ਅਸ਼ਾਂਤੀ ਜਾਂ ਸ਼ਾਂਤੀ ਆਦਿ ਦਾ ਆਧਾਰ ਇਹੋ ਪ੍ਰਵਿਰਤੀ ਹੈ।

ਫਰਾਇਡ ਅਨੁਸਾਰ ਮਨੁੱਖੀ ਵਿਵਹਾਰ ਨੂੰ ਸਮਝਣ ਲਈ ਉਸ ਦੇ ਮਨ ਨੂੰ ਸਮਝਣਾ ਅਤਿ ਜ਼ਰੂਰੀ ਹੈ। ਫਰਾਇਡ ਨੇ ਮਨੁੱਖੀ ਮਨ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ-

1 **ਸੁਚੇਤ**----ਮਨ ਦੀ ਜਾਗਰਿਤ ਅਵੱਸਥਾ ਹੈ।

2 **ਅਵਚੇਤਨ ਜਾਂ ਅਚੇਤ** ----- ਮਨ ਦਾ ਅਰਥ ਉਹਨਾਂ ਅਨੁਭਵਾਂ ਤੋਂ ਹੈ ਜਿੰਨ੍ਹਾਂ ਨੂੰ ਯਾਦ ਕਰਨਾ ਸੌਖਾ ਨਹੀਂ ਹੁੰਦਾ।

3 **ਅਰਧ-ਸੁਚੇਤ**----ਮਨ ਦੀ ਉਹ ਅਵੱਸਥਾ ਹੈ ਜਿਸ ਵਿਚ ਅਨੁਭਵਾਂ ਨੂੰ ਯਤਨ ਕਰਕੇ ਚੇਤੇ ਕੀਤਾ ਜਾ ਸਕਦਾ ਹੈ ਪਰ ਇਸ ਸੰਬੰਧੀ ਮਨੁੱਖ ਪਹਿਲਾਂ ਸੁਚੇਤ ਨਹੀਂ ਹੁੰਦਾ।

ਫਰਾਇਡ ਨੇ ਮਨੁੱਖੀ ਮਨ ਦੇ ਮਾਡਲ ਨੂੰ ਤਿੰਨ ਤਰਾਂ ਦੇ ਪ੍ਰਯੋਜਨਾਂ ਵਿਚ ਵਿਭਾਜਿਤ ਕੀਤਾ। ਭਾਵ ਮਨੁੱਖੀ ਮਨ ਦੀਆਂ ਪ੍ਰਕ੍ਰਿਆਵਾਂ ਨੂੰ ਵੀ ਵਿਸ਼ਲੇਸ਼ਣ ਦੀ ਦ੍ਰਿਸ਼ਟੀ ਤੋਂ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ

**1ਇਡ-Id-** ਜੋ ਲਿੰਗਕ ਅਤੇ ਹੋਰ ਇਛਾਵਾਂ ਦਾ ਭੰਡਾਰ ਹੈ।

**2 ਉਚੇਰੀ ਅਵੱਸਥਾ-Superego** ਜੋ ਨੈਤਿਕਤਾ ਅਤੇ ਉੱਚਿਤਤਾ ਦੇ ਪੈਮਾਨਿਆਂ ਨੂੰ ਧਾਰਨ ਕਰਦੀ ਹੈ।

**3 ਹਉਮੈ EGO**-ਜੋ ਇਡ ਦੀਆਂ ਅਤ੍ਰਿਪਤ ਇੱਛਾਵਾਂ ਅਤੇ ਉਚੇਰੀ ਹਉਮੈ ਦੀ ਕੱਟੜ ਸੈਂਸਰਸ਼ਿਪ ਵਿਚ ਟਕਰਾਉ ਦੀ ਸੰਭਾਵਨਾ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਰਹਿੰਦੀ ਹੈ।

ਵਿਅਕਤਿਤਵ ਸੰਗਠਨ ਉਸਾਰਨ ਵਿਚ ਕਾਰਜ਼ਸ਼ੀਲ ਕਾਰਨਾਂ ਦਾ ਫ਼ਰਾਇਡ ਨੇ ਆਪਣੇ , ਮਨੋਵਿਸ਼ਲੇਸ਼ਣ ਰਾਹੀਂ ਜੋ ਪਰੀਖਣ ਕੀਤੇ ਹਨ ਉਨ੍ਹਾਂ ਨੂੰ ਨਿਮਨ ਲਿਖਤ ਭਾਗਾਂ ਵਿਚ ਵੰਡ ਕੇ ਉਸ ਦੇ ਸਿਧਾਂਤ ਅਤੇ ਵਿਧੀਆਂ ਨੂੰਵਿਸਥਾਰ ਵਿਚ ਇੰਝ ਸਮਝਿਆ ਜਾ ਸਕਦਾ ਹੈ:

1 ਮਨ ਦੇ ਤਿੰਨ ਭਾਗ: ਇਦ (id), ਅੰਹ (ego), ਨੈਤਿਕ ਮਨ (super Ego)

2 ਅਚੇਤਨ ਮਨ (unconscious mind) .

3 ਕਾਮ ਸ਼ਕਤੀ (libido)

4 ਈਡੀਪਸ ਗ੍ਰੰਥੀ ਅਤੇ ਇਲੈਕਟਰਾ-ਗ੍ਰੰਥੀ (Oedipus complex & Electra

complex)

5 ਜੀਵਨ ਅਤੇ ਮਰਨ ਪ੍ਰਵਿਰਤੀਆਂ(Eros & Thanetos)

## 1. ਮਨ ਦੇ ਤਿੰਨ ਭਾਗ : ਇਦ, ਅਹਿੰ, ਨੈਤਿਕ ਮਨ :

ਫ਼ਰਾਇਡ ਨੇ ਆਪਣੀ ਖੋਜ ਦੌਰਾਨ ਵਿਅਕਤਿਤਵ-ਵਿਵਹਾਰ ਦੇ ਆਧਾਰ ਵਿਅਕਤਿਤਵ-ਸੰਰਚਨਾ ਵਿਚ ਤਿੰਨ ਤੱਤਾਂ ਦੀ ਪਰਿ-ਕਲਪਨਾ (hypothesis) ਪੇਸ਼ ਕੀਤੀ ਹੈ। ਉਸ ਅਨੁਸਾਰ ਵਿਅਕਤਿਤਵ ਦੇ ਤਿੰਨ ਭਾਗ ਇਦ, ਅਹੰ, ਨੈਤਿਕ ਮਨ ਜਾਂ ਅਤਿ-ਅਹੰ, ਹੁੰਦੇ ਹਨ। ਮਨ ਹੀ ਹੈ ਜੋ ਸਮੇਂ ਅਤੇ ਸਥਾਨ ਅਨੁਸਾਰ ਸਮਾਜਿਕ ਸਾਂਸਕ੍ਰਿਤਕ ਫ਼ਰਜ਼ਾਂ ਨੂੰ ਪਹਿਚਾਣਦਾ ਹੋਇਆ ਵਿਵਹਾਰ ਕਰਦਾ ਹੈ। ਅਸੀਂ ਦੇਖਦੇ ਹਾਂ ਕਿ ਸਾਡੀਆਂ ਭਾਵਨਾਵਾਂ ਸਾਨੂੰ ਹੋਰ ਕਾਰਜ਼ ਲਈ ਪ੍ਰੇਰਦੀਆਂ ਹਨ ਪਰੰਤੂ ਸਮਾਜ ਉਨ੍ਹਾਂ ਕਾਰਜ਼ਾਂ ਤੋਂ ਤੋੜਦਾ ਹੈ। ਇਹ ਮਾਨਸਿਕ ਦਵੰਦ ਸਦਾ ਬਣਿਆ ਰਹਿੰਦਾ ਹੈ। ਇਕ ਵਿਅਕਤਿਤਵ ਸਮਾਯੋਜਨ (Adjustment) ਕਰ ਲੈਂਦਾ ਹੈ ਅਤੇ ਦੂਜਾ ਵਿਅਕਤਿਤਵ ਅਪਸਮਾਯੋਜਕ ਰਹਿ ਜਾਂਦਾ ਹੈ।ਇਸ ਦੇ ਹੱਲ ਲਈ ਹੀ ਫ਼ਰਾਇਡ ਨੇ ਨੀਤਸ਼ੇ ਦੀ ਮਨ ਸੰਬੰਧੀ ਪਰਿਭਾਸ਼ਕ ਸ਼ਬਦਾਵਲੀ (terminology) ਨੂੰ ਆਧਾਰ ਬਣਾ ਕੇ ਮਨ ਦੀ ਸੰਰਚਨਾ ਦੇ ਤਿੰਨ ਭਾਗਾਂ ਦੀ ਕਲਾਸੀਕਲ ਪਰਿਕਲਪਨਾ ਪੇਸ਼ ਕੀਤੀ।

ਫ਼ਰਾਇਡ ਕਾਮ-ਸ਼ਕਤੀ (libido) ਨੂੰ ਵਿਅਕਤਿਤਵ-ਸੰਰਚਨਾ ਵਿਚ ਵਿਸ਼ੇਸ਼ ਮਹੱਤਵ ਦਿੰਦਾ ਹੈ। ਮਨੁੱਖ ਦੀਆਂ ਅਤ੍ਰਿਪਤ ਭਾ ਵਨਾਵਾਂ ਅਚੇਤਨ ਵਿਚ ਚਲੀਆਂ ਜਾਂਦੀਆਂ ਹਨ । ਇਹ ਜ਼ਿਆਦਾ ਕਾਮ-ਇੱਛਾਵਾਂ ਨਾਲ ਸੰਬੰਧਤ ਹੁੰਦੀਆਂ ਹਨ ਜੋ ਬਚਪਨ ਤੋਂ ਹੀ ਸ਼ੁਰੂ ਹੋ ਜਾਂਦੀਆਂ ਹਨ ਅਤੇ ਬਾਅਦ ਵਿਚ ਸਿੱਧੇ ਅਸਿੱਧੇ ਢੰਗ ਨਾਲ ਪੂਰਤੀ ਦੀ ਲੋਚਾ ਰੱਖਦੀਆਂ ਹਨ। ਸਮਾਜ ਕਿਹੜੀਆਂ ਭਾਵਨਾਵਾਂ ਦੀ ਪੂਰਤੀ ਦੀ ਸਵੀਕ੍ਰਿਤੀ ਕਿਸ ਰੂਪ ਵਿਚ, ਕਿਸ ਸਮੇਂ ਅਤੇ ਸਥਾਨ 'ਤੇ ਦਿੰਦਾ ਹੈ, ਇਹ ਵਿਅਕਤੀ ਦੀਆਂ ਮਨੋ-ਸ਼ਕਤੀਆਂ (id, ego, super-ego) ਹਨ ਜੋ ਵਿਅਕਤਿਤਵ ਵਿਚ ਸਮਾਯੋਜਨ ਬਣਾਈ ਰੱਖਣ ਲਈ ਹਮੇਸ਼ਾਂ ਕਾਰਜ਼ਸ਼ੀਲ ਰਹਿੰਦੀਆਂ ਹਨ।

### ਇਦ (Id) :

ਫ਼ਰਾਇਡ ਨੇ ਵਿਅਕਤਿਤਵ ਨੂੰ ਚੇਤਨਾ ਦੇ ਆਧਾਰ ਉਤੇ , ਮਾਨਸਿਕ ਖੇਤਰ ਨੂੰ ਤਿੰਨ ਖੇਤਰਾਂ ਵਿਚ ਵੰਡਿਆ ਹੈ। 'ਇਦ' ਦਾ ਸੰਬੰਧ 'ਅਚੇਤਨ' ਨਾਲ ਹੈ। 'ਇਦ ਅਚੇਤਨ ਸ਼ਕਤੀਆਂ ਅਤੇ ਆਵੇਗਾਂ ਦਾ ਅਸੀਮ ਭੰਡਾਰ ਹੈ। 'ਇਦ' ਪੇਮਾਤਮਕ ਅਤੇ ਨਾਸ਼ਾਤਮਕ ਦੋਹਾਂ ਤਰਾਂ ਦੀਆਂ ਪ੍ਰਵਿਰਤੀਆਂ ਦਾ ਮਾਨਸਿਕ ਸੋਮਾ ਮੰਨਿਆ ਜਾਂਦਾ ਹੈ। ਮਨ ਦੇ ਇਸ ਭਾਗ ਦਾ ਕੰਮ ਸੁੱਖ , ਭੋਗ-ਵਿਲਾਸ ਪਿਛੇ ਦੌੜਨਾ ਅਤੇ ਵੈਰ ਪੂਰਣ ਅਤੇ ਆਕਮਣਸ਼ੀਲ ਹੋਣਾ ਹੁੰਦਾ ਹੈ। ਇਨਾਂ ਪ੍ਰਵਿਰਤੀਆਂ ਦੀ ਪੂਰਤੀ ਲਈ ਇਹ ਭੂਤਰਿਆ ਤੇ ਸਤਾਇਆ ਰਹਿੰਦਾ ਹੈ। ਨਾ ਇਹ ਸਮਾਂ ਦੇਖਦਾ ਹੈ, ਨਾ ਥਾਂ, ਨਾ ਇਹਨੂੰ ਯਥਾਰਥਕ ਕੁੜੱਤਣ ਦਾ ਭੈਅ ਪੈਂਦਾ ਹੈ, ਨਾ ਇਹ ਅਸਲੀਅਤ ਤੋਂ ਡਰਦਾ ਹੈ। ਪਿਆਰ ਅਤੇਘਿRਣਾਂ ਦੀਆਂ ਪ੍ਰਵਿਰਤੀਆਂ ਦੀਆਂ ਪ੍ਰੇਰਣਾਵਾਂ ਦੇ ਅਧੀਨ ਕਿਆਸੇ ਟੀਚੇ ਪ੍ਰਾਪਤ ਕਰਨਾ ਇਹਦਾ ਮੁੱਖ ਮਨੋਰਥ ਹੁੰਦਾ ਹੈ। ਜੇ ਇਹਨੂੰ ਇਹਦੇ ਰਹਿਮੋਕਰਮ ਉਤੇ ਛੱਡ ਦਿੱਤਾ ਜਾਵੇ, ਤਾਂ ਮਨੁੱਖ ਨਾ ਪ੍ਰੋੜ ਅਵਸਥਾ ਦੇ ਸੁੱਖਾਂ ਨੂੰ ਪ੍ਰਾਪਤ ਕਰ ਸਕੇਗਾ ਨਾ ਇਹ ਸਭਿਆ ਹੋ ਸਕੇਗਾ। ਇਸ ਤਰ੍ਹਾਂ ਇਹ ਸਾਡੀਆਂ ਸਾਰੀਆਂ ਅਕਾਂਖਿਆਵਾਂ ਅਤੇ ਜ਼ਿਆਦਤੀਆਂ ਦਾ ਸੋਮਾ ਹੈ। ਇਹ ਕਾਨੂੰਨ -ਵਿਰੋਧੀ, ਅ-ਸਮਾਜਿਕ ਅਤੇ ਅਨੈਤਿਕ ਹੈ। 'ਇਦ' ਦੇ ਵੱਸ ਪਏ ਵਿਅਕਤਿਤਵ ਦੀ ਵਰਗ ਵੰਡ ਅਸੀਂ ਧਰਮ ਸ਼ਾਸਤਰੀਆਂ ਦੇਸ਼ੈਤਾਨ ਦੇ ਸੰਕਲਪ ਨਾਲ ਕਰ ਸਕਦੇ ਹਾਂ।

### ਅਹੰ ਜਾਂ ਹਉਂ (ego) :

ਈਗੋ ਮਨ ਦਾ ਚੇਤੰਨ ਭਾਗ ਹੈ। ਇਹ ਵਿਅਕਤਿਤਵ ਨੂੰ iSਸ਼ਟਾਚਾਰੀ, ਸਭਿਅਕ ਅਤੇ ਸਮਾਜਿਕ ਬਣਾਉਂਦਾ ਹੈ। ਇਸ ਤਰ੍ਹਾਂ ਇਹ ਹੀ ਚੇਤੰਨ ਬੁੱਧ ਹੈ ਜੋ ਸਾਨੂੰ ਭੌਤਿਕ ਸੰਸਾਰ ਦੀਆਂ ਅਸਲੀਅਤਾਂ ਤੋਂ ਜਾਣੂ ਕਰਵਾ ਕੇ ਉਸ ਦੀ ਸੀਮਾਂ ਅੰਦਰ ਰਹਿ ਕੇ ਵੱਧ ਤੋਂ ਵੱਧ ਸੰਤੁਸ਼ਟੀ ਦਾ ਮਾਰਗ-ਦਰਸ਼ਨ ਕਰਦੀ ਹੈ। ਸਮਾਜ ਸਾਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ ਅਤੇ ਮੰਗ ਵੀ ਕਰਦਾ ਹੈ ਕਿ ਸਮਾਜਿਕ-ਪ੍ਰਬੰਧ ਨੂੰ ਸਵੀਕਾਰ ਕੀਤਾ ਜਾਵੇ। ਇਹ 'ਈਗੋ ਹੀ ਹੈ ਜੋ ਸਮਾਜ ਦੇ ਸ਼ਿਸ਼ਟਾਚਾਰ ਦਾ ਰਖਵਾਲਾ ਹੈ। ਇਸ ਤਰ੍ਹਾਂ ਇਹ ਸਾਡੀ ਮੁੱਖ ਸ਼ਾਸ਼ਕ ਤੇ ਸੰਚਾਲਕ ਸ਼ਕਤੀ ਹੈ। ਇਸ ਦੇ ਪ੍ਰਭਾਵ ਹੇਠ ਪ੍ਰਤੱਖ-ਬੋਧ ਦੀਆਂ ਉਹਨਾਂ ਸੂਖਮ-ਸਮਰੱਥਾਵਾਂ, ਨਿਰਣਾ, ਵਿਵੇਚਨਾ ਆਦਿ ਦਾ ਵਿਕਾਸ ਹੁੰਦਾ ਹੈ ਜਿਨ੍ਹਾਂ ਰਾਹੀਂ ਬਾਹਰਲੇ ਸੰਸਾਰ ਨੂੰ ਵਧੇਰੇ ਪ੍ਰਬੀਨਤਾ ਨਾਲ ਸਮਝਿਆ ਜਾ ਸਕਦਾ ਹੈ। "ਹਉਂ (ਈਗੋ) ਸਾਰੇ ਸੰਸਾਰ ਉਤੇ ਇਕ ਕਾਹਲੀ ਨਜ਼ਰ ਮਾ ਕੇ ਝੱਟ ਵਾਤਾਵਰਣ ਦੇ ਉਸ ਹਿੱਸੇ ਦੀ ਚੋਣ ਕਰ ਲੈਂਦੀ ਹੈ ਜਿਹੜਾ ਉਸ ਦੀ ਤਤਕਾਲੀ ਲੋੜ ਦੀ ਪੂਰਤੀ ਕਰ ਸਕੇ ਜਾਂ ਉਸ ਦੀ ਵਕਤੀ ਸਮੱਸਿਆ ਦਾ ਹੱਲ ਜੁਟਾਂਦਾ ਹੋਵੇ। ਹਉਂ' ਦੇ ਸ਼ਾਸ਼ਨੀ ਪ੍ਰਬੰਧ ਹੇਠ ਗਿਆਨ ਇੰਦਰੀਆਂ ਤੋਂ ਪ੍ਰਾਪਤ ਹੋਇਆ ਗਿਆਨ ਚਿੰਤਨ ਦੇ ਹਵਾਲੇ ਕੀਤਾ ਜਾਂਦਾ ਹੈ ਜੋ ਵਿਚਾਰ ਕੇ ਉਸ ਤੋਂ ਉਚਿਤ ਲਾਭ ਉਠਾਉਂਦਾ ਹੈ। ਫਿਰ ਭਵਿੱਖ ਦੇ ਲਾਭ ਹਿੱਤ ਇਸ ਗਿਆਨ ਨੂੰ ਸਿਮਰਿਤੀ ਦੇ ਸਪੁਰਦ ਕਰ ਦਿੱਤਾ ਜਾਂਦਾ ਹੈ। ਸਿਮਰਿਤੀ ਦੀ ਸਮਰੱਥਾ ਵਧਾਉਣ ਲਈ ਗਿਆਨ ਦੇ ਤੱਥਾਂ ਵਿਚਾਲੇ ਸੰਬੰਧ ਭਾਲੇ ਜਾਂਦੇ ਹਨ। ਇਨ੍ਹਾਂ ਸੰਬੰਧਾਂ ਨੂੰ ਸਾਂਭਣ ਹਿੱਤ

ਚਿੰਨ੍ਹਾਂ ਦਾ ਇਕ ਸਿਲਸਿਲਾ ਘੜਿਆ ਜਾਂਦਾ ਹੈ ਜਿਸ ਨੂੰ ਅਸੀਂ ਭਾਸ਼ਾ ਕਹਿੰਦੇ ਹਾਂ। ਇਉਂ ਸਾਡਾ ਇੰਦਰਿਆਈ ਗਿਆਨ ਪ੍ਰਤੱਖ ਬੋਧ, ਚਿੰਤਨ, ਸਿਮਰਤੀ ਤੇ ਭਾਸ਼ਾ ਸਭ ਹਉਂ ਵਿਚ ਬੱਝੇ ਪ੍ਰਤੀਤ ਹੁੰਦੇ ਹਨ ਤੇ ਉਸ ਦੇ ਹਿੱਤਾਂ ਦਾ ਪਾਣੀ ਭਰਦੇ ਹਨ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜਿਥੇ 'ਇੱਦ ਆਪਣੀ ਇੱਛਾ ਪੂਰਤੀ ਲਈ, ਆਨੰਦ-ਪ੍ਰਾਪਤੀ ਲਈ ਸਕਿਆ ਹੁੰਦਾ ਹੈ। ਉਥੇ ਈਗੋ ਯਥਾਰਥ ਦੇ ਨਿਯਮਾਂ ਅਨੁਸਾਰ ਸਕਿਆ ਹੁੰਦਾ ਹੈ। ਈਗੋ ਹੀ ਹੈ ਜੋ ਵਿਅਕਤੀ ਨੂੰ ਸਮਾਜਿਕ-ਪਾਣੀ ਬਣਾਉਂਦੀ ਹੈ। ਕਾਮ-ਵਾਸ਼ਨਾਂ ਵਾਲੀਆ ਵਿਵਰਜਿਤ ਅਭਿਲਾਸ਼ਾਵਾਂ ਦੀ ਪੂਰਤੀ ਲਈ ਇਹ ਉੱਦਾਤੀਕਰਣ (sublimation) ਦਾ ਰਸਤਾ ਲੱਭਦੀ ਹੈ ਜਿਸ ਰਾਹੀਂ ਰਚਨਾਤਮਕ ਕਲਾਤਮਕ ਕਾਰਜ਼ਾਂ ਰਾਹੀਂ ਪ੍ਰਤੀਕਾਤਮਕ ਤੌਰ ਤੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

### ਨੈਤਿਕ ਮਨ (super ego) :

ਸੁਪਰ-ਈਗੋ ਨੂੰ ਅਤਿ-ਅਹੰ, ਨੈਤਿਕ-ਮਨ, ਸਚਿਆਰਾ- ਆਪਾ ਆਦਿ ਨਾਮ ਦਿੱਤੇ ਗਏ ਹਨ। ਸੁਪਰਈਗੋ ਸਮਾਜਿਕ ਸਾਂਸਕ੍ਰਿਤੀ ਦੀ ਉਪਜ ਹੈ। ਜੋ ਵਿਅਕਤੀ ਮਨੁੱਖੀ ਸਮਾਜ ਵਿਚ ਨਹੀਂ ਰਹਿੰਦਾ ਉਸ ਵਿਚ 'ਈਗੋ' ਅਤੇ 'ਇੱਦ ਤਾਂ ਪੈਦਾ ਹੋ ਜਾਵੇਗੀ ਪਰੰਤU ਸੁਪਰਈਗੋ (ਨੈਤਿਕ ਮਨ) ਦਾ ਪੈਦਾ ਹੋ ਸਕਣਾ ਅਸੰਭਵ ਹੁੰਦਾ ਹੈ। ਞਿ ਨੈਤਿਕ ਮਨ ਹੀ ਹੈ ਜੋ 'ਇੱਦ ਦੀਆਂ ਵਹਿਸ਼ੀ, ਕਾਮੀ ਭਾਵਨਾਵਾਂ ਉਤੇ ਬੰਧਨ (censor) ਲਗਾਈਂ ਰੱਖਦਾ ਹੈ। ਇਸ ਕਰਕੇ ਨੈਤਿਕ-ਮਨ ਅਤੇ ਇਹ ਹਮੇਸ਼ਾਂ ਸੰਘਰਸ਼ਸ਼ੀਲ ਰਹਿੰਦੇ ਹਨ। ਇਹ 'ਅਹੰ' (ego) ਹੀ ਹੈ ਜੋ ਇਨ੍ਹਾਂ ਦੋਹਾਂ ਵਿਚ ਸਮਾਯੋਜ਼ਨ ਕਰਦੀ ਰਹਿੰਦੀ ਹੈ। ਜੇਕਰ 'ਅਹੰ ਇਨ੍ਹਾਂ ਦੋਹਾਂ ਵਿਚ ਸਮਾਨਯੋਜਨ ਪੈਦਾ ਨਾ ਕਰ ਸਕੇ ਤਾਂ ਵਿਅਕਤਿਤਵ ਮਨੋਤਾਪੀ ਹੋ ਜਾਂਦਾ ਹੈ। ਨੈਤਿਕ-ਮਨ ਅਸਲ ਵਿਚ ਮਨੁੱਖੀ ਸ਼ਖ਼ਸੀਅਤ ਵਿਚ ਉਨ੍ਹਾਂ ਪਿਤਾ -ਪੁਰਖੀ ਕਦਰਾਂ, ਸਮਾਜਿਕ- ਆਦਰਸ਼ਾਂ, ਸਭਿਆਚਾਰਕ-ਕੀਮਤਾਂ ਦਾ ਪ੍ਰਤੀਨਿਧ ਹੈ ਜੋ ਵਿਅਕਤੀ ਨੂੰ ਆਪਣੇ ਸਮਾਜ ਵਿਚੋਂ ਮਿਲਦੀਆਂ ਹਨ। ਇਸ ਤਰ੍ਹਾਂ 'ਨੈਤਿਕ-ਮਨ' ਵਿਅਕਤਿਤਵ ਦੇ ਸਮਾਜੀਕਰਣ (socialization) ਦਾ ਪਰਤਾਉ ਹੈ। ਮਨੁੱਖੀ ਸ਼ਖ਼ਸੀਅਤ ਨਾਲ ਸੰਬੰਧਿਤ ਅਸੂਲਾਂ ਅਨੁਸਰ 'ਇਦ' ਦਾ ਰੂਪ ਪਸ਼ੂ ਵਿਰਾਸਤ ਤੋਂ ਨਿਰਧਾਰਤ ਹੁੰਦਾ ਹੈ, 'ਹਉਂ ਭੌਤਿਕ ਵਾਤਾਵਰਣ ਦੇ ਪ੍ਰਭਾਵ ਤੋਂ ਵਿਗਸਦਾ ਹੈ, ਪੰਤੂ 'ਸਚਿਆਰਾ-ਆਪ' (super-ego) ਸਮਾਜ ਅਤੇ ਸਭਿਆਚਾਰ ਦੀ ਦੇਣ ਹੁੰਦਾ ਹੈ। ਕਾਰਜ਼ਕਾਰੀ ਪਰਿਭਾਸ਼ਾ ਨੂੰ ਮੁੱਖ ਰੱਖਦਿਆਂ'ਸਚਿਆਰਾ-ਆਪ' ਉਹ ਅੰਤਰ-ਤਿਆਈਆਂ (internalised) ਪ੍ਰਮਾਣਿਕ ਕਸਵੱਟੀਆਂ (noms) ਵਿਵਸਥਿਤ ਰੂਪ ਹੁੰਦਾ ਹੈ, ਜਿਨ੍ਹਾਂ ਨਾਲ ਮੇਚ ਕੇ ਬੰਦਾ ਆਪਣੇ ਗ਼ਲਤ ਜਾਂ ਠੀਕ ਹੋਣ ਦਾ ਅਨੁਮਾਨ ਲਾਉਂਦਾ ਹੈ। ਇਸ ਤਰ੍ਹਾਂ ਪਰ-ਹਉਂ ਮਨ ਦਾ ਉਹ ਭਾਗ ਹੈ ਜੋ ਸਾਡੀਆਂ ਪਸ਼ੂ -ਬਿਰਤੀਆਂ ਨੂੰ ਬੰਨ੍ਹ ਕੇ ਰੱਖਦੀ ਹੈ ਤੇ ਸਮਾਜ, ਸੰਸਕ੍ਰਿਤੀ ਤੇ ਪਰੰਪਰਾ ਦੀ ਸੰਭਾਲ ਦਾ ਮਾਧਿਅਮ ਬਣਦੀ ਹੈ। ਇਸ ਦੀ ਕਿਰਿਆ ਵਧੇਰੇ ਕਰਕੇ ਅਚੇਤਨ ਹੁੰਦੀ ਹੈ , ਪਰ ਜਦ ਸਾਨੂੰ ਇਸ ਦਾ ਚੇਤੰਨ ਆਭਾਸ ਹੁੰਦਾ ਹੈ, ਉਸ ਅਵਸਥਾ ਨੂੰ 'ਜ਼ਮੀਰ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਨੈਤਿਕ ਮਨ(super ego) ਸਾਡੀ ਅੰਤਰ-ਦ੍ਰਿਸ਼ਟੀ ਹੈ।

ਉਪਰੋਕਤ ਅਧਿਐਨ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ "ਇਦ" ਕਿਉਂਕਿ ਸਾਡੀਆਂ ਪਾਸ਼ਵਿਕ ਬਿਰਤੀਆਂ ਦਾ ਆਥਾਹ ਸਾਗਰ ਹੈ ਇਸ ਕਰਕੇ ਵਿਅਕਤੀ ਨੂੰ ਰਾਖ਼ਸ਼ ਬਣਾ ਸਕਣ ਦੇ ਸਮਰੱਥ ਹੈ। ਸੁਪਰਈਗੋ ਮਨੁੱਖ ਨੂੰ ਦੇਵਤਾ ਬਣਾ ਸਕਣ ਦੇ ਯੋਗ ਹੈ।'ਈਗੋ' ਦਾ ਮਹੱਤਵ ਇਹ ਹੈ ਕਿ ਇਹ ਸਮਾਜਿਕ ਵਿਅਕਤਿਤਵ ਦਾ ਨਿਰਮਾਤਾ ਹੈ। ਇਹ'ਇੱਦ ਅਤੇ 'ਸੁਪਰਈਗੋ ਵਿਚ ਸਮਾਯੋਜਨ ਪੈਦਾ ਕਰਕੇ ਵਿਅਕਤਿਤਵ ਦੀ ਸ਼੍ਰੇਸ਼ਠ ਸੰਰਚਨਾ ਵਿਚ ਕਾਰਜ਼ਸ਼ੀਲਰਹਿੰਦਾ ਹੈ।

### 2. ਅਚੇਤਨ ਮਨ (Unconscious mind):

ਮਨੋਵਿਗਿਆਨ ਦੇ ਅੱਜ ਤੱਕ ਦੇ ਇਤਿਹਾਸ ਵਿਚ 'ਅਚੇਤਨ ਦੀ ਖੋਜ ਮਹੱਤਵਪੂਰਣ ਘਟਨਾ ਹੈ। ਵਿਅਕਤੀ ਦੇ ਮਨ ਦੀਆਂ ਪਰਤਾਂ ਦਾ ਅਧਿਐਨ ਇਹ ਸਿੱਧ ਕਰਦਾ ਹੈ ਕਿ ਵਿਵਹਾਰ ਵਿਚ'ਅਚੇਤਨ' ਵਿਸ਼ੇਸ਼ ਤੌਰ 'ਤੇ ਕਾਰਜ਼ਸ਼ੀਲ ਰਹਿ ਕੇ ਵਿਅਕਤਿਤਵ ਦੀ ਸੰਰਚਨਾ ਕਰਦਾ ਹੈ। 'ਅਚੇਤਨ' ਦੀ ਖੋਜ ਫ਼ਰਾਇਡ ਦੀ ਕੋਈ ਨਵੀਂ ਖੋਜ ਨਹੀਂ ਸੀ ਸਗੋਂ ਅਚੇਤ ਨ ਦੀ ਪਰਿਕਲਪਨਾ (hypothesis) ਮਨੋਵਿਗਿਆਨ ਨੂੰ ਨਵੀਂ ਦੇਣ ਸੀ ਜਿਸ ਵਿਚ ਫ਼ਰਾਇਡ ਨੇ ਅਚੇਤਨ ਦੇ ਨਿਰਧਾਰਤ ਕਾਰਜ਼ਾਂ ਦਾ ਪਤਾ ਲਗਾ ਕੇ ਮਨੋਤਾਪੀ ਵਿਅਕਤਿਤਵ ਦੀ ਪੁਨਰ - ਸਿਰਜਣਾ ਲਈ ਖੋਜ ਕੀਤੀ। ਉਸਨੇ ਸਗੋਂ ਅਚੇਤਨ ਸੰਬੰਧੀ ਪਲੈਟੋ ਦੇ ਵਿਚਾਰ (ਪਲੈਟੋ ਅਨੁਸਾਰ ਸਾਡੇ ਮਨ ਦਾ ਇਕ ਅਜਿਹਾ ਭਾਗ ਹੈ ਜਿਥੇ ਮੰਦ ਵਾਸ਼ਨਾਵਾਂ ਵਾਸ ਕਰਦੀਆਂ ਹਨ। ਨੀਤਸ਼ੇ, ਲੈਬਨੀਜ਼, ਸਪਾਈਨੋਜ਼ਾ (Spinoza) ਦੇ ਵਿਚਾਰਾਂ ਨੂੰ ਆਧਾਰ ਬਣਾ ਕੇ ਆਪਣਾ hypothesis ਪੇਸ਼ ਕੀਤਾ। ਲੈਬਨੀਜ਼ ਨੇ ਮਨੁੱਖੀ ਚੇਤਨਾ ਦੇ ਚਾਰ ਆਧਾਰਸਵੈ-ਚੇਤਨ, ਚੇਤਨ, ਅਧਿਚੇਤਨ ਅਤੇ ਅਚੇਤਨ ਮੰਨੇ ਸਨ।

ਫ਼ਰਾਇਡ ਅਨੁਸਾਰ ਸਾਡੀਆਂ ਮਾਨਸਿਕ-ਕਿਰਿਆਵਾਂ ਦਾ ਖੇਤਰ ਤਿੰਨ ਪ੍ਰਕਾਰ ਦਾ ਹੁੰਦਾ ਹੈ : ਚੇਤਨ (conscious), ਪੂਰਵ-ਚੇਤਨ (fore-conscious), ਅਤੇ ਅਚੇਤਨ (un-conscious)। ਅਚੇਤਨ ਦੀ ਖੋਜ ਵਿਧੀ ਹੀ ਫ਼ਰਾਇਡ ਦੇ 'ਮਨੋਵਿਸ਼ਲੇਸ਼ਣ ਦਾ ਮੂਲ ਆਧਾਰ ਹੈ। ਫ਼ਰਾਇਡ ਨੇ ਅਚੇਤਨ ਦੀ ਖੋਜ ਉਤੇ ਵਿਸ਼ੇਸ਼ ਜ਼ੋਰ ਦਿੱਤਾ। ਚੇਤਨ ਮਨ ਦਾ ਉਹ ਭਾਗ ਹੈ ਜੋ ਵਰਤਮਾਨ ਸਮੇਂ ਵਿਚ ਸਾਨੂੰ ਪਤਾ ਹੈ। ਪੂਰਵ-ਚੇਤਨ ਮਨ ਦਾ ਉਹ ਭਾਗ ਹੈ ਜਿਸ ਨੂੰ ਸਾਡੀ ਸਿਮਰਿਤੀ ਵਿਚ ਆਪਣੀ ਯਾਦਸ਼ਕਤੀ ਨਾਲ ਜਲਦੀ ਵਰਤਮਾਨ ਕਾਰਜ਼ ਦਾ ਭਾਗ ਬਣਾਇਆ ਜਾ ਸਕਦਾ ਹੈ। 'ਅਚੇਤਨ' ਉਹ ਹੈ ਜੋ ਸਾਨੂੰ ਸਿੱਧੇ ਤੌਰ 'ਤੇ ਯਾਦ ਨਹੀਂ ਹੁੰਦਾ। ਫ਼ਰਾਇਡ ਨੇ ਅਚੇਤਨ ਦਾ ਆਧਾਰ ਬਾਲ

ਕਾਮ-ਸ਼ਕਤੀ (libido) ਨੂੰ ਮੰਨਿਆ ਹੈ। ਇਹ ਹੀ ਇਸ ਦੀ ਮੁੱਖ ਸ਼ਕਤੀ ਹੁੰਦੀ ਹੈ। ਕਾਮ-ਪ੍ਰਵਿਰਤੀਆਂ ਨੂੰ ਸਮਾਜਿਕ ਤੌਰ 'ਤੇ ਸਵੀਕ੍ਰਿਤੀ ਨਾ ਮਿਲਣ ਕਰਕੇ 'ਈਗੋ' ਦਮਿਤ (repression) ਕਰ ਦਿੰਦੀ ਹੈ। ਇਹ ਦਮਿਤ ਭਾਵ ਈਰਖਾ- gMRQl ਕਰੋਧ, ਦਵੈਖ, ਕਰੁਣਾ, ਨਿਰਾਸ਼ਾ ਆਦਿ ਅਨੇਕਾਂ ਵਿਕਾਰ ਪੈਦਾ ਕਰਦੇ ਹਨ। ਸਭਿਆ-ਸਮਾਜ ਨੈਤਿਕ ਬੰਧਨਾਂ ਵਿਚ ਬੰਨਿਆਂ ਹੋਣ ਕਰਕੇ ਉਸ ਅੰਦਰ ਕਾਮਸ਼ਕਤੀ ਦਾ ਸਭ ਤੋਂ ਵਧੇਰੇ ਦਮਨ ਹੁੰਦਾ ਹੈ।ਇਹ ਦਮਿਤ ਕਾਮ-ਭਾਵਨਾ ਅਚੇਨ ਵਿਚ ਛਪ ਜਾਂਦੀ ਹੈ।

ਫ਼ਰਾਇਡ ਅਨੁਸਾਰ ਭਾਵੇਂ 'ਅਚੇਤਨ ਸਮਾਜ-ਸਭਿਆਚਾਰਕ ਕਾਰਣਾਂ ਕਰਕੇ ਕਦੇ ਵੀ ਚੇਤਨ ਕਾਰਜ਼ ਕਰਦਾ ਦਿਖਾਈ ਨਹੀਂ ਦਿੰਦਾ ਪਰ ਇਹ ਵਿਅਕਤਿਤ-ਵਿਵਹਾਰ ਵਿਚ ਵਿਸ਼ੇਸ਼ ਯੋਗਦਾਨ ਪਾਉਂਦਾ ਹੈ। ਅਚੇਤਨ ਮਨ ਦੀ ਸਮੱਗਰੀ ਦੇ ਸੋਮਿਆਂ ਤੋਂ ਉਪਜਦੀ ਹੈ , ਇਕ ਹਿੱਸੇ ਵਿਚ ਪੁਰਾਣੇ ਆਨੰਦ ਭਰਪੁਰ ਅਤੇ ਕੁਝ ਕੁ ਵਹਿਸ਼ੀਆਨਾ ਵਿਚਾਰ ਅਤੇ ਬਿਰਤੀਆਂ ਸ਼ਾਮਲ ਹੁੰਦੇ ਹਨ ਜਿਹੜੇ ਕਦੇ ਵੀ ਸਚੇਤ ਨਹੀਂ ਹੋਏ ਹੁੰਦੇ। ਇਹ ਵਿਅਕਤੀ ਦੀ ਵਿਰਾਸਤ ਦਾ ਇਕ ਭਾਗ ਹੁੰਦੇ ਹਨ। ਦੂਜੇ ਸੋਮੇ ਵਿਚ ਉਹ ਵਿਚਾਰ ਯਾਦਾਂ ਅਤੇ ਖਾਹਿਸ਼ਾਂ ਹੁੰਦੀਆਂ ਹਨ , ਜਿਹੜੀਆਂ ਕਿਸੇ ਸਮੇਂ ਸੁਚੇਤ ਸਨ ਪਰ ਹੁਣ ਉਹ ਮਨ ਦੇ ਪਿਛਲੇ ਹਿੱਸੇ ਵਿਚ ਦੱਬੀਆਂ ਤੇ ਪਿੱਛੇ ਧੱਕੀਆਂ ਜਾਂ ਚੁੱਕੀਆਂ ਹਨ ਕਿਉਂਕਿ ਸਹਾਰਣ ਵਲੋਂ ਉਹ ਬਹੁਤ ਹੀ ਦਰਦਨਾਕ ਸਦਮੇ ਵਾਲੀਆਂ ਦੁਖਦਾਇਕ ਜਾਂ ਸ਼ਰਮਨਾਕ ਹੁੰਦੀਆਂ ਹਨ। ਅਚੇਤਨ ਮਨ ਸੁੱਤਾ ਨਹੀਂ ਹੁੰਦਾ ਬਲਕਿ ਹਮੇਸ਼ਾਂ ਕਾਰਜ਼ਸ਼ੀਲ ਰਹਿੰਦਾ ਹੈ। ਵਿਅਕਤੀ ਦੇ ਅਜਿਹੇ ਲੱਛਣਾਂ ਤੋਂ ਹੀ ਫ਼ਰਾਇਡ ਨੇ ਅਚੇਤਨ ਦੀਆਂ ਖੋਜ ਵਿਧੀਆਂ ਵਿਉਂਤੀਆਂ ਹਨ। ਅਚੇਤਨ ਵਿਚ ਅਸਲ ਵਿਚ ਸਾਡੀ 'ਇਦ' ਦਾ ਵਧੇਰੇ ਭਾਗ ਹੁੰਦਾ ਹੈ। ਇਨ੍ਹਾਂ ਨੂੰ ਸਿੱਧੀ ਤ੍ਰਿਪਤੀ ਵਿਵਰਜਿਤ ਹੁੰਦੀ ਹੈ , ਜਿਸ ਦੀ ਪੂਰਤੀ ਲਈ ਹਮੇਸ਼ਾਂ ਸੈਂਸਰ (consor) ਦਾ ਪਹਿਰਾ ਦਿੰਦਾ ਹੈ। ਅਚੇਤਨ ਦੀ ਕਾਰਜ਼ਸ਼ੀਲਤਾਂ ਦਾ ਅੰਦਾਜਾਂ ਅਸੀਂ ਵਿਅਕਤੀ ਦੇ ਮੂੰਹੋ ਨਿਕਲੀਆਂ ਘਬਰਾਂ ਦੇਣ ਵਾਲੀਆਂ ਸੁੱਤੇ -ਸਿੱਧ ਅਵਾਜ਼ਾਂ, ਮੂੰਹੋਂ ਨਿਕਲੀਆਂ ਅਣਚਾਹੀਆਂ ਗੱਲਾਂ, ਲੁਪਤ ਭਾਵਾਂ ਦੀ ਪ੍ਰਤੀਕਾਤਮਕ ਪੂਰ ਤੀ ਕਰਦੇ ਸੁਪਨਿਆਂ ਤੋਂ ਲਗਾ ਸਕਦੇ ਹਾਂ। ਇਸ ਲਈ ਫ਼ਰਾਇਡ ਨੇ ਅਚੇਤਨ ਦੀ ਖੋਜ ਲਈ ਸਹਿਚਾਰ ਦੀ ਵਿਧੀ (free-association), ਸੁਪਨ- ਵਿਸ਼ਲੇਸ਼ਣ (interpretation of dreams), ਮੂੰਹ ਵਿਚੋਂ ਸ਼ਬਦਾਂ ਦਾ ਗਲਤ ਤੇ ਸੁਤੇ-ਸਿੱਧ ਉਚਾਰਣ (slip of tongue) ਆਦਿ ਦੇ ਬਾਰੇ ਸਫ਼ਲ ਪਰੀਖਣ ਕੀਤੇ ਹਨ। ਫ਼ਰਾਇਡ ਦੀ ਇਹ ਧਾਰਨਾ ਸੀ ਕਿ ਹਰ ਮਨੁੱਖੀ ਵਿਵਹਾਰ (ਸਾਧਾਰਣ/ਅਸਾਧਾਰਣ) ਕਿਸੇ ਨਾ ਕਿਸੇ ਇੱਛਾ-ਪੂਰਤੀ ਹਿੱਤ ਹੁੰਦਾ ਹੈ। ਚਾਰਕੋਟ (Charcot) ਵੀ ਫ਼ਰਾਇਡ ਵਾਂਗ ਮੰਨਦਾ ਸੀ ਕਿ ਹਰ ਸੰਤਾਪ ਦੇ ਕਾਰਣ ਪਿਛੇ ਛੁਪਿਆ ਕਾਰਣ ਦਮਿਤ ਕਾਮ (sex) ਹੁੰਦਾ ਹੈ।

ਅਚੇਤਨ' ਵਿਚ ਦਮਿਤ ਮੰਦ-ਵਾਸ਼ਨਾਵਾਂ ਅਤੇ ਹੋਰ ਪ੍ਰਵਿਰਤੀਆਂ ਵਿਅਕਤਿਤਵ ਦੀਆਂ ਨਿਰਧਾਰਕ ਬਣਦੀਆਂ ਹਨ। ਇਹ ਹਮੇਸ਼ਾਂ ਆਪਣੀ ਪੂਰਤੀ ਲਈ ਖੌਲਦੇ ਦਰਿਆ ਵਾਂਗ ਹੱਦ- ਬੰਨੇ ਤੋੜਨ ਲਈ ਤਤਪਰ ਰਹਿੰਦੀਆਂ ਹਨ। ਪਰੰਤੂ ਜਦੋਂ ਸਮਾਜਿਕ ਸਭਿਆਚਾਰਕ ਬੰਨ੍ਹ ਹੋਰ ਮਜ਼ਬੂਤ ਤੇ ਸਖ਼ਤ ਹੋ ਜਾਂਦੇ ਹਨ ਤਾਂ ਇਹ ਬਦਲਵਾਂ ਰੂਪ ਅਖ਼ਤਿਆਰ ਕਰਕੇ ਸਰੀਰਕ ਬਿਮਾਰੀਆਂ ਦਾ ਰੂਪ ਧਾਰ ਕੇ ਪ੍ਰਗਟ ਹੁੰਦੀਆਂ ਹਨ। ਇਸ ਵਿਚ ਹਿਸਟੀਰੀਆ ਪ੍ਰਮੁੱਖ ਹੈ ਪੰਤੂ ਜੋ ਵਿਅਕਤਿਤਵ 'ਈਗੋ' ਰਾਹੀਂ ਇਨ੍ਹਾਂ ਵਿਚ ਸਮਾਯੋਜਨ ਪੈਦਾ ਕਰ ਲੈਂਦਾ ਹੈ, ਉਹ ਇਨ੍ਹਾਂ ਮੰਦ ਭਾਵਨਾਵਾਂ ਨੂੰ ਉੱਦਾਤੀਕਰਣ (sublimation) ਕਰ ਲੈਂਦਾ ਹੈ ਅਤੇ ਉਹ ਆਪਣੇ ਭਾਵਾਂ ਦੀ ਤਿਪਤੀ ਆਪਣੀ ਕਲਾ ਰਾਹੀਂ ਪ੍ਰਤੀਕਾਤਮਕ ਤੌਰ 'ਤੇ ਕਰ ਲੈਂਦਾ ਹੈ। ਸਾਡੀਆਂ ਵਧੇਰੇ ਕਲਾਵਾਂ ਦਾ ਵਿਸ਼ੈ ਖੇਤਰ ਪਿਆਰ ਸੰਬੰਧਾਂ ਨਾਲ ਜੁੜਿਆ ਹੋਇਆ ਹੈ ਚਾਹੇ ਉਹ ਉਸਤਤਿਮਈ ਮੀਰਾਂ ਦੇ ਭਜਨ ਹੋਣ ਚਾਹੇ ਅਜੰਤਾ-ਅਲੋਰਾ ਦੀਆਂ ਕਿਤੀਆਂ ਹੋਣ। ਇਸ ਤਰਾਂ ਇਕ ਮਨੋਤਾਪੀ(neurosis) ਅਤੇ ਕਲਾਕਾਰ ਵਿਅਕਤਿਤਵ ਵਿਚ ਅੰਤਰ ਪੈਦਾ ਹੋ ਜਾਂਦਾ ਹੈ। ਫ਼ਰਾਇਡ ਅਨੁਸਾਰ ਮੁੱਢਲੇ ਰੂਪ ਵਿਚ ਕਲਾਕਾਰ ਵੀ ਮਨੋਤਾਪੀ ਹੀ ਹੁੰਦਾ ਹੈ। ਉਸ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੇ ਮਨੋਤਾਪਾਂ ਦਾ ਉੱਦਾਤੀਕਰਣ ਕਰਕੇ ਕਲਾ -ਸਿਰਜਣਾ ਰਾਹੀਂ ਤ੍ਰਿਪਤੀ ਪ੍ਰਾਪਤ ਕਰਕੇ ਆਨੰਦ ਦੀ ਅਵਸਥਾ ਪ੍ਰਾਪਤ ਕਰਦਾ ਹੈ ਅਤੇ ਜੋ ਵਿਅਕਤੀ ਅਜਿਹਾ ਨਹੀਂ ਕਰ ਸਕਦਾ ਤਾਂ ਉਸ ਦੇ ਵਿਅਕਤਿਤਵ ਵਿਚ ਅਸਾਧਾਰਣਤਾ ਆ ਜਾਂਦੀ ਹੈ। ਜੁੰਗ ਨੇ ਅਚੇਤਨ ਦਾ ਖੇਤਰ ਫ਼ਰਾਇਡ ਨਾਲੋਂ ਵਿਸ਼ਾਲ ਮੰਨਿਆ ਹੈ ਜਿਸ ਦਾ ਵੇਰਵਾ ਅਗੇ ਜਾ ਕੇ ਦੇਵਾਂਗੇ। ਇਸ ਤਰਾਂ ਅਸੀਂ ਦੇਖਿਆ ਹੈ ਕਿ ਫ਼ਰਾਇਡ ਅਨੁਸਾਰ 'ਅਚੇਤਨ' ਦੀਆਂ ਪ੍ਰਵਿਰਤੀਆਂ, ਵਾਸ਼ਨਾਵਾਂ, ਵਿਚਾਰ ਆਦਿ ਅਧਿਕਤਰ ਯੌਨ ਸੰਬੰਧੀ ਹਨ। ਐਡਲਰ ਅਨੁਸਾਰ ਇਹ 'ਸ਼ਕਤੀ ਦੀ ਇੱਛਾ' (will to power) ਨਾਲ ਸੰਬੰਧਤ ਹਨ। ਕੁਝ ਵੀ ਹੋਏ ਵਿਅਕਤਿਤਵ ਸੰਗਠਨ ਵਿਚ'ਅਚੇਤਨ' ਦਾ ਵਿਸ਼ੇਸ਼ ਮਹੱਤਵ ਹੈ।

### 3. ਕਾਮ-ਸ਼ਕਤੀ (libido) :

ਫ਼ਰਾਇਡ ਮੁੱਖ ਤੌਰ 'ਤੇ ਪ੍ਰਕ੍ਰਿਤਿਕ ਵਿਗਿਆਨੀ ਸੀ। ਇਸ ਲਈ ਵਿਅਕਤਿਤਵ ਵਿਚ ਗੁੰਝਲਾਂ ਪੈਦਾ ਕਰਨ ਵਾਲੇ ਕਾਰਨ ਵੀ ਉਸ ਅਨੁਸਾਰ ਪ੍ਰਾਕ੍ਰਿਤਿਕ ਜੈਵਿਕ ਲੋੜਾਂ ਦੀ ਅਤ੍ਰਿਪਤੀ ਦਾ ਕਾਰਨ ਬਣਦੇ ਸਮਾਜ-ਸਭਿਆਚਾਰਕ ਦਮਨ (repression) ਵਿਚ ਨਿਹਿਤ ਹਨ। ਫ਼ਰਾਇਡ ਅਨੁਸਾਰ ਕਾਮ-ਸ਼ਕਤੀ ਜ਼ਿੰਦਗੀ ਦੀ ਅਜਿਹੀ ਮਹੱਤਵਪੂਰਣ ਸ਼ਕਤੀ ਹੈ ਜੋ ਵਿਅਕਤਿਤਵ-ਸੰਰਚਨਾ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਔਰਤਾਂ ਦੇ ਜੀਵਨ ਵਿਚ ਕਾਮ-ਸ਼ਕਤੀ ਦੇ ਮਹੱਤਵ ਦੀਆਂ ਤਿੰਨ ਅਵਸਥਾਵਾਂ ਮੰਨੀਆਂ ਹਨ। ਪਹਿਲੀ ਅਨੁਸਾਰ ਹੀਣ ਭਾਵ ਦੀ ਸ਼ਿਕਾਰ ਹੋ ਕੇ ਔਰਤ ਮਨੋਤਾਪੀ (neurosis) ਹੋ ਸਕਦੀ ਦੂਜੀ ਅਨੁਸਾਰ ਉਸ ਵਿਚ ਪੁਸ਼ਤਵ-ਥੀ (masculinity complex) ਪੈਦਾ ਹੋ ਸਕਦੀ ਹੈ, ਤੀਜੀ ਅਨੁਸਾਰ ਉਹ ਹੀਣ ਗ੍ਰੰਥੀ ਉਤੇ ਕਾਬੂ ਪਾ ਕੇ ਨਾਰੀਤਵ(feminism) ਦੇ ਪੂਰਵ ਗੁਣ ਹਿਣ ਕਰ ਸਕਦੀ ਹੈ। ਇਸ ਤਰ੍ਹਾਂ ਔਰਤ ਦੇ ਸੁਭਾਅ ਦੀਆਂ ਨਿਰਧਾਰਕ ਉਸ ਦੀਆਂ ਕਾਮ-ਪ੍ਰਵਿਰਤੀਆਂ ਹੁੰਦੀਆਂ ਹਨ। ਫ਼ਰਾਇਡ ਨੇ ਇਸ ਕਾਮ-ਸ਼ਕਤੀ ਨੂੰ ਹੀ ਲਿਬੀਡੋ (libido) ਦਾ

ਨਾਮ ਦਿੱਤਾ ਹੈ ਜਿਸ ਦਾ ਜਨਮ ਬੱਚੇ ਦੇ ਜਨਮ ਨਾਲ ਹੀ ਹੋ ਜਾਂਦਾ ਹੈ ਅਤੇ ਵਿਅਕਤਿਤਵ ਦੀ ਸੰਰਚਨਾ ਵਿਚ ਇਸ ਦਾ ਅਹਿਮ ਕਾਰਜ਼ ਹੁੰਦਾ ਹੈ। ਫ਼ਰਾਇਡ ਦੇ ਇਸ ਸਿਧਾਂਤ ਨੇ ਸਾਡੀ ਮਾਨਸਿਕਤਾ ਨੂੰ ਝੰਜੋੜਿਆ। ਅਸੀਂ ਇਹ ਤਾਂ ਮੰਨਦੇ ਸੀ ਕਿ ਕਾਮ-ਪ੍ਰਵਿਰਤੀਆਂ ਜੀਵਨ ਵਿਚ ਵਿਸ਼ੇਸ਼ ਮਹੱਤਵ ਰੱਖਦੀਆਂ ਹਨ ਪਰ ਇਹ ਹੈਰਾਨੀਜਨਕ ਗੱਲ ਸੀ ਕਿ ਬੱਚੇ ਦੇ ਜੀਵਨ ਵਿਚ ਬਚਪਨ ਵਿਚ ਹੀ ਇੰਨਾਂ ਵੱਡਾ ਕਾਰਜ਼ ਕਰਦੀਆਂ ਹਨ ਅਤੇ ਜੰਮਦੇ ਬੱਚੇ ਵਿਚ ਵੀ ਕਾਮ -ਕ੍ਰੀੜਾ ਦਾ ਆਨੰਦ ਹਿਣ ਕਰਨ ਦੀ ਰੁਚੀ ਪ੍ਰਬਲ ਹੁੰਦੀ ਹੈ। ਇਸ ਲਈ ਮਨੋਵਿਸ਼ਲੇਸ਼ਣ ਵਿਚ ਆਤਮ-ਰੱਖਿਆ ਦੀ ਪ੍ਰਵਿਰਤੀ (instinct of self-perservation) ਜਿਸ ਨੂੰ ਆਤਮ-ਵਿਰਤੀ (ego-instinct) ਵੀ ਕਿਹਾ ਜਾਂਦਾ ਹੈ। ਦੂਸਰੀ ਹੈ ਜਾਤੀ -ਰਕਸ਼ਾ ਪ੍ਰਵਿਰਤੀ (instinct of race perservation), ਜਿਸ ਨੂੰ ਕਾਮ -ਪ੍ਰਵਿਰਤੀ ਕਿਹਾ ਗਿਆ ਹੈ , ਇਹ ਦੋਵੇਂ ਵਿਸ਼ੇਸ਼ ਮਹੱਤਵ ਦੀਆਂ ਧਾਰਣੀ ਹਨ। ਜਿਸ ਤਰ੍ਹਾਂ ਆਤਮ-ਰਕਸ਼ਾ ਲਈ ਭੁੱਖ ਦਾ ਪ੍ਰਯੋਜਨ ਕੀਤਾ ਜਾਂਦਾ ਹੈ ਉਸ ਤਰ੍ਹਾਂ ਜਾਤੀ-ਰਕਸ਼ਾ ਦੇ ਨਮਿਤ ਪਿਆਰ ਦੇ ਨਾਂ 'ਤੇ ਸ਼ਕਤੀ ਉਦੈਮਾਨ ਹੁੰਦੀ ਹੈ, ਉਸ ਨੂੰ ਲਿਬੀਡੋ (libido) ਕਿਹਾ ਜਾਂਦਾ ਹੈ। ਬੀਡੋ ਦਾ ਮੁੱਖ ਮੰਤਵ ਪਿਆਰ-ਸਾਧਯ ਪ੍ਰਤੀਕਿਰਿਆ ਹੈ। ਇਸ ਤਰ੍ਹਾਂ ਲਿਬੀਡੋ ਅਸਾਧਾਰਣ ਵਿਅਕਤਿਤਵ ਦਾ ਕਾਰਨ ਬਣਦੀ ਹੈ, ਪਰ ਇਹੀ ਲਿਬੀਡੋ ਤੋਂ ਉਤਪਨ ਹੋਣ ਵਾਲੀਆਂ ਕਾਮ-ਪ੍ਰਵਿਰਤੀਆਂ ਕਈ ਵਾਰੀ ਸਭਿਅਕ ਬੁਲੰਦੀਆਂ (cultural-elevation) ਅਖ਼ਤਿਆਰ ਕਰਕੇ ਉੱਦਾਤੀਕਰਣ ਦੀ ਅਵੱਸਥਾ (sublimationstage) ਵਿਚ ਪਹੁੰਚ ਕੇ ਦਮਿਤ-ਭਾਵਾਂ ਦਾ ਸੁਖਦਾਈ ਹੱਲ ਲੱਭ ਲੈਂਦੀਆਂ ਹਨ ਜੋ ਵਿਅਕਤੀ ਨੂੰ ਸਮਾਜ ਲਈ ਰਚਨਾਤਮਕ ਕਾਰਜ਼ ਕਰਨ ਲਈ ਪ੍ਰੇਰਦਾ ਹੈ।

ਫ਼ਰਾਇਡ ਦੇ ਲਿਬੀਡੋ ਸਿਧਾਂਤ ਨੂੰ ਕਈ ਵਿਚਾਰਕਾਂ ਨੇ ਸੌੜੇ ਅਰਥ ਦੇ ਕੇ ਇਸ ਨੂੰ ਸਿਰਫ਼ ਲਿੰਗਕ ਸੰਬੰਧਾਂ ਤੱਕ ਸੀਮਤ ਕਰਕੇ ਨਿੰਦਣਯੋਗ ਵੀ ਬਣਾਇਆ ਹੈ। ਪ੍ਰੰਤੂ ਲਿਬੀਡੋ ' ਸਿਧਾਂਤ ਉਸ ਹਰੇਕ ਸਰੀਰਕ ਕਿਰਿਆ ਜਾਂ ਸ ਪਰਸ਼ ਕਾਮ-ਪ੍ਰਵਿਰਤੀ ਨਾਲ ਸੰਬੰਧ ਰੱਖਦਾ ਹੈ ਜੋ ਆਨੰਦਦਾਇਕ ਹੈ। ਫ਼ਰਾਇਡ ਨੇ ਕਾਮ -ਸ਼ਕਤੀ ਨੂੰ ਬੜੇ ਮੋਕਲੇ ਅਰਥਾਂ ਵਿਚ ਵਰਤਿਆ ਹੈ। ਇਨਾਂ ਮੋਕਲੇ ਅਰਥਾਂ ਵਿਚ 'ਕਾਮ' (sex) ਕੇਵਲ ਸਾਧਾਰਣ ਮਰਦ-ਤੀਵੀਂ ਵਿਚਲੀ ਕਾਮ-ਰੁਚੀ ਨਹੀਂ ਸਗੋਂ ਇਸ ਵਿਚ ਪਰਿਵਾਰਿਕ-ਪੇਮ ਵੀ ਸ਼ਾਮਿਲ ਹੈ, ਮਾਂ ਦੀ ਮਮਤਾ ਵੀ ਬੱਚੇ ਦਾ ਦੁੱਧ ਚੁੰਘਣਾ ਵੀ ਅਤੇ ਮਲ-ਮੂਤਰ ਕਰਨਾ ਵੀ ਪਰਮੇਸ਼ਵਰ ਦੀ ਭਗਤੀ ਵੀ ਤੇ ਦੇਸ਼-ਭਗਤੀ ਵੀ, ਕਲਾਤਮਕ ਰੁਚੀ ਵੀ ਤੇ ਮਾਨਵੀ-ਪਿਤਾ ਵੀ। ਇਨ੍ਹਾਂ ਵਿਸਤ੍ਰਿਤ ਅਰਥਾਂ ਵਿਚ ਫਾਇਡੀ 'ਕਾਮ-ਸ਼ਕਤੀ ਤੇ ਜੰਗ ਦੀ ਜੀਵ-ਸ਼ਕਤੀ ਵਿਚ ਬੜਾ ਥੋੜਾ ਅੰਤਰ ਰਹਿ ਗਿਆ ਜਾਪਦਾ ਹੈ।

ਵਿਅਕਤਿਤਵ ਦੇ ਵਿਕਾਸਾਤਮਕ ਦ੍ਰਿਸ਼ਟੀਕੋਣ ਤੋਂ ਫ਼ਰਾਇਡ ਨੇ ਜੋ ਸਿਧਾਂਤ ਅਪਣਾਏ 'ਲਿਬੀਡੋ' ਉਨ੍ਹਾਂ ਵਿਚੋਂ ਇਕ ਵਿਸ਼ੇਸ਼ ਸਿਧਾਂਤ ਹੈ। ਇਸ ਦੀ ਸੀਮਾ ਵਿਚ ਮਨੁੱਖ ਦੇ ਸਭ ਆਨੰਦ , ਉਤਸ਼ਾਹ ਪੂਰਨ-ਕਾਰਜ਼, ਮੈਥੁਨ-ਸੰਬੰਧ, ਕਾਮ ਤੇ ਘਿਰਣਾ ਜਿਹੀਆਂ ਮਾਨਸਿਕ -ਜਗਤ ਨਾਲ ਸੰਬੰਧਤ ਪ੍ਰਵਿਰਤੀਆ ਆ ਜਾਂਦੀਆਂ ਹਨ। ਵਿਅਕਤੀ ਦੀਆਂ ਮੂਲ -ਪ੍ਰਵਿਰਤੀਆਂ ਕਿਉਂਕਿ ਕਾਮੁਕ ਹਨ ਇਸ ਲਈ ਫ਼ਰਾਇਡ ਨੇ ਵਿਅਕਤਿਤਵ ਵਿਚ ਇਨ੍ਹਾਂ ਦੇ ਵਿਕਾਸ ਦੇ ਪ੍ਰਭਾਵ ਦਾ ਅਧਿਐਨ ਕਰਨ ਲਈ ਇਨ੍ਹਾਂ ਨੂੰ ਨਿਮਨ ਅਨੁਸਾਰ ਵਖੋ -ਵੱਖ ਕਾਮ-ਅਵਸਥਾਵਾਂ (Sexual Stages) ਵਿਚ ਵਿਭਾਜਤ ਕੀਤਾ ਹੈ:

## ਬਾਲ ਕਾਮ ਵਾਸ਼ਨਾ (infantile sexuality) :

ਫ਼ਰਾਇਡ ਨੇ ਬਾਲ ਕਾਮ ਵਾਸ਼ਨਾਵਾਂ ਨੂੰ ਵਿਅਕਤਿਤਵ-ਸੰਰਚਨਾ ਵਿਚ ਸਭ ਤੋਂ ਵਧੇਰੇ ਮਹੱਤਵਪੂਰਣ ਮੰਨਿਆ। ਮਾਂ ਦਾ ਦੁੱਧ ਚੁੰਘਣਾ ਬੱਚੇ ਦੀ ਪਹਿਲੀ ਕਾਮ-ਰੁਚੀ ਮੰਨੀ ਜਾਂਦੀ ਹੈ। ਇਸ ਤੋਂ ਵੀ ਪਹਿਲਾ ਬੱਚੇ ਦਾ ਸ vY -ਆਪਾ ਉਸ ਦੀ ਕਾਮੁਕਤਾ ਦੀ ਪਹਿਲੀ ਅਵਸਥਾ ਹੈ। ਫ਼ਰਾਇਡ ਅਨੁਸਾਰ ਬਚਪਨ ਦੀਆਂ ਕਾਮ-ਗੁੰਝਲਾਂ ਹੀ ਅਵੈੜਾ ਲਿੰਗ ਵਿਵਹਾਰ ਪੈਦਾ ਕਰਦੀਆਂ ਹਨ। ਬਾਲਪਨ ਦੇ ਸੂਖ਼ਮ ਅਧਿਐਨ ਦੇ ਆਧਾਰ 'ਤੇ ਬੱਚੇ ਦੇ ਮਨ ਵਿਚ ਜੋ ਕਾਮ-ਕਿਰਿਆਵਾਂ ਦਾ ਇਕ ਚੱਕਰ ਚਲਦਾ ਹੈ, ਉਸ ਦੇ ਆਧਾਰ 'ਤੇ ਬਾਲ ਦੇ ਪਹਿਲੇ ਛੇ ਸਾਲਾਂ ਨੂੰ ਪ੍ਰਮੁੱਖ ਰੂਪ ਵਿਚ ਤਿੰਨ ਕਾਮ-ਅਵਸਥਾਵਾਂ (sexual stages) ਵਿਚ ਵੰਡਿਆਂ ਗਿਆ ਹੈ। ਇਹ ਕਾਮ -ਪ੍ਰਵਿਤਰੀਆਂ ਦਮਨ ਹੋ ਕੇ ਅਚੇਤਨ ਦਾ ਭਾਗ ਬਣ ਕੇ ਮਨੋ -ਗੁੰਝਲਾਂ ਪੈਦਾ ਕਰਦੀਆਂ ਹਨ ਅਤੇ ਵਿਅਕਤੀ ਵਿਵਹਾਰ ਨਿਰਧਾਰਿਤ ਕਰਦੀਆਂ ਹਨ। ਬਾਲ -ਕਾਮ ਦੀਆਂ ਤਿੰਨ ਅਵਸਥਾਵਾਂ ਨਿਮਨ ਅਨੁਸਾਰ ਹਨ:

## ਮੌਖਿਕ ਕਾਮ-ਵਾਸਨਾ (oral sexuality):

ਇਹ ਸਥਿਤੀ ਜਨਮ ਤੋਂ ਦੋ ਸਾਲ ਤੱਕ ਰਹਿੰਦੀ ਹੈ। ਇਸ ਅਵਸਥਾ ਵਿਚ ਬੱਚੇ ਨੂੰ ਮਾਂ ਦੇ ਦੁੱਧ ਦੇ ਸੋਮੇ ਉਸ ਦੀ ਕਾਮ -ਪਵਿਰਤੀਆਂ ਦਾ ਸਾਧਨ ਬਣਦੇ ਹਨ। ਫ਼ਰਾਇਡ ਨੇ ਬੱਚੇ ਦੇ ਦੁੱਧ ਚੁੰਘਣ ਨੂੰ ਬੱਚੇ ਦੀ ਭੁੱਖ ਪੂਰਤੀ ਤੱਕ ਹੀ ਸੀਮਤ ਨਹੀਂ ਮੰਨਿਆ। ਬੱ ਚਾ ਰੱਜ ਕੇ ਦੁੱਖ ਸੁੰਘਣ ਪਿਛੋਂ ਵੀ ਕਿਉਂ ਮਾਂ ਦੇ ਦੁੱਧ ਸੋਮੇ ਚੁੰਘ ਕੇ ਪਚਾਕੇ ਮਾਰਦਾ ਰਹਿੰਦਾ ਹੈ ਜਾਂ ਇਨ੍ਹਾਂ ਦੀ ਅਣਹੋਂਦ ਦੀ ਪੂਰਤੀ ਆਪਣਾ ਅੰਗੂਠਾ ਚੁੰਘ ਕੇ ਕਰਦਾ ਹੈ। ਫ਼ਰਾਇਡ ਅਨੁਸਾਰ ਬੱਚੇ ਦੀਆਂ ਇਹ ਹਰਕਤਾਂ ਉਸ ਨੂੰ ਕਾਮ-ਆਨੰਦ ਪ੍ਰਦਾਨ ਕਰਦੀਆਂ ਹਨ। ਇਹ 'ਲਿਬੀਡੋ' ਨਾਲ ਸੰਬੰਧਤ ਹਨ। ਮੌਖਿਕ ਕਾਮ-ਅਵਸਥਾ ਨੂੰ ਅੱਗੋਂ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੀ ਅਵਸਥਾ ਛੇ -ਸੱਤ ਮਹੀਨੇ ਤੋਂ ਪਹਿਲਾਂ ਦੀ ਹੈ। ਦੂਜੀ ਅਵਸਥਾ ਇਸ ਤੋਂ ਬਾਅਦ ਦੀ ਹੈ ਜਦੋਂ ਬੱਚੇ ਦੇ ਮੂੰਹ ਵਿਚ ਦੰਦ ਉਗ ਆਉਂਦੇ ਹਨ। ਉਹ ਦੁੱਖ -ਚੁੰਘਦਾ- ਚੁੰਘਦਾ ਕਈ ਵਾਰੀ ਮਾਂ ਦੇ ਦੁੱਧ

ਸੋਮਿਆਂ ਨੂੰ ਦੰਦਾਂ ਨਾਲ ਕੱਟ ਕੇ ਆਨੰਦ ਪ੍ਰਾਪਤ ਕਰਦਾ ਹੈ। ਕੱਟਣਾ ਅਤੇ ਚੁੰਘਣਾ (biting & sucking) ਇਸ ਅਵਸਥਾ ਦੀਆਂ ਕਾਮ-ਕਿਰਿਆਵਾਂ ਹਨ।

**ਗੁਦਾ ਕਾਮ-ਵਾਸ਼ਨਾ (anal sexulaity):**

ਇਹ ਅਵਸਥਾ ਇਕ ਸਾਲ ਤੋਂ ਛੇ ਸਾਲ ਦੀ ਆਯੂ ਤੱਕ -ਰਹਿੰਦੀ ਹੈ। ਇਸ ਅਵਸਥਾ ਵਿਚ ਬੱਚੇ ਨੂੰ ਟੱਟੀ ਪਿਸ਼ਾਬ ਰੋ ਕੇ ਖ਼ਾਰਜ ਕਰਕੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਇਸ ਅਵਸਕਾ ਵਿਚ ਬੱਚੇ ਵਿਚ ਸਵੈ-ਨਿਰਭਰਤਾ, ਸਵੈ- ਪਿਆਰ ਤੇ ਆਤਮ-ਪੂਜਾ (narcissism) ਦੀਆਂ ਪ੍ਰਵਿਰਤੀਆਂ ਪੈਦਾ ਹੁੰਦੀਆਂ ਹਨ। ਇਸ ਅਵਸਥਾ ਵਿਚ 'ਗੁਦਾ (anal) ਹੀ ਕਾਮ-ਵਾਸ਼ਨਾਵਾਂ ਦੀ ਉਤੇਜਨਾ ਵਾਲਾ ਭਾਗ ਬਣ ਜਾਂਦਾ ਹੈ। ਸਾਧਾਰਣ ਅਵਸਥਾ ਵਿਚ ਵੀ ਦੇਖਿਆ ਜਾਵੇ ਕਿ ਜੇ ਸਾਨੂੰ ਕਿਸੇ ਖਾਸ ਮਜ਼ਬੂਰੀ ਵਿਚ ਟੱਟੀਪਿਸ਼ਾਬ ਰੋਕਣਾ ਪੈ ਜਾਵੇ ਤਾਂ ਮਾਨਸਿਕ ਤਣਾਉ ਪੈਦਾ ਹੋ ਜਾਂਦਾ ਹੈ। ਜਦੋਂ ਇਨ੍ਹਾਂ ਨੂੰ ਖ਼ਾਰਜ਼ ਕਰਦੇ ਹਾਂ ਤਾਂ ਇਕ - ਵੱਖਰੀ ਤਰ੍ਹਾਂ ਦਾ ਆਨੰਦ ਪ੍ਰਾਪਤ ਹੁੰਦਾ ਹੈ। ਬਾਲ ਵੀ ਇਸ ਪ੍ਰਕ੍ਰਿਆਂ ਨੂੰ ਦੁਹਰਾਂ ਕੇ ਕਾਮ- ਵਿਰਤੀਆਂ ਦੀ ਤ੍ਰਿਪਤੀ ਕਰ ਰਿਹਾ ਹੁੰਦਾ ਹੈ। ਇਸ ਅਵਸਥਾ ਵਿਚ ਬੱਚੇ ਨੂੰ ਟੱਟੀਪਿਸ਼ਾਬ ਦੀ ਸਿੱਖਿਆ ਦਿੱਤੀ ਜਾਂਦੀ ਹੈ। ਜੇਕਰ ਇਸ ਉਮਰ ਵਿਚ ਦਮਨ ਜ਼ਿਆਦਾ ਹੋ ਜਾਵੇ ਤਾਂ ਸ਼ਖ਼ਸੀ ਵਿਕਾਸ ਉਤੇ ਉਲਟ ਅਸਰ ਪੈਂਦਾ ਹੈ।

**ਲਿੰਗੀ ਪੜਾਅ (phallic stage):**

ਬੱਚੇ ਦੀ ਚਾਰ ਤੋਂ ਛੇ ਸਾਲ ਦੀ ਉਮਰ ਤੱਕ ਆਨੰਦ-ਪਾਪਤੀ ਦੀ ਥਾਂ "ਗੁਦਾ ਅਵਸਥਾ ਤੋਂ ਹੱਟ ਕੇ 'ਜਣਨ-ਅੰਗਾਂ 'ਤੇ ਸਥਿਰ ਹੋ ਜਾਂਦੀ ਹੈ ; ਜਿਵੇਂ ਨਹਾਉਣ ਵੇਲੇ ਜਦੋਂ ਬਾਲ ਆਪਣੀ ਲਿੰਗ ਇੰਦਰੀ ਉਤੇ ਤੌਲੀਏ ਦੀ ਰਗੜ ਮਹਿਸੂਸ ਕਰਦਾ ਹੈ ਤਾਂ ਲਿੰਗ - ਇੰਦਰੀ ਵਿਚ ਖਿੱਚ ਜਾਂ ਤਣਾਉ ਪੈਦਾ ਹੁੰਦਾ ਹੈ। ਇਹ ਲਿੰਗੀ-ਚੇਤਨਾ ਦਾ ਪਹਿਲਾ ਮੁੱਢਲਾ ਰੂਪ ਹੈ। ਫਿਰ ਬੱਚਾ ਲਿੰਗਇੰਦਰੀਆਂ ਨੂੰ ਛੂਹ ਕੇ ਆਨੰਦ ਪ੍ਰਾਪਤ ਕਰਦਾ ਹੈ। ਇਸ ਉਮਰ ਤੱਕ ਮੁੰਡੇ ਅਤੇ ਕੁੜੀਆਂ ਆਪਣੀਆਂ ਲਿੰਗ ਇੰਦਰੀਆਂ ਦੇ ਅੰਤਰ ਨੂੰ ਸਮਝਣ ਲੱਗ ਪੈਂਦੇ ਹਨ। ਇਸੇ ਅਵਸਥਾ ਵਿਚ ਉਨ੍ਹਾਂ ਦੀ ਵਿਰੋਧੀ-ਲਿੰਗ (opposite sex) ਮਾਪੇ ਪ੍ਰਤੀ ਰੁਚੀ ਵੱਧਦੀ ਹੈ। ਇਸੇ ਅਵਸ ਥਾ ਵਿਚ ਈਡੀਪਸ-ਗ੍ਰੰਥੀ ਪੈਦਾ ਹੁੰਦੀ ਹੈ, ਪ੍ਰੰਤੂ ਇਸ ਤੋਂ ਬਾਅਦ ਨਿਪੁੰਨਸਕ ਹੋਣ ਦੇ ਡਰ ਦੀ ਗ੍ਰੰਥੀ(castration complex) ਛੇਤੀ ਹੀ ਇਹ ਅਨੋਖਾ ਸੰਬੰਧ ਤੋੜ ਦਿੰਦੀ ਹੈ। ਇਹ ਕੰਪਲੈਕਸ ਬੱਚੇ ਤੋਂ ਇਹ ਸਾਰਾ ਲਿੰਗਕ-ਬਚਪਨਾ (infantile sexuality) ਛੁਡਾ ਦਿੰਦਾ ਹੈ। ਵਾਸਤਵਿਕਤਾ ਦਾ ਨਿਯਮ ਪੂਰੀ ਤਰ੍ਹਾਂ ਲਾਗੂ ਹੋਜਾਂਦੀ ਹੈ।

**ਕਾਮ ਨਿਸ਼ਕਿਰਿਆ ਪੜਾਅ (latent stage**):

ਇਸ ਪੜਾਅ ਨੂੰ ਕਾਮ ਲੁਪਤ ਪੜਾਅ ਵੀ ਕਿਹਾ ਜਾਂਦਾ ਹੈ। ਇਹ ਪੜਾਅ ਛੇ ਤੋਂ ਬਾਰਾਂ ਸਾਲ ਦੀ ਉਮਰ ਤੱਕ ਹੁੰਦਾ ਹੈ। ਇਹ ਅਜਿਹੀ ਅਵਸਥਾ ਹੈ ਜਿਥੇ ਬੱਚਾ ਈਡੀਪਸ-ਗੰਥੀ ਪੈਦਾ ਹੋਣ ਤੋਂ ਬਾਅਦ ਜਦੋਂ ਵਿਰੋਧੀ-ਲਿੰਗ ਵਿਚ ਰੁਚੀ ਲੈਣ ਲੱਗਦਾ ਹੈ ਤਾਂ ਮੁੰਡੇ ਨੂੰ ਆਪਣੇਪਿਤਾ ਤੋਂ ਡਰ ਹੁੰਦਾ ਹੈ ਕਿ ਉਹ ਆਪਣੀ ਵਧੇਰੇ ਸ਼ਕਤੀ ਨਾਲ ਉਸ ਨੂੰ ਨਿਪੁੰਸਕ ਨਾ ਬਣਾ ਦੇਵੇ , ਤਾਂ ਇਥੇ ਨਿਪੁੰਸੀਕਰਣ-ਗ੍ਰੰਥੀ (castration complex) ਅਧੀਨ ਉਹ ਆਪਣੀ ਮਾਂ ਪ੍ਰਤੀ ਆਪਣੀ ਕਾਮ-ਵਾਸ਼ਨਾਂ ਦਾ ਤਿਆਗ ਕਰ ਦਿੰਦਾ ਹੈ ''ਇਹ ਅਵਸਥਾ 'ਈਂ' ਪੈਦਾ ਹੋਣ ਦੀ ਵੀ ਅਵਸਥਾ ਹੈ। ਬੱਚਾ ਕਾਮੁਕ-ਰੁਚੀਆਂ ਤਿਆਗ ਕੇ ਬੌਧਿਕ, ਸਮਾਜਿਕ, ਨੈਤਿਕ ਵਿਕਾਸ ਉਤੇ ਜ਼ੋਰ ਦਿੰਦਾ ਹੈ। ਸਵੈ-ਪ੍ਰੀਤ ਦੀ ਪ੍ਰਵਿਰਤੀ ਵੀ ਘੱਟ ਜਾਦੀ ਹੈ। '

**ਜਣਨ ਪੜਾਅ (genetal stage):**

ਇਹ ਅਵਸਥਾ 12 ਸਾਲ ਤੋਂ ਬਾਲਪਣੇ ਦੀ ਉਮਰ ਤੱਕ ਰਹਿੰਦੀ ਹੈ। ਇਸ ਕਾਮ ਅਵਸਥਾ ਵਿਚ ਕਾਮਨਿਸ਼ਕਿਰਿਆ ਪੜਾਅ ਵਿਚਲੀ ਗੁੰਮ ਹੋਈ ਬਾਲ-ਕਾਮੁਕਤਾ ਮੁੜ ਸੁਰਜੀਤ ਹੋ ਜਾਂਦੀ ਹੈ। ਪਰ ਇਥੋਂ ਤਕ ਬੱਚਾ ਸਮਾਜਿਕ ਸਭਿਆਚਾਰਕ ਕਦਰਾਂ -ਕੀਮਤਾਂ ਨੂੰ ਸਮਝਣ ਲੱਗ ਜਾਂਦਾ ਹੈ। ਜੋ ਬੱਚਾ ਆਪਣੀ ਦਮਿਤ ਬਾਲ -ਕਾਮਵਾਸ਼ਨਾਵਾਂ ਅਤੇ ਸਦਾਚਾਰਕ ਕੀਮਤਾਂ ਵਿਚ ਸਮਾਯੋਜਨ ਨਹੀਂ ਕਰ ਸਕਦਾ ਉਸ ਵਿਚ ਅਸਾਧਾਰਣਤਾਂ ਦੀਆਂ ਅਲਾਮਤਾਂ ਪੈਦਾ ਹੋਈਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਅਵਸਥਾ ਨੂੰ ਪ੍ਰਮੁੱਖ ਤੌਰ 'ਤੇ ਦੋ ਵਰਗਾਂ : ਸਮਲਿੰਗੀ ਪੀਤ (homo-eroticism) ਅਤੇ ਵਿਲੰਗੀ-ਕਾਮੁਕਤਾ (hetro-sexuality)ਵਿਚ ਨਿਮਨਲਿਖਿਤ ਅਨੁਸਾਰ ਵੰਡਿਆ ਜਾਂਦਾ ਹੈ।

ਫਰਾਇਡ ਤੋਂ ਬਾਅਦ ਉਸ ਦੇ ਉਤਰਾਧਿਕਾਰੀਆਂ ਨੇ ਮਨੋਵਿਗਿਆਨਕ ਆਲੋਚਨਾ ਪ੍ਰਣਾਲੀ ਵਿਚ ਹੋਰ ਨਵੇਂ ਧਰਾਤ ਲ ਪੇਸ਼ ਕੀਤੇ। ਇਸ ਪਿਛੋਂ ਯੁੰਗ ਅਤੇ ਐਡਲਰ ਨੇ ਇਸ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ। ਮਨੋਵਿਸ਼ਲੇਸ਼ਣਵਾਦ ਆਲੋਚਨਾ ਦੇ ਖੇਤਰ ਵਿਚ ਫ਼ਰੈਡਰਿਕ ਜੇ. ਹੌਫ਼ਮੈਨ Frederick j. Hoffman, ਨਾਰਮਨ ਕੇ ਹੌਲੈਂਡ Norman k. Holland, ਐਡਮੰਡ ਵਿਲਸਨ

Edmond Wilson, ਲਾਇਓਨੇਲ ਟਰਿਲਿੰਗ Lionel Trilling ਅਤੇ ਫ਼ਰੈਡਰਿਕ ਸੀ. Fredrick c. Crews ਨੇ ਮਹੱਤਵਪੂਰਨ ਕੰਮ ਕੀਤਾ।

## ਐਲਫ੍ਰੈਡ ਐਡਲਰ :

**ਐਲਫ੍ਰੈਡ ਐਡਲਰ**(1870 - 1937) ਇੱਕ ਆਸਟ੍ਰੀਆ ਵਿੱਚ ਪੈਦਾ ਹੋਇਆ ਮਨੋਚਿਕਿਤਸਕ , ਮੈਡੀਕਲ ਡਾਕਟਰ, ਮਨੋਵਿਗਿਆਨਕ ਡਾਕਟਰ, ਅਤੇ ਵਿਅਕਤੀਗਤ ਮਨੋਵਿਗਿਆਨIndividual Pychology ਦੇ ਸਕੂਲ ਦਾ ਸੰਸਥਾਪਕ ਸੀ।ਐਲਫਰਡ ਐਡਲਰ 1870 ਵਿਚ ਵਿਯੇਨ੍ਨਾ, ਆਸਟਰੀਆ ਵਿਚ ਪੈਦਾ ਹੋਇਆ ਸੀ। ਉਸਦਾ ਬਚਪਨ ਇਕ ਬਿਮਾਰੀ ਰਿਕੇਟਸ ਦੁਆਰਾ ਦਰਸਾਇਆ ਗਿਆ ਸੀ ਜਿਸ ਕਾਰਨ ਉਹ ਚਾਰ ਸਾਲ ਦੀ ਉਮਰ ਤਕ ਤੁਰਨ ਤੋਂ ਰੋਕਦਾ ਸੀ। ਹਾਲਾਂਕਿ , ਮੁਸ਼ਕਲ ਉਸ ਨੇ ਆਪਣੀ ਜ਼ਿੰਦਗੀ ਦੇ ਇਸ ਪਹਿਲੇ ਪੜਾ ਅ ਦੌਰਾਨ ਝੱਲਿਆ ।ਉਸ ਨੂੰ ਦੂਸਰੇ ਲੋਕਾਂ ਦੀ ਮਦਦ ਕਰਨ ਲਈ ਦਵਾਈ ਦਾ ਅਧਿਐਨ ਕਰਨ ਦਾ ਫ਼ੈਸਲਾ ਕਰਦਿਆਂ ਲੋਕਾਂ ਦੀ ਅਗਵਾਈ ਕੀਤੀ ਐਡਲਰ 1895 ਵਿਚ ਵਿਆਨੀਆ ਯੂਨੀਵਰਸਿਟੀ ਤੋਂ ਗ੍ਰੈਜੂਏਟ ਹੋਇਆ , ਉਸਨੇ ਚਿਕਿਤਸਾ ਦੀ ਇੱਕ ਮੁਹਾਰਤ ਨਾਲ ਡਾਕਟਰੀ ਦੀ ਡਿਗਰੀ ਪ੍ਰਾਪਤ ਕੀਤੀ । ਥੋੜੇ-ਥੋੜ੍ਹੇ ਸਮੇਂ ਬਾਅਦ, ਅਲਫਰਡ ਐਡਲਰ ਦੀ ਮਹੱਤਤਾ ਮਨੋਰੋਗ ਦੀ ਦੁਨੀਆ ਵਿਚ ਵਧਦੀ ਗਈ ਇਹ ਗੱਲ ਸਪੱਸ਼ਟ ਤੌਰ 'ਤੇ 1902 ਵਿਚ ਵੇਖੀ ਜਾ ਸਕਦੀ ਸੀ , ਜਦੋਂ ਸਿਗਮੰਡ ਫ੍ਰਾਇਡ , ਜੋ ਕਿ ਸਾਰੇ ਵਿਆਨੀਆ ਵਿਚ ਸਭ ਤੋਂ ਮਹੱਤਵਪੂਰਨ ਮਨੋਵਿਗਿਆਨਕ ਮੰਨਿਆ ਜਾਂਦਾ ਸੀ, ਨੇ ਉਸ ਨੂੰ ਆਪਣੇ ਅਤੇ ਹੋਰ ਪੇਸ਼ੇਵਰਾਂ ਨੂੰ ਇਕ ਮਨੋਵਿਗਿਆਨਕ ਵਿਚਾਰਵਟਾਂਦਰੇ ਦੇ ਸਮੂਹ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ। ਪੇਸ਼ੇਵਰ ਜੀਵਨ ਨੂੰ ਇੱਕ ਮਨੋਵਿਗਿਆਨ ਦੇ ਪਿਤਾ ਸਿਗਮੰਡ ਫ੍ਰਾਇਡ, ਦੇ ਇੱਕ ਚੇਲੇ ਅਤੇ ਸਹਿਯੋਗੀ ਦੇ ਰੂਪ ਵਿੱਚ ਪੇਸ਼ ਕੀਤਾ। ਬਾਅਦ ਵਿੱਚ ਹਾਲਾਂਕਿ, ਉਸਨੇ ਆਪਣਾ ਉਪਚਾਰੀ ਸਕੂਲ ਸਥਾਪਤ ਕੀਤਾ, ਜਿਸਨੂੰ ਵਿਅਕਤੀਗਤ ਮਨੋਵਿਗਿਆਨ ਵਜੋਂ ਜਾਣਿਆ ਜਾਂਦਾ ਹੈ। ਐਲਫ੍ਰੈਡ ਐਡਲਰ ਮਨੁੱਖ ਨੂੰ ਇਕ ਵਿਅਕਤੀਗਤ ਸਮੁੱਚ ਮੰਨਦਾ ਸੀ, ਇਸ ਲਈ ਉਸਨੇ ਆਪਣੀ ਮਨੋਵਿਗਿਆਨ ਨੂੰ "ਵਿਅਕਤੀਗਤ ਮਨੋਵਿਗਿਆਨ" ਕਿਹਾ । ਐਡਲਰ ਦੇ ਜ਼ਿਆਦਾਤਰ ਯੋਗਦਾਨਾਂ ਨੇ ਇਸ ਵਿਚਾਰ 'ਤੇ ਕੇਂਦ੍ਰਤ ਕੀਤਾ ਕਿ ਹਰੇਕ ਵਿਅਕਤੀ ਨੂੰ ਸਮੁੱਚੇ ਤੌਰ' ਤੇ ਵੇਖਣਾ ਜ਼ਰੂਰੀ ਹੁੰਦਾ ਹੈ, ਇਕ ਦੂਜੇ ਨਾਲ ਸਬੰਧਤ ਹਿੱਸਿਆਂ ਨਾਲ ਜੋ ਇਕ ਦੂਜੇ ਨੂੰ ਪ੍ਰਭਾਵਤ ਕਰਦੇ ਹਨ. ਕਿਉਂਕਿ ਉਸ ਦੇ ਵਿਚਾਰ ਮਨੋਵਿਗਿਆਨਕ ਮੁੱਖਧਾਰਾ ਦੇ ਵਿਚਾਰ ਨਾਲੋਂ ਕਾਫ਼ੀ ਵੱਖਰੇ ਹਨ , ਇਸ ਦੇ ਫਲਸਰੂਪ ਉਸਨੂੰ ਫ੍ਰਾਇਡ ਦੇ ਨਜ਼ਦੀਕੀ ਸਹਿਯੋਗੀ ਸਮੂਹ ਤੋਂ ਬਾਹਰ ਕੱਢ ਦਿੱਤਾ ਗਿਆ। ਇਸ ਪਲ ਤੋਂ , ਐਲਫਰਡ ਐਡਲਰ ਨੇ ਆਪਣੇ ਆਪਣੇ ਸਿਧਾਂਤ ਵਿਕਸਿਤ ਕਰਨ ਅਤੇ ਆਪਣੇ ਵਿਚਾਰਾਂ ਦੀ ਪੜਤਾਲ ਕਰਨ ਦੀ ਸ਼ੁਰੂਆਤ ਕੀਤੀ। ਫ੍ਰਾਇਡ ਦੇ ਚੱਕਰ ਵਿਚੋਂ ਕੱਢਣ ਤੇ ਉਸ ਦੇ ਕੈਰੀਅਰ 'ਤੇ ਗੰਭੀਰ ਪ੍ਰਭਾਵ ਪੈਣ ਦੇ ਬਾਵਜੂਦ, ਐਲਫ੍ਰੈਡ ਐਡਲਰ ਮਨੋਵਿਗਿਆਨ ਦੇ ਮੁੱਖ ਪ੍ਰਮੋਟਰਾਂ ਵਿਚੋਂ ਇਕ ਬਣ ਗਿਆ ਅਤੇ ਇਤਿਹਾਸ ਦੇ ਸਭ ਤੋਂ ਮਸ਼ਹੂਰ ਮਨੋਵਿਗਿਆਨਕਾਂ ਵਿਚੋਂ ਇਕ ਬਣ ਗਿਆ। ਉਸਦੇ ਵਿਚਾਰਾਂ ਨੇ ਅਬਰਾਹਿਮ ਮਸਲੋ ਅਤੇ ਐਲਬਰਟ ਐਲੀਸ ਵਰਗੇ ਚਿੰਤਕਾਂ ਨੂੰ ਪ੍ਰਭਾਵਤ ਕੀਤਾ ਅਤੇ ਇਸਦੀ ਨੀਂਹ ਰੱ ਖੀ ਜੋ ਬਾਅਦ ਵਿੱਚ ਮਾਨਵਵਾਦੀ ਮਨੋਵਿਗਿਆਨ ਵਜੋਂ ਜਾਣੀ ਜਾਂਦੀ ਹੈ। ਪਹਿਲਾਂ , ਇਹ ਮਨੋਵਿਗਿਆਨੀ ਮਨੋਵਿਗਿਆਨ ਦੇ ਪ੍ਰਮੋਟਰਾਂ ਵਿੱਚੋਂ ਇੱਕ ਸੀ . ਹਾਲਾਂਕਿ, ਟੁੱਟਣ ਤੋਂ ਬਾਅਦ ਉਹ ਆਪਣੇ ਵਿਚਾਰਧਾਰਾ ਦਾ ਵਿਕਾਸ ਕਰਨ ਵਾਲੇ ਪਹਿਲੇ ਥੈਰੇਪਿਸਟਾਂ ਵਿੱਚੋਂ ਇੱਕ ਵੀ ਬਣ ਗਿਆ। ਸਾਰੀ ਉਮਰ ਉਸਨੇ ਜ਼ੋਰ ਦੇ ਕੇ ਕਿਹਾ ਕਿ ਉਹ ਫ੍ਰਾਇ ਡ ਦਾ ਚੇਲਾ ਨਹੀਂ ਬਲਕਿ ਉਸਦਾ ਸਹਿਯੋਗੀ ਸੀ।

ਸਭ ਤੋਂ ਮਹੱਤਵਪੂਰਣ ਉਹ ਹੈ "ਘਟੀਆਪੁਣੇ ਦਾ ਗੁੰਝਲਦਾਰ", ਜਿਸ ਨੂੰ ਉਹ ਮੁੱਖ ਕਾਰਕਾਂ ਵਿਚੋਂ ਇਕ ਮੰਨਦਾ ਸੀ ਜਿਸ ਨੇ ਹਰੇਕ ਵਿਅਕਤੀ ਦੀ ਸ਼ਖਸੀਅਤ ਅਤੇ ਉਨ੍ਹਾਂ ਦੇ ਗਠਨ ਨੂੰ ਨਿਰਧਾਰਤ ਕੀਤਾ।ਘਟੀਆ ਭਾਵਨਾ ਦੀ ਮਹੱਤਤਾ The inferiority complex' ਤੇ ਉਸ ਦੇ ਜ਼ੋਰ ਨੂੰ ਇਕ ਅਲੱਗ ਅਲੱਗ ਤੱਤ ਵਜੋਂ ਜਾਣਿਆ ਜਾਂਦਾ ਹੈ ਜੋ ਸ਼ਖਸੀਅਤ ਦੇ ਵਿਕਾਸ ਵਿਚ ਇਕ ਅਹਿਮ ਭੂਮਿਕਾ ਅਦਾ ਕਰਦਾ।ਹੈ

ਸੰਨ 1912 ਵਿਚ, ਐਲਫਰਡ ਐਡਲਰ ਨੇ ਸੁਸਾਇਟੀ ਫਾਰ ਇੰਡਿਵਜੁਅਲ ਸਾਈਕੋਲੋਜੀ ਦੀ ਸਥਾਪਨਾ ਕੀਤੀ. ਉਸ ਦੀ ਪਹਿਲੀ ਥਿਊਰੀ ਘਟੀਆ ਕੰਪਲੈਕਸ ਦੀ ਸੀ। ਇਸ ਦੇ ਅਨੁਸਾਰ ਬਚਪਨ ਤੋਂ ਹੀ ਲੋਕ ਦੂਜਿਆਂ ਨਾਲੋਂ ਉੱਚਾ ਹੋਣ ਦੀ ਕੋਸ਼ਿਸ਼ ਕਰਦਿਆਂ ਆਪਣੇ ਬਾਕੀਆਂ ਦੇ ਨਾਲੋਂ ਮਾੜੇ ਹੋਣ ਦੀ ਭਾਵਨਾ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਮਨੋਵਿਗਿਆਨੀ ਲਈ , ਇਹ ਗੁੰਝਲਦਾਰ ਉਹ ਤਾਕਤ ਹੈ ਜੋ ਜ਼ਿਆਦਾਤਰ ਮਨੁੱਖੀ ਭਾਵਨਾਵਾਂ, ਵਿਹਾਰ ਅਤੇ ਵਿਚਾਰਾਂ ਨੂੰ ਅੱਗੇ ਵਧਾਉਂਦੀ ਹੈ।

### ਸ਼ਖਸੀਅਤ ਦਾ ਸਿਧਾਂਤ

ਐਲਫ੍ਰੈਡ ਐਡਲਰ ਨੇ ਆਪਣੇ ਇਸ ਵਿਚਾਰ ਨੂੰ ਅੱਗੇ ਤੋਰਿਆ ਕਿ ਮਨੁੱਖੀ ਸ਼ਖਸੀਅਤ ਦਾ ਟੈਲੀਓਲੋਜੀਕਲ ਤੌਰ ਤੇ ਵਿਆਖਿਆ ਕੀਤੀ ਜਾ ਸਕਦੀ ਹੈ. ਇਸਦਾ ਅਰਥ ਹੈ ਕਿ ਇਸਦੇ ਕੁਝ ਹਿੱਸੇ ਘਟੀਆਪਣ ਦੀਆਂ ਭਾਵਨਾਵਾਂ ਨੂੰ ਉੱਚਤਾ ਵਾਲੇ ਜਾਂ ਸੰਪੂਰਨ ਮਹਿਸੂਸ ਕਰਨ ਵਾਲੇ ਲੋਕਾਂ ਵਿੱਚ ਬਦਲਣ ਦਾ ਕੰਮ ਕਰਦੇ ਹਨ ਇਹ ਸਿਧਾਂਤ ਉਨ੍ਹਾਂ ਦੀ ਘਟੀਆ ਗੁੰਝਲਦਾਰ ਦੀ ਧਾਰਣਾ ਦਾ ਕੇਂਦਰੀ ਹੈ।

ਦੂਜੇ ਪਾਸੇ, ਇਹ ਮਨੋਵਿਗਿਆਨੀ ਇਹ ਵੀ ਮੰਨਦਾ ਹੈ ਕਿ ਆਦਰਸ਼ ਸਵੈ ਦੀ ਇੱਛਾਵਾਂ ਦਾ ਅਕਸਰ ਵਾਤਾਵਰਣ, ਸਮਾਜ ਅਤੇ ਨੈਤਿਕਤਾ ਦੀਆਂ ਮੰਗਾਂ ਨਾਲ ਵਿਰੋਧ ਚੱਲਦਾ ਰਹਿੰਦਾ ਹੈ। ਜੇ ਵਿਅਕਤੀ ਦੋਵਾਂ ਕਾਰਕਾਂ ਨੂੰ ਸਹੀ ਤਰ੍ਹਾਂ ਮੁਆਵਜ਼ਾ ਦੇਣ ਦੇ ਯੋਗ ਨਹੀਂ ਹੁੰਦਾ , ਤਾਂ ਘਟੀਆਪਣ ਗੁੰਝਲਦਾਰ ਪੈਦਾ ਹੁੰਦਾ ਹੈ; ਅਤੇ ਵਿਅਕਤੀ ਅਹੰਕਾਰੀ, ਹਮਲਾਵਰ ਜਾਂ ਸ਼ਕਤੀ-ਭਾਲਣ ਵਾਲੀਆਂ ਵਿਸ਼ੇਸ਼ਤਾਵਾਂ ਦਾ ਵਿਕਾਸ ਕਰ ਸਕਦਾ ਹੈ।

## ਮਨੋਵਿਗਿਆਨਕ ਸਿਧਾਂਤ

ਐਲਫ੍ਰੈਡ ਐਡਲਰ ਮਨੋਵਿਗਿਆਨ ਦੇ ਖੇਤਰ ਵਿਚ ਪਹਿਲੇ ਲੇਖਕਾਂ ਵਿਚੋਂ ਇਕ ਸੀ ਇਸ ਵਿਚਾਰ ਹਾਮੀ ਭਰਦਾ ਸੀ ਕਿ ਸਾ ਡੇ ਟੀਚੇ ਉਹ ਤੱਤ ਹਨ ਜੋ ਸਾਡੀ ਤੰਦਰੁਸਤੀ ਵਿਚ ਸਭ ਤੋਂ ਵੱਧ ਜਿੰਮੇਵਾਰ ਹਨ। ਇਸ ਚਿੰਤਕ ਦਾ ਮੰਨਣਾ ਸੀ ਕਿ ਟੀਚੇ ਅਤੇ ਰਚਨਾਤਮਕਤਾ ਉਹ ਹਨ ਜੋ ਸਾਨੂੰ ਤਾਕਤ ਦਿੰਦੀਆਂ ਹਨ ਅਤੇ ਸਾਨੂੰ ਅੱਗੇ ਵਧਾਉਂਦੀਆਂ ਹਨ ਇਸ ਤਰੀਕੇ ਨਾਲ ਕਿ ਉਨ੍ਹਾਂ ਦਾ ਟੈਲੀਓਲੋਜੀਕਲ ਕਾਰਜ ਹੁੰਦਾ ਹੈ। ਉਹ ਅਧਾਰ 'ਤੇ ਨਿਰਭਰ ਕਰਦਾ ਹੈ ਜਿੱਥੋਂ ਉਹ ਸ਼ੁਰੂ ਕਰਦੇ ਹਨ, ਟੀਚੇ ਸਕਾਰਾਤਮਕ ਜਾਂ ਨਕਾਰਾਤਮਕ ਹੋ ਸਕਦੇ ਹਨ। ਇਸ ਤਰ੍ਹਾਂ ਉਦਾਹਰਣ ਵਜੋਂ, ਪਤਲੇ ਹੋਣ ਦੀ ਇੱਛਾ ਇਕ ਘਟੀਆਪਣ ਦੇ ਕੰਪਲੈਕਸ ਤੋਂ ਆ ਸਕਦੀ ਹੈ (ਜਿਸ ਸਥਿਤੀ ਵਿੱਚ ਇਹ ਅਣਚਾਹੇ ਨਕਾਰਾਤਮਕ ਨਤੀਜੇ ਲਿਆਏਗਾ); ਪਰ ਇਹ ਆਪਣੇ ਆਪ ਨੂੰ ਬਿਨਾਂ ਸ਼ਰਤ ਮਨਜ਼ੂਰੀ ਤੋਂ ਵੀ ਸ਼ੁਰੂ ਕਰ ਸਕਦਾ ਹੈ

## ਸ਼ਖਸੀਅਤ ਦੀ ਟਾਈਪੋਲੋਜੀ

ਮਨੁੱਖੀ ਮਨ ਦੇ ਕੰਮ ਕਰਨ ਬਾਰੇ ਆਪਣੀ ਖੋਜ ਵਿੱਚ , ਐਡਲਰ ਨੇ ਇੱਕ ਟਾਈਪੋਲੋਜੀ ਬਣਾਉਣ ਦੀ ਕੋਸ਼ਿਸ਼ ਕੀਤੀ ਜਿਸ ਵਿੱਚ ਉਸਨੇ ਮੌਜੂਦਾ ਸ਼ਖਸੀਅਤ ਦੀਆਂ ਵੱਖ ਵੱਖ ਕਿਸਮਾਂ ਦਾ ਸ਼੍ਰੇਣੀਬੱਧ ਕੀਤਾ . ਹਾਲਾਂਕਿ, ਉਸ ਦੀਆਂ ਸ਼੍ਰੇਣੀਆਂ ਇੰਨੀਆਂ ਬੰਦ ਨਹੀਂ ਸਨ ਜਿੰਨੀਆਂ ਤਜਵੀਜ਼ ਕੀਤੀਆਂ ਗਈਆਂ ਸਨ।

ਇਕ ਸ੍ਰੇਣੀ ਵਿਚ ਲੋਕ ਵਿਸ਼ੇਸ਼ ਤੌਰ 'ਤੇ ਸੰਵੇਦਨਸ਼ੀਲ ਹੁੰਦੇ ਹਨ, ਅਤੇ ਇਸ ਲਈ ਉਨ੍ਹਾਂ ਨੂੰ ਆਪਣੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਤੋਂ ਬਚਾਉਣ ਲਈ ਸਵੈ-ਰੱਖਿਆ ਰਣਨੀਤੀਆਂ ਦਾ ਵਿਕਾਸ ਕਰਨਾ ਪਿਆ ਹੈ। ਉਨ੍ਹਾਂ ਕੋਲ ਅਕਸਰenergy ਊਰਜਾ ਦਾ ਪੱਧਰ ਘੱਟ ਹੁੰਦਾ ਹੈ, ਅਤੇ ਉਹ ਜੋ ਚਾਹੁੰਦੇ ਹਨ ਉਹ ਪ੍ਰਾਪਤ ਕਰਨ ਦੂਜਿਆਂ 'ਤੇ ਨਿਰਭਰ ਕਰਦੇ ਹਨ। ਉਨ੍ਹਾਂ ਵਿਚ ਨਯੂਰੋਟਿਕ ਸਮੱਸਿਆਵਾਂ ਜਿਵੇਂ ਕਿ ਫੋਬੀਆ, ਮਜਬੂਰੀਆਂ ਜਾਂ ਚਿੰਤਾ ਪੈਦਾ ਕਰਨ ਦਾ ਰੁਝਾਨ ਹੁੰਦਾ ਹੈ।

ਇਹ ਇਕ ਸ੍ਰੇਣੀ ਵਿਚ ਉਹ ਲੋਕ ਹਨ ਜਿਨ੍ਹਾਂ ਦਾ ਮੁੱਖ ਡਰ ਹੈ ਗੁੰਮਣਾ , ਅਸਫਲ ਹੋਣਾ ਜਾਂ ਹਾਰ ਜਾਣਾ। ਇਸ ਲਈ , ਉਨ੍ਹਾਂ ਦੀ ਸਭ ਤੋਂ ਸ਼ਾਨਦਾਰ ਵਿਸ਼ੇਸ਼ਤਾਵਾਂ ਇਹ ਹੈ ਕਿ ਉਹ ਜੋਖਮ ਲੈਣ ਅਤੇ ਅਜਿਹੀਆਂ ਸਥਿਤੀਆਂ ਵਿਚ ਪੈਣ ਤੋਂ ਪਰਹੇਜ਼ ਕਰਦੇ ਹਨ ਜਿਨ੍ਹਾਂ ਬਾਰੇ ਉਹ ਸੋਚਦੇ ਹਨ ਕਿ ਉਹ ਸਾਹਮਣਾ ਨਹੀਂ ਕਰ ਸਕਣਗੇ। ਇਸ ਨਾਲ ਉਨ੍ਹਾਂ ਨੂੰ ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿਚ ਆਪਣੀ ਪੂਰੀ ਸੰਭਾਵਨਾ ਦਾ ਵਿਕਾਸ ਕਰਨਾ ਮੁਸ਼ਕਲ ਹੁੰਦਾ ਹੈ।ਇਹ ਪ੍ਰਹੇਜੀ ਕਿਸਮ ਵਿਚ ਆਉਂਦੇ ਹਨ।

ਇਕ ਲੋਕ ਅਜਿਹੀ ਸ਼ਖਸੀਅਤ ਦੇ ਹਨ ਜੋ ਆਰਥਿਕ ਸਰੀਰਕ ਅਤੇ ਸਮਾਜਕ ਸ਼ਕਤੀ ਦੀ ਭਾਲ ਕਰਨ ਵਾਲੇ ਮੁੱਖ ਗੁਣ ਰੱਖਦੇ ਹਨ ਅਤੇ ਉਹ ਅਸੰਭਾਵੀ ਵਿਵਹਾਰ ਨੂੰ ਪ੍ਰਦਰਸ਼ਤ ਕਰਨ ਅਤੇ ਦੂਜਿਆਂ ਨੂੰ ਉਹ ਪ੍ਰਾਪਤ ਕਰਨ ਲਈ ਹੇਰਾਫੇਰੀ ਕਰਨ ਦੇ ਸਭ ਤੋਂ ਵੱਧ ਸੰਭਾਵਨਾਵਾਂ ਰੱਖਦੇ ਹਨ।

ਚੌਥੀ ਸ਼ੈਲੀ ਵਾਲੇ ਵਿਅਕਤੀ ਅਕਸਰ ਬਹੁਤ ਬਾਹਰ ਜਾਣ ਵਾਲੇ, ਰਜਾਵਾਨ ਅਤੇ ਸਕਾਰਾਤਮਕ ਹੁੰਦੇ ਹਨ, ਉਹ ਆਮ ਤੌਰ 'ਤੇ ਆਪਣੇ ਵਾਤਾਵਰਣ ਨੂੰ ਬਿਹਤਰ ਬਣਾਉਣ ਅਤੇ ਜਿੱਥੇ ਉਹ ਕਰ ਸਕਦੇ ਹਨ , ਦੂਜਿਆਂ ਦੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸਦੇ ਇਲਾਵਾ, ਉਹ ਸਮਾਜਿਕ ਸਬੰਧਾਂ ਨੂੰ ਪਿਆਰ ਕਰਦੇ ਹਨ ਅਤੇ ਅਕਸਰ ਬਹੁਤ ਸਾਰੇ ਵੱਖੋ ਵੱਖਰੇ ਲੋਕਾਂ ਦੇ ਸੰਪਰਕ ਵਿੱਚ ਹੁੰਦੇ ਹਨ।

## ਘਟੀਆਪਣ ਅਤੇ ਉੱਤਮਤਾ ਦਾ ਗੁੰਝਲਦਾਰ

ਐਡਲਰ ਦੇ ਸਿਧਾਂਤ ਦੀ ਇਕ ਕੇਂਦਰੀ ਬਿੰਦੂ "ਘਟੀਆਪੱਖੀ ਕੰਪਲੈਕਸ" ਦੀ ਧਾਰਣਾ ਸੀ। ਇਹ ਭਾਵਨਾਵਾਂ ਦਾ ਸਮੂਹ ਹੈ ਜੋ ਵਿਅਕਤੀ ਨੂੰ ਇਹ ਵਿਸ਼ਵਾਸ ਕਰਨ ਲਈ ਅਗਵਾਈ ਕਰਦਾ ਹੈ ਕਿ ਉਹ ਕੰਮ 'ਤੇ ਨਹੀਂ ਚੱਲ ਰਹੇ ਜਾਂ ਉਹ ਘੱਟ ਸਵੈ -ਮਾਣ ਵਧਾਉਣ ਦੇ ਨਾਲ -ਨਾਲ ਹੋਰਾਂ ਨਾਲੋਂ ਵੀ ਭੈੜੇ ਹਨ।

ਘਟੀਆਪੁਣੇ ਦਾ ਗੁੰਝਲਦਾਰ ਉਦੋਂ ਹੁੰਦਾ ਹੈ ਜਦੋਂ ਵਿਅਕਤੀਗਤ ਅਸਫਲਤਾਵਾਂ ਜਾਂ ਬਾਹਰੀ ਆਲੋਚਨਾ ਦੇ ਕਾਰਨ ਕਿਸੇ ਵਿਅਕਤੀ ਵਿਚ ਬਾਕੀ ਦੇ ਨਾਲੋਂ ਭੈੜੇ ਹੋਣ ਦੀਆਂ ਕੁਦਰਤੀ ਭਾਵਨਾਵਾਂ ਤੇਜ਼ ਹੋ ਜਾਂਦੀਆਂ ਹਨ। ਹਾਲਾਂਕਿ, ਐਡਲਰ ਦੇ ਅਨੁਸਾਰ, ਹਰ ਕਿਸੇ ਕੋਲ ਇਸਦਾ ਕੁਝ ਹੱਦ ਤੱਕ ਹੁੰਦਾ ਹੈ; ਅਤੇ ਅਸਲ ਵਿੱਚ, ਇਹ ਮਨੋਵਿਗਿਆਨੀ ਮੰਨਦਾ ਸੀ ਕਿ ਉਹ ਦੁਨੀਆ ਦਾ ਮੁੱਖ ਇੰਜਣ ਸੀ , ਲੋਕਾਂ ਨੂੰ ਆਪਣੇ ਟੀਚਿਆਂ ਲਈ ਲੜਨ ਲਈ ਅਗਵਾਈ ਕਰ ਰਿਹਾ ਸੀ।

ਦੂਜੇ ਪਾਸੇ, ਐਡਲਰ ਨੇ ਇਹ ਵੀ ਵਿਸ਼ਵਾਸ ਕੀਤਾ ਕਿ ਬਹੁਤ ਸਾਰੀਆਂ ਸਥਿਤੀਆਂ ਵਿੱਚ ਘਟੀਆਪਣ ਦਾ ਕੰਪਲੈਕਸ ਉੱਤਮਤਾ ਪੈਦਾ ਕਰ ਸਕਦਾ ਹੈ. ਇਸ ਸਥਿਤੀ ਵਿੱਚ, ਵਿਅਕਤੀ ਇਸ act ਢੰਗ ਨਾਲ ਕੰਮ ਕਰੇਗਾ ਕਿ ਉਹ ਦੂਜਿਆਂ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਨਗੇ, ਅਤੇ ਆਪਣੇ ਆਲੇ ਦੁਆਲੇ ਦੇ ਬਾਕੀ ਵਿਅਕਤੀਆਂ ਨਾਲੋਂ ਬਿਹਤਰ ਮਹਿਸੂਸ ਕਰਨ ਲਈ ਬਾਕੀ ਦੇ ਤੋਂ ਉਪਰ ਹੋਣ ਦੀ ਕੋਸ਼ਿਸ਼ ਕਰਨਗੇ।

ਹਾਲਾਂਕਿ, ਅਸਲ ਵਿੱਚ ਅਦਾਕਾਰੀ ਦਾ ਇਹ ਤਰੀਕਾ ਇੱਕ ਚੰਗੇ ਸਵੈਮਾਣ ਤੋਂ ਨਹੀਂ ਸ਼ੁਰੂ ਹੁੰਦਾ, ਬਲਕਿ ਆਪਣੇ ਆਪ ਨੂੰ ਘਟੀਆਪਣ ਅਤੇ ਦਰਦ ਦੀਆਂ ਭਾਵਨਾਵਾਂ ਨੂੰ ਲੁਕਾਉਣ ਦੀ ਇੱਕ ਰਣਨੀਤੀ ਹੋਵੇਗੀ। ਜੇ ਵਿਅਕਤੀ ਆਪਣੇ ਘਟੀਆਪਣ ਦੇ ਕੰਪਲੈਕਸ ਨੂੰ ਸੁਲਝਾਉਣ ਦੇ ਯੋਗ ਹੁੰਦਾ ਹੈ, ਤਾਂ ਉਹਨਾਂ ਨੂੰ ਬਾਕੀ ਦੇ ਨਾਲੋਂ ਉੱਚਾ ਹੋਣ ਦੀ ਜ਼ਰੂਰਤ ਆਪਣੇ ਆਪ ਖਤਮ ਹੋ ਜਾਂਦੀ ਹੈ।

ਇਸ ਪ੍ਰਕਾਰ ਹੀਣ-ਭਾਵਨਾ ਕੰਪਲੈਕਸ ਆਪਣੇ ਆਪ ਨੂੰ ਘਟੀਆ ਸਮਝਣ ਦੇ ਅਹਿਸਾਸ ਨੂੰ ਕਹਿੰਦੇ ਹਨ। ਬੰਦੇ ਦਾ ਮਨੋਬਲ ਡੋਲ ਜਾਂਦਾ ਹੈ, ਆਤਮ ਵਿਸ਼ਵਾਸ ਨਹੀਂ ਰਹਿੰਦਾ, ਬੰਦਾ ਆਪਣੇ ਆਪ ਨੂੰ ਅਧੂਰਾ ਮਹਿਸੂਸ ਕਰਦਾ ਹੈ। ਇਹ ਅਕਸਰ ਅਵਚੇਤਨ ਦਾ ਵਰਤਾਰਾ ਹੁੰਦਾ ਹੈ, ਅਤੇ ਇਹ ਇਸ ਅਹਿਸਾਸ ਵਿੱਚ ਘਿਰੇ ਵਿਅਕਤੀ ਨੂੰ ਬਹੁਤ ਵਾਰੀ ਘਾਟ ਪੂਰਤੀ ਲਈ ਅਸਾਧਾਰਨ ਸਰਗਰਮੀ ਦੇ ਰਾਹ ਤੋਰ ਲੈਂਦਾ,ਹੈ ਜਿਸ ਦੇ ਨਤੀਜੇ ਵਜੋਂ ਬੰਦਾ ਕੋਈ ਵੱਡੀ ਸ਼ਾਨਦਾਰ ਪ੍ਰਾਪਤੀ ਕਰ ਲੈਂਦਾ ਹੈ ਜਾਂ ਬਹੁਤ ਹੀ ਅਸਮਾਜਿਕ ਵਿਵਹਾਰ ਕਰਨ ਲੱਗ ਪੈਂਦਾ ਹੈ। ਆਧੁਨਿਕ ਸਾਹਿਤ ਵਿੱਚ ਪਸੰਦੀਦਾ ਪ੍ਰਗਟਾ ਸ਼ਬਦਾਵਲੀ "ਸਵੈ-ਮਾਣ ਦੀ ਲੁਕਵੀਂ ਘਾਟ" ਹੈ। ਬਹੁਤ ਸਾਰੇ ਲੋਕਾਂ ਲਈ, ਇਹ ਜੈਨੇਟਿਕ ਸ਼ਖਸੀ ਵਿਸ਼ੇਸ਼ਤਾਵਾਂ ਅਤੇ ਨਿੱਜੀ ਅਨੁਭਵ ਦੇ ਸੁਮੇਲ ਦੇ ਰਾਹੀਂ ਵਿਕਸਿਤ ਹੁੰਦਾ ਹੈ। ਹੀਣ -ਭਾਵਨਾ ਵੱਖ-ਵੱਖ ਕਾਰਣਾਂ ਤੋਂ ਪੈਦਾ ਹੁੰਦੀ ਹੈ , ਜਿਵੇਂ ਕਿ: ਵਿਤਕਰਾ, ਮਾਨਸਿਕ ਸਦਮਾ, ਖ਼ੁਦ ਆਪਣੀਆਂ ਗਲਤੀਆਂ ਅਤੇ ਅਸਫਲਤਾਵਾਂ ਆਦਿ। ਹੀਣ -ਭਾਵਨਾ ਵਿਅਕਤੀ ਦੀ ਆਪਣੀ ਭਲਾਈ ਅਤੇ ਵਿਵਹਾਰ ਤੇ ਮਹੱਤਵਪੂਰਣ ਪ੍ਰਭਾਵ ਪਾਉਂਦੀ ਹੈ। ਹੀਣ -ਭਾਵਨਾ ਜਾਂ ਘਟੀਆਪਣ ਦੇ ਅਹਿਸਾਸ ਦੀ ਜਾਂਚ ਅਤੇ ਉਸ ਦਾ ਵਰਣਨ ਸਭ ਤੋਂ ਪਹਿਲਾਂ ਵਿਆਨਾ ਦੇ ਮਨੋਵਿਗਿਆਨੀ ਐਲਫ੍ਰੈਡ ਐਡਲਰ ਨੇ ਕੀਤੀ ਸੀ।

ਇਹ ਇੱਕ ਮਾਨਸਿਕ ਰੋਗ ਹੈ ਜਿਸਦੇ ਬਹੁਤ ਸਾਰੇ ਮਰੀਜ਼ ਡਿਪਰੈਸ਼ਨ ਦੀ ਅਵਸਥਾ ਵਿੱਚ ਚਲੇ ਜਾਂਦੇ ਹਨ ਅਤੇ ਵਧੇਰੇ ਗੰਭੀਰ ਮਾਮਲਿਆਂ ਵਿੱਚ ਖ਼ੁਦਕੁਸ਼ੀ ਦਾ ਖ਼ਤਰਾ ਵੀ ਖੜਾ ਹੋ ਜਾਂਦਾ ਹੈ।

ਇਸ ਕੰਪਲੈਕਸ ਦੇ ਲੱਛਣਾਂ ਵਿੱਚੋਂ ਇੱਕ ਅਜਿਹੇ ਸੰਕੇਤਾਂ ਦਾ ਇਜਹਾਰ ਹੋ ਸਕਦਾ ਹੈ ਜਿਨ੍ਹਾਂ ਦੁਆਰਾ ਪੀੜਤ ਵਿਅਕਤੀ ਹੋਰ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਦਾ ਹੈ। ਦੂਜੇ ਲੱਛਣਾਂ ਵਿੱਚ ਸੰਪਰਕ ਅਸਫਲਤਾ, ਲੋਕਾਂ ਦਾ ਡਰ, ਗ਼ਲਤੀ ਕਰਨ ਦਾ ਡਰ, ਲਗਾਤਾਰ ਤਣਾਅ ਸ਼ਾਮਲ ਹਨ। ਘਟੀਆਪਣ ਕਈ ਵਾਰ ਬੋਲਣ ਵਿੱਚ ਨੁਕਸਾਂ ਦਾ ਅਵਚੇਤਨ ਕਾਰਨ ਵੀ ਹੁੰਦਾ ਹੈ।

ਮਨੋਵਿਗਿਆਨਕ ਆਲੋਚਨਾ ਪ੍ਰਣਾਲੀ ਵਿਚ ਕਾਰਲ ਯੁੰਗ Carl G. Jung ਦਾ ਨਾਮ ਬਹੁਤ ਮਹਤੱਵਪੂਰਨ ਹੈ। ਪਰੰਤੂ ਯੁੰਗ ਵਿਅਕਤੀਗਤ ਅਵਚੇਤਨ ਦੀ ਬਜਾਇ ਸਾਮੂਹਿਕ ਅਵਚੇਤਨ Collective Unconsciousness ਉੱਪਰ ਬੱਲ ਦਿੰਦਾ ਹੈ। ਉਹ ਫਰਾਇਡ ਵਾਂਗ ਕਲਾ ਨੂੰ 'ਲਿੰਗਕ-ਇੱਛਾ-ਤ੍ਰਿਪਤੀ' ਨਹੀਂ ਮੰਨਦਾ ਜੋ ਕਿ ਇਕ ਮਾਨਸਿਕ ਰੋਗੀ ਦੀਆਂ ਕਲਪਨਾਵਾਂ ਦੇ ਸਮਾਨਾਂਤਰ ਹੁੰਦੀ ਹੈ। ਉਸ ਅਨੁਸਾਰ ਇਕ ਲੇਖਕ ਕਿਸੇ ਜਾਤੀ ਦੀ ਸਿਮ੍ਰਤੀ ਵਿਚ ਦੱਬੇ ਹੋਏ ਆਦਿ-ਰੂਪ ਬਿੰਬਾਂ(ਆਰਕਿਟਾਈਪਸ) ਨੂੰ ਆਪਣੇ ਪਾਠਕਾਂ ਦੇ ਸਨਮੁੱਖ ਪੇਸ਼ ਕਰਦਾ ਹੈ ਅਤੇ ਇਸ ਤਰ੍ਹਾਂ ਉਹ ਵਿਅਕਤੀ ਦੇ ਸਵੈ -ਸੰਗਠਨ ਅਤੇ ਮਾਨਵ ਜਾਤੀ ਦੀ ਮਾਨਸਿਕ ਅਤੇ ਜਜ਼ਬਾਤਾਂ ਨਾਲ ਸੰਬੰਧਿਤ ਪੱਖਾਂ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਂਦਾ ਹੈ।

ਮਨੋਵਿਗਿਆਨਕ ਆਲੋਚਨਾ ਦੇ ਸੰਬੰਧ ਵਿਚ ਇਕ ਹੋਰ ਮਹੱਤਵਪੂਰਨ ਚਿੰਤਕ ਜੈੱਕ ਲਾਕਾਂ ਹੈ। ਉਸ ਨੇ ਭਾਸ਼ਾ ਵਿਗਿਆਨੀ ਸੌਸਿਉਰ ਦੇ ਸਿਧਾਂਤਾਂ ਨੂੰ ਫਰਾਇਡ ਦੇ ਮਨੋਵਿਸ਼ਲੇਸ਼ਣ ਸੰਕਲਪਾਂ ਨਾਲ ਜੋੜ ਕੇ ਉਸ ਨੇ ਸਿਗਨੀਫ਼ੀਕੇਸ਼ਨ ਦੀ ਪ੍ਰਕ੍ਰਿਆ ਉੱਪਰ ਲਾਗੂ ਕੀਤਾ। ਲਾਕਾਂ ਦਾ ਇਹ ਸੂਤਰ ਬੜਾ ਪ੍ਰਸਿੱਧ ਹੋਇਆ ਕਿ ਅਵਚੇਤਨ ਦੀ ਸੰਰਚਨਾ ਭਾਸ਼ਾ ਵਾਂਗ ਹੁੰਦੀ ਹੈ। ਜਿਵੇਂ ਬੱਚੇ ਦੀ ਪੂਰਵ ਭਾਸ਼ਾਈ ਸਟੇਜ ਨੂੰ 'ਕਲਪਨਾਤਮਕ' ਅਤੇ ਉੱਪਰ ਭਾਸ਼ਾਈ ਸਟੇਜ ਨੂੰ 'ਪ੍ਰਤੀਕਾਤਮਕ' ਕਹਿਣਾ ਚਾਹੀਦਾ ਹੈ। ਕਲਪਨਾਤਮਕ ਸਟੇਜ ਤੇ ਆਪਣੇ ਅਤੇ ਦੂਸਰੇ ਦੇ ਦਰਮਿਆਨ ਬੱਚਾ ਕੋਈ ਨਿਖੇੜਾ ਨਹੀਂ ਕਰ ਸਕਦਾ। ਪਰ ਜਦੋਂ ਉਹ 'ਪ੍ਰਤੀਕਾਤਮਕ' ਸਟੇਜ ਤੇ ਪਹੁੰਚ ਜਾਂਦਾ ਹੈ ਤਾਂ ਉਹ ਭਾਸ਼ਾਈ ਵਿਰੋਧਾਂ ਵਿਚ ਮਿਲੇ ਸਿਸਟਮ ਨੂੰ ਸਮਝ ਕੇ ਪੁਲਿੰਗ /ਇਸਤ੍ਰੀਲਿੰਗ, ਪਿਤਾ/ਪੁੱਤਰ ਅਤੇ ਮਾਂ/ਧੀ ਦੇ ਵਿਰੋਧ ਨੂੰ ਸਮਝਣ ਲੱਗ ਪੈਂਦਾ ਹੈ।

ਲਾਕਾਂ ਅਨੁਸਾਰ ਇਸ ਭਾਸ਼ਾਈ ਖੇਤਰ ਵਿਚ ਪਿਤਾ ਦਾ ਕਨੂੰਨ ਸਰਵ-ਉੱਚ ਹੈ ਕਿਉਂਕਿ ਇਸ ਵਿਚ 'ਲਿੰਗਮ' ਸੱਭ ਤੋਂ ਪ੍ਰਮੁੱਖ ਚਿਹਨਕ ਹੈ। ਇਹੀ ਹੋਰ ਸਾਰੇ ਚਿਹਨਕਾਂ ਨੂੰ ਅਰਥ ਪ੍ਰਦਾਨ ਕਰਦਾ ਹੈ।

ਲਾਕਾਂ ਚਿਹਨਕ ਨਾਲੋਂ ਚਿਹਨਤ ਤੇ ਬਲ ਦਿੰਦਾ ਹੈ। ਕੋਈ ਵੀ ਮਨੋਵਿਗਿਆਨਕ ਛਾਪ ਹੁੰਦੀ ਹੈ ਤਾਂ ਹੀ ਚਿਹਨਕ ਹੋਂਦ ਵਿਚ ਆਉਂਦਾ ਹੈ। ਲਾਕਾਂ ਦਾ ਇਹ ਕਹਿਣਾ ਕਿ ਅਵਚੇਤਨ ਭਾਸ਼ਾ ਦੇ ਸਮਾਨ ਸੰਰਚਿਤ ਹੈ, ਭਾਵ ਕਿ ਜੇ ਅਵਚੇਤਨ ਭਾਸ਼ਾ ਦੇ ਸਮਾਨ ਪੜ੍ਹਿਆ ਜਾ ਸਕਦਾ ਹੈ ਸਾਹਿਤ ਨੂੰ ਵੀ ਅਵਚੇਤਨ ਵਾਂਗ ਪੜ੍ਹਿਆ ਜਾ ਸਕਦਾ ਹੈ। ਦੂਸਰੇ ਸ਼ਬਦਾਂ ਵਿਚ ਭਾਸ਼ਾਈ ਸੰਕੇਤ ਕਿਉਂਕਿ ਕਿਸੇ ਨਾ ਕਿਸੇ 'ਘਾਟ' ਅਥਵਾ ਗੈਰ ਹਾਜ਼ਰੀ ਦਾ ਲਖਾਇਕ ਹੈ, ਸਾਹਿਤ ਮਨੋਵਿਸ਼ਲੇਸ਼ਣ ਦਾ ਅਵਚੇਤਨ ਹੈ 'Literature is the unconscious of psychoanalysis'.

ਲਾਕਾਂ ਦਾ ਸਭ ਤੋਂ ਵੱਡਾ ਕਾਰਨਾਮਾ ਇਹ ਹੈ ਕਿ ਫ਼ਰਾਇਡ ਹੀ ਨੂੰ ਹੀ ਆਧਾਰ ਬਣਾ ਕੇ ਉਸਨੇ ਫ਼ਰਾਇਡਵਾਦ ਨੂੰ ਬਦਲ ਦਿੱਤਾ ਅਤੇ ਉਸਦੀ ਨਵੀ ਸਾਰਥਕਤਾ ਤੇ ਬੱਲ ਦਿੱਤਾ ਕਿ ਮਨੁੱਖ ਕੋਈ ਖ਼ੁਦਮੁਖਤਾਰ ਹੋਂਦ ਨਹੀਂ, ਸਗੋਂ ਇੱਕ ਪ੍ਰਕਿਰਿਆ ਹੈ, ਹਰੇਕ ਪਲ ਨਿਰਮਾਣ ਅਧੀਨ, ਅੰਤਰ ਵਿਰੋਧ ਉੱਤੇ ਆਧਾਰਿਤ ਤੇ ਪਰਿਵਰਤਨਮੁਖੀ।

ਮਨੋਵਿਗਿਆਨਕ ਆਲੋਚਨਾ ਦੇ ਕਈ ਧਰਾਤਲ ਹੁੰਦੇ ਹਨ। ਪਹਿਲਾਂ ਤਾਂ ਇਹ ਕਿ ਸਾਹਿੱਤ ਦੀ ਸਿਰਜਣਾ ਕਰਨ ਵਾਲੇ ਲੇਖਕ ਆਪਣੇ ਪਾਤਰਾਂ ਦੀਆਂ ਕ੍ਰਿਆਵਾਂ-ਪ੍ਰਤੀਕ੍ਰਿਆਵਾਂ ਨੂੰ ਮਨੋਵਿਗਿਆਨਕ ਵਿਧੀ ਦੁਆਰਾ ਦਰਸਾਉਣ ਦੀ ਕੋਸ਼ਿਸ਼ ਕਰਦੇ ਹਨ। ਆਲੋਚਕਾਂ ਨੇ ਇਸ ਵਿਧੀ ਦੀ ਵਿਆਖਿਆ ਕਰਨੀ ਹੁੰਦੀ ਹੈ। ਦੂਜਾ ਧਰਾਤਲ ਸਿਰਜਣਾਤਮਕ ਲੇਖਕਾਂ ਦੇ ਆਪਣੇ ਮਨ ਨਾਲ ਸੰਬੰਧਿਤ ਰੱਖਦਾ ਹੈ। ਆਲੋਚਕਾਂ ਨੇ ਇਹ ਦੇਖਣਾ ਹੁੰਦਾ ਹੈ ਕਿ ਲੇਖਕ ਦੇ ਮਨ ਵਿਚ ਕੋਈ ਘਟਨਾ ਆਈ ਤਾਂ ਕਿਵੇਂ ਆਈ। ਬਚਪਨ ਤੇ ਕਿਸ਼ੋਰ ਅਵੱਸਥਾ ਵਿਚ ਲੇਖਕਾਂ ਦਾ ਮਨ ਜੀਵਨ ਦੀਆਂ ਬਹੁਤ ਸਾਰੀਆਂ ਵਿਸੰਗਤੀਆਂ ਤੇ ਵਚਿੱਤਰਤਾਵਾਂ ਨੂੰ ਅਨੁਭਵ ਕਰਦਾ ਹੈ। ਇਹ ਸਾਰੀ ਸਾਮੱਗਰੀ ਉਸਦੇ ਅਵਚੇਤਨ ਵਿਚ ਜਮ੍ਹਾਂ ਹੋ ਜਾਂਦੀ ਹੈ। ਇਸ ਅਵਚੇਤਨ ਵਿਚ ਉਸ ਦਾ ਸਮੂਹਿਕ ਅਵਚੇਤਨ ਵੀ ਭਰਪੂਰ ਯੋਗਦਾਨ ਪਾਉਂਦਾ ਹੈ। ਕਲਾਕਾਰ ਜਾਂ ਲੇਖਕ ਅਚੇਤ ਮਨ ਦੀਆਂ ਇੱਛਾਵਾਂ ਨੂੰ ਵਿਰੂਪਿਤ ਕਰਕੇ , ਕਲਪਨਾ ਦੁਆਰਾ ਸੰਤੁਸ਼ਟੀ ਪ੍ਰਾਪਤ ਕਰ ਲੈਂਦੇ ਹਨ ਪਰੰਤੂ ਸੁਚੇਤ ਮਨ ਤੋਂ ਇਹਨਾਂ ਦੇ ਵਾਸਤਵਿਕ ਪ੍ਰਯੋਜਨ ਅਤੇ ਮੰਤਵ ਛਿਪੇ ਰਹਿੰਦੇ ਹਨ। ਅਚੇਤਇੱਛਾਵਾਂ ਨੂੰ ਸੁਚੇਤ ਮਨ ਤੋਂ ਬਚਾਉਣ ਵਾਸਤੇ ਜਿੰਨ੍ਹਾਂ ਜੁਗਤਾਂ ਦਾ ਪ੍ਰਯੋਗ ਹੁੰਦਾ ਹੈ, ਉਨ੍ਹਾਂ ਵਿਚ ਸੰਘਣਾਪਣ Condensation, ਅਦਲ ਬਦਲ Displacement ਪ੍ਰਤੀਕ-ਯੋਜਨਾ ਆਦਿ ਮੁੱਖ ਹਨ। ਮਨੋਵਿਸ਼ਲੇਸ਼ਣਵਾਦ ਅਨੁਸਾਰ ਕਲਾ, ਕਲਾਕਾਰ ਦੁਆਰਾ ਦੈਨਿਕ ਜੀਵਨ ਵਿਚ ਵੇਖੇ ਸੁਪਨਿਆਂ ਵਾਂਗਰ ਹੈ(Art as Day Dreaming) ਇਸ ਤਰ੍ਹਾਂ ਅਸੀ ਦੇਖਦੇ ਹਾਂ ਕਿ ਫਰਾਇਡ ਦੀ ਮਨੋਵਿਸ਼ਲੇਸ਼ਣਵਾਦੀ ਵਿਧੀ ਨੇ ਸਾਹਿਤ ਸਿਰਜਣਾ ਅਤੇ ਸਾਹਿਤ ਅਧਿਐਨ ਦੋਹਾਂ ਖੇਤ ਰਾਂ ਵਿਚ ਵਿਸ਼ੇਸ਼ ਯੋਗਦਾਨ ਦਿੱਤਾ। ਇਹ ਆਲੋਚਨਾ ਸਾਹਿਤਕਾਰ ਦੇ ਮਨ ਦਾ ਅਤੇ ਪਾਤਰਾਂ ਦੇ ਵਿਵਹਾਰ ਨੂੰ ਅਧਿਐਨ ਦਾ ਵਿ ਸ਼ਾ ਬਣਾਉਂਦੀ , ਆਲੋਚਕ ਦੀ ਮਾਨਸਿਕਤਾ ਨੂੰ ਸਾਹਮਣੇ ਰੱਖ ਕੇ ਚਲਦੀ ਹੈ।

## ਮਨੋਵਿਗਿਆਨ ਦਾ ਵਿਸ਼ੈ- ਖੇਤਰ

ਮਨੋਵਿਗਿਆਨ ਦਾ ਵਿਸ਼ੈ-ਖੇਤਰ ਜਿਥੇ ਸਾਧਾਰਣ ਵਿਅਕਤਿਤਵ ਦੀ ਖੋਜ ਹੈ ਉਥੇ ਮਨੋਵਿਸ਼ਲੇਸ਼ਣ ਦਾ ਅਧਿਐਨ-ਖੇਤਰ ਅਸਾਧਾਰਣ ਵਿਅਕਤਿਤਵ ਦੀ ਖੋਜ ਹੈ ਜਾਂ ਵਿਅਕਤਿਵ ਦੇ ਅਸਾਧਾਰਣ ਵਿਵਹਾਰ ਦੇ ਹਾਲਾਤ ਦਾ ਨਿਰੀਖ਼ਣ ਕਰਨਾ ਹੈ। ਵਿਅਕਤਿਤਵ ਦੀ ਉਸਾਰੀ ਕਿਵੇਂ ਹੁੰਦੀ ਹੈ? ਕੋਈ ਵਿਅਕਤਿਤਵ ਦੂਜੇ ਨਾਲੋਂ ਸ੍ਰੇਸ਼ਠ ਕਿਵੇਂ ਹੈ? ਸਾਧਾਰਣ ਜਾਂ ਅਸਾਧਾਰਣ ਵਿਅਕਤਿਤਵ ਕਿਵੇਂ ਬਣਦਾ ਹੈ? ਇਸ ਸੰਬੰਧ ਵਿਚ ਮਨੋਵਿਗਿਆਨੀਆਂ ਦੇ ਵਿਚਾਰਾਂ ਵਿਚ ਭਿੰਨਤਾ ਹੈ ਸਮੁੱਚਤਾ ਵਿਚ ਵਿਅਕਤਿਤਵ ਦੀ ਸੰਰਚਨਾ ਵਿਚ ਜੈਵਿਕ (biological) ਸਾਂਸਕ੍ਰਿਤਕ, ਧਾਰਮਿਕ, ਸਮਾਜ-ਆਰਥਿਕ ਤੱਤ ਕਾਰਜਸ਼ੀਲ ਮੰਨੇ ਗਏ ਹਨ। ਫ਼ਰਾਇਡ ਨੇ ਮਾਨਵ -ਮਨ ਨੂੰ ਪਾਥਮਿਕ ਮੰਨ ਕੇ ਉਸ ਦੇ ਆਧਾਰ ਉਤੇ ਸਾਂਸਕ੍ਰਿਤੀ ਅਤੇ ਧਰਮ ਦੇ ਜਨਮ ਤੇ ਵਿਕਾਸ ਦੀ ਵਿਆਖਿਆ ਕਰਨੀ ਚਾਹੀ ਹੈ। ਉਸ ਨੇ ਇਸੇ ਲਈ ਵਿਅਕਤਿਤਵ ਦੀ ਉਸਾਰੀ ਵਿਚ ਈਡੀਪਸ-ਗੰਥੀ ਨੂੰ ਵਿਸ਼ੇਸ਼ ਮਹੱਤਵ ਦਿੱਤਾ ਹੈ। ਉਸ ਅਨੁਸਾਰ ਪ੍ਰਾਚੀਨ ਮਾਨਵ-ਪਰਿਵਾਰ ਵਿਚ ਪੁੱਤਰ ਆਪਣੇ ਪਿਤਾ ਦੀ ਹੱਤਿਆ ਕਰ ਦਿੰਦੇ ਸਨ ਕਿਉਂਕਿ ਪਿਤਾ ਈਰਖਾਵਸ ਆਪਣੇ ਹਰਮ ਦੀਆਂ ਔਰਤਾਂ ਵੱਲ ਪੁੱਤਰਾਂ ਨੂੰ ਜਾਣ ਤੋਂ ਸਖ਼ਤ ਮਨ੍ਹਾਂ ਕਰਦਾ ਸੀ। ਫ਼ਰਾਇਡ ਦੇ ਸ਼ਬਦਾਂ ਵਿਚ ਇਹ ਅਪਰਾਧ ਅਜਿਹੀ ਮਹਾਨ ਘਟਨਾ ਸੀ, ਜਿਸ ਨੇ ਸਾਂਸਕ੍ਰਿਤੀ ਦਾ ਆਰੰਭ ਕੀਤਾ ਅਤੇ ਜਿਸ ਨੇ ਉਦੋਂ ਤੋਂ ਲੈ ਕੇ ਅੱਜ ਤੱਕ ਮਾਨਵ ਨੂੰ ਚੈਨ ਦੀ ਨੀਂਦ ਨਹੀਂ ਸੌਣ ਦਿੱਤਾ। ਸਿਮਰਿਤੀ ਵਿਚ ਇਸ ਅਪਰਾਧ ਦੀ ਗੰਢ ਨਾਲ ਸਮਾਜਿਕਵਿਵਸਥਾ, ਨੈਤਿਕ-ਬੰਧਨ ਅਤੇ ਧਰਮ ਦਾ ਸੂਤਰਪਾਤ ਹੋਇਆ। ਫ਼ਰਾਇਡ ਦਾ ਵਿਚਾਰ ਸੀ ਕਿ ਵਿਅਕਤਿਤਵਦਾ ਮਨੋਤਾਪੀ ਹੋਣਾ ਸਾਂਸਕ੍ਰਿਤਕ -ਦਮਨ (civilization-suppression) ਨਾਲ ਜੁੜਿਆ ਹੋਇਆ ਹੈ। ਜਿੰਨਾਂ ਕਿਸੇ ਸਮਾਜ ਵਿਚ ਸਾਂਸਕ੍ਰਿਤਕ -ਮਨ ਘੱਟ ਹੋਵੇਗਾ, ਮਨੋਤਾਪੀ ਘੱਟ ਉਪਜਣਗੇ ਅਤੇ ਜਿੰਨਾਂ ਸਾਂਸਕ੍ਰਿਤਕ-ਦਮਨ ਵਧੇਰੇ ਹੋਵੇਗਾ ਉਨੇ ਹੀ ਵਧੇਰੇ ਮਨੋਤਾਪੀ ਪੈਦਾ ਹੋਣਗੇ। ਇਹ ਦਮਨਵੱਧਣ ਨਾਲ ਉਸ ਸਾਮਾਜ ਦੇ ਵਿਅਕਤੀ ਦੀ ਨਿਰਾਸ਼ਤਾ ਵਧੇਗੀ ਅਤੇ ਇਸ ਤੋਂ ਛੁਟਕਾਰਾ ਪਾਉਣ ਲਈ ਉਹ ਸਿਗਰਟ , ਸ਼ਰਾਬ ਅਤੇ ਡਰੱਗ ਲੈਣ ਅਤੇ ਧਰਮ ਅਤੇ ਪਿਆਰ ਦੇ ਉੱਦਾਤੀਕਰਣ ਵਰਗੇ ਬਦਲਵੇਂ ਖੁਸ਼ੀ ਦੇ ਸਾਧਨਾਂਦੀ ਤਲਾਸ਼ ਕਰਦਾ ਹੈ। ਇਸ ਤਰ੍ਹਾਂ ਜਦੋਂ ਵਿਅਕਤੀ ਦੀਆਂ ਮੁਢਲੀਆਂ ਲੋੜਾਂ ਦੀ ਤ੍ਰਿਪਤੀ ਵਿਚ ਸਮਾਜਿਕ-ਸਾਂਸਕ੍ਰਿਤਕ ਬੰਧਨ ਪੈਦਾ ਹੁੰਦਾ ਹੈ ਤਾਂ ਮਨੋਸੰਤਾਪ ਪੈਦਾ ਹੁੰਦੇ ਹਨ। ਮਨੋ ਸੰਤਾਪੀ ਵਿਅਕਤਿਤਵ ਦੇ ਵਿਵਹਾਰ ਦੀ ਸੂਖ਼ਮ ਖੋਜ ਦੀ ਸ਼ੁਰੂਆਤ ਦਾ ਸਿਹਰਾ ਡਾ. ਸਿਗਮੰਡ ਫ਼ਰਾਇਡ ਦੇ ਮਨੋਵਿਸ਼ਲੇਸ਼ਣ ਨੂੰ ਜਾਂਦਾ ਹੈ। ਫ਼ਰਾਇਡ ਦੀ ਮਨੋਵਿਗਿਆਨ ਨੂੰ ਵੱਡੀ

ਦੇਣ 'ਅਚੇਤਨ' ਦੀ ਖੋਜ ਨਹੀਂ ਕਿਉਂਕਿ 'ਅਚੇਤਨ' ਸੰਬੰਧੀ ਤਾਂ ਪਹਿਲਾਂ ਹੀ ਵਿਚਾਰਕਾਂ ਨੇ ਬੜੇ ਲੰਮੇ ਸਮੇਂ ਤੋਂ ਖੋਜ ਕਰ ਲਈ ਹੋਈ ਸੀ। ਭਾਰਤੀ ਵਿਚਾਰਕਾਂ ਦੇ ਮਨ ਦੇ ਚਾਰ ਭਾਗਾਂ ਵਿਚ'ਸੁਖੋਪਤੀ ਅਚੇਤਨ ਮਨ ਹੀ ਹੈ ਅਤੇ ਇਸੇ ਤਰ੍ਹਾਂ ਲਿਬਨੀਜ਼ ਨੇ ਮਨ ਨੂੰ ਚਾਰ ਭਾਗਾਂ ਵਿਚ ਵੰਡ ਕੇ 'ਅਚੇਤਨ' ਨੂੰ ਮਨ ਦਾ ਮਹੱਤਵਪੂਰਣ ਭਾਗ ਮੰਨਿਆ ਹੈ। ਫ਼ਰਾਇਡ ਨੇ ਆਪ ਵੀ ਕਦੇ 'ਅਚੇਤਨ' ਦੀ ਖੋਜ ਦਾ ਦਾਅਵਾਂ ਨਹੀਂ ਸੀ ਕੀਤਾ। ਇਸ ਤਰਾਂ ਅਚੇਤਨ ਉਪਰ ਖੋਜ ਦਾ ਆਧਾਰ ਪਹਿਲਾਂ ਹੀ ਫ਼ਰਾਇਡ ਲਈ ਮੌਜੂਦ ਸੀ। ਉਸ ਦੀ ਪ੍ਰਮੁੱਖ ਦੇਣ ਅਚੇਤਨ ਦੀ ਖੋਜ ਦੀਆਂ ਵਿਧੀਆਂ ਅਤੇ ਵਿਅਕਤਿਤਵ-ਸੰਰਚਨਾ ਵਿਚ ਕਾਰਜ਼ਸ਼ੀਲ ਕਾਰਕ ਹਨ।

## ਸਾਰ-ਅੰਸ਼:

ਭਾਵੇਂ ਫ਼ਰਾਇਡ ਦੇ 'ਮਨੋਵਿਸ਼ਲੇਸ਼ਣ' ਨਾਲ ਉਸ ਦੇ ਸਹਿਯੋਗੀਆਂ ਨੇ ਉਸ ਦੇ ਬਹੁਤ ਸਾਰੇ ਨੁਕਤਿਆਂ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਆਪਣੇ ਨਵੇਂ ਸਿਧਾਂਤ ਪੇਸ਼ ਕੀਤੇ। ਪੰਤੂ ਉਹ 'ਮਨੋਵਿਸ਼ਲੇਸ਼ਣ' ਨਾਲੋਂ ਮੁੱਢਲੇ ਤੌਰ 'ਤੇ ਟੁੱਟ ਨਹੀਂ ਸਕੇ। ਮਨੋਵਿਗਿਆਨ ਦੀ 'ਮਨੋਵਿਸ਼ਲੇਸ਼ਣ' ਬਹੁਤ ਹੀ ਮਹੱਤਵਪੂਰਨ ਸੰਪਰਦਾਇ ਹੈ ਜਿਸ ਵਿਚ ਜੁੰਗ (C.G. Jung), ਐਲPRਡ ਐਡਲਰ (Alfred Adler), ਓਟੋ ਰੈਂਕ (Otto Rank) , ਏਰਿਕਸਨ (Erikson), ਕਾਰੀਨ ਹਾਰਨੀ (Karen Horney), ਏਰਿਕ-ਫਰਾਮ (Erick Fromm) ਅਤੇ ਸੁਲੀਵਨ (Sullivan) ਨੇ ਆਪਣਾ ਬਹੁਮੁੱਲਾ ਯੋਗਦਾਨ ਪਾਇਆ ਹੈ। ਆਪਣੇ ਖੋਜ -ਕਾਰਜ਼ ਦੀ ਸੀਮਾ ਨੂੰ ਮੱਦੇ -ਨਜ਼ਰ ਰੱਖਦੇ ਹੋਏ ਅਸੀਂ ਫਰਾਇਡ ਦੇ ਨਾਲ ਐਡਲਰ ਅਤੇ ਜੁੰਗ ਦੇ ਸਿਧਾਤਾਂ ਨੂੰ ਹੀ ਪ੍ਰਮੁੱਖਤਾ ਦਿਤੀ ਹੈ ਭਾਵੇਂ ਯਥਾਯੋਗ ਦੂਸਰੇ ਚਿੰਤਕਾਂ ਦੇ ਵਿਚਾਰਾਂ ਨੇ ਵੀ ਆਪਣੇ ਖੋਜ-ਕਾਰਜ਼ ਦੀ ਮਦਦ ਲਈ ਵਰਤੋਂ ਵਿਚ ਲਿਆਂਦਾ ਗਿਆ ਹੈ। ਇਸ ਦਾ ਵੱਡਾ ਕਾਰਣ ਇਹ ਵੀ ਹੈ ਕਿ ਪੰਜਾਬੀ ਸਾਹਿਤ ਵਿਚ ਆਧਾਰ ਇਨਾਂ ਤਿੰਨਾਂ ਚਿੰਤਕਾਂ ਦੀਆਂ ਮਨੋਵਿਸ਼ਲੇਸ਼ਣ ਵਿਧੀਆਂ ਨੂੰ ਹੀ ਵਧੇਰੇਬਣਾਇਆ ਗਿਆ ਹੈ।

ਇਹ ਅਧਿਐਨ ਵਿਧੀ ਕਿਸੇ ਸਾਹਿਤਿਕ ਕਿਰਤ ਦੇ ਕਲਾ ਪੱਖ ਜਾਂ ਸੁਹਜਾਤਮਕ ਸੁਹਜ ਦੇ ਮਹੱਤਵ ਨੂੰ ਨਹੀਂ ਪਛਾਣਦੀ। ਕਿਸੇ ਰਚਨਾ ਦੇ ਕਲਾਤਮਕ ਗੁਣਾਂ ਨੂੰ ਵਿਚਾਰਨ ਪੱਖੋਂ ਇਹ ਵਿਧੀ ਯੋਗ ਨਹੀਂ।

ਇਸ ਵਿਧੀ ਵਿਚ ਇਹ ਵੀ ਦੋਸ਼ ਵੀ ਹੈ ਕਿ ਇਸਦੀ ਵਰਤੋਂ ਕਰਨ ਵਾਲੇ ਜਾਂ ਤਾਂ ਸਾਹਿਤਿਕ ਖੇਤਰ ਵਿਚ ਮਾਹਿਰ ਹੁੰਦੇ ਹਨ ਜਾਂ ਫਿਰ ਮਨੋਵਿਸ਼ਲੇਸ਼ਣਵਾਦ ਦੇ। ਉਹ ਇਕ ਖੇਤਰ ਦੇ ਪਰਿਣਾਮ ਦੂਜੇ ਖੇਤਰ ਉੱਤੇ ਬੜੇ ਹਾਸੋ- ਹੀਣੇ ਢੰਗ ਨਾਲ ਲਾਗੂ ਕਰਦੇ ਹਨ। ਲੋੜ ਇਸ ਕਿਸਮ ਦੇ ਆਲੋਚਕਾਂ ਦੀ ਹੈ ਜੋ ਸਾਹਿਤਿਕ ਖੇਤਰ ਅਤੇ ਮਨੋਵਿਗਿਆਨਕ ਖੇਤਰ ਦੋਹਾਂ ਵਿਚ ਮੁਹਾਰਤ ਰੱਖਦੇ ਹੋਣ।

ਮਨੋਵਿਸ਼ਲੇਸਵਾਦੀ ਸਮੀਖਿਆ ਸਾਹਿਤ ਆਲੋਚਨਾ ਦੀ ਬਜਾਇ ਸਾਹਿਤ ਸਿਰਜਣਾ ਵਿਚ ਵਧੇਰੇ ਸਹਾਈ ਹੈ। ਪਰ ਇਸ ਦੇ ਬਾਵਜੂਦ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਵਿਚ ਅਜੇ ਇਸ ਅਧਿਐਨ ਵਿਧੀ ਦਾ ਸੁਨਿਸ਼ਚਿਤ ਨਿਰਮਾਣ ਹੋਣਾ ਜ਼ਰੂਰੀ ਹੈ।

## ਮੁੱਖ ਕੇਂਦਰੀ ਸ਼ਬਦ:

ਹੀਣ-ਭਾਵਨਾ ਕੰਪਲੈਕਸ -----ਆਤਮ-ਹੀਣਤਾ

ਗੁੰਝਲਦਾਰ---ਜਟਿਲਤਾ/ਉਲਝਣ

ਟਾਈਪੋਲੋਜੀ--------ਕਿਸੇ ਚੀਜ਼ਦੀ ਵੱਖ ਵੱਖ ਵੰਨਗੀਆਂ ਵਿਚ ਵੰਡ

ਕਾਮ ਨਿਸ਼ਕਿਰਿਆ ਪੜਾਅ ---ਭੀਤਰੀ/ਗੁਪਤ

ਉੱਦਾਤੀਕਰਣ ਦੀ ਅਵੱਸਥਾ---ਸ਼ੁਧਤਾ/ਉਚਿਆਉਣ ਦੀ ਅਵੱਸਥਾ

ਆਤਮ-ਪੂਜਾ---ਆਤਮ-ਮੋਹ/ਆਤਮ-ਪ੍ਰੇਮ/ਨਾਰਸੀ ਰੁਚੀ

ਇਦ -----ਮਨਪ ਕਾਮਨਾ ਅੰਸ਼/ਮੂਲ ਬਿਰਤੀਆਂ ਦਾ ਪ੍ਰਗਟਾਅ

## ਸਵੈ-ਮੁਲਾਂਕਣ:

1. ਮਨੋਵਿਗਿਆਨ ਅਤੇ ਮਨੋਵਿਸ਼ਲੇਸ਼ਣ ਦਾ ਮੋਢੀ-----------------ਹੈ।:
ੳ. ਜੈੱਕ ਲਾਕਾਂ
ਅ. ਕਾਰਲ ਯੁੰਗ
ੲ. ਸਿਗਮੰਡ ਫਰਾਇਡ
ਸ. ਐਲਫ੍ਰੈਡ ਐਡਲਰ

2. ਅਵਚੇਤਨ ਦੀ ਸੰਰਚਨਾ ਭਾਸ਼ਾ ਵਾਂਗ ਹੁੰਦੀ ਹੈ। ਇਹ ਧਾਰਨਾ ਹੈ-
ੳ. ਸਿਗਮੰਡ ਫਰਾਇਡ
ਅ. ਕਾਰਲ ਯੁੰਗ
ੲ. ਜੈੱਕ ਲਾਕਾਂ
ਸ. ਐਲਫ੍ਰੈਡ ਐਡਲਰ

3. ਕਿਹੜਾ ਚਿੰਤਕ ਵਿਅਕਤੀਗਤ ਅਵਚੇਤਨ ਦੀ ਬਜਾਇ ਸਾਮੂਹਿਕ ਅਵਚੇਤਨCollective Unconsciousness

ਉੱਪਰ ਬੱਲ ਦਿੰਦਾ ਹੈ।
ੳ. ਕਾਰਲ ਯੁੰਗ
ਅ. ਜੈੱਕ ਲਾਕਾਂ
ੲ. ਸਿਗਮੰਡ ਫਰਾਇਡ
ਸ. ਐਲਫ੍ਰੈਡ ਐਡਲਰ

4. Introduction to Psychonalysis ਕਿਸ ਮਨੋਵਿਗਿਆਨਕ ਚਿੰਤਕ ਦੀ ਰਚਨਾ ਹੈ:

ੳ. ਜੈੱਕ ਲਾਕਾਂ
ਅ. ਕਾਰਲ ਯੁੰਗ
ੲ. ਸਿਗਮੰਡ ਫਰਾਇਡ
ਸ. ਐਲਫ੍ਰੈਡ ਐਡਲਰ

5. ਮਨ ਦੀ ਜਾਗਰਿਤ ਅਵੱਸਥਾ ਹੈ
ੳ. ਸੁਚੇਤ

ਅ. ਅਵਚੇਤਨ ਜਾਂ ਅਚੇਤ

ੲ. ਅਰਧ-ਸੁਚੇਤ

ਸ. ਉਪਰੋਕਤ ਕੋਈ ਵੀ ਨਹੀਂ

6. ਮਨੁੱਖ ਕੋਈ ਖ਼ੁਦਮੁਖਤਾਰ ਹੋਂਦ ਨਹੀਂ, ਸਗੋਂ ਇੱਕ ਪ੍ਰਕਿਰਿਆ ਹੈ, ਹਰੇਕ ਪਲ ਨਿਰਮਾਣ ਅਧੀਨ, ਅੰਤਰ ਵਿਰੋਧ ਉੱਤੇ ਆਧਾਰਿਤ ਤੇ ਪਰਿਵਰਤਨਮੁਖੀ।

ਇਹ ਕਥਨ ਹੈ:

ੳ. ਸਹੀ

ਅ. ਗਲਤ

7. ਐਡਲਰ ਕਾਮ-ਸ਼ਕਤੀ (libido) ਨੂੰ ਵਿਅਕਤਿਤਵ-ਸੰਰਚਨਾ ਵਿਚ ਵਿਸ਼ੇਸ਼ ਮਹੱਤਵ ਦਿੰਦਾ ਹੈ।

ਇਹ ਕਥਨ ਹੈ:

ੳ. ਸਹੀ

ਅ. ਗਲਤ

8. ਫ਼ਰਾਇਡ ਨੇ ਆਪਣੀ ਖੋਜ ਵਿਚ ਦੇਖਿਆ ਕਿ ਬਚਪਨ ਦੇ ਦਮਿਤ ਕਾਮ ਭਾਵ ਵਿਅਕਤਿਤਵ ਵਿਚ ਵਿਸ਼ੇਸ਼ ਯੋਗਦਾਨ ਪਾਉਂਦੇ ਹਨ , ਜਿਨ੍ਹਾਂ ਦਾ ਕਾਰਨ ਸਮਾਜਿਕ, ਸਾਂਸਕ੍ਰਿਤਕ, ਧਾਰਮਿਕ ਹੁੰਦਾ ਹੈ। ਇਹ ਕਥਨ ਹੈ:

ੳ. ਸਹੀ

ਅ. ਗਲਤ

9. ਹੈਸ਼ਟੀਰੀਆ (hysteria) ਅਤੇ ਸੰਮੋਹਨ (hypnosis) ਵਿਧੀ ਤੇ ਕਿਸ ਮਿਨੋਵਿਗਿਆਨੀ ਨੇ ਕੰਮ ਕੀਤਾ?

ੳ. ਜੈੱਕ ਲਾਕਾਂ

ਅ. ਕਾਰਲ ਯੁੰਗ

ੲ. ਸਿਗਮੰਡ ਫਰਾਇਡ

ਸ. ਐਲਫ੍ਰੈਡ ਐਡਲਰ

10. ਮਨ ਦੀ ਉਹ ਅਵੱਸਥਾ ---------------ਹੈ ਜਿਸ ਵਿਚ ਅਨੁਭਵਾਂ ਨੂੰ ਯਤਨ ਕਰਕੇ ਚੇਤੇ ਕੀਤਾ ਜਾ ਸਕਦਾ ਹੈ ਪਰ ਇਸ ਸੰਬੰਧੀ ਮਨੁੱਖ ਪਹਿਲਾਂ ਸੁਚੇਤ ਨਹੀਂ ਹੁੰਦਾ।

ੳ. ਅਰਧ-ਸੁਚੇਤ

ਅ. ਸੁਚੇਤ

ੲ-ਅਵਚੇਤਨ

11. super ego ਨਾਮ ਦਿੱਤਾ ਗਿਆ ਹੈ:

-

ੳ. ਨੈਤਿਕ ਮਨ

ਅ. ਅਤਿ-ਅਹੰ

ੲ. ਸਚਿਆਰਾ- ਆਪਾ

ਸ. ਉਪਰੋਕਤ ਸਾਰੇ

12. ਲਿਬੀਡੋ ਸਿਧਾਂਤ ਕਿਸ ਦੀ ਦੇਣ ਹੈ

ੳ. ਜੈੱਕ ਲਾਕਾਂ

ਅ. ਕਾਰਲ ਯੁੰਗ
ਏ. ਸਿਗਮੰਡ ਫਰਾਇਡ
ਸ. ਐਲਫ੍ਰੈਡ ਐਡਲਰ

13. ਖਾਲੀ ਥਾਂ ਭਰੋ:
ਸਿਗਮੰਡ ਫ਼ਰਾਇਡ ਦਾ ਜਨਮ ਇਕ ਯਹੂਦੀ ਪਰਿਵਾਰ ਵਿਚ ਮੌਰਵੀਆਂ ਦੇ ਕਸਬੇ ਫ਼ਰੀਬਰਗ(Freiberg) ਵਿਚ ---------------ਈ. ਨੂੰ ਹੋਇਆ।

ੳ. 26 ਮਈ 1855
ਅ. 6 ਜੂਨ 1858
ੲ. 6 ਮਈ 1856
ਸ. 16 ਮਈ 1854

14. ਫ਼ਰਾਇਡ ਨੇ ਨੀਤਸ਼ੇ ਦੀ ਮਨ ਸੰਬੰਧੀ ਪਰਿਭਾਸ਼ਕ ਸ਼ਬਦਾਵਲੀ(terminology) ਨੂੰ ਆਧਾਰ ਬਣਾ ਕੇ ਮਨ ਦੀ ਸੰਰਚਨਾ ਦੇ--------------ਦੀ ਕਲਾਸੀਕਲ ਪਰਿਕਲਪਨਾ ਪੇਸ਼ ਕੀਤੀ।

ੳ. ਤਿੰਨ ਭਾਗਾਂ

ਅ. ਚਾਰ ਭਾਗਾਂ

ੲ. ਪੰਜ ਭਾਗਾਂ

ਸ. ਛੇ ਭਾਗਾਂ

15. ਕਿਹੜੇ ਮਨੋਵਿਗਿਆਨਕ ਚਿੰਤਕ ਅਨੁਸਾਰ ਇਕ ਲੇਖਕ ਕਿਸੇ ਜਾਤੀ ਦੀ ਸਿਮ੍ਰਤੀ ਵਿਚ ਦੱਬੇ ਹੋਏ ਆਦਿ -ਰੂਪ ਬਿੰਬਾਂ (ਆਰਕਿਟਾਈਪਸ) ਨੂੰ ਆਪਣੇ ਪਾਠਕਾਂ ਦੇ ਸਨਮੁੱਖ ਪੇਸ਼ ਕਰਦਾ ਹੈ ਅਤੇ ਇਸ ਤਰ੍ਹਾਂ ਉਹ ਵਿਅਕਤੀ ਦੇ ਸਵੈਸੰਗਠਨ ਅਤੇ ਮਾਨਵ ਜਾਤੀ ਦੀ ਮਾਨਸਿਕ ਅਤੇ ਜਜ਼ਬਾਤਾਂ ਨਾਲ ਸੰਬੰਧਿਤ ਪੱਖਾਂ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਂਦਾ ਹੈ। :

ੳ. ਜੈੱਕ ਲਾਕਾਂ
ਅ. ਕਾਰਲ ਯੁੰਗ
ੲ. ਸਿਗਮੰਡ ਫਰਾਇਡ
ਸ. ਐਲਫ੍ਰੈਡ ਐਡਲਰ

16. ਵਿਅਕਤੀਗਤ ਮਨੋਵਿਗਿਆਨ Individual Pychology ਦੇ ਸਕੂਲ ਦਾ ਸੰਸਥਾਪਕ ਸੀ:

ੳ. ਜੈੱਕ ਲਾਕਾਂ
ਅ. ਐਲਫ੍ਰੈਡ ਐਡਲਰ
ੲ. ਸਿਗਮੰਡ ਫਰਾਇਡ
ਸ. ਕਾਰਲ ਯੁੰਗ

17. ਐਡਲਰ ਨੇ--------- ਵਿਚ ਵਿਆਨੀਆ ਯੂਨੀਵਰਸਿਟੀ ਤੋਂ ਗ੍ਰੈਜੂਏਟ ਕੀਤੀ।

ੳ. 1890
ਅ. 1895

ੲ. 1875

ਸ. 1886

18. ਸੁਸਾਇਟੀ ਫਾਰ ਇੰਡਿਵਿਜੁਅਲ ਸਾਈਕੋਲੋਜੀ ਦੀ ਸਥਾਪਨਾ ਹੋਈ

ੳ. 1910

ਅ. 1911

ੲ. 1912

ਸ. 1913

19. ਖਾਲੀ ਥਾਂ ਭਰੋ:

-------------------------ਆਪਣੇ ਆਪ ਨੂੰ ਘਟੀਆ ਸਮਝਣ ਦੇ ਅਹਿਸਾਸ ਨੂੰ ਕਹਿੰਦੇ ਹਨ ਜਿਸ ਨਾਲ ਬੰਦੇ ਦਾ ਮਨੋਬਲ ਡੋਲ ਜਾਂਦਾ ਹੈ, ਆਤਮ ਵਿਸ਼ਵਾਸ ਨਹੀਂ ਰਹਿੰਦਾ, ਬੰਦਾ ਆਪਣੇ ਆਪ ਨੂੰ ਅਧੂਰਾ ਮਹਿਸੂਸ ਕਰਦਾ ਹੈ।

20. ਖਾਲੀ ਥਾਂ ਭਰੋ:

ਮਨੁੱਖੀ ਮਨ ਦੇ ਕੰਮ ਕਰਨ ਬਾਰੇ ਆਪਣੀ ਖੋਜ ਵਿੱਚ , ਐਡਲਰ ਨੇ ਇੱਕ -----------------ਬਣਾਉਣ ਦੀ ਕੋਸ਼ਿਸ਼ ਕੀਤੀ ਜਿਸ ਵਿੱਚ ਉਸਨੇ ਮੌਜੂਦਾ ਸ਼ਖਸੀਅਤ ਦੀਆਂ ਵੱਖ ਵੱਖ ਕਿਸਮਾਂ ਦਾ ਸ਼੍ਰੇਣੀਬੱਧ ਕੀਤਾ . ਹਾਲਾਂਕਿ, ਉਸ ਦੀਆਂ ਸ਼੍ਰੇਣੀਆਂ ਇੰਨੀਆਂ ਬੰਦ ਨਹੀਂ ਸਨ ਜਿੰਨੀਆਂ ਤਜਵੀਜ਼ ਕੀਤੀਆਂ ਗਈਆਂ ਸਨ।

## ਅਭਿਆਸ ਪ੍ਰਸ਼ਨ

ਉੱਤਰ ਮਾਲਾ-ਸਵੈ-ਮੁਲਾਂਕਣ

1. ਮਨੋਵਿਗਿਆਨਕ ਆਲੋਚਨਾ ਦਾ ਕੀ ਅਰਥ ਹੈ?
2. ਫਰਾਇਡ ਦੀਆਂ ਮਨੋਵਿਗਿਆਨਕ ਧਾਰਨਾਵਾਂ ਦਾ ਵਰਣਨ ਕਰੋ।
3. ਮਨੋਵਿਗਿਆਨਕ ਦੇ ਖੇਤਰ ਵਿਚ ਫਰਾਇਡ ਦੀ ਕੀ ਦੇਣ ਹੈ?
4. ਮਨੋਵਿਸ਼ਲੇਸ਼ਣਵਾਦ ਦੀਆਂ ਸੀਮਾਵਾਂ ਦਾ ਵਰਣਨ ਕਰੋ।

## ਸੰਦਰਭ ਪੁਸਤਕ:


- ਮਨੋਵਿਸ਼ਲੇਸਣਾਤਮਕ ਸਾਹਿਤ ਚਿੰਤਨ, ਗੁਰਜੰਟ ਸਿੰਘ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%AE%E0%A8%A8%E0%A9%8B%E0%A8%B5%E0%A8%BF%E0%A8%97%E0%A8%BF%E0%A8%86%E0%A8%A8%E0%A8%95%20%E0%A8%86%E0%A8%B2%E0%A9%8B%E0%A8%9A%E0%A8%A8%E0%A8%BE

http://punjabi-univ2.pugmarks.in/topic.aspx?txt=%E0%A8%AE%E0%A8%A8%E0%A9%8B%E0%A8%B5%E0%A8%BF%E0%A8%97%E0%A8%BF%E0%A8%86%E0%A8%A8

ਉੱਤਰਮਾਲਾ

| | | | | |
|---|---|---|---|---|
| 1. ੲ | 2. ੲ | 3. ੳ | 4. ੲ | 5. ੳ |
| 6.ੳ | 7. ਅ | 8. ੳ | 9. ੲ | 10. ੳ |
| 11.ਸ | 12. ੲ | 13. ੲ | 14. ੳ | 15. ੳ |
| 16. ਅ | 17. ਅ | 18. ੲ | 19. ਹੀਣ-ਭਾਵਨਾ ਕੰਪਲੈਕਸ | |
| 20. ਟਾਈਪੋਲੋਜੀ | | | | |

# ਅਧਿਆਇ-4 ਰੂਸੀ ਰੂਪਵਾਦ

*Harpreet singh, Lovely Professional University*

ਵਿਸ਼ਾ ਵਸਤੂ (Content)

- ਉਦੇਸ਼
- ਪ੍ਰਸਤਾਵਨਾ
- ਵਿਸ਼ਾ ਵਸਤੂ
- ਸਾਰ-ਅੰਸ਼
- ਕੇਂਦਰੀ ਸ਼ਬਦ
- ਸਵੈ-ਮੁਲਾਂਕਣ
- ਅਭਿਆਸ ਪ੍ਰਸ਼ਨ
- ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ–

- ਰੂਸੀ ਰੂਪਵਾਦ ਦੇ ਸਰੂਪ ਅਤੇ ਪ੍ਰਕ੍ਰਿਤੀ ਨੂੰ ਸਮਝਣ ਦੇ ਕਾਬਲ ਬਣੇਗਾ।
- ਸਾਹਿਤ ਵਿਚ ਰੂਸੀ ਰੂਪਵਾਦ ਅਧਿਐਨ ਪ੍ਰਣਾਲੀ ਦੀ ਮਹੱਤਤਾ ਤੇ ਸਾਰਥਕਤਾ ਨੂੰ ਸਮਝਸਕਣਗੇ।
- ਸਾਹਿਤ ਆਲੋਚਨਾ ਵਿਚ ਇਸ ਦੀ ਵਰਤੋਂ ਦੁਆਰਾ ਸਾਹਿਤ ਦੀਆਂ ਵਿਭਿੰਨ ਦਿਸ਼ਾਵਾਂ ਦਾ ਮੁਲਾਂਕਣ ਕਰ ਸਕਣ ਦੇ ਸਮਰੱਥ ਹੋਵੇਗਾ।

## ਪ੍ਰਸਤਾਵਨਾ:

'ਰੂਪਵਾਦ' ਸਾਹਿਤ ਅਧਿਐਨ ਦੀ ਇਕ ਪਹੁੰਚ ਵਿਧੀ ਹੈ , ਜਿਸ ਦਾ ਜਨਮ ਸਾਹਿਤਕ ਸੱਚ ਨੂੰ ਵਿਗਿਆਨ ਦੇ ਸੱਚ ਨਾਲੋਂ ਨਿਖੇੜਨਾ ਅਤੇ ਉਸਦੇ ਮਾਰੂ ਪ੍ਰਭਾਵਾਂ ਤੋਂ ਸੁਰੱਖਿਅਤ ਕਰਨ ਦੀ ਇਛਾ ਵਿਚੋਂ ਹੋਇਆ।ਇਹ ਇਕ ਵਿਰੋਧਭਾਸ ਹੀ ਹੈ ਕਿ ਰੂਪਵਾਦੀਆਂ ਨੇ ਵਿਗਿਆਨਕ ਸੱਚ ਨਾਲੋਂ ਸਾਹਿਤਕ ਸੱਚ ਦੀ ਉਤਕ੍ਰਿਸ਼ਟਤਾ ਉੱਤੇ ਬੱਲ ਦੇਣ ਦੇ ਬਾਵਜੂਦ ਸਾਹਿਤਕ-ਅਲੋਚਨਾ ਨੂੰ ਵਿਗਿਆਨਕ ਰੂਪ ਦੇਣ ਦੀ ਕੋਸ਼ਿਸ਼ ਕੀਤੀ।ਉਨ੍ਹਾਂ ਯਤਨ ਕੀਤਾ ਕਿ ਸਾਹਿਤ -ਅਲੋਚਨਾ ਦਾ ਕਾਰਜ ਆਪ-ਮੁਹਾਰਾ ਨਾ ਹੋਕੇ ਵਿਗਿਆਨਕ ਹੋਵੇ।ਇਸ ਅਧਿਆਇ ਦੇ ਅਧਿਐਨ ਦੁਆਰਾ ਵਿਦਿਆਰਥੀ ਰੂਸੀ ਰੂਪਵਾਦ ਦੇ ਵਿਭਿੰਨ ਸੰਕਲਪਾਂ ਜਿਵੇਂ ਕਾਵਿ -ਭਾਸ਼ਾ, ਰੂਪ ਦਾ ਸੰਕਲਪ , ਅਜਨਬੀਕਰਨ, ਥੀਮ, ਮੋਟਿਫ, ਮੋਟੀਵੇਸ਼ਨ, ਫੈਬੁਲਾ, ਸੁਜੇਤ ਆਦਿ ਸੰਕਲਪਾਂ ਨੂੰ ਸਮਝਣ ਸਕਣਗੇ ਅਤੇ ਸਾਹਿਤ ਸਿਰਜਨਾ ਅਤੇ ਸਾਹਿਤ ਆਲੋਚਨਾ ਕਰ ਸਕਣ ਵਿਚ ਸਮਰੱਥ ਹੋਣਗੇ।

## ਵਿਸ਼ਾ ਵਸਤੂ:

ਰੂਪਵਾਦ ਨੂੰ ਸਾਹਿਤ-ਅਧਿਐਨ ਦੀ ਇਕ ਪਹੁੰਚ ਵਿਧੀ ਦੇ ਰੂਪ ਵਿਚ ਇਹ ਨਾਮ ਇਸ ਪਹੁੰਚ ਵਿਧੀ ਦੇ ਸਿਧਾਂਤਕਾਰਾਂ ਨੇ ਆਪ ਨਹੀ ਦਿੱਤਾ ਸਗੋਂ ਉਨ੍ਹਾਂ ਦੇ ਪਹਿਲਾਂ ਪ੍ਰਚਲਿਤ ਵਿਸ਼ੇ ਤੇ ਰੂਪ ਦੀ ਦਵੈਤ ਵਿਚ ਵਿਸ਼ਵਾਸਰੱਖਣ ਵਾਲੇ, ਵਿਸ਼ੇ ਉੱਤੇ ਲੋੜੋਂ ਵੱਧ ਬਲ ਦੇਣ ਵਾਲੇ ਸਿਧਾਂਤਕਾਰਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਦਿੱਤਾ।ਇਹ ਨਾਮ ਇਕ ਪਾਸੇ ਇਸ ਪੁਚੰਚ ਵਿਧੀ ਪ੍ਰਤੀ ਤ੍ਰਿਸਕਾਰ ਦਾ ਸੂਚਕ ਰਿਹਾ ਹੈ ਅਤੇ ਦੂਜੇ ਪਾਸੇ ਦਵੈਤਵਾਦੀ ਸਿਧਾਂਤਕਾਰਾਂ ਦੀ ਇਸ ਧਾਰਨਾ ਦਾ ਵਿਸ਼ੇ ਉੱਤੇ ਬਲ ਘਟਾਉਣ ਦਾ ਸਿੱਧਾ ਭਾਵ ਰੂਪ ਉੱਤੇ ਬਲ ਦੇਣਾ ਹੈ।

## ਰੂਪਵਾਦ ਦਾ ਸਾਹਿਤ-ਅਧਿਐਨ ਪਹੁੰਚ ਵਿਧੀ ਦੇ ਰੂਪ ਵਿਚ ਨਾਮਕਰਣ :

"ਰੂਸੀ ਰੂਪਵਾਦ 1914 ਤੋਂ 1930 ਤੱਕ ਰੂਸ ਅੰਦਰ ਸਾਹਿਤ ਅਲੋਚਨਾ ਦੀ ਇੱਕ ਪ੍ਰਭਾਵਸ਼ਾਲੀ ਸੰਪਰਦਾ ਸੀ। ਇਸ ਵਿਚ ਵਿਕਟਰ ਸ਼ਕਲੋਵਸਕੀ, ਰੋਮਨ ਜੈਕਬਸਨ, ਬੋਰਿਸ ਤੋਮਾਸੇਵਸਕੀ, ਯੂਰੀ ਤਿਨੀਆਨੋਵ, ਵਲਾਦੀਮੀਰ, ਅਤੇ ਬੋਰਿਸ ਇਖਨਬਾਮ ਕਈ ਬੇਹੱਦ ਪ੍ਰਭਾਵਸ਼ਾਲੀ ਰੂਸੀ ਅਤੇ ਸੋਵੀਅਤ ਵਿਦਵਾਨਾਂ ਦੀਆਂ ਰਚਨਾਵਾਂ ਸ਼ਾਮਲ ਹਨ ਜਿਹਨਾਂ ਨੇ 1914 ਅਤੇ 1930 ਦੇ ਵਿਚਕਾਰ ਕਾਵਿ-ਭਾਸ਼ਾ ਅਤੇ ਸਾਹਿਤ ਦੀ ਖਾਸੀਅਤ ਅਤੇ ਖੁਦਮੁਖਤਾਰੀ ਸਥਾਪਤ ਕਰਨ ਰਾਹੀ ਸਾਹਿਤਕ ਅਲੋਚਨਾ ਦੇ ਖੇਤਰ ਵਿੱਚ ਇਨਕਲਾਬ ਲੈ ਆਦਾਂ। ਰੂਸੀ ਰੂਪਵਾਦ ਨੇ ਮਿਖੇਲ ਬਾਖਤਿਨ ਅਤੇ ਯੂਰੀ ਲੋਟਮਾਨ ਵਰਗੇ ਚਿੰਤਕਾਂ ਉੱਤੇਅਤੇ ਸਮੁੱਚੇ ਸੰਰਚਨਾਵਾਦ ਉੱਤੇ ਤਕੜਾ ਪ੍ਰਭਾਵ ਪਾਇਆ। ਇਸ ਅੰਦੋਲਨ ਦੇ ਮੈਬਰਾਂ ਨੇ ਸੰਰਚਨਾਵਾਦੀ ਅਤੇ ਉਤਰ -ਸੰਰਚਨਾਵਾਦ ਦੌਰਾਂਵਿੱਚ ਵਿਕਸਿਤ ਹੋਈ ਆਧੁਨਿਕ ਸਾਹਿਤਕ ਅਲੋਚਨਾ ਉੱਤੇ ਪ੍ਰਸੰਗਿਕ ਪ੍ਰਭਾਵ ਪਾਇਆ।"

ਰੂਪ ਦਾ ਜਿਕਰ ਅਰਸਤੂ ਦੇ ਵੇਲੇ ਤੋਂ ਹੀ ਹੋ ਗਿਆ ਸੀ ਉਸ ਦੇ ਕਰਣ-ਅਨੁਕਰਣ, ਸੰਭਾਵਨਾ-ਸੰਭਾਵਿਤਾ, ਇਤਿਹਾਸ-ਸਾਹਿਤ ਆਦਿ ਜੁੱਟਾਂ ਰਾਹੀ ਵਸਤੂ ਅਤੇ ਰੂਪ ਵਿਚਕਾਰ ਬੁਨਿਆਦੀ ਕਿਸਮ ਦਾ ਨਿਖੇੜਾ ਸਥਾਪਤ ਕੀਤਾ ਸੀ। ਕਲਾ ਕਿਰਤ ਦੇ ਨਿਖੜਵੇਂ ਵਸਤੂ (metter), ਵਿਧੀ(mode) ਅਤੇ ਅੰਦਾਜ (manner) ਸਾਹਿਤ ਚਰਚਾ ਦਾ ਅਧਾਰ ਮਿੱਥ ਕੇ ਉਸ ਨੇ ਸਾਹਿਤ ਵਿਦਿਆ ਦਾ ਨਿਵੇਕਲਾ ਤੇ ਸੁਤੰਤਰ ਖੇਤਰ ਨਿਸਚਿਤ ਕੀਤਾ। 20ਵੀਂ ਸਦੀ ਦਾ ਰੂਪਵਾਦੀ ਉਸਾਰ ਇਸੇ ਅਧਾਰ 'ਤੇ ਉਸਰਿਆ ਹੋਇਆ ਹੈ। ਭਾਵੇਂ ਉਸਾਰ ਵਿੱਚ ਬੜੀ ਵੰਨ -ਸਵੰਨਤਾ ਆ ਗਈ ਹੈ ਪਰ ਅਧਾਰ ਦਾ ਮੁੱਢਲਾ ਮੁਹਾਂਦਰਾ ਪਹਿਲਾਂ ਵਾਂਗ ਹੀ ਅਡੋਲ ਹੈ।ਸੋ ਰੂਸੀ ਰੂਪਵਾਦ ਮਾਸਕੋ ਵਿੱਚ ਉਪਜਣ ਵਾਲਾ ਇਕ ਸਾਹਿਤਕ ਵਾਦ ਸੀ , ਇਕ ਅਜਿਹੀ ਅਲੋਚਨਾ ਪ੍ਰਣਾਲੀ , ਜਿਸ ਨੇ ਸਾਹਿਤ ਦੀ ਸਾਹਿਤਕਤਾ ਨੂੰ ਪ੍ਰਭਾਸ਼ਿਤ ਕਰਨ ਨਾਲ ਆਪਣਾ ਸਰੋਕਾਰ ਜੋੜਿਆ।

ਰੂਸੀ ਰੂਪਵਾਦੀ ਚਿੰਤਕਾਂ ਦੀ ਮੂਲ ਧਾਰਨਾ ਇਹ ਸੀ ਕਿਸਾਹਿਤਕ ਕਿਰਤਾਂ ਵਿਚਲੀ ਮਾਨਵੀ ਵਸਤੂ ਦਾ ਸਾਹਿਤਕ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਨਹੀਂ ਹੈ। ਇਨ੍ਹਾਂ ਰਚਨਾਵਾਂ ਦੇ ਮਾਧਿਅਮ ਰਾਹੀ ਪੇਸ਼ ਹੋਣ ਵਾਲੇ ਵਿਚਾਰ, ਭਾਵ ਅਤੇ ਮਾਨਵੀ ਸਥਿਤੀਆਂ ਸਾਹਿਤਕ ਪ੍ਰਗਟਾਵੇ ਨੂੰ ਕੇਵਲ ਲੋੜੀਦਾ ਕਲਾਤਮਕ ਸੰਦਰਭ ਪ੍ਰਦਾਨ ਕਰਨ ਦਾ ਪ੍ਰਕਾਰਜ ਨਿਭਾਉਂਦੀਆਂ ਹਨ।ਸਾਹਿਤ ਦੀ ਸਾਹਿਤਕਤਾ ਤਾਂ ਉਸਦੀਆਂ ਵਿਧੀਆਂ ਅਤੇ ਜੁਕਤਾਂ ਰਾਹੀ ਮੂਰਤੀਮਾਨ ਹੁੰਦੀ ਹੈ।ਇਹ ਵਿਧੀਆਂ ਅਤੇ ਜੁਕਤਾਂ ਸਾਡੀ ਪ੍ਰੱਖਣ ਵਿਧੀ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਸਾਡੇ ਯਥਾਰਥ ਬੋਧ ਨੂੰ ਉਜਾਗਰ ਕਰਦੀਆਂ ਹਨ ਅਤੇ ਸੱਜਰਾਪਨ ਬਖਸ਼ਦੀਆਂ ਹਨ।

ਇਹ ਅਲੋਚਨਾ ਪ੍ਰਣਾਲੀ ਸਾਹਿਤ ਦੇ ਅਧਿਐਨ ਲਈ ਵਸਤੂ ਨਾਲੋਂ ਰੂਪ ਨੂੰ ਮਹੱਤਵ ਪ੍ਰਦਾਨ ਕਰਦੀ ਹੈ।ਇਹ ਸਾਹਿਤਕ ਰਚਨਾਵਾਂ ਵਿਚਲੀ ਵਸਤੂ ਨੂੰ(ਵਿਚਾਰਾਂ, ਭਾਵਾਂ) ਨਿਰੋਲ ਅਮੂਰਤ ਵਸਤੂ ਨਹੀ ਸਗੋਂ ਰੂਪਮਾਨ ਹੋਈ ਵਸਤੂ ਵਜੋਂ ਦੇਖਦੀ ਹੈ।

ਰੂਸੀ ਰੂਪਵਾਦ ਮਾਸਕੋ ਵਿੱਚ ਉਪਜਣ ਵਾਲਾ ਇਕ ਸਾਹਿਤਕ ਵਾਦ ਸੀ। ਰੂਪ ਵਾਦੀਆਂ ਨੇ ਸਾਹਿਤ ਤੇ ਵਿਗਿਆਨ ਦੇ ਸੱਚ ਵਿਚੋਂ ਅੰਤਰ ਨਿਖੇੜ ਕਰਦਿਆਂ ਹੋਇਆਂ ਸੰਰਚਨਾ ਅਤੇ ਰੂਪ ਨੂੰ ਸੁਤੰਤਰ ਹੋਂਦ ਮੰਨਿਆਂ ਹੈ। ਵਿਸ਼ਵ ਪੱਧਰ ਉੱਪਰ ਰੂਸੀ ਰੂਪਵਾਦ ਅਤੇ ਨਵ-ਅਮਰੀਕੀ ਅਲੋਚਨਾ ਲਗਭਗ ਇਕੋ ਸਮੇਂ ਅਤੇ ਸੁਤੰਤਰ ਰੂਪ ਵਿਚ ਉਪਜਿਆ।20ਵੀਂ ਸਦੀ ਵਿੱਚ ਰੂਪਵਾਦ ਦਾ ਸੁਰ ਸਭ ਤੋਂ ਵਧੀਕ ਅਮਰੀਕੀ ਨਵ ਅਲੋਚਕਾਂ ਨੇ ਉਭਾਰਿਆ ਪਰ ਉਨ੍ਹਾਂ ਤੋਂ ਪਹਿਲਾਂ ਰੂਸੀ ਰੂਪਵਾਦ ਵਾਲੇ ਇਸ ਸੰਬੰਧੀ ਸਪੱਸ਼ਟ ਸੰਕੇਤ ਦੇ ਚੁਕੇ ਸਨ। ਇਹ ਕਹਿਣਾ ਗਲਤ ਹੋਵੇਗਾ ਕਿ ਨਵ-ਅਲੋਚਨਾ ਰੂਸੀ ਰੂਪਵਾਦ ਤੋਂ ਪ੍ਰਭਾਵਿਤ ਹੈ, ਇਨ੍ਹਾਂ ਵਿਚਕਾਰ ਸੰਚਾਰ ਦੀ ਸੰਭਾਵਨਾ ਤਕ ਵੀ ਨਹੀਂ ਸੀ। ਰੂਸੀ ਰੂਪਵਾਦੀ ਆਪਣੇ ਹੀ ਦੇਸ਼ ਵਿੱਚ ਵਧੇ-ਫੂਲੇ ਅਤੇ ਥੋੜੇ ਸਮੇਂ (1914-1930) ਬਾਅਦ ਕਨੂੰਨੀ ਤੌਰ 'ਤੇ ਦਬਾ ਦਿੱਤੇ ਗਏ।


ਰੂਸੀ ਰੂਪਵਾਦ ਨੂੰ ਅਰੰਭ ਕਰਨ ਵਾਲੇ ਮੁੱਖ ਸਮਰਥਕ ਅਤੇ ਇਸਦਾ ਵਿਕਾਸ ਕਰਨ ਵਾਲੇ ਰੂਸੀ ਰੋਮਨ ਜੈਕਬਸਨ ਸਨ। ਉਨ੍ਹਾਂ ਨੇ 1915 ਵਿੱਚ ਮਾਸਕੋ ਵਿੱਚ linguistic circle ਦੀ ਸਥਾਪਨਾ ਕੀਤੀ ਪੀਟਰ ਬੋਗਾਰਟਿਵ ਵੀ ਇਨ੍ਹਾਂ ਦੇ ਨਾਲ ਸਨ। ਇਨ੍ਹਾਂ ਨੇ ਚੈਕੋਸਲਵਾਕੀਆ ਦੇ ਸ਼ਹਿਰ ਪਰਾਗ ਵਿਖੇ (ਭਾਸ਼ਾ ਦੇ ਪਰਾਗ ਸਕੂਲ) ਦੀ ਸਥਾਪਨਾ ਕੀਤੀ। ਰੂਸੀ ਰੂਪਵਾਦ ਨੂੰ ਵਿਕਸਤ ਕਰਨ ਵਿੱਚ ਵਿਕਟਰ ਸ਼ਕਲੋਵਸਕੀ ਦਾ ਅਹਿਮ ਸਥਾਨ ਹੈ। ਇਸ ਨੇ 1916 ਵਿਚ The Society for the study of poetic language ਦੀ ਸਥਾਪਨਾ ਕੀਤੀ।ਇਸ ਨੂੰ ਓਪੋਜਾਜ਼ (OPOJAZ) ਵੀ ਕਿਹਾ ਗਿਆ।ਇਸ ਗਰੁੱਪ ਵਿਚ ਬੋਰਿਸ ਈਖਨਬਾਮ , ਤੋਮਾਸ਼ੇਵਸਕੀ ਅਤੇ ਤਿਆਜਾਨੋਵ ਚਿੰਤਕ ਸ਼ਾਮਲ ਸਨ।

ਇਨ੍ਹਾਂ ਦੋਹਾਂ ਅਲੋਚਨਾ ਸਕੂਲਾਂ ਦੇ ਆਪਸੀ ਵਿਚਾਰ -ਵਿਟਾਂਦਰੇ ਦੇ ਅਧਾਰ 'ਤੇ ਇ ਸ ਅਲੋਚਨਾ ਪ੍ਰਣਾਲੀ ਦਾ ਵਿਕਾਸ ਹੋਇਆ।ਇਹ ਪ੍ਰਣਾਲੀ ਰੂਸੀ ਰੂਪਵਾਦ ਅਖਵਾਈ। ਜਿਸ ਦੀ ਮੁੱਖ ਵਿਸ਼ੇਸ਼ਤਾ ਹੈ -ਅਧੁਨਿਕ ਸਾਹਿਤ ਚਿੰਤਨ ਵਾਂਗ ਹੀ ਰੂਸੀ ਰੂਪਵਾਦ ਵੀ ਸਾਹਿਤ ਵਿਦਿਆ ਦੀ ਨਿਵੇਕਲੀ ਅਤੇ ਸੁਤੰਤਰ ਹੋਂਦ ਉੱਤੇ ਜੋਰ ਦਿੰਦਾ ਹੈ। ਸੰਖੇਪ ਵਿੱਚ ਉਹ ਸਾਹਿਤ ਵਿਗਿਆਨ ਰਾਹੀ ਅਜਿਹੇ ਤੱਤਾਂ,ਗੁਣਾਂ ਜਾਂ ਲੱਛਣਾਂ ਦਾ ਅਧਿਐਨ ਕਰਨਾ ਚਾਹੁੰਦੇ ਸਨ, ਜਿਸ ਨਾਲ ਸਾਹਿਤ ਸਮੱਗਰੀ ਦੀ ਨਿਵੇਕਲੀ ਅਤੇ ਨਿਖੜਵੀ ਪ੍ਰਕਿਰਤੀ ਉਜਾਗਰ ਹੋ ਸਕੇ।

"ਉਪਰੋਕਤ ਦੋ ਮੁਢਲੀਆਂ ਸੰਸਥਾਵਾਂ ਤੋਂ ਬਿਨ੍ਹਾਂ ਰੂਸੀ ਰੂਪਵਾਦ ਦੇ ਵਿਕਾਸ ਵਿਚ ਇਕ ਤੀਜੀ ਸੰਸਥਾ ਦਾ ਵੀ ਮਹੱਤਵਪੂਰਨ ਹਿੱਸਾ ਹੈ। ਇਹ 1920 ਵਿਚ ਪੈਤ੍ਰੋਗਰਾਦ ਵਿਚ ਸਥਾਪਤ ਹੋਣ ਵਾਲਾ ਸਾਹਿਤ ਇਤਿਹਾਸ ਵਿਭਾਗ ਸੀ , ਇਹ ਵਿ ਭਾਗ ਪੈਤ੍ਰੋਗਰਾਦ ਇਨਸਟੀਚਿਊਟ ਆਫ਼ ਆਰਟ ਹਿਸਟਰੀ ਵਿਚ ਬਣਾਇਆ ਗਿਆ।ਪੈਤ੍ਰੋਗਰਾਦ ਦੇ ਇਸ ਨਵੇ ਕੇਂਦਰ ਵਿਚ ਵਿਕਟਰ ਜ਼ਿਰਮੰਸਕੀ , ਇਖਨਬਾਮ, ਸ਼ਕਲੋਵਸਕੀ, ਤਇਨਾਨੋਵ ਅਤੇ ਤੋਮਾਸ਼ੇਵਸਕੀ ਆਦਿ ਸਾਰੇ ਪ੍ਰਮੁੱਖ ਰੂਪਵਾਦੀ ਚਿੰਤਕ ਇਕੱਠੇ ਹੋ ਗਏ। ਇਸ ਪ੍ਰਕਾਰ ਮਾਸਕੋ ਅਤੇ ਪੀਟਰਜ਼ਬਰਗ ਤੋਂ ਬਾਅਦ ਪੈਤ੍ਰੋਗਰਾਦ ਰੂਪਵਾਦ ਦੇ ਇਕ ਸ਼ਕਤੀਸ਼ਾਲੀ ਕੇਂਦਰ ਵਜੋ ਉਭਰਿਆ। ਰੂਪਵਾਦ ਦੇ ਇਹ ਜੋਬਨ ਦੇ ਵਰ੍ਹੇ ਕਹੇ ਜਾ ਸਕਦੇ ਹਨ।ਪੈਤ੍ਰੋਗਰਾਦ ਦੇ ਕੇਂਦਰ ਤੋਂ ਰੂਪਵਾਦੀ ਨਿਯਮਿਤ ਰੂਪ ਵਿਚ ਆਪਣੇ ਵਿਚਾਰ ਪ੍ਰਕਾਸ਼ਿਤ ਕਰਨ ਲੱਗੇ। ਇਸ ਨਾਲ ਰੂਪਵਾਦੀ ਚਿੰਤਨ ਦਾ ਮੂੰਹ-ਮੱਥਾ ਦਿਨੋ-ਦਿਨ ਨਿਖਰਨ ਲੱਗਾ ਅਤੇ ਇਹ ਚਿੰਤਨ ਲੋਕ ਪ੍ਰਿਯ ਹੋਣ ਲੱਗਾ"

**ਰੂਸੀ ਰੂਪਵਾਦ ਦੇ ਸੰਕਲਪ/ਸਿਧਾਂਤ**

ਰੂਸੀ ਰੂਪਵਾਦ ਦੇ ਪ੍ਰਮੁੱਖ ਸੰਕਲਪ ਨੂੰ ਹੇਠ ਲਿਖੇ ਡਾਇਗ੍ਰਾਮ ਤੋਂ ਸਮਝਿਆ ਜਾ ਸਕਦਾ ਹੈ---




## ਕਾਵਿ ਭਾਸ਼ਾ:

ਰੂਪਵਾਦੀਆਂ ਦਾ ਕਹਿਣਾ ਸੀ ਕਿ ਸਾਹਿਤ ਵਿਚ ਭਾਸ਼ਾ ਦਾ ਵਿਸ਼ੇਸ਼ ਪ੍ਰਯੋਗ ਇਸ ਗਲ ਉੱਤੇ ਨਿਰਭਰ ਕਰਦਾ ਹੈ ਕਿ ਉਹ ਸਧਾਰਣ ਭਾਸ਼ਾ ਤੋਂ ਕਿਸ ਹੱਦ ਤੱਕ ਵੱਖਰੀ ਰਹਿੰਦੀ ਹੈ ਅਤੇ ਉਸ ਨੂੰ ਕਿਸ ਹੱਦ ਤਕ ਬਦਲਦੀ ਹੈ | ਸਾਧਾਰਣ ਭਾਸ਼ਾ ਦਾ , ਬੋਲ-ਚਾਲ ਤੇ ਸੰਚਾਰ ਹੈ, ਜਦੋਂ ਕਿ ਸਾਹਿਤਕ ਭਾਸ਼ਾ ਦੀ ਐਸੀ ਕੋਈ ਸਥਿਤੀ ਨਹੀਂ । ਉਸਦਾ ਕੰਮ ਸਿਰਫ਼ ਇਹ ਹੈ ਕਿ ਪਹਿਲਾਂ ਤੋਂ ਜਾਣੀਆਂ-ਪਛਾਣੀਆਂ 'ਤੇ ਦੇਖੀਆਂ ਭਾਲੀਆਂ ਵਸਤਾਂ ਨੂੰ ਅਸੀਂ ਵੱਖਰੇ ਰੂਪ ਵਿੱਚ ਦੇਖ ਸਕੀਏ । ਰੂਸੀ ਰੂਪਵਾਦੀਆਂ ਨੇ ਇਹ ਗਲ ਚੁੱਕੀ ਹੈ ਕਿ ਕੋਈ ਵੀ ਭਾਸ਼ਾ ਸੁਭਾਵਕ ਰੂਪ ਵਿਚ ਸਾਹਿਤਕ ਭਾਸ਼ਾ ਨਹੀਂ ਹੈ । ਮਿਸਾਲ ਵਜੋਂ ਜੇ ਅਸੀਂ ਕਿਸੇ ਨਾਵਲ ਵਿਚੋਂ ਕੋਈ ਵਾਰਤਾਲਾਪ ਜਾਂ ਦ੍ਰਿਸ਼ ਲਈਏ ਤਾਂ ਜ਼ਰੂਰੀ ਨਹੀਂ ਕਿ ਉਸ ਵਿਚ ਕੋਈ ਭਾਸ਼ਾਈ ਤੱਤ ਐਸਾ ਹੋਵੇ ਕਿ ਉਸਨੂੰ ਸਾਹਿਤਕ ਭਾਸ਼ਾ ਦੇ ਰੂਪ ਵਿਚ ਪੜ੍ਹਿਆ ਜਾਵੇ, ਕਿਉਂਕਿ ਉਹ ਸਾਹਿਤਕ ਕਿਰਤ ਵਿਚ ਸਥਿਤ ਹੈ ਤੇ ਉਸਦਾ ਹਿੱਸਾ ਹੈ । ਰੂਪਵਾਦੀਆਂ ਦਾ ਵਿਚਾਰ ਸੀ ਕਿ ਸਾਹਿਤ ਨੂੰ ਸਧਾਰਣ ਭਾਸ਼ਾ ਤੋਂ ਜਿਹੜੀ ਚੀਜ਼ ਵੱਖ ਕਰਦੀ ਹੈ, ਉਹ ਉਸਦਾ 'ਬਣਿਆ ਹੋਇਆ' ਹੋਣਾ ਹੈ । ਰੂਪਵਾਦੀ ਕਾਵਿ ਨੂੰ ਸਾਹਿਤਕ ਭਾਸ਼ਾ ਦਾ ਪ੍ਰਮੁੱਖ ਨਮੂਨਾ ਮੰਨਦੇ ਹਨ।ਅਰਥਾਤ ਉਹ ਉਚਾਰ ਜਿਸਨੂੰ ਪੂਰਨ ਧੁਨੀਆਤਮਕ ਸੁੰਦਰਤਾ ਵਿਚ ਸੰਗਠਿਤ ਕਰ ਦਿੱਤਾ ਗਿਆ ਹੋਵੇ। ਰੂਪਵਾਦੀਆਂ ਦਾ ਇਹ ਕਥਨ ਵੀ ਪ੍ਰਸਿੱਧ ਹੈ ਕਿ 'ਕਵਿਤਾ ਸਾਧਾਰਨ ਭਾਸ਼ਾ ਨਾਲ ਗਿਣੀ ਮਿਥੀ ਹਿੰਸਾ ਨੂੰ ਉਚਿਤ ਮੰਨਦੀ ਹੈ, ਜਿਸ ਨਾਲ ਕਿ ਇਹ ਸਾਡਾ ਧਿਆਨ ਆਪਣ ਵਲ ਖਿੱਚ ਸਕੇ ।'

ਨਿਰਸੰਦੇਹ ਰੂਪਵਾਦੀਆਂ ਦਾ ਆਰੰਭ ਬਿੰਦੂ ਸਾਹਿਤ ਦੀ ਭਾਸ਼ਾ ਹੈ। ਸਾਹਿਤ ਭਾਸ਼ਾ ਦੀ ਨਿਵੇਕਲੀ ਨੁਹਾਰ ਨਿਸ਼ਚਿਤ ਕਰਨ ਲਈ ਉਸ ਨੂੰ ਵਿਹਾਰ ਭਾਸ਼ਾ ਨਾਲੋਂ ਨਿਖੇੜਨਾ ਜਰੂਰੀ ਹੈ। ਇਹੋ ਉਨ੍ਹਾਂ ਦੇ ਚਿੰਤਨਦਾ ਅਰੰਭ ਬਿੰਦੂ ਹੈ।ਉਨ੍ਹਾਂ ਤੋਂ ਪਹਿਲਾਂ ਇਸ ਦਿਸ਼ਾ ਵੱਲ ਇਕ ਰੂਸੀਭਾਸ਼ਾ ਵਿਗਿਆਨੀ ਪੋਤੋਬਨੀਆ ਦਾ ਧਿਆਨ ਵੀ ਗਿਆ ਸੀ। ਉਸ ਨੇ ਵਿਹਾਰ ਭਾਸ਼ਾ ਨੂੰ ਸਾਹਿਤ ਭਾਸ਼ਾ ਨਾਲੋਂ ਨਿਖੇੜਿਆ ਤੇ ਰੂਪਵਾਦੀਆਂ ਨੇ ਸਾਹਿਤ ਭਾਸ਼ਾ ਨੂੰ ਵਿਹਾਰ ਭਾਸ਼ਾ ਨਾਲੋਂ।ਭਾਸ਼ਾ ਵਿਗਿਆਨੀ ਤੇ ਸਾਹਿਤ ਵਿਗਿਆਨੀ ਦੋਵੇ ਹੀ ਭਾਸ਼ਾ ਪ੍ਰਤੀ ਰੁਚਿਤ ਹਨ ਪਰ ਉਨ੍ਹਾਂ ਦੀ ਪ੍ਰਥਾਵਾਂ ਵਿੱਚ ਅੰਤਰ ਹੈ। ਜਿੱਥੇ ਭਾਸ਼ਾ ਵਿਗਿਆਨੀ ਖੇਤਰ ਵਿੱਚ ਭਾਸ਼ਾ ਨੂੰ ਅੱਵਲ ਤੇ ਸਾਹਿਤ ਨੂੰ ਦੂਜੈਲੀ ਥਾਂ ਮਿਲਦੀ ਹੈ ਉੱਥੇ ਸਾਹਿਤ ਵਿਗਿਆਨੀ ਖੇਤਰ ਸਾਹਿਤ ਨੂੰ ਅੱਵਲ ਅਤੇ ਭਾਸ਼ਾ ਨੂੰ ਦੂਜੈਲੀ। ਦੋਹਾਂ ਦੀ ਸਹਿਮਤੀ ਇਸ ਨੁਕਤੇ ਵਿੱਚ ਹੈ ਕਿ ਭਾਸ਼ਾ ਦੀ ਪਹਿਚਾਣ ਉਸ ਦੇ ਪ੍ਰਯੋਜਨ ਤੋਂ ਹੁੰਦੀ ਹੈ।ਉਸ ਦੇ ਬੁਨਿਆਦੀਸਿੱਟੇ ਦੋ ਸਨ-

- ਸਾਹਿਤ ਦਾ ਸਾਹਿਤ ਵਜੋ ਅਧਿਐਨ ਮੁੱਖ ਰੂਪ ਵਿੱਚ ਭਾਸ਼ਾ ਦਾ ਅਧਿਐਨ ਹੈ।
- ਕਾਵਿ ਭਾਸ਼ਾ ਦੇ ਨਿਵੇਕਲੇ ਲੱਛਣਾਂ ਦੀ ਪਹਿਚਾਣ ਵਾਰਤਕ ਜਾਂ ਵਿਵਹਾਰ , ਵਿਗਿਆਨਕ ਭਾਸ਼ਾ ਦੇ ਵਿਰੋਧ ਵਿੱਚ ਕੀਤੀ ਜਾ ਸਕਦੀ ਹੈ। ਰੂਪਵਾਦੀਆਂ ਦੇ ਚਿੰਤਨ ਦਾ ਅਰੰਭ ਬਿੰਦੂ ਇਹੋ ਅੰਤਰ ਦ੍ਰਿਸ਼ਟੀ ਹੈ। ਉਹਨਾਂ ਅਨੁਸਾਰ ਭਾਸ਼ਾ ਸੰਚਾਰ ਸਾਧਕ ਦਾ ਕੰਮ ਕਰਦੀ ਹੈ, ਉਸ ਦਾ ਸੁਤੰਤਰ ਮੁੱਲ ਨਹੀ ਹੁੰਦਾ। ਕਾਵਿ ਭਾਸ਼ਾ ਵਿੱਚ ਸੰਚਾਰਕ ਜਾਂ ਵਿਵਹਾਰਕ ਪ੍ਰਯੋਜਨ ਵੀ ਸ਼ਾਮਿਲ ਹੁੰਦਾ

ਹੈ ਪਰ ਉਹ ਪਿੱਠ ਭੂਮੀ ਵਿੱਚ ਚਲਾ ਜਾਂਦਾ ਹੈ ਤੇ ਭਾਸ਼ਕ ਰੂਪ ਵਿਧੀਆਂ ਦਾ ਆਪਣਾ ਸੁਤੰਤਰ ਮੁੱਲ ਅਗਾਹ ਆ ਜਾਂਦਾ ਹੈ। ਰੂਪਵਾਦੀਆਂ ਨੇ ਇਸ ਅੰਤਰ ਦ੍ਰਿਸ਼ਟੀ ਨੂੰfore grounding (ਅਗਰ ਭੂਮੀ) ਦੇ ਨਾਮ ਨਾਲ ਪੇਸ਼ ਕੀਤਾ ਹੈ।

## ਰੂਪ ਦਾ ਸੰਕਲਪ

ਇਸ ਖੇਤਰ ਵਿੱਚ ਰੂਪਵਾਦੀਆਂ ਦੀ ਸਿੱਧੀ ਟੱਕਰ ਪ੍ਰਤੀਕਵਾਦੀਆਂ ਨਾਲ ਹੈ। ਪ੍ਰਤੀਕਵਾਦੀ ਸ਼ਬਦਾਂ ਦੀ ਧੁਨੀ ਤੇ ਅਰਥਾਂ ਵਿਚਲੇ ਨਿਸਚਿਤ ਸੰਬੰਧ ਸਥਾਪਿਤ ਕਰਦੇ ਸਨ। ਉਨ੍ਹਾਂ ਦਾ ਮੱਤ ਸੀ ਕਿ ਸਬਦਾਂ ਉਨ੍ਹਾਂ ਦੇ ਅਰਥ ਦਾ ਲਾਜਮੀ ਅਧਾਰ ਹੈ। ਰੂਸੀ ਰੂਪਵਾਦੀਆਂ ਨੇ ਧੁਨੀ ਤੇ ਅਰਥਹੀਣ ਭਾਸ਼ਾ ਉੱਪਰ ਨਿੱਠ ਕੇ ਵਿਚਾਰ ਕੀਤੀ। ਇਹ ਸੰਯੋਗ ਸੀ ਕਿ ਇਨ੍ਹਾਂ ਦਿਨਾਂ ਵਿੱਚ ਹੀ ਆਧੁਨਿਕ ਭਾਸ਼ਾ ਵਿਗਿਆਨ ਦੇ ਮੋਢੀ ਸੋਸਿਊਰ 'ਆਪਹੁਦਰੇਪਣ' ਨੂੰ ਭਾਸ਼ਾ ਦਾ ਲਾਜਮੀ ਤੱਤ ਮਿੱਥ ਰਿਹਾ ਸੀ।ਰੂਸੀ ਰੂਪਵਾਦੀ ਵੀ ਧੁਨੀ ਤੇ ਅਰਥ ਦੇ ਨਿਸਚਿਤ ਸੰਬੰਧਾਂ ਨੂੰ ਰੱਦ ਕਰਦੇ ਹਨ ਪਰ ਉਹ ਕਾਵਿ ਵਿੱਚ ਵਰਤਦੇ ਅਰਥਹੀਣਸਬਦਾਂ ਦੇ ਮਹੱਤਵ ਵੱਲ ਧਿਅਨ ਦਿਵਾ ਰਹੇ ਹਨ।

ਸ਼ਕਲੋਵਸਕੀ ਦਾ ਕਥਨ ਹੈ-

> "ਕਵੀ ਅਰਥਹੀਣ ਸਬਦਾਂ ਨੂੰ ਵਰਤਣ ਦਾ ਨਿਰਣਾ ਨਹੀ ਕਰਦਾ, ਆਮ ਤੌਰ ਤੇ ਨਿਰਾਰਥਕ ਸ਼ਬਦਾਂ ਹੇਠ ਵਸਤੂ (ਅਰਥ) ਝਕਾਨੀ ਦੇ ਕੇ ਲੁਕਿਆ ਹੁੰਦਾ ਹੈ।"

ਭਾਸ਼ਾ ਦੀ ਧੁਨੀ ਬਾਰੇ ਵਿਚਾਰ ਕਰਦਿਆਂ ਕਾਵਿ ਭਾਸ਼ਾ ਬਾਰੇ ਦੋ ਮਹੱਤਵਪੂਰਨ ਸਿੱਟੇ ਨਿਕਲੇ।

1. ਕਾਵਿ ਭਾਸ਼ਾ ਨਿਰੋਲ ਬਿੰਬ ਭਾਸ਼ਾ ਨਹੀ। ਧੁਨੀ ਦਾ ਇਸ ਵਿੱਚ ਖਾਸ ਮਹੱਤਵ ਹੈ। ਪ੍ਰਤੀਕਵਾਦੀਆਂ ਦੀ ਧਾਰਨਾ ਸੀ ਕਿ ਧੁਨੀ ਪ੍ਰਤੀਕ ਦੀ ਪ੍ਰਗਟ ਵਸਤੂ ਹੈ ਤੇ ਅਰਥ ਉਸਦਾ ਲੁਪਤ ਵਸਤੂਹੈ, ਰੂਪਵਾਦੀਆਂ ਨੇ ਇਸ ਮੱਤ ਦਾ ਖੰਡਨਕੀਤਾ।
2. ਕਾਵਿ ਭਾਸ਼ਾ ਦਾ ਪ੍ਰਯੋਜਨ ਅਰਥ ਨੂੰ ਸਮਝਾਉਣਾ ਮਾਤਰ ਨਹੀ, ਸਗੋ ਯਥਾਰਥ ਦਾ ਮਹਾਂਦ੍ਰਿਸ਼ ਪੇਸ਼ ਕਰਨਾ ਹੈ। ਯਥਾਰਥ ਦਾ ਜੋ ਪ੍ਰਸਾਰ ਸ਼ਬਦਾਂ ਦੇ ਰੂੜ ਅਰਥਾਂ ਰਾਹੀ ਪੇਸ਼ ਨਹੀ ਹੋ ਸਕਦਾ ਉਸ ਨੂੰ ਸੁਤੰਤਰ ਧੁਨੀਆਂ ਰਾਹੀ ਉਘਾੜਿਆ ਜਾ ਸਕਦਾ ਹੈ।

## ਅਜਨਬੀਕਰਨ:

ਰੂਸੀ ਰੂਪਵਾਦ ਵਿਚ ਅਜਨਬੀਕਰਨ ਇੱਕ ਮਹੱਤਵਪੂਰਨ ਸੰਕਲਪ ਹੈ। ਰੂਸੀਰੂਪਵਾਦੀਆਂ ਨੇ ਸਾਹਿਤਕਤਾ ਦੀ ਪਰਿਭਾਸ਼ਾ ਨਿਰਧਾਰਤ ਕਰਦੇ ਹੋਏ 'ਅਜਨਬੀਕਰਣ ਦੀ ਪ੍ਰਕਿਰਿਆ' defamiliarisation ਉੱਤੇ ਬੜਾ ਜ਼ੋਰ ਦਿੱਤਾ ਹੈ। ਇਸ ਸਿਧਾਤ ਨੂੰ ਖਾਸ ਤੌਰ ਉੱਤੇ ਸ਼ਕਲਵੋਸਕੀ ਨੇ ਪੇਸ਼ ਕੀਤਾ । ਉਸਦਾ ਕਹਿਣਾ ਕਿ ਨਿਤਾਪ੍ਰਤੀ ਜੀਵਨ ਵਿਚ ਅਨੁਭਵ ਦੀ ਤਾਜ਼ਗੀ ਕਦੀ ਵੀ ਹਮੇਸ਼ਾ ਨਹੀਂ। ਹਰ ਚੀਜ਼ ਨੇਮ (ਰੁਟੀਨ) ਬਣ ਜਾਂਦੀ ਹੈ । ਕਵਿਤਾ ਜਾਂ ਸਾਹਿਤ ਦਾ ਉਦੇਸ਼ ਅਨੁਭਵ ਦੀ ਨਵੀਨਤਾ ਨੂੰ ਪੇਸ਼ ਕਰਨਾ ਹੈ | ਵਰਡਜ਼ਵਰਥ ਦੀ ਅੰਤਰਦ੍ਰਿਸ਼ਟੀ, ਜਿਸਦੇ ਰਾਹੀਂ ਕਿਰਤੀ ਦੀ ਸੁਪਨਈ ਤਾਜ਼ਗੀ ਤੇ ਅਛੂਤਪਨ ਨਾਲ ਸਾਡੀ ਚੇਤਨਾ ਉੱਤੇ ਪ੍ਰਭਾਵ .ਪਾਉਂਦੀ ਹੈ, ਇਹ ਮਾਨਵੀ ਸੰਵੇਦਨ ਦਾ ਘਟਨਾਤਮਕ ਅਨੁਭਵ ਨਹੀਂ, ਸਗੋਂ ਇਹ ਕਲਾ ਦੀ ਪ੍ਰਕਿਰਿਆ ਹੈ | ਕਲਾ ਦਾ ਇਕ ਕਾਰਜ ਇਹ ਵੀ ਹੈ ਕਿ ਉਹ ਸਾਡੇ ਅਨੁਭਵਾਂ ਦੀ ਤਾਜ਼ਗੀ ਨੂੰ ਦੁਬਾਰਾ ਆਪਣੀ ਪਕੜ ਵਿਚ ਲੈਂਦੀ ਹੈ, ਜੋ ਨਿਤਾਪ੍ਰਤੀ ਜੀਵਨ ਵਿਚ ਨਸ਼ਟ ਹੋ ਜਾਂਦੀ ਹੈ ।

ਸ਼ਕਲੋਸਵਕੀ ਸਿਧਾਂਤ ਅਨੁਸਾਰ-

> "ਕਾਵਿ ਦਾ ਮੁੱਖ ਉਦੇਸ਼ ਮਨੁੱਖ ਵਿਚ ਪ੍ਰਤੱਖਣ ਦੀਆਂ ਸਾਧਾਰਣ ਵਿਧੀਆਂ ਦੁਆਰਾ ਪੈਦਾ ਹੋਈ ਸਾਧਾਰਣ,ਸਹਿਜ ਜਾਂ ਰੁਟੀਨ ਰੁਚੀ ਨੂੰ ਭੰਗ ਕਰਨਾ ਹੁੰਦਾ ਹੈ।ਆਮ ਆਦਮੀ ਸੰਸਾਰ ਵਿਚ ਵਿਚਰਦਿਆਂ ਇਸ ਨੂੰ ਨੀਝ ਲਾ ਕੇ ਦੇਖਣਾ ਬੰਦ ਕਰ ਦਿੰਦਾ ਹੈ ਇਸ ਪ੍ਰਕਿਆ ਨੂੰ ਤੋੜਨ ਲਈ ਕਵੀ ਇਸ ਵੇਖਣ ਦ੍ਰਿਸ਼ਟੀ ਨੂੰ ਅਜਬਨੀਕਰਨ ਬਣਾ ਕੇ ਦੁਬਾਰਾ ਧਿਆਨ ਨਾਲ ਵੇਖਣ ਲਈ ਮਜ਼ਬੂਰ ਕਰਦਾ ਹੈ।"

ਡਾ.ਹਰਭਜਨ ਸਿੰਘ ਨੇ ਆਪਣੀ ਪੁਸਤਕ 'ਰਚਨਾ ਸੰਰਚਨਾ' ਵਿਚ ਅਜਨਬੀਕਰਨ ਬਾਰੇ ਇਉਂ ਦੱਸਿਆ "ਅਜਨਬੀਕਰਨ ਦਾ ਅਰਥ ਅਜਿਹੀਆਂ ਯੁਕਤਾਂ ਦੀ ਵਰਤੋਂ ਹੈ,ਜੋ ਚੀਜ਼ ਨੂੰ ਪਛਾਣਨ ਲਈ ਨਹੀਂ,ਸਗੋ ਇਕਾਗਰ ਹੋ ਕੇ ਵੇਖਣ ਲਈ ਪ੍ਰੇਰਦੀਆਂ ਹਨ।"

ਸੰਤ ਰਾਮ ਉਦਾਸੀ 'ਕੰਮੀਆਂ ਦਾ ਵਿਹੜਾ' ਕਾਵਿ ਸੰਗ੍ਰਿਹ ਵਿੱਚ ਅਜਨਬੀਕ੍ਰਿਤ ਤਰੀਕੇ ਨਾਲ ਆਪਣੀ ਗੱਲ ਨੂੰ ਇਸ ਪ੍ਰਕਾਰ ਪੇਸ਼ ਕਰਦਾ ਹੈ:-

"ਗਲ ਲਗਕੇ ਸੀਰੀ ਦੇ ਜੱਟ ਰੋਵੇ

ਬੋਹਲਾਂ ਵਿੱਚੋਂ ਨੀਰ ਵੱਗਿਆ।

ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ

ਤੂੜੀ ਵਿੱਚੋਂ ਪੁੱਤ ਜੱਗਿਆ।"

ਰੂਸੀ ਰੂਪਵਾਦ ਕਾਵਿ ਪ੍ਰਤੱਖਣ ਦੀ ਪ੍ਰਕ੍ਰਿਆ ਦਾ ਸਮਾਂ ਵਧਾਣ ਉੱਪਰ ਜ਼ੋਰ ਦਿੰਦੇ ਹਨ।ਅਜਨਬੀਕਰਨ ਦੀ ਦਿਸ਼ਟੀ ਤੋਂ ਕਾਵਿ ਦਾ ਉਦੇਸ਼ ਕੇਵਲ ਗਿਆਨ ਪ੍ਰਸਾਰਨ ਨਹੀਂ ਹੁੰਦਾ ਤੇ ਨਾਂ ਹੀ ਸੰਦੇਸ਼ ਮਾਤਰ ਹੁੰਦਾ ਹੈ ਸਗੋਂ ਕਾਵਿ ਉਦੇਸ਼ ਅਜਨਬੀਕਰਨ ਦੀ ਵਿਧੀ ਦੁਆਰਾ ਮਨੁੱਖੀ ਸੂਝ ਪ੍ਰਚੰਡ ਕਰਨਾ ਹੈ।

ਕਥਾ ਨੂੰ ਕਥਾਨਕ ਵਿਚ ਬਦਲਣ ਦੇ ਢੰਗ ਤਾਂ ਅਨੇਕ ਹਨ ਪਰ ਸਾਰਿਆਂ ਵਿਚ ਅਜਨਬੀਕਰਨ ਕਾਰਜਸ਼ੀਲ ਵਿਖਾਈ ਦਿੰਦਾ ਹੈ।ਅਜਨਬੀਕਰਨ ਤੋਂ ਭਾਵ ਸੰਸਾਰ ਦੇ ਯਥਾਰਥ ਨੂੰ , ਕਾਲ-ਕਾਰਣ,ਕਾਰਜ ਦੀ ਲੜੀ ਵਿਚ ਵਾਪਰਦੀਆ ਘਟਨਾਵਾਂ ਦੀ ਥਾਂ , ਇੰਨਾਂ ਨੂੰ ਕਾਰਕ ਦ੍ਰਿਸ਼ਟੀ ਤੋਂ ਬਦਲਾ ਕੇ ਲੁਕਾ ਕੇ,ਲਮਕਾ ਕੇ ਜਾਂ ਵਧਾ ਕੇ ਅਜਿਹੀ ਵਿਧੀ ਨਾਲ ਪੇਸ਼ ਕਰਨਾ ਹੈ ਕਿ ਸਾਨੂੰ ਗਲਪ ਜਾਂ ਸਾਹਿਤ ਕਿਰਤ ਵਿਚ ਪੇਸ਼ ਯਥਾਰਥ 'ਬਿੰਬ' 'ਪ੍ਰਤਿਬਿੰਬ' ਰੂਪ ਵਿਚ ਨਾ ਹੋ ਕੇ ਇਕ ਬਦਲੇ ਪ੍ਰਸੰਗ ਵਿਚ ਵਾਪਰਿਆ ਵਿਖਾਈ ਦੇਵੇ ਕਿਉਂਕਿ ਕਲਾਕਾਰ ਸਾਨੂੰ ਯਥਾਰਥ ਦਾ ਪ੍ਰਤੱਖਣ ਕਰਾਉਣ ਦੀ ਥਾਂ ਇਸਦਾ ਮਹਾਂਦ੍ਰਿਸ਼ ਪੇਸ਼ ਕਰਦੇ ਹਨ ਜੋ ਸਾਨੂੰ ਵਧੇਰੇ ਸੁਹਜਮਈ ਤੇ ਸੰਤੁਸ਼ਟੀਪੂਰਨ ਲਗਦਾ ਹੈ।

## ਥੀਮ:

ਥੀਮ ਬਾਰੇ ਰੂਪਵਾਦੀਆ ਨੇ ਮਹੱਤਵਪੂਰਨ ਚਰਚਾ ਚਲਾਈ। ਤੋਮਾਸ਼ੇਵਸਕੀ ਦਾਵਿਚਾਰ ਸੀ ਕਿ ਸਾਹਿਤਿਕ ਕਿਰਤ ਨੂੰਏਕਤਾ ਉਸਦੀ ਥੀਮ ਤੋਂ ਮਿਲਦੀ ਹੈ ਜੋ ਉਸਦੇ ਅੰਦਰ -ਬਾਹਰ ਆਦਿ ਤੋਂ ਅੰਤ ਤੱਕ ਸਮਾਇਆ ਰਹਿੰਦਾ ਹੈ।ਜਿਸ ਲਿਖਤ ਦਾ ਅਰਥ ਹੈ ਉਸ ਦੀ ਕੋਈ ਨਾ ਕੋਈ ਥੀਮ ਜ਼ਰੂਰ ਹੁੰਦੀ ਹੈ।ਥੀਮ ਤਾਂ ਇੱਕ ਛੋਟੇ ਤੋਂ ਛੋਟੇ ਵਕ ਦੀ ਵੀ ਜ਼ਰੂਰ ਹੁੰਦੀ ਹੈ, ਇਸ ਤਰ੍ਹਾਂ ਥੀਮ ਨਾਵਲ ਦੇ ਅੰਗਾਂ ਦੀ ਵੀ ਹੈ ਪਰ ਸਾਰੇ ਅੰਗਾਂ ਨੂੰ ਇੱਕ ਸੰਗਠਨ ਵਿਚ ਜੋੜ ਨ ਲਈ ਅਜਿਹੀ ਥੀਮ ਦੀ ਜ਼ਰੂਰਤ ਹੈ ਜੋ ਰਚਨਾ ਦੇ ਆਰ -ਪਾਰ ਫੈਲੀ ਹੋਵੇ। ਤੋਮਾਸ਼ੇਵਸਕੀ ਥੀਮ ਦੀ ਗੱਲ ਸਦਾ ਰੂਪਾਤਮਕ ਦ੍ਰਿਸ਼ਟੀ ਤੋਂ ਕਰਦਾ ਹੈ। ਇਸਦਾ ਕੁਝ ਅੰਦਾਜ਼ਾ ਉਸਦੇ ਵਿਸ਼ੇ ਵਿਗੋਪਨExposition ਸੰਬੰਧੀ ਵਿਚਾਰਾਂ ਤੋਂ ਵੀ ਲਾਇਆ ਜਾ ਸਕਦਾ ਹੈ।

ਉਸਨੇ ਤਿੰਨ ਪ੍ਰਕਾਰ ਦੇ ਵਿਗੋਪਨਾਂ ਦਾ ਜ਼ਿਕਰ ਕੀਤਾ ਹੈ

**ਫੌਰੀ ਵਿਗੋਪਨ Immediate Exposition**

ਕਥਾ ਸਮੱਗਰੀ ਦੀ ਆਰੰਭਕ ਸਥਿਤੀ ਸਪਸ਼ਟ ਕਰਨ ਲਈ ਬਿਰਤਾਂਤਕ ਭੂਮਿਕਾ ਦੀ ਲੋੜ ਪੈਂਦੀ ਹੈ। ਇਸ ਭੂਮਿਕਾ ਰਾਹੀਂ ਮੁੱਖ ਪਾਤਰਾਂ ਦੇ ਅੰਤਰ-ਸੰਬੰਧਾਂ ਦੀ ਜਾਣ-ਪਛਾਣ ਕਰਵਾ ਦਿੱਤੀ ਜਾਂਦੀ ਹੈ।

**ਵਿੰਲਬਿਤ ਵਿਗੋਪਨ Delayed Exposition**

ਕਈ ਵਾਰ ਪਾਤਰਾਂ ਦੇ ਅੰਤਰ-ਸੰਬੰਧਾਂ ਦੀ ਪਹਿਚਾਣ ਕਾਫੀ ਲੰਮਾ ਸਮਾਂ ਲੈ ਜਾਂਦੀ ਹੈ, ਸਥਿਤੀ ਦੀ ਸਮਝ ਟੁਕੜਾ-ਟੁਕੜਾ ਕਰ ਕੇ ਆਉਂਦੀਹੈ।

**ਸਥਾਨਾਂਰਿਤ ਵਿਗੋਪਨ TransportsExposition**

ਕਈ ਵਾਰ ਅਜਿਹਾ ਹੁੰਦਾ ਹੈ ਕਿ ਕਿਸੇ ਘਟਨਾ ਦੀ ਰੂਪ ਰੇਖਾ ਉਲੀਕਣ ਵੇਲੇ ਉਸਦੇ ਅਜਿਹੇ ਤੱਤਾਂ ਬਾਰੇ ਜਾਣਪਛਾਣ ਕਰਵਾਈ ਜਾਂਦੀ ਹੈ ਜਿੰਨਾਂ ਬਾਰੇ ਪੂਰੀ ਤਰਾਂ ਸਮਝ ਨਹੀਂ ਸੀ।

ਰੂਪਵਾਦੀਆਂ ਨੇ ਦੋ ਤਰਾਂਦੇ ਬਿਰਤਾਂਤਕਾਰਾਂ ਦੀ ਚਰਚਾ ਵੀ ਕੀਤੀ

1 **ਸਰਵ ਗਿਆਨੀ ਬਿਰਤਾਂਤ-** ਬਿਰਤਾਂਤਕਾਰ ਸਰਵਗਿਆਤਾ ਹੁੰਦਾ ਹੈ ਉਹ ਲੁਕਵੇਂ ਵਿਚਾਰਾਂ ਨੂੰ ਵੀ ਜਾਣਦਾ ਹੈ।

2 **ਸੀਮਿਤ ਗਿਆਨੀ ਬਿਰਤਾਂਤਕਾਰ-** ਇਸ ਵਿਚ ਸਾਰੀ ਕਹਾਣੀ ਬਿਰਤਾਂਤਕਾਰ ਦੇ ਮਨ ਥਾਣੀਂ ਪੁਣਛਾਣ ਕੇ ਆਉਂਦੀ ਹੈ, ਉਸਨੂੰ ਦਸਣਾ ਪੈਂਦਾ ਹੈ ਕਿ ਜਾਣਕਾਰੀ ਦੇ ਵੱਖ-ਵੱਖ ਟੁਕੜੇ ਕਿਵੇਂ ਪ੍ਰਾਪਤ ਕੀਤੇ।

ਥੀਮ ਦੀ ਪੇਸ਼ਕਾਰੀ ਦੀ ਪੱਧਰ ਤੇ ਰੂਪਵਾਦੀ ਸਰਵਗਿਆਨੀ ਦੀ ਸਖ਼ਸ਼ੀਅਤ ਨੂੰ ਹੀ ਸਫਲ ਕਾਵਿ-ਚਿਨਾਕਾਰ ਮੰਨਦੇ ਹਨ।

ਉਦਾਹਰਨ ਵਜੋ ਕਥਾ ਕਹੋ ਉਰਵਸ਼ੀ ਨਾਵਲ ਦਾ ਸਮੁੱਚਾ ਥੀਮ ਕੁਝ ਹੋਰ ਹੈ ਅਤੇ ਉਸਦੇ ਅੰਗਾਂ ਜਿਵੇਂ ਕਥਾ ਕਾਲੇ ਕੋਹਾਂ ਦੀ , ਕਥਾ ਕਲਯੁਗ ਦੀ, ਕਥਾ ਅਣਕਹੀ, ਕਥਾ ਇੱਕ ਹਾਉਕੇ ਦੀ, ਕਥਾ ਕਾਲ ਅਕਾਲ ਦੀ ਅੰਗਾਂ ਦਾ ਥੀਮ ਕੁਝ ਹੋਰ ਹੈ।

## ਮੋਟਿਫ ਅਤੇ ਮੋਟੀਵੇਸ਼ਨ:

ਨਾਵਲ ਦੇ ਪਲਾਟ ਨੂੰ ਇਕ ਸਮੁੱਚੇ ਰੂਪ ਵਿਚ ਜੋੜਨ ਵਾਲੇ ਤੱਤ ਨੂੰ ਥੀਮ ਕਹਿੰਦੇ ਹਨ ਪਰ ਸਮੁੱਚੇ ਨਾਵਲ ਦੇ ਅੰਗਾਂ ਦੇ ਵੀ ਥੀਮ ਹੁੰਦੇ ਹਨ।ਨਾਵਲ ਦੇ ਜਿਸ ਅੰਗ ਨੂੰ ਘਟਾਇਆ ਨਾ ਜਾ ਸਕੇ,ਉਸ ਥੀਮ ਨੂੰ ਮੋਟਿਫ ਕਹਿੰਦੇ ਹਨ।ਸੱਚ ਤਾਂ ਇਹ ਹੈ ਕਿ ਹਰ ਵਾਕ ਦਾ ਆਪਣਾ ਮੋਟਿਫ ਹੋ ਸਕਦਾ ਹੈ ।ਰੂਪਵਾਦੀਆਂ ਤੋਂ ਪਹਿਲਾ ਮੋਟਿਫ ਇਸ ਤੋਂ ਵਖਰੇ ਅਰਥਾਂ ਵਿਚ ਵਰਤਿਆ ਜਾਂਦਾ ਸੀ।ਮੋਟਿਫ ਅਜਿਹੀ ਥੀਮਕ ਇਕਾਈ ਨੂੰ ਮੰਨਿਆ ਜਾਂਦਾ ਸੀ ਜੋ ਕਿ ਇਕ ਤੋਂ ਵਧੀਕ ਕਿਰਤਾਂਵਿਚ ਮਿਲਦਾ ਹੈ।ਇਹ ਮੋਟਿਫ ਸਾਲਮ-ਸਬੂਤੇ ਇਕ ਪਲਾਟ ਤੋਂ ਦੂਜੇ ਪਲਾਟ ਵਿਚ ਪ੍ਰਵੇਸ਼ ਕਰ ਜਾਂਦੇ ਹਨ।ਰੂਪਵਾਦੀਆਂ ਨੇ ਮੋਟਿਫ ਨੂੰ ਨਵੇਂ ਅਰਥਾਂ ਵਿਚ ਵਰਤਿਆ।ਮੋਟਿਫ ਅਜਿਹੀ ਛੋਟੀ ਤੋਂ ਛੋਟੀ ਥੀਮਕ ਇਕਾਈ ਹੈ ਜੋ ਕਿਸੇ ਇਕ ਪਲਾਟ ਵਿਚ ਪਈ ਹੁੰਦੀ ਹੈ , ਇਸ ਦੀ ਸਾਰਥਕਤਾ ਉਸੇ ਪਲਾਟ ਵਿਚ ਹੈ। ਇਸ ਨੂੰ ਕਿਸੇ ਹੋਰ ਪਲਾਟ ਵਿਚ ਪ੍ਰਵੇਸ਼ ਕਰਨ ਦੀ ਮਜ਼ਬੂਰੀ ਨਹੀਂ।ਮੋਟਿਫਾਂ ਦੀ ਪ੍ਰਕਿਰਤੀ ਤੇ ਪ੍ਰਯੋਜਨ ਬਾਰੇ ਤੋਮਾਸ਼ੇਵਸਕੀ ਚਰਚਾ ਕਰਦੇ ਹੋਏ ਦੋ ਪ੍ਰਕਾਰ ਦੇ ਮੋਟਿਫਾਂ ਦੀ ਗੱਲ ਕਰਦਾ ਹੈ-

**1 ਬੱਝੇ ਮੋਟਿਫ---**ਕੁਝ ਮੋਟਿਫ ਅਜਿਹੇ ਹੁੰਦੇ ਹਨ ਜਿਹੜੇ ਜੋ ਪਲਾਟ ਵਿਚੋਂ ਖਾਰਿਜ਼ ਨਹੀਂ ਕੀਤੇ ਜਾ ਸਕਦੇ।

**2 ਖੁੱਲ੍ਹੇ ਮੋਟਿਫ---** ਕੁਝ ਮੋਟਿਫ ਅਜਿਹੇ ਹੁੰਦੇ ਹਨ ਜਿੰਨ੍ਹਾਂ ਨੂੰ ਨਾਵਲ ਵਿਚੋਂ ਖਾਰਿਜ਼ ਕਰਨ ਨਾਲ ਨਾਵਲ ਦੇ ਬੁਨਿਆਦੀ ਸੰਗਠਨ ਨੂੰ ਕੋਈ ਠੇਸ ਨਹੀਂ ਪਹੁੰਚਦੀ।

ਰੂਪਵਾਦੀਆਂ ਨੇ ਮੋਟਿਫਾਂ ਦਾ ਅਧਿਐਨ ਸਥਿਤੀ ਦੇ ਸੰਦਰਭ ਵਿੱਚ ਕੀਤਾ ਹੈ

ਗਤੀਸ਼ੀਲ ਮੋਟਿਫ-ਜਿਹੜੇ ਮੋਟਿਫ ਸਥਿਤੀ ਨੂੰ ਬਦਲਣ ਵਿਚ ਸਹਾਇਕ ਹੁੰਦੇ ਹਨ।

ਉਦਾਹਰਨ ਵਜੋ ਜਿਵੇਂ ਕਥਾ ਕਹੋ ਉਰਵਸ਼ੀ ਨਾਵਲ ਵਿੱਚ ਦਵਿੰਦਰ ਦੀ ਮੌਤ। ਅਗ ਰ ਉਸ ਦੀ ਮੌਤ ਨਾ ਹੁੰਦੀ ਤਾਂ ਕਥਾ ਅੱਗੇ ਤੁਰਨੀ ਮੁਸ਼ਕਲ ਹੈ।

ਗਤੀਹੀਣ ਮੋਟਿਫ- ਜਿਹੜੇ ਮੋਟਿਫ ਸਥਿਤੀ ਨੂੰ ਬਦਲਣ ਵਿਚ ਸਹਾਇਕ ਜਾਂ ਰੁਚਿਤ ਨਹੀਂ ਹੁੰਦੇ ਹਨ ।

ਖੁੱਲ੍ਹੇ ਮੋਟਿਫ ਆਮ ਤੌਰ ਤੇ ਗਤੀਹੀਣ ਹੁੰਦੇ ਹਨ ਪਰ ਇਹ ਵੀਚਾਦ ਰੱਖਣ ਵਾਲੀ ਗੱਲ ਹੈ ਕਿ ਸਾਰੇ ਗਤੀਹੀਣ ਮੋਟਿਫ ਖੁੱਲ੍ਹੇ ਨਹੀਂ ਹੁੰਦੇ।

ਮੋਟਿਫਾਂ ਦੇ ਜੋੜ-ਮੇਲ ਨਾਲ ਸਮੁੱਚੇ ਥੀਮ ਦੀ ਰਚਨਾ ਹੁੰਦੀ ਹੈ।ਉਨ੍ਹਾਂਵਿੱਚ ਕਿਸੇ ਪ੍ਰਕਾਰ ਦੀ ਕਲਾਤਮਕ ਏਕਤਾ ਹੋਣੀ ਚਾਹੀਦੀ ਹੈ।ਮੋਟਿਫ ਜੁਗਤਾਂ ਰਾਹੀਂ ਪੇਸ਼ ਹੁੰਦੇ ਹਨ,ਜੀਵਨ ਵਿਚ ਜੋ ਘਟਨਾ ਪੇਸ਼ ਕੀਤੀ ਜਾਂਦੀ ਹੈ ਉਹ ਮੋਟਿਫ ਹੈ ਤੇ ਉਸਨੂੰ ਪੇਸ਼ ਕਰਨ ਦਾ ਢੰਗ 'ਜੁਗਤ' ਹੈ। ਜੁਗਤਾਂ ਦਾ ਤਾਣਾ -ਬਾਣਾ ਮੋਟਿਫਾਂ ਦੇ ਪ੍ਰਵੇਸ਼ ਨੂੰ ਸਚਿਆਉਂਦਾ ਹੈ।ਜੁ ਗਤਾਂ ਤੇ ਮੋਟਿਫਾਂ ਵਿਚਕਾਰ ਨਿਆਂ ਦੇ ਰਿਸ਼ਤੇ ਨੂੰ ਮੋਟੀਵੇਸ਼ਨ ਕਿਹਾ ਜਾਂਦਾ ਹੈ ।ਸੋ ਮੋਟੀਵੇਸ਼ਨ ਜੁਗਤਾਂ ਦਾ ਪ੍ਰੇਰਕ ਹੈ ।

## ਕਥਾ (ਫੈਬੁਲਾ) ਤੇ ਕਥਾਨਕ (ਸੁਜੇਤ)

ਫੈਬੁਲਾ ਕਿਸੇ ਘਟਨਾ ਦਾ ਸਿੱਧ ਪੱਧਰਾ ਬਿਆਨ ਹੈ, ਘਟਨਾਵਾਂ ਦੀ ਕੱਚੀ ਸਮੱਗਰੀ ਹੈ।ਇਕ ਕਿਸਮ ਦੀ ਲਕੀਰੀ ਕਹਾਣੀ ਹੈ। ਫੈਬੁਲਾ ਬਿਰਤਾਂਤ ਦੀ ਅੰਤਰ-ਵਸਤੂ ਹੈ ਭਾਵ ਨਾਵਲ ਜਾਂ ਕਹਾਣੀ ਵਿਚ ਜੋ ਕਥਾ ਹੈ ਉਹ ਫੈਬੁਲਾ ਹੈ ਅਤੇ ਉਸ ਕਥਾ ਨੂੰ ਰੋਚਕ ਢੰਗ ਨਾਲ ਅਜਨਬੀਕ੍ਰਿਤ ਕਰਕੇ ਲੇਖਕ ਜਿਸ ਪ੍ਰਬੰਧ (ਕਥਾਨਕ) ਵਿਚ ਢਾਲਦਾ ਹੈ,ਉਹ ਸੁਜੇਤ ਹੈ।ਕਥਾ (ਫੈਬੁਲਾ)ਦੀ ਪੇਸ਼ਕਾਰੀ ਦੀ ਵਿਧੀ ਨੂੰ ਜਾਂ ਢੰਗ ਨੂੰ ਸੁਜੇਤ ਕਿਹਾ ਜਾਂਦਾ ਹੈ। ਜੇ ਫੈਬੁਲਾ ,ਬਿਰਤਾਂਤ ਦੀ ਅੰਤਰ -ਵਸਤੂ ਹੈ ਤਾਂ ਸੁਜੇਤ ਉਸ ਅੰ ਤਰ-ਵਸਤੂ ਦੀ ਵਾਸਤਵਿਕ ਜਾਂ ਵਿਵਹਾਰਕ ਪੇਸ਼ਕਾਰੀ ਹੈ।ਕਥਾ ਦਾ ਸੰਬੰਧ ਨਿੱਤ ਜੀਵਨ ਦੇ ਯਥਾਰਥ ਨਾਲ ਹੈ ,ਕਥਾਨਕ ਦਾ ਸੰਬੰਧ ਕਲਾ ਦੇ ਸਿਰਜਿਤ ਸਮਾਜ ਨਾਲ ਹੈ।ਕਥਾਨਕ ਕਥਾ ਦਾ ਹੀ ਅਜਨਬੀਕ੍ਰਿਤ ਰੂਪ ਹੈ।ਕਥਾ ਤੇ ਕਥਾਨਕ ਦੇ ਵਿਰੋਧ-ਜੁੱਟ ਵਿਚੋਂ ਰੂਪਵਾਦੀਆਂ ਨੇ ਕਥਾਨਕ ਨੂੰ ਮਹੱਤਵ ਪ੍ਰਦਾਨ ਕੀਤਾ ਭਾਵ ਕਥਾ ਆਪਣੇ ਆਪ ਵਿਚ ਅਰਥ-ਰਹਿਤ ਹੁੰਦੀ ਹੈ ਜਦੋਂ ਕਿ ਕਥਾਨਕ ਅਰਥ-ਸਹਿਤ ਹੁੰਦਾ ਹੈ। ਕਥਾ ਸਿਰਫ ਘਟਨਾਵਾਂ ਅਤੇ ਸਥਿਤੀਆਂ ਦਾ ਵੇਰਵਾ ਹੈ।ਕਥਾਨਕ ਘਟਨਾਵਾਂ ਅਤੇ ਸਥਿਤੀਆਂ ਦੀ ਕਲਾਤਮਕ ਤਰਤੀਬ ਦਾ ਨਾਮ ਹੈ ।

ਰੂਸੀ ਰੂਪਵਾਦੀਆਂ ਨੇ ਕਥਾਨਕ ਅਤੇ ਕਹਾਣੀ ਦੇ ਅੰਤਰ ਦੀ ਇਸ ਬਹਿਸ ਵਿਚ ਬਹੁਤ ਸਾਰੀਆਂ ਬਾਰੀਕੀਆਂ ਪੈਦਾ ਕੀਤੀਆਂ ਅਤੇ ਇਹ ਬਹਿਸ ਉਨ੍ਹਾਂ ਦੇ ਬਿਰਤਾਂਤ ਦੇ ਸਿਧਾਂਤ ਵਿਚ ਬਹੁਤ ਮਹੱਤਵ ਰੱਖਦੀ ਹੈ । ਉਨ੍ਹਾਂ ਦਾ ਕਹਿਣਾ ਹੈ ਕਿ ਸਿਰਫ ਕਥਾਨਕ ਹੀ ਸਹੀ ਅਰਥਾਂ ਵਿਚ ਸਾਹਿਤਕ ਹੈਸੀਅਤ ਰੱਖਦਾ ਹੈ, ਜਦੋਂ ਕਿ ਕਹਾਣੀ ਸਿਰਫ਼ ਕੱਚਾ ਮਾਲ ਹੈ, ਜਿਸਨੂੰ ਰਚਨਾਕਾਰ ਦੀ ਕਲਮ ਦੀ ਛੋਹ ਜਾਂ ਉਸਦਾ ਬੋਧ ਸੰਗਠਿਤ ਕਰਕੇ ਕਲਾਤਮਕ ਦਰਜਾ ਪ੍ਰਦਾਨ ਕਰਦਾ ਹੈ । ਦੇਖਿਆ ਜਾਵੇ ਤਾਂ ਰੂਸੀ ਰੂਪਵਾਦੀਆਂ ਦਾ 'ਕਥਾਨਕ ਸਿਧਾਂਤ ਅਰਸਤੂ ਦੇ ਸਿਧਾਂਤ ਤੋਂ ਕਿਤੇ ਵੱਧ ਕ੍ਰਾਂਤੀਕਾਰੀ ਹੈ । ਸ਼ਕਲੋਵਸਕੀ ਨੇ ਇਸ ਸੰਬੰਧੀ ਵਿਸਥਾਰ ਨਾਲ ਸਪਸ਼ਟ ਕੀਤਾ ਹੈ ਕਿ ਕਥਾਨਕ ,ਘਟਨਾਵਾਂ ਦੀ ਕਲਾਤਮਕ ਤਰਤੀਬ ਦਾ ਨਾਂ ਨਹੀਂ ਸਗੋਂ ਉਹ ਸਾਰੀਆਂ ਭਾਸ਼ਾਈ ਵਿਧੀਆਂ ਅਤੇ ਸਾਧਨ ਵੀ ਕਥਾਨਕ ਦੇ ਕਲਾਤਮਕ ਸੰਗਠਨ ਦਾ ਹਿੱਸਾ ਹਨ ਜੋ ਘਟਨਾਵਾਂ ਦੇ ਪ੍ਰਵਾਹ ਵਿਚ ਰੁਕਾਵਟ ਪੈਦਾ ਕਰਦੀਆਂ ਹਨ ਜਾਂ ਉਸਨੂੰ ਧੀਮਾ ਕਰਦੀਆਂ ਹਨ ਜਾਂ ਉਸਦੀ ਗਤੀ ਵਿਚ ਦਖ਼ਲ ਦਿੰਦੀਆਂ ਹਨ । ਨਾਵਲ ਵਿਚ ਪਾਠਕ ਦਾ ਧਿਆਨ ਲਾਂਭੇ ਕਰਨਾ, ਘਟਨਾਵਾਂ ਨੂੰ ਅਗੇ ਪਿਛੇ ਕਰਨਾ, ਵਰਨਣ ਨੂੰ ਲੰਮੇਰਾ ਕਰਨਾ ਜਾਂ ਸੰਖੇਪ ਕਰਨਾ, ਇਹ ਸਾਰੀਆਂ ਵਿਧੀਆਂ ਹਨ, ਜੋ ਕਥਾਨਕ ਦੇ ਰੂਪ ਦਾ ਹਿੱਸਾ ਹਨ ਅਤੇ ਉਸਦੀ ਕਿਰਿਆਸ਼ੀਲਤਾ ਵਿਚ ਸਹਾਇਕ ਹੁੰਦੀਆਂ ਹਨ । ਇਉਂ ਦੇਖਿਆ ਜਾਵੇ ਤਾਂ ਕਥਾਨਕ ਘਟਨਾਵਾਂ ਦੇ ਸਹਿਜ ਕ੍ਰਮ ਨੂੰ ਤਹਿਸ, ਨਹਿਸ ਕਰਦਾ ਹੈ । ਸਹਿਜ ਕ੍ਰਮ ਦੀ ਗੈਰਹਾਜ਼ਰੀ ਨਾਲ ਪਾਠਕ ਨੂੰ ਜਿਹੜਾ ਧੱਕਾ ਲਗਦਾ ਹੈ ਉਹ ਕਥਾਨਕ ਦੇ ਨਿਰਮਾਣ ਦੀ ਪ੍ਰਕਿਰਿਆ ਨੂੰ ਇਕ ਕਲਾਤਮਕ ਵਸਤੂ ਦੀ ਸ਼੍ਰੇਣੀ ਵਿਚ ਲੈ ਆਉਂਦਾਹੈ | ਅਰਸਤੂ ਅਤੇ ਸ਼ਕਲੋਵਸਕੀ ਦੇ ਕਥਾਨਕ ਸਿਧਾਂਤ' ਵਿਚ ਇਕ ਫਰਕ ਇਹ ਹੈ ਕਿ ਅਰਸਤੂ ਲਈ ਕਥਾਨਕ ਬਹਿਰਹਾਲ ਜੀਵਨ ਦੀਆਂ ਬੁਨਿਆਦੀ ਅਤੇ ਵਾਸਤਵਿਕ ਸੱਚਾਈਆਂ ਅਤੇ ਵਰਣਨ ਦਾ ਨਾਮ ਹੈ।ਜਦੋਂ ਕਿ ਰੂਪਵਾਦੀਆਂ ਲਈ ਸਮਸਿਆ , ਸੱਚਾਈ ਅਤੇ ਉਸਦੀ ਗੈਰ ਹਾਜ਼ਰੀ ਦੀ ਨਹੀਂ ਸਗੋਂ ਉਸਦੇ ਅਜਨਬੀਕਰਣ ਦੀ ਹੈ, ਜਿਸ ਦੇ ਸਿੱਟੇ ਵੱਜੋਂ ਕੋਈ ਵੀ ਘਟਨਾ ਜਾ ਸੱਚਾਈ ਕਲਾ ਦਾ ਹਿੱਸਾ ਬਣਦੀ ਹੈ ਅਤੇ ਕਲਾਤਮਕ ਰੂਪ ਵਿਚ ਪ੍ਰਭਾਵਕਾਰੀ ਹੋ ਜਾਂਦੀ ਹੈ।

## ਸਾਰ-ਅੰਸ਼:

ਰੂਸੀ ਰੂਪਵਾਦ ਮਾਸਕੋ ਵਿੱਚ ਉਪਜਣ ਵਾਲਾ ਇਕ ਸਾਹਿਤਕ ਵਾਦ ਸੀ। ਰੂਪ ਵਾਦੀਆਂ ਨੇ ਸਾਹਿਤ ਤੇ ਵਿਗਿਆਨ ਦੇ ਸੱਚ ਵਿਚੋਂ ਅੰਤਰ ਨਿਖੇੜ ਕਰਦਿਆਂ ਹੋਇਆਂ ਸੰਰਚਨਾ ਅਤੇ ਰੂਪ ਨੂੰ ਸੁਤੰਤਰ ਹੋਂਦ ਮੰਨਿਆ ਹੈ। ਵਿਸ਼ਵ ਪੱਧਰ ਉੱਪਰ ਰੂਸੀ ਰੂਪਵਾਦ ਅਤੇ ਨਵ-ਅਮਰੀਕੀ ਅਲੋਚਨਾ ਲਗਭਗ ਇਕੋ ਸਮੇਂ ਅਤੇ ਸੁਤੰਤਰ ਰੂਪ ਵਿਚ ਉਪਜਿਆ। ਸੋ ਇਹ ਅਲੋਚਨਾ ਪ੍ਰਣਾਲੀ ਸਾਹਿਤ ਦੇ ਅਧਿਐਨ ਲਈ ਵਸਤੂ ਨਾਲੋਂ ਰੂਪ ਨੂੰ ਮਹੱਤਵ ਪ੍ਰਦਾਨ ਕਰਦੀ ਹੈ। ਇਹ ਸਾਹਿਤਕ ਰਚਨਾਵਾਂ ਵਿਚਲੀ ਵਸਤੂ ਨੂੰ(ਵਿਚਾਰਾਂ, ਭਾਵਾਂ) ਨਿਰੋਲ ਅਮੂਰਤ ਵਸਤੂ ਨਹੀ ਸਗੋਂ ਰੂਪਮਾਨ ਹੋਈ ਵਸਤੂ ਵਜੋਂ ਦੇਖਦੀ ਹੈ। ਇਸ ਦੇ ਸੰਕਲਪਾਂ ਰਾਹੀ ਰੂਪਵਾਦ ਸਾਫ ਮੂਰਤੀਮਾਨ ਹੁੰਦੀ ਹੈ।

ਸੰਰਚਨਾਵਾਦ ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ ਵਿਚ ਗੋਪੀ ਚੰਦ ਨਾਰੰਗ ਜੀ ਲਿਖਦੇ ਹਨ ਕਿ

'ਰੂਸੀ ਰੂਪਵਾਦੀਆਂ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਨਾਂ ਨੇ 'ਸਾਹਿਤ' ਸ਼ਬਦ ਉੱਪਰ ਅਜਿਹੀ 'X' ray ਦ੍ਰਿਸ਼ਟੀ ਪਾਈ ਅਤੇ ਉਸਦੀ ਅਜਿਹੀ ਵਸਤੂ ਮੂਲਕ ਪਰਿਭਾਸ਼ਾ ਨਿਰਧਾਰਤ ਕਰਨ ਦੀ ਚੇਸ਼ਟਾ ਕੀਤੀ, ਜੋ ਖੁਦ ਉਸਦੀ ਪ੍ਰਕਿਰਤੀ ਤੋਂ ਸੰਯੋਜਿਤ ਹੋਵੇ। ਸਾਹਿਤ ਨੂੰ ਇਕ ਵਿਸ਼ੇਸ਼ ਦਰਜਾ ਪ੍ਰਦਾਨ ਕਰਨ ਲਈ ਉਨ੍ਹਾਂ ਨੇ ਸਾਹਿਤਕ ਆਲੋਚਨਾ ਲਈ ਪੁਸ਼ਟ ਸਿਧਾਂਤਕ ਆਧਾਰ ਪ੍ਰਾਪਤ ਕੀਤੇ ਅਤੇ ਅਤਿਅੰਤ ਸੁਹਰਿਦਤਾ ਨਾਲ ਉਸਨੂੰ ਦਾਰਸ਼ਨਿਕ ਰੂਪ ਵਿਚ ਸੂਤਰਬਧ ਕੀਤਾ | ਭਾਵੇਂ ਮੂਲਰੂਪ ਵਿਚ ਇਹ ਇਕ ਸੁਹਜਪਰਕ ਖੋਜ ਸੀ ਪਰ ਇਹ ਪ੍ਰਭਾਵਵਾਦੀ ਅਤੇ ਵਿਅਕਤੀਵਾਦੀ ਸੁਹਜ ਸ਼ਾਸਤਰ ਨਹੀਂ ਸੀ ਸਗੋਂ ਵਿਗਿਆਨਕ ਸੁਹਜਸ਼ਾਸਤਰ ਸੀ । ਉਸਨੇ ਕਿਸੇ ਸੁਹਜਾਤਮਕ ਆਦਰਸ਼ ' ਜਾਂ ਸੰਕਲਪ ਦੀ ਧਾਰਣਾ ਉਪਰ ਟੇਕ ਨਹੀਂ ਰਖੀ, ਅਰਥਾਤ ਰਹੱਸਮਈ ਜਾਂ ਪਰਾਭੌਤਿਕ ਸਰੋਤ ਦਾ ਸਹਾਰਾ ਲੈ ਕੇ ਆਪਣੇ ਕਾਰਜ ਨੂੰ ਆਸਾਨ ਨਹੀਂ ਬਣਾਇਆ, ਸਗੋਂ ਸਾਹਿਤ ਦੇ ਠੋਸ ਉਦਾਹਰਣ ਨੂੰ ਸਾਮ੍ਹਣੇ ਰਖ ਕੇ ਵਿਸ਼ਲੇਸ਼ਣਾਤਮਕ ਰੂਪ ਨਾਲ ਉਹ ਵਿਧੀਆਂ ਤੇ ਸਿਧਾਂਤ ਘੜੇ, ਜਿਨਾਂ ਨਾਲ ਸਾਹਿਤ ਦੀ ਸਾਹਿਤਕਤਾ ਤੇ ਕਾਵਿਕਤਾ ਸਥਾਪਿਤ ਹੁੰਦੀ ਹੈ |

## ਮੁੱਖ ਕੇਂਦਰੀ ਸ਼ਬਦ:

ਫੈਬੁਲਾ---ਕਥਾ

ਸੁਜੇਤ---ਕਥਾਨਕ

ਮੋਟਿਫ---ਥੀਮਿਕ ਇਕਾਈ

ਮੋਟੀਵੇਸ਼ਨ --------ਜੁਗਤਾਂ ਤੇ ਮੋਟਿਫਾਂ ਵਿਚਕਾਰ ਨਿਆਂ ਦਾ ਰਿਸ਼ਤਾ

ਖਾਰਿਜ਼ ਕਰਨ ---ਖਤਮ ਕਰਨ ਜਾਂ ਮਿਟਾਉਣ ਨਾਲ

ਬੁਨਿਆਦੀ ਸੰਗਠਨ --- ਮੂਲ ਢਾਂਚਾ ਜਾਂ ਪ੍ਰਬੰਧ

ਪ੍ਰਤੱਖਣ-----ਅਨੁਭੂਤੀ ਜਾਂ ਗ੍ਰਹਿਣ ਸ਼ਕਤੀ

## ਸਵੈ-ਮੁਲਾਂਕਣ:

1. ਰੂਸੀ ਰੂਪਵਾਦ 1910 ਤੋਂ 1930 ਤੱਕ ਰੂਸ ਅੰਦਰ ਸਾਹਿਤ ਅਲੋਚਨਾ ਦੀ ਇੱਕ ਪ੍ਰਭਾਵਸ਼ਾਲੀ ਸੰਪਰਦਾ ਸੀ।

ੳ. 1900 ਤੋਂ 1930
ਅ. 1914 ਤੋਂ 1930
ੲ. 1920 ਤੋਂ 1930
ਸ. 1900 ਤੋਂ 1940

2. ਅਰਸਤੂ ਨੇ ਕਿੰਨ੍ਹਾਂ ਤੱਤਾਂ ਨੂੰ ਸਾਹਿਤ ਚਰਚਾ ਦਾ ਅਧਾਰ ਮਿੱਥ ਕੇ ਸਾਹਿਤ ਵਿਦਿਆ ਦਾ ਨਿਵੇਕਲਾ ਤੇ ਸੁਤੰਤਰ ਖੇਤਰ ਨਿਸਚਿਤ ਕੀਤਾ:

ੳ. ਅੰਦਾਜ (manner)

ਅ. ਵਿਧੀ(mode)

ੲ. ਵਸਤੂ(metter)

ਸ. ਉਪਰੋਕਤ ਸਾਰੇ

3. ਰੂਸੀ ਰੂਪਵਾਦ ਨੂੰ ਅਰੰਭ ਕਰਨ ਵਾਲੇ ਅਤੇ ਇਸਦਾ ਵਿਕਾਸ ਕਰਨ ਵਾਲੇ ਮੁੱਖ ਸਮਰਥਕ ਹਨ:

ੳ. ਰੋਮਨ ਜੈਕਬਸਨ

ਅ. ਤੋਮਾਸ਼ੇਵਸਕੀ

ੲ. ਤਿਆਜਾਨੋਵ

ਸ. ਬੋਰਿਸ ਈਖਨਬਾਮ

4. Moscow Linguistic Circle ਦੀ ਸਥਾਪਨਾ ਕੀਤੀ:

ੳ. ਬੋਰਿਸ ਈਖਨਬਾਮ

ਅ. ਸਕਲੋਸਵਸਕੀ

ੲ. ਤੋਮਾਸ਼ੇਵਸਕੀ

ਸ. ਰੋਮਨ ਜੈਕਬਸਨ

5. The Society for the study of poetic language ਦੀ ਸਥਾਪਨਾ ਕੀਤੀ:

ੳ. ਬੋਰਿਸ ਈਖਨਬਾਮ

ਅ. ਸਕਲੋਸਵਸਕੀ

ੲ. ਤੋਮਾਸ਼ੇਵਸਕੀ

ਸ. ਰੋਮਨ ਜੈਕਬਸਨ

6. ਰੋਮਨ ਜੈਕਬਸਨ ਤੇ ਪੀਟਰ ਬੋਗਾਰਟਿਵ ਨੇ ਚੈਕੋਸਲਵਾਕੀਆ ਦੇ ਸ਼ਹਿਰ ਪਰਾਗ ਵਿਖੇ (ਭਾਸ਼ਾ ਦੇ ਪਰਾਗ ਸਕੂਲ) ਦੀ ਸਥਾਪਨਾ ਕੀਤੀ।ਇਹ ਕਥਨ ਹੈ:

ੳ. ਸਹੀ

ਅ. ਗਲਤ

7. ਸਾਹਿਤ ਭਾਸ਼ਾ ਦੀ ਨਿਵੇਕਲੀ ਨੁਹਾਰ ਨਿਸ਼ਚਿਤ ਕਰਨ ਲਈ ਵਿਹਾਰ ਭਾਸ਼ਾ ਨੂੰ ਸਾਹਿਤ ਭਾਸ਼ਾ ਨਾਲੋਂ ਨਿਖੇੜਨਾ ਜਰੂਰੀ ਹੈ।

ਇਹ ਕਥਨ ਹੈ:

ੳ. ਸਹੀ

ਅ. ਗਲਤ

8. ਓਪੋਜਾਜ਼ (OPOJAZ) ਗਰੁੱਪ ਵਿਚ ਬੋਰਿਸ ਈਖਨਬਾਮ, ਤੋਮਾਸ਼ੇਵਸਕੀ ਅਤੇ ਤਿਆਜਾਨੋਵ ਚਿੰਤਕ ਸ਼ਾਮਲ ਸਨ।

ਇਹ ਕਥਨ ਹੈ:

ੳ. ਸਹੀ

ਅ. ਗਲਤ

9. Moscow Linguistic Circle ਦੀ ਸਥਾਪਨਾ ਹੋਈ:

ੳ. 1910

ਅ. 1915

ੲ. 1920

ਸ. 1930

10. The Society for the study of poetic language ਦੀ ਸਥਾਪਨਾ ਹੋਈ:

ੳ. 1914

ਅ. 1915

ੲ-1916

ਸ-1917

11. ਕਥਾ ਸਮੱਗਰੀ ਦੀ ਆਰੰਭਕ ਸਥਿਤੀ ਸਪਸ਼ਟ ਕਰਨ ਲਈ ਬਿਰਤਾਂਤਕ ਭੂਮਿਕਾ ਦੀ ਲੋੜ ਪੈਂਦੀ ਹੈ। ਇਸ ਭੂਮਿਕਾ ਰਾਹੀਂ ਮੁੱਖ ਪਾਤਰਾਂ ਦੇ ਅੰਤਰ-ਸੰਬੰਧਾਂ ਦੀ ਜਾਣ-ਪਛਾਣ ਕਰਵਾ ਦਿੱਤੀ ਜਾਂਦੀ ਹੈ।

ਇਹ ਸਥਿਤੀ ਹੈ:

ੳ. ਫੌਰੀ ਵਿਗੋਪਨ Immediate Exposition

ਅ. ਵਿੰਲਬਿਤ ਵਿਗੋਪਨ Delayed Exposition

ੲ. ਸਥਾਨਾਂਰਿਤ ਵਿਗੋਪਨ TransportsExposition

12. ਕਈ ਵਾਰ ਪਾਤਰਾਂ ਦੇ ਅੰਤਰ-ਸੰਬੰਧਾਂ ਦੀ ਪਹਿਚਾਣ ਕਾਫੀ ਲੰਮਾ ਸਮਾਂ ਲੈ ਜਾਂਦੀ ਹੈ, ਸਥਿਤੀ ਦੀ ਸਮਝ ਟੁਕੜਾ-ਟੁਕੜਾ ਕਰ ਕੇ ਆਉਂਦੀਹੈ।

ਇਹ ਸਥਿਤੀ ਹੈ:

ੳ. ਫੌਰੀ ਵਿਗੋਪਨ Immediate Exposition

ਅ. ਵਿੰਲਬਿਤ ਵਿਗੋਪਨ Delayed Exposition

ੲ. ਸਥਾਨਾਂਰਿਤ ਵਿਗੋਪਨ TransportsExposition

13. ਅਜਨਬੀਕਰਣ ਦੀ ਪ੍ਰਕਿਰਿਆ' defamiliarisation ਉੱਤੇ ਕਿਸ ਚਿੰਤਕ ਨੇ ਬੜਾ ਜ਼ੋਰ ਦਿੱਤਾ:

ੳ. ਬੋਰਿਸ ਈਖਨਬਾਮ

ਅ. ਸਕਲੋਸਵਸਕੀ

ੲ. ਤੋਮਾਸ਼ੇਵਸਕੀ

ਸ. ਰੋਮਨ ਜੈਕਬਸਨ

14. "ਅਜਨਬੀਕਰਨ ਦਾ ਅਰਥ ਅਜਿਹੀਆਂ ਯੁਕਤਾਂ ਦੀ ਵਰਤੋਂ ਹੈ,ਜੋ ਚੀਜ਼ ਨੂੰ ਪਛਾਣਨ ਲਈ ਨਹੀਂ,ਸਗੋ ਇਕਾਗਰ ਹੋ ਕੇ ਵੇਖਣ ਲਈ ਪ੍ਰੇਰਦੀਆਂ ਹਨ।"

ਇਹ ਕਥਨ ਹੈ:

ੳ. ਹਰਿਭਜਨ ਸਿੰਘ

ਅ. ਕਿਸ਼ਨ ਸਿੰਘ

ੲ. ਸੁਤਿੰਦਰ ਸਿੰਘ ਨੂਰ

15. "ਕਵੀ ਅਰਥਹੀਣ ਸਬਦਾਂ ਨੂੰ ਵਰਤਣ ਦਾ ਨਿਰਣਾ ਨਹੀ ਕਰਦਾ, ਆਮ ਤੌਰ ਤੇ ਨਿਰਾਰਥਕ ਸ਼ਬਦਾਂ ਹੇਠ ਵਸਤੂ (ਅਰਥ) ਛੁਕਾਨੀ ਦੇ ਕੇ ਲੁਕਿਆ ਹੁੰਦਾ ਹੈ।"

ਇਹ ਕਥਨ ਹੈ:

ੳ. ਬੋਰਿਸ ਈਖਨਬਾਮ

ਅ. ਸਕਲੋਸਵਸਕੀ

ੲ. ਤੋਮਾਸ਼ੇਵਸਕੀ

ਸ. ਰੋਮਨ ਜੈਕਬਸਨ

16. ਖਾਲੀ ਸਥਾਨ ਭਰੋ:

ਕੁਝ ਮੋਟਿਫ ਅਜਿਹੇ ਹੁੰਦੇ ਹਨ ਜਿਹੜੇ ਜੋ ਪਲਾਟ ਵਿਚੋਂ ਖਾਰਿਜ਼ ਨਹੀਂ ਕੀਤੇ ਜਾ ਸਕਦੇ; ਉਨ੍ਹਾਂ ਨੂੰ --- -----ਕਿਹਾ ਜਾਂਦਾ ਹੈ।

17. ਖਾਲੀ ਸਥਾਨ ਭਰੋ:

ਜਿਹੜੇ ਮੋਟਿਫ ਸਥਿਤੀ ਨੂੰ ਬਦਲਣ ਵਿਚ ਸਹਾਇਕ ਜਾਂ ਰੁਚਿਤ ਨਹੀਂ ਹੁੰਦੇ ਹਨ ; ਉਨ੍ਹਾਂ ਨੂੰ - -------ਕਿਹਾ ਜਾਂਦਾ ਹੈ।

18. ਖਾਲੀ ਸਥਾਨ ਭਰੋ:

ਖੁੱਲ੍ਹੇ ਮੋਟਿਫ ਆਮ ਤੌਰ ਤੇ ਗਤੀਹੀਣ ਹੁੰਦੇ ਹਨ ਪਰ ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਸਾਰੇ -- --------- ਖੁੱਲ੍ਹੇ ਨਹੀਂ ਹੁੰਦੇ।

## ਅਭਿਆਸ ਪ੍ਰਸ਼ਨ

1. ਰੂਸੀ ਰੂਪਵਾਦ ਤੋਂ ਕੀ ਭਾਵ ਹੈ?
2. ਰੂਪ ਦਾ ਸੰਕਲਪ ਕੀ ਹੈ? ਇਸ ਦੀ ਕੀ ਮਹੱਤਤਾ ਹੈ?
3. ਅਜਨਬੀਕਰਨ ਦੀ ਪ੍ਰਕਿਰਿਆ ਦਾ ਵਰਣਨ ਕਰੋ।
4. ਰੂਸੀ ਰੂਪਵਾਦ ਵਿਚ ਥੀਮ ਦੀ ਅਹਿਮ ਚਰਚਾ ਹੋਈ ਸਪਸ਼ਟ ਕਰੋ।

5. ਵਿਗੋਪਨ ਦੀਆਂ ਕਿਸਮਾਂ ਦਾ ਵਰਣਨ ਕਰੋ।

6. ਰੂਸੀ ਰੂਪਵਾਦ ਚਿੰਤਨ ਦਾ ਆਰੰਭ ਬਿੰਦੂ ਕਾਵਿਭਾਸ਼ਾ ਹੈ: ਸਪੱਸ਼ਟ ਕਰੋ।

## ਸੰਦਰਭ ਪੁਸਤਕਾਂ:


- ਰੂਪਕੀ, ਹਰਿਭਜਨ ਸਿੰਘ, ਗੁਰੂ ਨਾਨਕ ਦੇਵ ਯੂਨਵਿਰਸਿਟੀ, ਅੰਮ੍ਰਿਤਸਰ, (2012)
- ਰਚਨਾ ਸਰੰਚਨਾ, ਹਰਿਭਜਨ ਸਿੰਘ, ਗੁਰੂ ਨਾਨਕ ਦੇਵ ਯੂਨਵਿਰਸਿਟੀ, ਅੰਮ੍ਰਿਤਸਰ, (2012)
- ਸਾਹਿਤ ਅਧਿਐਨ ਪ੍ਣਾਲੀਆਂ, ਥਿੰਦ, ਕਰਨੈਲ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ,
- ਅੰਮ੍ਰਿਤਸਰ, (2010)
- ਵਾਦ ਚਿੰਤਨ, ਸੁਰਜੀਤ ਸਿੰਘ ਭੱਟੀ (ਡਾ.), ਚੇਤਨਾ ਪ੍ਰਕਾਸ਼ਨ, ਲੁਧਿਆਣਾ, (2011)
- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)


## ਮਹੱਤਵਪੂਰਨ ਲਿੰਕ

http://dsc.du.ac.in/wp-content/uploads/2020/04/c.pdf

https://unacademy.com/lesson/ruusii-ruupvaad/PAOZEHS0

ਉੱਤਰਮਾਲਾ

| | | | | |
|---|---|---|---|---|
| 1. ਅ | 2. ਸ | 3. ੳ | 4. ਸ | 5. ਅ |
| 6. ੳ | 7. ਅ | 8. ੳ | 9. ਅ | 10. ੲ |
| 11.ੳ | 12. ਅ | 13.ਅ | 14. ੳ | 15.ਅ |
| 16. ਬੱਝੇ ਮੋਟਿਫ | 17. ਗਤੀਹੀਣ ਮੋਟਿਫ | | 18. ਗਤੀਹੀਣ ਮੋਟਿਫ | |

# ਅਧਿਆਇ-5 ਬਾਖਤਿਨ ਸਿਧਾਂਤ

*Harpreet singh, Lovely Professional University*

ਵਿਸ਼ਾ ਵਸਤੂ (Content)


- ਉਦੇਸ਼
- ਪ੍ਰਸਤਾਵਨਾ
- ਵਿਸ਼ਾ ਵਸਤੂ
- ਸਾਰ-ਅੰਸ਼
- ਕੇਂਦਰੀ ਸ਼ਬਦ
- ਸਵੈ-ਮੁਲਾਂਕਣ
- ਅਭਿਆਸ ਪ੍ਰਸ਼ਨ
- ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ–

- ਬਾਖਤਿਨ ਸਕੂਲ ਦੇ ਸਰੂਪ ਅਤੇ ਪ੍ਰਕ੍ਰਿਤੀ ਨੂੰ ਸਮਝਣ ਦੇ ਕਾਬਲ ਬਣੇਗਾ।
- ਸਾਹਿਤ ਵਿਚ ਬਾਖਤਿਨ ਦੇ ਸੰਕਲਪਾਂ, ਅਧਿਐਨ ਪ੍ਰਣਾਲੀ ਦੀ ਮਹੱਤਤਾ ਤੇ ਸਾਰਥਕਤਾ ਨੂੰ ਸਮਝਸਕਣਗੇ।
- ਸਾਹਿਤ ਆਲੋਚਨਾ ਵਿਚ ਇਸ ਦੀ ਵਰਤੋਂ ਦੁਆਰਾ ਸਾਹਿਤ ਦੀਆਂ ਵਿਭਿੰਨ ਦਿਸ਼ਾਵਾਂ ਦਾ ਮੁਲਾਂਕਣ ਕਰ ਸਕਣ ਦੇ ਸਮਰੱਥ ਹੋਵੇਗਾ।

## ਪ੍ਰਸਤਾਵਨਾ:

ਬਾਖਤਿਨ ਸਿਧਾਂਤ (ਸਕੂਲ) ਮੁੱਖ ਤੌਰ ਤੇ ਪ੍ਰਸਿੱਧ ਰੂਸੀ ਵਿਦਵਾਨ ਮਿਖਾਇਲ ਬਾਖਤਿਨ ਦੀਆਂ ਭਾਸ਼ਾ, ਕਾਵਿ-ਸ਼ਾਸਤਰ, ਸਾਹਿਤ ਤੇ ਵਿਸ਼ੇਸ ਕਰਕੇ ਨਾਵਲ ਨਾਲ ਸੰਬੰਧਿਤ ਧਾਰਨਾਵਾਂ ਤੇ ਅੰਤਰ-ਦ੍ਰਿਸ਼ਟੀਆਂ ਦਾ ਹੀ ਨਾਮ ਹੈ। ਇਸ ਅਧਿਆਇ ਦੇ ਅਧਿਐਨ ਦੁਆਰਾ ਵਿਦਿਆਰਥੀ ਬਾਖਤਿਨ ਦੇ ਸੰਕਲਪਾਂ ਨੂੰ ਜਾਣ ਸਕਣਗੇ ਅਤੇ ਇਸ ਪ੍ਰਕਰਣ ਵਿਚ ਸਾਹਿਤ ਸਿਰਜਨਾ ਅਤੇ ਸਾਹਿਤ ਆਲੋਚਨਾ ਕਰ ਸਕਣ ਵਿਚ ਸਮਰੱਥ ਹੋਣਗੇ।

## ਵਿਸ਼ਾ ਵਸਤੂ:

ਬਾਖਤਿਨ ਨੇ ਸਾਹਿਤ ਸਿਧਾਂਤ, ਨੀਤੀ ਸ਼ਾਸਤਰ ਤੇ ਭਾਸ਼ਾ ਦਰਸ਼ਨ ਦੇ ਖੇਤਰਾਂ ਵਿਚ ਵਧੀਆ ਕੰਮ ਕੀਤਾ ਤੇ ਉਸ ਦੀਆਂ ਲਿਖਤਾਂ ਨੇ ਸਾਹਿਤ ਦੀ ਵਿਆਖਿਆ ਤੇ ਸਮੀਖਿਆ ਦੀਆਂ ਵਿਭਿੰਨ ਪ੍ਰੰਪਰਾਵਾਂ, ਮਾਰਕਸਵਾਦ, ਚਿਹਨ ਵਿਗਿਆਨ, ਸਰੰਚਨਾਵਾਦ ਨਾਲ ਜੁੜੇ ਹੋਏ ਵਿਦਵਾਨਾਂ ਦੇ ਚਿੰਤਨ ਕਾਰਜ ਨੂੰ ਪ੍ਰਭਾਵਿਤ ਕੀਤਾ ਅਤੇ ਨਾਲ ਹੀ ਇਤਿਹਾਸ, ਦਰਸ਼ਨ, ਮਾਨਵ-ਸ਼ਾਸਤਰ ਤੇ ਮਨੋਵਿਗਿਆਨ ਆਦਿਕ ਗਿਆਨ-ਅਨੁਸ਼ਾਸਨਾਂ ਨੂੰ ਨਵੀਂ ਦਿਸ਼ਾ ਦਿੱਤੀ।ਅਸਲ ਵਿਚ ਬਾਖਤਿਨ ਰੂਪਵਾਦੀ ਤੇ ਸਰੰਚਨਾਵਾਦੀ ਵਿਚਾਰਵਾਨਾਂ ਦੇ ਵਿਚਕਾਰ ਇਕ ਮਹਤੱਵਪੂਰਨ ਕੜੀ ਦਾ ਕੰਮ ਕਰਦਾ ਹੈ।ਬਾਖਤਿਨ ਦਾ ਜਨਮ 17 ਨਵੰਬਰ1895 ਵਿਚ ਰੂਸ ਦੇ ਇਕ ਸ਼ਹਿਰ ਉਰਿਆਲ Orel ਵਿਖੇ ਹੋਇਆ। ਇਹ ਸ਼ਹਿਰਾਂ ਦਾ ਜੀਵਨ, ਸਭਿਆਚਾਰਕ ਵਿਭਿੰਨਤਾ ਅਤੇ ਭਾਸ਼ਾਈ ਵੰਨ-ਸੁਵੰਨਤਾ ਵਾਲਾ ਸੀ। ਇਸ ਮਾਹੌਲ ਦਾ ਉਸ ਦੇ ਸੁਤੰਤਰ

ਚਿੰਤਨ ਉੱਤੇ ਖੜਾ ਅਸਰ ਹੋਇਆ। 1912 ਈ. ਵਿਚ ਜਦੋਂ ਰੂਸ ਵਿਚ ਇਨਕਲਾਬ ਆਇਆ ਤਾਂ ਹੇਠਲੀ ਉਤਾਂਹ ਹੋਈ, ਮਜ਼ਦੂਰ ਜਮਾਤ ਵੱਲ ਛੇੜੀ ਘਰੇਲੂ ਜੰਗ ਨਾਲ ਆਮ ਲੋਕਾਂ ਦੇ ਰੋਜ਼ਾਨਾ ਜੀਵਨ ਵਿੱਚ ਦੁਸ਼ਵਾਰੀਆਂ ਵਧ ਗਈਆਂ । ਬਾਖਤਿਨ ਨੂੰ ਵੀ ਆਪਣਾ ਸ਼ਹਿਰ ਛੱਡ ਕੇ ਪਹਿਲਾਂ 'ਨੇਵੇਲ' ਅਤੇ ਫੇਰ 'ਵਾਈਟੇਬਸ' ਜਿਹੇ ਪੇਂਡ ਇਲਾਕਿਆਂ ਵਿਚ ਜਾਣਾ ਪਿਆ। ਇਥੇ ਹੀ ਉਸ ਨੇ ਆਪਣੇ ਸੇਂਟ ਪੀਟਰਜ਼ਬਰਗ ਵਾਲੇ ਸਾਥੀਆਂ ਵੀ.ਵਲੋਸ਼ੀਨੋਵ ਅਤੇ ਪਾਵੇਲ ਮੇਦਵੇਦੇਵ ਨਾਲ ਰਲ ਕੇ ਇਕ ਗਰੁੱਪ ਬਣਾਇਆ। ਇਸ ਗਰੁੱਪ ਵੱਲੋਂ ਪੇਸ਼ ਕੀਤੇ ਗਏ ਸਮੂਹਿਕ-ਚਿੰਤਨ ਨੂੰ ਹੀ ਬਾਖਤਿਨ ਸ਼ਕੂਲ' ਕਿਹਾ ਜਾਂਦਾ ਹੈ। ਇਹਨਾਂ ਵਿਦਵਾਨਾਂ ਨੇ ਨੈਤਿਕ ਵਿਗਿਆਨਾਂ, ਸੁਹਜ ਵਿਗਿਆਨ, ਭੌਤਿਕ ਵਿਗਿਆਨ,ਜਰਮਨ ਫਲਸਫੇ ਤੋਂ ਇਲਾਵਾ ਕਾਂਤ, ਪਲੈਂਕ ਅਤੇ ਆਇਨਸਟਾਇਨ ਦੇ ਚਿੰਤਨ ਬਾਰੇ ਵੀ ਵਿਚਾਰ-ਚਰਚਾ ਕੀਤੀ। ਬਾਖਤਿਨ ਨੇ ਸਾਹਿਤ ਸਿਧਾਂਤ ਨਾਲ ਸਬੰਧਤ ਮੁੱਖ ਰੂਪ ਵਿਚ ਦੋ ਪੁਸਤਕਾਂ ਹਨ:

Problems of Dostovsky's Poetics (1929)

Rebelais and his World (1940)

ਲਿਖੀਆਂ ਹਨ। ਪਰ ਉਸ ਦੇ ਨਾਂ ਨਾਲ ਕੁਝ ਹੋਰ ਪੁਸਤਕਾਂ ਅਤੇ ਲੇਖ ਵੀ ਜੋੜੇ ਜਾਂਦੇ ਹਨ। ਮਿਸਾਲ ਵਜੋਂ ਬਾਖਤਿਨ ਅਤੇ ਮੇਦਵੇਦੇਵ ਦੀ ਸਾਂਝੀ ਪੁਸਤਕ The Method ofLiterary Scholarship: A Critical Introduction to Sociological Poetics ਵੀ ਬਾਖਤਿਨ ਦੀ ਹੀ ਲਿਖੀ ਸਮਝਿਆ ਜਾਂਦਾ ਹੈ। ਵੋਲੋਸ਼ੀਨੋਵ ਨੇ Freudianism. A Marxist Critique, Marxism and the Philosophy of Language ਪੁਸਤਕਾਂ ਦੀ ਰਚਨਾ ਕੀਤੀ ਹੈ। ਇਹਨਾਂ ਪ੍ਰਮੁੱਖ ਪੁਸਤਕਾਂ ਤੋਂ ਇਲਾਵਾ ਮਿਖਾਇਲ ਬਾਖਤਿਨ ਨੇ ਵਿਕੋਲਿਤਰੇ ਲੇਖ ਵੀ ਲਿਖੇ ਹਨ ਜਿਨ੍ਹਾਂ ਨੂੰ The Dialogical Imagination Four Essays ਨਾਂ ਅਧੀਨ 1981 ਵਿਚ ਪ੍ਰਕਾਸ਼ਿਤ ਕੀਤਾ ਗਿਆ।ਇਹ ਚਾਰ ਲੇਖ ਹਨ:

1. Author and Hero in Aesthetic Activity
2. Discourse in Novel
3. Forms of Time and of the Chronotope in the Novel
4. Towards a Philosophy of the Act

ਉਸ ਦੇ ਵਿਕੋਲਿਤਰੇ ਲੇਖਾਂ ਨੂੰ Speech, Genres and other Late Essays ਪੁਸਤਕ ਵਿਚ 1986 ਵਿਚ ਅਨੁਵਾਦਿਤ ਅਤੇ ਸੰਪਾਦਿਤ ਕੀਤਾ ਗਿਆ ਹੈ। ਇਹਨਾਂ ਸਾਰੀਆਂ ਪੁਸਤਕਾਂ ਅਤੇ ਲੇਖਾਂ ਵਿਚੋਂ ਨਿਕਲਦਾ ਚਿੰਤਨ 'ਬਾਖਤਿਨ ਸਕੂਲ ' ਵਜੋਂ ਜਾਣਿਆ ਜਾਂਦਾ ਹੈ।

ਬਾਖਤਿਨ ਅਤੇ ਉਸਦੇ ਸਾਥੀਆਂ ਦਾ ਸਮੁੱਚਾ ਚਿੰਤਨ ਆਪਣੇ ਆਪ ਵਿਚ ਇਕ ਸੰਵਾਦ ਹੈ।

ਉਹ ਮਾਰਕਸਵਾਦ, ਰੂਪਵਾਦ, ਫਰਾਇਡਵਾਦ, ਸੋਸਿਊਰੀ-ਭਾਸ਼ਾ-ਚਿੰਤਨ, ਸਟਾਲਿਨੀ-ਵਿਚਾਰਧਾਰਾ ਨਾਲ ਸੰਵਾਦ ਰਚਾਉਂਦੇ ਹਨ ਅਤੇ ਬਣੀਆਂ-ਬਣਾਈਆਂ ਧਾਰਨਾਵਾਂ ਨੂੰ ਰੱਦ ਕਰਦੇ ਹਨ। ਇਸ ਕਰਕੇ ਰੂਸੀ ਰੂਪਵਾਦੀਆਂ ਵਾਂਗ ਬਾਖਤਿਨ ਨੂੰ ਵੀ ਸਟਾਲਿਨਵਾਦੀ ਗਰੁੱਪ ਦੇ ਜੁਲਮਾਂ ਦਾ ਸ਼ਿਕਾਰ ਹੋਣਾ ਪਿਆ । ਉਸ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਕਜਾਕੀਸਤਾਨ ਵਿਚ ਜਲਾਵਤਨ ਕਰ ਦਿੱਤਾ ਗਿਆ।

ਬਾਖਤਿਨ ਸਕੂਲ ਦਾ ਇਹ ਸਮੁੱਚਾ ਚਿੰਤਨ ਇਕ ਵਾਰੀ ਤਾਂ ਦਬਾ ਦਿੱਤਾ ਗਿਆ ਸੀ। ਪਰ ਸਠਵਿਆਂ ਦਹਾਕਿਆਂ ਵਿਚ ਮਾਸਕੋ ਦੇ ਗ੍ਰੈਜੂਏਟ ਵਿਦਿਆਰਥੀਆਂ ਵੱਲੋਂ 1963 ਵਿਚ ਮਿਖਾਇਲ ਬਾਖਤਿਨ ਦੀ ਦੋਸਤੋਵਸਕੀ ਦੀ ਨਾਵਲਕਾਰੀ ਬਾਰੇ ਲਿਖੀ ਪੁਸਤਕ ਨੂੰ ਪ੍ਰਕਾਸ਼ਿਤ ਕੀਤਾ ਗਿਆ । ਇਸ ਤੋਂ ਮਗਰੋਂ ਉਸ ਦੇ ਸਮੁੱਚੇ ਸਾਹਿਤ ਨੂੰ ਅਨੁਵਾਦ ਅਤੇ ਸੰਪਾਦਿਤ ਕੀਤਾ ਗਿਆ। 1976 ਤੋਂ 1990 ਦਰਮਿਆਨ ਬਾਖਤਿਨ ਸਕੂਲ ਦੇ ਸਾਹਿਤ ਚਿੰਤਨ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਗਿਆ । ਨਵ-ਚਿੰਤਨ ਪੱਧਤੀਆਂ ਕਾਰਨ ਬਾਖਤਿਨ ਦਾ ਚਿੰਤਨ ਅੱਸੀਵਿਆਂ ਵਿਚ ਸਾਰੇ ਪੱਛਮ ਅਤੇ ਨੱਬੇਵਿਆਂ ਦੇ ਮੱਧਕਾਲ ਵਿੱਚ ਸਾਰੇ ਰੂਸ ਵਿਚ ਇਕ ਵਾਰ ਫਿਰ ਤੋਂ ਜਬਰਦਸਤ ਧਿਆਨ ਦਾ ਕੇਂਦਰ ਬਣਿਆ । ਪਰ ਪੰਜਾਬੀ ਸਾਹਿਤ ਚਿੰਤਨ ਵਿਚ ਬਾਖਤਿਨ ਸਕੂਲ ਨੂੰ ਹਾਲੇ ਵੀ ਬਹੁਤੀ ਤਵੱਜੋ ਨਹੀਂ ਦਿੱਤੀ ਗਈ। ਹਾਲਾਂਕਿ ਸਾਡੇ ਮਾਰਕਸਵਾਦੀ ਚਿੰਤਕ ਉਸ ਨੂੰ ਨਵ-ਮਾਰਕਸਵਾਦੀ ਚਿੰਤਨ ਵਿਚ ਸ਼ਾਮਲ ਕਰਨ ਲੱਗ ਪਏ ਹਨ। ਇਸ ਤੋਂ ਇਲਾਵਾ ਮਾਰਕਸਵਾਦੀ ਸਾਹਿਤ-ਸਿਧਾਂਤ ਵਿਚ ਉਸ ਦੇ ਚਿੰਤਨ ਨੂੰ ਸ਼ਾਮਿਲ ਕਰਨ ਦੀਆਂ ਗੱਲਾਂ ਵੀ ਹੋਣ ਲੱਗ ਪਈਆਂ ਹਨ। ਰੂਸੀ ਰੂਪਵਾਦ ਦੇ ਅੰਤਿਮ ਦੌਰ ਵਿਚ ਬਾਖਤਿਨ ਸਕੂਲ ਦੇ ਚਿੰਤਕਾਂ ਨੇ ਰੂਪਵਾਦ ਤੇ ਮਾਰਕਸਵਾਦ ਵਿਚ ਸੁਮੇਲ ਪੈਦਾ ਕਰਨ ਦਾ ਸਫਲ ਯਤਨ ਕੀਤਾ।ਇਸ ਕਾਲ ਦੀਆਂ ਪ੍ਰਮੁੱਖ ਕਿਰਤਾਂ ਦੇ ਲੇਖਕਾਂ ਦੇ ਵਾਸਤਵਿਕ ਨਾਮਾਂ ਦੀ ਠੀਕ ਜਾਣਕਾਰੀ ਲਈ ਪੁਸਤਕਾਂ ਉਪਰ ਜਿਹੜੇ ਨਾਮ ਛਪੇ ਹਨ;-

1.ਵੈਲੇਨਟਿਨ ਵੋਲੋਸ਼ਿਨੋਵ Valentin Voloshinov

2. ਪਾਵੇਲ ਮੈਡਵੇਡੇਵ Pavel Medvedev

3 ਮਿਖਾਇਲ ਬਾਖਤਿਨ Mikhail Bakhtin

ਸਾਹਿਤਿਕ ਕਿਰਤਾਂ ਦੀ ਭਾਸ਼ਾਈ ਸਰੰਚਨਾ ਨਾਲ ਸੰਬੰਧ ਰੱਕਣ ਕਰਕੇ ਇਹ ਰੂਪਵਾਦੀ ਹੀ ਸਨ ਪਰ ਤਾਂ ਵੀ ਆਪਣੇ ਇਸ ਮੱਤ ਦੀ ਦ੍ਰਿਸ਼ਟੀ ਤੋਂ ਮਾਰਕਸਵਾਦੀ ਸਨ ਕਿ ਭਾਸ਼ਾ ਨੂੰ ਵਿਚਾਰਧਾਰਾ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਭਾਸ਼ਾ ਤੇ ਵਿਚਾਰਧਾਰਾ ਦੇ ਸੰਬੰਧਾਂ ਨੂੰ ਸਵੀਕਾਰ ਕਰ ਲੈਣ ਨਾਲ ਸਾਹਿਤ, ਸਮਾਜਿਕ ਤੇ ਆਰਥਿਕ ਦਾਇਰੇ ਵਿਚ ਆ ਜਾਂਦਾ ਹੈ ਜੋ ਵਿਚਾਰਧਾਰਾ ਦਾ ਨਿਵਾਸ ਸਥਾਨ ਹੈ।

ਬਾਖਤਿਨ ਸਕੂਲ ਦੇ ਪ੍ਰਮੁੱਖ ਸੰਕਲਪਾਂ ਦਾ ਵੇਰਵਾ ਇਸ ਪ੍ਰਕਾਰ ਹੈ-

ਬਾਖਤਿਨ ਦੀ ਪੁਸਤਕ Problems of Dostovasky's Poetics ਵਿਚ ਤਿੰਨ ਗੱਲਾਂ ਸਪੱਸਟ ਹੁੰਦੀਆਂ ਹਨ।

## ਸਵੈ ਦੀ ਅਨਿਰਣੈ ਦੀ ਅਵੱਸਥਾ :

ਪਹਿਲੀ ਗੱਲ ਸਵੈ ਦੀ ਅਨਿਰਣੈ ਦੀ ਅਵੱਸਥਾ ਹੈ। ਸਵੈ ਦਾ ਅਜਿਹਾ ਸੰਕਲਪ ਜਿਸ ਵਿਚ ਸਵੈ ਕਦੇ ਵੀ ਸੰਪੂਰਨ ਤੇ ਅੰਤਿਮ ਰੂਪ ਵਿਚ ਸਾਕਾਰ ਨਹੀਂ ਹੁੰਦਾ। ਸਵੈ ਨੂੰ ਕਦੀ ਵੀ ਮੁਕੰਮਲ ਤੌਰ ਤੇ ਸਮਝਿਆ ਜਾਣਾ ਤੇ ਸਥਾਪਿਤ ਨਹੀਂ ਕੀਤਾ ਜਾ ਸਕਦਾ। ਬਾਖਤਿਨ ਦਾ ਇਹ ਸੰਕਲਪ ਕਿਸੇ ਵਿਅਕਤੀ ਦੀ ਸ਼ਖ਼ਸੀਅਤ ਵਿਚ ਤਬਦੀਲੀ ਦੀ ਗੁੰਜਾਇਸ਼ ਨੂੰ ਮਾਨਤਾ ਦਿੰਦਾ ਹੈ ; ਭਾਵ ਵਿਅਕਤੀ ਦੀ ਪਛਾਣ ਕਦੇ ਵੀ ਸਥਿਰ ਤੇ ਨਿਸਚਿਤ ਨਹੀਂ ਹੁੰਦੀ। ਸਗੋਂ ਇਸ ਵਿਚ ਵਿਭਿੰਨ ਸਥਿਤੀਆਂ ਵਿਚ ਵਿਚਰਨ ਤੇ ਰਿਸ਼ਤਿਆਂ ਵਿਚ ਬੱਝਣ ਨਾਲ ਤਬਦੀਲੀਆਂ ਦੀਆਂ ਅਸੀਮ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ।

## ਦੂਜਿਆਂ ਤੋਂ ਪ੍ਰਭਾਵਿਤ ਹੋਣਾ:

ਬਾਖਤਿਨ ਦੇ ਵਿਚਾਰ ਅਨੁਸਾਰ ਹਰ ਵਿਅਕਤੀ ਦੂਜਿਆਂ ਤੋਂ ਪ੍ਰਭਾਵਿਤ ਹੁੰਦਾ ਹੈ ਤੇ ਹਰ ਗੱਲ ਵਿਚ ਉਨ੍ਹਾਂ ਨਾਲ ਬੱਝਿਆ ਹੁੰਦਾ ਹੈ।ਇਸ ਲਈ ਉਸਦਾ ਕੋਈ ਵਿਚਾਰ ਨਿਖੜਵਾਂ ਜਾ ਨਿਵੇਕਲਾ ਨਹੀ ਹੁੰਦਾ। ਬਾਖਤਿਨ ਅਨੁਸਾਰ ਅਸੀਂ ਕਦੀ ਵੀ ਗੈਰ ਜਾਂ ਦੁਜਿਆਂ ਦੀ ਆਪਣੇ ਬਾਰੇ ਸਮਝ ਤੋਂ ਬਗੈਰ ਆਪਣੇ ਆਪ ਬਾਰੇ ਨਹੀਂ ਜਾਣ ਸਕਦੇ। ਇੰਝ ਕਿਸੇ ਵਿਅਕਤੀ ਦਾ ਕਿਰਦਾਰ, ਉਸਦੀ ਸੋਚ ਅਤੇ ਆਪਣੇ ਬਾਰੇ ਵਿਚਾਰ ਦੁਜਿਆਂ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੁੰਦੇ।

### ਬਹੁ-ਸੁਰਤਾ (Polyphony)

ਬਹੁ-ਸੁਰਤਾ' ਬਾਖਤਿਨ ਸਕੂਲ ਦਾ ਸਭ ਤੋਂ ਪਰਮੁੱਖ ਅਤੇ ਚਰਚਿਤ ਸੰਕਲਪ ਹੈ। ਇਸ ਸੰਕਲਪ ਦੀ ਪੇਸ਼ਕਾਰੀ ਬਾਖਤਿਨ ਨੇ ਦੋਸਤੋਵਸਕੀ ਦੇ ਨਾਵਲ ਉੱਤੇ ਆਪਣੀ ਪ੍ਰਸਿੱਧ ਪੁਸੱਤਕ Problems of Dostovsky's Poetics (1929) ਵਿਚ ਕੀਤੀ। ਦੋਸਤੋਵਸਕੀ ਦੇ ਨਾਵਲਾਂ ਦਾ ਅਧਿਐਨ ਕਰਕੇ ਬਾਖਤਿਨ ਇਹਨਾਂ ਨੂੰ ਟਾਲਸਟਾਏ ਦੇ ਨਾਵਲਾਂ ਦੇ ਸਮਵਿਥ ਰੱਖ ਕੇ ਵੇਖਦਾ ਹੈ।ਟਾਲਸਟਾਏ ਦੇ ਮਕਾਬਲੇ ਉਸ ਨੂੰ ਦੋਸਤੋਵਸਕੀ ਦੇ ਨਾਵਲ ਬਹੁ-ਸੁਰੀ ਲਗਦੇ ਹਨ। ਬਹੁ-ਸੁਰਤਾ ਉਹ ਸਥਿਤੀ ਹੈ ਜਿਸ ਵਿਚ ਸਾਹਿਤ ਰਚਨਾ ਵਿਚਲੀਆਂ ਪ੍ਰਸਥਿਤੀਆਂ ਅਤੇ ਰਚਨਾ ਦੇ ਪਾਤਰ ਨਾਵਲਕਾਰ ਦੇ ਵੱਸ ਤੋਂ ਬਾਹਰ ਹੋ ਕੇ ਅਨੇਕਾਂ ਸੁਰਾਂ ਨੂੰ ਉਜਾਗਰ ਕਰਦੇ ਹਨ। ਦੋਸਤੋਵਸਕੀ ਦੇ ਨਾਵਲ ਬਹੁ-ਸੁਰੀ ਇਸ ਕਰਕੇ ਹਨ ਕਿਉਂਕਿ ਉਹ ਪੰਰਪਰਾਗਤ ਨਾਵਲ ਦੇ ਉਲਟ ਨਾਵਲ ਦੇ ਸੱਚ ਨੂੰ ਇਕਹਿਰੀ ਚੇਤਨਾ ਦੀ ਬਜਾਏ ਵੱਖ-ਵੱਖ ਚੇਤਨਾਵਾਂ ਦੇ ਪ੍ਰਸੰਗ ਵਿਚ ਪੇਸ਼ ਕਰਦਾ ਹੈ । ਪਰੰਪਰਾਗਤ ਨਾਵਲਕਾਰ, ਪਾਤਰਾਂ ਦਾ ਸਿਰਜਕ ਬਣ ਬਹਿੰਦਾ ਸੀ । ਸਾਰੀਆਂ ਨਾਵਲੀ ਪ੍ਰਸਥਿਤੀਆਂ ਅਤੇ ਪਾਤਰਾਂ ਦਾ ਉਹ ਕਰਤਾ-ਧਰਤਾ ਹੁੰਦਾ ਸੀ । ਉਹ ਨਾਵਲ ਦੇ ਅੰਦਰ ਜਗਤ ਦਾ 'ਰੱਬ' ਸੀ।ਨਾਵਲੀ-ਹਾਲਾਤ ਅਤੇ ਪਾਤਰ ਉਸ ਦੇ ਹੱਥਾਂ ਦੀਆਂ ਕਠਪੁਤਲੀਆਂ ਬਣ ਕੇ ਇਕ-ਸੁਰ ਹੋ ਜਾਂਦੇ ਸਨ। ਪਰ ਦੋਸਤੋਵਸਕੀ, ਨਾਵਲ ਦੇ ਰੂਪ ਅਤੇ ਨਾਵਲਕਾਰ ਦੇ ਰੋਲ ਵਿੱਚ ਬੁਨਿਆਦੀ ਤਬਦੀਲੀ ਕਰ ਦਿੰਦਾ ਹੈ। ਉਸਦੇ ਨਾਵਲਾਂ ਵਿਚ ਲੇਖਕ ਪਾਤਰਾਂ ਵਾਂਗ ਹੀ ਇਕ ਪਾਤਰ ਬਣ ਕੇ ਪੇਸ਼ ਹੁੰਦਾ ਹੈ। ਇਹ ' ਲੇਖਕ ਦੇ ਸੱਚ' ਦੀ ਸਿੱਧੀ ਪੇਸ਼ਕਾਰੀ ਨਾ ਹੋ ਕੇ, ਲੇਖਕ ਵਲੋਂ ਪਾਤਰਾਂ ਅਤੇ ਪਾਠਕਾਂ ਦੀਆਂ ਚੇਤਨਾਵਾਂ ਵਿਚ, ਸੱਚ ਦੀ ਗਤੀਸ਼ੀਲ਼ ਸਿਰਜਣਾ ਹੈ। ਬਹੁ-ਸੁਰੀ ਨਾਵਲ ਦਾ ਲੇਖਕ ਪਾਤਰਾਂ ਬਾਰੇ ਆਪ ਨਹੀਂ ਬੋਲਦਾ। ਸਗੋਂ ਉਹਨਾਂ ਨਾਲ ਇਉਂ ਸੰਵਾਦ ਕਰਦਾ ਹੈ ਜਿਵੇਂ ਉਹ ਸੱਚਮੁੱਚ ਹੀ ਵਰਤਮਾਨ ਵਿਚ ਮੌਜੂਦ ਹੋਣ । ਬਹੁ-ਸੁਰੀ ਨਾਵਲ ਦੇ ਪਾਤਰ ਅਜਿਹੇ ਅਜ਼ਾਦ ਲੋਕਾਂ ਵਾਂਗ ਪੇਸ਼ ਹੁੰਦੇ ਹਨ ਜੋ ਆਪਣੇ ਸਿਰਜਕ ( ਲੇਖਕਾਂ ਨਾਲ ਸਹਿਮਤ ਵੀ ਹੋ ਸਕਦੇ ਹਨ ਅਤੇ ਅਸਹਿਮਤ ਵੀ ਹੋ ਸਕਦੇ ਹਨ। ਹੋਰ ਤਾਂ ਹੋਰ ਉਹ ਉਸਦਾ ਵਿਰੋਧ ਵੀ ਕਰ ਸਕਦੇ ਹਨ। ਇਉਂ ਲੇਖਕ, ਪਾਤਰ, ਨਾਵਲੀ ਪ੍ਰਸਥਿਤੀਆਂ ਅਤੇ ਪਾਠਕ ਸਾਰੇ ਰਲ ਕੇ ਬਹੁ-ਸੁਰਤਾ ਨੂੰ ਜਨਮ ਦਿੰਦੇ ਹਨ।

ਟਾਲਸਟਾਏ ਬਾਰੇ,ਬਾਖਤਿਨ ਕਹਿੰਦਾ ਹੈ ਕਿ ਉਸ ਦੇ ਨਾਵਲਾਂ ਦੀਆਂ ਵੱਖੋ-ਵੱਖ ਸੁਰ-ਗੂੰਜਾਂ ਅਖੀਰ ਨੂੰ ਰਚਨਾਕਾਰ (ਟਾਲਸਟਾਏ) ਦੇ ਵਿਚਾਰਧਾਰਕ-ਉਦੇਸ਼ ਸਮਾਜ ਦੀ ਇਨਕਲਾਬੀ ਤਬਦੀਲੀ) ਦੇ ਅਧੀਨ ਹੋ ਜਾਂਦੀਆਂ ਹਨ। ਇਸ ਦੇ ਉਲਟ ਦੋਸਤੋਵਸਕੀ ਦੇ ਨਾਵਲਾਂ ਨੂੰ ਉਹ ਬਹੁ-ਸੁਰੀ ਅਤੇ ਸੰਬਾਦੀ ਮੰਨਦਾ ਹੈ। ਉਸ ਦੇ ਨਾਵਲਾਂ ਵਿਚ ਇੱਕੋ ਵੇਲੇ, ਸੋਚ ਦੇ ਕਈ ਧਰਾਤਲ ਮਿਲਦੇ ਹਨ। ਇਹਨਾਂ ਧਰਾਤਲਾਂ ਵਿਚ ਕਈ ਧੁਨੀਆਂ ਜਾਂ ਅਨੁਗੂੰਜਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਦੋਸਤੋਵਸਕੀ ਦੇ ਨਾਵਲੀ-ਪਾਤਰ ਰਚਨਾਕਾਰ ਦੇ ਹੱਥਾਂ ਦੀਆਂ ਕਠਪੁਤਲੀਆਂ ਨਹੀਂ ਬਣਦੇ। ਉਹ ਦੋਸਤੋਵਸਕੀ ਦੇ ਮੂੰਹੋਂ-ਬੋਲੇ-ਪਾਤਰ (Mouthpiece) ਵੀ ਨਹੀਂ ਹਨ। ਦੋਸਤੋਵਸਕੀ ਦੇ ਪਾਤਰ ਲਾਜ਼ਮੀ ਤੌਰ ਤੇ ਰਚਨਾਕਾਰ ਦੀ ਜੀਵਨ-ਦ੍ਰਿਸ਼ਟੀ ਦੇ ਵਸ ਵਿਚ ਨਹੀਂ ਹੁੰਦੇ।ਉਹ ਸੁਤੰਤਰ ਵਿਚਾਰਾਂ ਵਾਲੇ ਅਤੇ ਆਪਣੀ ਵੱਖਰੀ ਪਛਾਣ ਦੇ ਧਾਰਨੀ ਹਨ।

ਇਉਂ, ਮਿਖਾਇਲ ਬਾਖਤਿਨ ਨੇ ਦੋਸਤੋਵਸਕੀ ਦੇ ਨਾਵਲਾਂ ਦਾ ਸਮਾਜ-ਸ਼ਾਸਤਰੀ ਕਾਵਿ-ਸ਼ਾਸਤਰ ਸਥਾਪਿਤ ਕਰਨ ਦਾ ਯਤਨ ਕੀਤਾ। ਉਹ ਆਧੁਨਿਕ ਨਾਵਲ ਅਤੇ ਦੋਸਤੋਵਸਕੀ ਦੇ ਨਾਵਲਾਂ ਨੂੰ ਸਮਝਣ ਲਈ ਬੁਨਿਆਦੀ ਨੁਕਤੇ ਪ੍ਰਦਾਨ ਕਰਦਾ ਹੈ, ਜਿਹਨਾਂ ਦੀ ਮਹੱਤਤਾ ਸਿਰਫ ਨਾਵਲ ਦੇ ਰੂਪਾਕਾਰ ਜਾਂ ਦੋਸਤੋਵਸਕੀ ਦੇ ਨਾਵਲਾਂ ਤਕ ਸੀਮਿਤ ਨਾ ਰਹਿ ਕੇ, ਸੁਹਜ ਸ਼ਾਸਤਰ ਦੇ ਬੁਨਿਆਦੀ ਮਸਲਿਆਂ ਨੂੰ ਨਜਿੱਠਣ ਤਕ ਪਹੁੰਚ ਜਾਂਦੀ ਹੈ।

## ਕਾਰਨੀਵਾਲ ਦਾ ਸੰਕਲਪ:

ਬਾਖਤਿਨ ਨੇ 'ਉਤਸਵ' (ਕਾਰਨੀਵਾਲ) ਦੇ ਸੰਕਲਪ ਨੂੰ ਆਪਣੀ ਪੁਸਤਕ The Dialogical imagination ਵਿਚ ਪੇਸ਼ ਕੀਤਾ। ਜਿਵੇਂ ਸਾਡੇ ਦੇਸ਼ ਵਿਚ ਮੇਲੇ ਲਗਦੇ ਹਨ। ਉਵੇਂ ਪੱਛਮੀ ਮੁਲਕਾਂ ਵਿਚ ਕਾਰਨੀਵਾਲ (Carnival) ਦਾ ਆਯੋਜਨ ਕੀਤਾ ਜਾਂਦਾ ਹੈ। ਸਾਡੇ ਮੇਲਿਆਂ ਦਾ ਸਰੂਪ ਧਾਰਮਿਕ ਹੈ। ਪਰ ਇਸ ਦੇ ਉਲਟ ਕਾਰਨੀਵਾਲ ਵਿਚ ਖੇਡ-ਤਮਾਸ਼ੇ ਅਤੇ ਮੌਜ-ਮਸਤੀ ਦਾ ਮਾਹੌਲ ਹੁੰਦਾ ਹੈ। ਇਹਨਾਂ ਵਿਚ ਹਰ ਵਿਆਕਤੀ ਨੂੰ ਪੂਰੀ ਖੁੱਲ ਹੁੰਦੀ ਹੈ। ਹਰ ਵਿਅਕਤੀ ਆਪਣੀ ਪਦਵੀ ਸੱਤਾ ਨਿੱਜ ਅਤੇ ਸਮਾਜਿਕ-ਮਾਣ-ਮਰਿਆਦਾ ਨੂੰ ਤਿਆਗ ਕੇ ਸਾਮੂਹਿਕ ਅਤੇ ਸਾਂਝੀਆਂ ਗਤੀਵਿਧੀਆਂ ਵਿਚ ਹਿੱਸਾ ਲੈਂਦਾ ਹੈ। ਇਥੇ ਖੇਡੀਆਂ ਜਾਣ ਵਾਲੀਆਂ ਖੇਡਾਂ ਵਿਚ ਬੁੱਧੀਮਾਨ ਬੰਦੇ ਮੂਰਖ ਬਣ ਜਾਂਦੇ ਹਨ ਅਤੇ ਭਿਖਾਰੀ ਰਾਜੇ ਵੀ ਬਣ ਸਕਦੇ ਹਨ। ਇਹ ਕਾਰਨੀਵਾਲ ਯਥਾਰਥ ਅਤੇ ਕਲਪਨਾ ਦਾ ਜੋੜ-ਮੇਲ ਹੁੰਦੇ ਹਨ। ਕਾਰਨੀਵਾਲ ਵਿਚ ਹਰੇਕ ਗੰਭੀਰ ਚੀਜ਼,ਸੰਸਥਾ ਜਾਂ ਸੰਕਲਪ ਦਾ ਮੌਜੂ ਬਣਾਇਆ ਜਾਂਦਾ ਹੈ।ਸਭ ਨੂੰ ਆਪਣੀ ਮਨਮਰਜੀ ਕਰਨ ਦੀ ਖੁੱਲ੍ਹੀ ਛੁੱਟੀ ਹੁੰਦੀ ਹੈ। ਬਾਖਤਿਨ ਆਖਦਾ ਹੈ ਕਿ ਲੋਕ-ਤਮਾਸ਼ਿਆਂ ਉੱਤੇ ਅਧਾਰਿਤ ਇਸ ਸੁਤੰਤਰ-ਸਮਾਜਿਕ-ਪ੍ਰਗਟਾਵੇ ਦਾ ਪ੍ਰਭਾਵ ਸਾਹਿਤ ਅਤੇ ਵੱਖੋ-ਵੱਖ ਸਾਹਿਤ ਵਿਧਾਵਾਂ ਉੱਤੇ ਵੀ ਪੈਂਦਾ ਹੈ। ਇਸ ਪ੍ਰਭਾਵ ਨੂੰ ਉਹ ਕਾਰਨੀਵਲਾਈਜੇਸ਼ਨ' ਨਾਂ ਦਿੰਦਾ ਹੈ। ਇਉਂ ਬਾਖਤਿਨ ਕਾਰਨੀਵਾਲ ਜਾਂ ਲੋਕ-ਸਭਿਆਚਾਰ ਨੂੰ ਕੁਲੀਨ-ਸਭਿਆਚਾਰ ਦੀ ਤੁਲਨਾ ਵਿਚ ਵਿਕਲਪ-ਸਭਿਆਚਾਰ ਕਰਾਰ ਦਿੰਦਾ ਹੈ। ਬਾਖਤਿਨ ਇਸ ਧਾਰਨਾ ਰਾਹੀਂ ਇਹ ਨੁਕਤਾ ਪੇਸ਼ ਕਰਦਾ ਹੈ ਕਿ ਸਾਹਿਤ, ਇਤਿਹਾਸ ਅਤੇ ਸਭਿਆਚਾਰ ਇਕ ਦੂਜੇ ਵਿਚ ਸਾਹ ਲੈਂਦੇ ਹਨ। ਇਹਨਾਂ ਦੇ ਆਪਸੀ ਸਬੰਧ ਜਿੰਨੇ ਉਜਾਗਰ ਹੁੰਦੇ ਹਨ, ਓਨੇ ਹੀ ਲੁਕਵੇਂ ਅਤੇ ਬਹੁ-ਧਰਾਤਲੀ ਵੀ ਹੁੰਦੇ ਹਨ। ਇਉਂ ਦੋਸਤੋਵਸਕੀ ਵਿਚ ਲੋਕ-ਸਭਿਆਚਾਰ ਅਧਾਰਤ (Carnivalised) ਸਾਹਿਤ ਦੀ ਪਰੰਪਰਾ ਆਪਣੇ ਭਰਪੂਰ ਅੰਦਾਜ਼ ਵਿਚ ਮਿਲਦੀ ਹੈ। ਬੈਰਨ ਕੁਲੀਨੇ' ਕਹਾਣੀ ਵਿਚ ਮੁਰਦਿਆਂ ਦਾ ਬਾਦਸ਼ਾਹ ਆਖਦਾ ਹੈ- 'ਮੈਂ ਚਾਹੁੰਦਾ ਹਾਂ ਕਿ ਹਰ ਬੰਦਾ ਸੱਚ ਬੋਲੇ ਧਰਤੀ ਉੱਤੇ ਤਾਂ ਝੂਠ ਤੋਂ ਬਿਨਾਂ ਰਹਿਣਾ ਅਸੰਭਵ ਹੈ ਕਿਉਂਕਿ ਝੂਠ ਤੇ ਜ਼ਿੰਦਗੀ ਸਮਾਨਰਥਕ ਹਨ ਪਰ ਅਸੀਂ ਇਥੇ ਸੱਚ ਅਤੇ ਸਿਰਫ ਸੱਚ ਬੋਲਾਂਗੇ, ਸਿਰਫ ਮਜ਼ਾ ਲੈਣ ਲਈ। ''

ਬਾਖਤਿਨ ਅਨੁਸਾਰ ਇਹ ਕਹਾਣੀ ਬਹੁ-ਸੁਰੀ ਨਾਵਲ ਦੇ ਬੀਜ ਦੀ ਹੈਸੀਅਤ ਰਖਦੀ ਹੈ। ਜਿਸ ਵਿਚ ਅਵਾਜ਼ਾਂ (ਸੁਰਾਂ) ਨੂੰ ਅਜ਼ਾਦੀ ਹੈ ਕਿ ਉਹ ਬੇਹੁਰਮਤੀ ਕਰ ਸਕਣ। ਇਹੋ ਜਿਹੀਆਂ ਕਹਾਣੀਆਂ ਦੇ ਰਚਨਾਕਾਰ,ਪਾਤਰ ਅਤੇ ਕਹਾਣੀ ਦੇ ਵਿਚ,ਆਪਣਾ ਦਖਲ ਨਹੀਂ ਦਿੰਦੇ।

ਉਪਰੋਕਤ ਪੁਸਤਕ ਦੇ ਲੇਖ The Discourse in Novel ਵਿਚ ਬਾਖਤਿਨ ਨੇ ਉਤਸਵ ਨੂੰ ਸਾਹਿਤ ਦੇ ਇਕ ਵਿਸ਼ੇਸ਼ ਰੂਪ ਅਤੇ ਭਾਸ਼ਾ/ਸਾਹਿਤ ਦੀ ਵਿਸ਼ੇਸ਼ ਜਗਤ/ਵਿਧੀ ਵਜੋਂ ਪੇਸ਼ ਕੀਤਾ ਹੈ। ਇਹਨਾਂ ਦੋਹਾਂ ਰੂਪਾਂ ਤੋਂ ਇਲਾਵਾ ਦੋਸਤੋਵਸਕੀ ਸਬੰਧੀ ਲਿਖੀ ਪੁਸਤਕ ਵਿਚ ਉਤਸਵ ਵਿਸ਼ੇਸ਼ ਜਿਉਣ-ਢੰਗ ਵਜੋਂ ਵੀ ਪੇਸ਼ ਹੋਇਆ ਹੈ। ਜਦੋਂ ਉਤਸਵ ਨੂੰ ਜ਼ਿੰਦਗੀ ਦੇ ਜਿਉਣ-ਢੰਗ ਵਜੋਂ ਪੇਸ਼ ਕੀਤਾ ਜਾਂਦਾ ਹੈ ਤਾਂ ਇਹ ਮੁਕੰਮਲ ਅਜ਼ਾਦੀ ਦੇ ਨੇਮਾਂ ਅਨੁਸਾਰ ਪੇਸ਼ ਹੁੰਦਾ ਹੈ। ਭਾਸ਼ਾਈ ਵਿਧੀ ਪੱਖੋਂ,ਇਹ ਸੰਚਾਰ ਦੀ ਇਕ ਵਿਸ਼ੇਸ਼ ਕਿਸਮ ਬਣ ਜਾਂਦਾ ਹੈ ਜੋ 'ਚਰਚ' ਅਤੇ 'ਸਟੇਟ ਵੱਲੋਂ ਸਥਾਪਤ ਨੇਮਾਂ ਦੀ ਵਿਰੋਧਤਾ ਕਰਦਾ ਹੈ। ਉਤਸਵੀ-ਸੰਚਾਰ-ਵਿਧੀ ਵਿਚ,ਅਦਾਨ-ਪ੍ਰਦਾਨ ਦੇ ਉਹ ਖਾਸ ਬੋਲ ਅਤੇ ਹਾਵ-ਭਾਵ ਸ਼ਾਮਲ ਹੁੰਦੇ ਹਨ ਜਿਹੜੇ ਅਜ਼ਾਦ ਅਤੇ ਥੋਥੇ ਸਦਾਚਾਰ ਦੇ ਨੇਮਾਂ ਤੋਂ ਮੁਕਤ ਹੁੰਦੇ ਹਨ। ਉਤਸਵ ਦੀ ਭਾਸ਼ਾ, ਸਥਾਪਤੀ ਦੇ ਨੇਮਾਂ ਦੇ ਵਿਰੋਧ ਵਿਚ, ਅਜ਼ਾਦੀ ਦੇ ਪ੍ਰਗਟਾਅ ਦੀ ਭਾਸ਼ਾ ਹੈ। ਇਸ ਵਿਚ ਨਿੱਜੀ ਅਜ਼ਾਦੀ ਹੀ ਸ਼ਾਮਲ ਨਹੀਂ ਸਗੋਂ ਸਮੂਹਿਕ ਅਜ਼ਾਦੀ ਵੀ ਸ਼ਾਮਲ ਹੈ। ਇਸ ਵਿਚ ਵਿਅਕਤੀ ਨੂੰ ਆਪਣਾ ਨਿੱਜ ਤਿਆਗ ਕੇ,ਸਮੱਚੀ ਸਮੂਹਿਕਤਾ ਵਿਚ ਰਲ ਜਾਣ ਦਾ ਸੱਦਾ ਦਿੱਤਾ ਜਾਂਦਾ ਹੈ।

## ਸਾਹਿਤਕ ਪਾਠ ਹੋਂਦ ਵਿਧੀ:

ਬਾਖਤਿਨ ਅਨੁਸਾਰ, ਸਾਹਿਤਕ ਪਾਠ ਆਪਣੇ ਆਪ ਵਿਚ ਸਵੈ-ਨਿਰਣਾ ਨਹੀਂ ਅਤੇ ਨਾ ਹੀ ਸੰਪੂਰਨ ਵਸਤੂ ਹੈ। ਇਹ ਹਮੇਸ਼ਾਂ ਹੀ ਸਬੰਧਾਂ ਰਾਹੀਂ ਹੋਂਦਸ਼ੀਲ ਹੈ,ਜੋ ਇਸ ਦੇ ਆਂਤਰਿਕ ਅਤੇ ਬਾਹਰੀ ਪਾਸਾਰਾਂ ਤਕ ਫੈਲੇ ਹੁੰਦੇ ਹਨ। ਉਹ ਸਾਹਿਤਕ ਪਾਠ ਨੂੰ ਇਕ ਸੰਗਠਿਤ ਅਤੇ ਸੁਗਠਿਤ ਇਕਾਈ ਮੰਨਦਾ ਹੈ। ਪਰ ਕਾਰਨੀਵਾਲ ਦੇ ਸਿਧਾਂਤ ਉੱਤੇ ਜ਼ੋਰ ਦੇ ਕੇ ਉਹ ਇਹ ਵੀ ਸਿੱਧ ਕਰਦਾ ਹੈ ਕਿ ਕਈ ਸਾਹਿਤ ਪਾਠ,ਬਹੁਪੱਖੀ, ਬਹੁ-ਧਰਾਤਲੀ ਜਾਂ ਬਹੁ-ਸੁਰੀ ਵੀ ਹੋ ਸਕਦੇ ਹਨ। ਇਹੋ ਜਿਹੇ ਪਾਠ ਇਸ ਸੰਗਠਨਾਤਮਕ-ਏਕਤਾ ਦੀ ਨਿਖੇਧੀ ਕਰ ਜਾਂਦੇ ਹਨ। ਬਾਖਤਿਨ ਦੇ ਇਸ ਸਿਧਾਂਤ ਨਾਲ ਰਚਨਾਕਾਰ ਦੀ ਸਥਿਤੀ ਕਮਜ਼ੋਰ ਜਿਹੀ ਹੋ ਜਾਂਦੀ ਹੈ। ਪਰ ਉਹ ਦੂਜੇ ਚਿੰਤਕਾਂ ਵਾਂਗ'ਲੇਖਕ ਦੀ ਮੌਤ' ਹੋਣ ਦਾ ਐਲਾਨ ਵੀ ਨਹੀਂ ਕਰਦਾ।

ਬਾਖਤਿਨ ਉਹਨਾਂ ਸਾਹਿਤ-ਰਚਨਾਵਾਂ ਨੂੰ ਉੱਤਮ ਮੰਨਦਾ ਹੈ ਜਿੰਨਾਂ ਦੀ ਪ੍ਰਕਿਰਤੀ ਬਹੁ-ਵਚਨੀ ਜਾਂ ਬਹੁ-ਧਰਾਤਲੀ ਹੋਵੇ। ਇਉਂ ਸਾਹਿਤਕ-ਪਾਠ ਦੀ ਸੁਤੰਤਰਤਾ, ਉਸ ਦੇ ਅਨੇਕ ਧਰਾਤਲਾਂ ਅਤੇ ਬਹੁ-ਸੁਰਤਾ ਉੱਤੇ ਜ਼ੋਰ ਦੇ ਕੇ ਬਾਖਤਿਨ ਨੇ ਅਗਲੇਰੇ ਸਾਹਿਤ- ਵਿਦਵਾਨਾਂ ਲਈ ਨਿਵੇਕਲੇ ਚਿੰਤਨ ਦਾ ਰਾਹ ਅਖਤਿਆਰ ਕੀਤਾ। ਬਾਖਤਿਨ ਦਾ ਸਰੋਕਾਰ, ਸਾਹਿਤ ਅਤੇ ਇਤਿਹਾਸ ਦੇ ਰਿਸ਼ਤੇ ਦੀ ਸਿਹਤਮੰਦ ਉਸਾਰੀ ਵੱਲ

ਹੈ। ਗੋਪੀ ਚੰਦ ਨਾਰੰਗ ਅਨੁਸਾਰ- ਕਈ ਚਿੰਤਕ, ਜਿਹੜੇ ਮਾਰਕਸਵਾਦ ਨੂੰ ਨਹੀਂ ਮੰਨਦੇ , ਹੁਣ ਮਾਰਕਾਸਵਾਦ ਵਿਚ ਰੁਚੀ ਰੱਖਦੇ ਹਨ ਅਤੇ ਮਾਰਕਸਵਾਦ ਉਹਨਾਂ ਦੇ ਵਿਚਾਰਾਂ ਦਾ ਮੁੱਖ ਤੱਤ ਹੈ। ਇਸ ਪ੍ਰਵਿਰਤੀ ਤੋਂ ਪੈਦਾ ਹੋਣ ਵਾਲਾ ਰੁਝਾਣ ਨਵ-ਇਤਿਹਾਸਵਾਦ ਹੈ---ਉਸਦਾ ਆਧਾਰ ਰੂਸੀ ਰੂਪਵਾਦੀ ਬਾਖਤਿਨ ਦੇ ਚਿੰਤਨ ਉੱਤੇ ਆਧਾਰਿਤ ਹੈ। ਨਵ-ਇਤਿਹਾਸਵਾਦ ਵਿਚ ਜਿੰਨਾਂ ਗੱਲਾਂ ਉੱਤੇ ਬਲ ਦਿੱਤਾ ਜਾ ਰਿਹਾ ਹੈ ਉਹਨਾਂ ਦਾ ਸੋਮਾ ਵੀ ਬਾਖਤਿਨ ਦੇ ਸਿਧਾਂਤ ਹੀ ਹਨ। ਇਉਂ ਬਾਖਤਿਨ ਸਕੂਲ ਨਾਲ ਸਬੰਧਿਤ ਚਿੰਤਕਾਂ ਨੇ ਰੂਪਵਾਦ ਅਤੇ ਮਾਰਕਸਵਾਦ ਵਿਚ ਤਾਲਮੇਲ ਪੈਦਾ ਕਰਨ ਦਾ ਜਿਹੜਾ ਯਤਨ ਕੀਤਾ ਹੈ ਉਹ ਇਕ ਤਰ੍ਹਾਂ ਨਾਲ ਅੱਗੇ ਆਉਣ ਵਾਲੇ ਸਾਹਿਤ-ਆਲੋਚਕਾਂ(ਨਵ-ਇਤਿਹਾਸ,ਨਵ-ਮਾਰਕਸਵਾਦ, ਮਾਰਕਸਵਾਦੀ-ਸੰਰਚਨਾਵਾਦ ਜਾਂ ਸੰਰਚਨਾਵਾਦੀ-ਮਾਰਕਸਵਾਦ) ਦਾ ਪੂਰਵਕਾਲੀ ਸਿੱਧ ਹੋਇਆ । ਬਾਖਤਿਨ ਨੇ ਰੂਪਵਾਦੀ ਅਤੇ ਸਮਾਜ ਵਿਗਿਆਨਕ ਵਿਧੀ ਦਾ ਸੰਜੋਗ ਕਰਕੇ ਸਾਹਿਤ ਅਧਿਐਨ ਦੀ ਇਕ ਨਵੀਂ ਵਿਧੀ ਵਿਕਸਤ ਕਰਨ ਦੀ ਜਰੂਰਤ ਨੂੰ ਸਥਾਪਿਤ ਕੀਤਾ ਹੈ।

## ਸਾਹਿਤਕ ਪਾਠ ਵਿਚ ਅਰਥ ਸਿਰਜਣਾ ਦਾ ਅਧਾਰ:

ਸਾਹਿਤਿਕ ਪਾਠ ਨੂੰ ਰਚਣ ਸਮੇਂ ਲੇਖਕ ਅਤੇ ਪੜਨ ਸਮੇਂ ਪਾਠਕ ਦੂਜੇ ਪਾਠਾਂ ਨਾਲ ਸੰਬਾਦੀ ਰਿਸ਼ਤਾ ਕਾਇਮ ਕਰਕੇ ਹੀ ਅਰਥ-ਸਿਰਜਣ ਅਤੇ ਪ੍ਰਗਟਾਉਣ ਦੇ ਸਮਰੱਥ ਹੁੰਦੇ ਹਨ ਅਤੇ ਸਾਹਿਤਕ ਪਾਠ ਦੀ ਪ੍ਰਕਿਰਤੀ ਬਹੁਸੁਰੀ ਅਤੇ ਬਹੁਅਰਥੀ ਬਣ ਜਾਂਦੀ ਹੈ, ਜਿਸ ਕਰਕੇ ਇਕ ਹੀ ਪ੍ਰਵਚਨ ਨੂੰ ਦੋ ਪਾਠਕ, ਜਾਂ ਲੇਖਕ ਅਤੇ ਪਾਠਕ ਇਕ ਰੂਪੀ ਸਥਿਤੀ ਵਿਚ ਗ੍ਰਹਿਣ ਨਹੀਂ ਕਰ ਸਕਦੇ।

## ਸਬਦ-ਸੰਚਾਰੀ ਵੰਨ-ਸੁਵੰਨਤਾ (Hetroglossia):

ਸ਼ਬਦ-ਸੰਚਾਰੀ ਵੰਨ-ਸੁਵੰਨਤਾ ਦਾ ਸੰਕਲਪ ਬਾਖਤਿਨ ਨੇ ਆਪਣੇ ਲੇਖ 'ਡਿਸਕੋਰਸ ਇਨ ਨਾਵਲ' ਵਿਚ ਪੇਸ਼ ਕੀਤਾ ਹੈ। ਸ਼ਬਦੀ ਅਰਥਾਂ ਵਿਚ ਹੈਟਰੋਗਲੋਸੀਆ' ਦਾ ਅਰਥ ਹੈ-ਭਾਸ਼ਾਈ ਸੰਚਾਰ ਵਿਚ ਪਾਈ ਜਾਣ ਵਾਲੀ ਵੰਨ-ਸੁਵੰਨਤਾ। ਹਰੇਕ ਭਾਸ਼ਾ ਵਿਚ ਵੱਖੋ-ਵੱਖ ਬੋਲ-ਤਰੀਕਿਆਂ ਨੂੰ ਸ਼ਬਦ-ਸੰਚਾਰੀ ਵੰਨ-ਸੁਵੰਨਤਾ' ਕਿਹਾ ਜਾ ਸਕਦਾ ਹੈ। ਬਾਖਤਿਨ ਅਨੁਸਾਰ ਹਰੇਕ ਭਾਸ਼ਾ ਵਿਚ ਸੰਬਾਦਾਤਮਕਤਾ (Dialogized) ਦਾ ਗੁਣ ਹੁੰਦਾ ਹੈ। ਇਸੇ ਸੰਬਾਦਾਤਮਕਤਾ ਕਰਕੇ ਹੀ ਭਾਸ਼ਾ ਬਦਲਦੀ ਰਹਿੰਦੀ ਹੈ। ਭਾਸ਼ਾ ਦੇ ਰੂਪ ਅਤੇ ਸੁਭਾਅ ਵਿਚ ਇਸ ਪਰਿਵਰਤਨ ਦਾ ਕਾਰਨ ਦੋਗਲੀਕਰਨ (Hybridization) ਹੈ। ਭਾਸ਼ਾਈ-ਖਿਚੜੀ ਨੂੰ- ਬਾਖਤਿਨ ਦੋਗਲੀਕਰਨ' ਆਖਦਾ ਹੈ।

ਬਾਖਤਿਨ ਆਖਦਾ ਹੈ ਕਿ ਨਾਵਲ ਦੀ ਤਾਕਤ ਇਸ ਗੱਲ ਵਿਚ ਹੈ ਕਿ ਇਸ ਵਿਚ ਵੱਖੋ-ਵੱਖਰੇ ਬੋਲਾਂ ਦਾ ਵਿਰੋਧ ਅਤੇ ਸਹਿਹੋਂਦ ਹੋਵੇ। ਇਹਨਾਂ ਬੋਲਾਂ ਵਿਚ ਪਾਤਰਾਂ ਦੇ ਬੋਲ, ਬਿਰਤਾਂਤਕਾਰ ਦੇ ਬੋਲ ਇਥੋ ਤੱਕ ਕਿ ਨਾਵਲਕਾਰ ਦੇ ਬੋਲ ਵੀ ਸ਼ਾਮਲ ਹਨ। ਉਸ ਨੇ ਹੇਟਰਗਲਸੀਆ ਨੂੰ another's speech in another's language ਆਖ ਕੇ ਪਰਿਭਾਸ਼ਤ ਕੀਤਾ ਹੈ। ਇਸ ਵਿਚ ਲੇਖਕੀ-ਧਾਰਨਾਵਾਂ ਆਪਣੇ ਬਦਲੇ ਢੰਗ ਨਾਲ ਪੇਸ਼ ਹੁੰਦੀਆਂ ਹਨ। ਜਿਸ ਵਿਚ ਸਥਾਨਕ ਰੂਸੀ ਚਿੰਤਨ ਦੀ ਭਰਵੀਂ ਸ਼ਮੂਲੀਅਤ ਸੀ ।

## ਲੈਨਿਨ ਦੇ 'ਪ੍ਰਤੀਬਿੰਬਣ ਸਿਧਾਂਤ ' ਨਾਲ ਸੰਵਾਦ:

ਲੈਨਿਨ ਨੇ ਸਾਹਿਤ ਅਤੇ ਯਥਾਰਥ ਦੇ ਸਬੰਧਾਂ ਦੀ ਚਰਚਾ ਕਰਦਿਆਂ, ਸਾਹਿਤ ਨੂੰ ਬਾਹਰੀ ਯਥਾਰਥ ਦਾ ਪ੍ਰਤੀਬਿੰਬ ਮੰਨਿਆ ਸੀ । ਪਰ ਬਾਖਤਿਨ, ਲੈਨਿਨ ਦੇ ਇਸ ਪ੍ਰਤੀਬਿੰਬ ਸਿਧਾਂਤ ਦਾ ਵਿਰੋਧ ਕਰਦਿਆਂ ਆਖਦਾ ਹੈ ਕਿ ਚੇਤਨਾ ਨੂੰ ਬਾਹਰੀ ਜਗਤ ਦੇ ਮਹਿਜ਼ ਪ੍ਰਤੀਬਿੰਬ ਦੇ ਰੂਪ ਵਿਚ ਹੀ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ ਸਗੋਂ ਚੇਤਨਾ ਆਪਣੇ ਆਪ ਵਿਚ ਅਜਿਹੀ ਸੁਤੰਤਰ ਸ਼ਕਤੀ ਹੈ ਜਿਹੜੀ ਬਾਹਰੀ ਜਗਤ ਦੀ ਵਿਆਖਿਆ ਅਤੇ ਸਮਝ ਪ੍ਰਦਾਨ ਕਰਦੀ ਹੈ।

## ਸੋਸਿਊਰੀ-ਭਾਸ਼ਾਈ ਚਿੰਤਨ ਨਾਲ ਸੰਬਾਦ:

ਬਾਖਤਿਨ ਸਕੂਲ ਦਾ ਭਾਸ਼ਾਈ ਚਿੰਤਨ, ਵੋਲਸ਼ੀਨੋਵ ਬਾਖਤਿਨ ਦੀ ਪੁਸਤਕ Marxism and Philosophy of Language ਵਿਚ ਪੇਸ਼ ਹੋਇਆ। ਇਸ ਤੋਂ ਇਲਾਵਾ, ਉਸ ਨੇ ਵੱਖ-ਵੱਖ ਰਚਨਾਵਾਂ ਵਿਚ ਵੀ ਭਾਸ਼ਾ ਸਬੰਧੀ ਆਪਣੀਆਂ ਟਿੱਪਣੀਆਂ ਪੇਸ਼ ਕੀਤੀਆਂ ਹਨ। ਬਾਖਤਿਨ ਦੇ ਭਾਸ਼ਾ ਚਿੰਤਨ ਦੇ ਫਲਸਰੂਪ, ਸਮਕਾਲੀਨ ਭਾਸ਼ਾ ਚਿੰਤਨ ਨੂੰ ਭਵਿੱਖਮੁਖੀ ਸੇਧਾਂ ਪ੍ਰਾਪਤ ਹੋਈਆਂ । ਉਸ ਨੇ ਭਾਸ਼ਾ ਅਤੇ ਭਾਸ਼ਾਈ ਸੰਚਾਰ ਸਬੰਧੀ ਕੁਝ ਰੋਚਕ ਅਤੇ ਮਹੱਤਵਪੂਰਨ ਚਿੰਤਨ ਵਿਧੀਆਂ ਨੂੰ ਵੀ ਜਨਮ ਦਿੱਤਾ। ਬਾਖਤਿਨ ਦੇ ਭਾਸ਼ਾਈ ਚਿੰਤਨ ਵਿੱਚੋਂ ਤਿੰਨ ਨੁਕਤੇ ਪ੍ਰਾਪਤ ਹਨ:-

ਭਾਸ਼ਾ ਵਿਚਾਰਧਾਰਕ ਚਿਹਨ ਪ੍ਰਬੰਧ ਹੈ।

ਭਾਸ਼ਕ ਪ੍ਰਕਿਰਿਆ, ਵਿਚਾਰਧਾਰਾ ਦਾ ਪਰਤਉ ਹੈ।

ਭਾਸ਼ਾ ਦਾ ਉਚਰਿਤ ਅਤੇ ਲਿਖਤੀ ਰੂਪ ਸੰਬਾਦੀ ਸੁਭਾਅ ਵਾਲਾ ਹੁੰਦਾ ਹੈ।

ਬਾਖਤਿਨ ਅਨੁਸਾਰ ਭਾਸ਼ਾ ਮਹਿਜ਼ 'ਚਿਹਨ' ਨਹੀਂ ਸਗੋਂ 'ਵਿਚਾਰਧਾਰਕ ਚਿਹਨ'ਹੈ। ਭਾਸ਼ਾ ਨਿਰੋਲ ਚਿੰਨ੍ਹਾਂ ਦਾ ਸੰਸਾਰ ਨਹੀਂ ਸਗੋਂ ਵਿਚਾਰਧਾਰਾਈ ਚਿਹਨਾਂ ਦਾ ਸੰਸਾਰ ਹੈ । ਕਿਸੇ ਵੀ ਭਾਸ਼ਾ ਚਿਹਨ ਵਿਚ ਬੁਲਾਰੇ/ਲੇਖਕ ਦੀ ਵਿਚਾਰਧਾਰਾ ਵੀ ਗੁੰਨੀ-ਪਰੁੰਨੀ ਹੁੰਦੀ ਹੈ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਕੋਈ ਵਿਚਾਰਧਾਰਾ, 'ਭਾਸ਼ਾਈ ਚਿਹਨਾਂ ਤੋਂ ਬਿਨਾਂ ਅਵਤਾਰ ਨਹੀਂ ਧਾਰ ਸਕਦੀ। ਹਰੇਕ ਵਿਚਾਰਧਾਰਾ, ਚਿਹਨਾਂ ਦੇ ਰੂਪ ਵਿਚ ਪੇਸ਼ ਹੁੰਦੀ ਹੈ। ਵਿਚਾਰਧਾਰਾ 'ਚਿਹਨਪਕ ਹੈ ਅਤੇ ਭਾਸ਼ਾ ਨਾਲ ਹੀ ਬਣਦੀ ਹੈ। ਇਸ ਚਿੰਤਨ ਨਾਲ ਬਾਖਤਿਨ ਮਾਰਕਸਵਾਦ ਦੀ ਉਸ ਪ੍ਰਬਲੀ ਪਰੰਪਰਾ ਤੋਂ ਨਿੱਖੜ ਜਾਂਦਾ ਹੈ ਜੋ ਇਹ ਮੰਨਦੀ ਸੀ ਕਿ ਵਿਚਾਰਧਾਰਾ ਆਪਣੇ ਸ਼ੁੱਧ ਰੂਪ ਵਿਚ, ਚੇਤਨਾ ਵਿਚ ਸਮੋਈ ਹੁੰਦੀ ਹੈ। ਬਾਖਤਿਨ ਨੇ ਵਿਚਾਰਧਾਰਾ ਨੂੰ 'ਭੌਤਿਕ ਰੂਪ ਪ੍ਰਦਾਨ ਕੀਤਾ। ਵਲੋਸ਼ੀਨੋਵ ਨੇ ਭਾਸ਼ਾ ਨੂੰ। ਸਮਾਜਿਕ ਕਿਰਿਆਸ਼ੀਲਤਾ ਦੇ ਰੂਪ ਵਿਚ ਸਮਝਿਆ ਹੈ। ਸਿੱਟੇ ਵਜੋਂ ਭਾਸ਼ਾ ਸਿਰਜਣਾਤਮਕ-ਸੰਰਤ ਦਾ ਧਿਆਨ ਆਕਰਸ਼ਿਤ ਕਰਨ ਅਤੇ ਸੰਬਾਦ ਵਿਚ ਰੁਚੀ ਪੈਦਾ ਕਰੀ ਰੱਖਣ-ਵਜੇ ਸਮਝੀ ਗਈ। ਇਸ ਸਕਲ ਨੇ ਇਸ ਪੱਖ ਤੇ ਜ਼ੋਰ ਦਿੱਤਾ ਕਿ ਸਮਾਜ ਭਾਸ਼ਾ ਤੋਂ ਵੱਖ ਨਹੀਂ ਹੋ ਸਕਦਾ । ਭਾਸ਼ਾ ਦੀ ਸਮਾਜ ਵਿਚ ਅਹਿਮ ਭੂਮਿਕਾ ਹੈ। ਬਾਖਤਿਨ ਜਦ ਭਾਸ਼ਾ ਨੂੰ ਵਿਚਾਰਧਾਰਕ ਚਿਹਨ ਆਖਦਾ ਹੈ ਤਾਂ ਸੋਸਿਊਰੀ-ਭਾਸ਼ਾ-ਚਿੰਤਨ ਨਾਲ ਸੰਬਾਦ ਰਚਾਉਂਦਾ ਹੈ ਤੇ ਜਦੋਂ ਉਹ ਵਿਚਾਰਧਾਰਾ ਦੇ ,ਭਾਸ਼ਾ ਰਾਹੀਂ ਜਨਮ ਲੈਣ ਬਾਰੇ ਸੁਚੇਤ ਕਰਦਾ ਹੈ ਤਾਂ ਮਾਰਕਸਵਾਦ ਵਿਚ ਸੋਧ ਕਰਦਾ ਪ੍ਰਤੀਤ ਹੁੰਦਾ ਹੈ।

## ਰੂਪਵਾਦੀ ਸਾਹਿਤ ਚਿੰਤਨ ਨਾਲ ਸੰਬਾਦ:

ਬਾਖਤਿਨ ਸਕੂਲ ਦੇ ਚਿੰਤਕ, ਰੂਸੀ ਰੂਪਵਾਦੀਆਂ ਦੇ ਉਸ ਸਾਹਿਤ-ਸਿਧਾਂਤ ਦੀ ਵਿਰੋਧਤਾ ਕਰਦੇ ਹਨ ਜਿਸ ਵਿਚ ਉਹ ਸਾਹਿਤ ਨੂੰ ਖਾਸ ਕਿਸਮ ਦੀ ਭਾਸ਼ਾ ਮੰਨਦਿਆਂ ਰੂਪ ਨੂੰ ਵਸਤੂ ਨਾਲੋਂ ਵਧੇਰੇ ਮਹੱਤਵ ਦਿੰਦੇ ਹਨ ਜਿਸ 'ਤੇ ਕਲਾ-ਕਿਰਤ ਕਾਰਜ ਕਰਦੀ ਹੈ। ਸਾਹਿਤ ਦੀ ਸਾਹਿਤਿਕਤਾ ਦੇ ਨਾਹਰੇ ਅਧੀਨ, ਰੂਪਵਾਦੀਆਂ ਨੇ ਸਾਹਿਤ-ਕਿਰਤ ਨੂੰ ਇਤਿਹਾਸ, ਸਮਾਜ ਅਤੇ ਸਭਿਆਚਾਰ ਨਾਲੋਂ ਤੋੜ ਕੇ ਲੰਡੀ-ਬੁੱਚੀ ਕਰ ਦਿੱਤਾ ਸੀ।

ਇਸ ਦੇ ਉਲਟ ਮੇਦਵੇਦੇਵ/ਬਾਖਤਿਨ ਉਸ ਵਿਚਾਰਧਾਰਕ ਮਾਹੌਲ ਨੂੰ ਸਾਹਿਤ ਅਧਿਐਨ ਲਈ ਜਰੂਰੀ ਮੰਨਦੇ ਹਨ ਜਿਸ ਵਿੱਚੋਂ ਸਾਰੀਆਂ ਰਚਨਾਵਾਂ ਦੀ ਸਿਰਜਣਾ ਹੁੰਦੀ ਹੈ। ਉਹਨਾਂ ਅਨੁਸਾਰ ਸਾਹਿਤ-ਭਾਸ਼ਾ,ਸਮਾਜ-ਭਾਸ਼ਾ ਦੀ ਇਕ ਉਪਸ਼ਾਖਾ ਹੈ। ਇਸ ਲਈ ਸਾਹਿਤ-ਪਾਠਾਂ ਦਾ ਮੁਲੰਕਣ ਕਰਨ ਸਮੇਂ ਭਾਸ਼ਾ ਦੀ ਅਰਥ-ਸੰਚਾਰ ਪ੍ਰਕਿਰਿਆ ਨੂੰ, ਅੰਦਰੂਨੀ ਪਾਠ-ਪ੍ਰਬੰਧ ਅਤੇ ਬਾਹਰਮੁਖੀ ਸਮਾਜਕ ਯਥਾਰਥ ਦੀ ਦਵੰਦਾਤਮਕ ਪ੍ਰਕਾਰਜ਼ਸ਼ੀਲਤਾ ਨੂੰ ਸਮਝਣਾ ਜ਼ਰੂਰੀ ਹੈ।

## ਫਰਾਇਡਵਾਦ ਨਾਲ ਸੰਬਾਦ:

ਵੇਲੋਸ਼ੀਨੋਵ /ਬਾਖਤਿਨ ਨੇ ਆਪਣੀ ਪੁਸਤਕ Freudianism: A Marxist Critique ਵਿਚ ਫਰਾਇਡਵਾਦ ਨਾਲ ਮਾਰਕਸੀ ਨਜ਼ਰੀਏ ਤੋਂ ਸੰਬਾਦ ਰਚਾਇਆ ਹੈ। ਆਪਣੇ ਚਿੰਤਨ ਦੇ ਮੁਢਲੇ ਕਾਲ ਵਿਚ ਦੋਵਾਂ ਸਾਥੀਆਂ ਨੇ ਫਰਾਇਡ ਦੇ ਮਨੋ-ਚਿੰਤਨ ਸਬੰਧੀ ਨਿੱਠ ਕੇ ਬਹਿਸ ਕੀਤੀ ਸੀ। ਇਹਨਾਂ ਵਿਦਵਾਨਾਂ ਅਨੁਸਾਰ ਫਰਾਇਡ ਜਦੋਂ 'ਅਵਚੇਤਨ' ਦੀ ਗਲ ਕਰਦਾ ਹੈ ਜਾਂ ਮਨੁੱਖੀ ਵਿਹਾਰ ਦੀ ਗੱਲ ਕਰਦਾ ਹੈ ਤਾਂ ਮਨੁੱਖ ਨੂੰ,ਜੀਵ ਵਿਗਿਆਨ ਦੇ ਅਧੀਨ ਕਰ ਦਿੰਦਾ ਹੈ। ਮਨੁੱਖ ਸਿਰਫ ਜੀਵ ਹੀ ਨਹੀਂ ਸਗੋਂ ਸਮਾਜਿਕ ਜੀਵ ਹੈ। ਮਨੁੱਖ ਦਾ ਅਵਚੇਤਨ ਅਤੇ ਵਿਹਾਰ ਸਮਾਜ ਪ੍ਰਸਥਿਤੀਆਂ ਵਿੱਚੋਂ ਜਾਂ ਸਮਾਜਿਕ ਪ੍ਰਸਥਿਤੀਆਂ ਕਰਕੇ ਹੀ ਪੈਦਾ ਹੁੰਦਾ ਹੈ। ਜੰਗਲੀ ਜੀਵ ਦੇ ਤੌਰ ਤੇ ਮਨੁੱਖ ਦਾ ਵਿਹਾਰ ਗੁੰਝਲਦਾਰ ਨਹੀਂ ਹੁੰਦਾ। ਉਸ ਦਾ ਵਿਹਾਰ ਗੁੰਝਲਦਾਰ ਤੋਂ ਗੁੰਝਲਤਮ ਹੁੰਦਾ ਜਾਂਦਾਹੈ। ਗੁੰਝਲਦਾਰ ਸਮਾਜਕ ਬਣਤਰਾਂ ਅੱਗੋਂ ਗੁੰਝਲਦਾਰ ਮਨੋ-ਵਿਹਾਰ ਨੂੰ ਜਨਮ ਦਿੰਦੀਆਂ ਹਨ। ਇਉਂ ਉਹ ਦੋਵੇਂ ਮਨੁੱਖੀ ਵਿਹਾਰ ਦੇ ਅਧਿਐਨ ਲਈ ਉਸ ਦੇ ਸਮਾਜਿਕ ਅਤੇ ਇਤਿਹਾਸ ਅਧਾਰ ਉੱਤੇ ਜ਼ੋਰ ਦਿੰਦੇ ਹਨ।

## ਸਾਰ-ਅੰਸ਼:

ਬਾਖਤਿਨ ਸਕੂਲ ਦੇ ਸਮੂਹ-ਚਿੰਤਨ ਸਬੰਧੀ ਡਾ. ਗੁਰਮੁਖ ਸਿੰਘ ਠੀਕ ਸਿੱਟਾ ਕੱਢਦੇ ਹਨ। ਉਹ ਲਿਖਦੇ ਹਨ-"ਇਸ ਚਿੰਤਨ ਦਾ ਇਕ ਪਸਾਰ, ਰੂਪਵਾਦੀ ਅਤੇ ਸੋਸਿਊਰੀਅਨ ਦ੍ਰਿਸ਼ਟੀ ਨਾਲ ਜਾ ਜੁੜਦਾ ਹੈ ਅਤੇ ਦੂਜਾ ਮਾਰਕਸਵਾਦੀ ਸਿਧਾਂਤ ਨਾਲ। ਜਿਸ ਕਰਕੇ ਇਹ ਚਿੰਤਨ ਨਾ ਤਾਂ ਸਾਹਿਤਕ ਪਾਠ ਦੀ ਸੁਤੰਤਰ ਹੋਂਦ ਤੋਂ ਮੂੰਹ ਮੋੜਦਾ ਹੈ ਅਤੇ ਨਾ ਹੀ ਸਾਹਿਤ ਸਿਰਜਣ ਪ੍ਰਕਿਰਿਆ ਵਿਚ ਗਤੀਸ਼ੀਲ, ਆਰਥਿਕ, ਸਮਾਜਿਕ ਵਿਚਾਰਧਾਰਕ ਵਿਰੋਧਤਾਵਾਂ ਤੋਂ ਹੀ ਬੇਮੁੱਖ ਹੁੰਦਾ ਹੈ। "

ਬਾਖਤਿਨ ਸਕੂਲ ਦੇ ਚਿੰਤਕ, ਜਮਾਤਾਂ ਦੀ ਹੋਂਦ ਅਤੇ ਮਹੱਤਤਾ ਨੂੰ ਵੀ ਮੰਨਦੇ ਹਨ ਪੂੰਜੀਵਾਦ ਦਾ ਵਿਰੋਧ ਵੀ ਕਰਦੇ ਹਨ । ਪਰ ਇਸ ਸਭ ਕੁਝ ਦੇ ਬਾਵਜੂਦ ਉਹ ਸਮਾਜ ਦੀ ਸਮਾਜਵਾਦੀ ਤਬਦੀਲੀ ਦੇ ਵਿਚਾਰ ਨਾਲ ਆਪਣੀ ਪ੍ਰਤੀਬੱਧਤਾ ਨਹੀਂ ਦਰਸਾਉਂਦੇ । ਇਉਂ ਬਾਖਤਿਨ ਸਕੂਲ ਦਾ ਸਮੂਹ-ਚਿੰਤਨ, ਰੂਪਵਾਦੀਆਂ ਅਤੇ ਮਾਰਕਸਵਾਦੀਆਂ ਤੋਂ ਇਕੋ ਜਿਹੀ ਦੂਰੀ ਉੱਤੇ ਵੱਖ ਖੜ੍ਹੋਤਾ ਹੈ।

## ਮੁੱਖ ਕੇਂਦਰੀ ਸ਼ਬਦ:

ਸਭਿਆਚਾਰਕ ਵਿਭਿੰਨਤਾ--------ਬਹੁ ਸਭਿਆਚਾਰ

ਦੋਗਲੀਕਰਨ ------ ਦੋ ਨਸਲਾਂ

ਕਾਰਨੀਵਾਲ------- ਜਸ਼ਨ/ ਇਸਾਈ ਤਿਉਹਾਰ/ਮੌਜ

ਭਾਸ਼ਾਈ ਵੰਨ-ਸੁਵੰਨਤਾ ---ਬਹੁ ਭਾਸ਼ਾਈ ਰੰਗਣ

ਸੰਬਾਦਾਤਮਕਤਾ --- ਵਾਰਤਾਲਾਪ

ਸਵੈ-ਮੁਲਾਂਕਣ:

1. ਬਾਖਤਿਨ ਦਾ ਜਨਮ -------------ਵਿਚ ਰੂਸ ਦੇ ਇਕ ਸ਼ਹਿਰ ਉਰਿਆਲ Orel ਵਿਖੇ ਹੋਇਆ।

ੳ. 11 ਨਵੰਬਰ1899

ਅ. 10 ਨਵੰਬਰ1885

ੲ. 17 ਨਵੰਬਰ1895

ਸ. 15 ਨਵੰਬਰ1890

2. ਬਾਖਤਿਨ ਸਿਧਾਂਤ (ਸਕੂਲ) ਸਾਹਿਤ ਦੇ ਕਿਸ ਰੂਪ ਨਾਲ ਵਿਸ਼ੇਸ਼ ਰੂਪ ਵਿਚ ਜੁੜਿਆ ਹੈ:

ੳ. ਨਾਵਲ

ਅ. ਕਹਾਣੀ

ੲ. ਨਾਟਕ

ਸ. ਕਵਿਤਾ

3. ਬਾਖਤਿਨ ਸਿਧਾਂਤ (ਸਕੂਲ) ਮੁੱਖ ਤੌਰ ਤੇ ਪ੍ਰਸਿੱਧ ਰੂਸੀ ਵਿਦਵਾਨ ਮਿਖਾਇਲ ਬਾਖਤਿਨ ਦੀਆਂ ਕਿਹੜੀਆਂ ਧਾਰਨਾਵਾਂ ਤੇ ਅੰਤਰ-ਦ੍ਰਿਸ਼ਟੀਆਂ ਦਾ ਨਾਮ ਹੈ:

ੳ. ਭਾਸ਼ਾ

ਅ. ਕਾਵਿ-ਸ਼ਾਸਤਰ

ੲ. ਸਾਹਿਤ

ਸ. ਉਪਰੋਕਤ ਸਾਰੇ

4. Problems of Dostovsky's Poetics ਦੀ ਪ੍ਰਕਾਸ਼ਨਾ ਹੋਈ:

ੳ. 1929

ਅ. 1925

ੲ. 1932

ਸ. 1935

5. Speech, Genres and other Late Essays ਦਾ ਅਨੁਵਾਦ ਅਤੇ ਸੰਪਾਦਨ ਹੋਇਆ:

ੳ. 1970

ਅ. 1975

ੲ. 1986

ਸ. 1985

6. ਬਾਖਤਿਨ ਅਨੁਸਾਰ ਪਹਿਲੀ ਗੱਲ ਸਵੈ ਦੀ ਅਨਿਰਣੈ ਦੀ ਅਵੱਸਥਾ ਹੈ। ਸਵੈ ਦਾ ਅਜਿਹਾ ਸੰਕਲਪ ਜਿਸ ਵਿਚ ਸਵੈ ਕਦੇ ਵੀ ਸੰਪੂਰਨ ਤੇ ਅੰਤਿਮ ਰੂਪ ਵਿਚ ਸਾਕਾਰ ਨਹੀਂ ਹੁੰਦਾ।

ਇਹ ਕਥਨ ਹੈ:

ੳ. ਸਹੀ

ਅ. ਗਲਤ

7. ਬਾਖਤਿਨ ਅਨੁਸਾਰ ਵਿਅਕਤੀ ਦੀ ਪਛਾਣ ਕਦੇ ਵੀ ਅਸਥਿਰ ਤੇ ਅਨਿਸਚਿਤ ਨਹੀਂ ਹੁੰਦੀ।

ਇਹ ਕਥਨ ਹੈ:

ੳ. ਸਹੀ

ਅ. ਗਲਤ

8. ਬਾਖਤਿਨ ਦੇ ਵਿਚਾਰ ਅਨੁਸਾਰ ਹਰ ਵਿਅਕਤੀ ਦੂਜਿਆਂ ਤੋਂ ਪ੍ਰਭਾਵਿਤ ਹੁੰਦਾ ਹੈ ਤੇ ਹਰ ਗੱਲ ਵਿਚ ਉਨ੍ਹਾਂ ਨਾਲ ਬੱਝਿਆ ਹੁੰਦਾ ਹੈ

ਇਹ ਕਥਨ ਹੈ:

ੳ. ਸਹੀ

ਅ. ਗਲਤ

9. ਬਾਖਤਿਨ ਨੇ 'ਉਤਸਵ' ਕਾਰਨੀਵਾਲ ਦੇ ਸੰਕਲਪ ਨੂੰ ਆਪਣੀ ਕਿਸ ਪੁਸਤਕ ਵਿਚ ਪੇਸ਼ ਕੀਤਾ:

ੳ. Problems of Dostovsky's Poetics

ਅ. The Dialogical imagination

ੲ. Speech, Genres and other Late Essays

ਸ. The Dialogical Imagination Four Essays

10. ਵੋਲੋਸ਼ੀਨੋਵ ਨੇ ਪੁਸਤਕਾਂ ਦੀ ਰਚਨਾ ਕੀਤੀ ਹੈ:

ੳ. Freudianis:. A Marxist Critique

ਅ. Marxism and the Philosophy of Language

ੲ-ਉਪਰੋਕਤ ਦੋਵੇਂ

ਸ- ਉਪਰੋਕਤ ਕੋਈ ਵੀ ਨਹੀਂ

11. Rebelais and his World ਪੁਸਤਕ ਦੀ ਰਚਨਾ ਕੀਤੀ:

ੳ. ਵੋਲੋਸ਼ੀਨੋਵ

ਅ. ਬਾਖਤਿਨ

ੲ. ਦੋਸਤੋਵਸਕੀ

ਸ. ਪਾਵੇਲ ਮੈਡਵੇਡੇਵ

12. The Dialogical Imagination Four Essays ਦੇ ਲੇਖ ਹਨ:

ੳ. Author and Hero in Aesthetic Activity

ਅ. Discourse in Novel

ੲ. Forms of Time and of the Chronotope in the Novel

ਸ. Towards a Philosophy of the Act

ਹ ਉਪਰੋਕਤ ਸਾਰੇ

13. ਅਸੀਂ ਕਦੀ ਵੀ ਗੈਰ ਜਾਂ ਦੁਜਿਆਂ ਦੀ ਆਪਣੇ ਬਾਰੇ ਸਮਝਣ ਤੋਂ ਬਗੈਰ ਆਪਣੇ ਆਪ ਬਾਰੇ ਨਹੀਂ ਜਾਣ ਸਕਦੇ। ਇੰਝ ਕਿਸੇ ਵਿਅਕਤੀ ਦਾ ਕਿਰਦਾਰ, ਉਸਦੀ ਸੋਚ ਅਤੇ ਆਪਣੇ ਬਾਰੇ ਵਿਚਾਰ ਦੁਜਿਆਂ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੁੰਦੇ।
ਇਹ ਕਥਨ ਹੈ:

ੳ. ਵੋਲੋਸ਼ੀਨੋਵ

ਅ. ਬਾਖਤਿਨ

ੲ. ਦੋਸਤੋਵਸਕੀ

ਸ. ਪਾਵੇਲ ਮੈਡਵੇਡੇਵ

14 ਸਾਹਿਤ, ਇਤਿਹਾਸ ਅਤੇ ਸਭਿਆਚਾਰ ਇਕ ਦੂਜੇ ਵਿਚ ਸਾਹ ਲੈਂਦੇ ਹਨ। ਇਹਨਾਂ ਦੇ ਆਪਸੀ ਸਬੰਧ ਜਿੰਨੇ ਉਜਾਗਰ ਹੁੰਦੇ ਹਨ, ਓਨੇ ਹੀ ਲੁਕਵੇਂ ਅਤੇ ਬਹੁ-ਧਰਾਤਲੀ ਵੀ ਹੁੰਦੇ ਹਨ।

ਇਹ ਕਥਨ ਹੈ:

ੳ. ਵੋਲੋਸ਼ੀਨੋਵ

ਅ. ਬਾਖਤਿਨ

ੲ. ਦੋਸਤੋਵਸਕੀ

ਸ. ਪਾਵੇਲ ਮੈਡਵੇਡੇਵ

15. ਬਾਖਤਿਨ ਨੂੰ ਕਿਸ ਦੇ ਵਿਰੋਧ ਦਾ ਸਾਮ੍ਹਣਾ ਕਰਨਾ ਪਿਆ:

ੳ. ਮਾਰਕਸਵਾਦ-ਵਿਚਾਰਧਾਰਾ

ਅ. ਰੂਪਵਾਦ-ਵਿਚਾਰਧਾਰਾ

ੲ. ਸਟਾਲਿਨੀ ਵਿਚਾਰਧਾਰਾ

ਸ. ਫਰਾਇਡਵਾਦ ਵਿਚਾਰਧਾਰਾ

16. ਖਾਲੀ ਸਥਾਨ ਭਰੋ:

1976 ਤੋਂ 1990 ਦਰਮਿਆਨ ਬਾਖਤਿਨ ਸਕੂਲ ਦੇ ਸਾਹਿਤ ਚਿੰਤਨ ਦਾ --------ਭਾਸ਼ਾ ਵਿਚ ਅਨੁਵਾਦ ਕੀਤਾ ਗਿਆ।

17. ਖਾਲੀ ਸਥਾਨ ਭਰੋ:

ਟਾਲਸਟਾਏ ਦੇ ਮਕਾਬਲੇ ਬਾਖਤਿਨ ਨੂੰ ਦੋਸਤੋਵਸਕੀ ਦੇ ਨਾਵਲ --------- ਲਗਦੇ ਹਨ।

18. ਬਾਖਤਿਨ ਕਾਰਨੀਵਾਲ ਜਾਂ ਲੋਕ-ਸਭਿਆਚਾਰ ਨੂੰ ਕੁਲੀਨ-ਸਭਿਆਚਾਰ ਦੀ ਤੁਲਨਾ ਵਿਚ ------------------ ਕਰਾਰ ਦਿੰਦਾ ਹੈ।

## ਅਭਿਆਸ ਪ੍ਰਸ਼ਨ

1. ਬਾਖਤਿਨ ਸਕੂਲ ਤੋਂ ਕੀ ਭਾਵ ਹੈ?
2. ਕਾਰਨੀਵਲ ਦਾ ਕੀ ਅਰਥ ਹੈ? ਸਾਹਿਤ ਵਿਚ ਇਸ ਦੀਆਂ ਕੀ ਸੰਭਾਵਨਾਵਾਂ ਹਨ?
3. ਬਾਖਤਿਨ ਥਿਊਰੀ ਵਿਚ 'ਇਕਸੁਰਤਾ ਤੇ ਬਹੁਸੁਰਤਾ' ਸੰਕਲਪਾਂ ਦਾ ਕੀ ਅਰਥ ਹੈ?
4. ਸਾਹਿਤ ਵਿਵੇਚਨਾ ਵਿਚ ਬਾਖਤਿਨ ਸਿਧਾਂਤ ਦੀ ਕੀ ਦੇਣ ਹੈ?

## ਸੰਦਰਭ ਪੁਸਤਕ:


- ਸੰਰਚਨਾਵਾਦ, ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਗੋਪੀ ਚੰਦ ਨਾਰੰਗ, ਭਾਰਤੀ ਸਾਹਿਤ ਅਕਾਦਮੀ ਦਿੱਲੀ, (2011)


## ਮਹੱਤਵਪੂਰਨ ਲਿੰਕ

http://www.worldcat.org/identities/lccn-n80053231/

ਉੱਤਰਮਾਲਾ

| | | | | |
|---|---|---|---|---|
| 1. ੲ | 2. ੳ | 3. ਸ | 4. ੳ | 5. ੲ |
| 6. ੳ | 7. ਅ | 8. ੳ | 9. ਅ | 10. ੲ |
| 11.ਅ | 12. ਹ | 13. ਅ | 14. ਅ | 15. ੲ |
| 16. ਅੰਗਰੇਜੀ | | 17. ਬਹੁ-ਸੁਰੀ ਅਤੇ ਸੰਬਾਦੀ | | 18. ਵਿਕਲਪ-ਸਭਿਆਚਾਰ |

# ਅਧਿਆਇ-6: ਅਮਰੀਕੀ ਨਵ ਆਲੋਚਨਾ

*Harpreet singh, Lovely Professional University*

ਵਿਸ਼ਾ ਵਸਤੂ (Content)


- ਉਦੇਸ਼
- ਪ੍ਰਸਤਾਵਨਾ
- ਵਿਸ਼ਾ ਵਸਤੂ
- ਸਾਰ-ਅੰਸ਼
- ਕੇਂਦਰੀ ਸ਼ਬਦ
- ਸਵੈ-ਮੁਲਾਂਕਣ
- ਅਭਿਆਸ ਪ੍ਰਸ਼ਨ
- ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਅਮਰੀਕੀ ਨਵਾਲੋਚਨਾ ਦੇ ਸਰੂਪ ਅਤੇ ਪ੍ਰਕ੍ਰਿਤੀ ਨੂੰ ਸਮਝਣ ਦੇ ਕਾਬਲ ਬਣੇਗਾ।
- ਸਾਹਿਤ ਵਿਚ ਅਮਰੀਕੀ ਨਵਾਲੋਚਨਾ ਦੀ ਮਹੱਤਤਾ ਤੇ ਸਾਰਥਕਤਾ ਨੂੰ ਸਮਝਸਕਣਗੇ।
- ਸਾਹਿਤ ਸਿਰਜਨਾ ਅਤੇ ਸਾਹਿਤ ਆਲੋਚਨਾ ਦੇ ਨਿਵੇਕਲੇ ਪਾਸਾਰਾਂ ਦੀ ਵਰਤੋਂ ਕਰ ਸਕਣ ਵਿਚ ਸਮਰੱਥ ਹੋਣਗੇ।

## ਪ੍ਰਸਤਾਵਨਾ:

ਅਮਰੀਕੀ ਨਵਾਲੋਚਨਾ American New Criticism ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ (1930-50) ਦੌਰਾਨ ਸਾਹਿਤ-ਸਿਧਾਂਤ ਚਿੰਤਨ ਅਤੇ ਆਲੋਚਨਾ ਦੇ ਖੇਤਰ ਵਿਚ ਉੱਭਰੀ ਇਕ ਮਹਤਵਪੂਰਨ ਆਲੋਚਨਾ ਲਹਿਰ ਜਾਂ ਪੰਰਪਰਾ ਹੈ।ਇਸ ਆਲੋਚਨਾ ਨੂੰ ਤੱਤਵਾਦੀ ਆਲੋਚਨਾ Ontological criticism ਵੀ ਕਿਹਾ ਜਾਂਦਾ ਹੈ ਇਸਦਾ ਉਭਾਰ ਸਾਹਿਤ-ਅਧਿਐਨ ਦੀ ਉਸ ਪਰੰਪਰਕ ਪਹੁੰਚ ਦੇ ਵਿਰੋਧ ਵਿਚ ਹੋਇਆ ਜਿਸਦਾ ਸਰੋਕਾਰ ਵਧੇਰੇ ਸਾਹਿਤਿਕ ਕਿਰਤਾਂ ਦੇ ਪਾਠ-ਬਾਹਰੇ ਵੇਰਵਿਆਂ ਨਾਲ ਸੀ; ਜਿਸਦੇ ਅੰਤਰਗਤ ਸਾਹਿਤ ਦਾ ਅਧਿਐਨ ਲੇਖਕ ਦੀ ਜੀਵਨੀ , ਉਸਦੀ ਮਨੋਵਿਗਿਆਨਕ ਬਣਤਰ ਜਾਂ ਰਚਨਾ ਦੇ ਇਤਿਹਾਸ ਪਰਿਪੇਖ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਸੀ।ਇਸ ਆਲੋਚਨਾ ਪ੍ਰਣਾਲੀ ਨੇ ਸਾਹਿਤਿਕ ਰਚਨਾਵਾਂ ਦੀ ਵਸਤੂਮੂਲਕ ਅਤੇ ਪਾਠਮੂਲਕ ਹਕੀਕਤ ਨਾਲ ਸਰੋਕਾਰ ਜੋੜਦਿਆਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਸਾਹਿਤ-ਰਚਨਾ ਨੂੰ ਇਕ ਸਵੈ-ਆਧਾਰੀ ਜਾਂ ਖ਼ੁਦ-ਮੁਖਤਾਰ ਹੋਂਦ ਤਸਲੀਮ ਕਰਨਾ ਚਾਹੀਦਾ ਹੈ।ਉਸਦਾ ਮੁਲਾਂਕਨ ਅਤੇ ਅਧਿਐਨ ਕਰਨ ਲਈ ਉਸਤੋਂ ਬਾਹਰ ਜਾਣ ਦੀ ਜ਼ਰੂਰਤ ਨਹੀਂ ਸਗੋਂ ਇਸ ਮੰਤਵ ਲਈ ਉਸਦੇ ਅੰਦਰਲੇ ਸੰਗਠਨ ਨੂੰ ਹੀ ਦ੍ਰਿਸ਼ਟੀਗੋਚਰ ਕਰਨਾ ਚਾਹੀਦਾ ਹੈ।ਭਾਵ ਸਾਹਿਤ-ਰਚਨਾ ਭਾਸ਼ਾ ਦੇ ਮਾਧਿਅਮ ਰਾਹੀਂ ਸਿਰਜਿਆ ਗਿਆ ਇਕ ਅਜਿਹਾ ਕਲਾਤਮਕ ਸੰਗਠਨ ਹੈ ਜਿਸਦਾ ਅਰਥ ਉਸਦੇ ਅੰਦਰ ਵਸਦਾ ਹੈ।ਇਸ ਅਧਿਐਨ ਪ੍ਰਣਾਲੀ ਨੇ ਸਾਹਿਤਕ ਕਿਰਤਾਂ ਦੇ ਨਿਕਟ ਅਧਿਐਨ ਉੱਤੇ ਜ਼ੋਰ ਦਿੱਤਾ ਜੋ ਇਸਦੀ ਅਧਿਐਨ ਵਿਧੀ ਦਾ ਪ੍ਰਤਿਨਿੱਧ ਲੱਛਣ ਮੰਨਿਆ ਜਾਂਦਾ ਹੈ।

## ਵਿਸ਼ਾ ਵਸਤੂ:

ਸਾਹਿਤ ਆਲੋਚਨਾ ਦੇ ਖੇਤਰ ਵਿਚ ਅਮਰੀਕੀ ਨਵ ਆਲੋਚਨਾ ਦੀ ਇਕ ਨਿਵੇਕਲੀ ਪਛਾਣ ਹੈ। ਇਸ ਦੇ ਮੁੱਖ ਸਰੋਕਾਰ ਪਾਠ-ਬਾਹਰੀ ਵੇਰਵਿਆ ਦੇ ਵਿਰੋਧ ਨਾਲ ਸੰਬੰਧਿਤ ਹਨ। ਇਸ ਦਾ ਆਧਾਰ ਨਿਕਟ ਅਧਿਐਨ ਹੈ ਜੋ ਪਾਠ ਦੀ ਅੰਦਰੂਨੀ ਸੰਰਚਨਾ ਨਾਲ ਸੰਬੰਧਿਤ ਹੈ।ਇਸ ਅਧਿਆਇ ਦੇ ਅਧਿਐਨ ਦੁਆਰਾ ਵਿਦਿਆਰਥੀ ਅਮਰੀਕੀ ਨਵ-ਆਲੋਚਕਾਂ ਨੂੰ ਅਤੇ ਉਨ੍ਹਾਂ ਦੀਆਂ ਧਾਰਨਾਵਾਂ ਨੂੰ ਜਾਣਨ ਦੇ ਕਾਬਲ ਹੋਣਗੇ। ਇਸ ਅਧਿਐਨ ਨਾਲ ਉਹ ਸਾਹਿਤ ਸਿਰਜਨਾ ਅਤੇ ਸਾਹਿਤ ਆਲੋਚਨਾ ਦੇ ਨਿਵੇਕਲੇ ਪਾਸਾਰਾਂ ਦੀ ਵਰਤੋਂ ਕਰ ਸਕਣ ਵਿਚ ਸਮਰੱਥ ਹੋਣਗੇ। ਅਮਰੀਕੀ ਨਵ-ਆਲੋਚਨਾ ਨਾਲ ਸੰਬੰਧਿਤ ਮਹਤਵਪੂਰਨ ਚਿੰਤਕਾਂ ਦੇ ਨਾਮ ਹਨ -ਰੈਨਸਮ, ਵਿਲੀਅਮ ਐਂਪਸਨ, ਟੀ. ਐਸ. ਐਲੀਅਟ, ਆਈ. ੳ. ਰਿਚਰਡਸ, ਆਰ.ਪੀ. ਬਲੈਕਮਰ, ਐਲਨ ਟੇਟ, ਕਲੀਂਥ ਬਰੂਕਸ ਅਤੇ ਰਾਬਰਟ ਪੈੱਨ ਵੈਰੱਨ।

### ਜੇ.ਈ. ਸਪਿਨਗਾਰਨ Joel E.Spingarn:

'ਨਵ-ਆਲੋਚਨਾ' ਸ਼ਬਦ ਦਾ ਸਰਬਪ੍ਰਥਮ ਪ੍ਰਯੋਗ ਜੇ .ਈ. ਸਪਿਨਗਾਰਨ Joel E.Spingarn ਨੇ ਕੋਲੰਬੀਆ ਯੂਨੀਵਰਸਿਟੀ ਵਿਚ ਦਿੱਤੇ ਆਪਣੇ ਇਕ ਭਾਸ਼ਣ ਵਿਚ ਕੀਤਾ।ਉਸ ਨੇ ਸਾਹਿਤ ਬਾਹਰੀ ਵੇਰਵਿਆਂ ਨੂੰਸਾਹਿਤ ਆਲੋਚਨਾ ਲਈ ਵਿਅਰਥ ਕਿਹਾ ਅਤੇ ਸਾਹਿਤ ਅਧਿਐਨ ਦੀਆ੍ਹਂ ਬਹਿਰੰਗੀ ਵਿਧੀਆਂ ਦੀ ਡੱਟ ਕੇ ਵਿਰੋਧਤਾ ਕੀਤੀ ਜਿਸ ਦੀ ਇਕਾਗਰਤਾ ਸਾਹਿਤ ਬਾਹਰੀ ਵੇਰਵਿਆਂ ਨਾਲ ਹੈ।

### ਕੈਨੇਥ ਬਰਕ:

ਕੈਨੇਥ ਬਰਕ ਦਾ ਵਿਚਾਰ ਹੈ ਕਿ ਕਲਾ ਵਿਚ ਫਾਰਮ, ਵਸਤੂ, ਸਰੰਚਨਾ ਅਤੇ ਅਰਥ ਇਕ ਦੂਜੇ ਤੋਂ ਨਿਖੇੜੇ ਨਹੀਂ ਜਾ ਸਕਦੇ ਅਤੇ ਆਲੋਚਕ ਨੂੰ ਆਪਣੀ ਦ੍ਰਿਸ਼ਟੀ ਫਾਰਮ ਤੇ ਕੇਂਦ੍ਰਿਤ ਕਰਨੀ ਚਾਹਿਦੀ ਹੈ ਕਿਉਂਕਿ ਇਸ ਵਿਚ ਅਰਥ ਮੌਜੂਦ ਹਨ।ਫਾਰਮ ਦੀ ਉਤਮਤਾ ਪਾਠਕ ਦੀ ਸਤੁੰਸ਼ਟੀ ਤੇ ਨਿਰਭਰ ਕਰਦੀ ਹੈ।

### ਜੇ.ਈ.ਰੈਨਸਮ John Crowe Ransom:

ਨਵ-ਅਮਰੀਕੀ ਆਲੋਚਨਾ ਵਿਚ ਰੈਨਸਮ ਸਭ ਤੋਂ ਵੱਧ ਮਹਤਵਪੂਰਨ ਵਿਅਕਤੀ ਹੈ। 1941 ਈ. ਵਿਚ ਜੇ.ਈ.ਰੈਨਸਮ John Crowe Ransom ਦੀ ਆਲੋਚਨਾਤਮਕ ਪੁਸਤਕ The New Criticism ਪ੍ਰਕਾਸ਼ਿਤ ਹੋਈ। ਜਿਸ ਵਿਚ ਉਸਨੇ ਤਾਤਵਿਕ-ਸ਼ਾਸਤਰੀ ਆਲੋਚਨਾ ਦੀ ਬੜੀ ਵਕਾਲਤ ਕੀਤੀ। ਰੈਨਸਮ , ਇਸ ਲਹਿਰ ਵਿਚ ਇਕ ਮਹੱਤਵਪੂਰਨ ਸ਼ਖ਼ਸੀਅਤ ਰਿਹਾ ਹੈ। ਨਵ -ਆਲੋਚਨਾ ਨੂੰ ਇਕ ਮਹੱਤਵਪੂਰਨ ਪ੍ਰਣਾਲੀ ਦਾ ਰੂਪ ਦੇਣ ਵਿਚ ਉਸ ਦਾ ਵਡਮੁੱਲਾ ਯੋਗਦਾਨ ਹੈ।ਆਪਦੀਆਂ ਮੁਢਲੀਆਂ ਪੁਸਤਕਾਂ God Without Thunder

1930 ਅਤੇ The World's Body 1938 ਵਿਚ ਉਸਨੇ ਕਾਵਿ ਅਤੇ ਵਿਗਿਆਨ ਵਿਚ ਨਿਖੇੜਾ ਕੀਤਾ।ਕਵੀ ਕਲਾਤਮਕ ਤੌਰ ਤੇ ਸੁੰਦਰ ਰੂਪ ਵਿਚ ਆਪਣੇ ਆਪ ਨੂੰ ਅਭਿਵਿਅਕਤ ਕਰਦਾ ਹੈ ਜਿਸ ਦੁਆਰਾ ਪਾਠਕਾਂ ਦੀ ਸੌਂਦਰਯਗਤ ਤ੍ਰਿਪਤੀ ਹੁੰਦੀ ਹੈ ਜਦੋਂ ਕਿ ਵਿਗਿਆਨੀ ਉਨ੍ਹਾਂ ਨੂੰ ਇਕ ਸ਼੍ਰੇਣੀ type ਦੇ ਨਮੂਨਿਆਂ ਵਜੋਂ ਗ੍ਰਹਿਣ ਕਰਦਾ ਹੈ।ਵਿਗਿਆਨੀ ਵਸਤੂ ਦੇ ਬਾਹਰੀ ਲੱਛਣਾਂ ਨੂੰ ਜਾਣਕੇ ਸੰਤੁਸ਼ਟ ਹੋ ਜਾਂਦਾ ਹੈ ਕਿਉਂਕਿ ਉਹ ਅਮਲੀ ਪ੍ਰਯੋਗ ਤੱਕ ਇਛੁਕ ਹੈ। ਪਰ ਕਵੀ ਵਸਤੂ ਨੂੰ ਜਿਵੇਂ ਹੈ ਉਸ ਤਰ੍ਹਾਂ ਜਾਣਨਾ ਚਾਹੁੰਦਾ ਹੈ ਅਤੇ ਇਸ ਜਾਣਕਾਰੀ ਦੁਆਰਾ ਉਸ ਦੇ ਮਨ ਵਿਚ ਵਸਤੂ ਦੇ ਅਮਲੀ ਪ੍ਰਯੋਗ ਦੀ ਇੱਛਾ ਪੈਦਾ ਨਹੀਂ ਹੁੰਦੀ।

ਰੈਨਸਮ ਦਰਸਾਉਂਦਾ ਹੈ ਕਿ ਆਧੁਨਿਕ ਕਾਵਿ, ਵਿਕਟੋਰੀਅਨ ਕਾਵਿ ਨਾਲੋਂ ਉੱਤਮ ਹੈ ਕਿਉਂਕਿ ਆਧੁਨਿਕ ਕਾਵਿ ਵਿਚਾਰਾਂ ਦਾ ਨਹੀਂ ਬਲਕਿ ਵਸਤਾਂ ਦਾ ਕਾਵਿ ਹੈ। ਪੁਰਾਤਨ ਕਾਵਿ ਵਿਚਾਰਾਂ ਦਾ ਕਾਵਿ ਸੀ ਇਹ ਕਵੀ ਅਤੇ ਯੁਗ ਦੇ ਵਿਚਾਰਾਂ ਅਤੇ ਵਿਸ਼ਵਾਸਾਂ ਦੀ ਅਭਿਵਿਅਕਤੀ ਕਰਦਾ ਸੀ ਅਤੇ ਇਹ ਭਾਵਬੋਧ ਦੇ ਵਿਗਠਨ dissociation of sensibility ਸਦਕਾ ਅਸਪਸ਼ਟ ਰਹਿੰਦਾ ਸੀ।ਵਿਅਕਤੀ ਆਪਣੀ ਪ੍ਰਕ੍ਰਿਤੀ ਕਾਰਨ ਹੀ ਵਿਚਾਰਾਂ ਨਾਲੋਂ ਵਸਤੂ ਵਿਚ ਰੁਚੀ ਲੈਂਦਾ ਹੈ। ਜਦੋਂ ਵੀ ਉਹ ਇਹਨਾਂ ਵਸਤਾਂ ਤੋਂ ਜੁਦਾ ਹੁੰਦਾ ਹੈ ਤਾਂ ਉਹ ਉਹਨਾਂ ਦੀ ਯਾਦ ਤਾਜ਼ਾ ਕਰਦਾ ਰਹਿੰਦਾ ਹੈ,ਸੁਪਨੇ ਲੈਂਦਾ ਹੈ। ਕਲਾ ਇਹਨਾਂ ਸੁਪਨਿਆਂ ਅਤੇ ਪੁਨਰਚਿਤਵਨੀਆਂ ਦੀ ਅਭਿਵਿਅਕਤੀ ਹੈ।

ਰੈਨਸਮ ਕਾਵਿ ਵਿਚ 'ਬਣਤਰ' (ਸੰਰਚਨਾ) Structureਅਤੇ 'ਬੁਣਤਰ'Texture (ਬਣਾਵਟ)ਦੇ ਸਿਧਾਂਤ ਨੂੰ ਪੇਸ਼ ਕਰਦਾ ਹੈ। ਉਸ ਅਨੁਸਾਰ ਸ਼ਬਦਾਂ, ਅਖੌਤਾਂ, ਧੁਨੀਆਂ ਅਤੇ ਬਿੰਬਾਂ ਦੇ ਰਿਸ਼ਤੇ ਕਾਵਿ ਦੀ ਬੁਣਤਰ ਦਾ ਨਿਰਮਾਣ ਕਰਦੇ ਹਨ ਜਦੋਂਕਿ ਕਾਵਿ ਵਿਚ ਥੀਮ ਦੇ ਵਿਕਾਸ ਨਾਲ ਸੰਬੰਧਿਤ ਦਲੀਲਬਾਜ਼ੀ 'ਬਣਤਰ' ਦੀ ਭੂਮਿਕਾ ਨਿਭਾਉਂਦੀ ਹੈ। ਛੰਦ, ਲੈਅ ਅਤੇ ਵਿਵੇਕ ਨੂੰ ਉਹ 'ਬਣਤਰ' ਵਿਚ ਸ਼ਾਮਿਲ ਕਰਦਾ ਹੈ।

The New Criticism (1941) ਵਿਚ ਰੈਨਸਮ ਆਲੋਚਕ ਨੂੰ ਪਹਿਲਾਂ ਕਿਸੇ ਕਵਿਤਾ ਦੇ ਸੰਰਚਨਾਤਮਕ ਲੱਛਣਾਂ ਦਾ ਅਧਿਐਨ ਕਰਨ ਵਾਸਤੇ ਕਹਿੰਦਾ ਹੈ ਫਿਰ ਇਸ ਦੀ ਬੁਣਤਰ ਬਾਰੇ ਗੱਲ ਕਰਨੀ ਚਾਹੀਦੀ ਹੈ। ਜਿਹੜਾ ਕਵੀ ਕੇਵਲ ਸੰਰਚਨਾ ਦੀ ਗਲ ਕਰਦਾ ਹੈ ਉਹ ਕਾਵਿ ਅਤੇ ਵਾਰਤਕ ਵਿਚ ਕੋਈ ਨਿਖੇੜਾ ਨਹੀਂਕਰਦਾ।'ਰੂਪਕ' ਇਕ ਅਜਿਹਾ ਵਿਸਥਾਰ ਹੈ। ਇਸ ਤਰਾਂ ਕਵੀ ਆਪਣੀ ਦਲੀਲਬਾਜੀ ਤੋਂ ਉੱਪਰ ਉਠਦਾ ਹੈ।ਕਾਵਿ ਦਾ ਬੁਣਤਰ ਵਾਲਾ ਪੱਖ ਬਣਤਰ ਉੱਤੇ ਪੂਰੀ ਤਰ੍ਹਾਂ ਛਾਇਆ ਰਹਿੰਦਾ ਹੈ।ਜਿਵੇਂ ਰੂਪਕ ਤੇ ਉਪਮਾਨ ਕਾਵਿ ਦੇ ਵਿਸ਼ੇ ਨੂੰ ਵਿਆਪਕ ਬਣਾਉਂਦੇ ਹਨ,ਵਕ੍ਰੋਕਤੀ (ਦੋਅਰਥਤਾ) ਬੁਣਤਰ ਵਿਚ ਅਮੀਰੀ ਲਿਆਉਂਦੇ ਹਨ।

## ਐਲਨ ਟੇਟ Allen Tate :

ਅਮਰੀਕੀ ਨਵ ਆਲੋਚਨਾ ਵਿਚ ਐਲਨ ਟੇਟ Allen Tate ਅਜਿਹੀਆਂ ਧਾਰਨਾਵਾਂ ਦੇ ਵਿਰੁੱਧ ਹੈ ਜਿਹੜੀਆਂ ਸਾਹਿਤ ਨੂੰ ਇਤਿਹਾਸ , ਸਮਾਜ-ਸ਼ਾਸਤਰ ਜਾਂ ਹੋਰ ਕਿਸੇ ਵਿਗਿਆਨ ਨਾਲ ਸੰਬੰਧਿਤ ਕਰਦੀਆਂ ਹਨ।ਕਵਿਤਾ ਦਾ ਪ੍ਰੋਯਜਨ ਕਿਸੇ ਸਿਧਾਂਤ ਦੀ ਪੁਸ਼ਟੀ ਕਰਨਾ ਨਹੀਂ ਕਿਉਂਕਿ ਇਸ ਤਰ੍ਹਾਂ ਕਵਿਤਾ ਪ੍ਰਾਪੇਗੰਡਾ ਬਣ ਜਾਵੇਗੀ। ਇਹ ਧਾਰਨਾ ਕਿ ਕਾਵਿ ਦੇ ਕੁਝ ਨੈਤਿਕ ਜਾਂ ਸਮਾਜਿਕ ਲਕਸ਼ ਹੁੰਦੇ ਹਨ ਕਾਵਿਕ ਨਹੀਂ ਬਲਕਿ ਦਾਰਸ਼ਨਿਕ ਹੈ। ਜਿੱਥੇ ਰੈਨਸਮ ਕਵਿਤਾ ਵਿਚੋਂ ਵਿਚਾਰਾਂ ਨੂੰ ਬਾਹਰ ਰੱਖਦਾ ਹੈ ਤੇ ਪੂਰੀ ਤਰ੍ਹਾਂ ਵਸਤਾਂ ਨਾਲ ਸੰਬੰਧਿਤ ਹੈ ਉੱਥੇ ਐਲਨ ਟੇਟ ਵਿਚਾਰਾਂ ਦਾ ਹੁੰਗਾਰਾ ਵੀ ਭਰਦਾ ਹੈ।ਉਸ ਅਨੁਸਾਰ ਕੁਝ ਵਿਚਾਰ ਅਤੇ ਵਿਸ਼ਵਾਸ ਅਜਿਹੇ ਹਨ ਜਿਹੜੇ ਲੋਕਾਂ ਅਤੇ ਕਵੀਆਂ ਦੀ ਵਿਰਾਸਤ ਹਨ।ਪਾਠਕ ਵਿਸ਼ਵਾਸਾਂ ਦੀ ਸਾਂਝ ਨੂੰ ਛੱਡਕੇ ਹੋਏ ਕਵਿਤਾ ਦੀ ਸੰਰਚਨਾ ਉਤੇ ਧਿਆਨ ਕੇਂਦ੍ਰਿਤ ਕਰਨ ਦੇ ਲਈ ਸੁਤੰਤਰ ਹੋ ਜਾਂਦੇ ਹਨ। ਆਧੁਨਿਕ ਯੁਗ ਵਿਚ ਵਿਸ਼ਵਾਸਾਂ ਤੇ ਵਿਚਾਰਾਂ ਦਾ ਕੋਈ ਸਝਾ ਸਿਸਟਮ ਨਹੀਂ , ਇਸ ਕਰਕੇ ਕਵਿਤਾ ਅਮੂਰਤ ਹੋ ਰਹੀ ਹੈ।ਕਵੀਆਂ ਨੂੰ ਨਾਂ ਕੇਵਲ ਵਿਚਾਰਾਂ, ਵਿਸ਼ਵਾਸਾਂ, ਪੰਰਪਰਾ ਦਾ ਪ੍ਰਯੋਗ ਕਰਨਾ ਚਾਹੀਦਾ ਹੈ ਬਲਕਿ ਪੰਰਪਰਾ ਵਿਚ ਸੰਸ਼ੋਧਨ ਵੀ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਮਹਾਨ ਕਵੀਆਂ ਦੀ ਰਚਨਾ ਵਿਚ ਪੰਰਪਰਾ ਅਤੇ ਪ੍ਰਯੋਗ,ਪੁਰਾਣੇ ਤੇ ਨਵੇਂ ਦੇ ਦਰਮਿਆਨ ਸਦਾ ਇਕ'ਤਣਾਉ' ਮੌਜੂਦ ਰਹਿੰਦਾ ਹੈ।

ਟੇਟ ਦੀ ਕਵਿਤਾ ਵਿਚ 'ਤਣਾਓ' ਦਾ ਸ਼ਬਦ ਸਦੈਵ ਵਿਦਮਾਨ ਰਹਿੰਦਾ ਹੈ।1938 ਵਿਚ ਪ੍ਰਕਾਸ਼ਿਤ ਆਪਣੇ ਇਕ ਨਿਬੰਧ ਵਿਚ **Tension of Poetry** ਵਿਚ ਉਹ ਰੈਨਸਮ ਦੇ ਗਤੀਹੀਣ ਬੁਣਤਰ ਤੇ ਬਣਤਰ ਦੇ ਸਿਧਾਂਤਾਂ ਦੇ ਵਿਰੋਧ ਵਿਚ ਕਵਿਤਾ ਦੀ ਗਤੀਮੂਲਕ ਵਿਆਖਿਆ ਪੇਸ਼ ਕਰਦਾ ਹੈ।ਉਸ ਅਨੁਸਾਰ ਆਲੋਚਕ ਦਾ ਕਰਤਵ ਹੈ ਕਿ ਉਹ ਸਮੁੱਚੇ ਰੂਪ ਵਿਚ,ਬਣਤਰ ਤੇ ਬੁਣਤਰ ਦੀ ਅਭੇਦਤਾ ਦੇ ਪ੍ਰਸੰਗ ਵਿਚ, ਨਿਰੀਖਣ ਕਰੇ।ਉਸ ਅਨੁਸਾਰ ਕਵਿਤਾ ਦੋਦੋ ਪ੍ਰਕਾਰ ਦੇ ਅਰਥ ਹੁੰਦੇ ਹਨ-ਅਰਥਬੋਧਕ ਅਤੇ ਭਾਵਬੋਧਕ।ਉਹ ਕਾਵਿ ਦੇ ਅਰਥ ਬੋਧਕ ਪੱਖ ਵਲ ਸੰਕੇਤ ਕਰਨ ਲਈ ਵਿਸਤਾਰ Extension ਅਤੇ ਭਾਵਬੋਧਕ ਅਰਥਾਂ ਵਲ ਸੰਕੇਤ ਕਰਨ ਲਈ ਨੀਤ/ਮਨਸ਼ਾ Intension ਸ਼ਬਦ ਦਾ ਪ੍ਰਯੋਗ ਕਰਦਾ ਹੈ।ਇਨ੍ਹਾਂ ਦੋਹਾਂ ਸ਼ਕਤੀਆਂ ਦਾ ਤਣਾਉ ਦੇ ਰੂਪ ਵਿਚ ਸੰਤੁਲਨ ਕਾਵਿ ਨੂੰ ਉਸਦੇ ਨਿਸ਼ਚਿਤ ਅਰਥ ਪ੍ਰਦਾਨ ਕਰਦਾ ਹੈ।

ਟੇਟ, ਇਤਿਹਾਸਕ ਆਲੋਚਨਾ ਅਤੇ ਨੈਤਿਕ ਮੁਲਅੰਕਣ ਦਾ ਬੜਾ ਡਟ ਕੇ ਵਿਰੋਧ ਕਰਦਾ ਹੈ।ਉਸ ਅਨੁਸਾਰ ਆਲੋਚਕ ਨੂੰ ਕਲਕਿਰਤ ਦੀ ਸਮੁੱਚਤਾ ਬਾਰੇ ਆਪਣਾ ਨਿਰਣਾ ਦੇਣਾ ਚਾਹੀਦਾ ਹੈ। ਆਲੋਚਕਾਂ ਨੂੰ, ਕਲਾ ਕਿਰਤਾਂ ਨੂੰ, ਵਸਤਾਂ ਦੇ ਰੂਪ ਵਿਚ ਦੇਖਣਾ ਚਾਹੀਦਾ ਹੈ।ਕੋਈ ਰਚਨਾ ਕਿੰਨੀ ਕੁ ਵਸਤੂਮੂਲਕ ਹੈ ਇਹ ਫੈਸਲਾ ਉਸ ਨੂੰ ਵਿਸ਼ੈ-ਵਸਤੂ ਦੇ ਨਿਰੀਖਣ ਦੁਆਰਾ ਨਹੀਂ ਸਗੋਂ ਇਸ ਦੇ ਰੂਪਗਤ ਲੱਛਣਾਂ ਦੇ ਨਿਰੀਖਣ ਦੁਆਰਾ ਕਰਨਾ ਚਾਹੀਦਾ ਹੈ।

## ਕਲੀਂਥ ਬਰੁਕਸ Cleanth Brooks:

ਨਵ-ਆਲੋਚਨਾ ਦੀ ਨਵੀਂ ਪੀੜ੍ਹੀ ਵਿਚ ਕਲੀਂਥ ਬਰੁਕਸ Cleanth Brooks ਕਾਫ਼ੀ ਪ੍ਰਸਿੱਧ ਅਤੇ ਪ੍ਰਭਾਵਸ਼ਾਲੀ ਹੈ।ਉਸਦੀ ਕਿਰਤ Understanding Poetry ਸਾਹਿਤਿਕ ਆਲੋਚਨਾ ਦੇ ਇਤਿਹਾਸ ਵਿਚ ਇਕ ਮੀਲ ਪੱਥਰ ਹੈ।ਉਸ ਅਨੁਸਾਰ ਇਕ ਕਵਿਤਾ ਆਪਣੇ ਪ੍ਰਭਾਵ ਦੁਆਰਾ ਆਪਣੁ ਆਪ ਨੂੰ ਸਿਧ ਕਰਦੀ ਹੈ ਅਤੇ ਇਹ ਪ੍ਰਭਾਵ ਵਰਤੀ ਜਾਣ ਵਾਲੀ 'ਚੀਜ਼' ਵਿਚੋਂ ਪੈਦਾ ਨਹੀਂ ਹੁੰਦਾ ਬਲਕਿ ਕਵੀ ਦੇ ਉਸ ਚੀਜ਼ ਦੇ 'ਇਸਤੇਮਾਲ' ਵਿਚੋਂ ਪੈਦਾ ਹੁੰਦਾ ਹੈ।

Modern Poetry and the Tradition (1939) ਵਿਚ ਉਹ ਇਹ ਦੇਖਦਾ ਹੈ ਕਿ ਇਕ ਨਵਾਂ ਕਵੀ ਕਿਵੇਂ ਅਤੇ ਕਿੰਨਾ ਕੁ ਮੌਜੂਦਾ ਕਾਵਿ ਪੰਰਪਰਾ ਨੂ ਬਦਲਦਾ ਹੈ।ਉਸਨੇ ਜਾਨਸਨ ਦੇ ਇਸ ਮਤ ਨੂੰ ਗ਼ਲਤ ਠਹਿਰਾਇਆ ਕਿ ਰੂਪਕ ਕੇਵਲ ਕਵਿਤਾ ਦਾ ਇਕ ਗਹਿਣਾ ਹੈ ਬਲਕਿ ਇਹ ਕਵਿਤਾ ਇਕ ਅਖੰਡ ਹਿੱਸਾ ਹੈ। ਇਸੇ ਤਰ੍ਹਾਂ ਆਧੁਨਿਕ ਕਵੀਆਂ ਨੇ ਕਾਲਰਿਜ ਅਤੇ ਆਰਨਲਡ ਦੀ ਇਹ ਧਾਰਨਾ ਵੀ ਮਿਥਿਆ ਸਿੱਧ ਕਰ ਦਿੱਤੀ ਹੈ ਕਿ ਵਿਵੇਕ ਅਤੇ ਬੁੱਧੀ, ਕਾਵਿ ਦੀ ਉੱਚ ਅਤੇ ਗੰਭੀਰ ਵਸਤੂ ਨਾਲ ਇਕਸੁਰ ਨਹੀਂ ਹੋ ਸਕਦੇ।ਆਧੁਨਿਕ ਕਵੀ ਵਿਵੇਕ ਅਤੇ ਬੁੱਧੀ ਦਾ ਇਸਤੇਮਾਲ, ਅਨੁਭਵ ਦੇ ਬਹੁਤ ਸਾਰੇ ਤੱਤਾਂ ਨੂੰ ਇਕ ਸਯੁੰਕਤਸਮੁੱਚ ਵਿਚ ਸੰਗਠਿਤ ਕਰਨ ਲਈ ਕਰਦੇ ਹਨ।

' Metaphor, intellect and ironic wit are major in Brooks' concept of poetry.'

ਆਪਣੀ ਇਕ ਹੋਰ ਪੁਸਤਕ The Well Wrought Urn ਵਿਚ ਬਰੁਕਸ ਕਾਵਿ-ਭਾਸ਼ਾ ਅਤੇ ਵਿਗਿਆਨ-ਭਾਸ਼ਾ ਵਿਚ ਅੰਤਰ ਸਪਸ਼ਟ ਕਰਦਾ ਹੈ। ਨਾਟਕੀ ਚੋਟ Irony ਅਤੇ ਵਿਰੋਧਾਭਾਸ Paradox ਕਾਵਿ ਭਾਸ਼ਾ ਦਾ ਸਾਰ ਤੱਤ ਹੈ। ਜਿੱਥੇ ਵਿਗਿਆਨ,ਪਦਾਂ ਨੂੰ ਸੰਤੁਲਿਤ ਕਰਨ ਉੱਤੇ ਜ਼ੋਰ ਦਿੰਦਾ ਹੈ ਉੱਥੇ ਕਾਵਿ ਸ਼ਬਦਾਂ ਨੂੰ ਵਲੇਟਦਾ ਹੈ।ਕਵੀਆ ਦੁਆਰਾ ਪੇਸ਼ ਸੂਖ਼ਮ ਸਥਿਤੀਆਂ ,ਅਭਿਵਿਅਕਤੀ ਦੀ ਸਟੀਕਤਾ ਦੀ ਮੰਗ ਕਰਦੀਆਂ ਹਨ ਅਤੇ ਇਹ ਕੇਵਲ ਰੂਪਕ ਦੁਆਰਾ ਪ੍ਰਾਪਤ ਹੁੰਦੀ ਹੈ। ਰੂਪਕ ਵੀ ਵਿਰੋਧਾਭਾਸ ਨੂੰ ਜਨਮ ਦਿੰਦਾ ਹੈ।ਇਸਦਾ ਪ੍ਰਭਾਵ ਭਾਸ਼ਾ ਦਾ ਵਿਸਥਾਰ ਹੈ, ਭ੍ਰਸ਼ਟਤਾ ਨਹੀਂ। ਕਾਵਿ ਵਿਚ ਵਰਤੇ ਵਿਅੰਗ -ਰੂਪਕ Ironic metaphor ਦੀ ਅਸਪਸ਼ਟਤਾ, ਭਰਮਜਨਕ ਨਹੀਂ ਬਲਕਿ ਰੋਸ਼ਨੀ ਪ੍ਰਦਾਨ ਕਰਨ ਵਾਲੀ ਹੁੰਦੀ ਹੈ।

## ਆਰ.ਪੀ.ਬਲੈਕਮਰ Richard Palmar Blackmur

ਆਰ.ਪੀ.ਬਲੈਕਮਰ Richard Palmar Blackmur ਨੂੰ ਨਵ-ਆਲੋਚਨਾ ਦਾ ਸਿਧਾਂਤਵੇਦਾ ਕਿਹਾ ਜਾਂਦਾ ਹੈ।ਉਹ ਕਾਵਿ -ਭਾਸ਼ਾ ਦੇ ਨਾਲ ਨਾਲ ਟੈਕਸਟ ਦੇ ਚੇਤੰਨ ਅਤੇ ਇਕਾਗਰ ਪਾਠ ਵਿਚ ਵਿਸ਼ਵਾਸ ਰੱਖਦਾ ਹੈ ਅਤੇ ਉਸ ਲਈ ਸ਼ਬਦ ਮਹਤੱਵਪੂਰਨ ਹਨ।ਇਹ ਜ਼ਰੂਰੀ ਹੈ ਕਿ ਕਵੀ ਅਤੇ ਆਲੋਚਕ ਦੋਵੇਂ ਸ਼ਬਦਾਂ ਦੇ ਕੋਸ਼ਗਤ ਅਰਥਾਂ ਦੀ ਪਾਲਣਾ ਕਰਨ।ਕਵੀ ਨੂੰ ਆਪਣੀ ਸਾਮੱਗਰੀ ਉੱਤੇਵਿਸ਼ੇਸ਼ ਕਰਕੇ ਢੁਕਵੇਂ ਸ਼ਬਦਾਂ ਦੀ ਚੋਣ, ਉੱਤੇ ਬੌਧਿਕ ਨਿੰਯਤ੍ਰਣ ਹੋਣਾ ਚਾਹੀਦਾ ਹੈ।ਇਸ ਵਿਚ ਕੋਈ ਸ਼ਕ ਨਹੀਂ ਕਿ ਕਵੀ ਦੁਆਰਾ ਚੁਣੇ ਵਿਸ਼ੇਸ਼ ਸ਼ਬਦਇਕ ਵਿਸ਼ੇਸ਼ ਪ੍ਰਸੰਗ ਵਿਚ ਜੁੜ ਕੇ ਉਨ੍ਹਾਂ ਦੇ ਅਰਥਾਂ ਨੂੰ ਪਰਿਵਰਤਿਤਕਰ ਦਿੰਦੇ ਹਨ।ਪਰ ਇਹ ਪਰਿਵਰਤਨ ਸੀਮਿਤ ਰਹਿਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਵਧੀਕ ਪਰਿਵਰਤਨ ਸ਼ਬਦਾਂ ਦੇ ਮਹਤੱਵ ਦਾ ਨਿਸ਼ੇਧ ਕਰ ਦੇਵੇਗਾ।ਉਸਦਾ ਨਿਬੰਧ Language as Gesture ਭਾਸ਼ਾ ਸੰਬੰਧੀ ਇਸੇ ਸੋਚ ਦਾ ਪ੍ਰਗਟਾਵਾ ਹੈ।ਬਲੈਕਮਰ ਅਨਸਾਰ ਭਾਸ਼ਾ ਸ਼ਬਦਾਂ ਦੁਆਰਾ ਅਤੇ ਸੈਨਤ Gesture ਅਥਵਾ ਹਰਕਤ(ਗਤੀ) ਦੁਆਰਾ ਬਣਦੀ ਹੈ।ਸ਼ਬਦ ਵੀ ਗਤੀ ਦੁਆਰਾ ਬਣਦੇ ਹਨ ਕਿਉਂਕਿ ਇਹ ਕ੍ਰਿਆ ਅਤੇ ਪ੍ਰਕਿਰਿਆ ਦੁਆਰਾ ਜਨਮ ਲੈਂਦੇ ਹਨ ਅਤੇ ਸੈਨਤ ਵੀ ਭਾਸ਼ਾ ਦੁਆਰਾ , ਭਾਸ਼ਾ ਦੇ ਹੇਠਾਂ,ਪਰੇ ਜਾਂ ਨਾਲ-ਨਾਲ ਜਨਮ ਲੈਂਦੀ ਹੈ।ਜਿੱਥੇ ਸ਼ਬਦਾਂ ਦੀ ਭਾਸ਼ਾ ਅਸਫਲ ਰਹਿੰਦੀ ਹੈ ਉੱਥ ਅਸੀਂ ਸੈਨਤ ਦੀ ਭਾਸ਼ਾ ਦਾ ਪ੍ਰਯੋਗ ਕਰਦੇ ਹਾਂ ਕਿਉਂਕਿ ਕਵਿਤਾ ਦੀ ਭਾਸ਼ਾ ਪ੍ਰਤੀਕਾਤਮਕ ਹੁੰਦੀ ਹੈ।ਬਲੈਕਮਰ ਅਨਸਾਰ ਕੋਈ ਵੀ ਇਕ ਜਾਂ ਬਹੁਤੇ ਸ਼ਬਦ ਸਾਧਾਰਨ ਦੁਹਰਾਈ ਜਾਂ ਵਿਉਂਤਮਈ ਦੁਹਰਾਈ ਦੁਆਰਾ ਸੈਨਤ ਦੀ ਸਥਿਤੀ ਵਿਚ ਲਿਆਂਦੇ ਜਾ ਸਕਦੇ ਹਨ।ਹਰ ਉਹ ਚੀਜ਼ ਜੋ ਹਲੂਣਦੀ ਹੈ , ਸਾਡੇ ਨਾ ਸਿਰਜੇ ਆਪਿਆਂ ਦਾ 'ਜੈਸਟਰ' ਹੈ, ਸਮੁੱਚੀ ਭਾਸ਼ਾ ਦਾ ਪ੍ਰਤੀਕਾਤਮਕ ਕਾਰਜ ਹੈ।

## ਸਾਰ-ਅੰਸ਼:

ਸਾਰ ਅੰਸ਼ ਦੇ ਰੂਪ ਵਿਚ ਡਾ. ਰਾਜਿੰਦਰ ਸਿੰਘ ਸੇਖੋਂ ਦੀ ਪੁਸਤਕ 'ਆਲੋਚਨਾ ਅਤੇ ਨਵ ਆਲੋਚਨਾ' ਦਿੱਤੀਆਂ ਨਵ-ਆਲੋਚਨਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨੂੰ ਸੂਤਰਬਧ ਕੀਤਾ ਜਾ ਸਕਦਾ ਹੈ

(1) ਇਸ ਆਲੋਚਨਾ ਨੂੰ ਤੱਤਵਾਦੀ (Ontological) ਆਲੋਚਨਾ ਵੀ ਕਿਹਾ ਜਾਂਦਾ ਹੈ।

(2) ਇਸ ਆਲੋਚਨਾ ਦੇ ਸਿਧਾਂਤ ਅਨੁਸਾਰ ਸਾਹਿਤ/ਕਵਿਤਾ ਦਾ ਆਪਣਾ ਸੁਤੰਤਰ ਅਸਤਿਤੱਵ ਹੈ ਜੋ ਕਵੀ ਅਤੇ ਉਸਦੇ ਸਮਾਜਿਕ/ਸੰਸਕ੍ਰਿਤਕ ਮਾਹੌਲ ਤੋਂ ਵੱਖਰਾ ਹੈ। ਨਵੇਂ ਆਲੋਚਕ ਕਵਿਤਾ ਨੂੰ ਕੇਵਲ ਕਵਿਤਾ ਦੇ ਰੂਪ ਵਿੱਚ ਹੀ ਵੇਖਦੇ ਹਨ।

(3) ਕਲਿੰਥ ਬਰੁਕਸ ਅਨੁਸਾਰ ਹਰੇਕ ਕਾਲ ਦੀ ਕਵਿਤਾ ਵਿੱਚ ਕੁਝ ਐਸੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜੋ ਉਸ ਨੂੰ ਕਵਿਤਾ ਬਣਾਉਂਦੀਆਂ ਹਨ। ਇਸ ਲਈ ਕਵਿਤਾ ਦੇ ਸਰਵ ਵਿਆਪਕ ਪ੍ਰਤੀਮਾਨ ਨਿਸ਼ਚਿਤ ਕੀਤੇ ਜਾ ਸਕਦੇ ਹਨ।

(4) ਨਵ-ਆਲੋਚਕਾਂ ਅਨੁਸਾਰ ਹਰੇਕ ਯੁੱਗ ਦੀ ਰਚਨਾ ਦੀ ਵਿਆਖਿਆ ਇਕ ਹੀ ਢੰਗ ਨਾਲ ਕੀਤੀ ਜਾਣੀ ਚਾਹੀਦੀ ਹੈ।

(5) ਸਾਹਿਤ, ਵਿਸ਼ੇਸ਼ ਤੌਰ ਤੇ ਕਵਿਤਾ ਦੀ ਭਾਸ਼ਾ ਬਾਕੀ ਵਿਸ਼ਿਆਂ ਨਾਲੋਂ ਵਚਿੱਤਰ ਹੁੰਦੀ ਹੈ। ਉਸ ਵਿੱਚ ਕਵੀ ਆਪਣੀ ਮਨ ਮਰਜ਼ੀ ਦੇ ਅਰਥ ਭਰਦਾ ਹੈ। ਸ਼ਬਦਾਂ ਦੀ ਜੜ੍ਹਤ, ਪ੍ਰਸਾਰ, ਵਿਸਥਾਰ ਨਾਲ ਉਹ ਜਿਹੀ ਅਰਥ-ਸਿਰਜਣਾ ਕਰਦਾ ਹੈ, ਉਹ ਵਿਗਿਆਨ ਦੀ ਭਾਸ਼ਾ ਵਾਂਗ ਨਿਸ਼ਚੇਵਾਚਕ ਅਤੇ ਅਭਿਧਾਪਰਕ ਨਹੀਂ ਹੁੰਦੀ ਸਗੋਂ ਲਖਸ਼ਣਾ ਪਰਕ ਹੁੰਦੀ ਹੈ।

(6) ਸਾਹਿਤਕ ਭਾਸ਼ਾ ਦੇ ਅਲੌਕਿਕ ਸਰੂਪ ਬਾਰੇ ਨਵ-ਆਲੋਚਕਾਂ ਨੇ ਵੱਖੋ ਵੱਖਰੇ ਸਿਧਾਂਤ ਦਿੱਤੇ ਹਨ। ਕਲਿੰਥ ਬਰੁਕਸ ਇਸ ਨੂੰ ਵਿਰੋਧਾਭਾਸ (paradox) ਅਤੇ ਤਨਜ਼ (Irony) ਵਿੱਚ ਵੇਖਦਾ ਹੈ। ਐਲਨ ਟੇਟ ਇਸ ਨੂੰ ਤਣਾਉ (Tension) ਸੰਕਲਪ ਰਾਹੀਂ ਪੇਸ਼ ਕਰਦਾ ਹੈ। ਰੈਨਸਮ ਦੀ ਦ੍ਰਿਸ਼ਟੀ ਵਿੱਚ ਇਹ ਬਣਤਰ (Structure) ਅਤੇ ਬੁਣਤਰ (Texture) ਦਾ ਤਣਾਉ ਹੈ। ਰਾਬਰਟ ਪੇਨ ਵਾਰਨ ਪ੍ਰਤੀਕਾਂ ਨੂੰ ਵਧੇਰੇ ਮਹੱਤਵ ਦਿੰਦਾ ਹੈ। ਬਲੇਕਮਰ ਕਾਵਿਕ ਭਾਸ਼ਾ ਨੂੰ ਜੈਸਚਰ (Gesture) ਜਾਂ ਸੰਕੇਤਾਮਕਤਾ ਮੰਨਦਾ ਹੈ ।ਪਰ ਇਹ ਸਾਰੇ ਰਚਨਾ ਦੀ ਅੰਦਰੂਨੀ ਸੰਗਤੀ (Inernal consistency) ਸ਼ਬਦਾਂ ਦਾ ਪ੍ਰਸਪਰ ਸੰਬੰਧਾਂ ਜਾਂ ਸੰਰਚਨਾ ਨੂੰ ਹੀ ਸਾਹਿਤ ਮੰਨਦੇ ਹਨ।

(7) ਸਾਹਿਤ ਸੰਬੰਧੀ ਸਿਧਾਂਤਕ ਚੇਤਨਾ ਪੱਖੋਂ ਨਵੀਨ ਆਲੋਚਨਾ ਦੇ ਆਲੋਚਕਾਂ ਵਿਚ ਮਤਭੇਦ ਹੈ ਪਰ ਇਹ ਸਾਰੇ ਇਸ ਗੱਲ ਤੇ ਸਹਿਮਤ ਹਨ ਕਿ ਆਲੋਚਕ ਨੂੰ ਸਾਹਿਤ ਰਚਨਾ ਦੀ ਹੀ ਆਲੋਚਨਾ ਕਰਨੀ ਚਾਹੀਦੀ ਹੈ। ਰਚਨਾ ਨਾਲ ਰਚਨਾਕਾਰ, ਉਸਦੀ ਰਚਨਾ ਪ੍ਰਕਿਆ, ਮਾਹੌਲ ਆਦਿ ਦਾ ਘਾਲਾ-ਮਾਲਾ ਕਰਨ ਦੇ ਇਹ ਸ਼ਖਤ ਵਿਰੋਧੀ ਹਨ।

ਪ੍ਰੋ. ਬ੍ਰਹਮ ਜਗਦੀਸ਼ ਹੋਰਾਂ ਦਾ ਵਿਚਾਰ ਹੈ ਕਿ ਨਵ-ਆਲੋਚਨਾ ਨੇ ਪਾਠ ਦੇ ਨਿਕਟ ਅਧਿਐਨ ਉੱਤੇ ਜ਼ੋਰ ਦਿੱਤਾ ਅਤੇ ਕਵਿਤਾ ਦੀ ਫ਼ਾਰਮ, ਡੀਜ਼ਾਇਨ ਅਤੇ ਬੁਣਤਰ ਦੇ ਅਧਿਐਨ ਦੀ ਪੰਰਪਰਾ ਸ਼ੁਰੂ ਕੀਤੀ। ਸਿਰਜਣਾ ਕਰਨ ਸਮੇਂ ਕਵੀ ਦੀ ਮਨੋਵਿਗਿਆਨਕ ਸਥਿਤੀ ਅਤੇ ਪਾਠਕਾਂਉੱਤੇ ਪਏ ਪ੍ਰਭਾਵ ਵਰਗੇ ਮਸਲਿਆਂ ਦੀ ਥਾਂ ਕਾਵਿ ਦੇ ਪਾਠ ਉੱਤੇ ਧਿਆਨ ਇਕਾਗਰ ਕਰਨ ਦਾਸੁਝਾਅ ਦਿੱਤਾ।ਜਿਵੇਂ ਵਿਮਸੱਟ ਅਤੇ ਬਰੁਕ ਨੇ ਲਿਖਿਆ ਸੀ 'A Poem should not mean but be' ਇਕ ਕਵਿਤਾ ਸਿਰਫ ਆਪਣੇ ਸ਼ਬਦਾਂ ਦੁਆਰਾ ਹੋ ਸਕਦੀ ਹੈ। ਆਲੋਚਨਾਤਮਕ ਵਿਸ਼ਲੇਸ਼ਣ ਸਿਰਫ'ਕਵਿਤਾ' ਹੀ ਹੋਣਾ ਚਾਹੀਦਾ ਹੈ।

ਨਵ-ਆਲੋਚਨਾ ਦੀ ਕੁਝ ਸੀਮਾਵਾਂ ਵੀ ਹਨ। ਸਾਹਿਤਿਕ ਕਿਰਤ ਨੂੰ ਉਸਦੇ ਸਾਰੇ ਪ੍ਰਸੰਗਾਂ ਨਾਲੋਂ ਤੋੜ ਕੇ ਸੁਤੰਤਰ ਕਿਰਨ ਵਜੋਂ ਅਧਿਐਨ ਕਰਨ ਦੀ ਇਹ ਪ੍ਰਵਿਰਤੀ ਉਸਨੂੰ ਇਕ ਨਿਰਜਿੰਦ ਹੋਂਦ ਵਿਚ ਬਦਲ ਦਿੰਦੀ ਹੈ।ਇਸ ਪ੍ਰਣਾਲੀ ਦੇ ਬਹੁਤੇ ਸੰਕਲਪ ਸਾਹਿਤ ਰਚਨਾਵਾਂ ਨੂੰ ਨਿਰੋਲ ਭਾਸ਼ਾ ਜਾਂ ਕੇਵਲ ਇਕ ਜੁਗਤ ਤੱਕ ਸੀਮਤ ਕਰ ਦੇਣ ਤੱਕ ਹੀ ਸੀਮਤ ਹਨ।

## ਮੁੱਖ ਕੇਂਦਰੀ ਸ਼ਬਦ:

ਤਣਾਓ---ਤਣਾਵ/ਖਿੱਚੋਤਾਣ/ਤਣਾਤਣੀ

ਜੈਸਟਰ---ਸੰਕੇਤ/ਇਸ਼ਾਰਾ/ਸੈਨਤ

ਬੁਣਤਰ---ਜੜਤ/ਰਚਨਾ/ਬੁਣਾਈ

ਤਨਜ਼---ਵਿਅੰਗ

ਵਿਟ---ਸੂਝ/ਹਾਜ਼ਰ-ਜੁਆਬੀ

ਪ੍ਰਤੀਕਾਤਮਕ ਕਾਰਜ --- ਸੰਕੇਤਾਮਕ ਕਾਰਜ

ਤੱਤਵਾਦੀ --- ਤੱਤ ਮੀਮਾਂਸਾ/ਤੱਤ ਵਿਗਿਆਨ

## ਸਵੈ-ਮੁਲਾਂਕਣ:

1. ਅਮਰੀਕੀ ਨਵਾਲੋਚਨਾ American New Criticism ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਦੌਰਾਨ ਸਾਹਿਤ-ਸਿਧਾਂਤ ਚਿੰਤਨ ਅਤੇ ਆਲੋਚਨਾ ਦੇ ਖੇਤਰ ਵਿਚ ਉੱਭਰੀ ਇਕ ਮਹਤਵਪੂਰਨ ਆਲੋਚਨਾ ਲਹਿਰ ਜਾਂ ਪੰਰਪਰਾ ਹੈ।

ੳ. 1930-50

ਅ. 1920-40

ੲ. 1910-50

ਸ. 1900-50

2. ਅਮਰੀਕੀ ਨਵ ਆਲੋਚਨਾ ਦੀ ਮੁੱਖ ਵਿਸ਼ੇਸ਼ਤਾ ਹੈ:

ੳ. ਪਾਠ-ਬਾਹਰੀ ਵੇਰਵਿਆ ਦੇ ਵਿਰੋਧ ਵਿਚ

ਅ. ਨਿਕਟ ਅਧਿਐਨ

ੲ. ਪਾਠ ਦੀ ਅੰਦਰੂਨੀ ਸੰਰਚਨਾ ਨਾਲ ਸੰਬੰਧਿਤ

ਸ. ਉਪਰੋਕਤ ਸਾਰੇ

3. 'ਨਵ-ਆਲੋਚਨਾ' ਸ਼ਬਦ ਦਾ ਸਰਬਪ੍ਰਥਮ ਪ੍ਰਯੋਗ ਕੀਤਾ:

ੳ. ਜੇ.ਈ.ਰੈਨਸਮ John Crowe Ransom

ਅ. ਕੈਨੇਥ ਬਰਕ

ੲ. ਜੇ.ਈ. ਸਪਿਨਗਾਰਨ Joel E.Spingarn

ਸ. ਕਲੀਂਥ ਬਰੁਕਸ

4. The New Criticism ਦੀ ਪ੍ਰਕਾਸ਼ਨਾ ਹੋਈ:

ੳ. 1929

ਅ. 1925

ੲ. 1932

ਸ. 1941

5. The New Criticism ਦੀ ਰਚਨਾ ਕੀਤੀ:

ੳ. ਜੇ.ਈ.ਰੈਨਸਮ John Crowe Ransom

ਅ. ਕਲੀਂਥ ਬਰੁਕਸ

ੲ. ਜੇ.ਈ. ਸਪਿਨਗਾਰਨ Joel E.Spingarn

ਸ. ਐਲਨ ਟੇਟ

**6.** ਕਲਾ ਵਿਚ ਫਾਰਮ, ਵਸਤੂ, ਸਰੰਚਨਾ ਅਤੇ ਅਰਥ ਇਕ ਦੂਜੇ ਤੋਂ ਨਿਖੇੜੇ ਨਹੀਂ ਜਾ ਸਕਦੇ ਅਤੇ ਆਲੋਚਕ ਨੂੰ ਆਪਣੀ ਦ੍ਰਿਸ਼ਟੀ ਫਾਰਮ ਤੇ ਕੇਂਦ੍ਰਿਤ ਕਰਨੀ ਚਾਹਿਦੀ ਹੈ ਕਿਉਂਕਿ ਇਸ ਵਿਚ ਅਰਥ ਮੌਜੂਦ ਹਨ।ਫਾਰਮ ਦੀ ਉਤਮਤਾ ਪਾਠਕ ਦੀ ਸਤੁੰਸ਼ਟੀ ਤੇ ਨਿਰਭਰ ਕਰਦੀ ਹੈ। ਇਹ ਕਥਨ ਹੈ:

ੳ. ਸਹੀ

ਅ. ਗਲਤ

7. ਐਲਨ ਟੇਟ ਨੇ 'ਬਣਤਰ' (ਸੰਰਚਨਾ) Structureਅਤੇ 'ਬੁਣਤਰ'Texture ਦਾ ਸਿਧਾਂਤ ਪੇਸ਼ ਕੀਤਾ।

ਇਹ ਕਥਨ ਹੈ:

ੳ. ਸਹੀ

ਅ. ਗਲਤ

8. ਕਲੀਂਥ ਬਰੂਕਸ ਦਰਸਾਉਂਦਾ ਹੈ ਕਿ ਆਧੁਨਿਕ ਕਾਵਿ, ਵਿਕਟੋਰੀਅਨ ਕਾਵਿ ਨਾਲੋਂ ਉੱਤਮ ਹੈ ਕਿਉਂਕਿ ਆਧੁਨਿਕ ਕਾਵਿ ਵਿਚਾਰਾਂ ਦਾ ਨਹੀਂ ਬਲਕਿ ਵਸਤਾਂ ਦਾ ਕਾਵਿ ਹੈ।

ਇਹ ਕਥਨ ਹੈ:

ੳ. ਸਹੀ

ਅ. ਗਲਤ

9. ਹੇਠ ਲਿਖਿਆਂ ਵਿਚੋਂ ਕਿਹੜਾ ਤੱਤਕਾਵਿ ਦੀ ਬੁਣਤਰ ਦਾ ਨਿਰਮਾਣ ਨਹੀਂ ਕਰਦਾ ਹੈ:

ੳ. ਅਖੌਤਾਂ

ਅ. ਬਿੰਬਾਂ ਦੇ ਰਿਸ਼ਤੇ

ੲ. ਧੁਨੀਆਂ ਦੇ ਰਿਸ਼ਤੇ

ਸ. ਲੈਅ ਅਤੇ ਵਿਵੇਕ

10. ਕਲਾ ਵਿਚ ਫਾਰਮ, ਵਸਤੂ, ਸਰੰਚਨਾ ਅਤੇ ਅਰਥ ਇਕ ਦੂਜੇ ਤੋਂ ਨਿਖੇੜੇ ਨਹੀਂ ਜਾ ਸਕਦੇ ਅਤੇ ਆਲੋਚਕ ਨੂੰ ਆਪਣੀ ਦ੍ਰਿਸ਼ਟੀ ਫਾਰਮ ਤੇ ਕੇਂਦ੍ਰਿਤ ਕਰਨੀ ਚਾਹਿਦੀ ਹੈ ਕਿਉਂਕਿ ਇਸ ਵਿਚ ਅਰਥ ਮੌਜੂਦ ਹਨ।ਫਾਰਮ ਦੀ ਉਤਮਤਾ ਪਾਠਕ ਦੀ ਸਤੁੰਸ਼ਟੀ ਤੇ ਨਿਰਭਰ ਕਰਦੀ ਹੈ।

ਇਹ ਕਥਨ ਹੈ:

ੳ. ਜੇ.ਈ.ਰੈਨਸਮ John Crowe Ransom

ਅ. ਕੈਨੇਥ ਬਰਕ

ੲ. ਜੇ.ਈ. ਸਪਿਨਗਾਰਨ Joel E.Spingarn

ਸ. ਐਲਨ ਟੇਟ

11. God Without Thunder ਪੁਸਤਕ ਦੀ ਰਚਨਾ ਕੀਤੀ:

ੳ. ਐਲਨ ਟੇਟ

ਅ. ਕੈਨੇਥ ਬਰਕ

ੲ. ਜੇ.ਈ. ਸਪਿਨਗਾਰਨ Joel E.Spingarn

ਸ. ਜੇ.ਈ.ਰੈਨਸਮ John Crowe Ransom

12. The World's Body ਦੀ ਪ੍ਰਕਾਸ਼ਨਾ ਹੋਈ:

ੳ. 1929

ਅ. 1925

ੲ. 1938

ਸ. 1941

13. Tension of Poetry ਪੁਸਤਕ ਦੀ ਰਚਨਾ ਕੀਤੀ:

ੳ. ਐਲਨ ਟੇਟ

ਅ. ਕੈਨੇਥ ਬਰਕ

ੲ. ਜੇ.ਈ. ਸਪਿਨਗਾਰਨ Joel E.Spingarn

ਸ. ਜੇ.ਈ.ਰੈਨਸਮ John Crowe Ransom

14 ਹੇਠ ਲਿਖਿਆਂ ਵਿਚੋਂ ਕਿਹੜੀ ਪੁਸਤਕ Cleanth Brooks ਦੀ ਨਹੀਂ ਹੈ:

ੳ. Modern Poetry and the Tradition

ਅ. The Well Wrought Urn

ੲ. Understanding Poetry

ਸ. Extension Intension

15. ਕਿਸ ਨੂੰ ਨਵ-ਆਲੋਚਨਾ ਦਾ ਸਿਧਾਂਤਵੇਦਾ ਕਿਹਾ ਜਾਂਦਾ ਹੈ:

ੳ. ਐਲਨ ਟੇਟ

ਅ. ਕੈਨੇਥ ਬਰਕ

ੲ. ਜੇ.ਈ. ਸਪਿਨਗਾਰਨ Joel E.Spingarn

ਸ. ਜੇ.ਈ.ਰੈਨਸਮ John Crowe Ransom

ਹ. ਆਰ.ਪੀ.ਬਲੈਕਮਰ Richard Palmar Blackmur

16. ਖਾਲੀ ਸਥਾਨ ਭਰੋ:

ਐਲਨ ਟੇਟ ਦੀ ਕਵਿਤਾ ਵਿਚ ---------------------------------- ਦਾ ਸ਼ਬਦ ਸਦੈਵ ਵਿਦਮਾਨ ਰਹਿੰਦਾ ਹੈ।

17. ਖਾਲੀ ਸਥਾਨ ਭਰੋ:

ਕਲੀਂਥ ਬਰੁਕਸ ਕਾਵਿ-ਭਾਸ਼ਾ ਅਤੇ ---------------------------- ਵਿਚ ਅੰਤਰ ਸਪਸ਼ਟ ਕਰਦਾ ਹੈ।

18. ਖਾਲੀ ਸਥਾਨ ਭਰੋ:

. ਐਲਨ ਟੇਟ ਅਨੁਸਾਰ ਕਵਿਤਾ ਦੇ ਦੋ ਪ੍ਰਕਾਰ ਦੇ ਅਰਥ ਹੁੰਦੇ ਹਨ-ਅਰਥਬੋਧਕ ਅਤੇ -------------------------।

19. ਸੈਨਤ Gesture ਦਾ ਸੰਕਲਪ ਕਿਸ ਚਿੰਤਕ ਦੀ ਦੇਣ ਹੈ:

ੳ. ਐਲਨ ਟੇਟ

ਅ. ਆਰ.ਪੀ.ਬਲੈਕਮਰ Richard Palmar Blackmur

ੲ. ਜੇ.ਈ. ਸਪਿਨਗਾਰਨ Joel E.Spingarn

ਸ. ਜੇ.ਈ.ਰੈਨਸਮ John Crowe Ransom

20. ਹੇਠ ਲਿਖਿਆਂ ਵਿਚੋਂ ਕਿਹੜਾ ਸੰਕਲਪ ਅਮਰੀਕੀ ਨਵ ਆਲੋਚਨਾ ਦਾ ਨਹੀਂ ਹੈ:

ੳ. ਵਿਰੋਧਾਭਾਸ (paradox) ਅਤੇ ਤਨਜ਼ (Irony)

ਅ. ਤਣਾਉ (Tension)

ੲ. ਫੈਬੂਲਾ (ਕਥਾ) ਅਤੇ ਸੁਜੇਤ (ਕਥਾਨਕ)

ਸ. ਬਣਤਰ (Structure) ਅਤੇ ਬੁਣਤਰ (Texture)

## ਅਭਿਆਸ ਪ੍ਰਸ਼ਨ

1. ਅਮਰੀਕੀ ਆਲੋਚਨਾ ਦੇ ਮੁੱਖ ਆਧਾਰ ਕੀ ਹਨ?
2. ਮੁੱਖ ਨਵ ਅਮਰੀਕੀ ਚਿੰਤਕਾਂ ਅਤੇ ਉਨ੍ਹਾਂ ਦੀਆਂ ਧਾਰਨਾਵਾਂ ਦਾ ਵਰਣਨ ਕਰੋ।
3. ਨਵ ਆਲੋਚਨਾ ਵਿਚ ਰੈਨਸਮ ਦੀ ਕੀ ਦੇਣ ਹੈ?
4. ਐਲਨ ਟੇਟ ਦੁਆਰਾ ਪੇਸ਼ ਸਾਹਿਤਿਕ ਜੁਗਤਾਂ ਦਾ ਵਰਣਨ ਕਰੋ।
5. ਕਲੀਂਥ ਬਰੁਕਸ ਅਤੇ ਆਰ.ਪੀ.ਬਲੈਕਮਰ ਦੇ ਵਿਚਾਰਾਂ ਦਾ ਸਪਸ਼ਟੀਕਰਨ ਕਰੋ

## ਸੰਦਰਭ ਪੁਸਤਕਾਂ:


- ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ, ਰਵੀ, ਰਵਿੰਦਰ ਸਿੰਘ, ਸੇਧ ਪ੍ਰਕਾਸ਼ਨ, ਚੰਡੀਗੜ੍ਹ, ਪਹਿਲਾ ਸੰਸਕਰਣ, (2012)
- ਵਾਦ ਚਿੰਤਨ, ਭੱਟੀ, ਸੁਰਜੀਤ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲਾ ਸੰਸਕਰਨ (2010)
- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, (2011)
- ਸੰਰਚਨਾਵਾਦ, ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਗੋਪੀ ਚੰਦ ਨਾਰੰਗ, ਭਾਰਤੀ ਸਾਹਿਤ ਅਕਾਦਮੀ ਦਿੱਲੀ, (2011)


## ਮਹੱਤਵਪੂਰਨ ਲਿੰਕ

https://pa.wikisource.org/wiki/%E0%A8%AA%E0%A9%B0%E0%A8%A8%E0%A8%BE:Alochana_Magazine_April,_May,_June_1982.pdf/5

https://amp.pa.google-info.cn/126584/1/%E0%A8%85%E0%A8%AE%E0%A8%B0%E0%A9%80%E0%A8%95%E0%A8%BE-%E0%A8%A6%E0%A9%80-%E0%A8%A8%E0%A8%B5%E0%A9%80%E0%A8%A8-%E0%A8%86%E0%A8%B2%E0%A9%8B%E0%A8%9A%E0%A8%A8%E0%A8%BE-%E0%A8%AA%E0%A9%8D%E0%A8%A3%E0%A8%BE%E0%A8%B2%E0%A9%80.html

https://www.britannica.com/art/New-Criticism

ਉੱਤਰਮਾਲਾ

| | | | | |
|---|---|---|---|---|
| 1. ੳ | 2. ਸ | 3. ੲ | 4. ਸ | 5. ੳ |
| 6. ੳ | 7. ਅ | 8. ਅ | 9. ਸ | 10.ਅ |
| 11.ਸ | 12. ੲ | 13. ੳ | 14. ਸ | 15. ਹ |
| 16. ਤਣਾਓ | | 17. ਵਿਗਿਆਨ-ਭਾਸ਼ਾ | 18.ਭਾਵ ਬੋਧਕ | 19 ਅ |
| 20.ੲ | | | | |

# ਅਧਿਆਇ-7: ਸਰੰਚਨਾਵਾਦੀ ਸਾਹਿਤ ਸਿਧਾਂਤ: ਸੋਸਿਊਰ:ਭਾਸ਼ਕ ਮਾਡਲ

*Harpreet singh, Lovely Professional University*

ਵਿਸ਼ਾ ਵਸਤੂ (Content)


- ਉਦੇਸ਼
- ਪ੍ਰਸਤਾਵਨਾ
- ਵਿਸ਼ਾ ਵਸਤੂ
- ਸਾਰ-ਅੰਸ਼
- ਕੇਂਦਰੀ ਸ਼ਬਦ
- ਸਵੈ-ਮੁਲਾਂਕਣ
- ਅਭਿਆਸ ਪ੍ਰਸ਼ਨ
- ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ–

- ਸੰਰਚਨਾਵਾਦ ਅਤੇ ਉਸਦੀਆਂ ਦਿਸ਼ਾਵਾਂ ਦੇ ਸਰੂਪ ਅਤੇ ਪ੍ਰਕ੍ਰਿਤੀ ਨੂੰ ਸਮਝਣ ਦੇ ਕਾਬਲ ਬਣੇਗਾ।
- ਸਾਹਿਤ ਵਿਚ ਸੰਰਚਨਾਵਾਦ ਅਧਿਐਨ ਪ੍ਰਣਾਲੀ ਦੀ ਮਹੱਤਤਾ ਤੇ ਸਾਰਥਕਤਾ ਨੂੰ ਸਮਝ ਸਕਣਗੇ।
- ਸੋਸਿਊਰ ਦੇ ਭਾਸ਼ਕ ਮਾਡਲ ਤੋਂ ਜਾਣੂ ਹੋਣਗੇ।

- ਸਾਹਿਤ ਸਿਰਜਨਾ ਅਤੇ ਸੰਰਚਨਾਵਾਦੀ ਸਾਹਿਤ ਆਲੋਚਨਾ ਕਰ ਸਕਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਸੰਰਚਨਾਵਾਦ ਪ੍ਰਾਥਮਿਕ ਤੌਰ ਤੇ ਆਧੁਨਿਕ ਭਾਸ਼ਾ ਵਿਗਿਆਨ ਤੇ ਆਧਾਰਿਤ ਸਿਰਜੀ ਗਈ ਇੱਕ ਵਿਸ਼ੇਸ਼ ਅਧਿਐਨ ਪ੍ਰਣਾਲੀ ਹੈ। ਪ੍ਰਸਿੱਧ ਸਵਿਸ ਭਾਸ਼ਾ ਵਿਗਿਆਨੀ ਫਰਡੀਨੰਦ ਡੀ. ਸੋਸਿਊਰ (Ferdinand De Saussure) ਆਧੁਨਿਕ ਭਾਸ਼ਾ ਵਿਗਿਆਨ ਦੀ ਇਸ ਸੰਰਚਨਾਵਾਦੀ ਅਧਿਐਨ ਪ੍ਰਣਾਲੀ ਦੇ ਬਾਨੀ ਹਨ। ਸੰਰਚਨਾਵਾਦ ਮੂਲ ਰੂਪ ਵਿੱਚ ਯਥਾਰਥ ਬੋਧ ਦਾ ਸਾਹਿਤ ਹੈ ਅਰਥਾਤ ਯਥਾਰਥ ਜਾਂ ਵਿਸ਼ਵ ਸਾਡੀ ਚੇਤਨਤਾ ਅਤੇ ਬੋਧ ਦਾ ਹਿੱਸਾ ਕਿਸ ਪ੍ਰਕਾਰ ਬਣਦੇ ਹਨ, ਅਸੀਂ ਵਸਤੂਆਂ ਦੇ ਸੱਚ ਨੂੰ ਕਿਵੇ ਗ੍ਰਹਿਣ ਕਰਦੇ ਹਾਂ ਜਾਂ ਅਰਥਾਂ ਦਾ ਉਤਪਾਦਨ ਕਿਹੜੇ ਅਧਾਰਾਂ ਉੱਤੇ ਟਿਕਿਆ ਹੈ ਅਤੇ ਅਰਥ ਉਤਪਤੀ ਦੀ ਪ੍ਰਕਿਰਿਆ ਕਿਵੇ ਸੰਭਵ ਹੁੰਦੀ ਹੈ ਅਤੇ ਕਿਵੇਂ ਜਾਰੀ ਰਹਿੰਦੀ ਹੈ। ਸੰਰਚਨਾਵਾਦ ਦਾ ਕੇਦਂਰੀ ਸੰਕਲਪ 'ਸੰਰਚਨਾ' ਹੈ, ਜਿਸ ਉੱਤੇ ਇਸ ਪਹੁੰਚ ਵਿਧੀ ਵਿੱਚ ਨਵੇਂ ਢੰਗ ਅਤੇ ਵੱਖਰੇ ਸੰਦਰਭ ਵਿੱਚ ਵਿਆਖਿਆ ਕਰ ਕੇ ਸਿਧਾਂਤਿਕ ਚੌਖਟਾ ਸਿਰਜਿਆ ਗਿਆ ਹੈ। Structure ਸ਼ਬਦ ਦਾ ਮੂਲ ਧਾਤੂ "'The way something is constructed the relations which hold among the elements of a given whole" ਦੇ ਅਰਥਾਂ ਦਾ ਸੂਚਕ ਹੈ।20 ਵੀਂ ਸਦੀ ਦਾ ਕਾਲ ਨਾ ਕੇਵਲ ਭਾਰਤੀ ਚਿੰਤਨ ਵਿੱਚ ਸਗੋਂ ਵਿਸ਼ਵ ਭਰ ਦੇ ਚਿੰਤਨ ਵਿੱਚ ਵਿਸ਼ੇਸ਼ ਪ੍ਰਾਪਤੀ ਵਾਲਾ ਕਾਲ ਕਿਹਾ ਜਾ ਸਕਦਾ ਹੈ। ਸੰਰਚਨਾਵਾਦ ਦਾ ਮੁੱਢ ਸਵਿਟਜ਼ਰਲੈਂਡ ਦੇ ਭਾਸ਼ਾ ਵਿਗਿਆਨੀ ਸੋਸਿਊਰ ਦੀਆਂ ਭਾਸ਼ਾ ਬਾਰੇ ਧਾਰਨਾਵਾਂ ਤੋਂ ਬੱਝਾ ਮੰਨਿਆ ਜਾਂਦਾ ਹੈ ਲੇਕਿਨ ਬਾਅਦ ਵਿੱਚ ਰੂਸੀ ਰੂਪਵਾਦੀਆਂ ਦੇ ਸਾਹਿਤ ਦਾ ਵਿਗਿਆਨ ਲੱਭਣ ਦੇ ਯਤਨਾਂ ਅਤੇ ਚੈਕੋਸਲਵਾਕੀਆ ਦੇ ਪਰਾਗ ਭਾਸ਼ਾ ਸਕੂਲ ਦੀਆਂ ਖੋਜਾਂ ਨੇ ਇਸਨੂੰ ਵਿਕਸਿਤ ਕੀਤਾ। ਪਰ ਸੋਸਿਊਰ ਅਤੇ ਪੂਰਵੀ ਯੋਰਪ ਦੇ ਭਾਸ਼ਾ ਅਦਾਰਿਆਂ ਦਾ ਸਾਂਝਾ ਪਿਤਾ ਪੋਲੈਂਡ ਦਾ "ਕਜ਼ਾਨ ਸਕੂਲ ਔਫ ਲਿੰਗਇਸਟਿਕਸ" ਦਾ ਮੁੱਖੀ ਬੋਦੂਆਂ ਦ ਕੋਰਤਨੀ ਸੀ। ਫਰਾਂਸ ਵਿੱਚ ਸੱਠਵਿਆਂ ਦਾ ਦਹਾਕਾ ਸੰਰਚਨਾਵਾਦ ਦੇ ਸਿਖਰ ਦਾ ਸਮਾਂ ਹੈ। ਸਾਹਿਤ, ਮਾਨਵ ਵਿਗਿਆਨ, ਮਨੋਵਿਗਿਆਨ, ਦਰਸ਼ਨ, ਵਿਚਾਰਾਂ ਦੇ ਸਿਸਟਮ ਦਾ ਇਤਿਹਾਸ, ਮਾਰਕਸਵਾਦ- ਇਹਨਾਂ ਸਾਰੇ ਵਿਚਾਰ ਪ੍ਰਬੰਧਾਂ ਦਾ ਘੋਖ ਬਿੰਦੂ ਸੰਰਚਨਾਵਾਦੀ ਅਧਿਐਨ ਵਿਧੀ ਬਣ ਗਿਆ। ਸੰਰਚਨਾਵਾਦੀ ਚੇਤਨਾ ਇਹੋ ਸਿਖਾਂਦੀ ਹੈ ਕਿ ਕੋਈ ਵਿਧੀ ਸਰਬ ਸੰਪੰਨ ਨਹੀਂ, ਇਹ ਵਿਚਾਰ ਪੱਧਰ ਤੇ ਵਾਪਰ ਰਹੇ ਵਿਰੋਧ ਵਿਕਾਸ ਦੀ ਪ੍ਰਕਿਰਿਆ ਦੇ ਵੱਸ ਹੁੰਦੀ ਹੈ।

## ਵਿਸ਼ਾ ਵਸਤੂ:

ਸੋਸਿਊਰ Ferdinand de Saussure ਇੱਕ ਬੜੇ ਹੀ ਮੌਲਿਕ ਚਿੰਤਕ ਸਨ ਜਿਨ੍ਹਾਂ ਦੀ ਆਮਦ ਨਾਲ ਭਾਸ਼ਾ ਚਿੰਤਨ ਦੇ ਖੇਤਰ ਵਿੱਚ ਇੱਕ ਇਨਕਲਾਬ ਪੈਦਾ ਹੋਇਆ। ਉਸਨੇ 1857 ਈਸਵੀ ਵਿੱਚ ਜਨੇਵਾ ਵਿੱਚ ਪੈਦਾ ਹੋਏ । 1906 ਈਸਵੀ ਵਿੱਚ ਆਪ ਨੂੰ ਜਨੇਵਾ ਯੂਨੀਵਰਸਿਟੀ ਵਿਖੇ ਜਨਰਲ ਭਾਸ਼ਾ ਵਿਗਿਆਨ ਪੜ੍ਹਾਉਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ । ਇਸ ਹੈਸੀਅਤ ਵਿਚ ਉਨ੍ਹਾਂ ਨੇ 1907, 1908-1909 ਅਤੇ 1910-1911 ਤਿੰਨ ਭਾਸ਼ਣ ਲੜੀਆਂ ਪੇਸ਼ ਕੀਤੀਆਂ ਜੋ ਕਿ ਬਾਅਦ ਵਿੱਚ Course in General Linguistics ਇੱਕ ਪੁਸਤਕ ਰੂਪ ਵਿਚ ਸੰਪਾਦਿਤ ਕੀਤੀਆਂ ਗਈਆਂ । ਸੋਸਿਊਰ ਨੇ ਜਿਹੜੇ ਭਾਸ਼ਾਗਤ ਸਿਧਾਂਤ ਤੇ ਸੰਕਲਪ ਪੇਸ਼ ਕੀਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਸੰਕਲਪ ਭਾਸ਼ਕ ਅਧਿਐਨ ਦੀ ਬੁਨਿਆਦ ਬਣੇ। ਭਾਸ਼ਾ ਅਧਿਐਨ ਦੇ ਖੇਤਰ ਵਿੱਚ ਸੋਸਿਊਰ ਦੀ ਆਮਦ ਨਾਲ ਹੀ ਬਹੁਤ ਚਰਚਿਤ ਸੰਰਚਨਾਵਾਦ ਦੀ ਨੀਂਹ ਬੱਝੀ ਹੈ । ਭਾਵ ਸੰਰਚਨਾਵਾਦ ਦੀ ਬੁਨਿਆਦੀ ਸਿਧਾਂਤ ਸੋਸਿਊਰ ਦੇ ਵਿਚਾਰਾਂ ਉੱਤੇ ਆਧਾਰਿਤ ਭਾਸ਼ਾ ਵਿਗਿਆਨ ਵਿੱਚੋਂ ਆਏ ਹਨ ।

ਸੌਸਿਊਰ ਅਨੁਸਾਰ:

> ਭਾਸ਼ਾ ਦੀ ਸੰਰਚਨਾ ਦਾ ਭਾਵ ਭਾਸ਼ਾ ਦੀ ਵਿਭਿੰਨ ਤੱਤਾਂ ਦੇ ਵਿਚਕਾਰ ਸੰਬੰਧਾਂ ਦਾ ਉਹ ਪ੍ਰਬੰਧ ਹੈ ਜਿਸ ਦੇ ਆਧਾਰ ਉੱਤੇ ਭਾਸ਼ਾ ਬੋਲੀ ਤੇ ਸਮਝੀ ਜਾਂਦੀ ਹੈ । ਅੰਤਰ ਸਬੰਧਾਂ ਦੇ ਇਸ ਪ੍ਰਬੰਧ ਦੇ ਪ੍ਰਕਾਰਜ ਰਾਹੀਂ ਅਰਥ ਸਪੱਸ਼ਟ ਹੁੰਦੇ ਹਨ ਤੇ ਵਸਤਾਂ ਦੀ ਪਛਾਣ ਸੰਭਵ ਹੋ ਜਾਂਦੀ ਹੈ।

ਲਿਓਨਾਰਦੋ ਬਲੂਮਫੀਲਡ ਅਨੁਸਾਰ :-

ਸੋਸਿਊਰ ਦੀ ਉੱਤਮ ਦੇਣ ਇਹ ਹੈ ਕਿ ਉਸ ਨੇ ਭਾਸ਼ਾ ਵਿਗਿਆਨ ਵਿੱਚ ਉੱਭਰੀ ਨਵੀਂ ਪ੍ਰਵਿਰਤੀ ਲਈ ਬੁਨਿਆਦੀ ਸਿਧਾਂਤਕ ਆਧਾਰ ਮੁਹੱਈਆ ਕੀਤੇ।

ਸੋਸਿਊਰ ਸਭ ਤੋਂ ਪਹਿਲਾਂ ਭਾਸ਼ਾ ਚਿੰਤਕ ਸੀ ਜਿਸ ਨੇ ਇਹ ਅਨੁਭਵ ਕੀਤਾ ਕਿ ਭਾਸ਼ਾ ਇੱਕ ਸਵੈ ਸੰਪੂਰਨ ਸਿਸਟਮ ਹੈ ਜਿਸ ਦੇ ਇੱਕ ਦੂਜੇ ਉੱਤੇ ਨਿਰਭਰ ਰਹਿਣ ਵਾਲੇ ਅੰਸ਼ ਮੂਲ ਸਿਸਟਮ ਨਾਲ ਰਿਸ਼ਤਿਆਂ ਵਿਚ ਬੱਝ ਕੇ ਹੀ ਕਾਰਜ ਕਰਦੇ ਹਨ ਤੇ ਮੁੱਲਾਂ ਦੀ ਧਾਰਨੀ ਬਣਦੇ ਹਨ।

ਭਾਸ਼ਾ ਦੇ ਸਬੰਧ ਵਿੱਚ ਸੋਸਿਊਰ ਦੇ ਵਿਚਾਰ ਇੰਨੀ ਕ੍ਰਾਂਤੀਕਾਰੀ ਤੇ ਪਰਿਵਰਤਨਕਾਰੀ ਸੀ ਕਿ ਭਾਸ਼ਕ ਚਿੰਤਕ ਉੱਤੇ ਇਨ੍ਹਾਂ ਦਾ ਪ੍ਰਭਾਵ ਬਹੁਤ ਡੂੰਘਾ ਪਿਆ ਜੋ ਸੰਰਚਨਾਵਾਦ ਅਤੇ ਉੱਤਰ ਸੰਰਚਨਾਵਾਦ ਦਾ ਆਧਾਰ ਸਿੱਧ ਹੋਈ। ਸੋਸਿਊਰ ਦੀ ਪੁਸਤਕ ਵਿੱਚ ਭਾਸ਼ਾ ਸਬੰਧੀ ਜੋ ਨਵੀਂ ਦ੍ਰਿਸ਼ਟੀਕੋਣ ਵਰਣਨ ਕੀਤੇ ਗਏ ਹਨ; ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਇਸ ਪ੍ਰਕਾਰ ਹੈ :-

ਸੋਸਿਊਰ ਦਾ ਸਭ ਤੋਂ ਵੱਡਾ ਕਾਰਨਾਮਾ ਇਹ ਹੈ ਕਿ ਉਸ ਦੀ ਅੰਤਰ ਦ੍ਰਿਸ਼ਟੀ ਨੇ ਸਦੀਆਂ ਤੋਂ ਤੁਰੀ ਆ ਰਹੀ ਭਾਸ਼ਾ ਦੀ ਇਸ ਧਾਰਨਾ ਨੂੰ ਰੱਦ ਕਰ ਦਿੱਤਾ ਕਿ ਭਾਸ਼ਾ ਕੋਈ ਸਥੂਲ ਦਾ ਤਾਤਵਿਕ ਵਸਤੂ ਹੈ ਇਸ ਦੀ ਬਿਜਾਇ ਸੋਸਿਊਰ ਨੇ ਭਾਸ਼ਾ ਦੀ ਸਬੰਧਾਤਮਕ ਸੰਕਲਪਨਾ ਪੇਸ਼ ਕੀਤੀ।

ਸੋਸਿਊਰ ਦਾ ਦ੍ਰਿਸ਼ਟੀਕੋਣ ਸੀ ਕਿ ਭਾਸ਼ਾ ਨਾਮਾਂ ਦਾ ਪ੍ਰਬੰਧ ਜਾਂ ਵਸਤੂ ਦੁਆਰਾ ਨਾਮ ਦੇਣ ਦਾ ਪ੍ਰਬੰਧ ਨਹੀਂ ਸਗੋਂ ਭਾਸ਼ਾ ਵਿਭਿੰਨਤਾਵਾਂ ਦਾ ਪ੍ਰਬੰਧ ਹੈ ਜਿਸ ਵਿੱਚ ਕੋਈ ਵੀ ਸਕਾਰਾਤਮਿਕ ਤੱਤ ਹੁੰਦਾ ਹੀ ਨਹੀਂ।

ਭਾਸ਼ਾ ਇੱਕ ਸਮਕਾਲੀਨ ਸਜੀਵ ਵਸਤੂ ਹੈ ਸਿਰਫ਼ ਕੋਰੀ ਇਤਿਹਾਸਕ ਤੇ ਕਾਲ ਕ੍ਰਮਿਕ ਵਿਕਾਸ ਦੀ ਪ੍ਰਕਿਰਿਆ ਨਹੀਂ।

ਭਾਸ਼ਾ ਦਾ ਅਧਿਐਨ ਪ੍ਰਮੁੱਖ ਤੌਰ ਤੇ ਮੌਖਿਕ ਭਾਸ਼ਾ ਦਾ ਵੀ ਅਧਿਐਨ ਹੈ; ਲਿਖਤੀ ਪਾਠ ਦਾ ਨਹੀਂ। ਭਾਸ਼ਾ ਦੇ ਸੰਗਠਿਤ ਸਰੂਪ ਦਾ ਨਿਰੂਪਣ ਕਰਨ ਲਈ ਉਸ ਦੀ ਅੰਦਰੂਨੀ ਵਿਵਸਥਾ ਦਾ ਵਿਸ਼ਲੇਸ਼ਣ ਕਰਨਾ ਅਤੀ ਜ਼ਰੂਰੀ ਹੈ ਨਾ ਕਿ ਭਾਸ਼ਾ ਦੀ ਪੀੜ੍ਹੀ ਦਰ ਪੀੜ੍ਹੀ ਵਿਆਕਰਣਿਕ ਤੁੱਲਾ ਜਾਂ ਧੁਨੀਆਤਮਿਕ ਪ੍ਰਵਿਰਤੀਆਂ ਦਾ ਵਰਣਨ ਕਰਨਾ।

ਭਾਸ਼ਾ ਨੂੰ ਸਿਰਫ਼ ਭੌਤਿਕ ਸਥੂਲ ਲੱਛਣਾਂ ਦਾ ਇੱਕ ਸਮੁੱਚ ਨਾ ਮੰਨ ਕੇ ਉਸ ਨੂੰ ਸਮਾਜਿਕ ਪਿਛੋਕੜ ਵਿੱਚ ਹੀ ਵੇਖਣਾ ਚਾਹੀਦਾ ਹੈ ਕਿਉਂਕਿ ਭਾਸ਼ਾ ਇੱਕ ਸਮਾਜਿਕ ਵਰਤਾਰਾ ਹੈ।

ਸੰਰਚਨਾਵਾਦ ਦਾ ਕੇਂਦਰੀ ਸੰਕਲਪ ਸੰਰਚਨਾ (structure) ਹੈ, ਜਿਸ ਉੱਤੇ ਇਸ ਪਹੁੰਚ ਵਿਧੀ ਵਿੱਚ ਨਵੇਂ ਢੰਗ ਅਤੇ ਵੱਖਰੇ ਸੰਧਰਭ ਵਿੱਚ ਵਿਆਖਿਆ ਕਰਕੇ ਸਿਧਾਂਤਕ ਚੌਖਟਾ ਸਿਰਜਿਆ ਗਿਆ ਹੈ। Structure ਸ਼ਬਦ ਦਾ ਮੂਲ ਧਾਤੂ Latin 'Struere' ਹੈ, ਜਿਸਦਾ ਅਰਥ 'to build' ਹੈ। ਅੰਗਰੇਜ਼ੀ ਵਿੱਚ ਇਹ 'the way something is constructed' ਜਾਂ 'the relations which hold amongst the elements of a given whole' ਦੇ ਅਰਥਾਂ ਦਾ ਸੂਚਕ ਹੈ।

ਇਹ ਦਿਲਚਸਪ ਤੱਥ ਹੈ ਕਿ ਸੰਰਚਨਾਵਾਦ ਦੇ ਬਾਨੀ ਚਿੰਤਕ ਸੋਸਿਊਰ ਨੇ Structure ਸ਼ਬਦ ਦਾ ਪ੍ਰਯੋਗ ਨਹੀਂ ਕੀਤਾ, ਸਗੋਂ system ਨੂੰ ਨਵੇਂ ਸੰਕਲਪਾਗਤ ਅਰਥਾਂ ਵਿੱਚ ਵਿਸਤਾਰ ਹੈ। ਪ੍ਰਸਿੱਧ ਸੰਰਚਨਾਵਾਦੀ ਮਨੋਵਿਗਿਆਨੀ Jean Piajet ਨੇ ਸੰਰਚਨਾ ਸੰਕਲਪ ਦੀ ਅਧਿਕ ਢੁੱਕਵੀਂ ਅਤੇ ਸਮਗਰ ਵਿਆਖਿਆ ਕੀਤੀ ਹੈ ਤੇ ਸੰਰਚਨਾ ਦੇ ਲੱਛਣ ਮੰਨੇ ਹਨ -

1. ਸੰਪੂਰਨਤਾ (Wholeness)
2. ਰੂਪਾਂਤਰਣ (Transformation)
3. ਸਵੈ - ਚਾਲਕਤਾ (Self Regulations)

ਸੋਸਿਊਰ ਨੇ ਭਾਸ਼ਾ ਦੀ ਮੂਲ ਪ੍ਰਕਿਰਤੀ ਤੋਂ ਬਾਅਦ ਭਾਸ਼ਾ ਸਬੰਧੀ ਦੁਵੱਲੀ ਵਿਰੋਧਤਾਵਾਂ ਦੀ ਜੋ ਧਾਰਨਾ ਪੇਸ਼ ਕੀਤੀ ਉਸ ਤੋਂ ਉਸਦੀ ਸਰੰਚਨਾਵਾਦੀ ਦ੍ਰਿਸ਼ਟੀ ਨੂੰ ਸਮਝਿਆ ਜਾ ਸਕਦਾ ਹੈ

1. ਚਿੰਨ੍ਹ: ਚਿੰਨ੍ਹਕ ਅਤੇ ਚਿੰਨ੍ਹਤ Sign: Signifier and Signified
2. ਲਾਂਗ ਅਤੇ ਪੈਰੋਲ Langue and Parole

3. ਕੜੀਦਾਰ ਅਤੇ ਲੜੀਦਾਰ Syntagemetic and Paradigmetic

4. ਇਕਾਲਿਕ ਅਤੇ ਦੁਕਾਲਿਕ Synchronic and Diachronic approach

## ਚਿੰਨ੍ਹ: ਚਿੰਨ੍ਹਕ ਅਤੇ ਚਿੰਨ੍ਹਤ Sign: Signifier and Signified

ਸੌਸਿਊਰ ਅਨੁਸਾਰ ਭਾਸ਼ਾ ਚਿੰਨ੍ਹਾਂ ਦਾ ਸਿਸਟਮ ਹੈ।

ਸੌਸਿਊਰ ਸਪਸ਼ਟ ਕਰਦਾ ਹੈ-

'ਭਾਸ਼ਾ ਚਿੰਨ੍ਹਾਂ ਦਾ ਇੱਕ ਅਜਿਹਾ ਪ੍ਰਬੰਧ ਹੈ ਜੋ ਵਿਚਾਰਾਂ ਨੂੰ ਪ੍ਰਗਟ ਕਰਦਾ ਹੈ'

ਉਸ ਨੇ ਦੱਸਿਆ ਕਿ ਇਨ੍ਹਾਂ ਚਿੰਨ੍ਹਾਂ ਤੇ ਇਨ੍ਹਾਂ ਚਿੰਨ੍ਹਾਂ ਦੇ ਆਪਸੀ ਸਬੰਧਾਂ ਦਾ ਅਧਿਐਨ ਕਰਨਾ ਹੀ ਭਾਸ਼ਾ ਵਿਗਿਆਨ ਦਾ ਮੁੱਖ ਕਾਰਜ ਹੈ। ਇਸ ਤੋਂ ਪਹਿਲਾਂ ਇਤਿਹਾਸਿਕ ਭਾਸ਼ਾ ਅਧਿਐਨ ਹੀ ਪ੍ਰਚਲਿਤ ਸੀ। ਸ਼ਬਦਾਂ ਨੂੰ ਹੀ ਭਾਸ਼ਾ ਮੰਨ ਲਿਆ ਜਾਂਦਾ ਸੀ। ਸ਼ਬਦਾਂ ਦੇ ਵੱਖਰੇ ਵੱਖਰੇ ਨਾਮ ਪ੍ਰਚੱਲਿਤ ਸਨ; ਪਰ ਸਾਸਿਊਰ ਨੇ ਭਾਸ਼ਾ ਦੇ ਇਸ ਹੋਂਦ ਦਾ ਖੰਡਨ ਕੀਤਾ ਅਤੇ ਭਾਸ਼ਾ ਨੂੰ ਚਿੰਨ੍ਹਾਂ ਦਾ ਵਿਉਂਤਮਈ ਪ੍ਰਬੰਧ ਕਿਹਾ ਤੇ ਭਾਸ਼ਾ ਦੀ ਚਿੰਨ੍ਹਵਾਦ ਪ੍ਰਕਿਰਤੀ ਉੱਤੇ ਜ਼ੋਰ ਦਿੱਤਾ।

ਸੋਸਿਊਰ ਅਨੁਸਾਰ:-

'ਚਿੰਨ੍ਹ ਸਿਰਫ਼ ਵਸਤੂ ਦਾ ਨਾਂ ਹੀ ਨਹੀਂ।ਚਿੰਨ੍ਹ ਇੱਕ ਅਜਿਹੀ
ਜਟਿਲ ਇਕਾਈ ਹੈ ਜਿਸ ਵਿੱਚ ਧੁਨੀ ਬਿੰਬ ਅਤੇ ਅਰਥ
ਸੰਕਲਪ ਦਾ ਸੰਜੋਗ ਹੁੰਦਾ ਹੈ ਕਿ ਭਾਸ਼ਕ ਚਿੰਨ੍ਹ ਸੰਕਲਪ
(Concept) ਅਤੇ ਧੁਨੀ ਬਿੰਬ ਦੀ ਸੰਯੁਕਤੀ ਹੈ। '

ਪੰਜਾਬੀ ਦਾ ਇੱਕ ਸ਼ਬਦ ਹੈ ਜਿਸਦਾ ਉਚਾਰਨ ਹੈ ਘੋੜਾ। ਜੋ ਇੱਕ ਜਾਨਵਰ ਹੈ। ਇਸ ਜਾਨਵਰ ਦਾ ਸੰਕਲਪ ਹਰ ਇੱਕ ਪੰਜਾਬੀ ਬੁਲਾਰੇ ਦੇ ਦਿਮਾਗ਼ ਵਿੱਚ ਹੈ ।ਜਦੋਂ ਅਸੀਂ ਘੋੜਾ ਉਚਾਰਨ ਦੇ ਮੁਕਾਬਲੇ Horse ਉਚਾਰਨ ਕਰ ਲੈਂਦੇ ਹਾਂ ਦੋਵੇਂ ਉੱਚਾਰਨ ਇੱਕੋ ਜਾਨਵਰ ਲਈ ਹਨ। ਸੋਸਿਊਰ ਨੇ ਸ਼ਬਦਾਂ ਵਿੱਚ ਇੱਕ ਵਸਤੂ ਘੋੜਾ ਅਤੇ ਉਸ ਦੇ ਨਾਮ ਘੋੜਾ ਜਾਂ Horse, ਅਸ਼ਪ (ਫ਼ਾਰਸੀ ਵਿੱਚ ), ਅਸ਼ਵ (ਹਿੰਦੀ ਵਿੱਚ) ਦਾ ਮੇਲ ਨਹੀਂ ਸਗੋਂ ਘੋੜਾ ਵਸਤੂ ਦੇ ਮਾਨਸਿਕ ਸੰਕਲਪ ਤੇ ਧੁਨੀ ਬਿੰਬ ਦਾ ਮੇਲ ਹੈ। ਇਹੋ ਭਾਸ਼ਾਈ ਚਿੰਨ੍ਹ ਹੈ ।ਭਾਸ਼ਾ ਅਰਥਾਤ ਦੁਨੀਆਂ ਅਥਵਾ ਸ਼ਬਦ ਕੁਦਰਤੀ ਰੂਪ ਵਿੱਚ ਚੀਜ਼ਾਂ ਨੂੰ ਵਿਅਕਤ ਨਹੀਂ ਕਰਦੇ ਸਗੋਂ ਉਨ੍ਹਾਂ ਦੀ ਧਾਰਨਾ ਨੂੰ ਸਥਾਪਿਤ ਕਰਦੇ ਹਨ ਜਾਂ ਉਨ੍ਹਾਂ ਦੇ ਸੰਬੰਧਾਂ ਦੀ ਧਾਰਨਾ ਸਥਾਪਿਤ ਕਰਦੇ ਹਨ ਜੋ ਇੱਕ ਦੂਸਰੇ ਸ਼ਬਦਾਂ ਰਾਹੀਂ ਭਾਸ਼ਾ ਦੇ ਅੰਦਰ ਰੱਖਦੇ ਹਨ ;ਜਿਨ੍ਹਾਂ ਦੀ ਇਸ ਪ੍ਰਕਿਰਿਆ ਨੂੰ ਹੇਠ ਲਿਖੇ ਚਿੱਤਰ ਦੁਆਰਾ ਰੇਖਾਂਕਿਤ ਕਰ ਸਕਦੇ ਹਾਂ—

| |
|---|
| ਚਿੰਨ੍ਹ<br>Sign |

| |
|---|
| ਚਿੰਨ੍ਹਕ |
| Sound Image: |
| Signifier: |
| Recto |
| ਅੱਗਾ |

| |
|---|
| ਚਿੰਨ੍ਹਤ |
| Concept: |
| Signified: |
| Verso: |
| ਪਿੱਛਾ |

### ਭਾਸ਼ਿਕ ਚਿੰਨ੍ਹ ਦੀ ਮਨੋਵਿਗਿਆਨਿਕ ਪ੍ਰਕਿਰਤੀ:

ਸੌਸਿਊਰ ਅਨੁਸਾਰ 'ਸੰਕਲਪ ਤੇ ਧੁਨੀ ਬਿੰਬ ਦੋਹਾਂ ਦੀ ਮਨੋਵਿਗਿਆਨਿਕ ਹੋਂਦ ਹੈ। ਧੁਨੀ ਬਿੰਬ ਕੋਈ ਭੌਤਿਕ ਵਸਤੂ ਨਹੀਂ ਉਹ ਦਿਮਾਗ ਉੱਪਰ ਪਈ ਹੋਈ ਧੁਨੀ ਦੀ ਪਈ ਹੋਈ ਮਨੋਵਿਗਿਆਨਿਕ ਛਾਪ ਹੈ ।ਇਹ ਤੱਥ ਉਦੋਂ ਸਪੱਸ਼ਟ ਹੋ ਜਾਂਦਾ ਹੈ ਜਦੋਂ ਅਸੀਂ ਆਪਣੇ ਬੁੱਲ੍ਹਾਂ ਦਾ ਜੀਭ ਨੂੰ ਬਿਨਾਂ ਹਿਲਾਏ ਆਪਣੇ ਆਪ ਨਾਲ ਗੱਲਾਂ ਕਰ ਸਕਦੇ ਹਾਂ ਅਤੇ ਦਿਮਾਗੀ ਤੌਰ ਤੇ ਕੋਈ ਕਵਿਤਾ ਉਚਾਰ ਸਕਦੇ ਹਾਂ।

### ਭਾਸ਼ਿਕ ਚਿੰਨ੍ਹ ਆਪ ਹੁਦਰਾ ਹੈ:

ਚਿੰਨ੍ਹਕ ਤੇ ਚਿੰਨ੍ਹਤ ਦਾ ਮੇਲ ਖ਼ਾਸ, ਜਨਮ ਜਾਤ ਨਹੀਂ ਸਗੋਂ ਸੰਜੋਗੀ ਹੁੰਦਾ ਹੈ। ਜਿਵੇਂ ਕੁੱਤਾ ਸ਼ਬਦ ਵਿੱਚ ਅਜਿਹਾ ਕੋਈ ਅੰਦਰੂਨੀ ਕਾਰਨ ਨਹੀਂ ਜਿਸ ਕਾਰਨ ਅਸੀਂ ਉਸ ਨੂੰ ਕੁੱਤਾ ਕਹੀਏ ਜਾਂ ਕੁੱਤਾ ਕਹਿਣਾ ਉਚਿਤ ਹੋਵੇ ।ਅਸੀਂ ਉਸ ਨੂੰ ਗਧਾ, ਬਲਦ ਆਦਿ ਨਾ ਕਹੀਏ। ਸੋਸਿਊਰ ਦਾ ਇਹ ਮਹੱਤਵਪੂਰਨ ਨੁਕਤਾ ਹੈ ਕਿ ਜੇ ਚਿੰਨ੍ਹਕ ਤੇ ਚਿੰਨ੍ਹਤ ਦਾ ਸਬੰਧ ਸੁਤੰਤਰ ਤੌਰ ਤੇ ਹੁੰਦਾ ਤਾਂ ਰੁੱਖ ਨੂੰ ਹਰੇਕ ਭਾਸ਼ਾ ਵਿੱਚ ਰੁੱਖ ਹੀ ਆਖਿਆ ਜਾਣਾ ਸੀ ਤੇ ਸਾਰੇ ਵਿਸ਼ਵ ਵਿੱਚ ਦੁਨੀਆਂ ਵਿੱਚ ਇੱਕ ਹੀ ਭਾਸ਼ਾ ਬੋਲੀ ਜਾਣੀ ਸੀ ਲੇਕਿਨ ਅਜਿਹਾ ਨਹੀਂ ਹੈ ।ਹਰ ਇੱਕ ਭਾਸ਼ਾ ਦੇ ਚਿੰਨ੍ਹਤ ਤੇ ਵੱਖਰੇ ਹੁੰਦੇ ਹੀ ਹਨ ਪਰ ਚਿੰਨ੍ਹਕ ਵੀ ਵੱਖ ਵੱਖ ਹੁੰਦੇ ਹਨ ;ਜਿਵੇਂ ਅੰਗਰੇਜ਼ੀ ਭਾਸ਼ਾ ਤੇ ਪੰਜਾਬੀ ਭਾਸ਼ਾ ਵਿੱਚ ਗਲਾਸ ਦਾ ਚਿੰਨ੍ਹਕ ਸੇਮ ਨਹੀਂ ਹੈ । ਇਸ ਦਾ ਇੱਕ ਪ੍ਰਮਾਣ ਹੋਰ ਹੈ ਕਿ ਜੇ ਭਾਸ਼ਾ ਸੰਕਲਪ ਲਈ ਕੇਵਲ ਨਾਮ ਸੂਚੀਆਂ ਹੀ ਹੁੰਦੀਆਂ ਤਾਂ ਭਾਸ਼ਾ ਦੇ ਇਤਿਹਾਸ ਵਿੱਚ ਚਿੰਨ੍ਹਤ ਅਰਥਾਂ ਜਾਂ ਸੰਕਲਪਾਂ ਦਾ ਪਰਿਵਰਤਨ ਕਦੀ ਨਾ ਹੁੰਦਾ। ਪਰ ਹਰ ਭਾਸ਼ਾ ਵਿੱਚ ਇਸ ਖੇਤਰ ਦੀ ਤਬਦੀਲੀ ਦੇਖੀ ਜਾ ਸਕਦੀ ਹੈ ਜਿਸ ਨੂੰ ਸੁਧਾਰਨ ਸ਼ਬਦਾਵਲੀ ਵਿੱਚ ਅਰਥ ਪਰਿਵਰਤਨ ਕਿਹਾ ਜਾਂਦਾ ਹੈ ਜਿਵੇਂ ਅੰਗਰੇਜ਼ੀ ਭਾਸ਼ਾ ਦੀ ਸ਼ਬਦ Silly ਨੂੰ ਕਿਸੇ ਸਮੇਂ ਪ੍ਰਸੰਨ, ਅਮੀਰ ਜਾਂ ਧਾਰਮਿਕ ਵਿਅਕਤੀ ਲਈ ਵਰਤਿਆ ਜਾਂਦਾ ਸੀ ਫਿਰ ਇਹ ਮਾਸੂਮ ਤੇ ਬੇਸਹਾਰਾ ਅਰਥਾਂ ਵਿੱਚ ਪ੍ਰਚਲਿਤ ਹੋਇਆ ।ਹੁਣ ਇਸ ਨੂੰ ਮੂਰਖ ਤੇ ਕੁਝ ਅਰਥਾਂ ਵਿੱਚ ਸਿੱਧੇ ਸਾਦੇ ਬੰਦੇ ਲਈ ਵੀ ਵਰਤ ਲਿਆ ਜਾਂਦਾ ਹੈ ।ਇਸੇ ਤਰ੍ਹਾਂ ਖਸਮ ਸ਼ਬਦ ਦਾ ਮੁਢਲਾ ਅਰਥ ਦੁਸ਼ਮਣ

ਸੀ ਪਰ ਫੇਰ ਬਦਲ ਕੇ ਮਾਲਕ ਹੋਇਆ ਤੇ ਹੁਣ ਇਹ ਪਤੀ ਦੇ ਅਰਥਾਂ ਵਿੱਚ ਹੀ ਰੂੜ ਹੋ ਗਿਆ ਹੈ।ਜੇ ਭਾਸ਼ਾ ਕੇਵਲ ਨਾਮਾਂ ਦੀ ਸੂਚੀ ਹੀ ਹੁੰਦੀ ਤਾਂ ਇਨ੍ਹਾਂ ਚਿੰਨ੍ਹਕਾਂ ਦੁਆਰਾ ਪ੍ਰਗਟਾਏ ਜਾਣ ਵਾਲੀ ਚਿੰਨ੍ਹਤ ਪਰਿਵਰਤਨ ਰਹਿਤ ਹੁੰਦੇ।

### ਚਿੰਨ੍ਹ ਲਕੀਰੀ ਪ੍ਰਕਿਤੀ Linear Nature:

ਇੱਕ ਚਿੰਨ੍ਹਕ ਵਿੱਚ ਆਈਆਂ ਧੁਨੀਆਂ ਇੱਕ ਲਕੀਰ ਵਿੱਚ ਹੀ ਇੱਕ ਦੂਜੇ ਤੋਂ ਪਿੱਛੇ ਆਉਂਦੀਆਂ ਹਨ। ਇਨ੍ਹਾਂ ਦੇ ਉਚਾਰਨ ਤੇ ਲਿਖਣ ਵੇਲੇ ਵੀ ਦੁਨੀਆਂ ਤੇ ਵਰਗ ਇੱਕ ਲਕੀਰ ਵਿੱਚ ਇੱਕ ਦੂਜੇ ਦੇ ਪਿੱਛੋਂ ਆਉਂਦੇ ਹਨ।

### ਚਿੰਨ੍ਹ: ਅਬਦਲ ਤੇ ਬਦਲਣਯੋਗ Immutable and Muteable:

ਇਹ ਦੋਵੇਂ ਇੱਕ ਦੂਜੇ ਦੇ ਵਿਰੋਧੀ ਲੱਗਦੇ ਹਨ ਪਰ ਇਨ੍ਹਾਂ ਨੂੰ ਵੱਖ ਵਖ ਪ੍ਰਸੰਗ ਵਿੱਚ ਰੱਖ ਕੇ ਵੇਖਿਆ ਜਾਏ ਤਾਂ ਇਨ੍ਹਾਂ ਦਾ ਅਰਥ ਸਪਸ਼ਟ ਹੋ ਜਾਏਗਾ ਸਮੇਂ ਦੇ ਗੁਜ਼ਰਨ ਨਾਲ ਇੱਕ ਚਿੰਨ੍ਹ ਦੇ ਚਿੰਨ੍ਹਕ ਤੇ ਚਿੰਨ੍ਹਤ ਦਾ ਸੰਬੰਧ ਪਹਿਲੇ ਵਰਗਾ ਨਹੀਂ ਰਹਿੰਦਾ ਇਸ ਇਸ ਵਿੱਚ ਪਰਿਵਰਤਨ ਆਉਂਦਾ ਹੈ ਪਰ ਇਹ ਬਦਲਾਅ ਸ਼ਾਰਟ ਪੀਰਡ ਵਿੱਚ ਨਹੀਂ ਲਾਂਗ ਪੀਰਡ ਵਿੱਚ ਚੱਲਦਾ ਹੈ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਥੋੜ੍ਹੇ ਸਮੇਂ ਵਿੱਚ ਚਿੰਨ੍ਹ ਪਰਿਵਰਤਨ ਰਹਿਤ ਹੁੰਦੇ ਹਨ ਪਰ ਲੰਮੇ ਸਮੇਂ ਦੇ ਵਿੱਚ ਇਹ ਬਦਲਣ ਯੋਗ ਹੁੰਦੇ ਹਨ।ਭਾਸ਼ਾ ਦੇ ਅਣਗਿਣਤ ਚਿੰਨ੍ਹ ਹੁੰਦੇ ਹਨ ਇਹ ਬਦਲੇ ਨਹੀਂ ਜਾ ਸਕਦੇ। ਚਿੰਨ੍ਹਾਂ ਦਾ ਨਾਂ ਬਦਲਣਾ ਉਸ ਦੇ ਵਰਤਮਾਨ ਵਜੂਦ ਨਾਲ ਸੰਬੰਧਿਤ ਹੈ ਪਰ ਉਨ੍ਹਾਂ ਵਿੱਚ ਆਈ ਹੋਈ ਤਬਦੀਲੀ ਉਸ ਦੇ ਇਤਿਹਾਸਕ ਕਾਲ ਵਿੱਚ ਵਿੱਚ ਵਿਚਰਨ ਨਾਲ ਸੰਬੰਧਿਤ ਹੈ।

ਸੋਸਿਊਰ ਦੇ ਸੰਕਲਪ ਅਤੇ ਚਿਹਨ ਵਿਗਿਆਨ ਸੰਰਚਨਾਵਾਦੀਆਂ ਨੇ ਆਪਣੀ ਸੰਕਲਪਗਤ ਸ਼ਬਦਾਵਲੀ ਇਕ ਸਵਿਸ ਭਾਸ਼ਾ ਵਿਗਿਆਨੀ ਫਰੀਦਨਾਂਦ ਡੀ. ਸੋਸਿਊਰ ਤੋਂ ਲਈ ਹੈ। ਉਸਨੇ ਮਾਨਵੀ ਭਾਸ਼ਾਵਾਂ ਬਾਰੇਆਪਣੀਆਂ ਸਿਧਾਂਤਕ ਸਥਾਪਨਾਵਾਂ ਦੁਆਰਾ ਆਧੁਨਿਕ ਚਿੰਤਕਾਂ ਉੱਤੇ ਬੜਾ ਮਹੱਤਵਪੂਰਨ ਪ੍ਰਭਾਵ ਪਾਇਆ ਹੈ। ਸੋਸਿਊਰ ਨੇ ਚਿੰਨ੍ਹ, (Sign) ਨੂੰ ਦੋ ਭਾਗਾਂ ਵਿਚ ਵਿਭਵਿਭਾਜਿਤ ਕਰਕੇ ਦੇਖਿਆ। ਪਹਿਲੇ ਨੂੰ ਉਸਨੇ ਚਿਹਨਕ (Signifier) ਅਤੇ ਦੂਸਰੇ ਨੂ ਚਿਹਨਤ (Signified) ਦਾ ਨਾਮ ਦਿੱਤਾ।

ਇਸ ਵਿਸ਼ਲੇਸ਼ਣ ਵਿਚ ਉਨ੍ਹਾਂ ਸਭ ਦੁਨਿਆਵੀ ਵਸਤਾਂ ਦਾ ਜ਼ਿਕਰ ਨਹੀਂ ਕੀਤਾ ਗਿਆ ਜਿਨ੍ਹਾਂ ਖ਼ਾਤਰ ਅਸੀਂ ਭਾਸ਼ਾ-ਚਿੰਨ੍ਹਾਂ ਦਾ ਪ੍ਰਯੋਗ ਕਰਦੇ ਹਾਂ। 'ਚਿਹਨਤ, ਕੋਈ ਵਸਤੂ ਨਹੀਂ ਬਲਕਿ ਵਸਤੂ ਦਾ ਸੰਕਲਪ ਹੈ, ਜਿਹੜਾ ਚਿਹਨਕ ਦੇ ਉੱਚਰਿਤ ਹੋਣ ਸਮੇਂ ਬੁਲਾਰੇ ਜਾਂ ਸਰੋਤੇ ਦੇ ਮਨ ਵਿਚ ਪੈਦਾ ਹੁੰਦਾ ਹੈ।ਉਚਰਿਤ-ਭਾਸ਼ਾ ਦੀ ਸੂਰਤ ਵਿਚ 'ਚਿਹਨਕ' ਇਕ ਅਰਥਪੂਰਨ ਧੁਨੀ ਹੈ, ਜਿਹੜੀ ਬੋਲੀ ਜਾਂ ਸੁਣੀ ਜਾਂਦੀ ਹੈ ਅਤੇ ਲਿਖਤ ਭਾਸ਼ਾ ਦੀ ਸੂਰਤ ਵਿਚ ਇਹ ਇਕ ਅਰਥਪੂਰਨ ਨਿਸ਼ਾਨੀ ਹੈ ਜੋ ਪੰਨੇ ਉੱਤੇ ਅੰਕਿਤ ਕੀਤੀ ਜਾਂਦੀ ਹੈ। ਚਿਹਨਕ ਅਤੇ ਚਿਹਨਤ ਨੂੰ ਕੇਵਲ ਸਿਧਾਂਤਿਕ ਰੂਪ ਵਿਚ ਹੀ ਵੱਖ-ਵੱਖ ਕੀਤਾ ਜਾ ਸਕਦਾ ਹੈ, ਉਂਜ ਇਹ ਦੋਵੇਂ ਅਟੁੱਟ ਹਨ। ਇਕ ਪੂਰੀ ਤਰ੍ਹਾਂ ਨਾਲ ਅਰਥਹੀਣ ਧੁਨੀ, ਚਿਹਨਕ ਨਹੀਂ ਹੋ ਸਕਦੀ ਕਿਉਂਕਿ ਇਹ ਕੁਝ ਜ਼ਾਹਿਰ ਨਹੀਂ ਕਰ ਸਕਦੀ। ਇਸੇ ਤਰ੍ਹਾਂ ਕੋਈ ਅਜਿਹਾ ਸੰਕਲਪ ਵੀ ਮੌਜੂਦ ਨਹੀਂ ਹੋ ਸਕਦਾ ਜਿਸ ਨੇ ਅਜੇ ਤਕ ਅਭਿਵਿਅਕਤੀ ਪ੍ਰਾਪਤ ਨਾ ਕੀਤੀ ਹੋਵੇ। ਅਰਥਾਤ ਜਿਵੇਂ ਚਿਹਨਤ ਬਿਨਾਂ ਚਿਹਨਕ ਨਹੀਂ ਇਸੇ ਤਰ੍ਹਾਂ ਚਿਹਨਕ ਬਿਨਾਂ ਚਿਹਨਤ ਵੀ ਨਹੀਂ ਹੋ ਸਕਦਾ। ਇਹ ਤਿੰਨ ਸੰਕਲਪ, ਚਿੰਨ੍ਹ ਅਤੇ ਇਸ ਦੇ ਦੋ ਭਾਗ ਮਿਲਕੇ ਹੀ 'ਲੈਕਸੀ ਸਿਗਨੀਫ਼ੀਕੇਸ਼ਨ ਦਾ ਨਿਰਮਾਣ ਕਰਦੇ ਹਨ, ਜਿਸਨੂੰ ਬਾਰਤ ਕਿਸੇ ਲੇਖ ਸੰਰਚਨਾਵਾਦ ਲਈ ਪ੍ਰਤੀਬੱਧਤਾ ਦਾ ਪ੍ਰਮਾਣ ਮੰਨਦਾ ਹੈ। ਚਿਹਨਕ ਅਤੇ ਚਿਹਨਤ ਨਿਖੇੜਾ ਭਾਸ਼ਾ ਤੋਂ ਬਿਨਾਂ ਹੋਰ ਕਈ ਸਥਿਤੀਆਂ ਉੱਤੇ ਵੀ ਲਾਗੂ ਕੀਤਾ ਜਾ ਸਕਦਾ ਹੈ ਰੋਜ਼-ਮਰਾ ਦੀ ਜ਼ਿੰਦਗੀ ਵਿਚ ਅਸੀਂ ਅਜਿਹੇ ਕਈ ਚਿੰਨ੍ਹਾਂ ਦੇ ਰੂ-ਬ-ਰੂ ਹੁੰਦੇ ਹਾਂ ਕਿ ਸ਼ਾਬਦਿਕ (Verbal) ਨਹੀਂ ਹੁੰਦੇ। ਇਹ ਵੀ ਸੱਚ ਹੈ ਕਿ ਹਰ ਵਸਤੂ ਜੋ ਕਿਸੇ ਸੰਦੇਸ਼ ਦੇ ਸੰਚਾਰ ਲਈ ਵਰਤੀ ਜਾਂਦੀ ਹੈ, ਚਿੰਨ੍ਹ ਦਾ ਰੂਪ ਧਾਰਣ ਕਰ ਸਕਦੀ ਹੈ।

ਅਜਿਹੇ ਫੁੱਲ ਜੋ ਬਿਨਾਂ ਕਿਸੇ ਦੇ ਦੇਖਿਆਂ ਜਾਂ ਮਾਣਿਆਂ ਮੁਰਝਾ ਜਾਂਦੇ ਹਨ, ਚਿੰਨ੍ਹ ਨਹੀਂ ਬਣ ਸਕ ਪਰ ਸਭਿਆਚਾਰ ਵਿਚ ਪਹੁੰਚ ਕੇ ਇਹੀ ਫੁੱਲ ਚਿੰਨ੍ਹਾਂ ਦੇ ਰੂਪ ਵਿਚ ਇਸਤੇਮਾਲ ਕੀਤੇ ਜਾ ਸਕਦੇ ਹਨ ਅਤੇ ਬੜੀ ਦੇਰ ਤੋਂ ਕੀਤੇ ਜਾ ਵੀ ਰਹੇ ਹਨ। ਇਹ ਕਦੇ ਪਿਆਰ, ਕਦੇ ਸਤਿਕਾਰ ਅਤੇ ਕਦੇ ਸ਼ੋਕ ਦੇ ਚਿੰਨ੍ਹ ਵਜੋਂ ਬਹੁਤ ਸਾਰੇ ਸਭਿਆਚਾਰਾਂ ਵਿਚ ਇਸਤੇਮਾਰ ਹੁੰਦੇ ਰਹੇ ਹਨ। ਚਿੰਨ੍ਹਾਂ ਦੁਆਰਾ ਸੰਚਾਰਿਤ ਕੀਤਾ ਗਿਆ ਸੰਦੇਸ਼, ਉਸ ਸਭਿਆਚਾਰ ਨਿਰਧਾਰਿਤ ਅਤੇ ਨਿਸ਼ਚਿਤ ਹੁੰਦਾ ਹੈ, ਜਿਸ ਵਿਚ ਭੇਜਣ ਵਾਲਾ ਅਤੇ ਪ੍ਰਾਪਤ ਕਰ ਵਾਲਾ ਰਹਿੰਦੇ ਹਨ। ਫੁੱਲਾਂ ਦਾ ਕੋਈ ਪ੍ਰਾਕਿਰਤਕ ਮਹੱਤਵ ਨਹੀਂ ਹੈ, ਕੇਵਲ ਸਭਿਆਚਾਰ ਜਾਂ ਪਰੰਪਰਾਗਤ ਮਹੱਤਵ ਹੈ। (Flowers have no natural significance, only cultural or conventional one.)

ਜਦੋਂ ਇਨ੍ਹਾਂ ਨੂੰ ਇਕ ਚਿੰਨ੍ਹ ਦੇ ਰੂਪ ਵਿਚ ਵਰਤਿਆ ਜਾਣ ਲੱਗਾ ਹਨ ਤਾਂ ਇਹ ਇਕ ਸੰਚਾਰ-ਪ੍ਰਣਾਲੀ ਦਾ ਰੂਪ ਧਾਰਣ ਕਰ ਲੈਂਦੇ ਨੇ 'ਕੋਡ (Code) ਵੀ ਕਿਹਾ ਜਾਂਦਾ ਹੈ। ਸਾਧਾਰਣ ਰੂਪ ਵਿਚ ਚਿੰਨ੍ਹਾਂ ਦਾ ਅਧਿਐਨ ਅਤੇ ਕਿਸੇ ਸਭਿਆਚਾਰ ਵਿਚ ਚੱਲ ਰਹੇ ਬਹੁਤ ਸਾਰੇ ਕੋਡਜ਼ ਦੇ

ਪ੍ਰਸੰਗ ਵਿਚ ਆਉਂਦੀ ਵਿਆਖਿਆ ਨੂੰ ਚਿੰਨ੍ਹ-ਵਿਗਿਆਨ (Semiology) ਦਾ ਨਾਮ ਦਿੱਤਾ ਗਿਆ, ਇਹ ਵਿਗਿਆਨ ਫ਼ਰਾਂਸ ਵਿਚ ਕਾਫ਼ੀ ਮਕਬੂਲ ਹੈ। ਅਮਰੀਕਾ ਵਿਚ ਇਸੇ ਅਧਿਐਨ ਨੂੰ ਚਿੰਨ੍ਹ ਵਿਗਿਆਣ 'ਸੀਮਿਆਟਿਕਸ' (Semiotics) ਦਾ ਨਾਮ ਦਿੱਤਾ ਗਿਆ ਹੈ।

## ਇਕਾਲਕ (ਸਮਕਾਲੀ ) ਤੇ ਦੁਕਾਲਕ (ਬਹੁ ਕਾਲਕ/ ਕਾਲਕ੍ਰਮਿਕ):

ਸੋਸਿਊਰ ਤੋਂ ਪਹਿਲਾਂ ਭਾਸ਼ਾ ਅਧਿਐਨ ਦੀ ਵਿਧੀ ਨਿਰੋਲ ਇਤਿਹਾਸਕ ਸੀ ਸੋਸਿਊਰ ਨੇ ਇਸ ਵਿਚਾਰ ਨੂੰ ਰੱਦ ਕਰ ਦਿੱਤਾ ਉਸ ਨੇ ਮਨੁੱਖੀ ਭਾਸ਼ਾ ਦੇ ਅਧਿਐਨ ਦੀਆਂ ਦੋ ਸਥਿਤੀਆਂ ਦਾ ਸੁਝਾ ਦਿੱਤਾ। ਇਸ ਵਿੱਚ ਪਹਿਲਾ ਭਾਸ਼ਾ ਦਾ ਅਜੋਕੀ ਵਰਤਮਾਨ ਸਥਿਤੀ ਤੇ ਦੂਜਾ ਇਤਿਹਾਸਕ ਵਿਕਾਸ ਦੀ ਸਥਿਤੀ ਨਾਲ ਸੰਬੰਧਿਤ ਹੈ। ਉਸ ਦੇ ਵਿਚਾਰ ਅਨੁਸਾਰ ਦੋਵਾਂ ਸਥਿਤੀਆਂ ਦਾ ਵੱਖੋ ਵੱਖਰਾ ਅਧਿਐਨ ਕੀਤਾ ਜਾ ਸਕਦਾ ਹੈ। ਭਾਸ਼ਾ ਦੀ ਵਰਤਮਾਨ ਸਥਿਤੀ ਦੇ ਅਧਿਐਨ ਨੂੰ ਉਸ ਨੇ ਇਕਾਲਕ ਤੇ ਇਤਿਹਾਸਿਕ ਅਧਿਐਨ ਨੂੰ ਦੁਕਾਲਕ ਦਾ ਨਾਂ ਦਿੱਤਾ ਹੈ ।

### ਇਕਾਲਕ:

ਇਹ ਅਧਿਐਨ ਭਾਸ਼ਾ ਦੀ ਇੱਕ ਕਾਲ ਦੀ ਸਥਿਤੀ ਨਾਲ ਸੰਬੰਧਿਤ ਹੁੰਦਾ ਹੈ। ਕਿਸੇ ਵਿਸ਼ੇਸ਼ ਕਾਲ ਬਿੰਦੂ ਉੱਪਰ ਭਾਸ਼ਾ ਦੀਆਂ ਧੁਨੀਆਂ, ਸ਼ਬਦਾਂ, ਵਿਆਕਰਨ ਆਦਿਕ ਦਾ ਅਧਿਐਨ ਹੈ। ਇਹ ਅਧਿਐਨ ਵਰਣਾਤਮਕ ਤੇ ਸਥਿਰ ਰੂਪ ਵਾਲਾ ਹੈ। ਜਿਵੇਂ ਪੰਜਾਬੀ ਸਾਹਿਤ ਵਿੱਚ ਵਾਰਿਸ ਸ਼ਾਹ ਦੀ ਭਾਸ਼ਾ ਦਾ ਅਧਿਐਨ ਜਾਂ ਆਧੁਨਿਕ ਕਾਵਿ ਦੀ ਭਾਸ਼ਾ ਦਾ ਅਧਿਐਨ ਹੈ ।ਇਸ ਵਿੱਚ ਅਧਿਐਨ ਦੀ ਪ੍ਰਕਿਰਤੀ ਇਸ ਤਰ੍ਹਾਂ ਹੋਵੇਗੀ ਕਿ ਵਾਰਿਸ ਸ਼ਾਹ ਤੋਂ ਪਹਿਲਾਂ ਆਉਣ ਵਾਲੇ ਜਾਂ ਆਧੁਨਿਕ ਕਾਵਿ ਤੋਂ ਪਹਿਲਾਂ ਸਿੱਖ ਕਾਵਿ ਜਾਂ ਨਵੀਨ ਸਾਹਿਤ ਦੀ ਭਾਸ਼ਾ ਬਾਰੇ ਕੋਈ ਵਿਚਾਰ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਇਹ ਇੱਕ ਕਾਲ ਜਾਂ ਸਾਹਿਤਕਾਰ ਦੀ ਭਾਸ਼ਾ ਦਾ ਵਰਣਾਤਮਕ ਤੇ ਅਣ ਇਤਿਹਾਸਕ ਵਿਸ਼ਲੇਸ਼ਣ ਕਰਨ ਦੀ ਵਿਧੀ ਹੈ।

### ਦੁਕਾਲਕ :

ਇਹ ਭਾਸ਼ਾ ਦੀ ਗਤੀਸ਼ੀਲ ਸਥਿਤੀ ਦਾ ਅਧਿਐਨ ਹੈ ਇਹ ਅਧਿਐਨ ਵਿਕਾਸ ਮੁੱਖ ਰੂਪ ਵਾਲਾ ਹੁੰਦਾ ਹੈ ਇਸ ਵਿੱਚ ਭਾਸ਼ਾ ਦਾ ਪਰਿਵਰਤਨ ਰੂਪ ਹੀ ਵਿਚਾਰਿਆ ਜਾਂਦਾ ਹੈ ਜਾਂ ਭਾਸ਼ਾ ਵਿੱਚ ਆਈਆਂ ਹੋਈਆਂ ਤਬਦੀਲੀਆਂ ਦਾ ਅਧਿਐਨ ਕੀਤਾ ਜਾਂਦਾ ਹੈ। ਸੋਸਿਊਰ ਨੇ ਇਨ੍ਹਾਂ ਵਿਧੀਆਂ ਦੇ ਇਸ ਦਵੈਤ ਰੂਪ ਨੂੰ ਦੋ ਰੇਖਾਵਾਂ ਵਿੱਚ ਪ੍ਰਗਟਾਇਆ ਹੈ; ਇੱਕ ਧਰਤ ਮੁੱਖ ਜਾਂ ਹੋਰੀਜੈਂਟਲ ਦੂਸਰਾ ਗਗਨ ਮੁੱਖ ਜਾਂ ਵਰਟਿਕ ਨੂੰ ਪ੍ਰਗਟਾਉਂਦਾ ਹੈ:

ੳ ———————————— ਅ

ੲ
|
|
ਸ

ੳ----------- ਅ ਇਕਾਲਕ ਨੂੰ , ਅਤੇ ੲ----------- ਸ ਦੁਕਾਲਕ ਨੂੰ ਪ੍ਰਗਟਾਉਂਦਾ ਹੈ ।

ਸੋਸਿਊਰ ਅਨੁਸਾਰ ਦੋਵਾਂ ਸੰਕਲਪਾਂ ਵਿੱਚੋਂ ਇਕਾਲਕ ਵਧੇਰੇ ਮਹੱਤਵਪੂਰਨ ਹੈ ਕਿਉਂਕਿ ਇਕਾਲਕ ਦੁਕਾਲਕ ਅਧਿਐਨ ਤੋਂ ਬਿਨਾਂ ਸੰਭਵ ਨਹੀਂ ਮੰਨਿਆ ਜਾਂਦਾ ਭਾਵ ਦੁਕਾਲਕ ਅਧਿਐਨ ਤੋਂ ਵਧੇਰੇ ਇਕਾਲਕ ਅਧਿਐਨ ਉੱਪਰ ਹੀ ਜ਼ੋਰ ਹੁੰਦਾ ਹੈ। ਸੋ ਦੋਵੇਂ ਵੱਖ ਵੱਖ ਵੀ ਹਨ ਤੇ ਇੱਕ

ਦੂਜੇ ਨਾਲ ਸਬੰਧਿਤ ਵੀ ਹਨ ।ਸੋਸਿਊਰ ਨੇ ਵਿਵੇਕਪੂਰਨ ਢੰਗ ਨਾਲ ਇਹ ਸਿੱਧ ਕੀਤਾ ਹੈ ਕਿ ਭਾਸ਼ਾ ਦਾ ਅਧਿਐਨ ਸਿਰਫ ਉਨ੍ਹਾਂ ਦੇ ਅੰਗਾਂ ਤੇ ਅੰਸ਼ਾਂ ਨੂੰ ਸਿਰਫ ਇਤਿਹਾਸਕ ਦ੍ਰਿਸ਼ਟੀ ਤੋਂ ਨਹੀਂ ਕਰਨਾ ਚਾਹੀਦਾ ਸਗੋਂ ਇਸ ਰੌਸ਼ਨੀ ਵਿੱਚ ਕਰਨਾ ਚਾਹੀਦਾ ਹੈ ਜਿਨ੍ਹਾਂ ਦੇ ਕਾਰਨ ਭਾਸ਼ਾ ਦੇ ਅੰਸ਼ ਪਰਸਪਰ ਸਬੰਧ ਰੱਖਦੇ ਹਨ ਤੇ ਕਾਰਜਸ਼ੀਲ ਹੁੰਦੇ ਹਨ ਸੋਸਿਊਰ ਦਾ ਭਾਸ਼ਾ ਦੇ ਇਕਾਲਕ ਅਧਿਐਨ ਉੱਤੇ ਬਲ ਦੇਣਾ ਅਤਿਅੰਤ ਮਹੱਤਵਪੂਰਨ ਸਿੱਧ ਹੋਇਆ ਹੈ ਕਿਉਂਕਿ ਭਾਸ਼ਾ ਦੀ ਇਤਿਹਾਸਿਕ ਦਿਸ਼ਾ ਦੇ ਇਲਾਵਾ ਭਾਸ਼ਾ ਦੇ ਸੰਰਚਨਾਤਮਿਕ ਪ੍ਰਬੰਧ ਨੂੰ ਸਵੀਕਾਰ ਕਰਨ ਦਾ ਰਸਤਾ ਖੋਲ੍ਹ ਦਿੱਤਾ ਹੈ।

## ਕੜੀਦਾਰ ਤੇ ਲੜੀਦਾਰ ਸਬੰਧ :

ਸੋਸਿਊਰ ਦਾ ਮੰਨਣਾ ਹੈ ਕਿ ਭਾਸ਼ਾ ਹਰ ਸਥਿਤੀ ਵਿੱਚ ਸਬੰਧਾਂ ਉੱਤੇ ਸਿਰਜਿਤ ਹੁੰਦੀ ਹੈ ਇਨ੍ਹਾਂ ਵਿੱਚੋਂ ਕੜੀਦਾਰ ਅਤੇ ਲੜੀਦਾਰ ਸਬੰਧ ਬਹੁਤ ਮਹੱਤਵਪੂਰਨ ਹਨ ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ:

### ਕੜੀਦਾਰ ਸਬੰਧ (ਵਿਨਿਆਸ ਮੂਲਕ) :

ਕੜੀਦਾਰ ਸਬੰਧ (ਵਿਨਿਆਸ ਮੂਲਕ ) ਪ੍ਰਵਚਨ ਜਾਂ ਬੋਲ ਵਿੱਚ ਸ਼ਬਦ ਇੱਕ ਅਜਿਹਾ ਸੰਬੰਧ ਗ੍ਰਹਿਣ ਕਰਦੇ ਹਨ ਜੋ ਭਾਸ਼ਾ ਦੇ ਰੇਖਾ ਬੱਧ ਸੁਭਾਅ ਨਾਲ ਜੁੜਿਆ ਹੋਇਆ ਹੈ ਭਾਵ ਕਿ ਸ਼ਬਦ ਇੱਕ ਸੰਗਲੀ ਜਾਂ ਕੜੀ ਵਾਂਗ ਇੱਕ ਦੂਜੇ ਤੋਂ ਪਿੱਛੋਂ ਆਉਂਦੇ ਹਨ। ਉਚਾਰਨ ਸਮੇਂ ਇਹ ਇਕੱਠੇ ਜਾਂ ਇੱਕ ਗੁੱਟ ਵਿੱਚ ਨਹੀਂ ਆਉਂਦੇ ਸਗੋਂ ਇੱਕ ਦੂਜੇ ਤੋਂ ਪਿੱਛੋਂ ਤਰਤੀਬ ਵਿੱਚ ਆਉਂਦੇ ਹਨ। ਇਨ੍ਹਾਂ ਦੀ ਸਾਰਥਿਕਤਾ ਇਸ ਲਈ ਹੁੰਦੀ ਹੈ ਕਿ ਇਹ ਆਪਣੇ ਤੋਂ ਪਹਿਲਾਂ ਆਉਣ ਵਾਲੇ ਤੇ ਪਿੱਛੋਂ ਆਉਣ ਵਾਲੇ ਸ਼ਬਦਾਂ ਦੇ ਵਿਰੋਧ ਵਿੱਚ ਆਉਂਦੇ ਹਨ। ਵਿਰੋਧ ਤੋਂ ਭਾਵ ਹੈ ਕਿ ਇੱਕ ਦੂਜੇ ਦੀ ਥਾਂ ਤੇ ਨਹੀਂ ਆ ਸਕਦੇ।

ਜਿਵੇਂ---- ਮੁੰਡਾ ਖੇਡ ਮੈਦਾਨ ਵਿੱਚ ਫੁੱਟਬਾਲ ਖੇਡ ਰਿਹਾ ਹੈ ।

ਵਾਕ ਵਿੱਚ ਸਾਰੇ ਸ਼ਬਦਾਂ ਦਾ ਸੰਬੰਧ ਰੇਖਾਤਮਕ ਤੇ ਲੜੀ ਰੂਪ ਵਾਲਾ ਹੈ ਸ਼ਬਦ ਜੇ ਇੱਕ ਦੂਜੇ ਤੋਂ ਪਿੱਛੋਂ ਠੀਕ ਤਰਤੀਬ ਵਿੱਚ ਆਉਂਦੇ ਹਨ ਤਾਂ ਹੀ ਵਾਕ ਸਹੀ ਅਰਥਾਂ ਦਾ ਸੰਚਾਰ ਕਰਦਾ ਹੈ ਹਰ ਸ਼ਬਦ ਦੀ ਸਾਰਥਿਕਤਾ ਵਾਕ ਵਿੱਚ ਪਹਿਲੇ ਤੇ ਪਿੱਛੋਂ ਆਏ ਸ਼ਬਦ ਨਾਲ ਸੰਬੰਧਿਤ ਹੈ ਇਸ ਸਬੰਧ ਨੂੰ ਸਥਾਨੀ ਸਬੰਧ ਕਿਹਾ ਜਾਂਦਾ ਹੈ ਸਾਰੇ ਸ਼ਬਦ ਇੱਕੋ ਸਮੇਂ ਤੇ ਨਹੀਂ ਉਚਾਰੇ ਜਾ ਸਕਦੇ ਇੱਕ ਸਮੇਂ ਕੇਵਲ ਇੱਕ ਸ਼ਬਦ ਹੀ ਉਚਾਰਿਆ ਜਾ ਸਕਦਾ ਹੈ ਇਸ ਲਈ ਇਹ ਸਬੰਧ ਸਮੇਂ ਨਾਲ ਵੀ ਸੰਬੰਧਿਤ ਹੈ ਸੋਸਿਊਰ ਨੇ ਇਸ ਸਬੰਧ ਨੂੰ ਧਰਤ ਮੁੱਖ ਸਬੰਧ ਵੀ ਕਿਹਾ ਹੈ।

ਜਿਵੇਂ ਕੁੜੀ ਰੋਟੀ ਖਾਂਦੀ ਹੈ -----ਵਿੱਚ ਕੁੜੀ ਦਾ ਸਬੰਧ ਰੋਟੀ ਖਾਣ ਨਾਲ ਹੈ ਇਸ ਤਰ੍ਹਾਂ ਕੜੀਦਾਰ ਸਬੰਧ ਪੈਦਾ ਹੁੰਦੇ ਹਨ ਭਾਵ ਕੁੜੀ ਸ਼ਬਦ ਦਾ ਵਾਕ ਦੇ ਦੂਜੇ ਹਿੱਸਿਆਂ ਨਾਲ ਵੀ ਸੰਬੰਧ ਜੁੜ ਜਾਂਦਾ ਹੈ

**ਲੜੀਦਾਰ ਸੰਬੰਧ:** ਸੋਸਿਊਰ ਅਨੁਸਾਰ ਵਾਕ ਅੰਦਰ ਹਰ ਸ਼ਬਦ ਦਾ ਸਬੰਧ ਕੇਵਲ ਆਪਣੇ ਤੋਂ ਪਹਿਲਾਂ ਜਾਂ ਆਪਣੇ ਤੋਂ ਪਿੱਛੋਂ ਆਉਣ ਵਾਲੇ ਸ਼ਬਦਾਂ ਨਾਲ ਹੀ ਨਹੀਂ ਹੁੰਦਾ ਸਗੋਂ ਅਜਿਹੇ ਸ਼ਬਦਾਂ ਨਾਲ ਵੀ ਹੁੰਦਾ ਹੈ ਜੋ ਵਾਕ ਵਿੱਚ ਹਾਜ਼ਰ ਨਹੀਂ ਹੁੰਦੇ ਭਾਵ ਵਾਕ ਦੇ ਵਿੱਚ ਵਰਤੇ ਨਹੀਂ ਗਏ ਹੁੰਦੇ ਪਰ ਅਜਿਹੇ ਸ਼ਬਦਾਂ ਦੇ ਵਰਤੇ ਜਾਣ ਦੀ ਸੰਭਾਵਨਾ ਜ਼ਰੂਰ ਹੁੰਦੀ ਹੈ ਅਜਿਹੇ ਸ਼ਬਦ ਪ੍ਰਵਚਨ ਜਾਂ ਬੋਲ ਤੋਂ ਬਾਹਰ ਹੁੰਦੇ ਹਨ ਇਹ ਸ਼ਬਦ ਸਾਡੇ ਦਿਮਾਗ ਜਾਂ ਸਾਡੀ ਯਾਦ ਸ਼ਕਤੀ ਦਾ ਹਿੱਸਾ ਹੁੰਦੇ ਹਨ ਹਰ ਸ਼ਬਦ ਦੀ ਆਪਣੀ ਇਕ ਵਿਸ਼ੇਸ਼ ਲੜੀ ਹੁੰਦੀ ਹੈ ਇਹੋ ਸ਼ਬਦ ਨੂੰ ਹੀ ਲੜੀਦਾਰ ਸਬੰਧ ਕਿਹਾ ਜਾਂਦਾ ਹੈ ਜਿਵੇਂ ਜਦੋਂ ਅਸੀਂ ਗੀਤ ਸ਼ਬਦ ਕਹਿੰਦੇ ਹਾਂ ਤਾਂ ਅਚੇਤ ਤੌਰ ਤੇ ਕੁਝ ਸ਼ਬਦ ਜਿਵੇਂ ਸੁਰ ਸਾਜ਼ ਤਾਲ ਤਰਜ਼ ਆਵਾਜ਼ ਧੁਰੀ ਆਦਿ ਸਾਡੇ ਜ਼ਿਹਨ ਵਿੱਚ ਆਉਂਦੇ ਹਨ। ਇਹ ਸ਼ਬਦ ਨਾ ਤਾਂ ਰੇਖਾਂਕਿਤ ਸੁਭਾਅ ਵਾਲੇ ਹੁੰਦੇ ਹਨ ਤੇ ਨਾ ਹੀ ਵਾਕ ਵਿੱਚ ਹਾਜ਼ਰ ਹੁੰਦੇ ਹਨ ਤੇ ਜਦੋਂ ਅਸੀਂ ਤੋਤਾ ਕਹਿੰਦੇ ਹਾਂ ਤਾਂ ਕਾਂ ਚਿੜੀ, ਕਬੂਤਰ,ਕਾਂ, ਘੁੱਗੀ, ਮੋਰ ਆਦਿ ਕਈ ਸ਼ਬਦ ਸਾਡੇ ਦਿਮਾਗ ਵਿੱਚ ਆ ਜਾਂਦੇ ਹਨ।

ਸੋਸਿਊਰ ਨੇ ਇਨ੍ਹਾਂ ਦੋਹਾਂ ਸੰਬੰਧਾਂ ਵਿੱਚ ਲੜੀਵਾਰ ਸਬੰਧਾਂ ਨੂੰ ਵਧੇਰੇ ਮਹੱਤਤਾ ਦਿੱਤੀ ਹੈ ਕਿਉਂਕਿ ਉਹ ਭਾਵ ਸੰਚਾਰ ਨਾਲ ਸੰਬੰਧਿਤ ਹੈ ਭਾਸ਼ਾ ਦੇ ਵੱਖ ਵੱਖ ਪੱਧਰਾਂ ਉੱਤੇ ਇਹ ਪ੍ਰਬੰਧ ਇਹ ਸਬੰਧ ਕਾਰਜਸ਼ੀਲ ਹੁੰਦੇ ਹਨ ਤੇ ਇਨ੍ਹਾਂ ਸੰਬੰਧਾਂ ਦੇ ਅੰਤਰਗਤ ਹੀ ਸਮੁੱਚੇ ਭਾਸ਼ਿਕ ਸਿਸਟਮ ਨੂੰ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਇਸੇ ਨੂੰ ਹੀ ਭਾਸ਼ਾ ਦੀ ਸੰਰਚਨਾਤਮਿਕ ਦ੍ਰਿਸ਼ਟੀ ਆਖਿਆ ਜਾਂਦਾ ਹੈ।

## ਲਾਂਗ ਤੇ ਪੈਰੋਲ:

ਸੋਸਿਊਰ ਨੇ ਭਾਸ਼ਾ ਦੇ ਪ੍ਰਕਾਰਜ ਨੂੰ ਸਮਝਣ ਲਈ ਭਾਸ਼ਾ ਦੀ ਸੰਕਲਪਨਾ ਦੋ ਤਰ੍ਹਾਂ ਪੇਸ਼ ਕੀਤੀ ਹੈ ਇੱਕ ਨੂੰ ਉਹ ਲਾਂਗ ਤੇ ਦੂਸਰੇ ਨੂੰ ਪੈਰੋਲ ਕਹਿੰਦਾ ਹੈ ਇਹ ਦੋਵੇਂ ਸ਼ਬਦ ਫਰਾਂਸੀਸੀ ਫਰੈਂਚ ਭਾਸ਼ਾ ਦੇ ਹਨ ਪੰਜਾਬੀ ਵਿੱਚ ਲਾਂਗ ਲਈ ਭਾਸ਼ਾ ਤੇ ਪੈਰੋਲ ਲਈ ਉਚਾਰ ਅਰਥ ਹਨ ਭਾਸ਼ਾ ਦੇ ਅਧਿਐਨ ਵਿਚ ਇਹ ਵਿਰੋਧੀ ਸੰਕਲਪ ਕੇਂਦਰੀ ਅਰਥ ਰੱਖਦਾ ਹੈ ਤੇ ਆਧੁਨਿਕ ਭਾਸ਼ਾ ਵਿਗਿਆਨ ਦੀ ਨੀਂਹ ਬਣਿਆ ਹੈ ।

### ਲਾਂਗ:

ਕਿਸੇ ਭਾਸ਼ਾ ਤੇ ਭਾਸ਼ਾ ਰੂਪਾਂ ਦਾ ਸਿਸਟਮ ਹੈ ਲਾਂਗ ਕਿਸੇ ਵਿਅਕਤੀ ਦੁਆਰਾ ਇਕੱਤਰ ਕੀਤੀ ਗਈ ਹੋਈ ਭਾਸ਼ਾ ਸਮੱਗ਼ਰੀ ਹੁੰਦੀ ਹੈ ਜੋ ਉਹ ਭਾਸ਼ਾ ਸਿੱਖਣ ਦੇ ਦੌਰਾਨ ਇਕੱਤਰ ਕਰਦਾ ਹੈ ਇਹ ਇੱਕ ਵਿਆਕਰਣਿਕ ਪ੍ਰਣਾਲੀ ਹੈ ਜੋ ਹਰੇਕ ਵਕਤਾ ਤੇ ਸਰੋਤਾਂ ਦੇ ਦਿਮਾਗਾਂ ਵਿੱਚ ਧੁਨੀ ਬਿੰਬ ਦੇ ਛਾਪ ਦੇ ਰੂਪ ਵਿੱਚ ਜਮ੍ਹਾਂ ਰਹਿੰਦੀ ਹੈ ਲਾਂਗ ਖਜ਼ਾਨੇ ਵਾਂਗ ਹੈ ਜਿਸ ਵਿੱਚੋਂ ਚੋਣ ਕਰਕੇ ਵਕਤਾ ਆਪਣੀ ਸਮੱਗਰੀ ਵਰਤਦਾ ਹੈ ਤੇ ਸਰੋਤਾਂ ਇਸੇ ਖਜ਼ਾਨੇ ਦੇ ਸਹਿਯੋਗ ਨਾਲ ਵਕਤਾ ਦੁਆਰਾ ਸੰਚਾਰਕ ਭਾਵ ਨੂੰ ਗ੍ਰਹਿਣ ਕਰਦਾ ਹੈ ਇਹ ਇੱਕ ਕਿਸਮ ਦੀ ਡਿਕਸ਼ਨਰੀ ਦੀ ਤਰ੍ਹਾਂ ਹੈ ਜਿਸ ਦੀਆਂ ਕਾਪੀਆਂ ਉਸ ਭਾਸ਼ਾ ਸਮਾਜ ਦੇ ਹਰ ਵਕਤੇ ਦੇ ਦਿਮਾਗ ਵਿੱਚ ਹੁੰਦੀਆਂ ਹਨ ।ਇਸ ਲਈ ਇਸ ਦਾ ਪੈਟਰਨ ਸਾਂਝਾ ਹੁੰਦਾ ਹੈ। ਲਾਂਗ ਸਰਬ ਸਾਂਝਾ ਹੈ ।ਸਮਾਜਿਕ ਸੰਸਥਾ ਵੀ ਹੈ ਤੇ ਕੋਈ ਵਿਅਕਤੀ ਇਸ ਵਿੱਚ ਅਦਲਾ ਬਦਲੀ ਨਹੀਂ ਕਰ ਸਕਦਾ । ਸੌਸਿਊਰ ਅਨੁਸਾਰ ਲਾਂਗ ਹੀ ਭਾਸ਼ਾ ਵਿਗਿਆਨ ਦਾ ਵਿਸ਼ਾ ਹੈ ਕਿਉਂਕਿ ਇਸੇ ਦੇ ਆਧਾਰ ਤੇ ਹੀ ਭਾਸ਼ਿਕ ਸਿਸਟਮ ਦੀ ਸਿਰਜਣਾ ਹੁੰਦੀ ਹੈ।

### ਪੈਰੋਲ:

ਪੈਰੋਲ ਦਾ ਪੰਜਾਬੀ ਸ਼ਬਦ ਉਚਾਰ ਹੈ ।ਪੈਰੋਲ ਜਾਂ ਉਚਾਰ ਭਾਸ਼ਾ ਦਾ ਅਸਲੀ ਤੇ ਅਮਲੀ ਵਰਤਾਰਾ ਵਰਤਾਰਾ ਹੈ ਪੈਰੋਲ ਦੀਆਂ ਕਿਰਿਆਵਾਂ ਲਾਂਗ ਦੁਆਰਾ ਹੀ ਸੰਭਵ ਹੁੰਦੀਆਂ ਹਨ ਕਿਉਂਕਿ ਪੈਰੋਲ ਲਾਂਗ ਵਿੱਚੋਂ ਹੀ ਚੋਣ ਕਰਕੇ ਬਣਦੀ ਹੈ ਜਿੱਥੇ ਲਾਂਗ ਭਾਸ਼ਾ ਦਾ ਅਮੂਰਤ ਰੂਪ ਹੈ ਜੋ ਛਾਪ ਦੇ ਰੂਪ ਵਿੱਚ ਦਿਮਾਗ ਵਿੱਚ ਪਿਆ ਹੁੰਦਾ ਹੈ ਉੱਥੇ ਪੈਰੋਲ ਭਾਸ਼ਾ ਦਾ ਸਮੂਰਤ ਰੂਪ ਹੈ ਜੋ ਦਿਮਾਗ਼ ਵਿੱਚ ਪਏ ਲਾਂਗ ਦੇ ਖਜਾਨੇ ਦਾ ਭਗਤਾ ਮਾਤਰ ਹੈ ਪੈਰੋਲ ਸਰਬ ਸਾਂਝਾ ਪੈਟਰਨ ਨਹੀਂ ਸਗੋਂ ਵਿਅਕਤੀਗਤ ਪ੍ਰਗਟਾਵਾ ਹੈ ਕਿਉਂਕਿ ਹਰ ਵਿਅਕਤੀ ਦੀ ਚੋਣ ਤੇ ਉਚਾਰ ਨਿੱਜੀ ਆਪੋ ਆਪਣਾ ਹੁੰਦਾ ਹੈ ਸੋਚਤੇ ਲਾਂਗ ਵਕਤੇ ਤੇ ਸਰੋਤੇ ਵਿੱਚ ਹਾਜ਼ਰ ਹੁੰਦਾ ਹੈ ਪਰ ਦਿਸਦਾ ਨਹੀਂ ਉੱਥੇ ਪੈਰੋਲ ਵਕਤਾ ਤੇ ਸਰੋਤਾਂ ਵਿੱਚ ਹਾਜ਼ਰ ਹੁੰਦਾ ਹੈ ਭਾਸ਼ਾ ਦਾ ਮੰਤਵ ਸੰਚਾਰ ਹੈ ਭਾਵ ਸੰਚਾਰ ਹੈ। ਜਿਸ ਸਮਾਜ ਵਿੱਚ ਭਾਸ਼ਾ ਦੇ ਸਿਸਟਮ ਨਾ ਹੋਣ ਭਾਸ਼ਾ ਦੇ ਨਿਯਮ ਨਾ ਹੋਣ ਭਾਵ ਲਾਂਗ ਨਾ ਹੋਵੇ ਤਾਂ ਵਿਅਕਤੀਆਂ ਦੁਆਰਾ ਵਰਤੀ ਗਈ ਉਚਾਰ ਜਾਂ ਪੈਰੋਲ ਨਹੀਂ ਹੋ ਸਕਦੀ ਜੇ ਪੈਰੋਲ ਦੇ ਰੂਪ ਵਿੱਚ ਭਾਸ਼ਾ ਦੀ ਵਰਤੋਂ ਨਹੀਂ ਹੁੰਦੀ ਤਾਂ ਲਾਂਗ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ। ਇਸ ਤਰ੍ਹਾਂ ਦੋਵੇਂ ਅੰਤਰ ਸਬੰਧਿਤ ਹਨ ਅਤੇ ਇੱਕ ਦੂਜੇ ਦੀ ਹੋਂਦ ਦਾ ਆਧਾਰ ਬਣਦੇ ਹਨ।

ਸੋ ਇਨ੍ਹਾਂ ਦੇ ਤੁਲਨਾਤਮਿਕ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਲਾਂਗ ਭਾਸ਼ਾ ਦਾ ਸਿਸਟਮ ਹੈ ਤੇ ਪੈਰੋਲ ਭਾਸ਼ਾ ਦਾ ਪ੍ਰਗਟਾ ਹੈ ਲਾਂਗ ਸਮਾਜਿਕ ਵਸਤੂ ਹੈ ਤੇ ਪੈਰੋਲ ਵਿਅਕਤੀਗਤ ਹੋਂਦ ਹੈ ਲਾਂਗ ਸੂਖਮ ਰੂਪ ਵਾਲੀ ਹੈ ਤੇ ਪੈਰੋਲ ਸਥੂਲ ਰੂਪ ਵਾਲੀ ਹੈ ਲਾਂਗ ਅਮੂਰਤ ਪ੍ਰਬੰਧ ਹੈ ਤੇ ਪੈਰੋਲ ਸਮੂਰਤ ਪ੍ਰਬੰਧ ਹੈ ਲਾਂਗ ਮਨੋਵਿਗਿਆਨੀ ਹੋਂਦ ਰੱਖਦੀ ਹੈ ਤੇ ਪੈਰੋਲ ਮੈਨੂੰ ਸਰੀਰਕ ਮਸ਼ੀਨਰੀ ਹੈ ਲਾਂਗ ਨਿਯਮਬੱਧ ਹੈ ਤੇ ਪੈਰੋਲ ਵਿਅਕਤੀਗਤ ਹੈ । ਲਾਂਗ ਭਾਸ਼ਾ ਦਾ ਸੰਭਾਵੀ ਰੂਪ ਹੈ ਤੇ ਪੈਰੋਲ ਭਾਸ਼ਾ ਦਾ ਅਸਲੀ ਰੂਪ ਹੈ।

ਭਾਸ਼ਾ ਇਕ ਅਜਿਹਾ ਸਿਧਾਂਤਿਕ ਸਿਸਟਮ ਜਾਂ ਸੰਰਚਨਾ ਹੈ ਜਿਸਨੂੰ ਕਿ ਉਸ ਭਾਸ਼ਾ ਵਿਸ਼ੇਸ਼ ਨੂੰ ਬੋਲਣ ਵਾਲਿਆਂ ਲਈ ਮੰਨਣਾ ਜ਼ਰੂਰੀ ਹੈ, ਨਹੀਂ ਤਾਂ ਸੰਚਾਰ ਨਹੀਂ ਹੋ ਸਕੇਗਾ। 'ਉਚਾਰ' ਉਹ ਵਾਸਤਿਕ ਭਾਸ਼ਾ ਹੈ ਜੋ ਇਸ ਸਿਸਟਮ ਦੁਆਰਾ ਬਣਦੀ ਹੈ ਅਤੇ ਜਿਸਨੂੰ ਵਿਅਕਤੀ ਰੋਜ਼ਾਨਾ ਜੀਵਨ ਵਿਚ ਬੋਲਦੇ ਹਨ। ਇਹ ਨਖੇੜਾ ਅਮਰੀਕੀ ਵਿਆਕਰਣਕਾਰ ਨੋਮ ਚਾਮਸਕੀ (Noam Chomsky) ਦੇ ਜੁੱਟ-ਵਿਰੋਧ 'ਕੰਪੀਟੈਂਸ (Competence) ਅਤੇ ਪਰਫਾਰਮੈਂਸ (Performance)ਦੁਆਰਾ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਸੋਸਿਊਰ ਲਈ ਇਕ ਭਾਸ਼ਾ ਵਿਗਿਆਨੀ ਨੂੰ 'ਭਾਸ਼ਾ ਦੀ ਬਜਾਇ 'ਉਚਾਰ' ਦਾ ਅਧਿਐਨ ਕਰਨਾ ਚਾਹੀਦਾ ਹੈ ਕਿਉਂਕਿ ਇਸੇ ਦੁਆਰਾ ਉਹ ਭਾਸ਼ਾ ਸੰਚਾਲਿਤ ਕਰਨ ਵਾਲੇ ਨਿਯਮਾਂ ਨੂੰ ਗ੍ਰਹਿਣ ਕਰ ਸਕਦਾ ਹੈ।

ਇਹੀ ਨਿਖੇੜਾ 'ਸਟਰਕਚਰ (structure) ਅਤੇ 'ਈਵੈਂਟ' event) ਦੇ ਦਰਮਿਆਨ ਹੈ ਅਰਥਾਤ ਅਮੂਰਤ ਸਿਸਟਮ ਅਤੇ ਕੰਕਰੀਟ ਘਟਨਾ ਦੇ ਦਰਮਿਆਨ। ਇਨ੍ਹਾਂ ਦੋਹਾਂ ਵਿਚ ਰਿਸ਼ਤੇ ਅਤੇ ਇਨ੍ਹਾਂ ਦੋਹਾਂ ਕਿਸੇ ਇਕ ਦੀ ਪ੍ਰਾਥਮਿਕਤਾ-ਅਰਥਾਤ 'ਸਟਕਚਰ' ਨੂੰ ਪਹਿਲ ਦੇਣੀ ਚਾਹੀਦੀ ਹੈ ਜਾਂ ਈਵੈਂਟ ਨੂੰ, ਬਾਰੇ ਕਾਫ਼ੀ ਵਾਦ ਵਿਵਾਦ ਹੋ ਚੁਕਾ ਹੈ।

## ਸਾਰ-ਅੰਸ਼:

ਸੰਰਚਨਾਵਾਦ ਭਾਸ਼ਾ-ਵਿਗਿਆਨ ਮਾਡਲ ਤੇ ਅਧਾਰਿਤ ਇੱਕ ਅਜਿਹੀ ਪ੍ਰਣਾਲੀ ਹੈ,ਜੇਹੜੀ ਭਾਸ਼ਾ ਤੋਂ ਇਲਾਵਾ ਦੂਸਰੇ ਗਿਆਨ-ਅਨੁਸ਼ਾਸਨ ਦੇ ਅਧਿਐਨ ਲਈ ਪ੍ਰਯੋਗ ਹੋਈ ਤੇ ਹੋ ਰਹੀ ਹੈ। ਭਾਸ਼ਾ-ਵਿਗਿਆਨਕ ਅਧਿਐਨ ਮਾਡਲ ਦੀ ਇਹ ਸੰਰਚਨਾਵਾਦੀ ਵਿਧੀ ਭਾਸ਼ਾ ਤੋਂ ਇਲਾਵਾ ਸਮਾਜ ਵਿਗਿਆਨ, ਮਾਨਵ ਵਿਗਿਆਨ, ਸਾਹਿਤ ਅਤੇ ਹੋਰ ਕਲਾਵਾਂ, ਦਰਸ਼ਨ, ਮਨੋਵਿਗਿਆਨ ਆਦਿ ਵਿੱਚ ਵਿਸ਼ੇਸ਼ ਉਚੇਚ ਨਾਲ ਲਾਗੂ ਕੀਤੀ ਗਈ ਹੈ। ਸਰੰਚਨਾਵਾਦ ਦੀ ਅੰਤਰ- ਅਨੁਸ਼ਾਸਨੀ ਪਹੁੰਚ ਵਿਭਿੰਨ ਸੰਦਰਭਾਂ ਵਿੱਚ ਸਾਂਝੇ ਅਸੂਲਾਂ ਤੇ ਆਧਾਰਿਤ ਹੈ ; ਸਰੰਚਨਾਵਾਦ ਗਣਿਤ ਵਿਗਿਆਨ ਵਿੱਚ ਵਿਖੰਡਣੀਕਰਣ/ਖਾਨਾ ਖੰਡ ਦੇ ਵਿਰੁੱਧ, ਭਾਸ਼ਾ ਵਿਗਿਆਨ ਵਿੱਚ ਇਕੋਲਿਤਰੇ ਭਾਸ਼ਾ ਵਿਗਿਆਨਕ ਵਰਤਾਰਿਆਂ ਦੇ ਕਾਲਕ੍ਰਮਿਕ ਅਧਿਐਨ ਦੇ ਵਿਰੁੱਧ ਸੰਯੁਕਤ ਭਾਸ਼ਾਈ ਸਿਸਟਮਾਂ ਦੇ ਇਕਾਲਕੀ ਅਧਿਐਨ, ਮਨੋਵਿਗਿਆਨ ਵਿੱਚ ਅਣੂਵਾਦੀ ਪ੍ਰਵਿਰਤੀ ਦੇ ਉਲਟ ਸੰਪੂਰਨਤਾ ਵੱਲ, ਅਤੇ ਅਜੋਕੀਆਂ ਦਾਰਸ਼ਨਿਕ ਬਹਿਸਾਂ ਵਿੱਚ ਸੰਰਚਨਾਵਾਦ, ਇਤਿਹਾਸਵਾਦ, ਪ੍ਰਕਾਰਜਵਾਦ, ਤੇ ਇੱਥੋਂ ਤੱਕ ਕਿ ਮਨੁੱਖੀ ਵਿਸ਼ੇ ਨਾਲ ਸਬੰਧਤ ਹਰੇਕ ਸਿੱਧਾਂਤ ਨਾਲ ਦੋ-ਚਾਰ ਹੋ ਰਿਹਾ ਹੈ। ਸੋਸਿਊਰ ਦੇ ਭਾਸ਼ਾ ਵਿਗਿਆਨਕ ਮਾਡਲ ਨੂੰ ਅੱਗੋਂ ਕਲਾਦ ਲੇਵੀ ਸਤ੍ਰਾਸ ਨੇ ਮਾਨਵ ਵਿਗਿਆਨ ਦੇ ਖੇਤਰ ਵਿਸ਼ੇਸ਼ ਕਰ ਮਿੱਥ, ਆਦਿ ਮਨੁੱਖ,ਰੀਤੀ ਰਿਵਾਜ, ਅਤੇ ਰਿਸ਼ਤਾ ਨਾਤਾ ਪ੍ਰਬੰਧ ਤੇ ਲਾਗੂ ਕਰਕੇ ਨਵੀਨ ਅਤੇ ਮੌਲਿਕ ਸਿਧਾਂਤਕ ਪਰਿਪੇਖ ਉਸਾਰਿਆ।ਸਾਹਿਤ ਦੇ ਖੇਤਰ ਵਿੱਚ ਸਰੰਚਨਾਵਾਦੀ ਪ੍ਰਣਾਲੀ ਨੂੰ ਰੋਮਨ ਜੈਕਬਸਨ ਨੇ ਪ੍ਰਵੀਨਤਾ ਸਹਿਤ ਲਾਗੂ ਕੀਤਾ। ਉਸਨੇ ਭਾਸ਼ਾ ਵਿਗਿਆਨ ਅਤੇ ਕਾਵਿ ਸ਼ਾਸਤਰ ਦੇ ਸਬੰਧ ਨੂੰ ਨਵੇਂ ਪਰਿਪੇਖ ਵਿੱਚ ਪਰਿਭਾਸ਼ਿਤ ਕਰਦਿਆਂ ਕਾਵਿ ਭਾਸ਼ਾ, ਤੁਕਾਂਤ ਅਤੇ ਧੁਨੀ ਦਾ ਕਾਵਿਕ ਸੰਦਰਭਾਂ ਵਿੱਚ ਗੰਭੀਰ ਅਧਿਐਨ ਪੇਸ਼ ਕੀਤਾ।

ਸੋਸਿਊਰ ਦੇ ਭਾਸ਼ਾ ਵਿਗਿਆਨਕ ਮਾਡਲ ਨੂੰ ਅੱਗੋਂ ਕਲਾਦ ਲੇਵੀ ਸਤ੍ਰਾਸ ਨੇ ਮਾਨਵ ਵਿਗਿਆਨ ਦੇ ਖੇਤਰ ਵਿਸ਼ੇਸ਼ ਕਰ ਮਿੱਥ, ਆਦਿ ਮਨੁੱਖ,ਰੀਤੀ ਰਿਵਾਜ, ਅਤੇ ਰਿਸ਼ਤਾ ਨਾਤਾ ਪ੍ਰਬੰਧ ਤੇ ਲਾਗੂ ਕਰਕੇ ਨਵੀਨ ਅਤੇ ਮੌਲਿਕ ਸਿਧਾਂਤਕ ਪਰਿਪੇਖ ਉਸਾਰਿਆ।

ਸਾਹਿਤ ਦੇ ਖੇਤਰ ਵਿੱਚ ਸਰੰਚਨਾਵਾਦੀ ਪ੍ਰਣਾਲੀ ਨੂੰ ਰੋਮਨ ਜੈਕਬਸਨ ਨੇ ਪ੍ਰਵੀਨਤਾ ਸਹਿਤ ਲਾਗੂ ਕੀਤਾ। ਉਸਨੇ ਭਾਸ਼ਾ ਵਿਗਿਆਨ ਅਤੇ ਕਾਵਿ ਸ਼ਾਸਤਰ ਦੇ ਸਬੰਧ ਨੂੰ ਨਵੇਂ ਪਰਿਪੇਖ ਵਿੱਚ ਪਰਿਭਾਸ਼ਿਤ ਕਰਦਿਆਂ ਕਾਵਿ ਭਾਸ਼ਾ, ਤੁਕਾਂਤ ਅਤੇ ਧੁਨੀ ਦਾ ਕਾਵਿਕ ਸੰਦਰਭਾਂ ਵਿੱਚ ਗੰਭੀਰ ਅਧਿਐਨ ਪੇਸ਼ ਕੀਤਾ।

ਸੰਰਚਨਾਵਾਦ ਦਾ ਕੇਂਦਰੀ ਨੁਕਤਾ ਇਹ ਹੈ ਕਿ ਹਰ ਮਨੁੱਖੀ ਕਾਰਜ ਦੀ ਸਾਰਥਕਤਾ ਦਾ ਅਨੁਭਵ ਉਸਨੂੰ ਉਸਦੇ ਆਪਣੇ ਸਿਸਟਮ ਵਿੱਚ ਰਖਕੇ ਹੀ ਹੋ ਸਕਦਾ ਹੈ। ਸੰਰਚਨਾਤਮਕ ਵਿਸ਼ਲੇਸ਼ਣ ਦਾ ਅਧਾਰ ਉਹ ਦ੍ਰਿਸ਼ਟੀ ਹੈ ਜੋ ਕਿਸੇ ਟੈਕਸਟ ਨੂੰ ਸਜੀਵ ਇਕਾਈ ਮੰਨਦੀ ਦਾ ਵਿਸ਼ਲੇਸ਼ਣ ਪੂਰਵ- ਨਿਸ਼ਚਿਤ ਧਾਰਨਾਵਾਂ ਰਾਹੀਂ ਨਹੀਂ ਕੀਤਾ ਜਾ ਸਕਦਾ। ਸੰਰਚਨਾਵਾਦ ਪ੍ਰਮੁੱਖ ਤੌਰ ਤੇ ਇੱਕ ਅਜਿਹੀ ਵਿਧੀ ਹੈ ਜੋ ਅਧਿਐਨ ਨੂੰ ਵਸਤੂਪੂਰਵਕ ਰੱਖ ਕੇ ਇਸ ਪ੍ਰਕਿਰਿਆ ਨੂੰ ਅਧਿਏਤਾ ਦੇ ਅੰਤਰਮੁੱਖੀ ਪ੍ਰਭਾਵਾਂ ਤੋਂ ਬਚਾਈ ਰੱਖਦੀ ਹੈ। ਸੰਰਚਨਾਵਾਦ ਦਾ ਆਰੰਭ ਗਿਆਨ ਅਤੇ ਵਿਗਿਆਨ-ਸ਼ਾਸ਼ਤਰ ਦੀ ਇੱਕ ਮੁੱਖ ਪ੍ਰਵਿਰਤੀ ਸੀ। ਇਹ ਸੰਰਚਨਾਵਾਂ ਬਾਰੇ ਵਿਸ਼ੇਸ਼ ਪ੍ਰਕਾਰ ਦੀ ਚਿੰਤਨ-ਪ੍ਰਣਾਲੀ ਸੀ, ਜੋ ਵਿਗਿਆਨਾਂ ਜਿਵੇਂ ਗਣਿਤ, ਮਨੋਵਿਗਿਆਨ ਆਦਿ ਵਿੱਚ ਵਧੇਰੇ ਪ੍ਰਚਲਿਤ ਹੋਈ। ਕਲਾ ਅਤੇ ਸਾਹਿਤ ਦੇ ਖੇਤਰ ਵਿੱਚ ਵੀ ਸੰਰਚਨਾਵਾਦੀ ਚਿੰਤਨ ਸਾਹਮਣੇ ਆਇਆ ਪਰ ਸਮੇਂ ਦੇ ਬੀਤਣ ਨਾਲ ਸੰਰਚਨਾਵਾਦੀ ਸੰਕਲਪ ਤੇ ਚਿੰਤਨ ਸੀਮਿਤ ਅਤੇ ਸੰਕੁਚਿਤ ਰੂਪ ਧਾਰ ਗਿਆ। ਸੰਰਚਨਾਵਾਦੀ ਮੁੱਖ ਰੂਪ ਵਿੱਚ ਉਹ ਹਨ, ਜੋ ਸੰਰਚਨਾਵਾਂ ਵਿਸ਼ੇਸ਼ ਚਿੰਤਨ-ਪ੍ਰਣਾਲੀ ਦੀ ਸਾਂਝ ਵਿੱਚ ਬੱਝੇ ਹੋਏ ਹਨ, ਜਿਵੇਂ ਸੰਰਚਨਾਵਾਦੀ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਸੋਮਿਊਰ ਤੇ ਜੈਕਬਸਨ, ਸੰਰਚਨਾਵਾਦੀ, ਮਾਨਵਵਿਗਿਆਨ ਦੇ ਖੇਤਰ ਵਿੱਚ ਲੈਵੀ ਸਤ੍ਰਾਸ ਅਤੇ ਸੰਰਚਨਾਵਾਦੀ ਚਿਹਨ-ਵਿਗਿਆਨ ਦੇ ਖੇਤਰ ਵਿੱਚ ਗ੍ਰੇਮਾਸ ਅਤੇ ਰੋਲਾਂ ਬਾਰਤ। ਸੰਰਚਨਾਵਾਦੀਆਂ ਦਾ ਮੁੱਖ ਸਰੋਕਾਰ ਸੀ: ਮਨੁੱਖੀ ਸੰਸਾਰ ਨੂੰ ਜਾਣਨ ਦੀ ਰੁਚੀ ਜਾਂ ਯਥਾਰਥ ਦੀ ਖੋਜ, ਵਿਅਕਤੀਗਤ ਵਸਤਾਂ ਵਿੱਚ ਨਹੀਂ ਸਗੋਂ ਉਹਨਾਂ ਦੇ ਆਪਸੀ ਸੰਬੰਧਾਂ ਵਿਚ। ਉਹ ਸੰਸਾਰ ਨੂੰ ਵਸਤਾਂ ਦਾ ਨਹੀਂ ਸਗੋਂ ਤੱਥਾਂ ਦਾ ਸਮੂਹ ਮੰਨਦੇ ਹਨ। ਇਸ ਵਿੱਚ ਉਹ ਵਿਸਤਿਤ੍ਰ ਅਤੇ ਵਿਸ਼ਾਲ ਪ੍ਰਤੱਖਣਮਈ ਵਿਸ਼ਲੇਸ਼ਣ ਦੇ ਆਧਾਰ ਉੱਤੇ ਵਿਆਖਿਆਮਈ ਸੰਦਾਂ ਦੀ ਵਰਤੋਂ ਕਰਦੇ ਸਨ। ਉਹਨਾਂ ਦੀ ਮੁੱਖ ਰੁਚੀ ਵਿੱਚ ਵਸਤੂਨਿਸ਼ਠਤਾ ਦਾ ਵੱਡਾ ਆਧਾਰ ਸੀ ਜੋ ਕਿ ਚਲੀ ਆ ਰਹੀਂ ਵਿਗਿਆਨਕ ਦ੍ਰਿਸ਼ਟੀ ਹੀ ਸੀ। ਇਸੇ ਦ੍ਰਿਸ਼ਟੀ ਰਾਹੀਂ ਉਹ ਸਤਿ ਦੇ ਪਰੰਪਰਾਗਤ ਵਿਗਿਆਨਿਕ ਆਸ਼ੇ ਨਾਲ ਵੀ ਜੁੜੇ ਹੋਏ ਸਨ। ਸੰਰਚਨਾਵਾਦ ਨੇ ਸਾਹਿਤ ਅਧਿਐਨ ਨੂੰ ਵੱਧ ਤੋਂ ਵੱਧ ਵਿਗਿਆਨਕ ਲੀਹਾਂ ਉੱਤੇ ਸਥਾਪਿਤ ਕਰ ਦਿੱਤਾ ਅਤੇ ਸਿਸਟਮ ਤੇ ਸੰਬੰਧਾਂ ਦੀ ਖੋਜ ਵਲ ਰੁਚਿਤ ਕੀਤਾ। ਇਸ ਵਿਚੋਂ ਹੀ ਸ਼ਬਦ-ਵਿਵਸਥਾ ਅਤੇ ਸਾਹਿਤ-ਸਿਸਟਮ ਦੇ ਸਿਧਾਂਤ ਸਾਹਮਣੇ ਆਏ ਅਤੇ ਭਾਸ਼ਾ ਵਿਗਿਆਨ ਤੇ ਸੱਭਿਆਚਾਰ ਸਿਸਟਮ ਦੀਆਂ ਕੈਟੇਗਰੀਆਂ ਦੇ ਵਿਆਪਕ ਆਧਾਰ ਉੱਤੇ ਸੰਦ ਪ੍ਰਬਲ ਰੂਪ ਧਾਰਨ ਕਰ ਗਏ।

## ਮੁੱਖ ਕੇਂਦਰੀ ਸ਼ਬਦ:

ਚਿੰਨ੍ਹਕ---ਧੁਨੀ ਬਿੰਬ

ਚਿੰਨ੍ਹਤ---ਸੰਕਲਪ

ਲਾਂਗ---ਭਾਸ਼ਾ

ਪੈਰੋਲ---ਉਚਾਰ

ਵਿਨਿਆਸ ਮੂਲਕ ---ਕੜੀਦਾਰ

ਇਕਾਲਕ --- ਭਾਸ਼ਾ ਦੀ ਇੱਕ ਕਾਲ ਦੀ ਸਥਿਤੀ ਦਾ ਅਧਿਐਨ

## ਸਵੈ-ਮੁਲਾਂਕਣ:

1. ਸੋਸਿਊਰ Ferdinand de Saussure ਇੱਕ ਬੜੇ ਹੀ ਮੌਲਿਕ ਚਿੰਤਕ ਸਨ ਜਿਨ੍ਹਾਂ ਦੀ ਆਮਦ ਨਾਲ ਭਾਸ਼ਾ ਚਿੰਤਨ ਦੇ ਖੇਤਰ ਵਿੱਚ ਇੱਕ ਇਨਕਲਾਬ ਪੈਦਾ ਹੋਇਆ। ਉਸਨੇ ------------------- ਈਸਵੀ ਵਿੱਚ ਜਨੇਵਾ ਵਿੱਚ ਪੈਦਾ ਹੋਏ ।

ੳ. 1857

ਅ. 1850

ੲ. 1845

ਸ. 1875

2. ਸੋਸਿਊਰ ਨੂੰ ਕਿਹੜੀ ਯੂਨੀਵਰਸਿਟੀ ਵਿਚ ਪੜਾਉਣ ਦਾ ਮੌਕਾ ਮਿਲਿਆ:

ੳ. ਅਮਰੀਕਾ

ਅ. ਫਰਾਂਸ

ੲ. ਮਾਸਕੋ

ਸ. ਜਨੇਵਾ

3. ਸੋਸਿਊਰ ਨੂੰ ਕਿਹੜਾ ਵਿਸ਼ਾ ਪੜ੍ਹਾਉਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ :

ੳ. ਰੂਪਾਂਤਰੀ ਭਾਸ਼ਾ ਵਿਗਿਆਨ

ਅ. ਜਨਰਲ ਭਾਸ਼ਾ ਵਿਗਿਆਨ

ੲ. ਵਿਆਕਰਨਿਕ ਭਾਸ਼ਾ ਵਿਗਿਆਨ

ਸ. ਸਿਧਾਂਤਕ ਭਾਸ਼ਾ ਵਿਗਿਆਨ

4. ਚਿੰਨ੍ਹਕ ਤੇ ਚਿੰਨ੍ਹਤ ਦਾ ਮੇਲ ਹੈ:

ੳ. ਖਾਸ

ਅ. ਕੁਦਰਤੀ ਜਨਮ-ਜਾਤ

ੲ. ਦੈਵੀ

ਸ. ਆਪ ਹੁਦਰਾ

5. ਸੋਸਿਊਰ ਦੇ ਭਾਸ਼ਣਾਂ ਨੂੰ ਕਿਸ ਪੁਸਤਕ ਦੇ ਰੂਪ ਵਿਚ ਸੰਕਲਿਤ ਕੀਤਾ ਗਿਆ:

ੳ. Course to General Linguistics

ਅ. Course of General Linguistics

ੲ. Course in General Linguistics

ਸ. Course for General Linguistics

6. ਸੋਸਿਊਰ ਅਨੁਸਾਰ ਭਾਸ਼ਾ ਨੂੰ ਸਿਰਫ਼ ਭੌਤਿਕ ਸਥੂਲ ਲੱਛਣਾਂ ਦਾ ਇੱਕ ਸਮੁੱਚ ਮੰਨ ਕੇ ਉਸ ਨੂੰ ਸਮਾਜਿਕ ਪਿਛੋਕੜ ਵਿੱਚ ਹੀ ਵੇਖਣਾ ਚਾਹੀਦਾ ਹੈ ਕਿਉਂਕਿ ਭਾਸ਼ਾ ਇੱਕ ਸਮਾਜਿਕ ਵਰਤਾਰਾ ਹੈ।

ੳ. ਸਹੀ

ਅ. ਗਲਤ

7. ਸੋਸਿਊਰ ਦਾ ਦ੍ਰਿਸ਼ਟੀਕੋਣ ਸੀ ਕਿ ਭਾਸ਼ਾ ਨਾਮਾਂ ਦਾ ਪ੍ਰਬੰਧ ਜਾਂ ਵਸਤੂ ਦੁਆਰਾ ਨਾਮ ਦੇਣ ਦਾ ਪ੍ਰਬੰਧ ਹੈ।

ਇਹ ਕਥਨ ਹੈ:

ੳ. ਸਹੀ

ਅ. ਗਲਤ

8. ਭਾਸ਼ਾ ਦੀ ਸੰਰਚਨਾ ਦਾ ਭਾਵ ਭਾਸ਼ਾ ਦੀ ਵਿਭਿੰਨ ਤੱਤਾਂ ਦੇ ਵਿਚਕਾਰ ਸੰਬੰਧਾਂ ਦਾ ਉਹ ਪ੍ਰਬੰਧ ਹੈ ਜਿਸ ਦੇ ਆਧਾਰ ਉੱਤੇ ਭਾਸ਼ਾ ਬੋਲੀ ਤੇ ਸਮਝੀ ਜਾਂਦੀ ਹੈ ।

ਇਹ ਕਥਨ ਹੈ:

ੳ. ਸਹੀ

ਅ. ਗਲਤ

9. ਚਿੰਨ੍ਹਤ ਲਈ ਕਿਹੜਾ ਸ਼ਬਦ ਪ੍ਰਯੋਗ ਨਹੀਂ ਹੁੰਦਾ:

ੳ. ਸਿਗਨੀਫਾਈਡ

ਅ. ਸੰਕਲਪ

ੲ. ਅਰਥ

ਸ. ਅੱਗਾ

10. ਦੁਕਾਲਕ ਅਧਿਐਨ ਦੀ ਵਿਸ਼ੇਸ਼ਤਾ ਹੈ:

ੳ. ਪਰਿਵਰਤਨਸ਼ੀਲਤਾ

ਅ. ਵਿਕਾਸਮੁਖਤਾ

ੲ. ਇਤਿਹਾਸਮੁਖਤਾ

ਸ. ਸਥਿਰਤਾ

11. ਲਾਂਗ ਦੀਆਂ ਵਿਸ਼ੇਸ਼ਤਾਵਾਂ ਹਨ:

ੳ. ਸੂਖਮ

ਅ. ਮਨੋਵਿਗਿਆਨਕ

ੲ. ਅਮੂਰਤ

ਸ. ਭਾਸ਼ਾ ਦਾ ਸੰਭਾਵੀ ਰੂਪ

ਹ. ਉਪਰੋਕਤ ਸਾਰੇ

12. ਪੇਰੋਲ ਦੀਆਂ ਵਿਸ਼ੇਸ਼ਤਾ ਨਹੀਂ ਹੈ:

ੳ. ਸਮੂਰਤ

ਅ. ਸਥੂਲ

ੲ. ਨਿਯਮਬੱਧ

ਸ. ਵਿਅਕਤੀਗਤ

13. ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ ਲੜੀਦਾਰ ਸ਼ਬਦਾਂ ਦਾ ਸੂਚਕ ਨਹੀਂ:

ੳ. ਸੇਬ

ਅ. ਅਨਾਰ

ੲ. ਸੰਤਰਾ

ਸ. ਬਿਸਕੁਟ

14 ਵਿਨਿਆਸ ਮੁਲਕ ਸ਼ਬਦ ਕਿਸ ਸੰਕਲਪ ਲਈ ਵਰਤਿਆ ਜਾਂਦਾ ਹੈ:

ੳ. ਇਕਾਲਕ

ਅ. ਦੁਕਾਲਕ

ੲ. ਕੜੀਦਾਰ

ਸ. ਲੜੀਦਾਰ

15. 'ਕੰਪੀਟੈਂਸ (Competence) ਅਤੇ ਪਰਫਾਰਮੈਂਸ (Performance) ਸਿਧਾਂਤ ਕਿਸ ਚਿੰਤਕ ਦਾ ਹੈ:

ੳ. ਸੋਸਿਉਰ

ਅ. ਨੋਮ ਚੌਮਸਕੀ

ੲ. ਆਰ.ਪੀ.ਬਲੈਕਮਰ

ਸ. ਜੇ.ਈ.ਰੈਨਸਮ

16. ਖਾਲੀ ਸਥਾਨ ਭਰੋ:

ਲਾਂਗ ਸਮਾਜਿਕ ਵਸਤੂ ਹੈ ਤੇ ਪੈਰੋਲ -----------------------------ਹੋਂਦ ਹੈ ।

17. ਖਾਲੀ ਸਥਾਨ ਭਰੋ:

ਸੋਸਿਊਰ ਨੇ ਲੜੀਵਾਰ ਸਬੰਧਾਂ ਨੂੰ ਵਧੇਰੇ ਮਹੱਤਤਾ ਦਿੱਤੀ ਹੈ ਕਿਉਂਕਿ ਉਹ ----------------------ਨਾਲ ਸੰਬੰਧਿਤ ਹੈ।

18. ਖਾਲੀ ਸਥਾਨ ਭਰੋ:

. ਹਰ ਸ਼ਬਦ ਦੀ ਸਾਰਥਿਕਤਾ ਵਾਕ ਵਿੱਚ ਪਹਿਲੇ ਤੇ ਪਿੱਛੋਂ ਆਏ ਸ਼ਬਦ ਨਾਲ ਸੰਬੰਧਿਤ ਹੈ ਇਸ ਸਬੰਧ ਨੂੰ--------------------
ਕਿਹਾ ਜਾਂਦਾ ਹੈ।

## ਅਭਿਆਸ ਪ੍ਰਸ਼ਨ

1. ਸੰਰਚਨਾਵਾਦ ਤੋਂ ਕੀ ਭਾਵ ਹੈ? ਸੋਸਿਊਰ ਅਨੁਸਾਰ ਇਸ ਦੀਆਂਕੀ ਵਿਸ਼ੇਸ਼ਤਾਵਾਂ ਹਨ?
2. ਸੋਸਿਊਰ ਦੁਆਰਾ ਪੇਸ਼ ਚਿੰਨ੍ਹ ਸਿਧਾਂਤ ਦਾ ਵਿਸਥਾਰ ਵਿਚ ਵਰਣਨ ਕਰੋ।
3. ਲਾਂਗ ਅਤੇ ਪੈਰੋਲ ਦਾ ਕੀ ਅਰਥ ਹੈ?ਸੰਰਚਨਾਵਾਦ ਭਾਸ਼ਾ ਵਿਗਿਆਨ ਵਿਚ ਇਸ ਦ ਕੀ ਮਹੱਤਤਾ ਹੈ
4. ਕੜੀਦਾਰ ਅਤੇ ਲੜੀਦਾਰ ਸੰਬੰਧਾਂ ਦੀ ਸਾਰਥਕਤਾ ਦਾ ਵਰਣਨ ਕਰੋ।
5. ਇਕਾਲਕ ਦੁਕਾਕਲ ਸੰਬੰਧ ਸੰਰਚਨਾਵਾਦ ਨੂੰ ਕਾਰਜਸ਼ੀਲ ਕਰਨ ਵਿਚ ਕਿਵੇਂ ਸਹਾਈ ਹੁੰਦੇ ਹਨ?

## ਸੰਦਰਭ ਪੁਸਤਕਾਂ:


- ਸੰਰਚਨਾਵਾਦ, ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਗੋਪੀ ਚੰਦ ਨਾਰੰਗ, ਭਾਰਤੀ ਸਾਹਿਤ ਅਕਾਦਮੀ ਦਿੱਲੀ, (2011)
- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)
- ਵਾਦ ਚਿੰਤਨ, ਭੱਟੀ, ਸੁਰਜੀਤ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲਾ ਸੰਸਕਰਨ (2010)
- ਪਜਾਬੀ ਨਾਵਲ ਦਾ ਚਿਹਨ ਵਿਗਿਆਨਕ ਅਧਿਐਨ , ਗੁਰਪਾਲ ਸਿੰਘ ਸੰਧੂ, , ਲੋਕਗੀਤ ਪ੍ਰਕਾਸ਼ਨ, ਸਰਹਿੰਦ
- ਰੂਪਾਂਤਰੀ ਵਿਆਕਰਨ, ਹਰਕੀਰਤ ਸਿੰਘ, ਪੰਜਾਬ ਸਟੇਟ ਯੂਨੀਵਰਸਿਟੀ, ਟੈਕਸਟ ਬੁੱਕ ਬੋਰਡ, ਚੰਡੀਗੜ੍ਹ।
- ਭਾਸ਼ਾ ਵਿਗਿਆਨ:ਸੰਕਲਪ ਤੇ ਦਿਸ਼ਾਵਾਂ, ਜੋਗਿੰਦਰ ਸਿੰਘ ਪੁਆਰ, (ਸੰਪਾ), ਪੰਜਾਬੀ ਭਾਸ਼ਾ ਅਕਾਦਮੀ, ਜੰਲਧਰ।
- ਸਿਧਾਂਤਕ ਭਾਸ਼ਾ ਵਿਗਿਆਨ, ਪ੍ਰੇਮ ਪ੍ਰਕਾਸ਼, ਮਦਾਨ ਪਬਲਿਸ਼ਰ, ਪਟਿਆਲਾ।


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%u0a1a%u0a3f%u0a70%u0a28%u0a4d%u0a39+%u0a1a%u0a3f%u0a39%u0a28%u0a15+%u0a05%u0a24%u0a47++%u0a1a%u0a3f%u0a39%u0a28%u0a24

http://www.panjabialochana.com/yahoo_site_admin1/assets/docs/4_Saussure_da_Bhasha_Darshan_te_Samkali_Vishav_Alochna.272103358.pdf

https://www.youtube.com/watch?v=r-vuksUr8C0

https://pa.info-about.info/17305/1/%E0%A8%B8%E0%A9%B0%E0%A8%B0%E0%A8%9A%E0%A8%A8%E0%A8%BE%E0%A8%B5%E0%A8%BE%E0%A8%A6.html

ਉੱਤਰਮਾਲਾ

| | | | | |
|---|---|---|---|---|
| 1. ੳ | 2. ਸ | 3. ਅ | 4. ਸ | 5. ੲ |
| 6.ਅ | 7. ਅ | 8. ੳ | 9. ਸ | 10. ਸ |
| 11.ਹ | 12. ੲ | 13. ਸ | 14. ੲ | 15. ਅ |
| 16. ਵਿਅਕਤੀਗਤ ਹੋਂਦ | | 17. ਭਾਵ ਸੰਚਾਰ ਨਾਲ | 18. ਸਥਾਨੀ ਸੰਬੰਧ | |

# ਅਧਿਆਇ-8: ਉੱਤਰ ਸੰਰਚਨਾਵਾਦ-ਸਾਹਿਤ ਸਿਧਾਂਤ

*Harpreet singh, Lovely Professional University*

ਵਿਸ਼ਾ ਵਸਤੂ (Content)

- ਉਦੇਸ਼
- ਪ੍ਰਸਤਾਵਨਾ
- ਵਿਸ਼ਾ ਵਸਤੂ
- ਸਾਰ-ਅੰਸ਼
- ਕੇਂਦਰੀ ਸ਼ਬਦ
- ਸਵੈ-ਮੁਲਾਂਕਣ
- ਅਭਿਆਸ ਪ੍ਰਸ਼ਨ
- ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਸੰਰਚਨਾਵਾਦ ਦੀਆਂ ਸੀਮਾਵਾਂ ਨੂੰ ਜਾਣ ਸਕਣਗੇ ।
- ਸਾਹਿਤ ਵਿਚ ਉੱਤਰ ਸੰਰਚਨਾਵਾਦ ਅਧਿਐਨ ਪ੍ਰਣਾਲੀ ਦੀ ਮਹੱਤਤਾ ਤੇ ਸਾਰਥਕਤਾ ਨੂੰ ਸਮਝ ਸਕਣਗੇ।
- ਉੱਤਰ ਸੰਰਚਨਾਵਾਦ ਦੀਆਂ ਸੰਭਾਵਨਾਂਵਾਂ ਨੂੰ ਸਮਝਦੇ ਹੋਏ ਸਾਹਿਤ ਆਲੋਚਨਾ ਦੇ ਨਵੇਂ ਪਾਸਾਰਾਂ ਦਾ ਅਧਿਐਨ ਕਰ ਸਕਣ ਦੇ ਕਾਬਲ ਹੋਣਗੇ।

## ਪ੍ਰਸਤਾਵਨਾ:

ਇਹ ਅਧਿਆਇ ਉੱਤਰ ਸੰਰਚਨਾਵਾਦ ਦੇ ਵਿਸ਼ੇ ਨਾਲ ਜੁੜਿਆ ਹੋਇਆ ਹੈ। ਇਸ ਅਧਿਆਇ ਵਿਚ ਇਹ ਵਿਚਾਰ ਕੀਤੀ ਗਈ ਹੈ ਕਿ ਉਹ ਕਿਹੜੀਆਂ ਧਾਰਨਾਵਾਂ ਹਨ ਜੋ ਸੰਰਚਨਾਵਾਦ ਤੋਂ ਉੱਤਰ-ਸੰਰਚਨਾਵਾਦ ਵਿਚ ਤਬਦੀਲੀ ਲਈ ਕਾਰਨ ਬਣਦੀਆਂ ਹਨ। ਸੰਰਚਨਾਵਾਦ ਤੋਂ ਬਾਅਦ ਜੋ ਚਿੰਤਨ ਅਤੇ ਅਧਿਐਨ ਸਾਮ੍ਹਣੇ ਆਇਆ ਉਸ ਨੇ ਨਵੀਂਆਂ ਅੰਤਰਦ੍ਰਿਸ਼ਟੀਆਂ ਪੇਸ਼ ਕੀਤੀਆਂ। ਨਵੇਂ ਸੰਵਾਦ ਨੇ ਸਾਹਿਤ ਤੇ ਭਾਸ਼ਾ ਨੂੰ ਨਵੀਂਆਂ ਦਿਸ਼ਾਂਵਾਂ ਪ੍ਰਦਾਨ ਕੀਤੀਆਂ। ਸੋ ਇਸ ਅਧਿਆਇ ਦੀ ਲੜੀ ਦੇ ਇਸ ਲੈਕਚਰ ਵਿਚ ਵਿਦਿਆਰਥੀ ਸੰਰਚਨਾਵਾਦ ਤੋਂ ਅਗਾਂਹ ਦੀ ਵਿਚਾਰਧਾਰਾ ਨੂੰ ਸਮਝਣ ਦੇ ਸਮਰੱਥ ਹੋਣਗੇ। ਸੋਸਿਊਰ ਤੇ ਨਵੇਂ ਚਿੰਤਕਾਂ ਦੀ ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ ਕਰ ਸਕਣਗੇ।

## ਵਿਸ਼ਾ ਵਸਤੂ:

ਸੰਰਚਨਾਵਾਦ ਤੋਂ ਬਾਅਦ ਜੋ ਚਿੰਤਨ ਅਤੇ ਸੰਵਾਦ ਸਾਮ੍ਹਣੇ ਆਇਆ ਉਸ ਨੇ ਜੋ ਨਵੀਂਆਂ ਅੰਤਰ-ਦ੍ਰਿਸ਼ਟੀਆਂ ਪੇਸ਼ ਕੀਤੀਆਂ, ਉਸ ਨੂੰ ਉੱਤਰ ਸੰਰਚਨਾਵਾਦ ਕਿਹਾ ਜਾਦਾ ਹੈ। ਕਈ ਵਿਸ਼ੇਸ਼ਗਾਂ ਦਾ ਵਿਚਾਰ ਹੈ ਕਿ ਮੁਢਲੇ ਦੌਰ ਵਿਚ ਹੀ ਬਾਦ ਦੀਆਂ ਚਿੰਤਨ-ਪ੍ਰਵਿਰਤੀਆਂ ਦੇ ਤੱਤ ਲੁਕੇ ਹੋਏ ਸਨ। ਇਹ ਵੀ ਆਖਿਆ ਜਾ ਸਕਦਾ ਹੈ ਕਿ ਸੰਰਚਨਾਵਾਦ ਦੇ ਜਿਹੜੇ ਤਾਰਕਿਕ ਨਤੀਜੇ ਹੋ ਸਕਦੇ ਸਨ, ਉਤਰ ਸੰਰਚਨਾਵਾਦ ਉਨ੍ਹਾਂ ਨੂੰ ਕਾਰਜਸ਼ੀਲ ਕਰਦਾ ਹੈ | ਬਹਿਰਹਾਲ ਤੱਥ ਇਹ ਹੈ ਕਿ ਸੰਰਚਨਾਵਾਦ ਨੇ ਜਿਨ੍ਹਾਂ ਵਿਗਿਆਨਕ ਤੇ ਵਸਤੂ ਮੁਲਕ ਉਮੀਦਾਂ ਨੂੰ ਜਨਮ ਦਿੱਤਾ ਸੀ, ਉੱਤਰ-ਸੰਰਚਨਾਵਾਦ ਉਨ੍ਹਾਂ ਨੂੰ ਨਕਾਰਦਾ ਹੈ । ਮਨੁੱਖੀ ਚਿਹਨ-ਪ੍ਰਬੰਧਾਂ ਦੇ ਰਹੱਸ ਉਪਰ ਅਧਿਕਾਰ ਹਾਸਿਲ ਕਰਨ ਦਾ ਜਿਹਾ ਸੰਕਲਪ ਸੰਰਚਨਾਵਾਦ ਨੇ ਸਥਾਪਿਤ ਕੀਤਾ ਸੀ ਉਹ ਬਹੁਤ ਉਤਸ਼ਾਹ ਭਰਪੂਰ ਸੀ, ਪਰ ਉੱਤਰ-ਸੰਰਚਨਾਵਾਦ ਅਜਿਹੇ ਦਾਵਿਆਂ ਨੂੰ ਖੋਖਲਾ ਸਿਧ ਕਰਦਾ ਹੈ । ਭਾਵ ਇਹ ਕਿ ਸੰਰਚਨਾਵਾਦ ਉਪਰ ਉੱਤਰ-ਸੰਰਚਨਾਵਾਦ ਦੇ ਇਤਰਾਜ਼ ਬੁਨਿਆਦੀ ਤੌਰ ਤੇ ਸਵੈ ਆਲੋਚਨਾ ਦੀਆਂ ਪ੍ਰਵਿਰਤੀਆਂ ਦੀ ਦੇਣ ਹੈ ਕਿਉਂਕਿ ਉੱਤਰ-ਸੰਰਚਨਾਵਾਦ ਦੇ ਵਿਸ਼ੇਸ਼ੱਗ ਅਸਲ ਵਿਚ ਸੰਰਚਨਾਵਾਦ ਦੇ ਹੀ ਵਿਸ਼ੇਸ਼ੱਗ ਸਨ, ਜਿਨ੍ਹਾਂ ਨੂੰ ਸੰਰਚਨਾਵਾਦ ਦੀਆਂ ਕਮਜ਼ੋਰੀਆਂ ਦਾ ਬੋਧ ਹੈ ਅਤੇ ਜਿਹੜੇ ਸਖਤੀ ਨਾਲ ਆਪਣੀ ਖੋਜ ਪੜਤਾਲ ਕਰਦੇ ਹਨ ।

ਸੇਲਡਨ ਦਾ ਕਹਿਣਾ ਹੈ ਕਿ ਧਿਆਨ ਨਾਲ ਦੇਖਿਆ ਜਾਵੇ ਤਾਂ ਸੋਸਿਊਰ ਦੇ ਦਰਸ਼ਨ ਵਿਚ ਹੀ ਉੱਤਰ-ਸੰਰਚਨਾਵਾਦ ਦੇ ਤੱਤ ਮਿਲ ਜਾਂਦੇ ਹਨ। ਜਿਹਾ ਕਿ ਅਸੀਂ ਜਾਣਦੇ ਹਾਂ, “ਲਾਂਗ' ਭਾਸ਼ਾ ਦਾ ਉਹ ਸੰਪੂਰਣ ਭਾਸ਼ਾਈ ਪ੍ਰਬੰਧ ਹੈ, ਜਿਹੜਾ ਵਿਅਕਤੀਗਤ ਉਚਾਰ ਅਰਥਾਤ ‘ਪੈਰੋਲ' ਦੇ ਪਿਛੇ ਕਾਰਜ਼ਸ਼ੀਲ ਰਹਿੰਦਾ ਹੈ । ਚਿਹਨ ਦੇ ਵੀ ਦੋ ਪੱਖ ਹਨ- ਚਿਹਨਕ' ਤੇ ‘ਚਿਹਨਿਤ'-ਸਿੱਕੇ ਦੇ ਦੋ ਪਾਸਿਆਂ ਦੇ ਸਮਾਨ । ਤਾਂ ਵੀ ਸੋਸਿਊਰ ਇਸ ਗੱਲ ਨੂੰ ਵੀ ਮੰਨਦਾ ਹੈ ਕਿ ‘ਚਿਹਨਿਕ' ਅਤੇ ‘ਚਿਹਨਿਤ' ਦਾ ਸੰਬੰਧ ਅਨਿਵਾਰੀ ਨਹੀਂ । ਕਦੇ ਕਦੇ ਇਕ ਚਿਹਨਕ signifier ਦੋ ਚਿਹਨਿਤਾਂ signified ਲਈ ਕਾਰਜ ਕਰਦਾ ਹੈ ਜਿਵੇਂ ਉਰਦੂ ਵਿਚ ਜ਼ਬਾਨ ‘ਭਾਸ਼ਾ` ਵੀ ਹੈ (ਹਿੰਦੀ ਜ਼ਬਾਨ, ਅਰਬੀ ਜ਼ਬਾਨ ਆਦਿ) ਅਤੇ “ਮੈਂ ਵੀ ਮੂੰਹ ਮੇ ਜ਼ਬਾਨ ਰਖਤਾ ਹੂੰ' ਵਾਲੀ ਜ਼ਬਾਨ (ਜੀਭ) ਵੀ । ਭਾਵ ਇਹ ਹੈ ਕਿ ਕਈ ਵਾਰ ਇਕ ‘ਚਿਹਨਕ' ਦੋ ਅਰਥਾਂ (ਅਰਥ=ਚਿਹਨਿਤ) ਲਈ ਪ੍ਰਯੋਗ ਹੁੰਦਾ ਹੈ । ਸ਼ਬਦ ਜ਼ਬਾਨ ਫਾਰਸੀ ਮੂਲ ਦਾ ਹੈ ਅਤੇ ਉਸਦਾ ਇਹ ਪ੍ਰਯੋਗ ਭੀ ਫਾਰਸੀ ਤੋਂ ਆਇਆ ਹੈ । ਅੰਗ੍ਰੇਜ਼ੀ ਵਿਚ ਵੀ ਟੰਗ tongue ਭਾਸ਼ਾ ਯਾਨੀ ਲੈਂਗੁਏਜ਼ ਜਾਂ ਸਪੀਚ ਦੇ ਅਰਥਾਂ ਵਿਚ ਵੀ ਇਸਤੇਮਾਲ ਹੁੰਦਾ ਹੈ, ਪਰ ਜਿਸ ਤਰ੍ਹਾਂ ਉਰਦੂ ਜਾਂਫਾਰਸੀ ਵਿਚ ਬੋਲਣ ਵਾਲੀ ਜ਼ਬਾਨ ਅਤੇ ਬੋਲੀ ਜਾਣ ਵਾਲੀ ਜ਼ਬਾਨ (ਭਾਸ਼ਾ) ਤੋਂ ਬੋਲਣ ਵਾਲੀ ਜ਼ਬਾਨ (ਜੀਭ) ਦਾ ਭਾਵ ਦੇ ਸਕਦੀ ਹੈ, ਅੰਗੇਜ਼ੀ ਵਿਚ ਟੰਗ ਤੋ ਲੈਂਗੁਏਜ਼ ਦਾ ਤਾਂ ਭਾਵ ਲਿਆ ਜਾ ਸਕਦਾ ਹੈ ਪਰ ਲੈਂਗੁਏਜ਼ ਤੋਂ ਟੰਗ ਦਾ ਭਾਵ ਨਹੀਂ ਲਿਆ ਜਾ ਸਕਦਾ | ਅਰਥਾਤ ਅਰਥ ਨੂੰ ਉਲਟਾ ਨਹੀਂ ਕਰ ਸਕਦੇ । ਅਰਬੀ ਵਿਚ ਲਿਸਾਨ ਅਤੇ ਲੁਗਤ ਹੈ।ਲਿਸਾਨ ਦੋਹਾਂ ਅਰਥਾਂ ਵਿਚ ਅਤੇ ਲੁਗਤ ਸਿਰਫ ਭਾਸ਼ਾ ਲਈ ਹੈ । ਹਿੰਦੀ ਤੇ ਸੰਸਕ੍ਰਿਤ ਦੀ ਸੀਥਤੀ ਭਿੰਨ ਹੈ। ਭਾਸ਼ਾ ਤੇ ਜੀਭ' (ਸੰਸਕਿਰਤ ਵਿਚ ਜਿਹਵਾ) ਨਾ ਸਿਰਫ ਦੋਹਾਂ ਨੂੰ ਇਕ ਦੂਸਰੇ ਦੇ ਅਰਥਾਂ ਵਿਚ ਨਹੀਂ, ਸਗੋਂ ਜੀਭ ਨੂੰ ਭਾਸ਼ਾ ਦੇ ਅਰਥ ਵਿਚ ਨਹੀਂ ਬੋਲ ਸਕਦੇ । ਇਸ ਤਰ੍ਹਾਂ ਸਿਧ ਹੈ ਕਿ ਵਿਭਿੰਨ ਭਾਸ਼ਾਵਾਂ ਵਿਭਿੰਨ ਰੀਤਾਂ ਨਾਲ ਵਸਤੂਆਂ ਤੇ ਸਕੰਲਪਣਾਵਾਂ ਨੂੰ ਸੂਤਰਬੱਧ ਕਰਦੀਆਂ ਹਨ ਅਤੇ ਚਿਹਨਕ ਅਤੇ ਅਰਬ ਦੇ ਸਬੰਧਾਂ ਦਾ ਆਪਣੇ ਢੰਗ ਨਾਲ ਗਠਨ ਕਰਦੀਆਂ ਹਨ । ਸੋਸਿਊਰ ਦਾ ਇਕ ਬਹੁਤ ਮਹੱਤਵਪੂਰਣ ਕਥਨ ਹੈ :

A linguistic system is a series of differences of sounds combined with a series of differences of ideas.

ਇਕ ਭਾਸ਼ਾਈ ਪ੍ਰਬੰਧ ਧੁਨੀਆਂ ਦੀ ਭਿੰਨਤਾ ਦੀਆਂ ਲੜੀਆਂ ਨਾਲ ਸੰਗਠਿਤ ਹੈ । ਮਿਸਾਲ ਵਜੋਂ ਹਿੰਦੀ-ਉਰਦੂ ਦੇ ਚਿਹਨ-ਪ੍ਰਬੰਧਾਂ ਵਿਚ ਸ਼ਬਦ ਰਾਤ ਆਪਣੇ ਵਿਸ਼ੇਸ਼ ਅਰਥ ਇਸ ਲਈ ਦਿੰਦਾ ਹੈ ਕਿ ਇਹ ਤਿੰਨ ਧੁਨੀਆਂ ਦੇ ਸਮੂਹ ਦੇ ਰੂਪ ਵਿਚ ਸਿਰਫ ਇਕ ਧੁਨੀ ਦੀ ਭਿੰਨਤਾ ਦੇ ਕਾਰਣ ‘ਬਾਤ', ‘ਪਾਤ', ‘ਜ਼ਾਤ', ‘ਲਾਤ', ‘ਸਾਤ, ਮਾਤ।

ਗਾਤ ਆਦਿ ਤੋਂ ਭਿੰਨ ਹੈ । ਸਪਸ਼ਟ ਹੈ ਕਿ ਧੁਨੀਆਂ ਦਾ ਇਹ ਅੰਤਰ ਅਰਥਾਂ ਦੇ ਉੱਤਰ ਸੰਰਚਨਾਵਾਦ ਅੰਤਰ ਨਾਲ ਜੁੜਿਆ ਹੋਇਆ ਹੈ | ਸੋਸਿਊਰ ਦਾ ਬਹੁਤ ਮਹੱਤਵਪੂਰਣ ਕਥਨ ਹੈ :

In language there are only differences without positive terms.

ਭਾਸ਼ਾ ਵਿਚ ਸਿਰਫ਼ ਭਿੰਨਤਾਵਾਂ ਹੀ ਭਿੰਨਤਾਵਾਂ ਹਨ ਸਕਾਰਾਤਮਕ ਤੱਤ ਨਹੀਂ ਹਨ,ਪਰ ਕਿਧਰੇ ਕੋਈ ਇਸ ਗੱਲ ਦਾ ਗ਼ਲਤ ਅਰਥ ਨਾ ਕੱਢ ਲਵੇ, ਸੋਸਿਊਰ ਪ੍ਰਤਿਬੰਧ ਲਾਉਂਦਾ ਹੈ ਕਿ “ਜੇ ਚਿਹਨਕ' ਤੇ ‘ਅਰਥ' ਨੂੰ ਅਲਗ ਅਲਗ ਲਿਆ ਜਾਵੇ ਤਾਂ,ਕਿਉਂਕਿ ਇਹ ਆਮ ਪ੍ਰਵਿਰਤੀ ਹੈ ਕਿ ਅਰਥ ਖੁਦ ਆਪਣਾ ਚਿਹਨਕ ਤਲਾਸ਼ ਕਰਦਾਹੈ ਅਤੇ ਉਸ ਨਾਲ ਮਿਲ ਕੇ ਸਕਾਰਾਤਮਕ ਅਦਵੈਤ ਵਿਚ ਢਲ ਜਾਂਦਾ ਹੈ । ਇਹ ਗੱਲ ਯਾਦ

ਰਹੇ ਕਿ ਫਰਾਇਡ ਤੋਂ ਪਹਿਲਾਂ ਦੇ ਚਿੰਤਕਾਂ ਲਈ ਅਰਥ-ਉੱਤਪਤੀ signification ਦੀ ਪ੍ਰਕਿਰਿਆ ਵਿਚ ਕਿਸੇ ਨ ਕਿਸੇ ਤਰਾਂ ਦੀ ਸਥਿਰਤਾ ਦੇਖਣਾ,ਸੁਭਾਵਕ ਤੱਥ ਹੈ, ਇਸਲਈ ਸੋਸਿਊਰ ਇਸਦਾ ਅਪਵਾਦ ਨਹੀਂ । ਭਾਵੇਂ ਉਹ 'ਚਿਹਨਕ ਤੇ ਅਰਥ' ਦੇ ਸੰਬੰਧ ਨੂੰ ਖੁਦਮੁਖਤਾਰ ਐਲਾਨਦਾ ਹੈ ਪਰ ਇਹ ਵੀ ਆਖਦਾ ਹੈ ਕਿ ਜਿਥੋਂ ਤਕ ਰੀਤ ਦਾ ਸੰਬੰਧ ਹੈ, ਵਿਸ਼ੇਸ਼ 'ਚਿਹਨਕ' ਵਿਸ਼ੇਸ਼ 'ਅਰਥਾਂ' ਨਾਲ ਜੁੜ ਜਾਂਦੇ ਹਨ ਅਤੇ ਉਨਾਂ ਵਿਚ ਇਕ ਤਰਾਂ ਦੀ ਸਥਿਰਤਾ ਉਤਪੰਨ ਹੋ ਜਾਂਦੀ ਹੈ ਅਤੇ ਇਉਂ ਇਹ ਇਕ ਇਕਾਈ ਬਣ ਜਾਂਦੇ ਹਨ ਤਥਾ ਅਰਥ ਦੀ ਪਛਾਣ ਸਥਾਪਿਤ ਹੋ ਜਾਂਦੀ ਹੈ । ਇਸਦੇ ਉਲਟ ਉੱਤਰ-ਸੰਰਚਨਾਵਾਦੀ ਪ੍ਰਵਚਨ ਦੀ ਪ੍ਰਗਟ ਵਿਸ਼ੇਸ਼ਤਾ ਇਹ ਹੈ ਕਿ ਅਰਥ-ਉਤਪਤੀ ਦੀ ਪ੍ਰਕਿਰਿਆ ਨੂੰ ਸਰੂਪ ਦੀ ਦ੍ਰਿਸ਼ਟੀ ਤੋਂ ਲਾਜ਼ਮੀ ਤੌਰ ਅਸਥਿਰ essentially unstable ਮੰਨਦਾ ਹੈ । 'ਚਿਹਨ' ਦੋ ਨਿਸ਼ਚਿਤ ਪਾਸਿਆਂ ਵਾਲੀ ਇਕਾਈ ਨਹੀਂ ਹੈ, ਸਗੋਂ ਇਹ ਦੋ ਗਤੀਸ਼ੀਲ ਪਾਸਿਆਂ ਵਿਚਕਾਰ 'ਪਲ ਭਰ ਦੀ ਦੋਸਤੀ' ਹੈ। ਭਾਵੇ ਸੋਸਿਊਰ ਨੇ ਖੁਦ ਸਵੀਕਾਰ ਕੀਤਾ ਸੀ ਕਿ 'ਚਿਹਨਕ' ਤੇ ਅਰਥ' ਦੋ ਅਲਗ ਅਲਗ ਪ੍ਰਬੰਧ ਹਨ, ਪਰ ਉਹ ਇਸ ਗੱਲ ਉੱਤੇ ਵਿਚਾਰ ਨਹੀਂ ਕਰ ਸਕਿਆ ਕਿ ਜਦੋਂ ਦੋ ਪ੍ਰਬੰਧ ਆਪਸ ਵਿਚ ਜੁੜਦੇ ਹਨ ਤਾਂ ਅਰਥ ਦੀ ਏਕਤਾ ਅਸਥਿਰ ਹੋ ਜਾਂਦੀ ਹੈ । ਭਾਸ਼ਾ ਨੂੰ ਇਕ ਸ਼ੁਧ ਭਾਸ਼ਾਈ ਪ੍ਰਬੰਧ ਘੋਸ਼ਿਤ ਕਰਨ ਤੋਂ ਮਗਰੋਂ ਜਿਹੜਾ ਬਾਹਰੀ ਯਥਾਰਥ ਤੋਂ ਸੁਤੰਤਰ ਆਪਣੀ ਹੋਂਦ ਰਖਦਾ ਹੈ। ਭਾਵੇਂ ਸੋਸਿਊਰ ਨੇ ਚਿਹਨ ਨੂੰ ਸੰਜੁਗਤ ਰਖਣ ਦਾ ਕਿੰਨਾ ਹੀ ਜਤਨ ਕੀਤਾ, ਪਰ ਉਸਦੇ ਦੋ ਹਿੱਸੇ ਮੰਨਕੇ ਉਸਨੇ ਉਸਦੀ ਇਕਸੁਰਤਾ ਦੇ ਪ੍ਰਭਾਵਹੀਣ ਤੇ ਸਖਣੇ ਹੋ ਜਾਣ ਦਾ ਰਸਤਾ ਵੀ ਖੁਲਾ ਛੱਡ ਦਿੱਤਾ। ਬਹਿਰਹਾਲ ਇਹ ਕਾਰਜ ਉੱਤਰ ਸੰਰਚਨਾਵਾਦੀ ਵਿਚਾਰਵਾਨਾਂ ਦੇ ਹਿੱਸੇ ਆਇਆ ਅਤੇ ਉਨਾਂ ਨੇ ਚਿਹਨ ਦੀ ਅਦਵੈਤ ਨੂੰ ਵਿਚਕਾਰੋਂ ਕੱਟ ਕੇ ਖੰਡਿਤ ਕਰ ਦਿੱਤਾ ।

ਇਹ ਪ੍ਰਸ਼ਨ ਜ਼ਰੂਰ ਉਠਦਾ ਹੈ ਕਿ ਚਿਹਨ ਦੀ ਅਦਵੈਤਤਾ ਦੀ ਪੁਸ਼ਟੀ ਤਾਂ ਉਸ ਵੇਲੇ ਹੋ ਜਾਂਦੀ ਹੈ, ਜਦੋਂ ਅਸੀਂ ਸ਼ਬਦ ਕੋਸ਼ ਦਾ ਪ੍ਰਯੋਗ ਕਰਦੇ ਹਾਂ ਅਤੇ ਕਿਸੇ ਸ਼ਬਦ ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ ਦੇ ਅਰਥ ਨੂੰ ਦੇਖਦੇ ਹਾਂ । ਤਾਂ ਫਿਰ ਇਹ ਅਦਵੈਤ ਨਸ਼ਟ ਕਿਵੇਂ ਹੋ ਸਕਦਾ ਹੈ? ਸੱਚੀ ਗੱਲ ਤਾਂ ਇਹ ਹੈ ਕਿ ਸ਼ਬਦਕੋਸ਼ ਚਿਹਨ ਦੇ ਅਦੁਤੀਪਨ ਦੀ ਪੁਸ਼ਟੀ ਨਹੀਂ ਕਰਦਾ ਸਗੋਂ ਉਸ ਨਾਲ ਤਾਂ ਉਲਟੇ ਅਰਥ ਦੀ ਭਿੰਨਤਾ ਦੀ ਪੁਸ਼ਟੀ ਹੁੰਦੀ ਹੈ। ਇਹ ਇਸ ਤਰਾਂ ਕਿ ਜਿਵੇਂ ਜਿਵੇਂ ਅਸੀਂ ਕਿਸੇ ਸ਼ਬਦ ਦੀ ਪਰਿਭਾਸ਼ਾ ਸਥਾਪਿਤ ਕਰਨ ਦੀ ਪ੍ਰਕਿਰਿਆ ਵਿਚ ਅਗਾਂਹ ਵਧਦੇ ਹਾਂ ਤਿਵੇਂ ਤਿਵੇਂ ਦੂਸਰੇ ਸ਼ਬਦਾਂ ਦਾ ਸਹਾਰਾ ਲੈਣਾ ਪੈਂਦਾ ਹੈ। ਸਬਦ ਕੋਸ਼ ਵਿਚ ਹਰੇਕ ਸ਼ਬਦ ਦੇ ਅਰਥ ਦੂਸਰੇ ਸ਼ਬਦਾਂ ਨਾਲ ਦਸੇ ਜਾਦੇ ਹਨ ਅਤੇ ਫੇਰ ਉਨਾਂ ਵਿਚੋਂ ਹਰੇਕ ਸ਼ਬਦ ਆਪਣੇ ਅਰਥ ਲਈ ਹੋਰ ਵੀ ਦੁਸਰੇ ਸ਼ਬਦਾਂ ਦਾ ਮੂੰਹ ਤਕਦਾ ਹੈ ਅਤੇ ਇਉਂ ਇਹ ਇਕ ਅੰਤਹੀਣ ਕ੍ਰਮ ਹੈ, ਜੋ ਨਿਰੰਤਰ ਵਾਪਰਦਾ ਰਹਿੰਦਾ ਹੈ । ਭਾਵ ਇਹ ਕਿ ਸ਼ਬਦ ਤੇ ਅਰਥ ਦੀ ਏਕਤਾ ਤਾਰਕਿਕ ਰੂਪ ਨਾਲ ਕਦੇ ਵੀ ਸਿੱਧ ਨਹੀਂ ਕੀਤੀ ਜਾ ਸਕਦੀ, ਕਿਉਂਕਿ ਹਰੇਕ ਸ਼ਬਦ ਆਪਣੇ ਅਰਥ ਲਈ ਦੂਸਰੇ ਸ਼ਬਦਾਂ ਦਾ ਮੂੰਹ ਤਕਦਾ ਹੈ ਅਤੇ ਉਹ ਦੂਸਰੇ ਸ਼ਬਦ ਆਪਣੀ ਥਾਵ ਦੂਸਰੇ ਸ਼ਬਦਾਂ ਦੇ ਅਤੇ ਉਨਾਂ ਦੂਸਰੇ ਸ਼ਬਦਾਂ ਵਿਚੋਂ ਹਰੇਕ ਸ਼ਬਦ ਆਪਣੀ ਪਰਿਭਾਸ਼ਾ ਲਈ ਦੂਸਰੇ ਸ਼ਬਦਾਂ ਦਾ। ਅਰਥਾਤ ਇਹ ਕ੍ਰਮ ਕਦੇ ਖਤਮ ਨਹੀਂ ਹੋ ਸਕਦਾ ਅਤੇ ਜਿਤਨਾ ਅਗਾਂਹ ਵਧਦੇ ਜਾਈਏ, ਅਰਥ ਰੰਗ ਬਦਲਦਾ ਜਾਂਦਾ ਹੈ, ਅਰਥਾਤ ਹਰੇਕ ਸ਼ਬਦ ਅਰਥ ਬਣ ਜਾਂਦਾ ਹੈ ਅਤੇ ਹਰੇਕ ਅਰਥ ਸ਼ਬਦ'। ਲਗਭਗ ਦੋ ਦਹਾਕਿਆਂ ਤੋਂ ਉੱਤਰ-ਸੰਰਚਨਾਵਾਦ ਦੀ ਵਧੇਰੇ ਸ਼ਕਤੀ ਇਸ ਗੱਲ ਦੀ ਤਲਾਸ਼ ਕਰਨ ਵਿਚ ਖਰਚ ਹੋਈ ਹੈ ਕਿ ਸ਼ਬਦ' ਕਿਸ ਤਰ੍ਹਾਂ ਅਰਥ-ਦਰ-ਅਰਥ ਉਤਪੰਨ ਕਰਦਾ ਹੈ ਅਤੇ ਇਹ ਅਰਥ-ਦਰ--ਅਰਬ ਕਿਸ ਤਰਾਂ ਤਰੰਗ-ਦਰ ਤਰੰਗ ਭਾਸ਼ਾ ਤੇ ਸਾਹਿਤ ਦੇ ਜਟਿਲ ਪ੍ਰਬੰਧ ਵਿਚ ਕਾਰਜ਼ਸ਼ੀਲ ਰਹਿੰਦੇ ਹਨ ।

ਪੰਜਾਬੀ ਸਹਿਤ ਚਿੰਤਨਧਾਰਾ ਵਿੱਚ ਸਾਹਿਤ ਪ੍ਰਤੀ ਸਾਡੇ ਵਿਦਵਾਨਾ ਦੀ ਪਹੁੰਚ ਉਪਭੋਗਤਾ ਵਾਲੀ ਸੀ, ਉਤਪਾਦਕ ਵਾਲੀ ਨਹੀਂ। ਸ਼ਾਇਦ ਇਸੇ ਕਰਕੇ ਇਹ ਵਿਦਵਾਨ ਸਾਹਿਤ ਨੂੰ ਬੌਧਿਕ ਪੱਧਰ ਤੇ ਚਿੰਤਨ ਦਾ ਵਿਸ਼ਾ ਬਣਾਉਣ ਦੀ ਬਜਾਏ, ਸਿਰਜਣ ਨੂੰ ਸਿਰਜਣਾ ਦੇ ਮੁਹਾਵਰੇ ਵਿੱਚ ਪੜ੍ਹਨ ਤੇ ਵਿਚਾਰਣ ਦੇ ਆਦੀ ਸਨ। ਇਉਂ ਇਹ ਅਲੋਚਨਾ ਲਿਖਤ ਯੁੱਗ ਤੋਂ ਵਧੇਰੇ , ਮੌਖਿਕ ਯੁੱਗ ਦੀ ਵਸਤ ਨਜ਼ਰ ਆਉਂਦੀ ਹੈ। ਸਾਹਿਤ ਨੂੰ ਅਨੁਕਰਣ ਦੇ ਅਰਥਾਂ ਵਿੱਚ ਗ੍ਰਹਿਣ ਕਰਨ ਦੀ ਪ੍ਰਵਿਰਤੀ ਸਾਡੀ ਮੁੱਢਲੀ ਸਾਹਿਤ ਅਲੋਚਨਾ ਵਿੱਚਬੜੀ ਪ੍ਰਬਲ ਰਹੀ ਹੈ। ਅਜੋਕੇ ਸਾਹਿਤ ਚਿੰਤਨ ਵਿੱਚ ਵੀ ਇਸ ਪ੍ਰਕਿਰਤੀ ਦੀ ਹੋਂਦ ਨੂੰ ਕਿਤੇਕਿਤੇ ਪਛਾਣਿਆ ਜਾ ਸਕਦਾ ਹੈ। ਇਹ ਸਾਹਿਤ ਚਿੰਤਨ ਬਹੁਤਾ ਕਰਕੇ ਰੂਪ ਤੇ ਵਸਤੂ, ਯਥਾਰਥ ਤੇ ਗਲਪ, ਮਾਧਿਅਮ ਤੇ ਉਦੇਸ਼ ਆਦਿ ਕੁੱਝ ਦਵੈਤ ਉੱਪਰ ਆਧਾਰਿਤ ਹੀ ਨਜ਼ਰ ਆਉਂਦਾ ਹੈ। ਇਉਂ ਇਹ ਪ੍ਰਵਿਰਤੀ ਇਹ ਸੰਸਕਾਰ ਬਣਕੇ ਸਾਡੇ ਸਾਹਿਤ ਚਿੰਤਨ ਵਿੱਚ ਸੁਰੂ ਤੋਂ ਹੀ ਕਾਰਜਸ਼ੀਲ ਰਹੀ ਹੈ। ਇਸ ਦੌਰ ਨਾਲ ਸਬੰਧਿਤ ਬਹੁਤ ਅਲੋਚਕ ਕਿਸੇ ਪਰੀ ਕਲਪਿਤ ਧਾਰਨਾ ਜਾਂ ਹਿੱਤਾਂ ਨਾਲ ਸਾਹਿਤ ਵਿੱਚ ਪ੍ਰਵੇਸ਼ ਕਰਦੇ ਹਨ, ਜਦੋਂ ਉਨ੍ਹਾਂ ਨੂੰ ਸਾਹਿਤ ਰਚਨਾ ਵਿੱਚੋ ਕੋਈ ਸੰਤੁਸ਼ਟੀ ਪ੍ਰਾਪਤੀ ਨਹੀਂ ਹੁੰਦੀ, ਤਾਂ ਉਹ ਉਸ ਨੂੰ ਨਕਾਰਨ ਦੀ ਹੱਦ ਤੱਕ ਪਹੁੰਚ ਜਾਂਦੇ ਹਨ। ਇਸ ਅਲੋਚਨਾ ਵਿੱਚੋ ਖੰਡਨ ਮੰਡਨ ਅਤਿ ਦੀ ਪ੍ਰਸੰਸਾ ਦੇ ਵਿਰੋਧ ਦਾ ਸੁਰ ਬੜ੍ਹੇ ਪ੍ਰਚੰਡ ਰੂਪ ਵਿੱਚ ਅਲਾਪਦਾ ਪ੍ਰਤੀਕ ਹੁੰਦਾ ਹੈ। ਇੱਛਤ ਤੇ ਪ੍ਰਾਪਤ ਵਸਤੂ ਦੇ ਵਿਚਾਲੇ ਦਾ ਤਨਾਓ ਇਸ ਅਲੋਚਨਾ ਦੀ ਬੁਨਿਆਦੀ ਪਹਿਚਾਣ ਹੋ ਨਿਬੜਦੀ ਹੈ। ਇਨ੍ਹਾਂ ਕਾਰਨਾਂ ਕਰਕੇ ਇਸ ਅਲੋਚਨਾ ਨੂੰ ਸੰਚਲਿਤ ਚਿੰਤਨ ਜਾਂ ਸਮਾਅਲੋਚਨਾ ਦੀ ਕੋਟੀ ਵਿੱਚ ਨਹੀਂ ਰੱਖਿਆ ਜਾ ਸਕਦਾ।

ਇੱਥੇ ਅਲੋਚਨਾ ਤੇ ਸਮੀਖਿਆ ਸ਼ਬਦ ਦੀ ਵਰਤੋਂ ਉਚੇਤ ਪੱਧਰ ਤੇ ਨਹੀਂ ਹੋਈ ਸਗੋਂ ਉਚੇਤ ਪੱਧਰ ਤੇ ਕੀਤੀ ਗਈ ਹੈ। ਆਮ ਤੌਰ ਤੇ ਇਨ੍ਹਾਂ ਦੋਹਾਂ ਸਬਦਾਂ ਦੀ ਨੂੰ ਇੱਕ ਦੂਸਰੇ ਦਾ ਸਮਾਨਾਰਥੀ ਸਮਝ ਕੇ ਬਿਨ੍ਹਾ ਅੰਤਰ ਨਿਖੇੜੇ ਕੀਤੇ ਇਨ੍ਹਾਂ ਦੀ ਵਰਤੋ ਸਹਿਜ ਰੂਪ ਵਿੱਚ ਹੁੰਦੀ ਆਈ ਹੈ। ਪਰ ਅੱਜ ਰਤਾ ਵਧੇਰੇ ਚਿੰਤਨ ਹੋਣਦੀ ਲੋੜ ਹੈ।

ਆਪਣੀ ਗੱਲ ਨੂੰ ਅੱਗੇ ਤੋਰਨ ਤੋ ਪਹਿਲਾਂ ਇਨ੍ਹਾਂ ਸ਼ਬਦਾਂ ਦੇ ਆਪੋ ਆਪਣੇ ਅਰਥਬੋਧ ਪ੍ਰਤੀ ਸਪਸ਼ਟ ਹੋਣਾ ਬਹੁਤ ਜਰੂਰੀ ਹੈ। ਇਸ ਦ੍ਰਿਸਟੀ ਤੋਂ ਦੇਖਦਿਆਂ ਅਲੋਚਨਾ ਜਿੱਥੇ ਮੰਡਨ ਖੰਡਨ ਜਾਂ ਮੁਲਾਕਣ ਦੇ ਰਾਹੇ ਤੁਰਦੀ ਹੈਉਥੇ ਸੁਮੀਖਿਆ ਸਹਿਤ ਵਿਸ਼ਲੇਸ਼ਣ ਵੱਲ ਰੁਚਿਤ ਹੁੰਦੀ ਹੈ। ਅਲੋਚਨਾ ਸਹਿਤ ਅਧਿਐਨ ਲਈ ਅਕਸਰ ਲੇਖਕ ਦੇ ਜੀਵਨ ਮੂਲਕ ਵੇਰਵਿਆਂ ਜਾਂ ਸਮਾਜਿਕ ਯਥਾਰਥ ਨੂੰ ਅਧਾਰ ਬਣਾਉਂਦੀ ਹੈ। ਇਹ ਵਿਧੀ ਸਿਸਟਮ ਚੇਤਨਾ ਰਾਹੀਂ ਸਾਹਿਤਕਾਤਾ ਨੂੰ ਪਛਾਣ ਉਪਰ ਜੋਰ ਦਿੰਦੀ ਹੈ। ਰਚਨਾ ਵਿੱਚ ਪੇਸ਼ ਅਨੁਭਵ ਤੋਂ ਤਿਥ ਥਾਪ ਕੇ ਕਿਸੇ ਨਿਸ਼ਚਤ ਵਿਧੀ ਰਾਹੀਂ ਰਚਨਾ ਸਮੱਗਰੀ ਦੇ ਵਿਸ਼ਲੇਸ਼ਣ ਰਾਹੀਂ ਸਮੀਖਿਆ ਕਾਰਜ ਸਪੰਨ ਹਿੰਦਾ ਹੈ। ਇਨ੍ਹਾਂ ਅਰ ਥਾਂ ਦੀਆ ਸਤਰਾਂ ਨੂੰ ਉਘਾੜਨ ਤੋਂ ਪਾਠ ਨੂੰ ਪ੍ਰਵਚਨ ਵਿੱਚ ਉਤਾਰਨ ਦੀ ਵਿਧੀ ਹੈ। ਸਿੱਟੇ ਵਜੋਂ ਰਚਨਾ ਪਾਠ ਰੂਪਾਂਤਰਿਤ ਹੋ ਨਿਬੜਦਾ ਹੈ।

ਪਿਛਲੇ ਕੁਝ ਸਮੇਂ ਵਿੱਚ ਆਈਆਂ ਤਬਦੀਲੀਆਂ ਕਾਰਣ ਸਮੀਖਿਆ ਅਤੇ ਅਲੋਚਨਾ ਵਿੱਚ ਅੰਤਰ ਨਿਖੇੜਾ ਬਹੁਤ ਜਰੂਰੀ ਹੋ ਗਿਆ ਹੈ। ਇਸੇ ਅਧਾਰ ਤੇ ਪੰਜਾਬੀ ਅਲੋਚਨਾ ਅਤੇ ਪੰਜਾਬੀ ਨਵੀਨ ਅਲੋਚਨਾ ਵਿਚਾਲੇ ਵੀ ਅੰਤਰ ਨਿਖੇੜਾ ਸਾਹਮਣੇ ਆਇਆ ਹੈ। ਪੰਜਾਬੀ ਵਿੱਚ ਸੁਚੇਤ ਅਤੇ ਸਿਧਾਂਤਕ ਚਿੰਤਨ ਦਾ ਅਗਾਜ ਸੰਤ ਸਿੰਘ ਸੇਖੋਂ ਦੀਆਂ ਮਾਰਕਸਵਾਦੀ ਦਰਸ਼ਨ ਤੋਂ ਪ੍ਰੇਰਿਤ ਲਿਖਤਾ ਨਾਲ ਹੋਇਆ। ਜਿਸ ਵਿੱਚ ਉਸ ਨੇ ਪੰਜਾਬੀ ਸਮਾਜ ਦੇ ਵਿਕਾਸ ਦੇ ਮੋਲਿਕ ਡਾਇਲੈਕਟਿਕਸ ਨੂੰ ਅੱਖੋਂ ਪਰੋਖੇ ਕਰਕੇ ਸਮੁੱਚੇ ਮੱਧ ਕਾਲੀ ਸਾਹਿਤ ਨੂੰ ਪ੍ਰਗਤੀ ਵਿ ਰੋਧ ਅਤੇ ਸਥਾਪਨਾਪੱਥੀ ਗਰਦਾਨ ਦਿੱਤਾ। ਇਸ ਤੋਂ ਮਗਰੋਂ ਕ੍ਰਿਸ਼ਨ ਸਿੰਘ ਉਸ ਦੀਆਂ ਧਾਰਨਾਵਾਂ ਨੂੰ ਰੱਦ ਕਰਦਿਆਂ ਮੱਧ ਕਾਲੀ ਸਾਹਿਤ ਨੂੰ ਇਸ ਦੀਆਂ ਸਿਰਜਣ ਸਥਿਤੀਆਂ ਦੇ ਸੰਦਰਭ ਵਿੱਚ ਮੁੜ ਤੋਂ ਮੁਲਾਂਕਿਤ ਕਰਦਿਆਂ ਇਸ ਵਿਚਲੇ ਕ੍ਰਾਤੀਕਾਰੀ ਅੰਸ਼ ਨੂੰ ਉਭਾਰਿਆ। ਇਸ ਉਪਰੰਤ ਮਾਰਕਸਵਾਦੀ ਸਮੀਖਿਆ ਦੀ ਚੜ੍ਹਤ ਦੇ ਲੰਬੇ ਸਮੇਂ ਦੌਰਾਨ ਬਹੁਤ ਸਮੀਖਿਆਕਾਂ ਨੇ ਭਾਰਤੀ ਕਮੀਉਨਿਸਟ ਲਹਿਰ ਵਿਚਲੀਆਂ ਵਿਰੋਧਾਵਾਂ ਦੇ ਅੰਤਰਗਤ ਵਿਭੰਨ ਸਾਹਿਤਕ ਕਿਰਤਾਂ ਤੇ ਧਾਰਨਾਵਾਂ ਬਾਰੇ ਵਿਪਰਿਤ ਧਾਰਨਾਵਾਂ ਪ੍ਰਸਤੁਤ ਕੀਤੀਆ। ਇੱਥੇ ਵੀ ਉਨ੍ਹਾਂ ਨੇ ਪੰਜਾਬੀ ਸਮਾਜ ਦੀ ਵਿਸ਼ਿਸ਼ਟ ਡਾਇਲੈਕਟਿਕਸ ਵਿੱਚ ਵਿਭਿੰਨ ਧਾਰਾਵਾਂ ਅਤੇ ਪ੍ਰਵਿਰਤੀਆਂ ਦੀ ਸਥਿਤੀ ਨਿਸਚਤ ਕਰਨ ਦੀ ਥਾਂ ਜਮਾਤੀ ਸੰਘਰਸ਼ ਦੀਆਂ ਸਾਮਾਨਯ ਮਾਕਸਵਾਦੀ ਕੋਟੀਆਂ ਨੂੰ ਇੰਨਬਿੰਨ ਲਾਗੂ ਕਰਨ ਦੀ ਰੁਚੀ ਦਿਖਾਈ ਹੈ ਜਾਂ ਫਿਰ ਰਾਸ਼ਟਰਵਾਦੀ ਵਿਰਤੀ।

ਇਸ ਗੱਲ ਵਿੱਚ ਕੋਈ ਸ਼ਕ ਨਹੀਂ ਕਿ ਪੱਛਮੀ ਸਾਹਿਤ ਚਿੰਤਨ ਦੇ ਪ੍ਰਭਵ ਅਧੀਨ ਨਵੀਂ ਪੰਜਾਬੀ ਅਲੋਚਨਾ ਦੇ ਅੰਤਰਗਤ ਕਈ ਨਵੀਆਂ ਪਹੁੰਚ ਵਿਧੀਆਂ ਅਤੇ ਮਾਡਲ ਵਿਕਸਤ ਹੋਏ। ਸਾਹਿਤ ਦੀ ਪ੍ਰਕਿਰਤੀ ਤੇ ਹੋਂਦ ਵਿਧੀ ਸਾਹਿਤ ਭਾਸ਼ਾ ਅਤੇ ਆਮ ਬੋਲਚਾਲ ਦੀ ਭਾਸ਼ਾ ਵਿੱਚ ਅੰਤਰ, ਸਾਹਿਤ ਮੱਲਾਂ, ਸਾਹਿਤ ਸੰਚਾਰ, ਪ੍ਰਕਿਰਤੀ ਤੇ ਪ੍ਰਯੋਜਕ, ਸਾਹਿਤ ਸੰਰਚਨਾ, ਰੂਪ ਤੇ ਵਸਤੂ, ਪਾਠ ਤੇ ਪ੍ਰਸੰਗ, ਪਾਠ ਤੇ ਪ੍ਰਵਚਨ, ਸਾਹਿਤ ਦੀ ਪਾਰਗਾਮਤਾ, ਸਾਹਿਤ ਦੀ ਰੂਪ ਰਚਨਾ, ਸਾਹਿਤ ਇਤਿਹਾਸ ਆਦਿ ਦੇ ਅਜਿਹੇ ਹੋਰ ਕਈ ਮਸਲੇ ਇਸ ਅਲੋਚਨਾ ਸਮੀਖਿਆ ਦੇ ਅੰਤਰਗਤ ਚਰਚਾ ਦਾ ਵਿਸ਼ਾ ਬਣੇ। ਕਈ ਨਵੇਂ ਸੰਕਲਪ ਵੱਡੀ ਮਾਤਰਾ ਵਿੱਚ ਨਵੀਂ ਪ੍ਰਭਾਸ਼ਿਕ ਸਬਦਾਬਲੀ ਹੋਂਦ ਵਿੱਚ ਆਈ। ਇਸ ਸਭ ਕੁਝ ਸਦਕਾ ਪੰਜਾਬੀ ਸਾਹਿਤ ਚਿੰਤਨ ਵਿੱਚ ਇੱਕ ਕਰਾਂਤੀਕਾਰੀ ਪਰਿਵਰਤਨ ਆਇਆ। ਇਸ ਦੌਰ ਦੀ ਸਮੁੱਚੀ ਸਮੀਖਿਆ ਨੂੰ ਤਿੰਨ ਮੁੱਖ ਪ੍ਰਵਿਰਤੀਆ ਨਾਲ ਸਬੰਧਤ ਕੀਤਾ ਜਾ ਸਕਦਾ ਹੈ।

ਰੂਪਵਾਦੀ

ਸੰਰਚਨਾਵਾਦੀ ਪ੍ਰਵਿਰਤੀ

ਮਾਰਕਸਵਾਦੀ ਪ੍ਰਵਿਰਤੀ

ਪੰਜਾਬੀ ਸਹਿਤ ਤੇ ਚਿੰਤਨ ਅੰਤਰਗਤ ਰੂਪਵਾਦੀ ਤੇ ਸੰਰਚਨਾਵਾਦੀ ਵਿਚਕਾਰ ਕੋਈ ਝਗੜਾ ਨਹੀਂ ਰਹਿਆ। ਜਦੋਂ ਕਿ ਇਹ ਦੋ ਅੱਡੋ ਅੱਡ ਪਹੁੰਚ ਵਿਧੀਆ ਹਨ। ਰੂਪਵਾਦ /ਨਵ ਆਲੋਚਨਾ ਦਾ ਯੁਗਤ ਅਧਿਐਨ ਜਦੋਂ ਕਿ ਸੰਰਚਨਾ ਦੇ ਵਿਸਲੇਸ਼ ਣ/ਨੇਮ-ਅਧਿਐਨ ਵੱਖੋ ਵੱਖਰੇ ਅਮਲ ਹਨ। ਪੰਜਾਬੀ ਦੇ ਰੂਪਵਾਦੀ ਤੇ ਸੰਰਚਨਾ ਵਾਦੀ ਵਿਦਵਾਨ ਇਸ ਪ੍ਰਤੀ ਬੜੇ ਸੁਚੇਤ ਨਜ਼ਰ ਆਉਂਦੇ ਹਨ। ਇਸ ਦੇ ਬਾਵਜੂਦ ਵੀ ਪੰਜਾਬੀ ਵਿੱਚ ਇਨ੍ਹਾਂ ਦੋਹਾਂ ਪਹੁੰਚ ਵਿਧੀਆਂ ਵਿਚਾਲੇ ਕੋਈ ਝਗੜਾ ਨਹੀਂ। ਇਸ ਦਾ ਕਾਰਨ ਇਹ ਹੋ ਸਕਦਾ ਕਿ ਪੰਜਾਬੀ ਦੇ ਸੰਰਚਨਾਵਾਦੀ ਸਮੀਖਿਆਕਾਰ ਉਹੀ ਹਨ ਜੋ ਕਦੇ ਰੂਪਵਾਦੀ ਹਨ ਜਾਂ ਸੰਰਚਨਾਵਾਦੀ ਸਨ।

ਉਪਰ ਦਿੱਤੇ ਅਨੁਸਾਰ ਪੰਜਾਬੀ ਵਿੱਚ ਸੇਖੋਂ ਅਤੇ ਕਿਸਨ ਸਿੰਘ ਦੇ ਮਾਰਕਸਵਾਦੀ ਵਿਚਾਲੇ ਅਤੇ ਸਮੁੱਚੇ ਤੌਰ ਤੇ ਮਾਰਕਸਵਾਦ ਤੇ ਸੰਰਚਨਾਵਾਦ ਵਿਚਾਲੇ ਤਿੱਖਾ ਵਿਵਾਦ ਚੱਲਦਾ ਰਿਹਾ ਹੈ। ਇਹ ਵਿਵਾਦ ਕਿਸੇ ਨਾ ਕਿਸੇ ਰੂਪ ਵਿੱਚ ਅੱਜ ਵੀ ਜਾਰੀ ਹੈ। ਬੁਨਿਆਦੀ ਤੌਰ ਤੇ ਪ੍ਰਿੰਸੀਪਲ ਸੰਤ ਸਿੰਘ ਤੇ ਪ੍ਰੋ . ਕਿਸਨ ਸਿੰਘ ਦੋਵੇਂ ਪੰਜਾਬੀ ਦੇ ਮਾਕਸਵਾਦੀ ਚਿੰਤਕ ਹਨ। ਦੋਹਾਂ ਦੀਆਂ ਮਾਰਕਸਵਾਦੀ ਮੂਲ ਧਾਰਨਾਵਾਂ ਵਿਚਕਾਰ ਬੁਨਿਆਦੀ ਅੰਤਰ ਹੈ। ਜਿੱਥੇ ਸੇਖੋਂ ਦਾ ਚਿੰਤਨ ਦਾ ਮੂਲ ਅਧਾਰ ਆਰਿਥਕਤਾ ਹੈ ਅਤੇ ਕਿਸਨ ਸਿੰਘ ਸੱਭਿਆਚਾਰ ਨੂੰ ਆਧਾਰ ਮੰਨ ਕੇ ਮਨੁੱਖ ਦੀ ਅਜ਼ਾਦੀ ਉਪਰ ਜ਼ੋਰ ਦਿੰਦਾ ਹੈ। ਇਨ੍ਹਾਂ ਦੋਹਾਂ ਦੀਆਂ ਆਪੋ ਆਪਣੀਆ ਸੀਮਾਵਾਂ ਅਤੇ ਆਪੋ ਆਪਣੇ ਨਜਰੀਏ ਤੋ ਮਾਰਕਸਵਾਦ ਦੇ ਅੰਸ਼ਿਕ ਰੂਪ ਮੰਨ ਕੇ ਪੇਸ਼ਕੀਤਾ ਹੈ।

ਦੂਜੇ ਪਾਸੇ ਪੰਜਾਬੀ ਵਿੱਚ ਡਾ. ਐਸ. ਐਸ. ਨੂਰ ਅਤੇ ਰਵਿਦੰਰ ਸਿੰਘ ਰਵੀ ਅਜਿਹੇ ਕੁਝ ਨਵ ਮਾਰਕਸਵਾਦੀ ਚਿੰਤਕ ਵੀ ਸਾਹਮਣੇ ਆਏ ਹਨ ਜਿਨ੍ਹਾਂ ਨੇ ਅਜੋਕੇ ਯੁੱਗ ਵਿੱਚ ਵਿਸ਼ਵ ਪੱਧਰ ਤੇ ਹੋ ਰਹੇ ਮਾਕਸਵਾਦੀ ਚਿੰਤਨ ਨੂੰ ਆਧਾਰ ਬਣਾ ਕੇ ਸੇਖੋਂ ਕਿਸਨ ਸਿੰਘ ਚਿੰਤਨ ਨੂੰ ਪਰੰਪਰਕ ਤੇ ਕੂੜ ਹੋ ਚੱਕੇ ਮਾਕਸਵਾਦ ਦਾ ਨਾਂ ਦਿਤਾ। ਕੁਝ ਮਾਰਕਸਵਾਦ ਦੇ ਚਿੰਤਕਾਂ ਨੇ ਸੰਰਚਨਾਵਾਦੀ ਨੂੰ ਮਾਰਕਸਵਾਦ ਦਾ ਵਿਰੋਧੀ ਮੰਨਕੇ ਉਸ ਉਪਰ ਤਿੱਖਾ ਅਕਰਸਣ ਕੀਤਾ। ਸੰਰਚਨਾਵਾਦ ਨੂੰ ਚੇਤਨ ਨੇਮਾਂ ਤੋਂ ਆਸ਼ਰਿਤ ਜੁਗਤਾਂ ਦਾ ਅਧਿਐਨ ਕਹਿ ਕੇ ਇਸਦਾ ਕਰੜਾ ਵਿਰੋਧ ਕੀਤਾ। ਮਾਰਕਸਵਾਦੀ ਚਿੰਤਕਾਂ ਦਾ ਸੰਰਚਨਾਵਾਦ ਉਪਰ ਆਕਰਸ਼ਣ ਉਸੇ ਰੂਪ ਵਿੱਚ ਜਾਰੀ ਰਿਹਾ। ਪਰ ਮਗਰੋਂ ਜਿ ਹੇ ਜਾ ਕੇ ਸੰਰਚਨਾਵਾਦੀ ਚਿੰਤਕਾਂ ਨੇ ਇਹ ਧਾਰਨਾ ਬਣਾਈ ਕੇ ਮਾਰਕਸਵਾਦ ਦਰਸ਼ਨ ਹੈ ਅਤੇ ਸੰਰਚਨਾਵਾਦ ਅਧਿਐਨ ਵਿਧੀ ਨਾਲ ਸਬੰਧਿਤ ਇੱਕ ਸੰਕਲਪ ਹੈ।

ਪੰਜਾਬੀ ਸਾਹਿਤ ਚਿੰਤਨ ਦਾ ਦੁਖਾਂਤ ਇਹ ਰਿਹਾ ਹੈ ਕਿ ਅਸੀਂ ਹਰ ਵਾਦ ਨੂੰ ਇੱਕ ਮਿੱਥ ਵਾਂਗ ਗ੍ਰਹਿਣ ਤੇ ਪ੍ਰਚਿਲਤ ਕੀਤਾ। ਸਾਡੇ ਵਿਦਵਾਨਾਂ ਦੀ ਮਜਬੂਰੀ ਇਹ ਰਹੀ ਹੈ ਕਿ ਉਨ੍ਹਾਂ ਨੇ ਮਾਰਕਸਵਾਦ ਤੇ ਸੰਰਚਨਾਵਾਦ ਨੂੰ ਵੀ ਧਰਮ ਵਾਂਗ ਗ੍ਰਹਿਣ ਕੀਤਾ ਤੇ ਪ੍ਰਚਾਰਿਆ ਹੈ। ਇਸ ਸਭ ਕੁਝ ਦੇ ਪਿਛੋਕੜ ਵਿੱਚ ਕੋਈ ਵਿਗਿਆਨਿਕ ਜਾਂ ਚਿਹਨ ਕਿਰਿਆਸ਼ੀਲ ਨਹੀਂ ਸੀ , ਕਿਉਂਕਿ ਅਸੀਂ ਸੁਰੂ ਤੋਂ ਹੀ ਸਮੀਖਿਆ ਦੀਆਂ ਵੱਖ ਮਿਥੀਆਂ ਉਦਾਹਰਣਾਂ ਦੇ ਆਦੀ ਹੋ ਰਹੇ ਹਾਂ। ਪਰੰਪਰਕ ਪੰਜਾਬੀ ਅਲੋਚਨਾ ਵਿੱਚ ਮਿਥਿਕ ਭਾਵਨਾ ਕਾਫੀ ਹਾਵੀ ਰਹੀ ਹੈ। ਨਵੀਨ ਪੰਜਾਬੀ ਆਲੋਚਨਾ ਸਮੀਖਿਆ ਵਿੱਚ ਇਹ ਭਾਵਨਾ ਘਟੀ ਨਹੀਂ ਉਸ ਨੇ ਚੇਤਨ ਰੂਪ ਬਦਲਿਆ ਹੈ। ਇਸ ਨਾਲ ਸਾਡੀ ਬੋਧਿਕ ਸੂਝਬੂਝ ਵਿੱਚ ਕਾਫ਼ੀ ਵਾਧਾ ਹੋਇਆ ਹੈ।

ਇਹ ਪ੍ਰਵਾਣਿਤ ਤੱਥ ਹੈ ਕਿ ਪੱਛਮ ਵਿੱਚ ਉਤਰ ਸੰਰਚਨਾਵਾਦ, ਸੰਰਚਨਾਵਾਦ ਦੀਆ ਸੀਮਾਵਾਂ ਸਾਹਮਣੇ ਆਉਣ ਤੋਂ ਮਗਰੋਂ ਹੀ ਹੋਂਦ ਵਿੱਚ ਆਇਆ। ਉਤਰ ਸਰੰਚਨਾਵਾ ਦ ਨੂੰ ਕਈ ਵਾਰ ਸਮਾਨਯ ਅਰਥਾਂ ਵਿੱਚ ਵਰਤਿਆ ਜਾਂਦਾ ਹੈ ਅਤੇ ਕਦੀ ਵਿਚਰਨਾ ਜਾਂ ਵਿਖੰਡਨਾ ਦੇ ਪਰਾਇਆਵਾਚੀ ਵਜੋਂ। ਚਿੰਤਕ ਕਈ ਵਾਰ ਇਸ ਨੂੰ ਵਿਸ਼ਾਲ ਅਰਥਾਂ ਵਿੱਚ ਇਸਤੇਮਾਲ ਕਰਦੇ ਹੋਏ ਵਿਰਚਨਾ ਜਾਂ ਵਿਖੰਡਨਾ ਨੂੰ ਇਸ ਲਹਿਰ ਦੇ ਇੱਕ ਜੁਜ ਵਜੋਂ ਗ੍ਰਹਿਣ ਕਰਦੇ ਹਨ। ਸਾਹਿਤ ਸਿਧਾਂਤ ਅਤੇ ਅਲੋਚਨਾ ਦੇ ਖੇਤਰ ਵਿੱਚ ਇੱਕ ਸਮਾਨਯ ਸੰਕਲਪ ਵਜੋਂ ਇਸ ਦਾ ਪ੍ਰਯੋਗ 1970 ਦੇ ਆਸ ਪਾਸ ਹੋਇਆ। ਇਸ ਦੇ ਅਰਥਾਂ ਵਿਚਲੀ ਬਹੁਅਰਥਤਾ ਅਤੇ ਅਨਿਸ਼ਚਿਤਤਾ ਵੱਲ ਇਸ਼ਾਰਾ ਕਰਦੇ ਹੋਏ Dictionary of modern critical terms ਵਿੱਚ ਠੀਕ ਲਿਖਿਆ ਹੈ ਕਿ "Like all such compounds it is ambiguous is the relation to structuralism one of the succession of super cession? That is, do we see poststructuralist as simply later that its predecessor, or is it in same sense an advance both usages can be found and post structuralism covers so many practices that it is impossible to define. (Rogerfowler"ed")"

ਉੱਤਰ ਸੰਰਚਨਾਵਾਦ ਨੂੰ ਚਾਹੇ ਵਿਰਚਨਾ-ਸਿਧਾਂਤ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ, ਲੇਕਿਨ ਇਸ ਦੇ ਬਾਵਜੂਦ ਇਸ ਨੂੰ ਇਸ ਰਾਹੀਂ ਹੀ ਮੁੱਢਲੇ ਤੌਰ ਉੱਪਰ ਪਛਾਨਣ ਦਾ ਉੱਦਮ ਕੀਤਾ ਜਾਂਦਾ ਹੈ। ਉੱਤਰ ਸੰਰਚਨਾਵਾਦ ਦੇ ਉਦਭਵ ਦੇ ਪ੍ਰਸੰਗ ਵਿੱਚ ਯੱਕ ਦੈਰੀਦਾ ਦੇ ਇੱਕ ਭਾਸ਼ਣ "The structure, sigh and play in the discourse of the human sciences",ਜੋ ਉਸ ਨੇ 1966 ਈ. ਵਿੱਚ ਅਮਰੀਕਾ ਦੀ ਹਾਪਕਿਨਜ਼ ਯੂਨੀਵਰਸਿਟੀ ਵਿਖੇ ਦਿੱਤਾ, ਦਾ ਮੁੱਢਲੇ ਦਸਤਾਵੇਜ਼ ਵਜੋਂ ਜ਼ਿਕਰ ਕੀਤਾ ਜਾਂਦਾ ਹੈ। ਰੋਂਲਾ ਬਾਰਤ ਦੀਆਂ ਮਗਰਲੇ ਵਰ੍ਹਿਆਂ ਦੀਆਂ ਲਿਖਤਾਂ ਖ਼ਾਸਕਰ ਉਸਦੇ ਮਜ਼ਮੂਨ "The Death of the Author " ਨੂੰ ਵਿਧੀ ਵਿਗਿਆਨ ਦੇ ਪੱਖੋਂ ਉੱਤਰ ਸੰਰਚ ਨਾਵਾਦ ਨਾਲ ਜੋੜਿਆ ਜਾਂਦਾ ਹੈ। ਉਸ ਲਈ ਵਿਭਿੰਨ ਅਰਥਾਂ ਦਾ ਉਤਪਾਦਨ ਕਰਨ ਵਾਲੀ ਪ੍ਰਕਿਰਿਆ ਮਹੱਤਵਪੂਰਨ ਸੀ ਜਿਸ ਨੂੰ ਉਸ ਨੇ "Signification" ਦਾ ਨਾਂ ਦਿੱਤਾ। ਸਾਹਿਤ ਤੇ ਸਮਾਜ ਦਾ ਦਵੰਦਾਤਮਕ ਰਿਸ਼ਤਾ , ਪਾਠ ਵਿਚਲੇ ਤੱਤਾਂ ਦੇ ਅੰਤਰ ਸੰਬੰਧਾ , ਪਾਠ ਦੀ ਬਹੁਬਚਨੀ ਹੋਂਦ ਅਤੇ ਬੌਧਿਕ ਸੁੰਦਰਤਾ ਉਹ ਬਿੰਦੂ ਹਨ , ਜਿਨ੍ਹਾਂ ਉੱਪਰ ਉਸ ਆਪਣੇ ਆਰੰਭਲੇ ਚਿੰਤਨ ਉੱਪਰ ਬਲ ਦਿੱਤਾ। ਉਸ ਨੇ ਆਪਣੀ ਰਚਨਾ S/Z (1970) ਵਿੱਚ ਬਾਲਜ਼ਾਕ ਦੇ ਨਾਵਲੈੱਟ "ਸਾਰਾਜ਼ੀਮ" ਵਿਚਲੀ ਪਾਠ ਮੂਲਕਤਾ (Textuality) ਅਤੇ ਪੂਰਵ ਰਚਿਤ ਪਾਠਾਂ ਨਾਲ ਇਸ ਦੇ ਰਿਸ਼ਤੇ ਨੂੰ ਖੋਲ੍ਹ ਕੇ ਆਪਣੀ ਵਿਹਾਰਕ ਅਧਿਐਨ ਦੀ ਯੋਗਤਾ ਦਾ ਪਰਿਚਯ ਦਿੱਤਾ। ਇਸ ਰਚਨਾ ਨੂੰ ਉੱਤਰ ਸੰਰਚਨਾਵਾਦੀ ਦੌਰ ਦੀ ਮਹੱਤਵਪੂਰਨ ਕਿਰਤ ਵਜੋਂ ਸਵੀਕਾਰਿਆ ਜਾਂਦਾ ਹੈ। ਇਸ ਵਿਸ਼ਲੇਸ਼ਣ ਰਾਹੀਂ ਉਸ ਨੇ ਸਿੱਧ ਕੀਤਾ ਕਿ ਪਾਠਕ ਉਪਭੋਗ ਕਰਤਾ ਨਹੀਂ, ਸਗੋਂ ਇੱਕ ਐਸਾ ਉਤਪਾਦਕ ਹੁੰਦਾ ਹੈ ਜੋ ਬੰਦ ਪਾਠ ਦੀਆਂ ਵਿਭਿੰਨ ਪਰਤਾਂ ਅਤੇ ਅਸੰਖਾਂ ਸੁਰਾਂ ਨੂੰ ਖੋਲ੍ਹਦਾ ਹੈ। ਉਪਭੋਗਤਾ-ਮੁਖੀ ਪਾਠ ਨੂੰ ਉਸ ਪੜ੍ਹਨਯੋਗ ਅਤੇ ਉਤਪਾਦਨ ਮੁਖੀ ਪਾਠ ਦਾ ਦਰਜਾ ਦਿੱ ਤਾ। ਦੂਸਰੀ ਕਿਸਮ ਦਾ ਪਾਠ ਹੀ ਉਸ ਲਈ ਪ੍ਰਮਾਣਿਕ ਪਾਠ ਦਾ ਦਰਜਾ ਰੱਖਦਾ ਸੀ। ਪਾਠਾਂ ਦੇ ਅੰਦਰਵਾਰ ਵਰਤਣ ਲਈ ਉਸ ਜਿਸ ਸਿਧਾਂਤਕ ਪ੍ਰਬੰਧ ਦੀ ਕਲਪਨਾ ਕੀਤੀ ਉਸਨੂੰ ਉਸ ਨੇ ਕੋਡ ਦਾ ਨਾਂ ਦਿੱਤਾ। 30 ਪੰਨਿਆਂ ਦੀ ਰਚਨਾ ਉੱਪਰ ਦੋ ਸੌ ਪੰਨਿਆਂ ਦੀ ਸਮੀਖਿਆ ਵਿੱਚ ਉਸ ਇਸ ਪਾਠ ਨੂੰ 261 ਪੜ੍ਹਨ-ਅੰਗਾਂ (Lexias) ਅਤੇ ਪੰਜ ਕੋਡਾਂ(Hermeneutic, Semic, Symbol, Prouretic, Cultural) ਵਿੱਚ ਵੰਡ ਕੇ ਪ੍ਰਸਤੁਤ ਕੀਤਾ। ਭਾਸ਼ਾ ਬੋਲਦੀ ਹੈ, ਮਨੁੱਖ ਨਹੀਂ। ਲਿਖਦੀ ਲਿਖਦੀ ਹੈ, ਲੇਖਕ ਨਹੀਂ। ਸੱਭਿਆਚਾਰਕ ਤੇ ਸਾਹਿਤਕ ਪ੍ਰਬੰਧਾਂ ਤੋਂ ਟੁੱਟ ਕੇ ਕੋਈ ਲਿਖਤ ਹੋਂਦ ਵਿੱਚ ਨਹੀਂ ਆ ਸਕਦੀ। ਪੜ੍ਹਨ ਪ੍ਰਕਿਰਿਆ ਇੱਕ ਜਟਿਲ ਅਤੇ ਅੰਤਹੀਣ ਪ੍ਰਕਿਰਿਆ ਹੈ। ਪਾਠਕ ਜਾਂ ਆਲੋਚਕ ਇੱਕ ਸੰਵੇਦਨਸ਼ੀਲ ਤੇ ਕਿਰਿਆਸ਼ੀਲ ਅਰਥ ਉਤਪਾਦਕ ਹੈ। ਲੇਖਕ ਦੀ ਮੌਤ ਪਾਠਕ ਦੇ ਜਨਮ ਦਾ ਕਾਰਨ ਬਣਦੀ ਹੈ। ਪਾਠ ਭਾਸ਼ਾ ਦੇ ਇੱਕ ਟੁਕੜੇ ਜਿਹਾ ਹੁੰਦਾ ਹੈ ਜਿਸ ਦੀ ਸੰਰਚਨਾ

ਤਾਂ ਹੁੰਦੀ ਹੈ ਪ੍ਰੰਤੂ ਕੋਈ ਕੇਂਦਰੀ ਜਾਂ ਅੰਤ ਨਹੀਂ ਅਤੇ ਪਾਠ ਦੀ ਇਸ ਰਚਨਾ ਵਿੱਚ ਕਈ ਅੰਤਰ ਪਾਠ ਮੌਜੂਦ ਹੁੰਦੇ ਹਨ ਜੋ ਉਸ ਨੂੰ ਬਹੁ ਬਚਨੀ ਅਤੇ ਇੱਕ ਵਿਕੇਂਦ੍ਰਿਤ (centri-fugal) ਬਣਾਉਂਦੇ ਹਨ। ਵਰਗ ਸੂਤਰਾਂ ਰਾਹੀਂ ਉਸ ਆਪਣੇ ਚਿੰਤਨ ਦੀ ਉਸਾਰੀ ਕੀਤੀ।

ਯੈਕ ਦੈਰਿਦਾ ਆਪਣੇ ਸਮਕਾਲ ਦੀਆਂ ਵਸਤੂਗਤ ਤਬਦੀਲੀਆਂ ਨੂੰ ਹੁੰਗਾਰਾ ਦਿੰਦਾ ਹੋਇਆ ਪਲੈਟੋ ਤੋਂ ਲੈ ਕੇ ਸੋਸਿਊਰ ਤੱਕ ਦੇ ਸਮੁੱਚੇ ਪੱਛਮੀ ਚਿੰਤਨ ਦੇ ਸਿਸਟਮ ਨੂੰ ਭੰਗ ਕਰ ਦੇਣ ਦੀ ਮਹੱਤਵਾਕਾਂਖਿਆ ਅਧੀਨ ਉਸ ਪਾਠ ਵਿੱਚ ਕੇਂਦਰੀ ਅਰਥ ਦੇ ਮੌਜੂਦ ਹੋਣ ਦੀ ਸੰਭਾਵਨਾ ਤੇ ਚਿਹਨਕ ਦੀ ਤਹਿ ਥੱਲੇ ਕਿਸੇ ਚਿਹਨਤ ਦੀ ਹੋਂਦ ਨੂੰ ਰੱਦ ਕਰ ਦਿੰਦਾ ਹੈ।

ਸਿਧਾਂਤਕ ਪੱਧਰ ਉੱਪਰ ਦੈਰੀਦਾ ਸੋਸਿਊਰ ਦੇ ਭਾਸ਼ਾ ਚਿੰਤਨ ਨਾਲ ਸੰਵਾਦ ਰਚਾਉਂਦਾ ਹੋਇਆ ਉਸ ਦੇ ਚਿੰਤਨ ਵਿਚਲੇ ਲਿਖਤ ਭਾਸ਼ਾ ਦੇ ਮੁਕਾਬਲੇ ਉਚਰਿਤ ਭਾਸ਼ਾ, ਸ਼ੁੱਧ ਚਿਹਨਕ ਦੀ ਥਾਂ ਪਾਰਗਾਮੀ ਚਿਹਨਤ ਦੀ ਹਾਜ਼ਰੀ ਦੇ ਅਧਿਆਤਮ ਅਤੇ ਅੰਤਿਮ ਰੂਪ ਵਿੱਚ ਸੰਰਚਨਾ ਦੀ ਥਾਂ ਸਾਰਥਿਕਤਾ ਦੇ ਕੇਂਦਰ ਵੱਲ ਉਲਾਂਗ ਨੂੰ ਆਲੋਚਨਾ ਦਾ ਵਿਸ਼ਾ ਬਣਾਉਂਦਾ ਹੋਇਆ "ਡਿਫਰਾਂਸ" ਦਾ ਮੌਲਿਕ ਸੰਕਲਪ ਪੇਸ਼ ਕਰਦਾ ਹੈ। ਦੈਰੀਦਾ ਦਾ ਅੰਗਰੇਜ਼ੀ ਸ਼ਬਦ Difference ਵਿਚਲੀ ਦੂਜੀ e ਦੀ ਤਾਂ a ਦੀ ਵਰਤੋਂ ਦੇ ਸਿੱਟੇ ਵਜੋਂ ਹੋਂਦ ਵਿੱਚ ਆਉਂਦਾ ਹੈ। ਇਸ ਸੰਕਲਪ ਦੇ ਉਚਰਿਤ ਸਰੂਪ ਦੀ ਥਾਂ ਲਿਖਤਾ ਸੰਕਲਪ ਅੰਤਰ ਨੂੰ ਦ੍ਰਿਸ਼ਟੀਗੋਚਰ ਕਰਨ ਵਿੱਚ ਹੀ ਦੈਰੀਦਾ ਦੀ ਬੋਲਦੀ ਪ੍ਰਮੁੱਖਤਾ ਨੂੰ ਰੱਦ ਕਰਨ ਦੀ ਬਿਰਤੀ ਕਾਰਜਸ਼ੀਲ ਹੈ। ਆਪਣੇ ਇਸ ਸੰਕਲਪ ਵਿੱਚ ਦੇਰਿਦਾ ਅੱਡਰੇ ਹੋਣ (To differ) ਅਤੇ ਸਥਾਪਤ ਕਰਨ (to defer) ਦੀਆਂ ਕਿਰਿਆਵਾਂ ਦਾ ਸਮਾਯੋਜਨ ਕਰਦਾ ਹੋਇਆ ਚਿਹਨ ਨੂੰ ਹਾਜ਼ਰੀ ਦੇ ਅਧਿਆਤਮ ਤੋਂ ਮੁਕਤ ਕਰਵਾਉਂਦਾ ਹੈ। ਉਸ ਦੇ ਇਸ ਸੰਕਲਪ ਦਾ ਭਾਵ ਹੈ ਕਿ ਚਿਹਨਕ ਨਾ ਕੇਵਲ ਦੂਜੇ ਚਿਹਨਕਾਂ ਨਾਲੋਂ ਵਖਰੇਵੇਂ ਕਾਰਨ ਪਛਾਣਯੋਗ ਹੈ , ਸਗੋਂ ਇਹ ਕਿਸੇ ਬਾਹਰਵਰਤੀ ਚਿਹਨਤ ਦੇ ਪ੍ਰਗਟਾਵੇ ਵੱਲ ਸੇਧਿਤ ਹੋਣ ਦੀ ਥਾਂ ਨਿਰੰਤਰ ਚਿਹਨਕ ਵਿੱਚ ਹੀ ਬਦਲਦਾ ਤੁਰਿਆ ਜਾਂਦਾ ਹੈ। ਚਿਹਨਕ ਦੇ ਚਿਹਨਤ ਵਿੱਚ ਨਿਰੰ ਤਰ ਬਦਲਦੇ ਜਾਣ ਦੀ ਇਹ ਕਲਾਕਾਰੀ ਪਾਠ ਵਿੱਚ ਸੰਰਚਨਾ ਦੇ ਸੰਗਠਨਕਾਰੀ ਨੇਮ ਦੇ ਰੂਪ ਵਿੱਚ ਕਿਸੇ ਕੇਂਦਰੀ ਸਾਰਥਕਤਾ ਦੇ ਹਾਜ਼ਰ ਹੋਣ ਦੀ ਸੰਭਾਵਨਾ ਨੂੰ ਰੱਦ ਕਰਦੀ ਹੋਈ ਪਾਠ ਦੇ ਉਤਪਾਦਨ ਵਿੱਚ ਸਿਰਜਨਾਤਮਕ ਪਾਠਕ ਦੀ ਸ਼ਮੂਲੀਅਤ ਦਾ ਦਰ ਖੋਲ੍ਹਦੀ ਹੈ।

ਇਸ ਸੰਦਰਭ ਵਿੱਚ ਪਾਠ ਵਿੱਚ ਸਾਰਥਿਕਤਾ ਦਾ ਉਤਪਾਦਨ ਰਚਨਾਕਾਰ ਦੀ ਪਕੜ ਵਿੱਚ ਨਹੀਂ ਹੁੰਦਾ। ਉਹ ਭਾਵੇਂ ਇੱਕ ਨਿਸ਼ਚਿਤ ਯੋਜਨਾ ਅਧੀਨ ਸਿਰਜਣਾਤਮਕ ਪ੍ਰਕਿਰਿਆ ਵਿੱਚ ਪੈਂਦਾ ਹੈ , ਪਰ ਜਿਉਂ ਹੀ ਆਪਣਾ ਕਾਰਜ ਨਿਬੇੜ ਹਟਦਾ ਹੈ , ਤਿਉਂ ਹੀ ਚਿਹਨਾਂ 'ਭਾਸ਼ਾ ਦੇ ਦਗਾਬਾਜ਼ ਚਰਿੱਤਰ' ਅਧੀਨ ਰਚਨਾਕਾਰ ਦੇ ਅਧਿਕਾਰ ਤੋਂ ਮੁਕਤ ਹੁੰਦੇ ਹੋਏ ਵਸਤੂਗਤ ਹੋਂਦ ਧਾਰਨ ਕਰ ਜਾਂਦੇ ਹਨ। ਇਸ ਸੰਦਰਭ ਵਿੱਚ ਦੈਰੀਦਾ ਪਾਠਕ ਦੁਆਰਾ ਪਾਠ ਵਿੱਚ ਪਾਏ ਗਏ ਕਿਸੇ ਪ੍ਰਮਾਣਿਕ ਅਰਥ ਦੀ ਖੋਜ ਨੂੰ ਬੇਲੋੜਾ ਮੰਨਦਾ ਹੈ। ਉਸ ਅਨੁਸਾਰ ਪਾਠਕ ਆਪਣੀਆਂ ਰੁਚੀਆਂ, ਲਿਆਕਤ, ਗਿਆਨ ਅਤੇ ਸੁਭਾਅ ਮੁਤਾਬਕ ਚਿਹਨਾਂ ਨੂੰ ਜਾਗਰਿਕ ਅਤੇ ਕਾਰਜਸ਼ੀਲ ਕਰਦਾ ਹੋਇਆ ਵੰਨ ਸੁਵੰਨੇ ਅਰਥਾਂ ਦਾ ਉਤਪਾਦਨ ਕਰਦਾ ਹੈ। ਇਸ ਤਰ੍ਹਾਂ ਉੱਤਰਸੰਰਚਨਾਵਾਦ ਦੀ ਤਰਕ ਅਨੁਸਾਰ ਪਾਠ ਵਿੱਚ ਅਜਿਹਾ ਕੋਈ ਸਤਿ ਹੋਂਦਮਾਨ ਨਹੀਂ ਹੁੰਦਾ, ਜਿਸ ਨੂੰ ਲੱਭਿਆ ਜਾ ਸਕਦਾ ਹੋਵੇ। ਇਸ ਲਈ ਆਲੋਚਕ ਦੁਆਰਾ ਪਾਠ ਦੀਆਂ ਹੋਰ ਸਾਰੀਆਂ ਵਿਆਖਿਆਵਾਂ ਝੂਠੀਆਂ ਮੰਨੀਆਂ ਜਾਣਗੀਆਂ। ਇਸ ਸੰਦਰਭ ਵਿੱਚ ਉੱਤਰ ਸੰਰਚਨਾਵਾਦ ਸਾਹਿਤ ਸਿਰਜਕ ਅਤੇ ਆਲੋਚਕ ਦੀ ਦੁਵੰਡ ਨੂੰ ਰੱਦ ਕਰਦਾ ਹੈ।

ਦੈਰੀਦਾ ਆਪਣੇ ਸਮੁੱਚੇ ਕਾਰਜ ਵਿੱਚ ਬੋਲ ਅਧਾਰੀ ਚਿੰਤਨ ਵਿਚਲੇ ਹਾਜ਼ਰੀ ਦੇ ਅਧਿਆਤਮ ਨੂੰ ਰੱਦ ਕਰਨ ਪ੍ਰਤੀ ਉਤਸੁਕ ਹੈ ਸਮੁੱਚੇ ਪੱਛਮੀ ਚਿੰਤਨ ਵਿੱਚ ਬੋਲ ਨੂੰ ਸੱਚ ਦੀ ਪੇਸ਼ਕਾਰੀ ਦਾ ਉਪਯੁਕਤ ਮਾਧਿਅਮ ਮੰਨਿਆ ਗਿਆ ਹੈ। ਸੋਸਿਊਰ ਦੀ ਸਿਧਾਂਤਕ ਪੱਧਰ ਉੱਪਰ ਬੋਲਦੇ ਪਿੱਛੇ ਕਾਰਜਸ਼ੀਲ ਖਾਮੋਸ਼ ਨੇਮ -ਵਿਧਾਨ ਨੂੰ ਪ੍ਰਮੁੱਖਤਾ ਦੇਣ ਦੇ ਬਾਵਜੂਦ ਵਿਹਾਰ ਦੀ ਪੱਧਰ ਤੇ ਲਿਖਤ ਦੇ ਮੁਕਾਬਲੇ ਬੋਲ ਨੂੰ ਮਹੱਤਵ ਪ੍ਰਦਾਨ ਕਰ ਦਿੰਦਾ ਹੈ। ਇਸ ਤਰ੍ਹਾਂ ਚਿਹਨ ਅਤੇ ਉਸ ਦੀ ਸਮੁੱਚੀ ਕਲਾਕਾਰੀ ਬੋਲ ਦੇ ਮਾਧਿਅਮ ਰਾਹੀਂ ਵਾਸਤਵਿਕ ਮਨੁੱਖੀ ਬੁਲਾਰੇ ਦੇ ਅਧੀਨ ਹੋ ਜਾਂਦੀ ਹੈ। ਚਿਹਨ ਆਪਣੀ ਵਸਤੂਗਤ ਹੋਂਦ ਅਤੇ ਮੁਕਤ ਕਲਾਕਾਰੀ ਨੂੰ ਗਵਾ ਕੇ ਵਾਸਤਵਿਕ ਪੈਂਦੇ ਅਧੀਨ ਅਤੇ ਉਸ ਉੱਤੇ ਨਿਰਭਰ ਹੋ ਜਾਂਦਾ ਹੈ। ਦੇਰਿਦਾ ਚਿਹਨ ਦੀ ਪਦਾਰਥਕਤਾਨੂੰ ਸਥਾਪਿਤ ਕਰਨ ਹਿੱਤ ਲਿਖਤ ਭਾਸ਼ਾ ਨੂੰ ਮਾਡਲ ਦੇ ਤੌਰ ਤੇ ਵਰਤਦਾ ਹੈ। ਜਿਸ ਵਿੱਚ ਕਿਰਤ ਦੀ ਮੌਜੂਦਗੀ ਦੀ ਲੋੜ ਨਹੀਂ ਕਰਤਾ ਦੀ ਮੌਜੂਦਗੀ ਦੀ ਲੋੜ ਨਹੀਂ। ਦੈਰੀਦਾ ਬੋਲ ਅਤੇ ਲਿਖਤ ਨੂੰ ਅਮੂਰਤ ਲਿਖਤ ਦੇ ਦੋ ਰੂਪ ਮੰਨਦਾ ਹੈ। ਇਹ ਅਮੂਰਤ ਲਿਖਤ ਸ਼ੁੱਧ ਵੱਖਰਿਆਂ ਦਾ ਇੱਕ ਪ੍ਰਬੰਧ ਹੈ ਅਤੇ ਸਮੁੱਚੇ ਭਾਸ਼ਾਈ ਵਿਹਾਰ ਵਿੱਚ ਬੁਨਿਆਦੀ ਅਤੇ ਸਰਬ ਸਮਾਂਵੇਸੀ ਹੈ। ਇਸ ਅਮੂਰਤ ਲਿਖਤ ਨੂੰ ਹਾਜ਼ਰੀ ਦੇ ਕਿਸੇ ਰੂਪ ਵਿੱਚ ਘਟਾਉਣਾ ਨਾਮੁਮਕਿਨ ਹੈ। ਇਸ ਲਈ ਇਸ ਨੂੰ ਵਿਗਿਆਨ ਦੀ ਵਸਤੂ ਨਹੀਂ ਬਣਾਇਆ ਜਾ ਸਕਦਾ। ਦੈਰੀਦਾ ਦਾ ਅਮੂਰਤ ਲਿਖਤ ਦਾ ਸੰਕਲਪ ਚਿਹਨ ਵਿੱਚ ਵਾਸਤਵਿਕਤਾ ਦੀ ਹਾਜ਼ਰੀ ਦੀ ਮਦਾਖ਼ਲਤ ਦੀ ਸੰਭਾਵਨਾ ਨੂੰ ਰੱਦ ਕਰਦਾ ਹੋਇਆ ਧੁਨੀ ਕੇਂਦਰ ਤੇ ਚਿੰ ਤਨ ਦੇ ਵਿਰੋਧ ਵਿੱਚ ਚਿਹਨ ਦੀ ਲਿਖਤ ਵਰਗੀ ਵਸਤੂਗਤ ਹੋਂਦ ਅਤੇ ਵਾਸਤਵਿਕ ਕਰਤਾ/ਵਕਤਾ ਦੇ ਨਿਯੰਤਰਣ ਤੋਂ ਮੁਕਤ ਕਲਾਕਾਰੀ ਵਾਲੇ ਚਰਿੱਤਰ ਨੂੰ ਦ੍ਰਿੜਾਉਂਦਾ ਹੈ। ਇਸ ਤਰ੍ਹਾਂ ਚਿਹਨ ਜਦੋਂ ਕਰਤਾ ਦੇ ਨਿਯੰਤਰਣ ਤੋਂ ਮੁਕਤ ਹੋ ਜਾਂਦਾ ਹੈ ਤਾਂ ਕਰਤਾ ਦੁਆਰਾ ਕਿਸੇ ਪਾਠ ਵਿੱਚ ਮਨਚਿੰਦਾ ਅਰਥ ਸਥਾਪਤ ਕਰਨਾ ਅਤੇ ਉਸੇ ਅਰਥ ਨੂੰ ਪਾਠਕ ਦੁਆਰਾ ਨਿਸ਼ਕਿਰਿਆ ਧਿਰ ਵਾਂਗ ਗ੍ਰਹਿਣ ਕਰਨਾ ਪ੍ਰਸ਼ਨਵਾਚਕ ਬਣ ਜਾਂਦਾ ਹੈ। ਇਸ ਤਰ੍ਹਾਂ ਚਿਹਨ ਦੀ ਸੁੰਦਰਤਾ ਲੇਖਕ ਦੇ ਪਾਠਕ ਵਿਚਕਾਰ ਕਿਸੇ ਲਕੀਰੀ ਸੰਚਾਰ ਦੀ ਹੋਂਦ ਨੂੰ ਵੀ ਰੱਦ ਕਰ ਦਿੰਦੀ ਹੈ। ਇਸ ਤਰ੍ਹਾਂ ਅਰਥ ਕੋਈ ਅਜਿਹੀ ਇਕਾਈ ਨਹੀਂ ਰਹਿ ਜਾਂਦਾ ਜੋ ਪਾਠ ਤੋਂ ਪਹਿਲਾਂ ਅਤੇ ਬਾਹਰ ਮੌਜੂਦ ਹੁੰਦਾ ਹੈ ਸਗੋਂ ਇੱਕ ਪਾਠਗਤ ਹੋਂਦ ਬਣ ਜਾਂਦਾ ਹੈ ਜੋ ਚਿਹਨ ਸੰਰਚਨਾ ਵਿੱਚ ਗੁੰਮ ਰਹਿੰਦਾ ਹੈ।

ਇਸ ਤਰ੍ਹਾਂ ਦੈਰਿਦਾ ਅਤੇ ਉਸ ਦੇ ਸਾਥੀ ਇਹ ਮੱਤ ਪ੍ਰਸਤੁਤ ਕਰਦੇ ਹਨ ਕਿ ਇਸ ਰਚਨਾ ਵਿੱਚ ਕੋਈ ਸਥਿਰ ਕੇਂਦਰ ਨਹੀਂ ਹੁੰਦਾ ਜੋ ਉਸ ਰਚਨਾਵਾਦ ਪ੍ਰਕਿਰਿਆ ਤੋਂ ਨਿਰਲੇਪ ਰਹਿ ਕੇ ਸੰਰਚਨਾ ਨੂੰ ਸੰਗਠਿਤ ਕਰ ਰਿਹਾ ਹੋਵੇ। ਇਸ ਲਈ ਸੰਰਚਨਾ ਕਿਸੇ ਕੇਂਦਰ ਦੁਆਰਾ ਸੰਗਠਨ ਦੇ ਸੰਚਾਲਿਤ ਹੋਣ ਦੀ ਥਾਂ ਉਸ ਵਿਚਲੇ ਸਮੁੱਚੇ ਨੁਕਤਿਆਂ ਦੁਆਰਾ ਸੰਗਠਿਤ ਤੇ ਸੰਚਾਲਿਤ ਹੁੰਦੀ ਹੈ , ਜਿਹੜੇ ਆਪਸੀ ਆਦਾਨ ਪ੍ਰਦਾਨ, ਸੰਰਚਨਾਤਮਕ ਪ੍ਰਕਿਰਿਆ ਅਤੇ ਅੰਤਰਪਾਠਾਤਮਕਤਾ ਰਾਹੀਂ ਅਰਥ ਉਤਪਾਦਨ ਵਿੱਚ ਕਾਰਜਸ਼ੀਲ ਰਹਿੰਦੇ ਹਨ। ਇਹ ਅੰਤਰ ਪਾਠਾਤਮਕਤਾ ਪਾਠ ਵਿੱਚ ਬਹੁ-ਅਰਥਕਤਾ ਦੇ ਉਤਪਾਦਨ ਦਾ ਸੂਤਰ ਬਣਦੀ ਹੈ ਜਿਥੇ ਕੇਂਦਰੀ ਅਰਥ ਸਥਗਤ ਹੋ ਜਾਂਦਾ ਹੈ।

ਅੰਤਰਪਾਠਾਤਮਕਤਾ ਸਮੁੱਚੇ ਪਾਠਾਂ ਦੀ ਦਰਜੇਬੰਦੀ ਵਿੱਚ ਇੱਕ ਪਾਠ ਦੇ ਦੂਜੇ ਪਾਠ ਵਿੱਚ ਦਾਖਲ ਹੋਣ ਦੀ ਘਟਨਾ ਹੈ। ਹਰ ਪਾਠ ਆਪਣੇ ਆਪ ਵਿੱਚ ਕਿਸੇ ਹੋਰ ਪਾਠ ਦਾ ਅੰਤਰ-ਪਾਠ ਹੈ। ਕੋਈ ਰਚਨਾ ਏਨੀ ਮੌਲਿਕ ਨਹੀਂ ਹੁੰਦੀ ਕਿ ਅਸੀਂ ਉਸ ਦਾ ਕੇਂਦਰ ਸਥਾਪਤ ਕਰ ਸਕੀਏ। ਹਰਿਭਜਨ ਸਿੰਘ ਅਨੁਸਾਰ, "ਲਿਖੇ ਹੋਏ ਨੂੰ ਮੁੜ ਲਿਖਣਾ " ਅੰਤਰਪਾਠਾਤਮਕਤਾ ਕਹਾਉਂਦਾ ਹੈ। ਕਿਸੇ ਚੀਜ਼ ਨੂੰ ਲਿਖਣ ਲਈ ਜੋ ਕੁਝ ਪਹਿਲਾਂ ਮੌਜੂਦ ਹੁੰਦਾ ਹੈ , ਉਸਨੂੰ ਰਚਨਾ ਵਿੱਚ ਦੁਬਾਰਾ ਤੋਂ ਲਿਖਤ ਭਾਸ਼ਾ ਵਿੱਚ ਲਿਖਿਆ ਜਾਂਦਾ ਹੈ। ਉੱਤਰ -ਸੰਰਚਨਾਵਾਦ ਅਨੁਸਾਰ ਸਾਹਿਤ ਰਚਨਾ ਕਦੇ ਵੀ ਅਸਲੀ(Original) ਨਹੀਂ ਹੋ ਸਕਦੀ। ਅੰਤਰਪਾਠਾਤਮਕਤਾ ਅਧੀਨ ਲੇਖਕ ਆਪਣੇ ਦੁਆਰਾ ਪੜ੍ਹੇ ਜਾ ਰਹੇ ਪਾਠਾਂ ਵਿੱਚ ਆਪਣੀ ਜ਼ਿੰਦਗੀ ਅਤੇ ਪੂਰਬਲੇ ਤਜਰਬਿਆਂ ਨੂੰ ਉਤਾਰਦਾ ਹੈ ਅਤੇ ਇਸ ਤਰ੍ਹਾਂ ਉਹ ਇੱਕ ਪਾਠ ਨੂੰ ਹੋਰ ਪਾਠਾਂ ਨਾਲ ਜੋੜਦਾ ਤੁਰਿਆ ਜਾਂਦਾ ਹੈ। ਇਸ ਤਰ੍ਹਾਂ ਦੀ ਪੜ੍ਹਤ ਪਾਠ ਵਿੱਚੋਂ ਅਰਥ ਨੂੰ ਲੱਭਣ ਦੀ ਥਾਂ ਅਰਥ ਦਾ ਸਿਰਜਣ ਤੇ ਉਤਪਾਦਨ ਕਰਨ ਵੱਲ ਸੇਧਿਤ ਹੈ।

ਸੁਚੇਤ, ਪ੍ਰਬੁੱਧ, ਸਿਰਜਣਾਤਮਕ ਵਿਅਕਤੀ ਪਾਠਕ ਦਾ ਬਿੰਬ ਉੱਤਰ ਸੰਰਚਨਾਵਾਦ ਦਾ ਇੱਕ ਹਾਸਿਲ ਹੈ। ਇਹ ਵਿਅਕਤੀ ਪਾਠ ਦਾ ਨਿਸ਼ਕਿਰਿਆ ਭੋਗ ਵਿਹਾਰ ਨਹੀਂ ਕਰਦਾ ਤੇ ਨਾ ਹੀ ਲੇਖਕ ਤੇ ਆਲੋਚਕ ਦੇ ਮੁਕਾਬਲੇ ਪਾਠ ਵਿੱਚ ਪੇਸ਼ ਕੀਤੀ ਗਈ ਕਿਸੇ ਸਤਿ ਅਰਥ ਦੀ ਖੋਜ ਕਰਨ ਦਾ ਹੀਣਤਾ ਭਰਿਆ ਦੁਜੈਲਾ ਕਾਰਜ ਕਰਦਾ ਹੈ। ਸੰਰਚਨਾਵਾਦੀਆਂ ਅਨੁਸਾਰ ਕਿਸੇ ਸ਼ਬਦ ਦਾ ਅਰਥ ਅੰਤਿਮ ਨਹੀਂ ਹੁੰਦਾ। ਲੇਖਕ ਦੀ ਤਰ੍ਹਾ ਪਾਠਕ ਨੇ ਉਸ ਦੇ ਅਗਲੇ ਅਰਥਾਂ ਤੱਕ ਪਹੁੰਚਣਾ ਹੁੰਦਾ ਹੈ। ਇਨ੍ਹਾਂ ਅਨੁਸਾਰ ਪਾਠ ਦੋ ਪ੍ਰਕਾਰ ਦੇ ਹੁੰਦੇ ਹਨ-ਪਾਠਕੀ ਪਾਠ ਤੇ ਲੇਖਕੀ ਪਾਠ।

ਪਾਠਕੀ ਪਾਠ ਉਹ ਹੁੰਦਾ ਹੈ ਜਿਸ ਬਾਰੇ ਸਾਨੂੰ ਪਹਿਲਾਂ ਤੋਂ ਹੀ ਜਾਣਕਾਰੀ ਹੁੰਦੀ ਹੈ। ਲੇਖਕੀ ਪਾਠ ਵਿੱਚ ਸਾਨੂੰ ਲੇਖਕ ਤੋਂ ਬਿਨਾਂ ਉਸ ਸਾਰੀ ਸਮੱਗਰੀ ਦੀ ਜਾਣਕਾਰੀ ਨਹੀਂ ਹੁੰਦੀ, ਸਾਨੂੰ ਲੇਖਕ ਦੇ ਮਨ ਦਾ ਪਤਾ ਨਹੀਂ ਹੁੰਦਾ ਕਿ ਉਸ ਵਿੱਚ ਕੀ ਚੱਲ ਰਿਹਾ ਹੈ। ਪਾਠ ਦੀ ਚਿਹਨਕੀ ਸੰਰਚਨਾਤਕ ਪ੍ਰਕਿਰਿਆ ਵਿੱਚ ਲੇਖਕ ਤੇ ਆਲੋਚਕ ਦੀ ਕੇਂਦਰੀ ਸੱਤਾ ਦੇ ਗਲਬੇ ਤੋਂ ਉਹ ਮੁਕਤ ਹੈ।

ਉੱਤਰ ਸਿਰਜਨਾਤਮਕ ਦੇ ਉਕਤ ਸੰਦਰਭ ਵਿੱਚ ਸਾਡੇ ਲਈ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਇਹ ਅਧਿਐਨ ਵਿਧੀ ਪੰਜਾਬੀ ਸਾਹਿਤ ਚਿੰਤਨ ਧਾਰਾ ਵਿੱਚ ਕਿਸ ਹੱਦ ਤੱਕ ਸਾਰਥਕ ਅਤੇ ਅਪਣਾਉਣ ਯੋਗ ਹੈ। ਸਾਡੇ ਪ੍ਰਮੁੱਖ ਆਲੋਚਕਾਂ ਨੇ ਇਸ ਵਿਧੀ ਵਿਚਲੇ ਮਹੱਤਵਪੂਰਨ ਸੰਕਲਪਾਂ ਬਾਰੇ ਸਿਧਾਂਤਕ ਲੇਖ ਲਿਖੇ ਹਨ ਅਤੇ ਵਿਹਾਰਕ ਆਲੋਚਨਾ ਵਿੱਚ ਇਸ ਨੂੰ ਵਰਤੋਂ ਵਿੱਚ ਲਿਆਉਣਾ ਸ਼ੁਰੂ ਕੀਤਾ ਹੈ।

> ਉੱਤਰ-ਸੰਰਚਨਾਵਾਦੀ ਚਿੰਤਕਾਂ ਵਿਚ ਯਕ ਲਾਕਾਂ ਦਾ ਆਪਣਾ ਵਿਸ਼ੇਸ਼ ਦਰਜਾ ਹੈ।ਉਸ ਦੀ ਧਾਰਨਾ ਦਾ ਆਰੰਭ ਬਿੰਦੂ ਇਹ ਹੈ ਕਿ ਉੱਤਰ-ਸੰਰਚਨਾਵਾਦੀ ਚਿੰਤਕਾਂ ਦਾ ਵਾਸਤਵਿਕ ਸੰਘਰਸ਼ ਉਨ੍ਹਾਂ ਦਰਸ਼ਨਾਂ ਦੇ ਵਿਰੁਧ ਜੋ ਹਉਮੈਵਾਦੀ ਹਨ । ਇਸ ਹਮਲੇ ਦੇ ਸਿਧਾਂਤਕ ਆਧਾਰਾਂ ਨੂੰ ਦ੍ਰਿੜ ਕਰਨ ਵਿਚ ਸੱਭ ਤੋਂ ਮਹੱਤਵਪੂਰਣ ਭੂਮਿਕਾ ਯੱਕ ਲਾਕਾਂ ਦੇ “ਨਵ-ਫਰਾਇਡਵਾਦ’ ਨੇ ਨਿਭਾਈ ।

ਅੰਹ 'ego' ਦੀ ਜੋ ਵੀ ਨਿਰਵਿਸ਼ੇਸ਼ ਖੁਦਮੁਖਤਾਰੀ ਭਰਪੂਰ ਹੈਸੀਅਤ ਮਨਵਿਗਿਆਨ ਤੇ ਦਰਸ਼ਨ ਵਿਚ ਬਾਕੀ ਸੀ ਉਸਨੂੰ ਖਤਮ ਕਰਨ ਵਿਚ ਯਕ ਲਾਕਾਂ ਨੂੰ ਕਈ ਕਸਰ ਨਹੀਂ ਛੱਡੀ । ਉਸਦੀ ਸ਼ੈਲੀ ਅਸਪਸ਼ਟਤਾ ਦੀ ਹੱਦ ਤਕ ਜਟਿਲ ਹੈ । ਉਸਦਾ ਕਹਿਣਾ ਹੈ ਕਿ ਫਰਾਇਡ ਦੀ ਮਨੁੱਖੀ ਮਨ ਦੀ ਖੋਜ ਇਸ ਹਦ ਤਕ ਸਦਮਾ ਪਹੁੰਚਾਣ ਵਾਲੀ ਸੀ ਕਿ ਨਤੀਜੇ ਵਜੋਂ ਉਸਦੇ ਬਹੁਤ ਸਾਰੇ ਪੱਖਾਂ ਨੂੰ ਨਾ ਪਸੰਦ ਸਮਝ ਕੇ ਖੁਦ ਫਰਾਇਡ ਨੇ ਦਬਾ ਦਿੱਤਾ | ਲਾਕਾਂ ਫਰਾਇਡ ਦੀ ਜਿਹੜੀ ਨਵੀਂ ਪੜ੍ਹਤ ਪੇਸ਼ ਕਰਦਾ ਹੈ, ਉਹ ਸਿਰਫ ਵਿਆਖਿਆਈ ਨਹੀਂ, ਸਗੋਂ ਸਮਰਥਨ ਅਤੇ ਰੱਦ ਕਰਨ ਦੇ ਦੋਹਾਂ ਕੰਢਿਆਂ ਤਕ ਪਹੁੰਚਾਈ ਹੈ, ਉਹ ‘ਇੱਡ’ ਦੇ ਪ੍ਰਕਾਰਜ ਨੂੰ ਮਹੱਤਵ ਦਿੰਦਿਆਂ ਹੋਇਆਂ ਆਖਦਾ ਹੈ ਕਿ ਉਸ ਨਾਲ ਅਵਚੇਤਨ ਦੀ ਜੋ ਅਸ਼ਾਂਤੀ ਜਾਂ ਉਤੇਜਨਾਵਾਂ ਉਭਰਦੀਆਂ ਹਨ,ਉਹ ਅਹੰ ਦੀ ਸਵੈਚਾਰਤਾ, ਅਧਿਕਾਰ ਅਤੇ ਸਕਾਰ ਦੇ ਸਾਮਣੇ ਗੋਡੇ ਨਹੀਂ ਟੇਕਦੀਆਂ। ਇਸ ਤਰਾਂ ਲਾਕਾਂ ਦੇ ਪ੍ਰਬੰਧ ਵਿਚ ਅਹੰ ego ਇਕ ਮਿਥਿਆ ਰਚਨਾ construct ਹੈ, ਜੋ ਭਾਸ਼ਾ ਦੇ ਪ੍ਰਤੀਕਾਤਮਕ ਪ੍ਰਬੰਧ ਦੀ ਦੇਣ ਹੈ, ਕਿਉਂਕਿ ਆਪਣੇ ਬਚਪਨ ਦੇ ਅਨੁਭਵਾਂ ਕਾਰਣ ਅਤੇ ਆਪਣੀ ਸ਼ਕਲ ਦੀ ਪ੍ਰਤਿ-ਬਿੰਬਾਤਮਕ ਸੰਕਲਪਨਾ ਕਾਰਣ ਅਸੀਂ ਇਹ ਸੋਚਣ ਲਗ ਜਾਂਦੇ ਹਾਂ ਕਿ ਅਸੀਂ ਕੋਈ ਸਥਾਈ ਪਛਾਣ identity ਰਖਦੇ ਹਾਂ, ਜਦੋਂ ਕਿ ਲਾਕਾਂ ਅਹੰ ਦੀ ਕੇਂਦਰੀਯਤਾ ਨੂੰ ਸਵੀਕਾਰ ਨਹੀਂ ਕਰਦਾ ।

ਯੁੱਕ ਲਾਕਾਂ ਦਾ ਜਨਮ 1901 ਵਿਚ ਪੈਰਿਸ ਵਿਚ ਹੋਇਆ । ਵਿਦਿਆ ਪ੍ਰਾਪਤੀ ਦੀ ਦ੍ਰਿਸ਼ਟੀ ਤੋਂ ਉਹ ਚਿਕਿਤਸਕ ਸੀ।

ਸ਼ੁਰੂ ਤੋਂ ਹੀ ਉਹ ਫਰਾਇਡ ਅਤੇ ਮਨੋ ਵਿਸ਼ਲੇਸ਼ਣ ਦੇ ਵਿਸ਼ੇ ਉੱਪਰ ਲਿਖਦਾ ਰਿਹਾ ਸੀ | 1932 ਵਿਚ ਉਸਨੂੰ Chef de Clinique ਬਣਾਇਆ ਗਿਆ। 1964 ਵਿਚ ਉਸਨੇ Ecole Freudienne, Paris ਦੀ ਬੁਨਿਆਦ ਰਖੀ ਅਤੇ 1981 ਤਕ ਉਹ Vincennes ਯੂਨੀਵਰਸਿਟੀ ਦੇ Champ Freudienਵਿਭਾਗ ਦਾ ਮੁੱਖੀ ਸੀ । ਉਸਦੀਆਂ ਪ੍ਰਮੁੱਖ ਕਿਰਤਾਂ ਅਤੇ ਉਨ੍ਹਾਂ ਦੇ ਅੰਗਰੇਜ਼ੀ ਅਨੁਵਾਦਾਂ ਦਾ ਵੇਰਵਾ 'ਟਿਪਣੀਆਂ ਤੇ ਹਵਾਲਿਆਂ' ਦੇ ਅੰਤਰਗਤ ਦੇਖਿਆ ਜਾ ਸਕਦਾ ਹੈ | ਲਾਕਾਂ ਦਾ ਦੇਹਾਂਤ 1981 ਵਿਚ ਹੋਇਆ । ਯੱਕ ਲਾਕਾਂ ਦੇ ਸੰਬੰਧ ਵਿਚ ਜਾਣਿਆ ਜਾਂਦਾ ਹੈ ਕਿ ਉਹ ਫਰਾਇਡ ਦੀ ਨਵੀਂ ਪੜ੍ਹਤ ਪੇਸ਼ ਕਰਦਾ ਹੈ । ਇਤਿਹਾਸ ਵਿਚ ਚਿੰਤਕਾਂ ਦੇ ਨਵੇਂ ਪਤ ਪੇਸ਼ ਕਰਨ ਦੇ ਅਣਗਿਣਤ ਉਦਾਹਰਣ ਹਨ: "ਪਲੇਟੋ' 'ਪਲੂਟੀਨਸ', 'ਅਰਸਤੂ', 'ਮੇਮੰਡਸ', 'ਹੀਗੇਲ','ਮਾਰਕਸ' । ਇਸ ਪਿਠ ਭੂਮੀ ਵਿਚ ਲਾਕਾਂ ਦਾ ਮਾਮਲਾ ਥੋੜਾ ਜਿਹਾ ਟੇਢਾ ਹੈ । ਉਹ ਜਿਸ ਤਰਾਂ ਪਾਠ ਅਤੇ ਪਾਠ-ਪੰਗਤੀਆਂ ਵਿਚਲੀ ਵਿਥ ਦੋਹਾਂ ਉਪਰ ਬਲ ਦਿੰਦਾ ਹੈ ਅਤੇ ਭਾਸ਼ਾ ਦੇ ਪ੍ਰਤੀਕਾਤਮਕ ਪ੍ਰਬੰਧ ਦੀ ਕਠਨਾਈ ਨੂੰ ਆਪਣੀ ਸੰਘਣੀ ਸ਼ੈਲੀ ਨਾਲ ਜਿਹੜੇ ਧਰਾਤਲ ਉਪਰ ਪ੍ਰਸਤੁਤ ਕਰਦਾ ਹੈ, ਉਥੇ ਮੂਰਤੀਪੂਜਾ ਅਤੇ ਮੂਰਤੀਭੰਜਨ ਦੋਵੇ ਸ਼ਾਬਦਿਕ ਤੌਰ ਤੇ ਨਾਕਾਫੀ ਅਤੇ ਅਧੂਰੇ ਦਿਖਾਈ ਦਿੰਦੇ ਹਨ | ਲਾਕਾਂ ਆਖਦਾ ਹੈ ਕਿ ਫਰਾਇਡ ਦੀ ਮੂਲ ਅੰਤਰ-ਦ੍ਰਿਸ਼ਟੀ ਇਹ ਨਹੀਂ ਸੀ ਕਿ ਅਵਚੇਤਨ ਹੋਂਦ ਰਖਦਾ ਹੈ,ਬਲਕਿ ਇਹ ਕਿ ਅਵਚੇਤਨ ਸੰਰਚਨਾ ਰਖਦਾ ਹੈ ਅਤੇ ਇਹ ਸੰਰਚਨਾ ਸੰਰਚਨਾ ਸਾਡੇ ਕਾਰਜਾਂ ਅਤੇ ਬਿਰਤੀਆਂ ਨੂੰ ਹੱਦ ਤਕ ਅਤੇ ਇਸ ਢੰਗ ਨਾਲ ਨਾਲ ਪ੍ਰਭਾਵਿਤ ਕਰਦੀ ਹੈ ਕਿ ਉਸਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ । ਲਾਕਾਂ ਕਹਿੰਦਾ ਹੈ ਨਾ ਸਿਰਫ ਫਰਾਇਡ ਤੋਂ ਬਾਦ ਦੇ ਵਿਆਖਿਆਕਾਰਾਂ ਨੇ ਅਵਚੇਤਨ ਦੇ ਸੰਦੇਸ਼ ਦੀ ਪ੍ਰਬਲਤਾ ਨੂੰ ਘਟ ਕਰਕੇ ਪੇਸ਼ ਕੀਤਾ, ਅਤੇ ਅਵਚੇਤਨ ਦੀ ਖੋਜ ਅਤੇ ਉਸਦੀ ਪ੍ਰਕਿਰਿਆ-ਦਰ-ਕਿਰਿਆ ਦੀਆਂ ਅਸੀਮ ਸਥਿਤੀਆਂ ਉਤਪੰਨ ਕਰਨ ਵਾਲੀ ਸੰਰਚਨਾ ਇੰਨੀ ਭਿਆਨਕ ਸੀ ਕਿ ਖੁਦ ਫਰਾਇਡ ਪੌਰਾਣਿਕ ਅਤੇ ਪਰਾ-ਭੌਤਿਕ ਚਿੰਤਨ ਦੇ ਪਾਰਗਾਮੀ ਵਿਸ਼ਵ ਵਿਚ ਸ਼ਰਣ ਲੈਣ ਲਈ ਮਜਬੂਰ ਹੋ ਗਿਆ ।

ਲਾਕਾਂ ਇਸ ਗੱਲ ਉਪਰ ਜ਼ੋਰ ਦਿੰਦਾ ਹੈ ਕਿ ਫਰਾਇਡ ਆਪਣੀ ਖੋਜ ਨੂੰ ਸਹਾਰ ਨਹੀ ਸਕਿਆ, ਪਰ ਉਸਦੀ ਪ੍ਰਾਪਤੀ ਨਾ ਪਸੰਦੀਦਾ ਹੈ,ਕਿਉਂਕਿ ਇਸ ਖੋਜ ਦੇ ਸੰਕਟ ਬਹਿਰਹਾਲ ਇਸ ਤਰਾਂ ਦੇ ਸਨ ਕਿ ਉਸ ਸਮੇਂ ਸਿਵਾਇ ਉਨਾਂ ਕੋਲੋਂ ਨਜ਼ਰ ਫੇਰਨ ਦੇ ਹੋਰ ਕੋਈ ਚਾਰਾ ਨਹੀਂ ਸੀ । ਲਾਕਾਂ ਫਰਾਇਡ ਦੀ ਉਪਮਾ ਅਜਿਹੇ ਮਹਾ ਮਾਨਵ ਨਾਲ ਕਰਦਾ ਹੈ ਕਿ ਜਿਸਨੇ ਅਵਚੇਤਨ ਦੀ ਦੇਵੀ Goddess of Unconscious ਨੂੰ ਬੇਪਰਦ ਤਾਂ ਕਰ ਦਿੱਤਾ, ਪਰ ਖੁਦ ਉਸਦੇ ਨੂਰ ਦੀ ਤਾਬ ਨਹੀਂ ਝੱਲ ਸਕਿਆ ਅਤੇ ਫਲਸਰੂਪ ਖੁਦ ਆਪਣੇ ਵਿਚਾਰਾਂ ਹਥੋਂ ਪਛਾੜਿਆ ਗਿਆ | ਲਾਕਾਂ ਕਹਿੰਦਾ ਹੈ ਕਿ ਉਸਦਾ ਕਾਰਜ ਫਰਾਇਡ ਦੇ ਉਨ੍ਹਾਂ ਵਿਚਾਰਾਂ ਨੂੰ ਪੁਨਰ-ਸਥਾਪਿਤ ਕਰਨਾ ਹੈ ਜਿਹੜੇ ਖੁਦ ਫਰਾਇਡ ਲਈ ਅਸਹਿ ਸਨ । ਲਾਕਾਂ ਦੀ ਫਰਾਇਡ ।ਨਾਲ ਇਹ ਵਫਾਦਾਰੀ ਅਤੇ ਸਾਂਝ ਧਿਆਨਯੋਗ ਹੈ, ਜਿਹੜੀ ਉਸਨੂੰ ਅਵੱਗਿਆ ਦੀ ਹੱਦ ਤਕ ਲੈ ਜਾਂਦੀ ਹੈ । ਉਸਦਾ ਦਾਵਾ ਹੈ ਕਿ ਉਹ ਫਰਾਇਡ ਦੇ ਪਾਠ ਦੀਆਂ ਪਰਤਾਂ ਨੂੰ ਖੋਲਦਾ ਹੈ, ਇਉਂ ਪੂਰਣ ਸਹਿਮਤੀ ਅਤੇ ਪੂਰਣ ਅਸਹਿਮਤੀ ਦੋਹਾਂ ਨੂੰ ਉਹ ਜੋਸ਼ ਨਾਲ ਰੱਦ ਕਰਦਾ ਹੈ ।

ਯੱਕ ਲਾਕਾਂ ਦੀਆਂ ਮਨੋ ਵਿਗਿਆਨਕ ਲਿਖਤਾਂ ਨੇ ਸਾਹਿਤਕ ਆਲੋਚਨਾ ਨੂੰ ਕਰਤਾ subject ਦਾ ਇਕ ਨਵਾਂ ਸਿਧਾਂਤ ਦਿੱਤਾ ਹੈ ।

ਪੂਰਬਲੀਆਂ ਆਲੋਚਨਾਤਮਕ ਪ੍ਰਵਿਰਤੀਆਂ ਨੇ ਵਿਅਕਤੀਪਰਕ ਆਲੋਚਨਾ ਨੂੰ ਰੋਮਾਨੀ ਅਤੇ ਪ੍ਰਕਿਰਿਆਵਾਦੀ ਐਲਾਨ ਨੇ ਰੱਦ ਕਰ ਦਿੱਤਾ ਸੀ, ਪਰ ਲੋਕਾਂ ਦੇ ਅਵਚੇਤਨਾਤਮਕ ਵਿਸ਼ਲੇਸ਼ਣ ਨੇ 'ਬੋਲਣ ਵਾਲੇ ਵਿਅਕਤੀ (ਕਰਤਾ) ਦਾ ਅਜਿਹਾ ਸਿਧਾਂਤ ਪੇਸ਼ ਕੀਤਾ ਹੈ ਜਿਸਦਾ ਵਿਰੋਧ ਆਸਾਨ ਨਹੀਂ । ਭਾਸ਼ਾ ਵਿਗਿਆਨੀ ਏਮਿਲੀ ਬਿਨ ਬਨਿਸਤੇ ਅਨੁਸਾਰ ਪੜਨਾਂਵ "ਮੈਂ", "ਉਹ","ਅਸੀਂ, 'ਤੁਸੀਂ ਆਦਿ ਸਿਰਫ ਵਿਅਕਤੀਪਰਕ ਸਥਿਤੀਆਂ ਹਨ, ਜਿਹੜੀਆਂ ਭਾਸ਼ਾ ਨੇ ਨਿਸ਼ਚਿਤ ਕਰ ਦਿਤੀਆਂ ਹਨ | ਮਿਸਾਲ ਵਜੋਂ ਜਦੋਂ ਮੈ ਬੋਲਦਾ ਹਾਂ ਤਾਂ ਆਪਣੇ ਲਈ । "ਮੈਂ" ਆਖਦਾ ਹਾਂ ਅਤੇ ਜਿਸ ਵਿਅਕਤੀ ਨਾਲ ਬੋਲਦਾ ਹਾਂ, ਉਸਨੂੰ "ਤੂੰ" ਆਖਦਾ ਹਾਂ, ਪਰ ਜਦੋਂ ਉਹ 'ਤੂੰ ਮੇਰੀ ਗੱਲ ਦਾ ਜਵਾਬ ਦਿੰਦਾ ਹੈ ਤਾਂ 'ਤੂੰ' 'ਮੈਂ ਬਣ ਜਾਂਦਾ ਹੈ ਅਤੇ ਮੇਰਾ 'ਮੈਂ' 'ਤੂੰ ਬਣ ਜਾਂਦਾ ਹੈ । ਇਸ ਤਰਾਂ ਸਿੱਧ ਹੁੰਦਾ ਹੈ ਕਿ ਮੈਂ 'ਤੂੰ' ਆਦਿ ਸਿਰਫ ਵਿਅਕਤੀਪਰਕ ਸਥਿਤੀਆਂ ਹਨ 'ਵਿਅਕਤੀ ਨਹੀਂ ਹਨ। ਮਨੁਖੀ ਵਾਰਤਾਲਾਪ ਸੰਭਵ ਹੀ ਤਾਂ ਹੈ, ਜਦੋਂ ਅਸੀਂ ਕਾਰਕਾਂ ਦੇ ਇਸ ਉਲਟਾਉ ਨੂੰ ਸਵੀਕਾਰ ਕਰ ਲੈਂਦੇ ਹਾਂ । ਫੇਰ ਉਹ ਅਹੰ ego ਜਿਹੜੀ ਖੁਦ ਲਈ "ਮੈਂ ਪ੍ਰਯੋਗ ਕਰਦੀ ਹੈ ਉਹ ਦੂਸਰੀ "ਮੈਂ ਨਾਲ ਇਕਸੁਰਤਾ ਨਹੀਂ ਰਖਦੀ । ਜਦੋਂ ਮੈਂ ਕਹਿੰਦਾ ਹਾਂ ਕਿ 'ਕਲ ਮੈਂ ਕਾਨਪੁਰ ਜਾਵਾਂਗਾ', ਤਾਂ ਇਸ ਐਲਾਨ ਵਿਚ ਜਿਹੜੀ "ਮੈਂ ਆਇਆ ਹੈ, ਉਹ 'ਘੋਸ਼ਣਾ ਦਾ ਵਿਅਕਤੀ subject of enunciation ਹੈ' ਅਤੇ ਉਹ ਅੰਹ ਜਿਸਨੇ ਇਹ ਗੱਲ ਆਖੀ ਹੈ ਉਹ ਘੋਸ਼ਣਾ ਕਰਨ ਵਾਲਾ ਵਿਅਕਤੀ ਹੈ । ਇਸ 'ਮੈਂ ਅਤੇ ਉਸ 'ਮੈਂ ਅਰਥਾਤ ਇਨ੍ਹਾਂ ਦੋਹਾਂ 'ਵਿਅਕਤੀਆਂ' ਦੇ ਵਿਚਕਾਰ ਜਿਹੜੀ ਵਿੱਥ ਹੈ ਅਤੇ ਰੋਮਾਨੀ ਚਿੰਤਨ ਜਿਸਦਾ ਹੁਣ ਤਕ ਵਿਰੋਧ ਕਰਦਾ ਰਿਹਾ ਹੈ, ਉੱਤਰ-ਸੰਰਚਨਾਵਾਦੀ ਚਿੰਤਨ ਵਿਅਕਤੀਪਰਕ ਸਥਿਤੀਆਂ ਦੇ ਇਸੇ ਸਖਣੇ ਸਥਾਨ ਵਿਚ ਪ੍ਰਵੇਸ਼ ਕਰ ਗਿਆ ਹੈ ।

ਲਾਕਾਂ ਦਾ ਕਹਿਣਾ ਹੈ ਕਿ "ਮਨੁੱਖੀ ਵਿਅਕਤੀ ਭਾਸ਼ਾ ਬੋਲਣ ਦੇ ਨਾਲ ਨਾਲ ਚਿਹਨਕਾਂ ਦੇ ਇਕ ਅਜਿਹੇ ਪ੍ਰਬੰਧ ਵਿਚ ਦਾਖਲ ਹੋ ਜਾਂਦਾ ਹੈ ਜੋ ਭਾਵੇਂ ਉਸ ਤੋਂ ਪਹਿਲਾਂ ਹੋਂਦ ਰਖਦਾ ਹੈ, ਪਰ ਅਰਥਵਾਨ ਓਸੇ ਵੇਲੇ ਬਣਦਾ ਹੈ, ਜਦੋਂ ਮਨੁੱਖੀ ਵਿਅਕਤੀ ਉਸ ਨਾਲ ਜੁੜ ਜਾਂਦਾ ਹੈ । ਭਾਸ਼ਾ ਵਿਚ ਦਾਖਲ ਹੋਣ ਦੇ ਬਾਦ ਹੀ ਮਾਨਵ ਇਸ ਯੋਗ ਹੁੰਦਾ ਹੈ ਕਿ ਸੰਬੰਧਾਂ ਦੇ ਪ੍ਰਬੰਧ ਵਿਚ ਖੁਦ ਨੂੰ ਅਤੇ ਆਪਣੀ ਭੂਮਿਕਾ ਨੂੰ ਪਛਾਣ ਸਕੇ । (ਅਰਥਾਤ ਪੁਰਖ/ਇਸਤਰੀ/ਪਿਤਾ ਮਾਤਾ, ਪੁੱਤਰ/ਪੁੱਤਰੀ, ਭੈਣ ਭਰਾ ਆਦਿ)ਇਹ ਪ੍ਰਕਿਰਿਆ ਅਤੇ ਉਸਤੋਂ ਪਹਿਲਾਂ ਦੇ ਸਾਰੇ ਪੜਾਉ ਅਵਚੇਤਨ ਦੇ ਨਿਰੀਖਣਵਿਚ ਹੀ ਨਿਰਧਾਰਿਤ ਹੁੰਦੇ ਹਨ।

## ਸਾਰ-ਅੰਸ਼:

ਉੱਤਰ-ਸੰਰਚਨਾਵਾਦ'ਦੀ ਬੁਨਿਆਦ 1960ਵਿਆਂ ਦੇ ਅਖੀਰ ਵਿੱਚ ਸਿਆਸੀ ਅਸਥਿਰਤਾ, ਵਿਗਿਆਨ ਅਤੇ ਸਮਾਜਿਕ ਵਿਕਾਸ ਤੋਂ ਨਿਰਾਸ਼ਾ ਨਾਲ ਸੰਬੰਧਿਤ ਹੈ। ਇਸ ਲਈ, ਇਸ ਤੱਥ ਦੇ ਬਾਵਜੂਦ ਕਿ ਇਸ ਤਰ੍ਹਾਂ ਦੇ ਵਿਚਾਰ ਪਹਿਲਾਂ ਅਮਰੀਕੀ ਅਤੇ ਜਰਮਨ ਫ਼ਿਲਾਸਫ਼ਰਾਂ ਦੁਆਰਾ ਪ੍ਰਗਟ ਕੀਤੇ ਗਏ ਸਨ, ਮੌਜੂਦਾ ਰੁਝਾਨ ਫਰਾਂਸ ਵਿੱਚ ਪੈਦਾ ਹੋਇਆ। 1968 ਈ ਵਿੱਚ ਫਰਾਂਸ ਵਿੱਚ ਇੱਕ ਵਿਦਿਆਰਥੀ ਅੰਦੋਲਨ ਹੋਇਆ। ਇਸ ਕਰਕੇ ਉੱਥੇ ਰਾਜਨੀਤੀ ਪਰਿਵਰਤਨ ਹੋਇਆ। ਇਸ ਦਾ ਕਾਰਨ ਉੱਤਰ ਸੰਰਚਨਾਵਾਦ ਨੂੰ ਦਸਿਆ ਗਿਆ। ਕਿਉਂਕਿ ਇਸ ਅੰਦੋਲਨ ਵਿੱਚ ਉੱਤਰ ਸੰਰਚਨਾਵਾਦ ਦੀ ਅਹਿਮ ਭੂਮਿਕਾ ਰਹੀ।ਉੱਤਰ ਆਧੁਨਿਕਤਾ ਇੱਕ ਮਨੁੱਖੀ ਦ੍ਰਿਸ਼ਟੀਕੋਣ ਹੈ। ਇਹ ਸਮੇਂ ਦਾ ਸੂਚਕ ਹੈ। ਭਾਵ ਸਮੇਂ ਦੇ ਹਾਲਾਤਾਂ ਬਾਰੇ ਜਾਣੂ ਕਰਵਾਉਂਦਾ ਹੈ। ਉਤਰ-ਆਧੁਨਿਕਤਾ ਵਿੱਚ ਹੋਰ ਕਈ ਚਿੰਤਨ ਆਉਂਦੇ ਹਨ। ਉਹਨਾਂ ਵਿੱਚ ਇੱਕ ਉੱਤਰ ਸੰਰਚਨਾਵਾਦ ਹੈ। ਇਹ ਇੱਕ ਵਿਆਪਕ ਚਿੰਤਕ ਹੈ। ਪਹਿਲਾ ਸੰਰਚਨਾਵਾਦ ਹੋਂਦ ਵਿੱਚ ਆਇਆ ਬਾਅਦ ਵਿੱਚ ਉੱਤਰ ਸੰਰਚਨਾਵਾਦ ਆਇਆ। ਵੱਖ ਵੱਖ ਭਿੰਨਤਾਵਾਂ ਹੋਣ ਦੇ ਬਾਵਜੂਦ ਸੰਰਚਨਾਵਾਦ ਅਤੇ ਉੱਤਰ ਸੰਰਚਨਾਵਾਦ ਇਤਿਹਾਸਿਕ ਰੂਪ ਤੋ ਇੱਕ ਸ੍ਰੋਤ ਨਾਲ ਜੁੜੇ ਗਿਆਨ ਅਤੇ ਅਰਥਾਂ ਨੂੰ ਪ੍ਰਭਾਸਿਤ ਕਰਦੇ ਹਨ। ਕਿਸੇ ਖੇਤਰ ਦੀ ਜਟਿਲਤਾ ਅਤੇ ਉੱਨਤੀ ਵਿਵਸਥਾਵਾਂ ਤੋਂ ਇਹਨਾਂ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਡਾ. ਸੁਰਜੀਤ ਸਿੰਘ ਅਨੁਸਾਰ ਪੰਜਾਬੀ ਸਾਹਿਤ ਚਿੰਤਨਧਾਰਾ ਦੀ ਇੱਕ ਵੱਡੀ ਸਮੱਸਿਆ ਇਹ ਰਹੀ ਹੈ ਕਿ ਇਸਦਾ ਗੈਰ-ਭਾਰਤੀ, ਪੱਛਮੀ ਸਾਹਿਤ ਅਧਿਐਨ ਵਿਧੀਆਂ ਬਾਰੇ ਪ੍ਰਤਿਕਰਮ ਆਲੋਚਨਾਤਮਕ ਅਤੇ ਵਿਸ਼ਲੇਸ਼ਣਾਤਮਕ ਹੋਣ ਦੀ ਥਾਂ ਅਨੁਕਰਣਾਤਮਕ ਰਿਹਾ ਹੈ।ਮਾਨਸਿਕ ਗੁਲਾਮੀ ਸਾਡੇ ਵਿਹਾਰ ਵਿੱਚ ਇੰਨੀ ਗਹਿਰੀ ਉੱਤਰ ਗਈ ਹੈ ਕਿ ਅਸੀਂ ਪੱਛਮ ਦੀ ਹਰ ਚੀਜ਼ ਦਾ ਇੰਨ-ਬਿੰਨ ਅਨੁਕਰਣ ਕਰਨ ਅਤੇ ਉਸਨੂੰ ਸ਼ੁੱਧ ਰੂਪ ਵਿੱਚ ਸ਼ਬਦ ਦਰ ਸ਼ਬਦ ਲਾਗੂ ਕਰਨ ਵਿੱਚ ਮਾਣ ਮਹਿਸੂਸ ਕਰਦੇ ਹਾਂ। ਇਹ ਰੁਚੀ ਰਾਜਸੀ ਸੰਰਚਨਾਵਾਂ ਤੋਂ ਕਲਾਤਮਕ ਸੰਰਚਨਾਵਾਂ ਤੱਕ ਫ਼ੈਲੀ ਹੋਈ ਹੈ-ਜਦਕਿ ਸੰਰਚਨਾਵਾਂ ਕਦੇ ਵੀ ਪੂਰੀ ਤਰ੍ਹਾਂ ਅਨੁਕਰਣਯੋਗ ਨਹੀਂ ਹੁੰਦੀਆਂ। ਇਸੇ ਗੁਲਾਮ ਮਾਨਸਿਕਤਾ ਕਾਰਣ ਅਸੀਂ ਪੱਛਮ ਤੋਂ ਰਾਸ਼ਟਰ, ਰਾਸ਼ਟਰੀ ਭਾਸ਼ਾ, ਰਾਸ਼ਟਰੀ ਮਾਨ, ਤੇ ਹੋਰ ਰਾਸ਼ਟਰੀ ਚਿੰਨ੍ਹਾਂ ਦੇ ਸੰਕਲਪ ਲਏ ਅਤੇ ਇਸੇ ਗੁਲਾਮ ਮਾਨਸਿਕਤਾ ਦੇ ਅਧੀਨ ਅਸੀਂ ਆਪਣੀ ਸਾਹਿਤ-ਸ਼ਾਸਤਰੀ ਵਿਰਾਸਤ ਦੀਆਂ ਸੰਭਾਵਨਾਵਾਂ ਨੂੰ ਵਰਤਣ ਅਤੇ ਸੀਮਾਵਾਂ ਨੂੰ ਜਾਣਨ ਬਗੈਰ ਹੀ ਪੱਛਮ ਦੀਆਂ ਵਿਭਿੰਨ ਸਾਹਿਤ ਅਧਿਐਨ ਪ੍ਰਣਾਲੀਆਂ ਨੂੰ ਅਨੁਕਰਣਾਤਮਕ ਢੰਗ ਨਾਲ ਅਪਣਾਇਆ ਹੈ। ਪੰਜਾਬੀ ਵਿੱਚ ਸੁਚੇਤ ਅਤੇ ਸਿੱਧਾਂਤਕ ਚਿੰਤਨ ਦਾ ਆਗਾਜ਼ ਸੰਤ ਸਿੰਘ ਸੇਖੋਂ ਦੀਆਂ ਮਾਰਕਸਵਾਦੀ ਦਰਸ਼ਨ ਤੋਂ ਪ੍ਰੇਰਿਤ ਲਿਖਤਾਂ ਨਾਲ ਹੋਇਆ।

ਮਾਰਕਸਵਾਦੀ ਆਲੋਚਨਾ ਪ੍ਰਣਾਲੀ ਤੋਂ ਇਲਾਵਾ ਅਤੇ ਬਾਅਦ ਵਿੱਚ ਆਈਆਂ ਸਮੁੱਚੀਆਂ ਸਮੀਖਿਆ ਵਿਧੀਆਂ ਦਾ ਆਗਮਨ ਪੰਜਾਬੀ ਆਲੋਚਨਾ ਦੇ ਮਾਰਕਸਵਾਦ ਨਾਲੋਂ ਮਾਰਕਸਵਾਦੀਆਂ ਪ੍ਰਤੀ ਵਿਰੋਧ ਦੁਆਰਾ ਪ੍ਰੇਰਿਤ ਰਿਹਾ ਹੈ। ਸ਼ਾਇਦ ਇਹੀ ਕਾਰਣ ਹੈ ਕਿ ਮਾਰਕਸਵਾਦ, ਸੰਰਚਨਾਵਾਦ, ਚਿਹਨ-ਵਿਗਿਆਨ, ਨਵ-ਮਾਰਕਸਵਾਦ ਅਤੇ ਉੱਤਰ-ਸੰਰਚਨਾਵਾਦ ਦੇ ਪ੍ਰਮਾਣਿਕ ਪੱਛਮੀ ਸਰੂਪ ਵਿੱਚ ਜਿਹੜਾ ਸੰਵਾਦ ਅਤੇ ਆਦਾਨ-ਪ੍ਰਦਾਨ ਦੇਖਣ ਨੂੰ ਮਿਲਦਾ ਹੈ, ਉਹ ਇਨ੍ਹਾਂ ਪ੍ਰਣਾਲੀਆਂ ਦੇ ਪੰਜਾਬੀ ਪ੍ਰਵਰਤਕਾਂ ਦੀਆਂ ਲਿਖਤਾਂ ਵਿਚੋਂ ਮੂਲੋਂ ਹੀ ਗੈਰ-ਹਾਜ਼ਰ ਹੈ। ਅਸੀਂ ਆਪਣੀ ਸਾਹਿਤਕ ਰਾਜਨੀਤੀ ਕਾਰਣ-ਵਿਭਿੰਨ ਪ੍ਰਣਾਲੀਆਂ ਵਿਚਲੀਆਂ ਉਨ੍ਹਾਂ ਲਿਖਤਾਂ ਨੂੰ ਹੀ ਵਧੇਰੇ ਉਭਾਰਿਆ ਅਤੇ ਅਧਿਐਨ ਦਾ ਆਧਾਰ ਬਣਾਇਆ ਹੈ, ਜਿਹੜੀਆਂ ਇੱਕ ਵਿਧੀ ਦੇ ਦੂਜੀ ਵਿਧੀ ਨਾਲ ਨਿਖੇੜਿਆਂ-ਵਿਰੋਧਾਂ ਨੂੰ ਹੀ ਦ੍ਰਿਸ਼ਟੀਗੋਚਰ ਕਰਦੀਆਂ ਹਨ। ਇਸ ਲਈ ਸਾਡੇ ਆਲੋਚਕ ਵਿਭਿੰਨ ਪ੍ਰਣਾਲੀਆਂ ਦੇ ਸੰਕਲਪਕ ਚੌਖ਼ਿਆਂ ਦੇ ਸਾਂਝੇ ਸੂਤਰਾਂ ਨੂੰ ਲੱਭਣ ਦੀ ਥਾਂ ਨਿਪਟ ਵਿਰੋਧ ਦੇ ਨੁਕਤਿਆਂ ਨੂੰ ਹੀ ਉਭਾਰਦੇ ਰਹੇ ਹਨ। ਯੱਕ ਦੈਰੀਦਾ ਆਪਣੇ ਸਮਕਾਲ ਦੀਆਂ ਵਸਤੂਗਤ ਤਬਦੀਲੀਆਂ ਨੂੰ ਹੁੰਗਾਰਾ ਦਿੰਦਾ ਹੋਇਆ ਪਲੈਟੋ ਤੋਂ ਲੈ ਕੇ ਸੋਸਿਊਰ ਤੱਕ ਦੇ ਸਮੁੱਚੇ ਪੱਛਮੀ ਚਿੰਤਨ ਦੇ ਸਿਸਟਮ ਨੂੰ ਭੰਗ ਕਰ ਦੇਣ ਦੀ ਮਹੱਤਵਾਕਾਂਖਿਆ ਅਧੀਨ ਕਿਸੇ ਪਾਠ ਵਿੱਚ ਕੇਂਦਰੀ ਅਰਥ ਦੇ ਮੌਜੂਦ ਹੋਣ ਦੀ ਸੰਭਾਵਨਾ ਅਤੇ ਚਿਹਨਕ ਦੀ ਤਹਿ ਥੱਲੇ ਕਿਸੇ ਚਿਹਨਤ ਦੀ ਹੋਂਦ ਨੂੰ ਰੱਦ ਕਰ ਦਿੰਦਾ ਹੈ। ਸਿੱਧਾਂਤਕ ਪੱਧਰ ਉਪਰ ਦੈਰੀਦਾ ਸੋਸਿਊਰ ਦੇ ਭਾਸ਼ਾ ਚਿੰਤਨ ਨਾਲ ਸੰਵਾਦ ਰਚਾਉਂਦਾ ਹੋਇਆ ਉਸਦੇ ਚਿੰਤਨ ਵਿਚਲੇ ਲਿਖਿਤ ਭਾਸ਼ਾ ਦੇ ਮੁਕਾਬਲੇ ਉਚਰਿਤ ਭਾਸ਼ਾ, ਸ਼ੁੱਧ ਚਿਹਨਕ ਦੀ ਥਾਂ ਪਾਰਗਾਮੀ ਚਿਹਨਤ ਦੀ ਹਾਜ਼ਰੀ ਦੇ ਅਧਿਆਤਮ ਅਤੇ ਅੰਤਿਮ ਰੂਪ ਵਿੱਚ ਸੰਰਚਨਾ ਦੀ ਥਾਂ ਸਾਰਥਕਤਾ ਦੇ ਕੇਂਦਰ ਵੱਲ ਉਲਾਰਾਂ ਨੂੰ ਆਲੋਨਾ ਦਾ ਵਿਸ਼ਾ ਬਣਾਉਂਦਾ ਹੋਇਆ ਡਿਫਰਾਂਸ (differance) ਦਾ ਮੌਲਿਕ ਸੰਕਲਪ ਪੇਸ਼ ਕਰਦਾ ਹੈ। ਦੈਰੀਦਾ ਦਾ ਡਿਫਰਾਂਸ ਅੰਗਰੇਜ਼ੀ ਸ਼ਬਦ difference ਵਿਚਲੀ ਦੂਜੀ •e' ਦੀ ਥਾਂ a ਦੀ ਵਰਤੋਂ ਦੇ ਸਿੱਟੇ ਵਜੋਂ ਹੋਂਦ ਵਿੱਚ ਆਉਂਦਾ ਹੈ। ਇਸ ਸੰਕਲਪ ਦੇ ਉਚਰਿਤ ਸਰੂਪ ਦੀ ਥਾਂ ਲਿਖਤ ਵਿੱਚ ਸੰਕਲਪਕ ਅੰਤਰ ਨੂੰ ਦਿਸ਼ਟੀਗੋਚਰ ਕਰਨ ਵਿੱਚ ਵੀ ਦੈਰੀਦਾ ਦੀ ਬੋਲ ਦੀ ਪ੍ਰਮੁੱਖਤਾ ਨੂੰ ਰੱਦ ਕਰਨ ਦੀ ਬਿਰਤੀ ਕਾਰਜਸ਼ੀਲ ਹੈ। ਆਪਣੇ ਇਸ ਸੰਕਲਪ ਵਿੱਚ ਦੈਰੀਦਾ ਅੱਡਰੇ ਹੋਣ (to differ) ਅਤੇ ਸਥਗਿਤ ਕਰਨ (to defer) ਦੀਆਂ ਕ੍ਰਿਆਵਾਂ ਦਾ ਸਮਾਯੋਜਨ ਕਰਦਾ ਹੋਇਆ ਚਿਹਨ ਨੂੰ ਹਾਜ਼ਰੀ ਦੇ ਅਧਿਆਤਮ ਤੋਂ ਮੁਕਤ ਕਰਵਾਉਂਦਾ ਹੈ। ਉਸਦੇ ਇਸ ਸੰਕਲਪ ਦਾ ਭਾਵ ਹੈ ਕਿ ਹਰ ਚਿਹਨਕ ਨਾ ਕੇਵਲ ਦੂਜੇ ਚਿਹਨਕਾਂ ਨਾਲੋਂ ਵਖਰੇਵੇਂ ਕਾਰਣ ਪਛਾਣਨ ਯੋਗ ਹੈ, ਸਗੋਂ ਇਹ ਕਿਸੇ ਬਾਹਰਵਰਤੀ ਚਿਹਨਤ ਦੇ ਟਾਵੇ ਵੱਲ ਸੇਧਿਤ ਹੋਣ ਦੀ ਥਾਂ ਨਿਰੰਤਰ ਚਿਹਨਕ ਵਿੱਚ ਹੀ ਬਦਲਦਾ ਤੁਰਿਆ ਜਾਂਦਾ ਹੈ ਅਤੇ ਚਿਹਨਤ ਦੇ ਸਾਕਾਰ ਹੋਣ ਦੀ ਸੰਭਾਵਨਾ ਨੂੰ ਸਥਗਿਤ ਕਰਦਾ ਤੁਰਿਆ ਜਾਂਦਾ ਹੈ।

## ਮੁੱਖ ਕੇਂਦਰੀ ਸ਼ਬਦ:

ਸਥਗਿਤ ਕਰਨ ---ਮੁਲਤਵੀ ਕਰਨਾ

ਪ੍ਰਤਿਕਰਮ ---ਨਤੀਜਾ

ਅਵਚੇਤਨ ----ਅਚੇਤ

ਸੰਰਚਨਾਵਾਦ ---ਗਠਨਵਾਦ

ਸੰਵੇਦਨਸ਼ੀਲ ---ਚੇਤਨਾਸ਼ੀਲ/ਅਨੁਭੂਤੀਸ਼ੀਲ

ਸਮਾਨਯ --- ਸਾਧਾਰਨ/ਆਮ

## ਸਵੈ-ਮੁਲਾਂਕਣ:

1. ਉਤਰ ਸਰੰਚਨਾਵਾਦ ਦਾ ਸਾਹਿਤ ਸਿਧਾਂਤ ਅਤੇ ਅਲੋਚਨਾ ਦੇ ਖੇਤਰ ਵਿੱਚ ਸਮਾਨਯ ਸੰਕਲਪ ਵਜੋਂ ਪ੍ਰਯੋਗ ------ ਦੇ ਆਸ ਪਾਸ ਹੋਇਆ।

ੳ. 1950

ਅ. 1967

ੲ. 1970

ਸ. 1990

2. ਉੱਤਰ ਸੰਰਚਨਾਵਾਦ ਦੇ ਉਦਭਵ /ਉਥਾਨ ਦੇ ਪ੍ਰਸੰਗ ਵਿੱਚ ਯੱਕ ਦੈਰੀਦਾ ਦਾ ਪਹਿਲਾ ਲੈਕਚਰ ਕਿਹੜੇ ਦੇਸ਼ ਵਿਚ ਹੋਇਆ :

ੳ. ਅਮਰੀਕਾ

ਅ. ਇੰਗਲੈਂਡ

ੲ. ਫਰਾਂਸ

ਸ. ਜਰਮਨੀ

3. ਰੋਲਾ ਬਾਰਤ ਦੀ ਕਿਹੜੀ ਲਿਖਤ ਨੂੰ ਤੇ ਖ਼ਾਸ ਕਰ ਉਸਦੇ ਮਜ਼ਮੂਨ ਨੂੰ ਵਿਧੀ ਵਿਗਿਆਨ ਦੇ ਪੱਖੋਂ ਉੱਤਰ ਸੰਰਚਨਾਵਾਦ ਨਾਲ ਜੋੜਿਆ ਜਾਂਦਾ ਹੈ:

ੳ. S/Z

ਅ. The Death of the Author

ੲ. Elements of Semiology

ਸ. Pleasure of the Text

4. ਯੱਕ ਲਾਕਾਂ ਕਦੋਂ ਤਕ ਉਹ Vincennes ਯੂਨੀਵਰਸਿਟੀ ਦੇ Champ Freudienਵਿਭਾਗ ਦਾ ਮੁੱਖੀ ਸੀ।

ੳ. 1980

ਅ. 1981

ੲ. 1982

ਸ. 1985

5. "The structure, sigh and play in the discourse of the human sciences" ਵਿਸ਼ੇ ਤੇ ਕਿਸ ਨੇ ਭਾਸ਼ਣ ਦਿੱਤਾ:

ੳ. ਸੋਸਿਉਰ

ਅ. ਦੇਰੀਦਾ

ੲ. ਮਿਸ਼ੈਲ ਫੂਕੋ

ਸ. ਰੋਲਾਂ ਬਾਰਥ

6. ਇਹ ਪ੍ਰਵਾਣਿਤ ਤੱਥ ਹੈ ਕਿ ਪੱਛਮ ਵਿੱਚ ਉਤਰ ਸੰਰਚਨਾਵਾਦ, ਸੰਰਚਨਾਵਾਦ ਦੀਆ ਸੀਮਾਵਾਂ ਸਾਹਮਣੇ ਆਉਣ ਤੋਂ ਮਗਰੋਂ ਹੀ ਹੋਂਦ ਵਿੱਚ ਆਇਆ।

ਇਹ ਕਥਨ ਹੈ:

ੳ. ਸਹੀ

ਅ. ਗਲਤ

7. ਪੰਜਾਬੀ ਸਹਿਤ ਤੇ ਚਿੰਤਨ ਅੰਤਰਗਤ ਰੂਪਵਾਦੀ ਤੇ ਸੰਰਚਨਾਵਾਦੀ ਵਿਚਕਾਰ ਝਗੜਾ ਚੱਲਦਾ ਰਹਿੰਦਾ ਕਿਉਂਕਿ ਇਹ ਦੋ ਅੱਡੋ ਅੱਡ ਪਹੁੰਚ ਵਿਧੀਆ ਹਨ।

ਇਹ ਕਥਨ ਹੈ:

ੳ. ਸਹੀ

ਅ. ਗਲਤ

8. ਪੰਜਾਬੀ ਸਹਿਤ ਚਿੰਤਨਧਾਰਾ ਵਿੱਚ ਸਾਹਿਤ ਪ੍ਰਤੀ ਸਾਡੇ ਵਿਦਵਾਨਾ ਦੀ ਪਹੁੰਚ ਉਪਭੋਗਤਾ ਵਾਲੀ ਸੀ, ਉਤਪਾਦਕ ਵਾਲੀ ਨਹੀਂ।

ੳ. ਸਹੀ

ਅ. ਗਲਤ

9. "Signification" ਦਾ ਸੰਕਲਪ ਕਿਸ ਨੇ ਦਿੱਤਾ:

ੳ. ਸੋਸਿਉਰ

ਅ. ਦੇਰੀਦਾ

ੲ. ਮਿਸ਼ੈਲ ਫੂਕੋ

ਸ. ਰੋਲਾਂ ਬਾਰਥ

10. ਰੋਲਾਂ ਬਾਰਥ ਦੀ ਪੁਸਤਕ S/Z ਕਿਹੜੇ ਵਰ੍ਹੇ ਵਿਚ ਪ੍ਰਕਾਸ਼ਿਤ ਹੋਈ:

ੳ. 1960

ਅ. 1970

ੲ- 1965

ਸ- 1975

11. "ਨਵ-ਫਰਾਇਡਵਾਦ" ਦਾ ਸਿਧਾਂਤ ਦਿੱਤਾ:

ੳ. ਵੋਲੋਸ਼ੀਨੋਵ

ਅ. ਬਾਖਤਿਨ

ੲ. ਯੱਕ ਲਾਕਾਂ

ਸ. ਪਾਵੇਲ ਮੈਡਵੇਡ

12. ਯੁੱਕ ਲਾਕਾਂ ਦਾ ਜਨਮ 1901 ਵਿਚ ------ਵਿਚ ਹੋਇਆ।:

ੳ. ਪੈਰਿਸ

ਅ. ਫਰਾਂਸ

ੲ. ਜਾਪਾਨ

ਸ. ਇੱਟਲੀ

ਹ ਲੰਡਨ

13. 'ਲੇਖਕ ਦੀ ਮੌਤ ਪਾਠਕ ਦੇ ਜਨਮ ਦਾ ਕਾਰਨ ਬਣਦੀ ਹੈ। ਪਾਠ ਭਾਸ਼ਾ ਦੇ ਇੱਕ ਟੁਕੜੇ ਜਿਹਾ ਹੁੰਦਾ ਹੈ ਜਿਸ ਦੀ ਸੰਰਚਨਾ ਤਾਂ ਹੁੰਦੀ ਹੈ ਪ੍ਰੰਤੂ ਕੋਈ ਕੇਂਦਰੀ ਜਾਂ ਅੰਤ ਨਹੀਂ ਅਤੇ ਪਾਠ ਦੀ ਇਸ ਰਚਨਾ ਵਿੱਚ ਕਈ ਅੰਤਰ ਪਾਠ ਮੌਜੂਦ ਹੁੰਦੇ ਹਨ ਜੋ ਉਸ ਨੂੰ ਬਹੁ ਬਚਨੀ ਅਤੇ ਇੱਕ ਵਿਕੇਂਦ੍ਰਿਤ (centri-fugal) ਬਣਾਉਂਦੇ ਹਨ।'

ਇਹ ਕਥਨ ਹੈ:

ੳ. ਦੈਰੀਦਾ

ਅ. ਬਾਖਤਿਨ

ੲ. ਰੋਲਾਂ ਬਾਰਥ

ਸ. ਮਿਸ਼ੈਲ ਫੂਕੋ

14 ਮਨੁੱਖੀ ਵਿਅਕਤੀ ਭਾਸ਼ਾ ਬੋਲਣ ਦੇ ਨਾਲ ਨਾਲ ਚਿਹਨਕਾਂ ਦੇ ਇਕ ਅਜਿਹੇ ਪ੍ਰਬੰਧ ਵਿਚ ਦਾਖਲ ਹੋ ਜਾਂਦਾ ਹੈ ਜੋ ਭਾਵੇਂ ਉਸ ਤੋਂ ਪਹਿਲਾਂ ਹੋਂਦ ਰਖਦਾ ਹੈ, ਪਰ ਅਰਥਵਾਨ ਓਸੇ ਵੇਲੇ ਬਣਦਾ ਹੈ, ਜਦੋਂ ਮਨੁੱਖੀ ਵਿਅਕਤੀ ਉਸ ਨਾਲ ਜੁੜ ਜਾਂਦਾ ਹੈ।

ਇਹ ਕਥਨ ਹੈ:

ੳ. ਵੋਲੋਸ਼ੀਨੋਵ

ਅ. ਯੱਕ ਲਾਕਾਂ

ੲ. ਐਲਫ੍ਰੈਡ ਐਡਲਰ

ਸ. ਪਾਵੇਲ ਮੈਡਵੇਡੇਵ

15. Ecole Freudienne, Paris ਦੀ ਬੁਨਿਆਦ ਰਖੀ ਗਈ:

ੳ. 1961

ਅ. 1962

ੲ. 1963

ਸ. 1964

16. ਖਾਲੀ ਸਥਾਨ ਭਰੋ:

ਲਾਕਾਂ ਦਾ ਦੇਹਾਂਤ -------------------------------- ਵਿਚ ਹੋਇਆ।

17. ਖਾਲੀ ਸਥਾਨ ਭਰੋ:

ਯੱਕ ਲਾਕਾਂ ਦੀਆਂ ------------------ਲਿਖਤਾਂ ਨੇ ਸਾਹਿਤਕ ਆਲੋਚਨਾ ਨੂੰ ਕਰਤਾ subject ਦਾ ਇਕ ਨਵਾਂ ਸਿਧਾਂਤ ਦਿੱਤਾ ਹੈ।

18. 1968 ਈ ਵਿੱਚ ਫਰਾਂਸ ਵਿੱਚ ਇੱਕ ਵਿਦਿਆਰਥੀ ਅੰਦੋਲਨ ਹੋਇਆ। ਇਸ ਕਰਕੇ ਉੱਥੇ ਰਾਜਨੀਤੀ ਪਰਿਵਰਤਨ ਹੋਇਆ। ਇਸ ਦਾ ਕਾਰਨ ------------------ਨੂੰ ਦਸਿਆ ਗਿਆ।

## ਅਭਿਆਸ ਪ੍ਰਸ਼ਨ

ਪ੍ਰਸ਼ਨ: 1 ਸੋਸਿਊਰ ਦੀ ਥਿਊਰੀ ਵਿਚ ਹੀ ਉੱਤਰ ਸੰਰਚਨਾਵਾਦ ਦੇ ਬੀਜ ਹਨ, ਸਪਸ਼ਟ ਕਰੋ।

ਪ੍ਰਸ਼ਨ: 2 ਸਾਹਿਤ ਵਿਚ ਅਰਥ ਉਤਪਤੀ ਦੀ ਪ੍ਰਕਿਰਿਆ ਦਾ ਕੀ ਅਰਥ ਹੈ? ਸੰਰਚਨਾਵਾਦ ਅਤੇ ਉੱਤਰ ਸੰਰਚਨਾਵਾਦ ਦੀ ਇਸ ਸੰਬੰਧੀ ਕੀ ਪਹੁੰਚ ਹੈ?

ਪ੍ਰਸ਼ਨ: 3 ਯੱਕ ਲਾਕਾਂ ਦੀਆਂ ਲਿਖਤਾਂ ਨੇ ਸਾਹਿਤਿਕ ਆਲੋਚਨਾ ਨੂੰ ਕਿਵੇਂ ਪ੍ਰਭਾਵਿਤ ਕੀਤਾ?

ਪ੍ਰਸ਼ਨ:4 ਯੱਕ ਲਾਕਾਂ ਦੀ ਥਿਊਰੀ ਫਰਾਇਡ ਦੇ ਅਧਿਐਨ ਤੋਂ ਉਪਜੀ, ਸਪਸ਼ਟ ਕਰੋ।

ਪ੍ਰਸ਼ਨ:5 ਉੱਤਰ ਸੰਰਚਨਾਵਾਦ ਤੇ ਨੋਟ ਲਿਖੋ।

## ਸੰਦਰਭ ਪੁਸਤਕਾਂ:


- ਸੰਰਚਨਾਵਾਦ, ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਗੋਪੀ ਚੰਦ ਨਾਰੰਗ, ਭਾਰਤੀ ਸਾਹਿਤ ਅਕਾਦਮੀ ਦਿੱਲੀ, (2011)
- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, (2011)
- ਵਾਦ ਚਿੰਤਨ, ਭੱਟੀ, ਸੁਰਜੀਤ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲਾ ਸੰਸਕਰਨ (2010)


## ਮਹੱਤਵਪੂਰਨ ਲਿੰਕ

https://pa.buy-com.pl/17324/1/%E0%A8%89%E0%A9%B1%E0%A8%A4%E0%A8%B0-%E0%A8%B8%E0%A9%B0%E0%A8%B0%E0%A8%9A%E0%A8%A8%E0%A8%BE%E0%A8%B5%E0%A8%BE%E0%A8%A6.html

https://pa.google-info.org/17324/1/%E0%A8%89%E0%A9%B1%E0%A8%A4%E0%A8%B0-%E0%A8%B8%E0%A9%B0%E0%A8%B0%E0%A8%9A%E0%A8%A8%E0%A8%BE%E0%A8%B5%E0%A8%BE%E0%A8%A6.html

ਉੱਤਰਮਾਲਾ

| | | | | |
|---|---|---|---|---|
| 1. ੲ | 2. ੳ | 3. ਅ | 4. ਅ | 5. ਅ |
| 6. ੳ | 7. ਅ | 8. ੳ | 9. ਸ | 10. ਅ |
| 11.ੲ | 12. ੳ | 13. ੲ | 14. ਅ | 15. ਸ |
| 16. 1981 | 17. ਮਨੋ ਵਿਗਿਆਨਕ | 18. ਉੱਤਰ ਸੰਰਚਨਾਵਾਦ | | |

# ਅਧਿਆਇ-9: ਉੱਤਰ ਸੰਰਚਨਾਵਾਦ: ਰੋਲਾਂ ਬਾਰਥ ਦੀ ਦੇਣ

*Harpreet singh, Lovely Professional University*

ਵਿਸ਼ਾ ਵਸਤੂ (Content)


- ਉਦੇਸ਼
- ਪ੍ਰਸਤਾਵਨਾ
- ਵਿਸ਼ਾ ਵਸਤੂ
- ਸਾਰ-ਅੰਸ਼
- ਕੇਂਦਰੀ ਸ਼ਬਦ
- ਸਵੈ-ਮੁਲਾਂਕਣ
- ਅਭਿਆਸ ਪ੍ਰਸ਼ਨ
- ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ–

- ਰੋਲਾਂ ਬਾਰਥ ਦੇ ਸਿਧਾਂਤਾਂ ਦੇ ਸਰੂਪ ਅਤੇ ਪ੍ਰਕ੍ਰਿਤੀ ਨੂੰ ਸਮਝਣ ਦੇ ਕਾਬਲ ਬਣੇਗਾ।
- ਅਰਥਾਂ ਦੀ ਬਹੁ ਪਰਤਾਂ, ਅਰਥਾਂ ਦਾ ਵਿਕੇਂਦ੍ਰੀਕਰਨ ਅਤੇ ਅਰਥਾਂ ਦੀ ਬਹੁਲਤਨੂੰ ਵਰਤਣ ਦੇ ਕਾਬਲ ਬਣੇਗਾ।
- ਸਾਹਿਤ ਆਲੋਚਨਾ ਵਿਚ ਇਸ ਦੀ ਵਰਤੋਂ ਦੁਆਰਾ ਸਾਹਿਤ ਦੀਆਂ ਵਿਭਿੰਨ ਦਿਸ਼ਾਵਾਂ ਦਾ ਮੁਲਾਂਕਣ ਕਰਸਕਣ ਦੇ ਸਮਰੱਥ ਹੋਵੇਗਾ।

## ਪ੍ਰਸਤਾਵਨਾ:

ਇਸ ਅਧਿਆਇ ਦਾ ਮੁੱਖ ਆਧਾਰ ਰੋਲਾਂ ਬਾਰਥ ਦੀਆਂ ਪੁਸਤਕਾਂ ਦੇ ਸੰਦਰਭ ਵਿਚ ਅਰਥਾਂ ਦੀ ਬਹੁ ਪਰਤਾਂ, ਅਰਥਾਂ ਦਾ ਵਿਕੇਂਦ੍ਰੀਕਰਨ ਅਤੇ ਅਰਥਾਂ ਦੀ ਬਹੁਲਤਾ ਦਾ ਵਰਣਨ ਕਰਦੇ ਹੋਏ ਸਾਹਿਤ ਅਤੇ ਭਾਸ਼ਾ ਦੀਆਂ ਸੰਭਾਵਨਾਵਾਂ ਦਾ ਰੂਪ ਸਾਕਾਰ ਕਰਨਾ ਹੈ ; ਜੋ ਉੱਤਰ ਸਰੰਚਨਾਵਾਦ ਦੀ ਮੁੱਖ ਧਾਰਾ ਹੈ। ਬਾਰਥ ਦੇ ਇਸ ਤੱਥ ਨੂੰ ਸਮਝਣਾ ਹੈ ਕਿ ਵਸਤੂਪਰਕ ਪਾਠ ਅਥਵਾ ਪਾਠ ਦੇ ਪੂਰਬ-ਨਿਸ਼ਚਿਤ ਅਰਥ ਬਿਲਕੁਲ ਕੋਈ ਹੋਂਦ ਨਹੀਂ ਰਖਦੇ ; ਆਲੋਚਕ ਸਕ੍ਰਿਯ ਰੂਪ ਵਿਚ ਅਰਥ-ਨਿਰਮਾਨ ਕਰਦਾ ਹੈ। ਵਿਦਿਆਰਥੀ ਇਸ ਅਧਿਆਇ ਦੁਆਰਾ ਇਹ ਸਮਝਣ ਵਿਚ ਸਮਰਥ ਹੋਵੇਗਾ ਕਿ ਰਚਨਾਕਾਰ ਅਥਵਾ ਉਸਦੇ ਮਨੋਰਥ ਦਾ ਅਰਥਾਂ ਦੇ ਨਿਰਮਾਣ ਦੀ ਪ੍ਰਕਿਰਿਆ ਵਿਚ ਕੋਈ ਦਖਲ ਨਹੀਂ । ਨਿਰਸੰਦੇਹ ਇਸ ਅਧਿਆਇ ਵਿਚੋਂ ਅਸੀਂ ਇਹ ਸਮਝਣ ਦਾ ਯਤਨ ਕਰਾਂਗੇ ਕਿ ਸਾਹਿਤ ਵਸਤੂਆਂ ਦੀ ਅਰਥ-ਉੱਤਪਤੀ signification ਦਾ ਸੰਦੇਸ਼ ਹੈ, ਸਿਰਫ ਅਰਥ ਦਾ ਨਹੀਂ-'ਸਿਗਨੀਫਿਕੇਸ਼ਨ ਤੋਂ ਭਾਵ ਉਹ ਪ੍ਰਕਿਰਿਆ ਹੈ, ਜੋ ਵਿਭਿੰਨ ਪ੍ਰਕਾਰ ਦੇ ਅਰਥ ਉਤਪਨ ਕਰਦੀ ਹੈ, ਸਿਰਫ ਨਿਰਧਾਰਿਤ ਅਰਥ ਨਹੀਂ । ਬਾਰਥ ਦੀ ਥਿਊਰੀ ਦਾ ਇਹ ਤੱਤ ਸਾਮ੍ਹਣੇ ਆਂਏਗਾ ਕਿ ਕਹਿਣਾ ਹੈ ਕਿ ਇਕ ਸਾਹਿਤਕਾਰ ਦਾ ਸਭ ਤੋਂ ਵੱਡਾ ਜੁਰਮ ਇਹ ਹੈ ਕਿ ਉਹ ਇਹ ਕਹਿ ਕੇ ਪਾਠਕ ਨੂੰ ਗੁਮਰਾਹ ਕਰੇ ਕਿ ਭਾਸ਼ਾ ਕੋਈ ਸਾਫ-ਸੁਥਰਾ, ਪਾਰਦਰਸ਼ੀ ਮਾਧਿਅਮ ਹੈ, ਜਿਸਦੇ ਰਾਹੀਂ ਸਚਾਈ ਅਥਵਾ ਯਥਾਰਥ ਦਾ ਇੰਨ ਬਿੰਨ ਬਿਆਨ ਕੀਤਾ ਜਾ ਸਕਦਾ ਹੈ । ਸਾਹਿਤ ਅਰਥ ਦੀ ਏਕਤਾ ਅਤੇ ਹਰ ਪ੍ਰਕਾਰ ਦੀ ਏਕਤਾ ਦੇ ਖਿਲਾਫ਼ ਹੈ ।

## ਵਿਸ਼ਾ ਵਸਤੂ:

ਉੱਤਰ ਸੰਰਚਨਾਵਾਦ ਦਾ ਪੂਰਬਵਰਤ ਫ੍ਰਾਂਸ ਦੇ ਸੰਰਚਨਾਵਾਦੀ ਚਿੰਤਕਾਂ ਅਤੇ ਸਾਹਿਤਕ ਆਲੋਚਕਾਂ ਵਿਚ ਰੋਲਾਂ ਬਾਰਥ (1915-1980) ਸਭ ਤੋਂ ਵੱਧ ਰੋਚਕ ਸੂਝਵਾਨ ਅਤੇ ਨਿਡਰ ਸਿਧਾਂਤਕਾਰ ਸੀ । ਉਹ ਇਕ ਤੀਖਣ ਬੁੱਧ ਵਿਦਰੋਹੀ ਸੁਭਾ ਦਾ ਮਾਲਕ ਸੀ । ਭਾਸ਼ਾ, ਸਾਹਿਤ ਅਤੇ ਸਭਿਆਚਾਰ ਬਾਰੇ ਪਰੰਪਰਕ ਧਾਰਣਾਵਾਂ ਦਾ ਖੰਡਨ ਉਸਦੇ ਸੁਭਾ ਦਾ ਅੰਗ ਸੀ ਅਤੇ ਉਸ ਵਿਚ ਉਹ ਅਜਿਹੇ ਆਨੰਦ ਦਾ ਅਨੁਭਵ ਕਰਦਾ ਸੀ ਜੋ ਵਧੇਰੇ ਸਿਰਜਣਾ ਦੇ ਸਰਬਤਮ ਬਿੰਦੂਆਂ ਨੂੰ ਛੂਹ ਲੈਂਦਾ ਹੈ | ਆਪਣੀ ਸਾਹਿਤਕ ਯਾਤਰਾ ਵਿਚ ਉਸਨੇ ਕਈ ਕਲਾ ਬਾਜ਼ੀਆਂ ਮਾਰੀਆਂ ਪਰ ਉਸਦੀ ਸੋਚ ਵਿਚ ਬੁਨਿਆਦੀ ਹੈਸੀਅਤ 'ਪਾਠ ਦੀ ਬਹੁ-ਅਰਥਤਾ ਨੂੰ ਪ੍ਰਾਪਤ ਰਹੀ ਹੈ । ਉਹ ਅਰਥ ਦੀ ਏਕਤਾ ਅਤੇ ਹਰ ਪ੍ਰਕਾਰ ਦੀ ਏਕਤਾ ਦੇ ਖਿਲਾਫ ਸੀ । ਉਹ ਸਾਹਿਤ ਨੂੰ ਪਰਿਭਾਸ਼ਿਤ ਕਰਦੇ ਹੋਏ ਕਹਿੰਦਾ ਹੈ ਕਿ ਸਾਹਿਤ ਵਸਤੂਆਂ ਦੀ ਅਰਥ-ਉੱਤਪਤੀ signification ਦਾ ਸੰਦੇਸ਼ ਹੈ, ਸਿਰਫ ਅਰਥ ਦਾ ਨਹੀਂ-'ਸਿਗਨੀਫਿਕੇਸ਼ਨ ਤੋਂ ਬਾਰਥ ਦਾ ਭਾਵ ਉਹ ਪ੍ਰਕਿਰਿਆ ਹੈ, ਜੋ ਵਿਭਿੰਨ ਪ੍ਰਕਾਰ ਦੇ ਅਰਥ ਉਤਪਨ ਕਰਦੀ ਹੈ, ਸਿਰਫ ਨਿਰਧਾਰਿਤ ਅਰਥ ਨਹੀਂ । ਬਾਰਥ ਦਾ ਕਹਿਣਾ ਹੈ ਕਿ ਇਕ ਸਾਹਿਤਕਾਰ ਦਾ ਸਭ ਤੋਂ ਵੱਡਾ ਜੁਰਮ ਇਹ ਹੈ ਕਿ ਉਹ ਇਹ ਕਹਿ ਕੇ ਪਾਠਕ ਨੂੰ ਗੁਮਰਾਹ ਕਰੇ ਕਿ ਭਾਸ਼ਾ ਕੋਈ ਸਾਫ-ਸੁਥਰਾ, ਪਾਰਦਰਸ਼ੀ ਮਾਧਿਅਮ ਹੈ, ਜਿਸਦੇ ਰਾਹੀਂ ਸਚਾਈ ਅਥਵਾ ਯਥਾਰਥ ਦਾ ਇੰਨ ਬਿੰਨ ਬਿਆਨ ਕੀਤਾ ਜਾ ਸਕਦਾ ਹੈ । ਰੋਲਾਂ ਬਾਰਥ ਫਰਾਂਸ ਦੇ ਸੰਰਚਨਾਵਾਦੀ ਸਾਹਿਤਕ ਆਲੋਚਕਾਂ ਵਿਚ ਸਭ ਤੋਂ ਵਧ ਮਹੱਤਵ ਇਸ ਲਈ ਰਖਦਾ ਹੈ ਕਿ ਵਰਤਮਾਨ ਯੁੱਗ ਵਿਚ ਸਾਹਿਤ ਦੇ ਸੰਬੰਧ ਵਿਚ ਕਿਸੇ ਵੀ ਚਿੰਤਨ ਨੇ ਇਨੀਆ ਬਹਿਸਾਂ ਨਹੀਂ ਪੈਦਾ ਕੀਤੀਆਂ, ਜਿੰਨੀਆਂ ਰੋਲਾਂ ਬਾਰਥ ਨੇ । ਸੰਰਚਨਾਵਾਦ ਦੇ ਸੰਦਰਭ ਵਿਚ ਨਵੇਂ ਨਵੇਂ ਨੁਕਤੇ ਪੈਦਾ ਕਰਨ ਵਿਚ ਉਹ ਲਾਜਵਾਬ ਹੈ । ਉਹ ਖੁਦ ਵੀ ਸੋਚਦਾ ਹੈ ਅਤੇ ਸੋਚਣ ਲਈ ਮਜਬੂਰ ਵੀ ਕਰਦਾ ਹੈ, ਉਹ ਹੈਰਾਨ ਵੀ ਕਰਦਾ ਹੈ ਅਤੇ ਸੱਟ ਵੀ ਮਾਰਦਾ ਹੈ, ਪਰ ਉਸਦੀ ਗੱਲ ਦਿਲਚਸਪੀ, ਸਚਾਈ ਅਤੇ ਅੰਤਰ-ਦ੍ਰਿਸ਼ਟੀ ਤੋਂ ਖਾਲੀ ਨਹੀਂ ਹੁੰਦੀ । ਬਾਰਥ ਨੂੰ ਪੜ੍ਹਨ ਦਾ ਅਰਥ ਹੈ, ਸਾਹਿਤ ਬਾਰੇ ਵਧੇਰੇ ਬੁੱਧੀਮੱਤਾ ਨਾਲ ਸੋਚਣਾ ਅਤੇ ਸਾਹਿਤ ਤੋਂ ਆਨੰਦ ਲੈਣ ਲਈ ਪਹਿਲਾਂ ਨਾਲੋਂ ਵਧੇਰੇ ਸੰਵੇਦਨਸ਼ੀਲ ਹੋਣਾ |ਉਸਦੀ ਹੋਂਦ ਨਾਲ ਫ੍ਰਾਂਸ ਵਿਚ ਸਿਰਜਨਾਤਮਕ ਆਲੋਚਨਾ ਦਾ ਆਰੰਭ ਹੋਇਆ ਹੈ, ਅਤੇ ਸਾਹਿਤ-ਆਲੋਚਨਾ ਵਿਚ ਇਕ ਗਿਆਨ-ਸ਼ਾਖਾ ਦੇ ਰੂਪ ਵਿਚ ਵਿਵਿਧਤਾ ਵੀ ਪੈਦਾ ਹੋਈ ਹੈ । ਬਾਰਥ ਨੇ ਆਲੋਚਨਾ ਨੂੰ ਰੌਚਕ ਵੀ ਬਣਾਇਆ ਹੈ ਅਤੇ ਪਹਿਲਾਂ ਨਾਲੋਂ ਵਧੇਰੇ ਦਾਰਸ਼ਨਿਕਤਾ ਮੂਲਕ ਵੀ ।

ਬਾਰਥ ਸੰਰਚਨਾਤਮਕ ਭਾਸ਼ਾ-ਵਿਗਿਆਨ ਦੀ ਡੂੰਘੀ ਅੰਤਰ ਦ੍ਰਿਸ਼ਟੀ ਰਖਦਾ ਸੀ | ਪਰ ਉਸਨੇ ਸੰਰਚਨਾਵਾਦੀ ਚਿੰਤਨ ਜਾਂ ਸਾਹਿਤ-ਆਲੋਚਨਾ ਵਿਚ ਕਿਸੇ ਨਵੀਂ ਪ੍ਰਣਾਲੀ ਦੀ ਬੁਨਿਆਦ ਨਹੀਂ ਰਖੀ । ਉਹ ਅਜਿਹਾ ਕਰਨਾ ਵੀ ਨਹੀਂ ਚਾਹੁੰਦਾ ਸੀ । ਉਸਦੀ ਸਥਿਤੀ ਉਨਾਂ ਸਿਧਾਂਤਕਾਰਾਂ ਵਰਗੀ ਸੀ ਹੀ ਨਹੀਂ, ਜੋ ਆਪਣੀ ਵਧੇਰੇ ਸ਼ਕਤੀ ਆਪਣੇ ਸਿਧਾਂਤ ਦੀ ਰਾਖੀ ਲਈ ਖਰਚ ਕਰ ਦਿੰਦੇ ਹਨ । ਇਸਦੇ ਉਲਟ ਬਾਰਥ ਦੀ ਮਾਨਸਿਕਤਾ ਵਿਆਪਕਤਰ ਰੁਚੀਆਂ ਦਾ ਨਿਸ਼ਾਨਾ ਅਤੇ ਅਨੋਖੀ ਗਤੀਸ਼ੀਲਤਾ ਦੀ ਲਖਾਇਕ ਹੈ । ਬਾਰਥ ਨੇ ਅਨੇਕਾਂ ਵਿਸ਼ਿਆਂ ਬਾਰੇ ਲਿਖਿਆ ਅਤੇ ਜਿਨ੍ਹਾਂ ਵਿਸ਼ਿਆਂ ਉਤੇ ਕਲਮ ਚੁੱਕੀ ਆਪਣੀ ਵਿਲੱਖਣ ਤਿਭਾ ਅਤੇ ਚਿੰਤਨਸ਼ੀਲ ਬਿਰਤੀ ਨਾਲ ਨਵੇਂ-ਨਵੇਂ ਆਯਾਮ ਰੌਸ਼ਨ ਕੀਤੇ । ਬਾਰਥ ਖੁਦ ਆਪਣੇ ਬਾਰੇ ਲਿਖਦਾ ਹੈ, "ਉਹ ਆਪਣੇ ਕਿਸੇ ਵੀ ਬਿੰਬ ਨੂੰ ਸਹਿਨ ਨਹੀਂ ਕਰ ਸਕਦਾ, ਇਸ ਲਈ ਕੁਝ ਵੀ

ਅਖਵਾਉਣਾ ਪਸੰਦ ਨਹੀਂ ਕਰਦਾ | ਆਪਣੀਆਂ ਚਿੰਤਨ ਵਿਰਤੀਆਂ ਅਨੁਸਾਰ ਉਹ ਮੂਲ ਰੂਪ ਵਿਚ ਸੰਰਚਨਾਵਾਦੀ ਚਿੰਤਕ ਸੀ, ਪਰ ਕਿਸੇ ਧੜੇ ਵਿਚ ਸ਼ਾਮਿਲ ਹੋਣ ਅਥਵਾ ਆਕਰਸ਼ਨ ਦਾ ਕੇਂਦਰ ਬਣਨ ਤੋਂ ਉਸਨੂੰ ਤਿੱਖੀ ਘਿਰਣਾ ਸੀ, ਇਸ ਲਈ ਉਹ ਹਰੇਕ ਲੇਬਲ ਨੂੰ ਰੱਦ ਕਰਦਾ ਸੀ।

ਰੋਲਾਂ ਬਾਰਥ ਆਪਣੇ ਮੁੱਢਲੇ ਵਰਿਆਂ ਵਿਚ ਜਾਂ ਪਾਲ ਸਾਰਤ ਤੋਂ ਅਤਿਅੰਤ ਪ੍ਰਭਾਵਿਤ ਸੀ ਅਤੇ ਇਹ ਪ੍ਰਭਾਵ ਲੰਮੇ ਸਮੇਂ ਤਕ ਰਿਹਾ, ਕਿਉਂਕਿ ਰੋਲਾ ਬਾਰਥ ਵੀ ਉਸ ਪੱਛਮੀ ਦਰਸ਼ਨ ਦਾ ਪ੍ਰਬਲ ਵਿਰੋਧੀ ਸੀ, ਜਿਸਦੇ ਵਿਰੋਧ ਵਿਚ "ਅਸਤਿੱਤਵਵਾਦ' ਸਾਮਣੇ ਆਇਆ ਸੀ। ਤੱਤਵਾਦ (essentialsim) ਦੀ ਤੁਲਨਾ ਵਿਚ ਅਸਤਿੱਤਵਵਾਦ ਨੇ ਮਾਨਵ ਦੀ ਉਸ ਮੂਲਭੂਤ ਸੁਤੰਤਰਤਾ ਉੱਤੇ ਬਲ ਦਿੱਤਾ ਸੀ, ਜੋ ਹਰੇਕ ਪਰਿਵਰਤਨ ਦਾ ਆਧਾਰ ਹੈ। ਬਾਰਥ ਦੀ ਸਾਰ ਵਾਂਗ ਤੱਤਵਾਦ ਤੇ ਦਮਨਕਾਰੀ ਦੇ ਵਿਰੁਧ ਹਰ ਤਰਾਂ ਦੇ ਵਿਦਰੋਹ ਸਗੋਂ ਅਰਾਜਕਤਾ ਦਾ ਕਾਇਲ ਸੀ। ਸਾਰਤ ਵਾਂਗ ਉਹ ਵੀ ਤੱਤਵਾਦ ਨੂੰ ਬੁਰਆਜ਼ੀ ਦਾ ਚਿੰਨ੍ਹ ਸਮਝਦਾ ਸੀ ਅਤੇ ਪੂਰੀ ਤਾਕਤ ਨਾਲ ਉਸਦਾ ਖੰਡਨ ਕਰਦਾ ਸੀ, ਜਿਹਾ ਕਿ ਉਸਦੀ ਮੁੱਢਲੀ ਰਚਨਾ (Mythologies) 1957 ਤੋਂ ਜ਼ਾਹਰ ਹੈ। ਤੱਤਵਾਦ ਅਤੇ ਬੁਰਯੂਆਜ਼ੀ ਦੇ ਵਿਰੋਧ ਵਿਚ ਬਾਰਥ ਇਕ ਦ੍ਰਿਸ਼ਟੀ ਤੋਂ ਸਾਰਤ ਤੋਂ ਵੀ ਅਗਾਂਹ ਨਿਕਲ ਗਿਆ, ਕਿਉਂਕਿ ਸਾਰਤ ਏਕਤਾ ਅਤੇ ਅਖੰਡਤਾ (integrity) ਨੂੰ ਨਹੀਂ ਨਕਾਰਦਾ ਸੀ, ਪਰ ਬਾਰਥ ਆਪਣੀ ਧੁਨ ਵਿਚ ਯੂਆਜੀ ਅਖੰਡਤਾ ਦੇ ਵਿਰਧ ਨਿਰਾਕਰਣ ਦੇ ਦਰਸ਼ਨ ਦਾ ਸਮਰਥਨ ਕਰਨ ਤੋਂ ਨਹੀਂ ਝਿਜਕਦਾ ਸੀ। ਉਸਦਾ ਕਹਿਣਾ ਸੀ ਕਿ ਮਾਨਵ ਦੀ ਏਕਤਾ ਇਕ ਤਰ੍ਹਾਂ ਦੀ ਭਾਂਤੀ ਹੈ। ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਸਾਡੇ ਵਿਚੋਂ ਹਰ ਇਕ ਅਸਲ ਵਿਚ "ਅਨੇਕ' ਹੈ। ਉਹ ਏਕਤਾ ਨੇ ਮਲੋਂ ਹੀ ਨਹੀਂ ਮੰਨਦਾ ਸੀ, ਈਸ਼ਵਰ ਨੂੰ ਵੀ ਨਹੀਂ। ਹਰੇਕ ਉਹ ਵਸਤੂ, ਜੋ ਗੈਰ-ਦੀਵੀ ਅਤੇ ਬਹੁਲ ਹੈ, ਬਾਰਥ ਉਸਦਾ ਸਮਰਥਨ ਕਰਦਾ ਸੀ। ਉਸਦਾ ਕਹਿਣਾ ਹੈ ਕਿ ਜੀਵਨੀ ਇਸ ਲਈ ਸਾਹਿਤ ਨਹੀਂ ਕਿ ਏਕਤਾ ਉਤਪੰਨ ਕਰਨ ਦੀ ਕੋਸ਼ਿਸ਼ ਵਿਚ ਉਹ ਫਰੇਬ ਦਾ ਨਮੂਨਾ ਪੇਸ਼ ਕਰਦੀ ਹੈ ਅਤੇ ਅਵਾਸਤਵਿਕ ਹੈ।

ਰੋਲਾਂ ਬਾਰਥ ਹਰੇਕ ਉਸ ਵਸਤੂ ਦਾ ਸਮਰਥਕ ਸੀ, ਜੋ ਬਹੁ-ਵਚਨੀ ਅਤੇ ਤੇ ਵਿਕਦਿਤ centrigugal ਹੋਵੇ ਅਤੇ ਹਰੇਕ ਉਸ ਵਸਤੂ ਦਾ ਵਿਰੋਧੀ ਸੀ ਜੋ ਕੇਂਦਰਮੁਖੀ (centri-petral) ਅਥਵਾ ਇਕਾਂਗੀ ਹੋਵੇ। ਇਸ ਦਾਰਸ਼ਨਿਕਤਾ ਭਰਪੂਰ ਵਿਦਰੋਹ ਲਈ ਉਹ ਹਰੇਕ ਖਤਰਾ ਮੁੱਲ ਲੈਣ ਅਤੇ ਕਿਸੇ ਵੀ ਹੱਦ ਤਕ ਜਾਣ ਲਈ ਤਤਪਰ ਰਹਿੰਦਾ ਅਤੇ ਹਰੇਕ ਉਹ ਹਰ ਉਸ ਚੀਜ਼ ਦੀ ਨਿਖੇਧੀ ਕਰਦਾ ਸੀ ਜਿਸਨੂੰ ਉਸਦੇ ਦਰ ਦੀ ਬੁਰਮਾ ਦਰ ਦੀ ਬਧਿਕਤਾ ਦੇ ਰੂਪ ਵਿਚ ਅੰਗੀਕਾਰ ਕੀਤਾ ਹੋਇਆ ਸੀ | ਬਾਰਥ ਦਾ ਸਭ ਤੋਂ ਵਧ ਪਿਆਰਾ ਪ੍ਰਗਟਾਉ-ਮਲਕ ਹਥਿਆਰ 'ਵਿਰੋਧਾਭਾਸ ਹੈ | ਅਰਥਾਤ ਵਸਤੂਆਂ ਅਤੇ ਪਰਿਸਥਿਤੀ ਦੀ ਪ੍ਰਵਾਨ ਧਾਰਣਾ, ਜਿਸਨੂੰ ਬਹੁ-ਗਿਣਤੀ ਸਵੀਕਾਰ ਕਰਦੀ ਹੈ, ਉਸਨੂੰ ਬਾਰਥ ਆਪਣਾ ਸਭ ਤੋਂ ਵੱਡਾ ਦੁਸ਼ਮਣ ਸਮਝਦਾ ਸੀ। ਉਹ ਡੈਕਸਾ(doxa) ਨੂੰ ਖੰਡਿਤ ਕਰ ਸਕਿਆ ਜਾਂ ਨਹੀਂ, ਪਰ ਉਸਨੇ ਇਸਦਾ ਬੋਧ ਜਗਾਇਆ ਕਿ ਯਥਾਰਥ ਦੀ ਉਹ ਸੰਕਲਪਨਾ, ਜਿਸਨੂੰ ਆਮ ਤੌਰ ਤੇ ਲੋਕ ਨਹੀਂ ਸਮਝਦੇ, ਯਥਾਰਥ ਦੀਆਂ ਸੰਭਾਵੀ ਕਲਪਨਾਵਾਂ ਵਿਚੋਂ ਸਿਰਫ ਇਕ ਹੁੰਦੀ ਹੈ |

ਜਿਸ ਤਰਾਂ ਸਭਿਆਚਾਰ ਵਿਚ 'ਡੈਕਸਾ ਹੁੰਦਾ ਹੈ, ਸਾਹਿਤ ਵਿਚ ਵੀ 'ਡੈਕਸਾ' ਹੁੰਦਾ ਹੈ ਜਿਸਦਾ ਖੰਡਨ ਜ਼ਰੂਰੀ ਹੈ। ਇਸ ਤਰਾਂ ਸਾਹਿਤ ਦੀ ਅਨੁਕਰਣਾਤਮਕ ਧਾਰਣਾ ਉਪਰ ਵੀ ਬਾਰਥ ਨੇ ਤਿੱਖਾ ਵਾਰ ਕੀਤਾ | ਸੰਸਥਾਮੁਖੀ ਆਲੋਚਨਾ ਉੱਤੇ ਵੀ ਉਸਨੇ ਬਾਰ ਬਾਰ ਹਮਲੇ ਕੀਤੇ। ਹਾਲਾਂ ਕਿ ਇਸ ਤੋਂ ਮਗਰੋਂ ਉਹ ਕਾਲਜ ਦ ਫ੍ਰਾਂਸ ਵਿਚ ਪੜਾਉਣ ਲਗ ਪਿਆ ਸੀ, ਪਰ ਉਸਨੇ ਮਰਦੇ ਦਮ ਤੀਕ ਆਪਣੀ ਆਜ਼ਾਦੀ ਨੂੰ ਬਰਕਰਾਰ ਰਖਿਆ ਅਤੇ ਮਜਬੂਰੀ ਨੂੰ ਪ੍ਰਵਾਨ ਨਹੀਂ ਕੀਤਾ |

ਉਸਨੂੰ ਸਾਹਿਤਕ ਸਿਧਾਂਤਾਂ ਉੱਤੇ ਚਾਰ ਖਾਸ ਇਤਰਾਜ਼ ਸਨ। ਪਹਿਲਾ ਇਹ ਕਿ ਸਾਹਿਤਕ ਆਲੋਚਨਾ ਵਿਚ ਪ੍ਰਭੁਤਾ-ਸ਼ਾਲੀ ਰੁਝਾਨ ਅਣ-ਇਤਿਹਾਸਕਤਾ ਦਾ ਹੈ, ਕਿਉਂਕਿ ਆਮ ਧਾਰਣਾ ਇਹ ਹੈ ਕਿ ਪਾਠ ਦੇ ਰੂਪਗਤ ਅਤੇ ਨੈਤਿਕ ਮੁੱਲ ਸਦੀਵੀ ਹਨ। ਬਾਰਥ ਕਦੇ ਵੀ ਸਾਮਵਾਦੀ ਨਹੀਂ ਰਿਹਾ, ਪਰ ਸਾਹਿਤ ਦੀ ਇਤਿਹਾਸਕਤਾ ਦੇ ਸੰਬੰਧ ਵਿਚ ਉਸਦਾ ਸਿਧਾਂਤ ਮਾਰਕਸਵਾਦੀ ਤਾਂ ਨਹੀਂ, ਲੇਕਿਨ ਨਵ-ਮਾਰਕਸਵਾਦੀ ਜ਼ਰੂਰ ਹੈ। ਉਸਨੇ ਆਪਣੇ ਦੌਰ ਦੇ ਸਾਹਿਤ-ਇਤਿਹਾਸਾਂ ਨੂੰ ਨਾਮਾਂ ਅਤੇ ਤਿਥਾਂ (ਵਰਿਆਂ) ਦਾ ਨਿਰਜਿੰਦ ਸੰਗਹਿ ਐਲਾਨਿਆਂ, ਜਿਨਾਂ ਵਿਚ ਉਸ ਅਨੁਸਾਰ ਸਾਹਿਤ ਤੇ ਸਮਾਜ ਦੇ ਅਰਥਪੂਰਣ ਦਵੰਦਾਤਮਕ ਸੰਬੰਧਾਂ ਦੀ। ਆਤਮਾ ਅਲੋਪ ਹੈ।

ਉਸਨੇ ਆਪਣੀ ਸਭ ਤੋਂ ਪਹਿਲੀ ਰਚਨਾ 'ਰਾਈਟਿੰਗ ਡਿਗਰੀ ਜ਼ੀਰੋ' (1953) ਵਿਚ ਇਹ ਦਰਸਾਉਣ ਦੀ ਚੇਸ਼ਟਾ ਕੀਤੀ ਕਿ ਮਾਰਕਸਵਾਦੀ ਦ੍ਰਿਸ਼ਟੀਕੋਣ ਨਾਲ ਫ੍ਰਾਂਸਿਸੀ ਸਾਹਿਤ ਦਾ ਇਤਿਹਾਸ ਕਿਸਤਰਾਂ ਲਿਖਿਆ ਜਾ ਸਕਦਾ ਹੈ | ਇਹ ਪੁਸਤਕ ਰੋਚਕ ਜ਼ਰੂਰ ਸੀ ਪਰ ਸਫਲ ਨਹੀਂ ਰਹੀ, ਇਸਲਈ ਕਿ ਜਿਹੜਾ ਵੱਡਾ ਨਿਸ਼ਾਨਾ ਰੋਲਾਂ ਬਾਰਥ ਦੇ ਸਾਮਣੇ ਸੀ, ਉਹ ਉਸ ਨਾਲੋਂ ਕਿਤੇ ਵਿਆਪਕ ਪੱਧਰ ਦੇ ਵਿਸਤਿਤ ਅਧਿਐਨ ਦੀ ਮੰਗ ਕਰਦਾ ਸੀ | ਬਹਿਰਹਾਲ, ਇਸ ਪੁਸਤਕ ਦੇ ਲੇਖਨ ਦੇ ਨਤੀਜੇ ਵਜੋਂ ਬਾਰਥ ਪੈਰਿਸ ਦੀਆਂ ਖੱਬੇ ਪੱਖੀ ਸਾਹਿਤਕ ਮੰਡਲੀਆਂ ਵਿਚ ਬਹਿਸ ਦਾ ਵਿਸ਼ਾ ਬਣ ਗਿਆ। ਸੰਸਥਾਈ ਇਕ-ਸੂਤਰੀ ਆਲੋਚਨਾ ਉਪਰ ਉਸਦਾ ਦੂਸਰਾ ਇਤਰਾਜ਼ ਇਹ ਸੀ ਕਿ ਸੰਸਥਾਈ ਆਲੋਚਨਾ ਦਾ ਮਨੋਵਿਗਿਆਨ-ਬੋਧ ਮੁਜਰਮਾਨਾ ਹੱਦ ਤਕ ਬਚਕਾਨਾ ਹੈ। ਜੀਵਨੀ ਮੂਲਕ ਜਾਣਕਾਰੀਆਂ ਦੀ ਸਹਾਇਤਾ ਨਾਲ ਪਾਠ ਨੂੰ ਸਮਝਣਾ ਉਸ ਲਈ ਨਾਕਾਬਲੇ ਮਾਫ਼ੀ ਜੁਰਮ ਸੀ (ਭਾਵੇਂ ਹੁਣ ਤਕ ਬਹੁਤ ਸਾਰੇ ਦੇਸ਼ਾਂ ਵਿਚ ਇਸਦਾ ਰਿਵਾਜ ਹੈ)। ਉਸਦੇ ਲਈ ਸਾਹਿਤਕ ਪਾਠ ਦੇ ਤੱਤਾਂ ਨੂੰ ਕੇਵਲ ਉਨ੍ਹਾਂ ਅੰਦਰਲੇ ਸੰਬੰਧਾਂ ਦੀ ਮਦਦ ਨਾਲ ਸਮਝਿਆ ਜਾ ਸਕਦਾ ਹੈ, ਜਿਹੜਾ ਉਹ ਪਾਠ ਦੇ ਦੁਸਰੇ ਤੱਤਾਂ ਨਾਲ ਰਖਦੇ ਹਨ। ਇਹ ਨੁਕਤਾ ਸੰਰਚਨਾਵਾਦੀ ਸੋਚ ਦੀ ਬੁਨਿਆਦ ਹੈ। ਉਸਦਾ ਕਹਿਣਾ ਸੀ ਕਿ ਮਨੋਵਿਗਿਆਨਕ ਨੇਮਾਂ ਦੀ ਸਰਲ

ਵਿਆਖਿਆ ਉਂਜ ਵੀ ਭ੍ਰਾਂਤੀਮੂਲਕ ਹੈ, ਕਿਉਂਕਿ ਤਕਰੀਬਨ ਹਰ ਪਾਠ ਵਿਚ ਕੋਈ ਤੀਬਰ ਭਾਵ, ਅਭਿਲਾਸ਼ਾ ਜਾਂ ਨਿਰਾਸ਼ਾ ਨਿਜੀ ਜੀਵਨ ਦਾ ਪ੍ਰਤਿਬਿੰਬ ਨਹੀਂ ਸਗੋਂ ਅਨੇਕ ਤਰ੍ਹਾਂ ਦੀਆਂ ਗੁੰਝਲਾਂ ਅਤੇ ਅਭਾਵਾਂ ਦੀ ਪੇਸ਼ਕਾਰੀ ਹੁੰਦੀ ਹੈ।

ਬਾਰਥ ਦਾ ਤੀਸਰਾ ਇਤਰਾਜ਼ ਹੋਰ ਵੀ ਤਿੱਖੇ ਸੁਭਾ ਵਾਲਾ ਸੀ, ਯਾਨੀ ਸੰਸਥਾਈ ਤੇ ਪਰੰਪਰਾਵਾਦੀ ਆਲੋਚਨਾ ਪਾਠ ਦੇ ਸਿਰਫ ਨਿਰਧਾਰਿਤ ਅਤੇ ਨਿਸ਼ਚਿਤ ਅਰਥ ਨੂੰ ਉਚਿਤ ਸਮਝਦੀ ਹੈ ਅਤੇ ਅਤਿਅੰਤ ਢੀਠਤਾ ਨਾਲ ਉਸ ਉਤੇ ਜ਼ੋਰ ਦਿੰਦੀ ਹੈ। ਨਿਰਧਾਰਿਤ ਅਰਥ ਤਾਂ ਸਿਰਫ ਸ਼ਬਦ ਕੋਸ਼ੀ ਅਰਥ ਹੋ ਸਕਦੇ ਹਨ ਅਤੇ ਸਾਹਿਤ ਵਿਚ ਵਧੇਰੇ ਉਹ ਨਿਰਾਰਥਕਤਾ ਦੀ ਹਦ ਤਕ ਗਲਤ ਹੁੰਦੇ ਹਨ। ਸੰਸਥਾਈ ਆਲੋਚਕਾਂ ਬਾਰੇ ਬਾਰਥ ਨੇ ਲਿਖਿਆ ਹੈ ਕਿ ਉਨ੍ਹਾਂ ਦੀ ਬੁੱਧੀ ਛੋਟੀ ਅਤੇ ਦ੍ਰਿਸ਼ਟੀ ਤੰਗ ਹੁੰਦੀ ਹੈ, ਉਹ ਤੰਗ ਨਜ਼ਰੀ ਦੇ ਸ਼ਿਕਾਰ ਹਨ ਅਤੇ ਸਾਹਿਤ ਵਿਚ ਬਹੁਮਤ ਦੇ ਝੰਡਾਬਰਦਾਰ ਹਨ। ਇਸਲਈ ਸਾਹਿਤ ਦੇ ਸੁਹਜ-ਸੁਆਦ ਵਿਚ ਹਿੱਸੇਦਾਰੀ ਲਈ ਉਨਾਂ ਦੀ ਨਿਰੰਕਸ਼ਤਾ ਨੂੰ ਭੰਨਣਾ ਜ਼ਰੂਰੀ ਹੈ। ਸਾਹਿਤ ਕੁਦਰਤੀ ਤੌਰ ਦੇ ਦਵੇ-ਆਰਥਕਤਾ ਨਾਲ ਭਰਪੂਰ ਹੈ ਅਤੇ ਇਕ ਹੀ ਰੂਪ ਵਿਚ ਅਨੇਕ ਅਰਥ ਕਾਰਜਸ਼ੀਲ ਹੋ ਸਕਦੇ ਹਨ। (ਇਥੋਂ ਤਕ ਪਹੁੰਚਦੇ ਹੋਏ ਬਾਰਥ ਦੀ ਸੰਰਚਨਾਵਾਦੀ ਦ੍ਰਿਸ਼ਟੀ ਸਪਸ਼ਟ ਹੋਣ ਲਗ ਪੈਂਦੀ ਹੈ। ਇਹ ਸਭ ਤੋਂ ਪਹਿਲੀ ਪੁਸਤਕ 'ਰਾਇਟਿੰਗ ਡਿਗਰੀ ਜ਼ੀਰੋ ਨਾਲੋਂ ਸਪਸ਼ਟ ਵਿਮੁਖਤਾ ਹੈ)।

ਪਰੰਪਰਕ ਤੇ ਸੰਸਥਾਈ ਆਲੋਚਨਾ ਉੱਤੇ ਬਾਰਥ ਦਾ ਚੌਥਾ ਇਤਰਾਜ਼ ਇਹ ਸੀ ਕਿ ਵਿਚਾਰਧਾਰਾ ਬਾਰੇ ਉਨ੍ਹਾਂ ਦੀ ਸੋਚ ਸਪਸ਼ਟ ਨਹੀਂ। ਉਹ ਉਨ੍ਹਾਂ ਮੁੱਲਾਂ ਨੂੰ ਸਵੀਕਾਰ ਨਹੀਂ ਕਰਦੇ ਜਿਨਾਂ ਨੂੰ ਉਹ ਸਾਹਿਤ ਉਪਰ ਲਾਗੂ ਕਰਦੇ ਹਨ, ਨਾਂ ਹੀ ਉਹ ਇੰਨ੍ਹਾਂ ਮੁੱਲਾਂ ਦੇ ਤਰਕ ਸੰਗਤ ਨਤੀਜਿਆਂ ਦੀ ਜ਼ਿੰਮੇਵਾਰੀ ਸਵੀਕਾਰ ਕਰਦੇ ਸਨ। ਉਨ੍ਹਾਂ ਦੀ ਬੇਭਰੋਸਗੀ ਸੰਪੂਰਣ ਹੈ। ਇਸ ਪ੍ਰਵਿਰਤੀ ਨੂੰ ਰੱਦ ਕਰਨ ਲਈ ਬਾਰਥ ਨੇ ਮਾਰਕਸਵਾਦੀ ਸ਼ਬਦ ਰਹੱਸਮਈਕਰਣ Mystification ਦਾ ਪ੍ਰਯੋਗ ਕੀਤਾ। ਮਾਰਕਸਵਾਦ ਅਨੁਸਾਰ ਰਹੱਸਮਈਕਰਣ ਇਕ ਘਿਰਣਾਯੋਗ ਸਾਜ਼ਿਸ਼ ਸ਼ਕਤੀ ਹੈ ਜੋ ਇਤਿਹਾਸਕ ਪ੍ਰਗਟਾਓ-ਰੂਪਾਂ ਦੀ ਵਾਸਤਿਵਕਤਾ ਨੂੰ ਪ੍ਰਗੱਟ ਨਹੀਂ ਹੋਣ ਦਿੰਦੀ। ਇਸਦਾ ਉੱਤਰ ਰੱਹਸ-ਭੰਜਨ De-Mystification ਤੋਂ ਇਲਾਵਾ ਕੁਝ ਨਹੀਂ।

ਬਾਰਥ ਦੇ ਪਹਿਲੇ ਅਤੇ ਚੌਥੇ ਇਤਰਾਜ਼ ਤੋਂ ਸਪਸ਼ਟ ਤੌਰ ਤੇ ਜ਼ਾਹਰ ਆਪਣੇ ਮੁਢਲੇ ਸਮੇਂ ਵਿਚ ਬਾਰਥ ਕਾਫੀ ਰਾਜਨੀਤਕ ਸਾਹਿਤਕਾਰ ਸੀ ਬੁਰਯੁਆਜੀ ਦਾ ਤਿੱਖਾ ਵਿਰੋਧ, ਪਰੰਪਰਕ ਤੇ ਸੰਸਥਾਈ ਚਿੰਤਨ ਦੇ ਖਿਲਾਫ ਬਗਾਵਤ ਅਤੇ ਰੈਡੀਕਲ ਬਧਿਕ ਸੁਤੰਤਰਤਾ ਉਸਦੀ ਲੇਖਣੀ ਦੇ ਪਛਾਣ ਚਿੰਨ ਹਨ। ਪਰ ਹੋਲੀ-ਹੋਲੀ ਉਸਦੀ ਰਾਜਨੀਤਕ ਲੈਅ ਮਧਮ ਪੈਂਦੀ ਗਈ ਅਤੇ ਸਾਹਿਤਕ ਲਗਨ ਸਾਹਮਣੇ ਆਉਣ ਲੱਗੀ। ਉਹ ਇਕ ਰੈਡੀਕਲ ਬੌਧਿਕ ਜ਼ਰੂਰ ਸੀ ਪਰ ਇਸ ਪਖੋਂ ਕ੍ਰਾਂਤੀਕਾਰੀ ਨਹੀਂ ਸੀ ਕਿ ਰੱਹਸ ਭੰਜਨ demystifier ਹੁੰਦੇ ਹੋਏ ਉਹ ਸਮਾਜ ਦੇ ਰਾਜਨੀਤਕ ਨਾਲੋਂ ਵਧੇਰੇ ਸਭਿਆਚਾਰਕ ਪੱਖ ਵਿਚ ਰੁਚੀ ਰਖਦਾ ਸੀ। ਉਹ ਸਭਿਆਚਾਰਕ ਸ਼ੋਸ਼ਣ ਤੇ ਸਮਾਜ ਦੀਆਂ ਦਾ ਸੋਚ-ਪਵਿਰਤੀਆਂ ਦੇ ਖਿਲਾਫ਼ ਸੀ। ਭਾਵ ਇਹ ਕਿ ਉਹ ਹਿੰਸਾ ਦਾ ਨਹੀਂ ਬਧਿਕਤਾ ਦੇ ਨਵ-ਪ੍ਰਕਾਸ਼ ਦੀ ਆਨੰਦਮਯਤਾ ਦਾ ਅਲੰਬਰਦਾਰ ਸੀ।

ਰੋਲਾਂ ਬਾਰਥ ਦੀ ਇਕ ਹੋਰ ਮਹੱਤਵਪੂਰਣ ਰਚਨਾ 'ਦੀ ਪਲੱਈਅਰ ਆਫ਼ ਦੀ ਟੈਕਸਟ (1973) ਹੈ, ਜਿਸ ਵਿਚ ਉਸਨੇ ਪਾਠ ਦੀ ਪੜ੍ਹਤ ਤੋਂ ਪ੍ਰਾਪਤ ਹੋਣ ਵਾਲੀ ਆਨੰਦ-ਪ੍ਰਾਪਤੀ ਅਤੇ ਖਾਸ ਤੌਰ ਤੇ ਸੁਹਜ-ਸੁਆਦ ਦੀ ਅਵਸਥਾ ਨੂੰ ਇਕ ਸਿਧਾਂਤ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ। ਬਾਰਥ ਦਾ ਕਹਿਣਾ ਹੈ ਕਿ ਸਾਹਿਤਕ ਪਾਠ ਅਤੇ ਪਾਠਕ ਦਾ ਸੰਬੰਧ ਆਪਣੀ ਪ੍ਰਸੰਨਤਾ ਦੀ ਦ੍ਰਿਸ਼ਟੀ ਤੋਂ ਰਤੀਮੂਲਕ erotic ਸਰੂਪ ਵਾਲਾ ਹੈ। ਪੜ੍ਹਤ ਦੇ ਦੌਰਾਨ ਦੇਹੀਂ' 'ਦੇਹੀ ਨਾਲ ਅਲਾਪ ਲੈਂਦੀ ਹੈ। ("ਦੇਹੀ ਤੋਂ ਬਾਰਥ ਦਾ ਭਾਵ ਮਨ ਦਾ ਅਵਚੇਤਨ ਵਿਹਾਰ ਹੈ) 'ਦੇਹੀ' ਜੋ ਸਾਹਿਤ ਦਾ ਖਰਾ ਅਤੇ ਸੱਚਾ ਅੰਗ ਹੈ, ਉਹ ਪਾਠਕ ਦੀ ਪਹੁੰਚ ਵਿਚ ਆ ਜਾਂਦੀ ਹੈ ਅਤੇ ਪ੍ਰਸ਼ਨੰਤਾ ਤੇ ਆਨੰਦ ਲਈ ਪਰਸਪਰ ਸੰਬੰਧ ਜ਼ਰੂਰੀ ਹੈ। ਪਾਠ (ਅਰਥਾਤ ਸੁਸ਼ਟ ਕਲਾ ਕਿਰਤਾਂ) ਦੇ ਪਤਿ ਪਾਠਕ ਦੀ ਪ੍ਰਤਿਕਿਰਿਆ ਲਈ ਬਾਰਥ ਦੋ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ। plaisir ਅਤੇ jouissance ਅਰਥਾਤ ਆਨੰਦ' ਅਤੇ 'ਸਵਾਦ ਬਾਰਥ ਦੇ ਅੰਗੇਜ਼ੀ ਅਨੁਵਾਦਕ ਨੇ ਲਿਖਿਆ ਹੈ ਕਿ jouissance ਦੇ ਫਾਂਸਿਸੀ ਅਰਥ ਵਿਚ ਸੰਭੋਗੀ ਆਨੰਦ ਦਾ ਸੰਕੇਤ ਹੈ ਅਤੇ ਬਾਰਥ ਦਾ ਭਾਵ ਇਸੇ ਤੋਂ ਹੈ। ਮੂਲ ਪਾਠ ਤੇ ਉਸਦੀ ਸੱਚੀ ਪੜਤ ਦਾ ਗੌਰਵ ਇਹੀ ਅਵਸਥਾ ਹੈ, ਅਰਥਾਤ ਆਨੰਦ ਅਤੇ ਪ੍ਰਸੰਨਤਾ ਦੀ ਚਰਮ ਸੀਮਾ ਡੁੱਬ ਜਾਣ ਦੀ ਅਵਸਥਾ, ਪੂਰਣ ਇਕਮਿਕਤਾ, ਆਤਮ ਸਮਰਪਨ, ਗੁੰਮ ਹੋ ਜਾਣ ਦੀ ਅਵਸਥਾ ਅਥਵਾ ਵਿਸਮਾਦ ਹੀ ਵਿਸਮਾਦ। ਬਾਰਥ ਕਹਿੰਦਾ ਹੈ ਕਿ ਆਨੰਦ ਅਤੇ ਸਆਦ ਦੀ ਇਸ ਅਵਸਥਾ ਨੂੰ ਬਿਆਨ ਕਰਨਾ ਸੰਭਵ ਹੀ ਨਹੀਂ। ਆਨੰਦ ਦਾ ਵਖਾਣ ਭਾਵੇਂ ਨਾ ਹੋ ਸਕੇ ਪਰ ਸੁਆਦ ਦੀ ਸਿਰਫ ਅਨੁਭੂਤੀ ਹੋ ਸਕਦੀ ਹੈ ਅਤੇ ਬਸ ਇਹ ਲਗਦਾ ਹੈ ਕਿ ਹੋਂਦ ਦੀ ਅੰਤਿਮ ਸੀਮਾ ਤਕ ਕਿਸੇ ਚੀਜ ਨੇ ਝੰਜੋੜ ਕੇ ਰੱਖ ਦਿੱਤਾ ,ਕੁਝ ਲੈ ਲਿਆ, ਕੁਝ ਦੇ ਦਿੱਤਾ, ਯਾਨੀ ਇਤਿਹਾਸਕ ਸਭਿਆਚਾਰਕ ਤੇ ਮਨੋਵਿਗਿਆਨਕ ਆਧਾਰ ਕੰਬ ਗਏ।

ਬਾਰਥ ਪਾਠਕ ਨੂੰ ਪਾਠ ਦੀ ਅਰਥ-ਉੱਤਪਤੀ ਦੀ ਪ੍ਰਕਿਰਿਆ ਵਿਚ ਜਿਵੇਂ ਕਿ ਉਪਰ ਇਸ਼ਾਰਾ ਕੀਤਾ ਗਿਆ ਹੈ, ਸੁਤੰਤਰਰੂਪ ਵਿਚ ਸਹਿਭਾਗੀ ਹੋਣ ਦਾ ਹੁਲਾਸ ਭਰਪੂਰ ਤੇ ਆਨੰਦ ਦਾਇਕ ਸੱਦਾ ਦਿੰਦਾ ਹੈ।

ਅਰਥਾਤ ਪੜਣ-ਪ੍ਰਕਿਰਿਆ ਦੇ ਸੁਖ ਵਿਚ "ਆਨੰਦ' ਅਤੇ ਪਰਮ-ਆਨੰਦ ਦੋਵੇਂ ਅਵਸਥਾਵਾਂ ਸ਼ਾਮਿਲ ਹਨ | ਬਾਰਥ ਅਨੁਸਾਰ ਜਦੋਂ ਅਸੀਂ ਕਿਸੇ ਸਨਮੁਖ ਸਪਸ਼ਟ ਅਰਥ ਤੋਂ ਅਗਾਂਹ ਵਧਦੇ ਹਾਂ ਤਾਂ ਗੂੰਜ ਪੈਦਾ ਹੁੰਦੀ ਹੈ, ਕੋਈ ਸੰਦਰਭ, ਕੋਈ ਸੰਬੰਧ, ਕੋਈ ਸੰਕੇਤਕ ਪਯੋਗ, ਕੋਈ

ਸੰਕੇਤ, ਕੋਈ ਇਸ਼ਾਰਾ ਜਾਂ ਅਰਥ ਦਰ ਅਰਥ ਦਾ ਕੋਈ ਧੁੰਦਲਾ ਪਛਾਵਾਂ। ਭਾਵ ਇਹ ਕਿ ਪਾਠ ਦਾ ਪੰਗਤੀ-ਬੱਧ ਸਿੱਧਾ ਸਾਦਾ ਭੋਲਾਪਨ ਟਟ ਜਾਂਦਾ ਹੈ ਅਤੇ ਪੰਗਤੀਆਂ ਦੇ ਵਿਚਕਾਰ ਜੋ ਕੁਝ ਹੈ ਉਹ ਵੀ ਉਜਾਗਰ ਹੋ ਉਠਦਾ ਹੈ। ਬਾਰਥ ਦਾ ਕਹਿਣਾ ਹੈ ਕਿ ਇਸ ਪੜਾਉ ਉਤੇ ਜਿਵੇਂ ਬਖੀਏ ਉਧੜਨ ਲਗਦੇਹਨ ਅਤੇ ਪੋਸ਼ਾਕ ਦੀਆਂ ਡੀਥਾਂ ਵਿਚੋਂ ਦੇਹੀ ਝਾਕਣ ਲਗਦੀ ਹੈ।

ਰੋਲਾਂ ਬਾਰਥ ਦੀ ਉਹ ਰਚਨਾ ਜਿਹੜੀ ਉਸਦੀ ਸਾਹਿਤਕ ਯਾਤਰਾ ਵਿਚ ਇਕ ਨਵੇਂ ਮੋੜ ਦੀ ਲਖਾਇਕ ਹੈ ਜਾਂ ਜਿਸ ਵਿਚ ਉਸਦੀ ਉੱਤਰ-ਸੰਰਚਨਾਵਾਦੀ ਚਿੰਤਨ-ਵਿਧੀ ਦੇ ਸਪਸ਼ਟ ਤੱਤ ਮਿਲਦੇ ਹਨ, ਉਹ S/z ਹੈ, ਜੋ 1970 ਵਿਚ ਪ੍ਰਕਾਸ਼ਿਤ ਹੋਈ। ਇਸ ਨਾਲ ਬਾਰਥ ਦੀ ਮਸ਼ਹੂਰੀ ਫੀਸ ਤੋਂ ਬਾਹਰ ਦੂਸਰੇ ਦੇਸ਼ਾਂ ਦੇ ਸਾਹਿਤਕ ਹਲਕਿਆਂ ਵਿਚ ਫੈਲ ਗਈ ਅਤੇ ਉਸਨੂੰ ਅਨੋਖੀ ਪ੍ਰਤਿਭਾ ਅਤੇ ਵਿਚਾਰ-ਉਤੇਜਕ ਸਾਹਿਤਕ ਆਲੋਚਕ ਦੇ ਰੂਪ ਵਿਚ ਜਾਣਿਆਂ ਜਾਣ ਲੱਗਿਆ | ਐਸ/ਜ਼ੈਡ ਵਿਚ ਬਾਰਥ ਨੇ ਬਾਲਜ਼ਾਕ ਦੀ ਮੁਕਾਬਲਤਨ ਘਟ-ਜਾਣੀ ਪਛਾਣੀ ਰਚਨਾ (ਨਾਵਲੈਟ) Sarrasine ਨੂੰ ਸਾਮਣੇ ਰਖ ਕੇ ਸਾਹਿਤਕ ਵਿਸ਼ਲੇਸ਼ਣ ਅਤੇ ਪਾਠ ਦੀ ਪੜ੍ਹਤ ਦਾ ਨਵੀਨ ਅੰਤਰ- ਦਿਸ਼ਟੀਪੂਰਣ ਸਿਧਾਂਤ ਪ੍ਰਸਤੁਤ ਕੀਤਾ | ਬਾਲਜ਼ਾਕ ਦੀ ਚੋਣ ਬਾਰਥ ਨੇ ਸੋਚ-ਸਮਝ ਕੇ ਕੀਤੀ, ਕਿਉਂਕਿ ਬਾਲਜ਼ਾਕ ਨੂੰ ਆਮ ਤੌਰ ਤੇ ਪੱਕਾ ਅਤੇ ਬੁਨਿਆਦੀ ਸਰੂਪ ਵਾਲਾ ਯਥਾਰਥਵਾਦੀ archetypal realist ਸਮਝਿਆ ਜਾਂਦਾ ਹੈ। ਇਸ ਵਿਸ਼ਲੇਸ਼ਣ ਨਾਲ ਬਾਰਥ ਦਾ ਉੱਦੇਸ਼ ਇਹ ਸਿਧ ਕਰਨਾ ਸੀ ਕਿ ਵੱਡੇ ਤੋਂ ਵੱਡਾ ਯਥਾਰਥਵਾਦੀ , ਜਿਸਦੇ ਸੰਬੰਧ ਵਿਚ ਆਮ ਤੌਰ ਤੇ ਇਹ ਨਿਸ਼ਚਿਤ ਹੋਵੇ ਕਿ ਉਹ ਇਕ ਸੱਚੇ ਯਥਾਰਥਵਾਦੀ ਦੇ ਰੂਪ ਵਿਚ ਯਥਾਰਥ ਦੀ 'ਸੁਭਾਵਕ' ਵਿਆਖਿਆ ਕਰਦਾ ਹੈ, ਆਪਣੀ ਯਥਾਰਥਵਾਦੀ ਦਿਸ਼ਟੀ ਲਈ ਮਾਨਸਿਕ ਪ੍ਰਣਾਵਾ, ਪ੍ਰੰਪਰਕ ਸੁਭਾਵਕ ਜੀਵਨ ਤੋਂ ਨਹੀਂ, ਸਗੋਂ ਕਲਾ ਤੋਂ ਹਾਸਿਲ ਕਰਦਾ ਹੈ | ਬਾਲਜ਼ਾਕ ਦਾ ਨਾਵਲੈੱਟ ਤੀਹ ਪੰਨਿਆਂ ਤੋਂ ਵੱਧ ਨਹੀਂ, ਉਸ ਉੱਤੇ ਬਾਰਥ ਨੇ ਦੋ ਸੌ ਪੰਨਿਆਂ ਦੀ ਪੁਸਤਕ ਲਿਖੀ ਹੈ। ਕਵਿਤਾ, ਜਿਹੜੀ ਸੰਖੇਪਤਾ ਅਤੇ ਸੰਘਣੇਪਨ ਦੀ ਭਾਸ਼ਾ ਹੈ, ਉਸ ਉੱਤੇ ਤਾਂ ਬਹੁਤ ਕੁਝ ਵਿਸਤਾਰ ਨਾਲ ਲਿਖਿਆ ਜਾਂਦਾ ਹੈ ਪਰ ਕਥਾ ਸਾਹਿਤ ਦੀ ਆਲੋਚਨਾ ਵਿਚ ਬਾਰਥ ਨੇ ਇਕ ਮਿਸਾਲ ਕਾਇਮ ਕਰ ਦਿੱਤੀ। ਬਾਰਥ ਭਾਸ਼ਾ ਦੇ ਅੰਗਾਂ ਦਾ ਅੰਗ-ਨਿਖੇੜ ਕਰਨ, ਫੇਰ ਉਨਾਂ ਵਿਚ ਇਕਸੁਰਤਾ ਪੈਦਾ ਕਰਨ ਅਤੇ ਵਿਰੋਧਾਭਾਸੀ ਨੁਕਤੇ ਉਭਾਰਨ ਵਿਚ ਨਿਪੁੰਨ ਹੈ। ਇਸ ਦਿਸ਼ਟੀ ਤੋਂ S/z ਉੱਤਰ-ਸਰੰਚਨਾਵਾਦੀ ਦੌਰ ਤੇ ਬਾਰਥ ਦੀ ਸਭ ਤੋਂ ਪ੍ਰਤੀਨਿੱਧ ਤੇ ਪ੍ਰਭਾਵਸ਼ਾਲੀ ਰਚਨਾ ਹੈ

S/z ਦੇ ਆਰੰਭ ਵਿਚ ਬਾਰਥ ਗਲਪ ਦੇ ਉਨ੍ਹਾਂ ਆਲੋਚਕਾਂ ਦੀ ਆਲੋਚਨਾ ਕਰਦਾ ਹੈ, ਜੋ ਸੰਸਾਰ ਭਰ ਦੀਆਂ ਕਹਾਣੀਆਂ ਨੂੰ ਇਕ ਆਂਤਰਿਕ ਸੰਰਚਨਾ ਦੇ ਅੰਤਰਗਤ ਰਖ ਕੇ ਦੇਖਦੇ ਹਨ | ਬਾਰਥ ਦਾ ਕਹਿਣਾ ਹੈ ਕਿ ਅਜਿਹੇ ਆਲੋਚਕ ਸੰਰਚਨਾ ਨੂੰ ਖੋਲਣ ਦਾ ਅਸਫਲ ਜਤਨ ਕਰਦੇ ਹਨ, ਕਿਉਂਕਿ ਅਸਲ ਵਿਚ ਹਰੇਕ ਕਲਾ ਕਿਰਤ ਭਿੰਨ ਹੁੰਦੀ ਹੈ। ਭਿੰਨਤਾ ਕਲਾ ਕਿਰਤ ਦੇ ਅਦੁੱਤੀ ਹੋਣ ਵਿਚ ਨਹੀਂ, ਸਗੋਂ ਕਲਾ ਕਿਰਤ ਦੀ ਪਾਠ ਮੁਲਕਤਾ textuality ਦਾ ਹਿੱਸਾ ਹੁੰਦੀ ਹੈ। ਹਰੇਕ ਕਲਾ ਕਿਰਤ ਪੂਰਬ-ਲਿਖਿਤ ਸਾਹਿਤ ਦੀਆਂ ਅਸੀਮ ਲਹਿਰਾਂ ਦੇ ਸਮੁੰਦਰ ਨਾਲ ਰਿਸ਼ਤਾ ਜੋੜਦੀ ਹੈ। ਕਈ ਕਲਾ ਕਿਰਤਾਂ ਪਾਠ ਨੂੰ ਸੁਤੰਤਰਤਾ ਨਾਲ ਪੜ੍ਹਨ ਤੋਂ ਨਿਰ-ਉਤਸਾਹਤ ਕਰਦੀਆਂ ਹਨ ਅਤੇ ਸਿਰਫ ਖਾਸ ਅਰਥਾਂ ਤੇ ਸੰਦਰਭਾਂ ਉੱਤੇ ਬਲ ਦਿੰਦੀਆਂ ਹਨ। ਇਕ ਯਥਾਰਥਵਾਦੀ ਨਾਵਲ ਇਕ ਤਰਾਂ ਦਾ 'ਬੰਦ ਪਾਠ' ਪੇਸ਼ ਕਰਦਾ ਹੈ।ਸੰਭਾਵੀ ਤੌਰ ਤੇ ਕੁਝ ਹੋਰ ਤਰਾਂ ਦੀਆਂ ਕਲਾ ਕਿਰਤਾਂ ਪਾਠਕ ਨੂੰ ਨਾ ਸਿਰਫ ਨਵੇਂ ਅਰਥ ਗ੍ਰਹਿਣ ਕਰਨ ਦੀ ਆਗਿਆ ਦਿੰਦੀਆਂ ਹਨ, ਸਗੋਂ ਅਜਿਹਾ ਕਰਨ ਵਿਚ ਉਸਦੀ ਹੌਸਲਾ-ਅਫਜ਼ਾਈ ਵੀ ਕਰਦੀਆਂ ਹਨ। 'ਬੰਦ ਪਾਠ' ਉਪਰ ਵਾਰ ਕਰਦਿਆਂ ਹੋਇਆਂ ਬਾਰਥ ਕਹਿੰਦਾ ਹੈ ਕਿ ਇਸਦੇ ਸਮਰਥਕ ਪਾਠਕ ਨੂੰ ਪਾਠ ਦਾ ਉਪਭੋਗੀ ਸਮਝਦੀਆਂ ਹਨ, ਜਦੋਂ ਕਿ ਪਾਠ ਅਤੇ ਪਾਠਕ ਦਾ ਰਿਸ਼ਤਾ ਸਿਰਫ 'ਉਪਭੋਗਤਾ' ਦਾ ਨਹੀਂ ਸਗੋਂ ਅਰਥ-ਉਤਪਾਦਨ ਕਰਨ ਵਾਲੇ ਉਤਪਾਦਕ ਦਾ ਹੈ। ਪਹਿਲੀ ਕਿਸਮ ਦੇ ਪਾਠ ਨੂੰ ਬਾਰਥ "ਪੜ੍ਹਨ ਯੋਗ ਅਤੇ ਦੂਸਰੀ ਕਿਸਮ ਦੇ ਪਾਠ ਨੂੰ "ਲਿਖਣਯੋਗ" ਜਾਂ ਸਿਰਜਿਆ ਜਾਣ ਵਾਲਾ ਆਖਦਾ ਹੈ। ਪਹਿਲੀ ਕਿਸਮ ਦਾ ਪਾਠ ਸਿਰਫ ਪੜ੍ਹਨ ਲਈ ਹੈ ਜਦੋਂ ਕਿ ਦੁਸਰੀ ਕਿਸਮ ਦਾ ਪਾਠ ਜਿਵੇਂ ਲਿਖਣ ਦੀ ਉਚਿੱਤਤਾ ਪੇਸ਼ ਕਰਦਾ ਹੈ। ਉਹ ਸਿਰਜਣਾ ਦਾ ਧਰਮ ਨਿਭਾਉਂਦਾ ਹੈ ਅਤੇ ਪ੍ਰਸੰਨਤਾ ਅਤੇ ਆਨੰਦ ਨੂੰ ਜਗਾਉਂਦਾ ਹੈ, ਭਾਵ ਕਿ ਦੁਸਰੀ ਕਿਸਮ ਦਾ ਪਾਠ ਇਕ ਆਦਰਸ਼ ਪਾਠ ਹੈ। ਇਸ ਆਦਰਸ਼ ਪਾਠ ਵਿਚ 'ਚਿਹਨਕ ਆਕਾਸ਼ ਗੰਗਾ ਦੀ ਤਰ੍ਹਾਂ ਉਜਾਗਰ ਹੁੰਦੇ ਹਨ ਅਤੇ ਅਰਥ ਦਾ ਨਵੀਨ ਸੰਸਾਰ ਉਭਰਦਾ ਹੈ। ਉਸਦਾ ਕੋਈ ਨਿਸ਼ਚਿਤ ਦਰਵਾਜ਼ਾ ਨਹੀਂ, ਉਸ ਵਿਚ ਇਕ ਤੋਂ ਬਹੁਤੇ ਦਰਵਾਜ਼ਿਆਂ ਰਾਹੀਂ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਕੋਈ ਮਹਾਂ ਪੁਰਖ ਇਹ ਨਿਰਣਾ ਨਹੀਂ ਦੇ ਸਕਦਾ ਕਿ ਸਿਰਫ ਇਹੀ ਦਰਵਾਜ਼ਾ ਵਿਸ਼ੇਸ਼ ਦਰਵਾਜ਼ਾ ਹੈ। ਪਾਠ ਜਿਨ੍ਹਾਂ ਕੋਡਾਂ ਤੋਂ ਕੰਮ ਲੈਂਦਾ ਹੈ ਉਹ ਨਜ਼ਰ ਦੀ ਆਖਰੀ ਹਦ ਹਦ ਤਕ ਫੈਲ ਜਾਂਦੇ ਹਨ|

ਇਹ 'ਕੋਡ ਕੀ ਹਨ ? ਇਹ ਸੰਰਚਨਾਵਾਦੀ ਅਰਥਗਤ ਪ੍ਰਬੰਧ ਦੇ ਕੋਡ ਨਹੀਂ ਹਨ। ਬਾਰਥ ਦਾ ਕਹਿਣਾ ਹੈ ਕਿ ਜਿਹੜਾ ਵੀ ਸਿਧਾਂਤਕ ਪ੍ਰਬੰਧ ਅਸੀਂ ਪਯੋਗ ਵਿਚ ਲਿਆਉਂਦੇ ਹਾਂ, ਮਸਲਨ ਮਾਰਕਸਵਾਦੀ ਰੂਪਵਾਦੀ, ਮਨੋਵਿਗਿਆਨਕ, ਸੰਰਚਨਾਵਾਦੀ,ਉਹ ਪਾਠ ਨਾਲ ਆਪਣੇ ਅਸੰਖਾਂ ਸੁਰ ਪੈਦਾ ਕਰੇਗਾ। ਬਾਰਸ਼ ਦਾ ਦਾਵਾ ਹੈ ਕਿ ਪਾਠਕ ਜਦੋਂ ਭਿੰਨ ਦ੍ਰਿਸ਼ਟੀਕੋਣਾਂ ਤੋਂ ਅਧਿਐਨ ਕਰਦਾ ਹੈ, ਤਾਂ ਭਿੰਨ ਅਰਥ ਪੈਦਾ ਹੁੰਦੇ ਹਨ ਅਤੇ ਅਰਥ ਦਾ ਅਖੌਤੀ ਅਦੁੱਤੀਪਨ ਵਿਲੀਨ ਹੋ ਜਾਂਦਾ ਹੈ, ਅਰਥਾਤ ਅਰਥਗਤ ਏਕਤਾ ਸਿਰਫ ਇਕ ਕਲਪਨਾ ਹੈ। ਬਾਰਥ ਬਾਲਜ਼ਾਕ ਦੇ ਸਾਰਾਜ਼ੀਨ ਨੂੰ 561 ਪੜ੍ਹਨ-ਅੰਗਾਂ lexias ਵਿਚ ਵੰਡਦਾ ਹੈ, ਉਨਾਂ ਵਿਚੋਂ ਕਈ ਅੰਗ ਇਕ ਵਾਕ ਤੋਂ ਜ਼ਿਆਦਾ ਨਹੀਂ ਹਨ। ਇਸ ਤੋਂ ਉਪਰਾਂਤ ਉਹ ਉਨਾਂ ਨੂੰ ਕਮਵਾਰ ਪੰਜ ਕੋਡਾ ਦੀ ਛਾਨਣੀ grid ਰਾਹੀਂ ਪ੍ਰਵੇਸ਼ ਕਰਾਉਂਦਾ ਹੈ। ਇਹ ਪੰਜ ਕੌਡ ਹਨ :

Hermeneutic- ਵਿਆਖਿਆਤਮਕ

Semic- ਅਰਥਗਤ

Symbolic- ਪ੍ਰਤੀਕਾਤਮਕ

Proairetic- ਕਿਰਿਆਤਮਕ

Cultural- ਸਭਿਆਚਾਰਕ

ਰੋਲਾਂ ਬਾਰਥ ਦੇ ਲੇਖਨ ਦੇ ਮੁੱਢਲੇ ਦੌਰ ਵਿਚ ਚਿਹਨ-ਵਿਗਿਆਨ Semiology ਉੱਤੇ ਜ਼ੋਰ ਸੀ । ਦੂਸਰੇ ਦੌਰ ਵਿਚ ਉਹ ਚਿਹਨ ਵਿਗਿਆਨ ਤੋਂ ਹੌਲੀ ਹੌਲੀ ਸਾਹਿਤ ਵਲ ਆ ਗਿਆ । ਇਸ ਦੂਸਰੇ ਦੌਰ ਨੂੰ ਵਧੇਰੇ ਸਮੀਖਿਆਕਾਰਾਂ ਨੇ ਬਾਰਥ ਦਾ ਉੱਤਰ ਸੰਰਚਨਾਵਾਦੀ ਦੌਰ ਐਲਾਨਿਆ ਹੈ, ਜਿਸ ਵਿਚ ਬਾਰਥ ਦੀਆਂ ਉਮੀਦਾਂ ਅਤੇ ਪ੍ਰੇਰਕ ਤੱਤ ਵਿਗਿਆਨੀ ਨਾਲੋਂ ਵਧੇਰੇ ਸਿਰਜਨਾਤਮਕ ਹਨ । Elements of Semiology (1965) ਵਿਚ ਬਾਰਥ ਦਾ ਦਾਵਾ ਸੀ ਕਿ ਸੰਰਚਨਾਵਾਦੀ ਪ੍ਰਣਾਲੀ ਨਾਲ ਮਨੁੱਖੀ ਸਭਿਆਚਾਰ ਦੇ ਸਾਰੇ ਚਿਹਨ-ਪ੍ਰਬੰਧਾਂ ਨੂੰ ਚਿਹਨ-ਪ੍ਰਬੰਧਾਂ ਨੂੰ ਸਮਝਿਆ ਜਾ ਸਕਦਾ ਹੈ । ਚਿਹਨ ਵਿਗਿਆਨ ਦਾ ਵਿਸ਼ੇਸ਼ੱਗ ਭਾਸ਼ਾ ਜਾਂ ਕਿਸੇ ਕਿਰਤ ਨੂੰ ਮਾਨਵੀ ਚਿਹਨ-ਪ੍ਰਬੰਧਾਂ ਵਿਚ ਦੂਜੇਲਾ ਪ੍ਰਬੰਧ secondary system ਸਮਝਦਾ ਹੈ, ਜਿਸਦਾ ਵਾਸਤਵਿਕ ਪ੍ਰਬੰਧ ਪਰਾ-ਭਾਸ਼ਾ meta-language ਦਾ ਸੰਪੂਰਣ ਪਬੰਧ ਹੈ, ਜੋ ਵਾਕ ਜਾਂ ਕਲਾ ਕਿਰਤ ਦਾ ਮੂਲ ਪ੍ਰਬੰਧ first order system ਹੈ। ਇਸ ਬੋਧ ਵਿਚ ਕਿ ਕੋਈ ਵੀ ਪਰਾ ਭਾਸ਼ਾਈ ਪ੍ਰਬੰਧ ਭਾਸ਼ਾ ਦੇ ਮੂਲ ਪ੍ਰਬੰਧ ਦੇ ਰੂਪ ਵਿਚ ਕਿਸੇ ਦੂਸਰੇ ਪਰਾ ਭਾਸ਼ਾਈ ਪ੍ਰਬੰਧ ਦਾ ਜ਼ਿੰਮੇਵਾਰ ਹੋ ਸਕਦਾ ਹੈ, ਬਾਰਥ ਨੇ ਇਕ ਅਜਿਹੇ ਦਹਰਾਉ ਦੀ ਝਲਕ ਦੇਖ ਲਈ ਸੀ ਜੋ ਅਸੀਮ ਹੋ ਸਕਦਾ ਹੈ, ਅਤੇ ਜੋ ਪਰਾਭਾਸ਼ਾ ਦੀ ਸ਼ਕਤੀ ਨੂੰ ਵੀ ਕਰ ਸਕਦਾ ਹੈ। ਬਾਰਥ ਕਹਿੰਦਾ ਹੈ ਕਿ ਇਸਦਾ ਅਰਥ ਇਹ ਹੋਇਆ ਕਿ ਆਲੋਚਕ ਦੇ ਰੂਪ ਵਿਚ ਜਦੋਂ ਅਸੀਂ ਪੜ੍ਹਨ ਕਾਰਜ ਕਰਦੇ ਹਾਂ ਤਾਂ ਅਸੀਂ ਪਾਠ ਤੋਂ ਬਾਹਰ ਪੈਰ ਕੱਢ ਕੇ ਅਜਿਹਾ ਦ੍ਰਿਸ਼ਟੀ-ਕੋਣ ਆਪਣਾ ਹੀ ਨਹੀ ਸਕਦੇ, ਜਿਸ ਉੱਪਰ ਪਰਵਰਤੀ ਪਤਾਂ ਸਵਾਲੀਆ ਨਿਸ਼ਾਨ ਨਾ ਲਗਾ ਸਕਣ । ਇਸ ਤਰਾਂ ਉਹ ਇਸ ਨਤੀਜੇ ਉਪਰ ਪਹੁੰਚਦਾ ਹੈ ਕਿ ਆਲੋਚਨਾ ਸਮੇਤ ਸਾਰੀਆਂ ਕਿਰਤਾਂ ਗਾਲਪਨਿਕ ਜਾਂ fictive ਹਨ । ਸੱਚ ਦੀ ਥਾਂ ਕੋਈ ਨਹੀਂ ਲੈ ਸਕਦਾ |

ਸੰਰਚਨਾਤਮਕ ਭਾਸ਼ਾ ਵਿਗਿਆਨ ਦੀ ਰੌਸ਼ਨੀ ਵਿਚ ਇਕ ਪ੍ਰਸਿੱਧ ਕਥਨ ਹੈ :

Language speaks not man

ਅਰਥਾਤ ਭਾਸ਼ਾ ਬੋਲਦੀ ਹੈ, ਮਨੁੱਖ ਨਹੀਂ। ਉਰਦੂ ਵਿਚ ਤਾਂ ਇਹ ਹੋਰ ਵੀ ਦਿਲਚਸਪ ਅਤੇ ਅਰਥਭਰਪੂਰ ਹੈ, ਕਿਉਂਕਿ ਸ਼ਬਦ 'ਜ਼ਬਾਨ ਦੇ ਦੋ ਅਰਥ ਹਨ । ਇਥੇ ਭਾਵ ਇਹ ਹੈ ਕਿ ਵਾਕ ਭਾਸ਼ਾ-ਪ੍ਰਬੰਧ ਦੀ ਰੌਸ਼ਨੀ ਵਿਚ ਹੀ ਸੰਭਵ ਹੈ । ਪ੍ਰਬੰਧ ਨਾ ਹੋਵੇ ਤਾਂ ਵਾਕ ਸੰਭਵ ਹੀ ਨਹੀਂ, ਅਰਥਾਤ ਮਨੁੱਖ ਭਾਸ਼ਾ ਵਿਹੀਣਾ ਹੈ ਬਿਨਾ ਭਾਸ਼ਾ (ਭਾਸ਼ਾਈ ਪ੍ਰਬੰਧ) ਦੇ | ਅਰਥਾਤ ਭਾਸ਼ਾ ਬੋਲਦੀ ਹੈ, ਮਨੁੱਖ ਨਹੀਂ, ਯਾਨੀ ਮਨੁੱਖ ਜੋ ਕੁਝ ਵੀ ਬੋਲਦਾ ਹੈ ਉਹ ਭਾਸ਼ਾ ਦੇ ਭਾਸ਼ਾਈ ਪ੍ਰਬੰਧ ਅਨੁਸਾਰ ਹੈ, ਬਿਨਾ ਉਸਦੇ ਮਨੁੱਖ ਬੋਲ ਨਹੀਂ ਸਕਦਾ । ਇਹ ਵਿਚਾਰ ਸੋਸਿਊਰ ਤੋਂ ਤੁਰਿਆ ਆਉਂਦਾ ਸੀ । ਹਾਈਡੇਗਰ ਨੇ ਉਸਨੂੰ ਦਰਸ਼ਨ-ਸ਼ਾਸਤਰ ਵਿਚ ਸਥਾਪਿਤ ਕੀਤਾ | ਬਾਰਥ ਆਪਣੇ ਪ੍ਰਸਿੱਧ ਆਲੇਖ The Dealth of the Author ਵਿਚ ਮਲਾਰਮੇ ਦਾ ਹਵਾਲਾ ਦਿੰਦਾ ਹੈ ਅਤੇ ਸਾਹਿਤ ਉੱਪਰ ਉਸਨੂੰ ਲਾਗੂ ਕਰਦੇ ਹੋਏ ਵਿਰੋਧਾਭਾਸ ਦੀ ਭਾਸ਼ਾ ਵਿਚ ਆਖਦਾ ਹੈ : Writing writes not authors

ਅਰਥਾਤ "ਸਾਹਿਤ ਲਿਖਦਾ ਹੈ, ਸਾਹਿਤਕਾਰ ਨਹੀਂ ।' ਭਾਵ ਇਹ ਹੈ ਕਿ ਸਾਹਿਤ ਸੁੰਨਯ ਵਿਚੋਂ ਜਨਮ ਨਹੀਂ ਲੈਂਦਾ | ਜੇ ਪਹਿਲਾਂ ਤੋਂ ਲਿਖਤ (ਸਾਹਿਤ) ਦੀ ਹੱਦ ਨਾ , ਹੋਵੇ ਤਾਂ ਕੋਈ ਕਵੀ ਜਾਂ ਰਚਨਾਕਾਰ ਕੁਝ ਲਿਖ ਹੀ ਨਹੀਂ ਸਕਦਾ। ਜੋ ਕੁਝ ਪ੍ਰਬਵਰਤੀਆਂ ਨੇ ਲਿਖਿਆ ਹੈ ਹਰੇਕ ਕਲਾ ਕਿਰਤ ਉਸ ਉੱਤੇ ਵਾਧਾ ਮਾਤਰ ਹੈ । ਰਚਨਾਕਾਰ ਜਿਸ ਸਭਿਆਚਾਰ, ਜਿਸ ਭਾਸ਼ਾ, ਜਿਸ ਸਾਹਿਤਕ ਪਰੰਪਰਾ ਵਿਚ ਪਲਿਆ ਹੈ, ਲੱਖ ਵਿਦਰੋਹ ਅਤੇ ਵਿਮੁੱਖਤਾ ਦਾ ਜਤਨ ਕਰੇ ਉਹ ਲਿਖੇਗਾ ਉਸੇ ਪਰੰਪਰਾ ਅਤੇ ਕਾਵਿ-ਸ਼ਾਸਤਰ ਦੇ ਦਾਇਰੇ ਅੰਦਰ । ਕੋਈ ਕਲਾ ਕਿਰਤ ਆਪਣੇ ਸਭਿਆਚਾਰਕ ਪ੍ਰਬੰਧ ਅਤੇ ਸਾਹਿਤਕ ਪ੍ਰਬੰਧ ਤੋਂ ਬਾਹਰ ਰਹਿ ਕੇ ਨਾ ਅੱਜ ਤਕ ਲਿਖੀ ਗਈ ਹੈ ਅਤੇ ਨਾ ਲਿਖੀ ਜਾ ਸਕਦੀ ਹੈ।

ਰੋਲਾਂ ਬਾਰਥ ਅਮਰੀਕਾ ਦੀ ਨਵ-ਆਲੋਚਨਾ' ਦਾ ਕੱਟੜ ਵਿਰੋਧੀ ਸੀ । "ਨਵ- ਆਲੋਚਨਾ' ਉੱਤੇ ਸਭ ਤੋਂ ਤਿੱਖਾ ਅਤੇ ਦਾਰਸ਼ਨਿਕ ਰੂਪ ਤੋਂ ਮਜ਼ਬੂਤ ਹਮਲਾ ਬਾਰਥ ਨੇ ਹੀ ਕੀਤਾ।ਉਸਦਾ ਕਹਿਣਾ ਹੈ ਕਿ "ਨਵ-ਆਲੋਚਨਾ ਦੀ ਬੰਧਿਕ ਪਵਿਰਤੀ "ਵਿਅਕਤੀਵਾਦੀ' ਵਾਲੀ ਹੈ | ਅਰਥਾਤ ਬਾਰਥ ਦੀ ਦ੍ਰਿਸ਼ਟੀ ਵਿਚ ਨਵ-ਆਲੋਚਨਾ ਲਈ ਸਾਹਿਤ ਉਨਾਂ ਵਸਤੂਆਂ, ਸਿਧਾਂਤਾਂ, ਰੂਪਾਂ ਤੇ ਪ੍ਰਾਪਤੀਆਂ ਦਾ ਸਮੰਚ ਹੈ, ਜਿਸਦਾ ਕਾਰਜ ਸਮਾਜ ਦੇ ਸਾਮਾਨਯ ਅਰਥ-ਸ਼ਾਸਤਰ ਵਿਚ ਵਿਅਕਤੀਵਾਦ ਨੂੰ ਪੱਕਿਆਂ ਕਰਨਾ ਹੈ | ਨਵ ਆਲੋਚਨਾ ਦਾ ਬੁਨਿਆਦੀ ਸਿਧਾਂਤ ਹੈ ਕਿ ਬਹਿਸ ਛਪੇ ਹੋਏ ਸ਼ਬਦ ਤਕ ਸੀਮਿਤ ਰਹਿਣੀ ਚਾਹੀਦੀ ਹੈ । ਬਾਰਥ ਦਾ ਇਸ ਬਾਰੇ ਤਿੱਖਾ ਮਤਭੇਦ ਹੈ ਅਤੇ ਉਹ ਆਈ.ਏ ਰਿਚਰਡਜ਼ ਦੇ 'ਪਾਠ' ਅਤੇ 'ਸਿਰਫ ਪਾਠ' ਦੇ ਸਿਧਾਂਤ ਨੂੰ ਵਿਦਰੋਹੀ ਰੂਪ ਵਿਚ ਰੱਦ ਕਰਦਾ ਹੈ । ਬਾਰਥ ਦਾ ਕਹਿਣਾ ਹੈ ਕਿ "ਮਾਸੂਮ' innocent ਪਾਠਕ ਜਿਸ ਉੱਪਰ ਰਿਚਰਡਜ ਦੀ ਵਿਹਾਰਕ ਆਲੋਚਨਾ ਆਧਾਰਿਤ ਹੈ, ਉਸਦੀ ਕਿਧਰੇ ਵੀ ਹੋਂਦ ਨਹੀਂ ਹੈ । ਬਾਰਥ ਦਾ ਇਸ ਗੱਲ ਉਤੇ ਜ਼ੋਰ ਹੈ ਕਿ ਪੰਨੇ ਉੱਤੇ ਛਪੇ ਸ਼ਬਦ ਤੋਂ ਅਰਥ ਨੂੰ ਗ੍ਰਹਿਣ ਕਰਨ ਦੀ ਪ੍ਰਕਿਰਿਆ ਖ਼ਲਾ ਵਿਚ ਨਹੀ ਹੁੰਦੀ । ਪੜ੍ਹਨ ਦੀ ਕਿਰਿਆ ਇਕ ਜਟਿਲ ਤੇ ਬਹੁ-ਪੱਧਰੀ ਪ੍ਰਕਿਰਿਆ ਹੈ। ਇਸ ਦੌਰਾਨ ਆਰਥਕ, ਸਾਮਾਜਿਕ, ਸੁਹਜਾਤਮਕ ਅਤੇ ਰਾਜਨੀਤਕ ਧਾਰਣਾਵਾਂ ਅਤੇ ਪ੍ਰਭਾਵਾਂ ਦੀਆਂ ਸਾਰੀਆਂ

ਸੰਗਲੀਆਂ ਦੀ ਪ੍ਰਕਿਰਿਆ-ਦਰ-ਕਿਰਿਆ ਜਾਰੀ ਰਹਿੰਦੀ ਹੈ, ਜਿਸ ਕਾਲ ਪਾਠ ਪਤਿ ਸਾਡੀ ਪਤਿਕਿਰਿਆ ਹੋਂਦ ਵਿਚ ਆਉਂਦੀ ਹੈ । ਪਨ-ਪ੍ਰਕਿਰਿਆ ਦੀ ਜਟਿਲਤਾ ਤੇ ਮਹੱਤਵ ਤੋਂ ਇਨਕਾਰ ਖੁਦ-ਫਰੇਬੀ ਦਾ ਲਖਾਇਕ ਹੈ । ਬਾਰਥ ਦੇ ਅਨੁਸਾਰ ਵਸਤੁਪਕ ਪਾਠ ਅਥਵਾ ਪਾਠ ਦੇ ਪੂਰਬ-ਨਿਸ਼ਚਿਤ ਅਰਥ ਬਿਲਕੁਲ ਕੋਈ ਹੋਂਦ ਨਹੀਂ ਰਖਦੇ :

"There exists no objective text and no pre-
ordained 'content' stored within it."

ਬਾਰਥ ਦਾ ਕਹਿਣਾ ਹੈ ਕਿ ਸਾਰੀਆਂ ਆਲੋਚਨਾਤਮਕ ਪ੍ਰਵਿਰਤੀਆਂ ਤੇ ਨਿਰਣੇ ਅਸਲ ਵਿਚ ਕਿਸੇ ਨੂੰ ਕਿਸੇ ਬਹੁ-ਧਰਾਤਲੀ ਰਾਜਨੀਤਕ ਤੇ ਆਰਥਕ ਵਿਚਾਰਧਾਰਾ ਦੇ ਪਰਦੇ ਹਨ । ਕੋਈ ਨਿਰਪੱਖ ਤੇ ਦੋਸ਼ ਰਹਿਤ ਆਲੋਚਨਾਤਮਕ ਦ੍ਰਿਸ਼ਟੀਕੋਣ ਸੰਭਵ ਨਹੀਂ:

All critical position and judgements in fact mark
a compex political and economic ideology,there
is no neutal or innocent critical position."

ਹਾੱਕਸ ਨੇ ਇਸ ਬਾਰੇ ਵਿਚਾਰ ਪੇਸ਼ ਕਰਦਿਆਂ ਲਿਖਿਆ ਹੈ ਕਿ ਬਾਰਥ ਦਾ ਇਹ ਨੁਕਤਾ ਮਾਰਕਸਵਾਦੀ ਸਿਧਾਂਤ ਨਾਲ ਮਿਲਦਾ ਜੁਲਦਾ ਹੈ, ਕਿਉਂਕਿ ਮਾਰਕਸਵਾਦੀ ਸਿਧਾਂਤ ਅਨੁਸਾਰ ਵੀ ਨਵ ਆਲੋਚਨਾ ਪੂੰਜੀਵਾਦ ਦਾ ਸਿਧਾਂਤਕ ਪ੍ਰਸਾਰ ਹੈ | ਪਰ ਦੋਹਾਂ ਦੇ ਦਾਰਸ਼ਨਿਕ ਪ੍ਰੇਰਕ ਅਲਗ ਅਲਗ ਹਨ ।

ਰੋਲਾਂ ਬਾਰਥ ਅਤੇ ਦੂਸਰੇ ਸੰਰਚਨਾਵਾਦੀ ਚਿੰਤਕ ਕਲਾ ਕਿਰਤ ਦੀਆਂ ਸਮੁੱਚੀਆਂ ਅਰਥਗਤ ਵਿਆਖਿਆਵਾਂ ਨੂੰ, ਜੋ ਭਾਵੇਂ ਕਿਸੇ ਵੀ ਕਲਾ ਕਿਰਤ ਤੋਂ ਪੈਦਾ ਹੁੰਦੀਆਂ ਹੋਣ, ਸਵੀਕਾਰ ਕਰਦੇ ਹਨ । ਕਲਾ ਕਿਰਤ ਵਸਤੂ ਮੂਲਕਤਾ ਅਤੇ ਠੋਸ ਯਥਾਰਥ ਦੀ ਨਾਮ ਮਾਤਰ ਸੀਮਾ ਬੰਦੀ ਤੋਂ ਕਿਤੇ ਅਗਾਹ ਨਿਕਲ ਜਾਂਦੀ ਹੈ । ਕਲਾ ਕਿਰਤ ਦੀ ਉਹ ਹੱਦ ਬਿਲਕੁਲ ਨਹੀਂ ਜਿਹੜੀ ਨਜ਼ਰ ਆਉਂਦੀ ਹੈ । ਭਾਵ ਇਹ ਕਿ ਨਵ- ਆਲੋਚਨਾ ਸਾਹਿਤ ਦੇ ਉਸ ਤੱਤ ਨਾਲ ਸੰਵਾਦ ਰਚਾਉਣ ਦਾ ਜਤਨ ਕਰਦੀ ਹੈ ਜਿਸ ਵਿਚ ਅਰਥ 'ਚਿਹਨਕ' ਤੋਂ ਉਪਰ ਉਠ ਕੇ ਵਾਸਤਵਿਕਤਾ ਅਤੇ ਸੱਚ ਨੂੰ ਉਦੇਸ਼ ਨਹੀਂ ਬਣਾਉਂਦੇ ਸਗੋਂ ਆਪਣੀ ਹੋਂਦ ਅਤੇ ਇਕਸੁਰਤਾ ਨੂੰ ਉਚਿਤ ਠਹਿਰਾਉਂਦੇ ਹਨ । ਇਸ ਚਿੰਤਨ-ਪ੍ਰਵਿਰਤੀ ਦਾ ਇਕ ਮਹੱਤਵਪੂਰਣ ਪੱਖ ਇਹ ਹੈ ਕਿ ਸੰਰਚਨਾਵਾਦ ਆਲੋਚਕ ਨੂੰ ਇਕ ਨਵੀਨ ਮਹੱਤਵ ਤੇ ਨਵੀਂ ਭੂਮਿਕਾ ਪ੍ਰਦਾਨ ਕਰਦਾ ਹੈ । ਆਲੋਚਕ ਕਲਾ ਕਿਰਤ ਦਾ ਮਹਿਜ਼ ਤਮਾਸ਼ਬੀਨ ਨਹੀਂ ਹੈ । ਨਾ ਤਾਂ ਕਲਾ ਕਿਰਤ ਕੋਈ ਬਣਿਆ ਬਣਾਇਆ ਮਾਲ ਹੈ, ਨਾ ਆਲੋਚਕ ਉਸਦਾ ਸਿਰਫ ਉਪਭੋਗੀ। ਸੰਰਚਨਾਵਾਦ ਲਈ ਆਲੋਚਕ ਕਲਾ ਕਿਰਤ ਨੂੰ ਆਪਣੀ ਮਤ ਰਾਹੀਂ ਅਰਥ ਦਿੰਦਾ ਹੈ। ਇਸ ਲਈ ਆਲੋਚਕ ਲਈ ਇਹ ਜ਼ਰੂਰੀ ਨਹੀਂ ਹੈ ਕਿ ਉਹ ਨਿਮਰਤਾ ਨਾਲ ਕਲਾ ਕਿਰਤ ਦੇ ਆਦੇਸ਼ਾਂ ਸਾਮਣ ਸਿਰ ਝੁਕਾ ਦੇਵੇ | ਇਸ ਤੋਂ ਉਲਟ ਆਲੋਚਕ ਸਕ੍ਰਿਯ ਰੂਪ ਵਿਚ ਅਰਥ-ਨਿਰਮਾਨ ਕਰਦਾ ਹੈ । ਉਹ ਕਲਾ ਕਿਰਤਾ ਨੂੰ ਹਾਜ਼ਰ' ਬਣਾਉਂਦਾ ਹੈ ।

ਰੋਲਾਂ ਬਾਰਥ ਦੀ ਉੱਤਰ-ਸੰਰਚਨਾਵਾਦੀ ਸੋਚ ਦੀ ਸਰਬੋਤਮ ਅਭਿਵਿਅਕਤੀ ਉਸਦੇ ਸੰਖੇਪ ਆਲੇਖ The death of the Author ਵਿਚ ਹੋਈ ਹੈ। ਉਹ ਇਸ ਪਰੰਪਰਕ ਧਾਰਣਾ ਨੂੰ ਸਖਤੀ ਨਾਲ ਰੱਦ ਕਰਦਾ ਹੈ ਕਿ ਰਚਨਾਕਾਰ ਪਾਠ ਦਾ ਸੋਮਾ ਹੈ ਅਰਥਾਤ ਅਰਥ ਦਾ ਸਰੋਤ ਹੈ ਜਾਂ ਕਲਾ ਕਿਰਤ ਦੀ ਵਿਆਖਿਆ ਤੇ ਟੀਕਾਕਾਰੀ ਦਾ ਇਕੋ ਇਕ ਹਕ ਰਚਨਾਕਾਰ ਨੂੰ ਹੈ । ਪਹਿਲਾਂ ਇਹ ਖਿਆਲ ਕੀਤਾ ਜਾਂਦਾ ਸੀ ਕਿ ਬਾਰਥ ਦਾ ਦ੍ਰਿਸ਼ਟੀਕੋਣ 'ਨਵ ਆਲੋਚਨਾ' ਦੇ ਸਮਰਥਕਾਂ ਨਾਲੋਂ ਭਿੰਨ ਨਹੀਂ, ਜਿਹੜੇ ਪਾਠ ਦੀ ਖੁਦਮੁਖਤਾਰੀ ਉੱਤੇ ਬਲ ਦਿੰਦੇ ਹਨ, ਅਤੇ ਕਲਾ ਕਿਰਤ ਨੂੰ ਸਵੈ-ਨਿਰਭਰ ਐਲਾਨ ਦੇ ਹਨ । ਅਰਥਾਤ ਕਲਾ ਕਿਰਤ ਦੀ ਅਰਥ-ਸਾਰਥਕਤਾ ਖੁਦ ਉਸਦੀ ਸੰਰਚਨਾ ਵਿਚ ਹੈ, ਨਾ ਕਿ ਰਚਨਾਕਾਰ ਦੇ ਮਨੋਰਥ ਵਿਚ | ਪਰ ਅਸਲ ਵਿਚ ਇਸ ਸਿਧਾਂਤ ਵਿਚ ਵੀ ਰਚਨਾਕਾਰ ਦਾ ਆਪਾ ਚੋਰ ਦਰਵਾਜ਼ੇ ਰਾਹੀਂ ਪ੍ਰਵੇਸ਼ ਕਰ ਜਾਂਦਾ ਹੈ, ਅਰਥਾਤ ਕਲਾ ਕਿਰਤ ਇਕ ਜਟਿਲ ਭਾਸ਼ਾਈ ਮੂਰਤੀ ਅਥਵਾ ਚਿਹਨ ਜਾਂ icon ਹੈ ਜਿਹੜੀ ਰਚਨਾਕਾਰ ਦੀ ਵਿਸ਼ਵ-ਦ੍ਰਿਸ਼ਟੀ world view ਨੂੰ ਪ੍ਰਗਟ ਕਰਦੀ ਹੈ । ਬਾਰਥ ਦਾ ਸਿਧਾਂਤ ਇਸ ਤਰਾਂ ਦੀਆਂ ਮਾਨਵਵਾਦੀ ਧਾਰਣਾਵਾਂ ਦੇ ਮੂਲੋਂ ਹੀ ਵਿਰੁਧ ਅਤੇ 'ਰੈਡੀਕਲ' ਹੈ । ਬਾਰਥ ਨੇ ਰਚਨਾਕਾਰ ਤੋਂ ਉਸਦਾ ਪਰਾ-ਭੌਤਿਕ ਪਰਦਾ ਲਾਹ ਕੇ ਇਕ ਪਾਸੇ ਰਖ ਦਿੱਤਾ ਅਤੇ ਉਸਨੂੰ ਇਕ ਅਜਿਹੇ ਦੋਰਾਹੇ ਉਪਰ ਖੜਾ ਕਰ ਦਿੱਤਾ, ਜਿਥੇ ਭਾਸ਼ਾ ਅਤੇ ਪ੍ਰਗਟਾਵੇ ਦੇ ਅਸੰਖਾਂ ਸੁਰ, ਉਨ੍ਹਾਂ ਦਾ ਸ਼ੋਰ ਅਤੇ ਉਨ੍ਹਾਂ ਦੀ ਗੂੰਜ ਲਹਿਰ-ਦਰ- ਲਹਿਰ ਇਕ ਦੂਸਰੇ ਨੂੰ ਭਰਪੂਰ ਕਰਦੇ ਹੋਏ ਅਰਥ ਦੀ ਸਤਰੰਗੀ ਪੀਂਘ ਦਾ ਨਜ਼ਾਰਾ ਬੰਨਦੇ ਹਨ । ਇਸ ਲਈ ਪਾਠਕ ਜਿਧਰੋਂ ਵੀ ਚਾਹੇ, ਪਾਠ ਵਿਚ ਪਵੇਸ਼ ਕਰ ਸਕਦਾ ਹੈ , ਕੋਈ ਇਕ ਰਸਤਾ ਕੋਈ ਇਕ ਦਰਵਾਜ਼ਾ ਜਾਂ ਖਾਸ ਦਰਵਾਜ਼ਾ ਨਹੀਂ ਹੈ । ਬਾਰਥ ਦਾ ਜ਼ੋਰ ਇਸ ਤੇ ਸੀ ਕਿ ਪਾਠਕ ਪਾਠ ਦੀ ਅਰਥ-ਉਤਪੱਤੀ ਦੀ ਪਰਿਕਿਆ ਵਿਚ ਬਰਾਬਰ ਦੀ ਹਿੱਸੇਦਾਰੀ ਲਈ ਆਜ਼ਾਦ ਹੈ, ਬਿਨਾ 'ਚਿਹਨਕ ਦਾ ਨਿਰੰਕੁਸ਼ ਦਬਾਅ ਨੂੰ ਅਨਭਵ ਕੀਤੇ। ਪਾਠਕ ਭਾਸ਼ਾ ਦੇ ਸਾਮਰਾਜੀ ਧਰਾਤਲਾਂ ਦਾ ਵਿਅੰਜਕ ਹੈ ਅਤੇ ਉਹ ਅਰਥ ਦੇ ਕਿਸੇ ਵੀ ਪ੍ਰਬੰਧ ਨਾਲ ਪਾਠ ਨੂੰ ਸੰਬੰਧਿਤਿ ਕਰਨ ਅਤੇ ਰਚਨਾਕਾਰ ਦੇ ਮਨੋਰਥ ਦਾ ਵਿਰੋਧ ਕਰਨ ਵਿਚ ਪੂਰੀ ਤਰ੍ਹਾਂ ਆਜ਼ਾਦ ਹੈ ।

ਬਾਰਥ ਦਾ ਦ੍ਰਿਸ਼ਟੀਕੋਣ ਕਈ ਦ੍ਰਿਸ਼ਟੀਆਂ ਨੂੰ ਨੁਕਸਾਨ ਪਹੰਚਾਉਂਦਾ ਹੈ ਅਤੇ ਵਿਚਾਰ-ਉਤੇਜਕ ਹੈ। 'From Work to Text' ਵਿਚ ਬਾਰਥ ਆਖਦਾ ਹੈ ਕਿ ਪਾਠ ਨਿਰਸੰਦੇਹ ਸ਼ਬਦਾਂ ਦਾ ਸਮੁੱਚ ਹੈ । ਪਰ ਇਹ ਉਸ ਤਰਾਂ ਦਾ ਅਰਥ ਨਹੀਂ ਰਖਦਾ, ਜਿਸ ਤਰ੍ਹਾਂ ਸ਼ਬਦ ਦੇ ਅਰਥਗਤ ਮਨੋਰਥ ਲਏ ਜਾਂਦੇ ਹਨ। ਆਮ ਤੌਰ 'ਤੇ ਪਾਠ ਅਰਥ ਨੂੰ ਸਦੀਵੀ ਤੌਰ ਤੇ ਸਥਗਿਤ ਅਵਸਥਾ ਵਿਚ ਰਖਦਾ ਹੈ । ਇਸਦਾ ਇਹ ਅਰਥ ਨਹੀਂ ਕਿ ਪਾਠ ਜੋ ਕੁਝ ਕਹਿਣਾ ਚਾਹੁੰਦਾ ਹੈ ਉਹ ਅਕਹਿ ਹੈ, ਅਤੇ ਇਹ ਕਿ ਪਾਠ 'ਚਿਹਨਕ ਦੀ ਫੁੱਲਵਾੜੀ ਹੈ । ਇਹ ਭਾਸ਼ਾ ਦਾ ਉਹ ਟੁਕੜਾ ਹੈ ਜਿਹੜਾ ਸੰਰਚਨਾ ਰਖਦਾ ਹੈ, ਪਰ ਬਿਨਾ ਕੇਂਦਰ ਦੇ, ਜਿਸਦਾ ਕੋਈ ਅੰਤ ਨਹੀ।

"Text is like a piece of language, structured,
but de centered, without closure'

ਬਾਰਥ ਆਖਦਾ ਹੈ ਕਿ ਪਾਠ ਦੀ ਅਰਥ-ਬਹੁਲਤਾ ਘਟਾਈ ਨਹੀਂ ਜਾ ਸਕਦੀ ਅਤੇ ਇਸਦਾ ਕਾਰਣ ਸੰਦਰਭ ਮਲਕਤਾ ਲਾਖਸ਼ਣਿਕ ਪ੍ਰਯੋਗ ਅਤੇ ਸ਼ਬਦਾਂ ਦੀਆਂ ਦੋਸਤੀਆਂ ਹਨ ਜਿਹੜੀਆਂ ਇਕ ਪਾਠ ਵਿਚ ਦੂਸਰੇ ਪਾਠਾਂ ਨਾਲ ਪਾਈਆਂ ਜਾਂਦੀਆਂ ਹਨ | ਬਾਰਥ ਇਸ ਸੰਬੰਧ ਨੂੰ ਅੰਤਰ-ਪਾਠ intetexts ਆਖਦਾ ਹੈ, ਜਿਸ ਵਿਚ ਕੋਈ ਵੀ ਪਾਠ ਸਥਿਤ ਹੁੰਦਾ ਹੈ। "ਇਹ ਸੰਦਰਭਾਂ ਵਿਚ ਗੁੰਨਿਆਂ ਹੋਇਆਂ ਹੁੰਦਾ ਹੈ ਬਿਨਾਂ quotation marks ਦੇ, ਜਿਨ੍ਹਾਂ ਦੀ ਗੂੰਜ ਪੰਗਤੀਆਂ ਦੇ ਵਿਚਕਾਰ ਗੂੰਜਦੀ ਰਹਿੰਦੀ ਹੈ ਇਹੀ ਕਾਰਣ ਹੈ ਕਿ ਪਾਠ ਦੀਆਂ ਕੋਈ ਵੀ ਦੋ ਪੜਤਾਂ ਇਕੋ ਜਿਹੀਆਂ ਨਹੀਂ ਹੁੰਦੀਆਂ, ਕਿਉਂਕਿ ਪਾਠ ਕਈ ਦਸੂਰੇ ਪਾਠਾਂ ਨਾਲ ਘੁਲਿਆ ਮਿਲਿਆ ਰਹਿੰਦਾ ਹੈ । ਬਾਰਥ ਇਹ ਵੀ ਆਖਦਾ ਹੈ ਕਿ ਰਚਨਾਕਾਰ ਅਥਵਾ ਉਸਦੇ ਮਨੋਰਥ ਦਾ ਅਰਥਾਂ ਦੇ ਨਿਰਮਾਨ ਦੀ ਪ੍ਰਕਿਰਿਆ ਵਿਚ ਕੋਈ ਦਖਲ ਨਹੀਂ । ਬਾਰਥ ਦਾ ਪ੍ਰਸਿੱਧ ਸੂਤਰ-ਕਥਨ ਹੈ ਕਿ 'ਪਾਠ ਆਪਣੇ ਪਿਤਾ ਦੇ ਹਸਤਾਖਰਾਂ ਬਿਨਾ ਪੜਿਆ ਜਾਂਦਾ ਹੈ ।

'The text is read without the father's signature

## ਸਾਰ-ਅੰਸ਼:

ਰੋਲਾਂ ਬਾਰਥ ਦੀ ਸਥਿਤੀ ਸੰਰਚਨਾਵਾਦੀ ਤੇ ਉਤਰ-ਸੰਰਚਨਾ ਵਾਦੀ ਵਿਚਾਰਵਾਨਾਂ ਦੇ ਵਿਚਕਾਰਲੀ ਕੜੀ ਵਰਗੀ ਇਸ ਲਈ ਹੈ ਕਿ ਉਸਦੀ ਆਜ਼ਾਦ, ਬੁੱਤ-ਸ਼ਿਕਨ ਅਤੇ ਵਿਦਰੋਹੀ ਕਿਰਤੀ ਨੇ ਕਲਾਸੀਕਲ ਸੰਰਚਨਾਵਾਦ ਦੀ ਵਿਗਿਆਨਕ ਵਸਤੂਮੂਲਕਤਾ। ਉੱਤੇ ਕਈ ਸਵਾਲ ਉਠਾਏ, ਉਨ੍ਹਾਂ ਦੀ ਸਰਦਾਰੀ ਨੂੰ ਵੰਗਾਰਿਆ ਅਤੇ ਚਿੰਤਨ-ਪ੍ਰਤਿਭਾ ਦਾ ਨਵਾਂ ਰਸਤਾ ਦਰਸਾਇਆ । ਇਸ ਪ੍ਰਵਿਰਤੀ ਨੂੰ ਆਮ ਬਣਾਉਣ ਵਿਚ ਬਾਰਥ ਦੇ ਇਕ ਤੋਂ ਵਧੇਰੇ ਸਮਕਾਲੀ ਵੀ ਸਰਗਰਮ ਸਨ । ਉਨ੍ਹਾਂ ਦੀਆਂ ਸ਼ਕਤੀ ਸ਼ਾਲੀ ਅਤੇ ਨਵੀਨ ਅਰਥਾਂ ਵਾਲੀਆਂ ਚਿੰਤਨ-ਪ੍ਰਵਿਰਤੀਆਂ ਨੂੰ ਉੱਤਰ-ਸੰਰਚਨਾਵਾਦ ਤੋਂ ਪ੍ਰੇਰਿਤ ਮੰਨਿਆ ਜਾਂਦਾ ਹੈ ।

## ਮੁੱਖ ਕੇਂਦਰੀ ਸ਼ਬਦ:

ਅਰਥ-ਬਹੁਲਤਾ ---ਬਹੁਆਰਥਕਤਾ

ਚਿਹਨਕ ---ਧੁਨੀ ਬਿੰਬ

ਖੁਦਮੁਖਤਾਰੀ ---ਸਵੈ-ਸੁਤੰਤਰ

ਅਦੁੱਤੀਪਨ ---ਚੋਣਵਾਂ/ਵਿਲੱਖਣ

ਵਿਲੀਨ ---ਖਤਮ/ਅੰਤ ਹੋ ਜਾਣਾ

ਪ੍ਰੰਪਰਕ --- ਸਦੀਆਂ/ਪੁਸ਼ਤਾਂ ਤੋਂ ਚੱਲਿਆ ਆ ਰਿਹਾ

## ਸਵੈ-ਮੁਲਾਂਕਣ:

1. ਰੋਲਾਂ ਬਾਰਥ ਦਾ ਸਮਾਂ ਮੰਨਿਆ ਜਾਂਦਾ ਹੈ:

ੳ. 1915-1980

ਅ. 1925-1990

ੲ. 1935-1995

ਸ. 1945-1985

2. ਹੇਠ ਲਿਖਿਆਂ ਵਿਚੋਂ ਕਿਹੜਾ ਸੰਕਲਪ ਰੋਲਾਂ ਬਾਰਥ ਨਾਲ ਨਹੀਂ ਜੁੜਿਆ ਹੋਇਆ:

ੳ. ਪੜ੍ਹਨਯੋਗ ਅਤੇ ਲਿਖਣਯੋਗ ਪਾਠ

ਅ. ਆਨੰਦ

ੲ. ਅੰਤਰ ਪਾਠਾਤਮਿਕਤਾ

ਸ. ਪ੍ਰਵਚਨ

3. Elements of Semiology ਦਾ ਪ੍ਰਕਾਸ਼ਨ ਹੋਇਆ:

ੳ. 1955

ਅ. 1965

ੲ. 1975

ਸ. 1985

4. ਰੋਲਾਂ ਬਾਰਥ ਦੇ ਚਿੰਤਨ ਦਾ ਬੁਨਿਆਦੀ ਧੁਰਾ ਹੈ:

ੳ. ਪਾਠ ਦੀ ਬਹੁ-ਅਰਥਤਾ

ਅ. ਅਰਥ ਦੀ ਅਨੇਕਤਾ

ੲ. ਅਰਥਾਂ ਦਾ ਵਿਕੇਂਦਰੀਕਰਨ

ਸ. ਉਪਰੋਕਤ ਸਾਰੇ

5. ਪਲੱਈਅਰ ਆਫ਼ ਦੀ ਟੈਕਸਟ ਪੁਸਤਕ ਦਾ ਕੇਂਦਰੀ ਧੁਰਾ ਹੈ:

ੳ. ਅਰਥਾਂ ਦਾ ਵਿਕੇਂਦਰੀਕਰਨ

ਅ. ਪੜ੍ਹਨਯੋਗ ਅਤੇ ਲਿਖਣਯੋਗ ਪਾਠ

ੲ. ਪੜ੍ਹਤ ਤੋਂ ਪ੍ਰਾਪਤ ਆਨੰਦ ਦਾ ਸਰੂਪ

ਸ. ਅੰਤਰ ਪਾਠਾਤਮਿਕਤਾ

6. ਬਾਰਥ ਇਹ ਵੀ ਆਖਦਾ ਹੈ ਕਿ ਰਚਨਾਕਾਰ ਅਥਵਾ ਉਸਦੇ ਮਨੋਰਥ ਦਾ ਅਰਥਾਂ ਦੇ ਨਿਰਮਾਨ ਦੀ ਪ੍ਰਕਿਰਿਆ ਵਿਚ ਕੋਈ ਦਖਲ ਨਹੀਂ ।

ਇਹ ਕਤਨ ਹੈ:

ੳ. ਸਹੀ

ਅ. ਗਲਤ

7. ਰੋਲਾਂ ਬਾਰਥ ਅਮਰੀਕਾ ਦੀ ਨਵ-ਆਲੋਚਨਾ ਦਾ ਕੱਟੜ ਸਮਰਥੱਕ ਸੀ ।

ਇਹ ਕਥਨ ਹੈ:

ੳ. ਸਹੀ

ਅ. ਗਲਤ

8. ਰੋਲਾਂ ਬਾਰਥ ਦੀ ਇਕ ਹੋਰ ਮਹੱਤਵਪੂਰਣ ਰਚਨਾ 'ਦੀ ਪਲੱਈਅਰ ਆਫ਼ ਦੀ ਟੈਕਸਟ (1973) ਹੈ, ਜਿਸ ਵਿਚ ਉਸਨੇ ਪਾਠ ਦੀ ਪੜ੍ਹਤ ਤੋਂ ਪ੍ਰਾਪਤ ਹੋਣ ਵਾਲੀ ਆਨੰਦ-ਪ੍ਰਾਪਤੀ ਅਤੇ ਖਾਸ ਤੌਰ ਤੇ ਸੁਹਜ-ਸੁਆਦ ਦੀ ਅਵਸਥਾ ਨੂੰ ਇਕ ਸਿਧਾਂਤ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ |

ਇਹ ਕਥਨ ਹੈ:

ੳ. ਸਹੀ

ਅ. ਗਲਤ

9. ਰੋਲਾਂ ਬਾਰਥ ਦੀ ਪਹਿਲੀ ਰਚਨਾ ਹੈ:

ੳ. Elements of Semiology

ਅ. S/Z

ੲ. Writing Degree Zero

ਸ. Pleasure of the Text

10. The Dealth of the Author ਪੁਸਤਕ ਦਾ ਸੰਕੇਤ ਹੈ:

ੳ. ਸਾਹਿਤ ਲਿਖਦਾ ਹੈ ਸਾਹਿਤਕਾਰ ਨਹੀਂ

ਅ. ਪਰਾ ਭਾਸ਼ਾ

ੲ. ਲਿਖਣਯੋਗਤਾ

ਸ. ਪਾਠ ਅੰਤਰਆਤਮਕਤਾ

11. S/z ਵਿਚ ਰੋਲਾਂ ਬਾਰਤ ਨੇ ਕਿੰਨੇ ਕੋਡਾਂ ਦਾ ਵਰਣਨ ਕੀਤਾ:

ੳ. ਤਿੰਨ

ਅ. ਚਾਰ

ੲ. ਪੰਜ

ਸ. ਛੇ

12. ਹੇਠ ਲਿਖਿਆਂ ਵਿਚੋਂ ਕਿਹੜੀ ਰਚਨਾ ਰੋਲਾਂ ਬਾਰਥ ਦੀ ਹੈ

ੳ. Writing and Difference

ਅ. The order of things

ੲ. From Work to text

ਸ. Deconstruction

13. ਖਾਲੀ ਸਥਾਨ ਭਰੋ:

ਰੋਲਾਂ ਬਾਰਥ ਇਸ ਪਰੰਪਰਕ ਧਾਰਣਾ ਨੂੰ ਸਖਤੀ ਨਾਲ ਰੱਦ ਕਰਦਾ ਹੈ ਕਿ ਰਚਨਾਕਾਰ ---------ਹੈ ਅਰਥਾਤ ਅਰਥ ਦਾ ਸਰੋਤ ਹੈ ਜਾਂ ਕਲਾ ਕਿਰਤ ਦੀ ਵਿਆਖਿਆ ਤੇ ਟੀਕਾਕਾਰੀ ਦਾ ਇਕੋ ਇਕ ਹਕ ਰਚਨਾਕਾਰ ਨੂੰ ਹੈ ।

14 ਰੋਲਾਂ ਬਾਰਥ ਦੇ ਸਿਧਾਂਤ ਦਾ ਆਧਾਰ ਹੈ-

ੳ. ਪ੍ਰਤੀਸਿਰਜਨਾਵਾਦ

ਅ. ਪ੍ਰਵਚਨ

ੲ. ਸਿਗਨੀਫਿਕੇਸ਼ਨ

ਸ. ਇਕਾਲਕ ਤੇ ਦੁਕਾਲਕ

15. 'ਐਸ/ਜ਼ੈਡ ਵਿਚ ਰੋਲਾਂ ਬਾਰਥ ਨੇ ਕਿਸ ਲੇਖਕ ਦੀ ਰਚਨਾ ਨੂੰ ਆਧਾਰ ਬਣਾਇਆ:

ੳ. ਬਾਲਜ਼ਾਕ

ਅ. ਮੈਥਿਓ ਆਰਨਲਡ

ੲ. ਟਾਲਸਟਾਏ

ਸ. ਮੈਕਸਿਮ ਗੋਰਕੀ

## ਅਭਿਆਸ ਪ੍ਰਸ਼ਨ

1. Elements of Semiology ਪੁਸਤਕ ਦੇ ਮੁੱਖ ਆਧਾਰ ਕੀ ਹਨ?

2. ਸਾਹਿਤ ਲਿਖਦਾ ਹੈ, ਸਾਹਿਤਕਾਰ ਨਹੀਂ : ਸਪਸ਼ਟ ਕਰੋ।

3. "ਪੜਨ ਯੋਗ' ਅਤੇ "ਲਿਖਣਯੋਗ' ਪਾਠ ਵਿਚ ਕੀ ਅੰਤਰ ਹੈ?

4. ਰੋਲਾ ਬਾਰਥ ਦੁਆਰਾ ਪ੍ਰਸਤੁਤ ਪੰਜ ਕੋਡ ਪ੍ਰਣਾਲੀ ਦਾ ਵਰਣਨ ਕਰੋ।

5. ਪਾਠ ਦੀ ਅਰਥ-ਬਹੁਲਤਾ' ਘਟਾਈ ਨਹੀਂ ਜਾ ਸਕਦੀ :ਸਪੱਸਟ ਕਰੋ।

6. ਰੋਲਾਂ ਬਾਰਥ ਅਤੇ ਹੋਰ ਦੂਸਰੇ ਸੰਰਚਨਾਵਾਦੀ ਚਿੰਤਕਾਂ ਦੀਆਂ ਧਾਰਨਾਵਾਂ ਵਿਚ ਕੀ ਅੰਤਰ ਹੈ?

7. ਰੋਲਾਂ ਬਾਰਥ ਅਮਰੀਕਾ ਦੀ ਨਵ-ਆਲੋਚਨਾ ਚਿੰਤਨ ਪ੍ਰਣਾਲੀ ਦਾ ਖੰਡਨ ਕਿਉਂ ਕਰਦਾ ਹੈ?

8. 'From Work to Text' ਪੁਸਤਕ ਦਾ ਮੁੱਖ ਆਧਾਰ ਕੀ ਹੈ ?

## ਸੰਦਰਭ ਪੁਸਤਕਾਂ:


- ਸੰਰਚਨਾਵਾਦ, ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਗੋਪੀ ਚੰਦ ਨਾਰੰਗ, ਭਾਰਤੀ ਸਾਹਿਤ ਅਕਾਦਮੀ ਦਿੱਲੀ, (2011)
- ਰੋਲਾ ਬਾਰਥ, ਤਸਕੀਨ, ਪੰਜਾਬੀ ਅਕਾਦਮੀ, ਦਿੱਲੀ, (2011)
- ਪੱਛਮੀ ਆਲੋਚਨਾ, ਸਿਧਾਂਤਕਾਰ ਅਤੇ ਵਾਦ, ਡਾ. ਧਰਮਚੰਦ ਵਾਤਿਸ਼, ਅਜ਼ੀਜ਼ ਬੁੱਕ ਹਾਊਸ, ਬਠਿੰਡਾ, 2019


## ਮਹੱਤਵਪੂਰਨ ਲਿੰਕ

https://www.wikiwand.com/pa/%E0%A8%B0%E0%A8%BE%E0%A8%88%E0%A8%9F%E0%A8%BF%E0%A9%B0%E0%A8%97_%E0%A8%A1%E0%A8%BF%E0%A8%97%E0%A8%B0%E0%A9%80_%E0%A8%9C%E0%A9%80%E0%A8%B0%E0%A9%8B

http://panjabialochana.com/yahoo_site_admin1/assets/docs/1_Birtant_Shastar_Badalde_Srokar_Te_Sandarbh.272103233.pdf

ਉੱਤਰਮਾਲਾ

| | | | | |
|---|---|---|---|---|
| 1. ੳ | 2. ਸ | 3. ਅ | 4. ਸ | 5. ੲ |
| 6. ੳ | 7. ਅ | 8. ੳ | 9. ੲ | 10. ੳ |
| 11.ੲ | 12. ੲ | 13. ਪਾਠ ਦਾ ਸੋਮਾ | 14. ੲ | 15. ੳ |

# ਅਧਿਆਇ-10: ਯੱਕ ਦੈਰੀਦਾ ਅਤੇ ਵਿਰਚਨਾਵਾਦ

*Harpreet singh, Lovely Professional University*

ਵਿਸ਼ਾ ਵਸਤੂ (Content)


- ਉਦੇਸ਼
- ਪ੍ਰਸਤਾਵਨਾ
- ਵਿਸ਼ਾ ਵਸਤੂ
- ਸਾਰ-ਅੰਸ਼
- ਕੇਂਦਰੀ ਸ਼ਬਦ
- ਸਵੈ-ਮੁਲਾਂਕਣ
- ਅਭਿਆਸ ਪ੍ਰਸ਼ਨ
- ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਵਿਰਚਨਾਵਾਦ ਦੀ ਪ੍ਰਕ੍ਰਿਤੀ ਅਤੈ ਸਰੂਪ ਨੂੰ ਸਮਝਦੇ ਹੋਏ ਇਸ ਦੀ ਅਹਿਮੀਅਤ ਤੋਂ ਜਾਣੂ ਹੋਣਗੇ।
- ਉੱਤਰ ਸਰੰਚਨਾਵਾਦ ਵਿਚ ਦੈਰੀਦਾ ਦੀ ਭੂਮਿਕਾ ਦਾ ਮੁਲਾਂਕਨ ਕਰ ਸਕਣਗੇ ਤੇ ਸਾਹਿਤ ਵਿਚ ਇਸ ਅਧਿਐਨ ਪ੍ਰਣਾਲੀ ਦੀ ਮਹੱਤਤਾ ਤੇ ਸਾਰਥਕਤਾ ਨੂੰ ਸਮਝਸਕਣਗੇ।
- ਸਾਹਿਤ ਸਿਰਜਣਾ ਅਤੇ ਸਾਹਿਤ ਆਲੋਚਨਾ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਸਮਝਣ ਅਤੇ ਲਾਗੂ ਕਰ ਸਕਣ ਵਿਚ ਸਮਰਥ ਹੋਣਗੇ।

- ਸਾਹਿਤ ਆਲੋਚਨਾ ਵਿਚ ਇਸ ਦੀ ਵਰਤੋਂ ਦੁਆਰਾ ਸਾਹਿਤ ਦੀਆਂ ਵਿਭਿੰਨ ਦਿਸ਼ਾਵਾਂ ਦਾ ਮੁਲਾਂਕਣ ਕਰ ਸਕਣ ਦੇ ਸਮਰੱਥ ਹੋਵੇਗਾ।

## ਪ੍ਰਸਤਾਵਨਾ:

ਵਿਰਚਨਾ ਵਿਧੀ ਦਾ ਪ੍ਰਚਲਨ ਪਹਿਲਾਂ ਪਹਿਲ ਫ਼ਰਾਂਸ ਦੇ ਟੇਲ ਕਿਉਲ ਗਰੁੱਪ ਵਿੱਚ ਹੋਇਆ, ਪਰ ਇਸ ਦਾ ਸੰਸਥਾਪਕ ਦੈਰਿਦਾ ਨੂੰ ਹੀ ਮੰਨਿਆ ਜਾਂਦਾ ਹੈ। ਵਿਰਚਨਾਵਾਦ ਦਾ ਆਰੰਭ 1966 ਵਿੱਚ ਜੌਹਨ ਹੌਪਕਿਨਜ ਯੂਨੀਵਰਸਿਟੀ ਦੇ ਉਸ ਅੰਤਰਰਾਸ਼ਟਰੀ ਸੈਮੀਨਾਰ ਵਿੱਚ ਹੋਇਆ ਜਝ ਭਾਵੇਂ ਸੰਰਚਨਾਵਾਦ ਉਤੇ ਵਿਚਾਰ ਚਰਚਾ ਕਰਨ ਲਈ ਆਯੋਜਿਤ ਕੀਤਾ ਗਿਆ ਸੀ,ਪਰ ਯਕ ਦੈਰਿਦਾ ਦੀ ਹਾਜਰੀ ਅਤੇ ਉਸਦੇ ਆਲੇਖ ਨਾਲ ਇਹ ਸੈਮੀਨਾਰ ਬਾਦ ਵਿੱਚ ਵਿਰਚਨਾਵਾਦ ਦਾ ਕੇਂਦਰ ਬਿੰਦੂ ਸਿਧ ਹੋਇਆ।ਇਕ ਸਾਲ ਦੇ ਵਿੱਚ ਵਿਚ ਅਰਥਾਤ 1967 ਵਿੱਚ ਪੈਰਿਸ ਤੋਂ ਦੈਰਿਦਾ ਦੀਆਂ ਤਿੰਨ ਪੁਸਤਕਾਂ ਇਕੱਠੀਆਂ ਸਾਹਮਣੇ ਆਈਆਂ ਅਤੇ 1976 ਤੱਕ ਇਨ੍ਹਾਂ ਪੁਸਤਕਾਂ ਦੇ ਅੰਗਰੇਜੀ ਅਨੁਵਾਦ ਅਮਰੀਕੀ ਯੂਨੀਵਰਸਿਟੀਆਂ ਵਿੱਚ ਪ੍ਰਕਾਸ਼ਿਤ ਹੋਏ ਅਤੇ ਹੱਥੋਂ ਹੱਥ ਵਿਕ ਗਏ। ਇਉਂ ਅੱਠਵੇਂਦਹਾਕੇ ਤੋਂ ਵਿਰਚਨਾਵਾਦ ਸਾਹਿਤਿਕ ਹਲਕਿਆਂ ਵਿਚ ਛਾ ਗਿਆ।

ਯੱਕ ਦੈਰੀਦਾ ਆਪਣੇ ਸਮਕਾਲ ਦੀਆਂ ਵਸਤੂਗਤ ਤਬਦੀਲੀਆਂ ਨੂੰ ਹੁੰਗਾਰਾ ਦਿੰਦਾ ਹੋਇਆ ਪਲੈਟੋ ਤੋਂ ਲੈ ਕੇ ਸੋਸਿਊਰ ਤੱਕ ਦੇ ਸਮੁੱਚੇ ਪੱਛਮੀ ਚਿੰਤਨ ਦੇ ਸਿਸਟਮ ਨੂੰ ਭੰਗ ਕਰ ਦੇਣ ਦੀ ਮਹੱਤਵਾਕਾਂਖਿਆ ਅਧੀਨ ਕਿਸੇ ਪਾਠ ਵਿੱਚ ਕੇਂਦਰੀ ਅਰਥ ਦੇ ਮੌਜੂਦ ਹੋਣ ਦੀ ਸੰਭਾਵਨਾ ਅਤੇ ਚਿਹਨਕ ਦੀ ਤਹਿ ਥੱਲੇ ਕਿਸੇ ਚਿਹਨਤ ਦੀ ਹੋਂਦ ਨੂੰ ਰੱਦ ਕਰ ਦਿੰਦਾ ਹੈ। ਸਿੱਧਾਂਤਕ ਪੱਧਰ ਉਪਰ ਦੈਰੀਦਾ ਸੋਸਿਊਰ ਦੇ ਭਾਸ਼ਾ ਚਿੰਤਨ ਨਾਲ ਸੰਵਾਦ ਰਚਾਉਂਦਾ ਹੋਇਆ ਉਸਦੇ ਚਿੰਤਨ ਵਿਚਲੇ ਲਿਖਿਤ ਭਾਸ਼ਾ ਦੇ ਮੁਕਾਬਲੇ ਉਚਰਿਤ ਭਾਸ਼ਾ , ਸ਼ੁੱਧ ਚਿਹਨਕ ਦੀ ਥਾਂ ਪਾਰਗਾਮੀ ਚਿਹਨਤ ਦੀ ਹਾਜ਼ਰੀ ਦੇ ਅਧਿਆਤਮ ਅਤੇ ਅੰਤਿਮ ਰੂਪ ਵਿੱਚ ਸੰਰਚਨਾ ਦੀ ਥਾਂ ਸਾਰਥਕਤਾ ਦੇ ਕੇਂਦਰ ਵੱਲ ਉਲਾਰਾਂ ਨੂੰ ਆਲੋਨਾ ਦਾ ਵਿਸ਼ਾ ਬਣਾਉਂਦਾ ਹੋਇਆ ਡਿਫਰਾਂਸ (differance) ਦਾ ਮੌਲਿਕ ਸੰਕਲਪ ਪੇਸ਼ ਕਰਦਾ ਹੈ। ਦੈਰੀਦਾ ਦਾ ਡਿਫਰਾਂਸ ਅੰਗਰੇਜ਼ੀ ਸ਼ਬਦ difference ਵਿਚਲੀ ਦੂਜੀ •e' ਦੀ ਥਾਂ a ਦੀ ਵਰਤੋਂ ਦੇ ਸਿੱਟੇ ਵਜੋਂ ਹੋਂਦ ਵਿੱਚ ਆਉਂਦਾ ਹੈ। ਇਸ ਸੰਕਲਪ ਦੇ ਉਚਰਿਤ ਸਰੂਪ ਦੀ ਥਾਂ ਲਿਖਤ ਵਿੱਚ ਸੰਕਲਪਕ ਅੰ ਤਰ ਨੂੰ ਦ੍ਰਿਸ਼ਟੀਗੋਚਰ ਕਰਨ ਵਿੱਚ ਵੀ ਦੈ ਰੀਦਾ ਦੀ ਬੋਲ ਦੀ ਪ੍ਰਮੁੱਖਤਾ ਨੂੰ ਰੱਦ ਕਰਨ ਦੀ ਬਿਰਤੀ ਕਾਰਜਸ਼ੀਲ ਹੈ। ਆਪਣੇ ਇਸ ਸੰਕਲਪ ਵਿੱਚ ਦੈਰੀਦਾ ਅੱਡਰੇ ਹੋਣ (to differ) ਅਤੇ ਸਥਗਿਤ ਕਰਨ (to defer) ਦੀਆਂ ਕ੍ਰਿਆਵਾਂ ਦਾ ਸਮਾਯੋਜਨ ਕਰਦਾ ਹੋਇਆ ਚਿਹਨ ਨੂੰ ਹਾਜ਼ਰੀ ਦੇ ਅਧਿਆਤਮ ਤੋਂ ਮੁਕਤ ਕਰਵਾਉਂਦਾ ਹੈ। ਉਸਦੇ ਇਸ ਸੰਕਲਪ ਦਾ ਭਾਵ ਹੈ ਕਿ ਹਰ ਚਿਹਨਕ ਨਾ ਕੇਵਲ ਦੂਜੇ ਚਿਹਨਕਾਂ ਨਾਲੋਂ ਵਖਰੇਵੇਂ ਕਾਰਣ ਪਛਾਣਨ ਯੋਗ ਹੈ , ਸਗੋਂ ਇਹ ਕਿਸੇ ਬਾਹਰਵਰਤੀ ਚਿਹਨਤ ਦੇ ਟਾਵੇ ਵੱਲ ਸੇਧਿਤ ਹੋਣ ਦੀ ਥਾਂ ਨਿਰੰਤਰ ਚਿਹਨਕ ਵਿੱਚ ਹੀ ਬਦਲਦਾ ਤੁਰਿਆ ਜਾਂਦਾ ਹੈ ਅਤੇ ਚਿਹਨਤ ਦੇ ਸਾਕਾਰ ਹੋਣ ਦੀ ਸੰਭਾਵਨਾ ਨੂੰ ਸਥਗਿਤ ਕਰਦਾ ਤੁਰਿਆ ਜਾਂਦਾ ਹੈ।

## ਵਿਸ਼ਾ ਵਸਤੂ:

ਯੱਕ ਦੇਰੀਦਾ (15 ਜੁਲਾਈ 1930 – 8 ਅਕਤੂਬਰ 2004) ਅਲਜੀਰੀਆ ਵਿਚ ਜਨਮਿਆ ਫਰਾਂਸ ਦਾ ਦਾਰਸ਼ਨਿਕ ਸੀ ,ਜਿਸ ਨੂੰ ਡੀਕੰਸਟ੍ਰਕਸ਼ਨ (Deconstruction) ਦੇ ਸਿਧਾਂਤ ਲਈ ਜਾਣਿਆ ਜਾਂਦਾ ਹੈ। ਉਸ ਦੇ ਵਿਸ਼ਾਲ ਲੇਖਣੀ ਕਾਰਜ ਦਾ ਸਾਹਿਤਕ ਅਤੇ ਯੂਰਪੀ ਦਰਸ਼ਨ ਉੱਤੇ ਡੂੰਘਾ ਪ੍ਰਭਾਵ ਪਿਆ ਹੈ। ਉਸ ਦੀ ਰਚਨਾ ਨੂੰ ਉੱਤਰ-ਸੰਰਚਨਾਵਾਦ ਕਿਹਾ ਗਿਆ ਅਤੇ ਇਹਦਾ ਸੰਬੰਧ ਉੱਤਰ-ਆਧੁਨਿਕਤਾਵਾਦ ਨਾਲ ਹੈ। ਆਫ਼ ਗ੍ਰੈਮਾਟੋਲੋਜੀ (Of Grammatology ) ਉਨ੍ਹਾਂ ਦੀ ਸਭ ਤੋਂ ਮਹੱਤਵਪੂਰਣ ਕਿਤਾਬ ਮੰਨੀ ਜਾਂਦੀ ਹੈ।ਲੈਕਚਰਾਂ ਅਤੇ ਨਿਬੰਧਾਂ ਦੇ ਇਲਾਵਾ ਉਸਨੇ ਚਾਲੀ ਤੋਂ ਵਧ ਕਿਤਾਬਾਂ ਲਿਖੀਆਂ। ਆਪਣੀਆਂ ਬਾਅਦ ਵਾਲੀਆਂ ਲਿਖ ਤਾਂ ਵਿੱਚ ਉਸਨੇ ਨੀਤੀ ਅਤੇ ਰਾਜਨੀਤੀ ਨਾਲ ਜੁੜੇ ਸੁਆਲ ਵਾਰ -ਵਾਰ ਉਠਾਏ ਹਨ ਅਤੇ ਅਨੇਕ ਆਗੂਆਂ 'ਤੇ ਸਮਾਜਿਕ ਲਹਿਰਾਂ ਨੇ ਉਹਦਾ ਪ੍ਰਭਾਵ ਕਬੂਲਿਆ ਹੈ। ਉਸਨੇ ਬੇਹੱਦ ਪ੍ਰਸਿੱਧੀ ਖੱਟੀ ਅਤੇ ਉਹਦੀ ਦਾਰਸ਼ਨਿਕ ਪਹੁੰਚ ਅਤੇ ਉਹਦੀਆਂ ਧਾਰਨਾਵਾਂ ਨੂੰ ਸਮਝਣ ਵਿੱਚ ਆਉਂਦੀ ਕਠਿਨਾਈ ਕਾਰਨ ਉਹ ਵੱਡੇ ਵਾਦ-ਵਿਵਾਦ ਵਿੱਚ ਵੀ ਉਲਝਿਆ।

ਉੱਤਰ-ਸੰਰਚਨਾਵਾਦੀ ਚਿੰਤਕ ਯੱਕ ਦੇਰੀਦਾ (Jacques Derrida) ਨੇ ਵੀ ਸਾਹਿੱਤਕ ਅਤੇ ਸੱਭਿਆਚਾਰਕ ਸਿਰਜਣਾਵਾਂ ਦੇ ਅਧਿਐਨ ਲਈ ਮਹੱਤਵਪੂਰਣ ਯੋਗਦਾਨ ਦਿੱਤਾ। ਦੇਰੀਦਾ ਮੂਲ ਰੂਪ ਵਿਚ ਦਰਸ਼ਨ-ਸ਼ਾਸਤਰੀ ਸੀ ਪਰ ਉਸਦੇ ਚਿੰਤਨ ਵਿਚ ਆਲੋਚਨਾਤਮਕ ਮਹੱਤਵ ਵਾਲੀਆਂ ਅੰਤਰ-ਦ੍ਰਿਸ਼ਟੀਆਂ ਛੁਪੀਆਂ ਹੋਈਆਂ ਹਨ। ਉਸਨੇ ਪੱਛਮ ਦੀ ਦਾਰਸ਼ਨਿਕ ਪਰੰਪਰਾ ਦੀ ਸ਼ਬਦ-ਕੇਂਦ੍ਰਿਤ (logocentric) ਸੋਚ ਦਾ ਆਲੋਚਨਾਤਮਕ ਮੁਲਾਂਕਣ (critique) ਕਰਦਿਆਂ ਭਾਸ਼ਾ, ਪ੍ਰਵਚਨ ਅਤੇ ਗਿਆਨ ਦੇ ਅੰਤਰ-ਸੰਬੰਧਾਂ ਦੀ ਪੁਨਰ-ਵਿਆਖਿਆ ਪੇਸ਼ ਕੀਤੀ। ਪੱਛਮੀ ਪਰੰਪਰਾ ਦੀ ਮੁੱਖ ਭ੍ਰਾਂਤੀ ਇਹ ਹੈ ਕਿ ਇਹ ਅਰਥ ਨੂੰ ਪਰਾਭੌਤਿਕ ਤੱਤ ਵਜੋਂ ਅਰਥ ਵਿਚ ਹਾਜ਼ਰ ਮੰਨਦੀ ਰਹੀ ਹੈ1 ਇਸੇ ਲਈ ਇਹ ਸ਼ਬਦਾਂ ਵਿਚੋਂ ਅਰਥਾਂ ਦੀ ਤਲਾਸ਼ ਕਰਨ ਵਲ ਰੁਚਿਤ ਰਹੀ ਹੈ। ਦੇਰੀਦਾ ਨੇ ਆਪਣੀ ਸੁਪ੍ਰਸਿੱਧ ਸੰਕਲਪਨਾ deconstruction ਰਾਹੀਂ ਇਹ ਗੱਲ ਪ੍ਰਮਾਣਿਤ ਕਰਨ ਦੀ ਚੇਸ਼ਟਾ ਕੀਤੀ ਹੈ ਕਿ ਅਰਥ ਹਮੇਸ਼ਾ ਭਿੰਨਤਾ ਅਤੇ ਸਥਗਨ ਵਿਚ ਰਹਿੰਦਾ ਹੈ। ਪਾਠ ਜਾਂ ਪ੍ਰਵਚਨ ਦੇ ਕਿਸੇ ਵੀ ਮੁਕਾਮ ਉੱਤੇ ਉਹ ਮੁਕੰਮਿਲ ਨਹੀਂ ਹੁੰਦਾ। ਉਸਨੇ ਪਾਠਗਤ ਆਲੋਚਨਾ ਦੀ ਥਾਵੇਂ ਇਕ ਵੱਖਰੀ ਕਿਸਮ ਦੀ ਵਿਰਚਨਾ-ਵਿਧੀ (deconstruction)ਦਾ ਸੰਕਲਪ ਸਾਮ੍ਹਣੇ ਲਿਆਂਦਾ। ਇਹ ਰਚਨਾ-ਪਾਠ ਵਿਚਲੇ ਦੀ ਅਰਥ-ਸਿਰਜਣ ਪ੍ਰਕਿਰਿਆ ਨੂੰ ਵਿਖੰਡਿਤ ਕਰਕੇ ਵਾਚਣ ਵਲ ਰੁਚਿਤ ਹੁੰਦੀ ਹੈ ਅਤੇ ਉਸਦੇ ਅੰਦਰ ਉਕਰੇ ਹੋਏ ਪੂਰਬਲੀਆਂ ਲਿਖਤਾਂ ਦੇ ਪੂਰਨਿਆਂ (traces) ਦੀ ਰੌਸ਼ਨੀ ਵਿਚ ਉਸਦਾ ਪੁਨਰ- ਮੁਲਾਂਕਣ ਪੇਸ਼ ਕਰਦੀ ਹੈ।

ਸੋ ਵਿਰਚਨਾਵਾਦ ਦਾ ਮੂਲ ਨੁਕਤਾ ਇਹ ਹੈ ਕਿ ਅਰਥ ਹਮੇਸ਼ਾ ਅਨਿਸ਼ਚਿਤ ਰਹਿੰਦੇ ਹਨ, ਅਸਥਿਰ ਹੁੰਦੇ ਹਨ, ਸਥਗਨ ਵਿਚ ਰਹਿੰਦੇ ਜਾਂ ਮੁਲਤਵੀ ਕੀਤੇ ਜਾਂਦੇ ਹਨ। ਅਰਥ ਚਿੰਨ੍ਹਾਂ ਵਿਚ ਹਾਜ਼ਰ ਨਹੀਂ ਸਗੋਂ ਗੈਰ ਹਾਜ਼ਰ ਹੁੰਦੇ ਹਨ।

ਵਿਰਚਨਾਵਾਦ ਨੂੰ ਪਰਭਾਸ਼ਿਤ ਕਰਦਿਆਂ ਡਾ. ਗੋਪੀ ਚੰਦ ਨਾਰੰਗ ਲਿੱਖਦੇ ਹਨ:

> "ਵਿਰਚਨਾਵਾਦ (Deconstruction) ਤੋਂ ਭਾਵ ਪਾਠ ਦੇ ਅਧਿਐਨ ਦੀ ਉਹ ਪੱਧਤੀ ਹੈ, ਜਿਸਦੇ ਮਾਧਿਅਮ ਰਾਹੀਂ ਨਾ ਸਿਰਫ਼ ਪਾਠ ਦੇ ਨਿਰਧਾਰਿਤ ਅਰਥ ਨੂੰ ਵਿਸਥਾਪਿਤ ਕੀਤਾ ਜਾ ਸਕਦਾ ਹੈ, ਸਗੋਂ ਉਸਦੇ ਅਰਥਗਤ ਅਦੁੱਤੀਪਨ ਨੂੰ ਵੀ ਖੰਡਿਤ ਕੀਤਾ ਜਾ ਸਕਦਾ ਹੈ। ਵਿਰਚਨਾਵਾਦ ਨੂੰ ਆਮ ਤੌਰ ਤੇ ਉੱਤਰ ਸੰਰਚਨਾਵਾਦ ਦਾ ਹਿੱਸਾ ਸਮਝਿਆ ਜਾਂਦਾ ਹੈ , ਕਿਉਂਕਿ ਵਿਰਚਨਾਵਾਦ ਸੋਸਿਊਰ  ਦੀਆਂ ਧਾਰਨਾਵਾਂ ਤੇ ਉਨ੍ਹਾਂ ਧਾਰਨਾਵਾਂ ਨੂੰ ਆਧਾਰ ਬਣਾਉਂਦਾ ਹੈ ਜਿਨ੍ਹਾਂ ਨੂੰ ਸੰਰਚਨਾਵਾਦ ਨੇ ਪ੍ਰਸਤੁਤ ਕੀਤਾ। ਪਰ ਇਹ ਉਨ੍ਹਾਂ ਨੂੰ ਵਿਸਥਾਪਿਤ ਕਰ ਦਿੰਦਾ ਹੈ। ਵਿਰਚਨਾਵਾਦ ਮੂਲ ਰੂਪ ਵਿਚ ਪ੍ਰਚੰਡ ਕਿਸਮ ਦੀ ਮੂਰਤੀ-ਭੰਜਕ ਪ੍ਰਵਿਰਤੀ ਹੈ। ਉਸ ਲਈ ਕੋਈ ਸਿਧਾਂਤ ਜਾਂ ਪੂਰਬ ਕਲਪਨਾ ਪਾਵਨ ਨਹੀਂ ਹੈ।'

ਵਿਰਚਨਾਵਾਦ ਸਸਿਊਰ ਅਤੇ ਸਰੰਚਨਾਵਾਦ ਦੀਆਂ ਕਲਪਨਾਵਾਂ ਤੋਂ ਕੰਮ ਲੈ ਕੇ ਖ਼ੁੱਲ੍ਹ ਉਨ੍ਹਾਂ ਧਾਰਣਾਵਾਂ ਦੀ ਅੰਤਰਗਤ ਏਕਤਾ ਨੂੰ ਵੀ ਤਾਰਕਿਕ ਰੂਪ ਵਿੱਚ ਖੰਡਿਤ ਕਰ ਦਿੰਦਾ ਹੈ। ਇਹ ਗੱਲ ਜਿਵੇਂ ਉਸ ਪਾਰਖੂ ਵਰਗੀ ਹੈ ਜਿਹੜਾ 'ਦੀਨੇ ਬਜ਼ੁਰਗਾਂ ਖ਼ੁਦ ਨਕਰਦ ਦਾ ਕੱਟੜਤਾ ਨਾਲ ਕਾਇਲ ਹੋਵੇ, ਇਹ ਉਨ੍ਹਾਂ ਸਾਰੀਆਂ ਦਰਸ਼ਨਿਕ ਜੜ੍ਹਾਂ ਨੂੰ ਵਿਸਥਾਪਿਤ ਕਰਦਾ ਹੈ, ਜਿਨ੍ਹਾਂ ਨਾਲ ਖ਼ੁਦ ਉਸ ਦੇ ਦਰਸ਼ਨ ਦਾ ਵਿਕਾਸ ਹੋਇਆ ਹੈ।

ਵਿਰਚਨਾਵਾਦੀ ਦਾ ਪ੍ਰਚਲਨ ਸਭ ਤੋਂ ਪਹਿਲਾਂ ਫਰਾਂਸ ਦੇ ਟੈਲਕੁਐਲ ਗੁਰੱਪ Tel Quel ਦੇ ਲਿਖਣ ਵਾਲਿਆਂ ਵਿੱਚ ਹੋਇਆ। ਪਰ ਇਸ ਨੂੰ ਦਾਰਸ਼ਨਿਕ ਰੂਪ ਵਿੱਚ ਸਥਾਪਤ ਕੀਤਾ ਦਰਸ਼ਨਿਕ ਯੱਕ ਦੇਰੀਦਾ ਨੇ ਅਤੇ ਹੁਣ ਇਹ ਸਿਧਾਂਤ ਯੱਕ ਦੇਰੀਦਾ ਨਾਲ ਹੀ ਸਬੰਧਿਤ ਹੈ। ਦੇਰੀਦਾ ਨੇ ਆਪਣੇ ਵਿਚਾਰਾਂ ਨੂੰ ਹੇਠਾਂ ਲਿਖੀਆਂ ਤਿੰਨ ਪੁਸਤਕਾਂ ਵਿੱਚੋਂ ਵਿੱਚ ਇੱਕੋ ਵੇਲੇ ਪੇਸ਼ ਕੀਤਾ ---

1. Of grammatology
2. Writing and difference
3. Speech and phenomena

ਇਹ ਤਿੰਨ ਪੁਸਤਕਾਂ 1967 ਵਿੱਚ ਇਕੱਠੀਆਂ ਪੈਰਿਸ ਤੋਂ ਪ੍ਰਕਾਸ਼ਿਤ ਹੋਈਆਂ ਅਤੇ ਇਨ੍ਹਾਂ ਦੇ ਪ੍ਰਕਾਸ਼ਨ ਨਾਲ ਦਰਸ਼ਨ ਦੇ ਸੰਸਾਰ ਵਿੱਚ ਜਿਵੇਂ ਤੂਫਾਨ ਆ ਗਿਆ। ਦੇਰੀਦਾ ਦਾ ਜਨਮ 1930 ਵਿਚ ਹੋਇਆ। ਉਸਨੇ ਪੱਛਮੀ ਦਰਸ਼ਨ ਦੀਆਂ ਬੁਨਿਆਦੀ ਪੂਰਵ ਕਲਪਨਾਵਾਂ ਉੱਤੇ ਜਿਸ ਤਰ੍ਹਾਂ ਦੇ ਪ੍ਰਸ਼ਨ ਸਥਾਪਿਤ ਕੀਤੇ ਕਿਹਾ ਜਾਂਦਾ ਹੈ ਕਿ ਅਜਿਹਾ ਪਲੈਟੋ  ਤੋਂ ਬਾਅਦ ਪਹਿਲੀ ਵਾਰ ਹੋਇਆ ਹੈ। ਇਨ੍ਹਾਂ ਲਿਖਤਾਂ ਤੋਂ ਇਲਾਵਾ ਦੇਰੀਦਾ ਦੀਆਂ ਅਨੇਕਾਂ ਕਿਰਤਾਂ ਤੇ ਆਲੇਖ ਸਾਹਮਣੇ ਆਉਂਦੇ ਰਹੇ ਹਨ ਜਿਨ੍ਹਾਂ ਵਿੱਚ ਉਸ ਨੇ ਆਪਣੇ ਸਿਧਾਂਤ ਦੀ ਹੋਰ ਵਧੇਰੇ ਵਿਆਖਿਆ ਤੇ ਪੁਸ਼ਟੀ ਕੀਤੀ। ਇਸ ਵਿੱਚ ਦੇਰੀਦਾ ਦੀ ਹੈਸੀਅਤ ਇੱਕ ਸੁਪ੍ਰਸਿੱਧ ਤੇ ਸਨਮਾਨਯੋਗ ਹਸਤੀ ਦੀ ਹੈ ਜਿਸ ਦੇ ਉਠਾਏ ਹੋਏ ਪ੍ਰਸ਼ਨਾਂ ਅਤੇ ਸਮੱਸਿਆਵਾਂ ਨਾਲ ਬਹਿਸ ਕਰਨ ਲਈ ਦੂਸਰੇ ਲੋਕ ਮਜਬੂਰ ਹਨ। ਭਾਵੇਂ ਦੇਰੀਦਾ ਦਾ ਆਗਮਨ ਹੋਰਨਾਂ ਰੈਡੀਕਲ ਵਿਚਾਰਵਾਨਾਂ ਦੇ ਯੱਕ ਲਾਕਾਂ ਅਤੇ ਰੋਲਾ ਬਾਰਥ  ਦੇ ਮੁਕਾਬਲੇ ਬਾਅਦ ਵਿੱਚ ਹੋਇਆ ਪਰ ਆਪਣੇ ਸਥਾਨ ਕਾਰਨ ਉਹ ਛੇਤੀ ਹੀ ਖਿੱਚ ਦਾ ਕੇਂਦਰ ਬਣ ਗਿਆ। ਦੇਰੀਦਾ ਨੂੰ ਭਾਵੇਂ  ਇਸ ਤੋਂ ਇਨਕਾਰ ਹੋਵੇ ਜਾਂ ਨਹੀਂ ਉਸ ਦਾ ਨਾਂ ਨਾਮ ਉੱਤਰ ਸੰਰਚਨਾਵਾਦ ਨਾਲ ਅਟੁੱਟ ਰੂਪ ਨਾਲ ਜੁੜ ਗਿਆ ਹੈ। ਉਸਦੀ ਪ੍ਰਾਪਤੀ ਉਸ ਨੇ ਪ੍ਰਾਚੀਨ ਦਰਸ਼ਨ ਦੀਆਂ ਕਈ ਮੂਲ ਪੂਰਬ ਧਾਰਨਾਵਾਂ ਨੂੰ ਵੀ ਵਿਸਥਾਪਿਤ ਕੀਤਾ ਹੈ ਅਤੇ

ਸਮਕਾਲੀ ਸੋਚ ਦੀਆਂ ਕਮਜ਼ੋਰੀਆਂ ਨੂੰ ਵੀ ਤਾਰਕਿਕ ਰੂਪ ਵਿੱਚ ਉਘਾੜਿਆ ਹੈ। ਰੋਲਾਂ ਬਾਰਥ ਤੇ ਯੱਕ ਲਾਕਾਂ ਵਾਂਗ ਦੇਰੀਦਾ ਵੀ ਭੌਤਿਕ ਦਰਸ਼ਨ ਅਤੇ ਕਿਸੇ ਵੀ ਤਰ੍ਹਾਂ ਦੀ ਵਿਅਕਤੀਪਰਕਤਾ ਦਾ ਕੱਟੜ ਵਿਰੋਧੀ ਹੈ।

ਦੇਰੀਦਾ ਦਾ ਕਹਿਣਾ ਹੈ ਕਿ ਪੱਛਮੀ ਪਰਾ ਭੌਤਿਕਤਾ ਦੀਆਂ ਜਿੰਨੀਆਂ ਵੀ ਧਾਰਨਾਵਾਂ ਹਨ, ਉਹ logo centrism ਯਾਨੀ ਸ਼ਬਦ ਕੇਂਦਰਤਾ ਜਾਂ ਸ਼ਬਦ ਦੇ ਅਰਥ ਦੀ ਹਾਜ਼ਰੀ ਉੱਤੇ ਸਥਾਪਿਤ ਹਨ ਅਤੇ ਹਾਜ਼ਰੀ ਦੀ ਸੰਕਲਪਨਾ ਉੱਪਰ ਇਸੇ ਲਈ ਸਥਾਪਿਤ ਹਨ ਕਿ ਬੁਨਿਆਦੀ ਤੌਰ ਤੇ ਉਹ phonocentrism ਅਰਥਾਤ ਧੁਨੀ ਕੇਂਦਰਤਾ ਦਾ ਸ਼ਿਕਾਰ ਹਨ। ਯਾਨੀ ਇਸ ਨੂੰ ਉਹ ਸਵੀਕ੍ਰਿਤ ਸਮਝਦੇ ਹਨ ਕਿ ਵਾਕ ਹਾਜ਼ਰੀ ਨੂੰ ਲੇਖਨ ਦੀ ਹਾਜ਼ਰੀ ਉੱਪਰ ਪਹਿਲ ਪ੍ਰਾਪਤ ਹੈ। ਹਾਜ਼ਰੀ ਤੋਂ ਦੇਰੀਦਾ ਉਸ ਨਿਰਪੇਖ ਅਰਥਗਤ ਆਧਾਰ absolute foundation ਦਾ ਭਾਵ ਲੈਂਦਾ ਹੈ, ਜਿਸ ਉੱਪਰ ਕੋਈ ਵੀ ਧਾਰਨਾ ਅਰਥ ਟਿਕੀ ਹੁੰਦੀ ਹੈ। ਉਸ ਨੂੰ ਉਹ ਕੇਂਦਰ ਦੇ ਰੂਪ ਵਿੱਚ ਵੀ ਵਿਆਖਿਆ ਦਿੰਦਾ ਹੈ, ਜਿਸ ਉੱਪਰ ਕਿਸੇ ਵੀ ਸ਼ਬਦ ਜਾਂ ਧਾਰਨਾ ਦੇ ਅਰਥ ਦਾ ਉਸ ਭਾਸ਼ਾ ਦੇ ਪ੍ਰਬੰਧ ਅਨੁਸਾਰ ਆਧਾਰ ਹੁੰਦਾ ਹੈ। ਦੇਰੀਦਾ ਨੇ ਪਲੈਟੋ ਤੇ ਰੂਸੋ ਤੋਂ ਲੈ ਕੇ ਹੀਗੇਲ, ਹਾਈਡੈਗਰ ਅਤੇ ਹੁਸਰਲ ਦਰਸ਼ਨਿਕ ਕਥਨਾਂ ਦਾ ਵਿਸ਼ਲੇਸ਼ਣ ਕਰ ਕੇ ਦੱਸਿਆ ਹੈ ਕਿ ਉਹ ਸਾਰੀਆਂ ਵਿਚਾਰਪਰਕ ਖੋਜਾਂ, ਜਿਹੜੀਆਂ ਪਰਾਭੌਤਿਕ ਸਕੰਲਪਨਾਵਾਂ ਨੂੰ ਅਰਥ ਦਾ ਦ੍ਰਿੜ੍ਹ ਆਧਾਰ ਦੇਣ ਦੀ ਚੇਸ਼ਟਾ ਕਰਦੀਆਂ ਹਨ ਕਾਲਪਨਿਕ ਅਤੇ ਮਸਨੂਈ ਹਨ। ਉਹ ਕਹਿੰਦਾ ਹੈ ਕਿ ਬੁੱਧੀ- ਕੇਂਦਰਿਤ ਜਾਂ ਵਾਕ ਕੇਂਦਰਿਤ ਸਥਾਪਿਤ ਪੂਰਬੀ- ਕਲਪਨਾਵਾਂ ਭਾਵੇਂ ਜ਼ਰੂਰੀ ਹਨ ਪਰ ਵਾਕ ਫੁਰਦਾ ਹੈ ਤਾਂ ਸ਼ਬਦ ਅਰਥਾਤ ਲਿਖਤ ਦੀ ਹੋਂਦ ਵਕਤਾ ਦੇ ਮਨ ਵਿੱਚ ਪਹਿਲਾਂ ਤੋਂ ਹਾਜ਼ਰ ਹੁੰਦੀ ਹੈ।

ਕਿਸੇ ਵੀ ਧਾਰਨਾ ਦੇ ਨਿਸ਼ਚਿਤ, ਨਿਰਧਾਰਤ ਅਥਵਾ ਪੂਰਵ-ਸਥਾਪਿਤ ਅਰਥ ਨੂੰ ਵਿਸਥਾਪਿਤ ਕਰਨ ਜਾਂ ਉਲਟ ਦੇਣ ਲਈ ਦੇਰੀਦਾ ਦੀ ਵਿਧੀ ਇਹ ਹੈ ਕਿ ਉਹ ਪਹਿਲਾਂ ਤੋਂ ਤੁਰੇ ਆ ਰਹੇ ਸ਼੍ਰੇਣੀਬਧ ਅਰਥਗਤ ਕ੍ਰਮ hierarchy ਨੂੰ ਉਲਟਾ ਦਿੰਦਾ ਹੈ। ਮਿਸਾਲ ਵਜੋਂ ਯੂਨਾਨੀ ਦਰਸ਼ਨ ਵਿੱਚ ਸਦੀਆਂ ਤੋਂ ਤੁਰੀ ਆ ਰਹੀ ਇਹ ਧਾਰਨਾ ਕਿ ਬੋਲ ਨੂੰ ਲੇਖਣ ਉੱਪਰ ਪ੍ਰਥਮਿਕਤਾ ਹਾਸਿਲ ਹੈ ਜਾਂ ਬੋਲ speech ਪ੍ਰਧਾਨ ਹੈ ਤੇ ਲਿਖਤ writing ਗੌਣ ਤਾਂ ਦੇਰੀਦਾ ਦਲੀਲ ਅਨੁਸਾਰ ਬਹਿਸ ਕਰਦਾ ਹੈ ਕਿ ਲੇਖਨ ਦੀਆਂ ਕਈ ਵਿਸ਼ੇਸ਼ਤਾਵਾਂ ਬੋਲ ਜਾਂ ਉਚਾਰ ਵਿੱਚ ਪਹਿਲਾਂ ਹੀ ਹਾਜ਼ਰ ਹਨ। ਇਸ ਲਈ ਲੇਖਨ ਦੀ ਧਾਰਨਾ ਉਚਾਰ ਦੀ ਪ੍ਰਤਿਕੀਰਤ ਦੇ ਰੂਪ ਵਿੱਚ ਕੀਤੀ ਜਾ ਸਕਦੀ ਹੈ। ਦੇਰੀਦਾ ਇੱਥੇ ਹੀ ਬਸ ਨਹੀਂ ਕਰਦਾ, ਸਗੋਂ ਉਹ ਇਸ ਤਰ੍ਹਾਂ ਪ੍ਰਾਪਤ ਹੋਣ ਵਾਲੇ ਅਰਥਗਤ ਕ੍ਰਮ ਨੂੰ ਇੱਕ ਵਾਰੀ ਫਿਰ ਉਲਟਾ ਦਿੰਦਾ ਹੈ ਅਤੇ ਤਰਕ ਦਰ ਤਰਕ ਦੀ ਪੂਰੀ ਸ਼ਿੱਦਤ ਨਾਲ ਸਿੱਧ ਕਰਦਾ ਹੈ ਕਿ ਉਸ ਦਾ ਉਲਟ ਵੀ ਸਹੀ ਨਹੀਂ ਅਰਥਾਤ ਅਰਥ ਦਾ ਕੇਂਦਰ ਕਿਤੇ ਵੀ ਨਹੀਂ ਦੇਰੀਦਾ ਦਾ ਦਾਅਵਾ ਹੈ ਕਿ ਭਾਸ਼ਾ ਦੇ ਲਾਖਸ਼ਣਿਕ ਅਤੇ ਅਲੰਕਾਰਿਕ ਪ੍ਰਬੰਧ ਦੀ ਸੰਰਚਨਾ ਦੀ ਕੁਝ ਇਸ ਤਰ੍ਹਾਂ ਦੀ ਹੈ ਕਿ ਦਰਸ਼ਨ ਵਿੱਚ ਧਾਰਨਾਵਾਂ ਨੂੰ ਨਿਰਪੇਖ ਅਰਥਗਤ ਆਧਾਰ ਦੇਣਾ ਸਿਰਫ ਨਿਰਕੁੰਸ਼ ਪ੍ਰਕਿਰਿਆ ਹੈ।

ਦੇਰੀਦਾ ਅਰਥ ਲਈ ਜਿਸ ਹਾਜ਼ਰੀ ਅਥਵਾ ਕੇਂਦਰ ਦੀ ਗੱਲ ਕਰਦਾ ਹੈ ਉਸ ਦਾ ਬੁਨਿਆਦੀ ਤਰਕ ਅਸਲ ਵਿੱਚ ਸਸਿਊਰ ਦੇ ਇਸ ਨੁਕਤੇ ਤੋਂ ਪ੍ਰਾਪਤ ਹੁੰਦਾ ਹੈ ਕਿ ਚਿਹਨ ਯਾਨੀ ਚਿਹਨਕ ਚਿਹਨਿਤ ਆਪਣੀ ਵਿਅਕਤੀਗਤ ਹੋਂਦ ਵਿੱਚ ਸਕਾਰੀ positive ਜਾਂ ਵਸਤੂ ਪੂਰਕ ਤੱਤ ਤੋਂ ਨਹੀਂ, ਸਗੋਂ ਉਸ ਭਿੰਨਤਾ ਤੋਂ ਗ੍ਰਹਿਣ ਕਰਦੇ ਹਨ ਜੋ ਭਾਸ਼ਾ ਦੇ ਅੰਦਰ ਉਨ੍ਹਾਂ ਵਿੱਚ ਅਤੇ ਹੋਰਨਾਂ ਚਿਹਨਕਾਂ ਅਤੇ ਅਰਥਾਂ ਦੇ ਵਿਚਕਾਰ ਹੁੰਦਾ ਹੈ:

In language there are only differences with no positive terms.

ਇਸ ਤਰ੍ਹਾਂ ਇਸ ਵਿਚਾਰ ਦੀ ਪਕਿਆਈ ਦੇ ਆਧਾਰ ਉੱਪਰ ਦੇਰੀਦਾ ਆਖਦਾ ਹੈ ਕਿ ਸ਼ਬਦ ਅਤੇ ਅਰਥ ਦੇ ਵਿਅਕਤੀਗਤ ਤੱਤ ਕਿਉਂਕਿ ਭਿੰਨਤਾਮੂਲਕ ਸਬੰਧਾਂ ਉੱਤੇ ਆਧਾਰਿਤ ਹਨ ਇਸ ਲਈ ਉਨ੍ਹਾਂ ਨੂੰ ਹਾਜ਼ਰ ਨਹੀਂ ਕਿਹਾ ਜਾ ਸਕਦਾ। ਤਾਂ ਵੀ ਇਹ ਗੈਰਹਾਜ਼ਰੀ ਵੀ ਨਹੀਂ, ਕਿਉਂਕਿ ਅਰਥ ਆਪਣੀ ਝਲਕ trace ਉਨ੍ਹਾਂ ਸਾਰੇ ਅਦ੍ਰਿਸ਼ਟ ਤੱਤਾਂ ਦੀ ਮਦਦ ਨਾਲ ਦਿਖਾਉਂਦਾ ਹੈ ਜਿਨ੍ਹਾਂ ਦੀ ਭਿੰਨਤਾ ਨਾਲ ਉਨ੍ਹਾਂ ਦੀ ਨਿਜਤਾ ਸਥਾਪਿਤ ਹੁੰਦੀ ਹੈ। ਨਤੀਜੇ ਵਜੋਂ ਨਿਰਧਾਰਤ ਅਰਥ ਦੀ ਹਾਜ਼ਰੀ ਅਸੰਭਵ ਹੈ ਅਤੇ ਜੋ ਕੁਝ ਹੈ ਉਹ ਅਰਥ ਦਾ ਪ੍ਰਭਾਵ ਹੈ।

ਸੰਰਚਨਾਵਾਦ ਨਾਲ ਬਹਿਸ ਕਰਦਿਆਂ ਦੇਰੀਦਾ ਕਹਿੰਦਾ ਹੈ ਕਿ ਸੰਰਚਨਾਵਾਦੀ ਚਿੰਤਨ ਵਿੱਚ ਸੰਰਚਨਾ ਦੀ ਧਾਰਨਾ ਇਸ ਪੂਰਵ ਕਲਪਨਾ ਉੱਤੇ ਟਿਕੀ ਹੋਈ ਹੈ ਕਿ ਅਰਥ ਦਾ ਕਿਸੇ ਵੀ ਕਿਸੇ ਤਰ੍ਹਾਂ ਦਾ ਕੇਂਦਰ ਹੁੰਦਾ ਹੈ। ਇਹ ਕੇਂਦਰ ਸੰਰਚਨਾ ਨੂੰ ਆਪਣੇ ਅਧੀਨ ਰੱਖਦਾ ਹੈ, ਪਰ ਖੁਦ ਇਸ ਕੇਂਦਰ ਨੂੰ ਵਿਵੇਚਨ ਹੇਠਾਂ ਨਹੀਂ ਲਿਆਂਦਾ ਜਾ ਸਕਦਾ। ਮਨੁੱਖ ਹਮੇਸ਼ਾ ਕੇਂਦਰ ਦੀ ਕਾਮਨਾ ਕਰਦਾ ਰਹਿੰਦਾ ਹੈ, ਇਸ ਲਈ ਕੀ ਕੇਂਦਰ ਹਾਜ਼ਰੀ ਦੀ ਗਾਰੰਟੀ ਨਹੀਂ ਹੈ:

centre guarantees begin as presence

ਮਿਸਾਲ ਵਜੋਂ, ਅਸੀਂ ਆਪਣੇ ਮਾਨਸਿਕ ਤੇ ਸਰੀਰਕ ਜੀਵਨ ਨੂੰ ਕੇਂਦਰਤਾ ਪ੍ਰਦਾਨ ਕਰਦੇ ਹਾਂ, ਪੜਨਾਂਵ ਮੈਂ ਦੇ ਪ੍ਰਯੋਗ ਨਾਲ। ਪੜਨਾਂਵ ਮੈਂ ਅਥਵਾ ਅਸੀਂ ਦੇ ਮਹੱਤਵ ਦਾ ਅੰਦਾਜ਼ਾ ਇਸੇ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਮੰਨ ਲਵੋ ਭਾਸ਼ਾ ਵਿੱਚ ਮੈਂ ਜਾਂ ਅਸੀਂ ਨਾ ਹੋਣ ਤਾਂ ਅਸੀਂ ਆਪਣੀ ਹਾਜ਼ਰੀ ਕਿਵੇਂ ਜ਼ਾਹਰ ਕਰਾਂਗੇ। ਭਾਵ ਇਹ ਕਿ ਹਾਜ਼ਰੀ ਉਸ ਏਕਤਾ ਦਾ ਸਿਧਾਂਤ ਹੈ, ਜੋ ਸੰਸਾਰ ਦੀਆਂ ਸਮੂਹ ਗਤੀਵਿਧੀਆਂ ਦੀ ਸੰਰਚਨਾ ਦੀ ਤਹਿ ਵਿੱਚ ਕਿਰਿਆਸ਼ੀਲ ਹੈ ਦੇਰੀਦਾ ਦਾ ਕਹਿਣਾ ਹੈ ਕਿ ਫਰਾਇਡ ਨੇ ਚੇਤਨ ਤੇ ਅਵਚੇਤਨ ਦੀ ਵੰਡ ਨੂੰ ਉਘਾੜ ਕੇ ਹੋਂਦ ਦੇ ਅਦੁੱਤੀਪਨ ਦੀ ਪਰਾ ਭੌਤਿਕ ਆਸਥਾ ਦੀ ਜੜ੍ਹ ਖੋਖਲੀ ਕਰ ਦਿੱਤੀ। ਵਿਚਾਰ ਕੀਤਾ ਜਾਵੇ ਤਾਂ ਦਰਸ਼ਨ ਦਾ ਆਧਾਰ ਹੀ ਅਜਿਹੀਆਂ

ਸੰਕਲਪਨਾਵਾਂ ਉੱਤੇ ਹੈ, ਜੋ ਅਰਥ ਨੂੰ ਕੇਂਦਰ ਪ੍ਰਦਾਨ ਕਰਨ ਦੇ ਸਿਧਾਂਤ ਉੱਤੇ ਨਿਰਭਰ ਹਨ। ਮਿਸਾਲ ਵਜੋਂ ਰੱਬ, ਮਨੁੱਖ, ਹੋਂਦ, ਅਦਵੈਤ, ਚੇਤਨਾ, ਸੱਚ, ਸੁਭ, ਅਸ਼ੁੱਭ, ਸੱਤ, ਮੂਲ ਆਦਿ। ਦੇਰੀਦਾ ਦਾ ਇਹ ਦਾਅਵਾ ਨਹੀਂ ਕਰਦਾ ਕਿ ਇਨ੍ਹਾਂ ਸ਼ਬਦਾਂ ਤੋਂ ਬਾਹਰ ਜਾ ਕੇ ਸੋਚਣਾ ਸੰਭਵ ਹੈ। ਪਰ ਇਹ ਸ਼ਬਦ ਅਰਥ ਦੇ ਜਿਸ ਕੇਂਦਰ ਉੱਤੇ ਸਥਾਪਿਤ ਹਨ ਉਹ ਇਨ੍ਹਾਂ ਵਿੱਚ ਨਹੀਂ ਹੈ। ਮੰਨ ਲਵੋ ਕਿ ਜੇ ਇਹ ਵੀ ਆਖੀਏ ਕਿ ਇਹ ਧਾਰਨਾਵਾਂ ਨਿਰਪੇਖ ਨਹੀਂ ਹਨ ਸਗੋਂ ਸਾਪੇਖ ਹਨ ਤਾਂ ਅਰਥ ਦਾ ਕੇਂਦਰ ਕਿਸੇ ਹੋਰ ਵਿੱਚ ਵੀ ਨਹੀਂ ਹੈ। ਦੂਸਰੇ ਨੂੰ ਕੇਂਦਰ ਮੰਨਣ ਦਾ ਅਰਥ ਹੋਵੇਗਾ ਦੁਬਾਰਾ ਸ਼ਬਦਾਂ ਵਿੱਚ ਕੈਦ ਹੋਣਾ ਜਾਂ ਨਵੀਨ ਕੇਂਦਰ ਸਵੀਕਾਰ ਕਰਨਾ ਕਿਉਂਕਿ ਦੂਸਰਾ ਵੀ ਨਿਰਪੇਖ ਨਹੀਂ ਹੈ। ਮਿਸਾਲ ਵਜੋਂ ਜੇ ਚੇਤਨਾ ਦੇ ਕੇਂਦਰ ਨੂੰ ਇਹ ਆਖ ਕੇ ਖ਼ਤਮ ਕਰ ਦਿੱਤਾ ਜਾਵੇ ਕਿ ਅਵਚੇਤਨ ਦੀ ਵਿਨਾਸ਼ਕਾਰੀ ਸ਼ਕਤੀ ਮਨੁੱਖੀ ਸ਼ਖ਼ਸੀਅਤ ਵਿੱਚ ਅਵਗਿਆ ਕਰਨ ਵਾਲੇ ਪ੍ਰੇਰਕ ਦੇ ਰੂਪ ਵਿੱਚ ਗਤੀਸ਼ੀਲ ਰਹਿੰਦੀ ਹੈ, ਤਾਂ ਇਸਦਾ ਅਰਥ ਹੈ ਇਹ ਹੋਵੇਗਾ ਕਿ ਅਸੀਂ ਇੱਕ ਨਵੇਂ ਕੇਂਦਰ ਨੂੰ ਸਵੀਕਾਰ ਕਰ ਰਹੇ ਹਾਂ, ਕਿਉਂਕਿ ਧਾਰਨਾਵਾਂ ਦੇ ਜਿਸ ਪ੍ਰਬੰਧ ਨੂੰ ਅਸੀਂ ਵਿਸਥਾਪਿਤ ਕਰ ਰਹੇ ਹਾਂ ਉਸ ਨਾਲ ਅਸੀਂ ਚੋਣ ਨਹੀਂ ਕਰ ਸਕਦੇ ਸਗੋਂ ਇਸ ਵਿੱਚ ਸਾਨੂੰ ਖ਼ੁਦ ਪ੍ਰਵੇਸ਼ ਕਰਨਾ ਪਵੇਗਾ। ਵੱਧ ਤੋਂ ਵੱਧ ਅਸੀਂ ਇਹ ਕਰ ਸਕਦੇ ਹਾਂ ਕਿ ਦੋਹਾਂ ਕੰਢਿਆਂ ਵਿੱਚੋਂ ਕਿਸੇ ਇੱਕ ਨੂੰ ਕੇਂਦਰ ਜਾਂ ਹੋਂਦ ਦਾ ਆਸਰਾ ਬਣਾਉਣ ਦੀ ਇਜਾਜ਼ਤ ਦੇ ਦੇਈਏ।

Course in General Linguistics ਵਿੱਚ ਸੋਸਿਊਰ ਕਹਿੰਦਾ ਹੈ ਕਿ ਭਾਸ਼ਾ ਚਿਹਨਾਂ ਦੇ ਪ੍ਰਬੰਧ ਤੋਂ ਬਣੀ ਹੋਈ ਹੈ। ਉਹ ਭਾਸ਼ਾ ਉਚਾਰ sound ਨੂੰ signifier ਤੇ ਉਸ ਪਿਛਲੇ ਸੰਕਲਪ concept ਨੂੰ ਸਿਗਨੀਫਾਈਡ signified ਅਤੇ ਅਸਲ ਵਿੱਚ ਉਹ ਚੀਜ਼ ਜੋ ਕੁਝ ਹੈ ਉਸ ਨੂੰ referent ਕਹਿੰਦਾ ਹੈ। ਸੋਸਿਊਰ ਅਨੁਸਾਰ ਵਾਸਤਵਿਕ /ਠੋਸ ਉਚਾਰ tangible sound ਸਾਨੂੰ ਅਮੂਰਤ ਅਰਥ intangible meaning ਲਈ ਪਹੁੰਚ ਪ੍ਰਦਾਨ ਕਰਦਾ ਹੈ। ਉਸ ਅਨੁਸਾਰ ਆਵਾਜ਼ ਜਾਂ ਉਚਾਰ ਬਾਹਰੀ ਹੈ ਅਤੇ ਉਸ ਦਾ ਅਰਥ ਅੰਦਰੂਨੀ ਹੈ। ਸੋਸਿਊਰ ਘੋਸ਼ਣਾ ਕਰਦਾ ਹੈ ਕਿ ਭਾਸ਼ਾ ਸ਼ਬਦ ਦੇ ਅੰਦਰੂਨੀ ਅਰਥ ਅਤੇ ਬਾਹਰੀ ਉਚਾਰ ਵਿੱਚ ਇੱਕ ਕੁਦਰਤੀ ਬੰਧਨ ਹੈ ਉਸ ਦਾ ਤਰਕ ਹੈ ਕਿ ਭਾਸ਼ਾ ਉਚਾਰ /ਸਪੀਚ ਕਿਸੇ ਚੀਜ਼ ਦੇ ਅੰਦਰੂਨੀ ਅਰਥ ਨੂੰ ਦਰਸਾਉਣ ਅਤੇ writing ਲੇਖਨ, ਉਸ ਭਾਸ਼ਾ speech/ ਉਚਾਰ ਨੂੰ ਪ੍ਰਗਟਾਉਣ ਦਾ ਇੱਕ ਤਰੀਕਾ ਹੈ। ਇਵੇਂ ਜੋ ਉਚਾਰ ਅੰਦਰੂਨੀ ਅਰਥ ਦਾ ਚਿੰਨ੍ਹ ਹੈ ਤੇ ਲੇਖਣ ਉਸ ਉਚਾਰ speech ਦਾ ਚਿੰਨ੍ਹ ਹੈ।

ਦੈਰੀਦਾ ਦਾ ਕਹਿਣਾ ਹੈ ਕਿ ਆਪਣੀ ਲਿਖਤ ਵਿੱਚ ਸੋਸਿਊਰ ਖੁਦ ਮੰਨਦਾ ਹੈ ਕਿ ਚਿਨ੍ਹਾਂ ਦੇ ਸੰਕਲਪਾਂ ਸਿਗਨੀਫਾਈਡ ਅਤੇ ਉਚਾਰਾਂ signifier ਵਿੱਚ ਸਿਰਫ਼ ਸੰਜੋਗੀ ਸੰਬੰਧ ਹਨ। ਇਸੇ ਕਰਕੇ ਇੱਕ ਹੀ ਸੰਕਲਪ ਲਈ ਅਲੱਗ ਅਲੱਗ ਭਾਸ਼ਾਵਾਂ ਵਿੱਚ ਵੱਖਰੇ ਵੱਖਰੇ ਉਚਾਰ sound ਮਿਲਦੇ ਹਨ। ਇਸ ਕਰਕੇ ਜੇ ਉਚਾਰ ਦੇ ਨਜ਼ਰੀਏ ਤੋਂ ਦੇਖੀਏ ਤਾਂ ਕਿਸੇ ਖਾਸ ਸੰਕਲਪ/ ਕੰਸੈਪਟ ਲਈ ਉਹ ਆਪਣੀ ਪਛਾਣ ਉਸੇ ਵਿਸ਼ੇਸ਼ ਭਾਸ਼ਾ ਪ੍ਰਬੰਧ ਵਿੱਚ ਮਾਮੂਲੀ ਭਿੰਨਤਾ ਡਿਫਰੈਂਸ difference ਤੋਂ ਪ੍ਰਾਪਤ ਕਰਦਾ ਹੈ। ਜਿਵੇਂ ਅਸੀਂ ਪੰਜਾਬੀ ਦੇ ਵਿੱਚ ਘਰ, ਮਰ, ਸਰ, ਦਰ ਆਦਿ ਸ਼ਬਦ ਦੇਖ ਸਕਦੇ ਹਾਂ। ਇਸ ਪ੍ਰਕਾਰ ਭਾਸ਼ਾ ਵਿੱਚ ਲੇਖਣ ਵੀ ਭਿੰਨਤਾਵਾਂ ਦੀ ਖੇਡ ਹੈ ਅਤੇ ਬੋਲ ਵੀ ਭਿੰਨਤਾਵਾਂ ਦੀ ਖੇਡ (play of differerences) ਹੈ। ਇਸ ਵਿੱਚੋਂ ਹੀ ਲੇਖਣ ਦਾ ਅਣਹੋਂਦ ਰੂਪ non existent ਉਜਾਗਰ ਹੁੰਦਾ ਹੈ ਜਿਸ ਨੂੰ arche writing ਕਿਹਾ ਜਾਂਦਾ ਹੈ Arche writingਕੋਈ ਵਸਤੂ ਨਹੀਂ ਹੈ ਸਗੋਂ ਇਹ ਤਾਂ ਭਿੰਨਤਾਵਾਂ ਦੀ ਤੁਲਨਾ ਦੀ ਸ਼ੁੱਧ ਸੰਭਾਵਨਾ ਹੁੰਦੀ ਹੈ; ਭਾਵ ਭਿੰਨਤਾਵਾਂ ਦੀ ਖੇਡ ਨੂੰ ਸੰਭਵ ਬਣਾਉਂਦੀ ਹੈ। ਇਹ ਅਚਨਚੇਤੀ ਲਿਖਤ ਨਾ ਹੀ ਕੋਈ ਸੰਕਲਪ ਹੈ ਅਤੇ ਨਾ ਹੀ ਕੋਈ ਸ਼ਬਦ ਜਿਸ ਨੂੰ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ।

ਵਿਰਚਨਾਵਾਦ ਦੇ ਪੂਰਨ ਅਧਿਐਨ ਲਈ ਹੇਠ ਲਿਖੇ ਸੰਕਲਪਾਂ ਨੂੰ ਆਧਾਰ ਬਣਾਇਆ ਜਾ ਸਕਦਾ ਹੈ

Textuality: ਪਾਠਤਮਿਕਤਾ ਇਹ ਅਹਿਸਾਸ ਕਰਾਉਂਦੀ ਹੈ ਕਿ ਕਿਸੇ ਪਾਠ ਦੇ ਅਰਥ ਕਿਵੇਂ ਹਨ ; ਬਜਾਏ ਕਿ ਉਹ ਅਰਥ ਕੀ ਹਨ। ਇਹ ਅਨੁਭੂਤੀ ਕਿ ਇੱਕ ਪਾਠ ਟੈਕਸਟ ਚ ਸ਼ਬਦਾਂ words ਤੋਂ ਬਣਦਾ ਹੈ ਅਤੇ ਇਹ ਸ਼ਬਦ ਵੱਖ ਵੱਖ ਚੀਜ਼ਾਂ ਵਾਸਤੇ ਹੋ ਸਕਦੇ ਹਨ। ਕੋਈ ਸ਼ਬਦ ਵੱਖਰੇ ਅਰਥ ਰੱਖ ਸਕਦੇ ਹਨ ਅਤੇ ਪਾਠ ਦੇ ਅਰਥ ਸਥਾਪਿਤ ਨਹੀਂ ਹੋ ਸਕਦੇ ਪਰ ਇਹ ਹਮੇਸ਼ਾਂ ਅਤੇ ਹਰ ਜਗ੍ਹਾ ਪਾਠਤਮਿਕਤਾ ਦੀ ਖੇਡ play of textuality ਲਈ ਖੁੱਲ੍ਹੇ ਹੁੰਦੇ ਹਨ। ਪਾਠਤਮਿਕਤਾ ਦੀ ਇਹ ਖੇਡ ਹਰ ਜਗ੍ਹਾ ਅਤੇ ਹਮੇਸ਼ਾਂ ਅਰਥਾਂ ਦੇ ਉਪਜਾਊ ਮੰਨਣਯੋਗ ਅਤੇ ਫੁੱਟ ਜਾਂ ਖੁਲਾਸੇ ਲਈ ਅਤੇ ਅਰਥਾਂ ਦੇ ਇੱਕ ਝੁੰਡ ਸਮੂਹ ਵਾਂਗ ਚੱਲਣ ਅਤੇ ਪ੍ਰਸਾਰਣ ਦਾ ਖਿੰਡਾਓ ਲਈ ਜ਼ਿੰਮੇਵਾਰ ਹੁੰਦੀ ਹੈ। ਬੋਲਿਆ ਸ਼ਬਦ ਅਤੇ ਸੱਚ ਦੀ ਰੌਸ਼ਨੀ ਦਾ ਗਿਆਨ ਜਿਹੜਾ ਇਸ ਸ਼ਬਦ ਨੂੰ ਜਿਊਂਦਾ ਢਾਂਚਾ ਜਾਂ ਦੇਹ ਬਣਾਉਂਦਾ ਹੈ ਉਹ ਪਾਠਤਮਿਕਤਾ ਹੀ ਹੈ।

Dissemination: Dissemination ਨੂੰ ਦੈਰਿਦਾ ਨੇ ਦੋਹਾਂ ਅਰਥਾਂ ਭਾਵ ਬੀਜ ਬੀਜਣ/ ਸਥਾਪਿਤ ਕਰਨ ਅਤੇ ਪ੍ਰਸਾਰਣ/ ਖਿਡਾਉਣ ਦੇ ਅਰਥਾਂ ਵਿੱਚ ਵਰਤਿਆ ਹੈ। ਇਸ ਤਰ੍ਹਾਂ ਦੋਵੇਂ ਅਰਥ ਇਕ ਦੂਜੇ ਦੇ ਵਿਰੋਧੀ ਜਾਪਦੇ ਹਨ ਜਿਵੇਂ ਭਾਸ਼ਾ ਕਿਸੇ ਸ਼ਬਦ ਦੇ ਅਰਥ ਨੂੰ ਉਪਜਾਉਂਦੀ ਅਤੇ ਸਥਾਪਿਤ ਕਰਦੀ ਹੈ ਅਤੇ ਨਾਲ ਹੀ ਉਹ ਇਸ ਅਰਥ ਨੂੰ ਪ੍ਰਸਾਰਿਤ ਕਰਦੀ ਅਤੇ ਖਿਡਾਉਂਦੀ ਵੀ ਹੈ। ਇਵੇਂ ਅਰਥ ਦੇ ਕੇਂਦਰ ਦੀ ਗੈਰ ਹਾਜ਼ਰੀ ਅਤੇ ਵਿਸਥਾਪਨ ਦੀ ਖੇਡ ਹੀ ਅਰਥ ਦੀ ਭਿੰਨਤਾ ਅਤੇ ਉਸ ਨੂੰ ਅੱਗੇ ਪਾਉਣ ਲਈ ਜ਼ਿੰਮੇਵਾਰ ਬਣਦੀ ਹੈ। ਇਸ ਤਰ੍ਹਾਂ ਦੈਰਿਦਾ ਅਨੁਸਾਰ ਕਿਸੇ ਲਿਖੇ ਜਾਣ ਜਾਂ ਉਚਾਰੇ ਜਾਣ ਵਾਲੇ ਸ਼ਬਦ ਜਾਂ ਵਾਕ ਨੂੰ ਨਿਸਚਿਤ ਅਰਥ ਦੇਣ ਦਾ ਨਿਸ਼ਚੇ ਭਰਪੂਰ ਸਮਾਨਅਰਥੀ ਰੂਪ ਵਿੱਚ ਬਿਆਨ ਕਰਨ ਦਾ ਕੋਈ ਆਧਾਰ ਨਹੀਂ ਰਹਿ ਜਾਂਦਾ।

Pharmakon: ਦੈਰਿਦਾ ਨੇ ਅਗਲਾ ਸੰਵਾਦ ਪਲੈਟੋ ਅਤੇ ਸੁਕਰਾਤ ਨਾਲ ਰਚਾਇਆ ਹੈ ਉਹ ਦੋਵੇਂ ਪੱਛਮੀ ਵਿਚਾਰ ਪਰੰਪਰਾ ਦੇ ਮੂਲ ਮੰਨੇ ਜਾਂਦੇ ਹਨ ਪਲੈਟੋ ਨੇ writing ਲੇਖਨ ਨੂੰ Pharmakon ਕਿਹਾ ਹੈ .ਇਸ ਦੇ ਕਈ ਅਰਥ ਹਨ ਪਰ ਪਲੈਟੋ ਦੀ ਫਾਰਮੇਸੀ ਅਨੁਸਾਰ ਇੱਥੇ ਜ਼ਹਿਰ ਨਸ਼ਾ ਅਤੇ ਆਕਰਸ਼ਨ/ ਸਮੋਹਨ ਰਸ ਇਸ ਦੇ ਅਰਥ ਬਣਦੇ ਹਨ। ਇੱਥੇ ਸੁਕਰਾਤ ਇਸ ਨੂੰ speaking/writing ਦੀਆਂ ਦੁਵੱਲੀਆਂ ਵਿਰੋਧੀ ਧਿਰਾਂ ਵਜੋਂ ਲੈਂਦਾ ਹੈ ਅਤੇ ਸੁਕਰਾਤ ਰਿਟਨ ਸਪੀਚ ਨੂੰ Pharmakon ਸਮੋਹਨ ਰਸ/ ਮਾਇਆ ਜਾਲ ਅਤੇ ਖਤਰਨਾਕ ਨਸ਼ਾ ਦਵਾਈ ਕਹਿੰਦਾ ਹੈ। ਦੈਰੀਦਾ ਦਾ ਨੁਕਤਾ ਇਹ ਹੈ ਕਿ ਸੁਕਰਾਤ ਦੇ ਪਲੈਟੋ ਉਦਾਹਰਨ ਦੇ ਕੇ ਸਮਝਾਉਂਦੇ ਹਨ ਕਿ Pharmakon ਹੋਣ ਦਾ ਅਰਥ ਕਿਸੇ ਨਿਸਚਿਤ ਬਿੰਦੂ ਉੱਤੇ ਦ੍ਰਿੜ੍ਹਤਾ ਦੁਆਰਾ ਇਨ੍ਹਾਂ ਬਹੁਤੇ ਅਰਥਾਂ ਵਿੱਚੋਂ ਕਿਸੇ ਇੱਕ ਅਰਥ ਵਜੋਂ ਕਾਇਮ ਹੋਣਾ ਹੈ। ਇਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਦੇਰੀਦਾ ਲਿਟਰੇਚਰ ਅਤੇ ਫਿਲਾਸਫੀ ਕਲਪਨਾ ਅਤੇ ਸੱਚ ਵਿਚਕਾਰਲੀਆਂ ਦੋਵਲੀਆਂ ਵਿਰੋਧਤਾਵਾਂ ਨੂੰ ਵਿਖੰਡਿਤ ਕਰ ਰਿਹਾ ਹੈ। ਦੈਰੀਦਾ ਦਾ ਸੰਬੰਧ ਵਿਚਕਾਰਲੇ ਨਾਲ ਹੈ। ਉਹ ਵਿਚਕਾਰਲਾ ਜੋ ਲਿਟਰੇਚਰ ਅਤੇ ਫਿਲਾਸਫੀ ਵਿੱਚ ਹੈ।

HYMEN: Hymen ਤੋਂ ਭਾਵ ਹੈ ਪੜ੍ਹਦਾ ਜਾਂ ਝਿੱਲੀ ਜਿਸ ਨੂੰ ਹਮੇਸ਼ਾਂ ਦੂਸਰਾ (another either/ or ) ਜੋ ਹਮੇਸ਼ਾ ਆਖਰੀ (last either/or) ਦੇ ਵਿਚਕਾਰ ਹੁੰਦਾ ਹੈ ਵਜੋਂ ਵਰਤਿਆ ਜਾਂਦਾ ਹੈ। ਉਸ ਨੇ Hymen ਨੂੰ ਹੀਗਲ ਦੀ ਕਿਸੇ ਦਾਅਵੇ /ਸਥਾਪਨਾ thesis ਅਤੇ ਪ੍ਰਤੀ ਸਥਾਪਨਾ antithesis ਵਿਚਕਾਰ ਸਮਨਵੇਂ synthesis ਦੀ ਧਾਰਨਾ ਜਿਹੜੀ either/or ਤੂੰ ਪਰੇ / ਇਲਾਵਾ ਹੁੰਦੀ ਹੈ ਨੂੰ ਅਸਥਿਰ ਕਰਨ ਲਈ ਵਰਤਿਆ ਹੈ। ਸੋ ਦੈਰਿਦਾ ਅਨੁਸਾਰ ਸ਼ਬਦਾਂ ਦੇ ਵੱਖ ਵੱਖ ਅਰਥ ਹੋਣ ਸਬੰਧੀ ਇਹ ਅਨਿਸਚਿਤਤਾ undecidability ਅਸਲ ਵਿੱਚ hymenਦੇ ਵਧੇਰੇ ਅਰਥਾਂ ਕਾਰਨ ਨਹੀਂ ਹੈ ਸਗੋਂ ਇਹ either/or ਕਾਰਨ ਹੈ।

Spacing: ਦੇਰੀਦਾ ਕਹਿੰਦਾ ਹੈ ਕਿ ਵਿੱਥਾਂ spacing ਸ਼ਬਦ ਦੀਆਂ ਤਹਿਆਂ /ਪਰਤਾਂ ਵਿੱਚ ਨਾਚ ਕਰਦੀਆਂ ਹਨ ਅਤੇ ਉਹ ਕਾਬਜ਼ ਨਹੀਂ ਹੁੰਦੀਆਂ ਸਗੋਂ ਦੂਸਰੀਆਂ ਪਰਤਾਂ ਵਿਚਕਾਰ ਨਾਚ ਕਰਦੀਆਂ ਹਨ। ਸੋ ਤਹਿ (fold) , ਝਿੱਲੀ /ਪਰਦਾ (hymen) ਅਤੇ ਖਾਲੀਪਨ blank) ਅਤੇ ਵਿੱਥਾਂ spacing , ਇਹ ਸਭ ਚੀਜ਼ਾਂ ਜਾਂ ਵਿਸ਼ੇ ਨਹੀਂ ਹਨ ਪਰ ਕਵਿਤਾ ਵਿੱਚ ਅਰਥਾਂ ਦੀ ਪ੍ਰਕਿਰਿਆ ਹਮੇਸ਼ਾ ਤੈਅ ਦਰ ਤੈਅ ਹੁੰਦੀ ਹੈ। ਅਰਥ ਵਾਕ ਰਚਨਾ ਦੀ ਦ੍ਰਿਸ਼ਟੀ ਤੋਂ ਬਦਲਾਵਾਂ ਵਿਚਲੀਆਂ ਵਿੱਥਾਂ ਵਿੱਚੋ ਪੈਦਾ ਹੁੰਦੇ ਹਨ। ਭਾਵ ਕਿਸੇ ਸ਼ਬਦ ਦੇ ਅਰਥ ਦੁਬਾਰਾ ਫਿਰ ਉੱਭਰਦੇ ਹਨ ਜਦੋਂ ਅਸੀਂ ਇਨ੍ਹਾਂ ਨੂੰ ਵਾਕ ਰਚਨਾ ਅਨੁਸਾਰ ਕਿਰਿਆ ਨਾਮ ਆਦਿ ਰੂਪਾਂ ਵਿੱਚ ਇੱਕ ਦੂਜੇ ਦੀ ਥਾਂ ਵਰਤਦੇ ਹਾਂ ਇਸ ਕਰਕੇ ਸ਼ਬਦ ਦੇ ਅਰਥ ਕਦੀ ਵੀ ਪੂਰੀ ਤਰ੍ਹਾਂ ਹਾਜ਼ਰ ਨਹੀਂ ਹੁੰਦੇ ਹਨ।

ਦੋਅਰਥਤਾ (Ambiguity) ਅਤੇ ਪ੍ਰਸਾਰਨ/ ਖਿੰਡਾਓ (Dissamination): ਦੈਰਿਦਾ ਸਪੱਸ਼ਟ ਕਰਦਾ ਹੈ ਕਿ ਸ਼ਬਦ ਆਪਣੇ ਅਰਥ ਤੋਂ ਪਹਿਲਾਂ ਹੁੰਦਾ ਹੈ ਅਤੇ ਉਹ ਕਿਸੇ ਇੱਕ ਨਿਸਚਿਤ ਅਰਥ ਨਾਲ ਜੁੜਿਆ ਨਹੀਂ ਹੁੰਦਾ। ਜਿਵੇਂ ਕਿ ਸ਼ਬਦ ਪਾਈਨ (pine) ਜਾਂ ਤਾਂ ਤਾਂਘ longing ਅਤੇ ਜਾਂ ਦਰੱਖਤ treev ਭਾਵ ਚੀਲ ਦਿਆਰ ਆਦਿ ਹੋ ਸਕਦਾ ਹੈ।ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇੱਥੇ ਮਹਿਜ ਦੋ ਅਰਥਤਾ ਹੀ ਹੈ ਜੋ ਸ਼ਬਦ ਦੇ ਦੋ ਅਰਥਾਂ ਵਿੱਚ ਪਰਸਪਰ ਕਿਰਿਆ ਵਜੋਂ ਵਿਚਰਦੀ ਹੈ ਇਸੇ ਤਰ੍ਹਾਂ Dissamination ਜਾਂ ਪ੍ਰਸਾਰਨ ਇੱਕ ਗਤੀਸ਼ੀਲ ਚੀਜ਼ ਹੈ।

Difference or ( Difference): ਭਾਸ਼ਾ ਵਿੱਚ ਅਰਥਾਂ ਦੀ ਖੇਡ ਨੂੰ ਸਪੱਸ਼ਟ ਕਰਨ ਲਈ ਦੇਰੀਦਾ ਇੱਕ ਵਿਸ਼ੇਸ਼ ਸ਼ਬਦ ਤੋਂ ਕੰਮ ਲੈਂਦਾ ਹੈ difference ਜਿਸ ਨੂੰ ਉਹ ਫ਼ਾਂਰਸੀ ਸ਼ਬਦ difference ਦੇ ਦੋਹਾਂ ਅਰਥਾਂ ਅਰਥਾਤ difference ਭਿੰਨਤਾ ਅਤੇ deferment ਸਥਗਨ ਲਈ ਵਰਤਦਾ ਹੈ ਅਤੇ ਆਖਦਾ ਹੈ ਕਿ ਭਾਸ਼ਾ ਵਿੱਚ ਅਰਥ ਦਾ ਪ੍ਰਭਾਵ ਦੂਸਰੇ ਅਣਗਿਣਤ ਅਰਥਾਂ ਤੋਂ ਉਸ ਦੀ ਭਿੰਨਤਾ ਰਾਹੀਂ ਪੈਦਾ ਹੁੰਦਾ ਹੈ ਅਤੇ ਅਰਥਾਂ ਦਾ ਕਿਉਂਕਿ ਪੱਕਾ ਆਧਾਰ ਨਹੀਂ, ਉਸ ਦੇ ਨਿਸ਼ਚੇ ਆਤਮਿਕਤਾ ਸਥਗਨ ਵਿੱਚ ਰਹਿੰਦੀ ਹੈ, ਇੱਕ ਸਮਾਨ ਅਰਥਕ ਤੋਂ ਦੂਸਰੇ ਸਮਾਨ ਅਰਥਕ ਤੱਕ ਅਤੇ ਇਹ ਸਿਲਸਿਲਾ ਅੰਤਹੀਣ ਹੈ। ਦੇਰੀਦਾ ਇੱਕ ਹੋਰ ਸ਼ਬਦ ਦੀ ਵਰਤੋਂ ਕਰਦਾ ਹੈ dissemination ਜਿਸ ਦੇ ਦੋਹਾਂ ਅਰਥਾਂ ਦਾ ਉਹ ਫਾਇਦਾ ਉਠਾਉਂਦਾ ਹੈ ਤਾਂ ਬੀਜ/ਬੀਜਣਾ ਨਾਲ ਸਥਾਪਿਤ ਕਰਨਾ ਅਤੇ ਨਾਲ ਨਾਲ ਫੈਲਾਉਣਾ/ਖਿਡਾਉਣਾ। ਦੇਖਿਆ ਜਾਵੇ ਤਾਂ ਇਹ ਦੋਵੇਂ ਅਰਥ ਇੱਕ ਦੂਸਰੇ ਦੇ ਵਿਰੋਧੀ ਹਨ, ਅਰਥਾਤ ਭਾਸ਼ਾ ਅਰਥ ਦਾ ਬੀਜ ਬੀਜਦੀ ਹੈ, ਅਰਥ ਨੂੰ ਸਥਾਪਿਤ ਕਰਦੀ ਹੈ ਅਤੇ ਇਹ ਵੀ ਕਿ ਭਾਸ਼ਾ ਅਰਥ ਖਿੰਡਾਉਂਦੀ ਹੈ ਦੂਰ ਦੂਰ ਫੈਲਾਉਂਦੀ ਹੈ। ਭਾਵ ਇਹ ਕਿ ਅਰਥ ਦੀ ਭਿੰਨਤਾ ਅਤੇ ਉਸ ਨੂੰ ਅੱਗੇ ਪਾਉਣ ਦੀ ਖੇਡ ਨਿਰੰਤਰ ਜਾਰੀ ਰਹਿੰਦੀ ਹੈ। ਦੇਰੀਦਾ ਅਨੁਸਾਰ ਅਰਥ ਦੇ ਕੇਂਦਰ ਦੀ ਗ਼ੈਰਹਾਜ਼ਰੀ ਇਸ ਅਨੰਤ ਖੇਡ ਦੇ ਲਖਾਇਕ ਹੈ। ਅਤੇ ਕਿਸੇ ਲਿਖੇ ਜਾਣ ਵਾਲੇ ਵਾਕ ਜਾਂ ਉਚਾਰੇ ਜਾਣ ਵਾਲੇ ਸ਼ਬਦ ਨੂੰ ਨਿਰਧਾਰਤ ਕਰਨਾ ਅਰਥਾਤ ਨਿਸ਼ਚਿਤ ਅਰਥ ਦੇਣ ਨਿਸ਼ਚੇਆਤਮਕ ਰੂਪ ਨਾਲ ਸਮਾਨਾਰਥਕਾਂ ਵਿੱਚ ਬਿਆਨ ਕਰਨ ਦਾ ਕੋਈ ਦਾਰਸ਼ਨਿਕ ਆਧਾਰ ਨਹੀਂ ਹੈ।

Aporia: ਦੇਰੀਦਾ difference /Dissemination ਨੂੰ ਵਰਤਦਿਆਂ ਕਿਸੇ ਸ਼ਬਦ ਦੇ ਅਰਥ ਅਤੇ ਅਰਥ ਦੇ ਰੱਦ ਅਤੇ ਹੋਰ ਨਵੇਂ ਅਰਥ ਪੈਦਾ ਹੋਣ ਵਿਚਲੇ ਸਮੇਂ ਦਾ ਜ਼ਿਕਰ ਕਰਦਾ ਹੈ ਕਿ ਉਸ ਸਮੇਂ ਪਾਠ ਅੰਤਿਮ ਤੌਰ ਤੇ ਅਰਥਗਤ ਅੰਤਰ ਵਿਰੋਧ ਅਤੇ ਨਾ ਸੁਲਝਣ ਵਾਲੀ ਵਿਰੋਧਾਭਾਸ ਦਾ ਸ਼ਿਕਾਰ ਹੋ ਜਾਂਦਾ ਹੈ ਇਸ ਪੜਾਅ ਉੱਤੇ ਅਰਥ ਦੀ ਏਕਤਾ ਹਮੇਸ਼ਾਂ ਲਈ ਅਲੋਪ ਹੋ ਜਾਂਦੀ ਹੈ। ਨਵੇਂ ਅਰਥਾਂ ਦੀ ਅੰਤਹੀਣ

ਲੜੀ ਸਾਹਮਣੇ ਆਉਣ ਨਾਲ ਅਰਥ ਅਸਥਿਰਤਾ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਅਰਥਗਤ ਅਨਿਸਚਿਤਤਾ ਪੂਰਨ ਰੂਪ ਵਿੱਚ ਸਾਹਮਣੇ ਆ ਜਾਂਦੀ ਹੈ ਇਸੇ ਵਿਰੋਧਾਭਾਸ ਨੂੰ ਹੀ ਉਹ Aporia ਕਹਿੰਦਾ ਹੈ।

Trace (ਪੈੜਾਂ/ ਸੁਰਾਗ ): ਜਦੋਂ ਦੈਰਿਦਾ ਨੇ ਫਰਾਇਡ ਦੀਆਂ ਲਿਖਤਾਂ ਨਾਲ ਸੰਵਾਦ ਰਚਾਇਆ ਤਾਂ ਉਸ ਦਾ ਪੈੜਾਂ/ਦਾ ਸੰਕਲਪ ਉੱਭਰ ਕੇ ਸਾਹਮਣੇ ਆ ਗਿਆ। ਫਰਾਇਡ ਆਪਣੇ ਅਵਚੇਤਨ ਦੇ ਪ੍ਰਵਚਨ ਵਿੱਚ ਮੰਨਦਾ ਹੈ ਕਿ ਸ਼ਕਤੀਸ਼ਾਲੀ ਤ੍ਰਿਸ਼ਨਾ ਸਦਾ ਲਈ ਅਵਚੇਤਨ ਵਿੱਚ ਉੱਕਰੀ ਜਾਂਦੀ ਹੈ ਅਤੇ ਇਹ ਕਿਸੇ ਵੀ ਸਥਿਤੀ ਵਿੱਚ ਕਿਰਿਆਸ਼ੀਲ ਹੋ ਸਕਦੀ ਹੈ। ਇਹ ਕਾਮਨਾ ਪੈਰ ਚਿੰਨ੍ਹ/ ਸੁਰਾਗ ਬਣ ਕੇ ਸਵੇ ਦੇ ਅਮਲ ਸੋਚ ਅਤੇ ਭਾਸ਼ਾ ਆਦਿ ਉੱਤੇ ਅਸਰਅੰਦਾਜ਼ ਕਰਦੀ ਹੈ। ਇਸ ਤਰ੍ਹਾਂ difference ਭਾਵ ਭਿੰਨਤਾ ਅਤੇ ਸਥਗਨ ਰਾਹੀਂ ਜੋ ਭਾਸ਼ਾ ਹੋਂਦ ਵਿੱਚ ਆਉਂਦੀ ਹੈ; ਉਸ ਵਿੱਚ ਟਰੇਸ ਹਮੇਸ਼ਾਂ ਸ਼ਾਮਿਲ ਹੁੰਦੀ ਹੈ ;ਜੋ ਭੂਤ ਅਤੇ ਭਵਿੱਖ ਦੋਵਾਂ ਨਾਲ ਹੀ ਸੰਬੰਧਿਤ ਹੁੰਦੀ ਹੈ ਅਤੇ ਵਰਤਮਾਨ ਵਿੱਚ ਜੋ ਰਚਿਆ ਜਾਂਦਾ ਹੈ ਉਹ ਟਰੇਸ ਕਾਰਨ ਹਮੇਸ਼ਾਂ ਪਰਿਵਰਤਿਤ ਹੁੰਦਾ ਰਹਿੰਦਾ ਹੈ।

ਦੈਰਿਦਾ ਦੇ ਇਸ ਸੰਵਾਦ ਤੋਂ ਸਪਸ਼ਟ ਹੁੰਦਾ ਹੈ ਕਿ ਉਸ ਨੇ ਭਾਸ਼ਾ ਦਾ ਫਿਲਾਸਫ਼ੀ, ਸਾਹਿਤ ਮਨੋਵਿਗਿਆਨ ਆਦਿ ਨਾਲ ਸੰਵਾਦ ਰਚਾ ਕੇ ਭਾਸ਼ਾ ਦੀਆਂ ਕਮਜ਼ੋਰੀਆਂ, ਸੀਮਾਵਾਂ, ਸੰਭਾਵਨਾਵਾਂ ਅਤੇ ਗੁਣਾਂ ਨੂੰ ਬਾਖੂਬੀ ਉਭਾਰਿਆ ਹੈ। ਦੈਰਿਦਾ ਨੇ ਭਾਸ਼ਾ ਬਾਰੇ ਸੋਸਿਊਰ ਨਾਲ ਸੰਵਾਦ ਰਚਾਉਂਦਿਆਂ ਜੋ ਬੁਨਿਆਦੀ ਸਵਾਲ ਉਠਾਇਆ ਹੈ ਉਹ ਇਹ ਹੈ ਕਿ ਸੋਸਿਊਰ ਅਨੁਸਾਰ ਜੋ ਭਾਸ਼ਾ ਚਿਹਨ ਦੋ ਚੀਜ਼ਾਂ ਭਾਵ ਭਾਸ਼ਾ ਉਚਾਰ ਅਤੇ ਸੰਕਲਪ ਤੋਂ ਮਿਲ ਕੇ ਬਣਦਾ ਹੈ ।ਪਰ ਦੈਰਿਦਾ ਨੇ ਭਾਸ਼ਾਈ ਚਿਹਨ ਦੀ ਬਹੁਅਰਥਤਾ ਨੂੰ ਸਿੱਧ ਕਰਦਿਆਂ ਕਿਹਾ ਹੈ ਕਿ ਜੇ ਭਾਸ਼ਾਈ ਚਿੰਨ੍ਹ ਹੀ ਇੱਕ ਬੋਲ ਅਤੇ ਇੱਕ ਸੰਕਲਪ ਦੇ ਪ੍ਰਗਟਾਵੇ ਨਾਲੋਂ ਵਧੇਰੇ ਅਰਥ ਦਿੰਦਾ ਹੈ ਤਾਂ ਇਹ ਭਾਸ਼ਾਈ ਸੰਕਲਪ signified ਦਾ ਖਿੰਡਾਓ ਜਾਂ ਪ੍ਰਸਾਰਨ dissamination ਹੈ। ਇਸ ਤਰ੍ਹਾਂ ਚਿੰਨ੍ਹ ਦੀ ਦੋ ਅਰਥਤਾ ਜਾਂ ਬਹੁਅਰਥਤਾ Ambiguity ਚਿਹਨ ਅਤੇ ਸੰਕਲਪ ਦੋਵਾਂ ਦੇ ਖਿੰਡਾਓ ਦਾ ਕਾਰਨ ਬਣਦੀ ਹੈ। ਇਸ ਪ੍ਰਕਾਰ ਸੋਸਿਊਰ ਦੀ ਇਹ ਧਾਰਨਾ ਕਿ ਇੱਕ ਵਿਚਾਰ ਸੰਕਲਪ ਲਈ ਇੱਕੋ ਹੀ ਚਿੰਨ੍ਹ ਦੇ ਨਿਸ਼ਚਿਤ ਹੋਣ ਤੇ ਬੁਨਿਆਦੀ ਸਵਾਲ ਖੜ੍ਹੇ ਹੋ ਜਾਂਦੇ ਹਨ। ਦੈਰਿਦਾ ਨੇ ਸੋਸਿਊਰ ਦੁਆਰਾ ਦਰਸਾਈ ਤੱਥ ਦੀ ਇਸ ਕੇਂਦਰਤਾਂ/ ਏਕਤਾ ਨੂੰ ਤੋੜਿਆ ਹੈ। ਪਰ ਇੱਥੇ ਸਵਾਲ ਇਹ ਵੀ ਖੜ੍ਹਾ ਹੋ ਜਾਂਦਾ ਹੈ ਕਿ ਇਸ ਅਰਥ ਦੀ ਏਕਤਾ ਦੇ ਟੁੱਟਣ ਅਤੇ ਅਰਥ ਦਾ ਆਪਣੇ ਕੇਂਦਰ ਤੋਂ ਵਿਸਥਾਪਨ , ਅਰਥਅਨਿਸਚਤਾ ਦੀ ਇੱਕ ਅੰਤਹੀਣ ਲੜੀ ਨੂੰ ਉਭਾਰਦਾ ਹੈ। ਇਸ ਪ੍ਰਕਾਰ ਤਾਂ ਸ਼ਬਦ ਦੇ ਅਰਥ ਅਤੇ ਸਮੁੱਚੀ ਭਾਸ਼ਾ ਦੀ ਅਰਾਜਕਤਾ ਦੀ ਸਥਿਤੀ ਨੂੰ ਪਹੁੰਚਣਾ ਸੰਭਵ ਦਿਖਾਈ ਦਿੰਦਾ ਹੈ ।ਪਰ ਅਸੀਂ ਜਾਣਦੇ ਹਾਂ ਕਿ ਕੀ ਇਸ ਪ੍ਰਕਾਰ ਤਾਂ ਕੋਈ ਸਾਰਥਿਕ ਸੰਚਾਰ ਹੀ ਸੰਭਵ ਨਹੀਂ ਹੋ ਸਕਦਾ ।ਇਹ ਜਾਣਦਿਆਂ ਹੋਇਆਂ ਇਸ ਸਾਰੀ ਘੁੰਮਣ ਘੇਰੀ ਵਿੱਚੋਂ ਬਾਹਰ ਆਉਣ ਦੀ ਕੋਸ਼ਿਸ਼ ਕਰਦਿਆਂ ਦੇਰੀਦਾ ਵੀ ਆਖਰ ਭਾਸ਼ਾ ਦੀ ਸ਼ਬਦ ਕੇਂਦਰਤਾ ਨੂੰ ਕੁਝ ਹੱਦ ਤੱਕ ਪ੍ਰਵਾਨ ਕਰ ਲੈਂਦਾ ਹੈ।

ਆਪਣੇ ਆਲੇਖ signature event context ਵਿੱਚ ਦੇਰੀਦਾ ਨੇ ਲੇਖਕ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੱਸੀਆਂ ਹਨ:

1.ਲਿਖਤ ਚਿਹਨ ਅੱਖਰ ਹੈ ਜਿਹੜਾ ਨਾ ਸਿਰਫ਼ ਸੰਬੋਧਨ ਕਰਤਾ ਦੀ ਗੈਰ ਹਾਜ਼ਰੀ ਅਤੇ ਉਸ ਵਿਸ਼ੇਸ਼ ਪਰਿਪੇਖ ਦੀ ਗ਼ੈਰ ਹਾਜ਼ਰੀ ਵਿੱਚ ਦੁਹਰਾਇਆ ਜਾ ਸਕਦਾ ਹੈ, ਜਿਸ ਵਿੱਚ ਉਸ ਨੂੰ ਲਿਖਿਆ ਗਿਆ ਸੀ, ਅਤੇ ਜਿਸ ਲਈ ਉਸ ਨੂੰ ਲਿਖਿਆ ਗਿਆ ਸੀ।

2.ਲਿਖਤ ਚਿਹਨ ਆਪਣੇ ਮੂਲ ਪਰਿਪੇਖ ਦੀ ਸੀਮਾ ਨੂੰ ਤੋੜ ਸਕਦਾ ਹੈ ਅਤੇ ਉਸ ਨੂੰ ਵੱਖਰੇ ਪਰਿਪੇਖ ਵਿੱਚ ਪੜ੍ਹਿਆ ਜਾ ਸਕਦਾ ਹੈ, ਇਸ ਗਲੋਂ ਨਿਰਪੇਖ ਕੀ ਰਚਨਾਕਾਰ ਦਾ ਮਨੋਰਥ ਕੀ ਸੀ। ਚਿਹਨ ਦੀ ਕੋਈ ਵੀ ਲੜੀ ਕਿਸੇ ਵੀ ਪ੍ਰਵਚਨ ਵਿੱਚ ਪਰੋਈ ਜਾ ਸਕਦੀ ਹੈ।

3.ਲਿਖਤ ਚਿਹਨ ਵਿਸ਼ੇਸ਼ ਪ੍ਰਕਾਰ ਦੇ ਅੰਤਰਾਲ ਦੇ ਅਧੀਨ ਹੈ ਆਧਾਰਤ ਸ਼ਬਦਾਂ ਅਤੇ ਵਾਕਾਂ ਵਿਚਲੀਆਂ ਵਿੱਥਾਂ ਦੇ ਨੇਮ ਨਿਸ਼ਚਿਤ ਹਨ।ਸ਼ਬਦਾਂ ਅਤੇ ਵਾਕਾਂ ਵਿਚਕਾਰ ਵਿੱਥ ਜ਼ਰੂਰੀ ਹੈ। ਅਤੇ ਇਹ ਵੀ ਕਿ ਲੇਖਕ ਆਪਣੇ ਸੰਦਰਭ ਤੋਂ ਵੀ ਡੋਰੀ ਰੱਖਦਾ ਹੈ, ਯਾਨੀ ਜਿਸ ਚੀਜ਼ ਦਾ ਉਲੇਖ ਹੁੰਦਾ ਹੈ ਉਹ ਅਸਲ ਵਿੱਚ ਲੇਖਨ ਵਿੱਚ ਨਹੀਂ ਹੁੰਦੀ।

ਲਿਖਤ ਦੀਆਂ ਇਹ ਇਹ ਵਿਸ਼ੇਸ਼ਤਾਵਾਂ ਹਨ ਜਿਹੜੀਆਂ ਲੇਖਨ ਨੂੰ ਉਚਾਰ ਨਾਲੋਂ ਵੱਖ ਕਰਦੀਆਂ ਹਨ। ਅੱਗੇ ਚੱਲ ਕੇ ਦੇਰੀਦਾ ਇਸੇ ਹਕੀਕਤ ਨੂੰ ਦੂਸਰੇ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ ਤੇ ਆਖਦਾ ਹੈ ਕਿ ਲੇਖਨ ਦਾ ਪ੍ਰਮਾਣ ਸੰਪੂਰਨ ਨਹੀਂ, ਹੈ ਕਿਉਂਕਿ ਜੇ ਲੇਖਨ ਨੂੰ ਆਪਣੇ ਪਰਿਪੇਖ ਤੋਂ ਵੱਖ ਕਰ ਕੇ ਦੋਹਰਾਇਆ ਜਾ ਸਕਦਾ ਹੈ ਤਾਂ ਉਹ ਪ੍ਰਤਿਭਾ ਰੱਖਣ ਵਾਲਾ ਕਿਵੇਂ ਹੋ ਸਕਦਾ ਹੈ। ਇਸ ਤਰ੍ਹਾਂ ਦੇਰੀਦਾ ਇਹ ਸ਼੍ਰੇਣੀ ਵੱਧ ਦਰਜੇਬੰਦੀ ਨੂੰ ਉਲਟਾਉਣਾ ਸ਼ੁਰੂ ਕਰ ਦਿੰਦਾ ਹੈ। ਉਹ ਸਪੱਸ਼ਟ ਕਰਦਾ ਹੈ ਕਿ ਜਦੋਂ ਅਸੀਂ ਭਾਸ਼ਾਈ ਚਿੰਨ੍ਹਾਂ ਦਾ ਬੋਧ ਕਰਦੇ ਹਾਂ ਤਾਂ ਸਾਨੂੰ ਸਥਿਰ ਤੇ ਅਖੰਡ ਰੂਪਾਂ ਉੱਪਰ ਭਰੋਸਾ ਕਰਨਾ ਪੈਂਦਾ ਹੈ। ਇਨ੍ਹਾਂ ਰੂਪਾਂ ਨੂੰ ਦਿਖਾਇਆ ਜਾ ਸਕਦਾ ਹੈ। ਹੁਣ ਤੱਕ ਅਸੀਂ ਇਹ ਸਮਝਿਆ ਹੋਇਆ ਸੀ ਕਿ ਦੁਹਰਾਓ ਸਿਰਫ ਲੇਖਨ ਦੀ ਵਿਸ਼ੇਸ਼ਤਾ ਹੈ। ਭਾਵ ਇਹ ਕਿ ਤਰਕ ਦੀ ਦ੍ਰਿਸ਼ਟੀ ਤੋਂ ਅਸੀਂ ਇਸ ਨਤੀਜੇ ਉੱਤੇ ਅਪੜਦੇ ਹਾਂ ਕਿ ਬੋਲ ਜਾਂ ਉਚਾਰ ਲੇਖ ਲੇਖਨ ਦੀ ਹੀ ਇੱਕ ਕਿਸਮ ਹੈ ਅਤੇ ਇਉਂ ਬੋਲ/ਲੇਖਣ ਦੀ ਸ਼੍ਰੇਣੀ ਵੰਡ ਦਰਜੇਬੰਦੀ ਆਪਣੀ ਪੂਰਵ ਨਿਸਚਿਤ ਅਰਥਗਤ ਹੈਸੀਅਤ ਤੋਂ ਵਿਸਥਾਪਿਤ ਹੋ ਜਾਂਦੀ ਹੈ।

ਇਸ ਗੱਲ ਨੂੰ ਸਪੱਸ਼ਟ ਕਰਦਿਆਂ ਡਾਕਟਰ ਗੋਪੀ ਚੰਦ ਨਾਰੰਗ ਦੈਰੀਦਾ ਦੇ ਹਵਾਲੇ ਨਾਲ ਲਿਖਦਾ ਹੈ -

'ਭਾਸ਼ਾ ਦੀ 'ਸ਼ਬਦ ਕੇਂਦ੍ਰਤਾ' ਤੋਂ ਮੁਕਤੀ ਸੰਭਵ ਨਹੀਂ ਹੈ। ਇਹ ਅੰਤਰ ਵਿਰੋਧਾਂ ਨਾਲ ਭਰੀ ਹੋਈ ਹੈ। ਹਰ ਇਕ ਪਾਠ ਆਪਣੇ ਆਪ ਨੂੰ ਵਿਸਥਾਪਿਤ ਕਰਨ ਦੀ ਸੰਭਾਵਨਾ ਰੱਖਦਾ ਹੈ ਅਤੇ ਵਿਰਚਨਾਵਾਦੀ ਅਧਿਐਨ ਉਨ੍ਹਾਂ ਅੰਤਰ ਵਿਰੋਧਾਂ ਜਾਂ ਅਰਥ ਦੀ ਅਨਿਸ਼ਚਿਤਤਾ ਨੂੰ ਉਘਾੜਦਾ ਹੈ। ਦੇਰੀਦਾ ਬਹਿਰਹਾਲ ਇਹ ਮੰਨਦਾ ਹੈ ਕਿ ਖ਼ੁਦ ਉਸਦੇ ਵਿਰਚਨਾਵਾਦੀ ਅਧਿਐਨ ਵੀ ਕਿਉਂਕਿ ਭਾਸ਼ਾ ਦਾ ਸਹਾਰਾ ਲੈਂਦੇ ਹਨ ਅਤੇ ਭਾਸ਼ਾ ਸ਼ਬਦ ਕੇਂਦ੍ਰਤਾ ਤੋਂ ਬੱਚ ਨਹੀਂ ਸਕਦੀ, ਇਸ ਲਈ ਉਸਦੇ ਵਿਸ਼ਲੇਸ਼ਣ ਜਿਵੇਂ ਦੂਸਰੇ ਪਾਠਾਂ ਨੂੰ ਵਿਰਚਿਤ ਕਰਦੇ ਹਨ ਉਵੇਂ ਹੀ ਖ਼ੁਦ ਦੀ ਵੀ ਵਿਰਚਨਾ ਕਰ ਸਕਦੇ ਹਨ। ਦੇਰੀਦਾ ਦਾ ਇਹ ਦਾਵਾ ਹੈ ਕਿ ਵਿਰਚਨਾਵਾਦ ਸਬਦ ਨੂੰ ਤਹਿਸ-ਨਹਿਸ ਨਹੀਂ ਕਰਦਾ ਕੇਵਲ ਅਰਥ ਦੀ ਕੇਂਦਰ ਹੀਣਤਾ ਨੂੰ ਪ੍ਰਗਟ ਕਰਦਾ ਹੈ ਪਰ ਵਾਸਤਵ ਵਿਚ ਦੇਰੀਦਾ ਦੇ ਬੁਨਿਆਦੀ ਚਿੰਤਨ ਨੇ ਅਰਥ ਦੀ ਅਨਿਸ਼ਚਿਤਤਾ ਜਾਂ ਸ਼ੰਕਾ ਦਾ ਜਿਹੜਾ ਰਾਹ ਖੋਲ੍ਹ ਦਿੱਤਾ ਹੈ, ਦਰਸ਼ਨ ਅਤੇ ਸਾਹਿਤ ਵਿਚ ਹੁਣ ਉਸਨੂੰ ਬੰਦ ਕਰਨਾ ਏਨਾ ਆਸਾਨ ਨਹੀਂ ਰਿਹਾ।

## ਸਾਰ-ਅੰਸ਼:

ਵਿਰਚਨਾਵਾਦ,ਸੰਰਚਨਾਵਾਦ ਉੱਤੇ ਇਸ ਲਈ ਵਾਰ ਕਰਦਾ ਹੈ ਕਿ ਸੰਰਚਨਾਵਾਦ ਜਿਹੜਾ ਖ਼ੁਦ ਇੱਕ ਵਿਦਰੋਹੀ ਸੋਚ ਦਾ ਰੁਝਾਣ ਹੈ,ਅਸਲ ਵਿੱਚ ਉਨ੍ਹਾਂ ਸੱਚਾਈਆਂ ਅਤੇ ਅੰਤਰ ਦ੍ਰਿਸ਼ਟੀਆਂ ਨੂੰ ਗੁਲਾਮ ਬਣਾ ਕੇ ਉਨ੍ਹਾਂ ਨੂੰ ਸੋਧਣ ਵੱਲ ਰੁਚਿਤ ਹੋ ਗਿਆ ਜਿਨ੍ਹਾਂ ਤੱਕ ਉਹ ਖ਼ੁਦ ਪਰੰਪਰਾ ਨੂੰ ਵਿਸਥਾਪਿਤ ਕਰਨ ਵੱਲ ਪਹੁੰਚਿਆ ਸੀ। ਵਿਦਰੋਹ ਜਦੋਂ ਆਪਣੀਆਂ ਸੰਭਾਵਨਾਵਾਂ ਨੂੰ ਬੰਦ ਕਰ ਦਿੰਦਾ ਹੈ ਤਾਂ ਰੂੜੀ ਬਣ ਜਾਂਦਾ ਹੈ। ਦੈਰੀਦਾ ਨੇ ਆਪਣੀਆਂ ਅਨੇਕਾਂ ਰਚਨਾਵਾਂ ਵਿੱਚ ਸੰਰਚਨਾ ਦੀ ਧਾਰਨਾ ਨੂੰ ਸੀਮਤ ਕਰਨ ਦੇ ਵਿਰੁੱਧ ਇਸ ਲਈ ਆਵਾਜ਼ ਉਠਾਈ ਹੈ ਕਿ ਉਸ ਨਾਲ ਪਾਠ ਵਿੱਚ ਅਰਥ ਉਤਪਾਦਨ ਦੀ ਪ੍ਰਕਿਰਿਆ ਨੂੰ ਸਥਿਰ ਕਰਨ ਅਤੇ ਉਸ ਨੂੰ ਖਾਸ ਸੀਮਾਵਾਂ ਵਿੱਚ ਬੰਨ੍ਹ ਕੇ ਸੂਤਰਬੱਧ ਕਰਨ ਦਾ ਯਤਨ ਕੀਤਾ ਜਾ ਰਿਹਾ ਸੀ। ਵਿਰਚਨਾਵਾਦ ਆਪਣੀ ਬੌਧਿਕ ਪ੍ਰਵਿਰਤੀ ਦੀ ਦ੍ਰਿਸ਼ਟੀ ਤੋਂ ਉੱਤਰ ਸੰਰਚਨਾਵਾਦੀ ਇਸ ਲਈ ਹੈ ਕਿ ਉਹ ਸੰਰਚਨਾ ਨੂੰ ਉਸ ਦੇ ਪੂਰਵ ਨਿਸ਼ਚਿਤ ਅਰਥ ਵਿੱਚ ਗ੍ਰਹਿਣ ਨਹੀਂ ਕਰਦਾ। ਫਿਰ ਇਹ ਵੀ ਕਿ ਵਿਰਚਨਾਵਾਦ ਇਸ ਸੰਰਚਨਾਵਾਦੀ ਪੂਰਵ ਕਲਪਨਾ ਬਾਰੇ ਵੀ ਕਿੰਤੂ ਕਰਦਾ ਹੈ ਕਿ ਅਰਥ ਦੀਆਂ ਸੰਰਚਨਾਵਾਂ ਮਨੁੱਖੀ ਮਨ ਦੇ ਅੰਦਰਲੇ ਢਾਂਚੇ ਨਾਲ ਇੱਕਸੁਰਤਾ ਰੱਖਦੀਆਂ ਹਨ। ਦੈਰੀਦਾ ਨੇ ਸਸਿਊਰ ਅਤੇ ਲੇਵੀ ਸਤ੍ਰਾਸ ਦੇ ਜਿਹੜੇ ਵਿਵੇਚਨ ਪੇਸ਼ ਕੀਤੇ ਹਨ ਉਨ੍ਹਾਂ ਤੋਂ ਸਾਫ ਜ਼ਾਹਰ ਹੈ ਕਿ ਉਹ ਸੋਸਿਊਰ ਅਤੇ ਲੈਵੀ ਸਤ੍ਰਾਸ ਨੂੰ ਪੂਰੀ ਤਰ੍ਹਾਂ ਰੱਦ ਤਾਂ ਨਹੀਂ ਕਰ ਰਿਹਾ, ਪਰ ਉਨ੍ਹਾਂ ਦੇ ਪਾਠ ਵਿੱਚ ਜਿਹੜੇ ਅੰਦਰਲੇ ਅਰਥਗਤ ਅੰਤਰ ਵਿਰੋਧ ਹਨ ਅਤੇ ਅਨਿਸ਼ਚਿਤਤਾ ਹੈ ਉਨ੍ਹਾਂ ਨੂੰ ਦੈਰੀਦਾ ਆਪਣੀ ਸੂਖਮ ਪੜ੍ਹਤ ਰਾਹੀਂ ਉਘਾੜ ਦਿੰਦਾ ਹੈ ਤੇ ਸਵੀਕਾਰ ਕਰਦਾ ਹੈ ਕਿ ਭਾਸ਼ਾ ਉੱਤੇ ਤਾਂ ਵੱਸ ਨਹੀਂ ਪਰ ਪੜ੍ਹਤ ਉੱਤੇ ਤਾਂ ਵੱਸ ਹੈ ਅਤੇ ਉਹ ਪਾਠ ਨੂੰ 'ਬੰਦਪਾਠ' ਦੇ ਰੂਪ ਵਿਚ ਪੜ੍ਹਨ ਦੇ ਖਿਲਾਫ਼ ਹੈ। ਦੇਰੀਦਾ ਦਾ ਮੰਨਨਾ ਹੈ ਕਿ ਪਾਠ ਦੀ ਪੜ੍ਹਤ ਦੇ ਦੌਰਾਨ ਅਰਥ ਦੇ ਸਾਰੇ ਕੋਨੇ ਖੁਲ੍ਹੇ ਰਹਿਣੇ ਜ਼ਰੂਰੀ ਹਨ।

## ਮੁੱਖ ਕੇਂਦਰੀ ਸ਼ਬਦ:

ਵਿਰਚਨਾਵਾਦ---ਪ੍ਰਤੀਸਿਰਜਨਾਵਾਦ

ਵਿਸ਼ਲੇਸ਼ਣ ---ਮੁਲਾਂਕਨ

ਅਨਿਸ਼ਚਿਤਤਾ ---ਅਸਥਿਰਤਾ

ਸਥਗਨ ---ਅੱਗੇ ਪਾਉਣਾ

ਰੈਡੀਕਲ -----ਜਮਾਂਦਰੂ/ਬੁਨਿਆਦੀ

ਸਵੈ-ਮੁਲਾਂਕਣ:

1. ਵਿਰਚਨਾਵਾਦੀ ਦਾ ਪ੍ਰਚਲਨ ਸਭ ਤੋਂ ਪਹਿਲਾਂ ਕਿਹੜੇ ਦੇਸ਼ ਵਿਚ ਹੋਇਆ:

ੳ. ਫਰਾਂਸ

ਅ.ਅਮਰੀਕਾ

ੲ. ਇੰਗਲੈਂਡ

ਸ. ਰੂਸ

2. ਯੱਕ ਦੇਰੀਦਾ ਦਾ ਜਨਮ ਹੋਇਆ:

ੳ. 1920

ਅ. 1930

ੲ. 1940

ਸ. 1950

3. deferment ਦਾ ਸਿਧਾਂਤ ਕਿਸ ਦੀ ਦੇਣ ਹੈ:

ੳ. ਸੋਸਿਉਰ

ਅ. ਰੋਲਾਂ ਬਾਰਥ

ੲ. ਮਿਸ਼ੈਲ ਫੁਕੋ

ਸ. ਦੈਰੀਦਾ

4. ਵਿਰਚਨਾਵਾਦ ਦੇ ਪ੍ਰਚਲਨ ਵਿਚ ਸੱਭ ਤੋਂ ਵੱਧ ਕਿਸ ਗਰੁਪ ਦਾ ਯੋਗਦਾਨ ਹੈ

ੳ.  ਜੈਟਕੁਐਲ ਗਰੁੱਪ

ਅ.  ਮੇਟਕੁਐਲ ਗਰੁੱਪ

ੲ.  ਹੈਟਕੁਐਲ ਗਰੁੱਪ

ਸ.  ਟੈਲਕੁਐਲ ਗੁਰੱਪ

5. ਵਿਰਚਨਾਵਾਦ ਨੂੰ ਦਾਰਸ਼ਨਿਕ ਰੂਪ ਵਿੱਚ ਸਥਾਪਤ ਕੀਤਾ:

ੳ. ਸੋਸਿਉਰ

ਅ. ਰੋਲਾਂ ਬਾਰਥ

ੲ. ਦੈਰੀਦਾ

ਸ. ਮਿਸ਼ੈਲ ਫੁਕੋ

**6.** ਦੈਰੀਦਾ ਨੇ  writing ਲੇਖਨ ਨੂੰ Pharmakon ਕਿਹਾ ਹੈ- ਇਹ ਕਥਨ ਹੈ:

ੳ. ਸਹੀ

ਅ. ਗਲਤ

7. ਦੈਰੀਦਾ ਅਨੁਸਾਰ ਪਾਠ ਟੈਕਸਟ ਚ ਸ਼ਬਦਾਂ words ਤੋਂ ਬਣਦਾ ਹੈ ਅਤੇ ਇਹ ਸ਼ਬਦ ਵੱਖ ਵੱਖ ਚੀਜ਼ਾਂ ਵਾਸਤੇ  ਹੋ ਸਕਦੇ ਹਨ। ਕੋਈ ਸ਼ਬਦ ਵੱਖਰੇ ਅਰਥ ਰੱਖ ਸਕਦੇ ਹਨ ਅਤੇ ਪਾਠ ਦੇ ਅਰਥ ਸਥਾਪਿਤ ਨਹੀਂ ਹੋ ਸਕਦੇ ਇਹ ਕਥਨ ਹੈ:

ੳ. ਸਹੀ

ਅ. ਗਲਤ

8. ਦੈਰੀਦਾ ਅਨੁਸਾਰ ਪਾਠਤਮਿਕਤਾ ਇਹ ਅਹਿਸਾਸ ਕਰਾਉਂਦੀ ਹੈ ਕਿ ਕਿਸੇ ਪਾਠ ਦੇ ਅਰਥ ਕਿਵੇਂ ਹਨ ; ਬਜਾਏ ਕਿ ਉਹ ਅਰਥ ਕੀ ਹਨ। ਇਹ ਕਥਨ ਹੈ:

ੳ. ਸਹੀ

ਅ. ਗਲਤ

9. ਹੇਠ ਲਿਖਿਆਂ ਵਿਚੋਂ ਕਿਹੜੀ ਪੁਸਤਕ ਦੈਰੀਦਾ ਦੀ ਨਹੀ ਹੈ:

ੳ. Speech and phenomena

ਅ. Of grammatology

ੲ. Elements of Semiology

ਸ. Writing and difference

10. ਵਿਰਚਨਾਵਾਦ ਦੀ ਵਿਆਖਿਆ ਲਈ ਦੈਰੀਦਾ ਨੇ ਕਿਹੜਾ ਸੰਕਲਪ ਨਹੀਂ ਵਰਤਿਆ:

ੳ. ਵਿਥਾਂ Spacing

ਅ. ਦੋਅਰਥਤਾ Ambiguity

ੲ. ਪ੍ਰਸਾਰਨ/ ਖਿੰਡਾਓ Dissamination

ਸ. ਸ਼ਕਤੀ Power

11. ਨਵੇਂ ਅਰਥਾਂ ਦੀ ਅੰਤਹੀਣ ਲੜੀ ਸਾਹਮਣੇ ਆਉਣ ਨਾਲ ਅਰਥ ਅਸਥਿਰਤਾ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਅਰਥਗਤ ਅਨਿਸਚਿਤਤਾ ਪੂਰਨ ਰੂਪ ਵਿੱਚ ਸਾਹਮਣੇ ਆ ਜਾਂਦੀ ਹੈ ਇਸੇ ਵਿਰੋਧਾਭਾਸ ਨੂੰ ਦੈਰੀਦਾ ਕਹਿੰਦਾ ਹੈ:

ੳ. ਪ੍ਰਸਾਰਨ/ ਖਿੰਡਾਓ Dissamination

ਅ. Aporia

ੲ. ਵਿਥਾਂ Spacing

ਸ. ਦੋਅਰਥਤਾ Ambiguity

12. ਵਿਰਚਨਾਵਾਦ ਮੁੱਖ ਰੂਪ ਵਿਚ ਕਿਸ ਚਿੰਤਕ ਦੀਆਂ ਧਾਰਨਾਵਾਂ ਦੇ ਵਿਰੋਧ ਵਿਚੋਂ ਪੈਦਾ ਹੋਇਆ:

ੳ. ਸੋਸਿਉਰ

ਅ. ਰੋਲਾਂ ਬਾਰਥ

ੲ. ਬਾਖਤਿਨ

ਸ. ਮਿਸ਼ੈਲ ਫੂਕੋ

13. ਖਾਲੀ ਥਾਂ ਭਰੋ:

ਦੇਰੀਦਾ ਦਾ ਕਹਿਣਾ ਹੈ ਕਿ ਪੱਛਮੀ ਪਰਾ ਭੌਤਿਕਤਾ ਦੀਆਂ ਜਿੰਨੀਆਂ ਵੀ ਧਾਰਨਾਵਾਂ ਹਨ, ਉਹ -------------ਜਾਂ ਸ਼ਬਦ ਦੇ ਅਰਥ ਦੀ ਹਾਜ਼ਰੀ ਉੱਤੇ ਸਥਾਪਿਤ ਹਨ

14. ਦੈਰੀਦਾ ਦੀ ਪੁਸਤਕ ਹੈ:

ੳ. Introduction to the study of literature

ਅ. Writing and difference

ੲ. The order of things

ਸ. S/Z

15. ਵਿਰਚਨਾਵਾਦ (Deconstruction) ਤੋਂ ਭਾਵ ਹੈ:

ੳ. ਅਰਥਾਂ ਦੀ ਅਨਿਸ਼ਚਿਤਤਾ

ਅ. ਪੂਰਵ ਨਿਸ਼ਚਿਤ ਅਰਥਾਂ ਦੀ ਰੱਦਤਾ

ੲ. ਅਰਥਾਂ ਦੀ ਅਸਥਿਰਤਾ

ਸ. ਅਰਥਾਂ ਦਾ ਵਿਸਥਾਪਨ

ਹ. ਉਪਰੋਕਤ ਸਾਰੇ

## ਅਭਿਆਸ ਪ੍ਰਸ਼ਨ

2. ਦੈਰੀਦਾ ਦੇ ਸਾਹਿਤ ਸਿਧਾਂਤ ਦਾ ਵਿਸ਼ਲੇਸ਼ਣ ਕਰੋ।
3. ਵਿਰਚਨਾਵਾਦ ਦਾ ਵਿਸਥਾਰ ਵਿਚ ਵਰਣਨ ਕਰੋ।
4. ਦੈਰੀਦਾ ਦੀਆਂ ਮੁੱਖ ਪੁਸਤਕਾਂ ਅਤੇ ਉਨ੍ਹਾਂ ਵਿਚ ਆਏ ਵਿਚਾਰਾਂ ਦੀ ਪੜਚੋਲ ਕਰੋ।
5. ਦੈਰੀਦਾ ਉੱਤਰ ਸੰਰਚਨਾਵਾਦ ਦੇ ਬਾਕੀ ਚਿੰਤਕਾਂ ਨਾਲੋਂ ਕਿਵੇਂ ਭਿੰਨ ਹੈ?

## ਸੰਦਰਭ ਪੁਸਤਕਾਂ:


- ਦੈਰਿਦਾ, ਗੁਰਭਗਤ ਸਿੰਘ, ਪੰਜਾਬੀ ਅਕਾਦਮੀ, ਦਿੱਲੀ, (2011)
- ਸੰਰਚਨਾਵਾਦ, ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਗੋਪੀ ਚੰਦ ਨਾਰੰਗ, ਭਾਰਤੀ ਸਾਹਿਤ ਅਕਾਦਮੀ ਦਿੱਲੀ, (2011)ਭਾਰਤੀ ਕਾਵਿ ਸ਼ਾਸਤਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, (2011)

## ਮਹੱਤਵਪੂਰਨ ਲਿੰਕ

https://www.britannica.com/biography/Jacques-Derrida

ਉੱਤਰਮਾਲਾ

| | | | | |
|---|---|---|---|---|
| 1. ੳ | 2. ਅ | 3. ਸ | 4. ਸ | 5. ੲ |
| 6. ਅ | 7. ੳ | 8. ੳ | 9. ੲ | 10. ਸ |
| 11.ਅ | 12. ੳ | 13. logo centrism ਯਾਨੀ ਸ਼ਬਦ ਕੇਂਦਰਤਾ | | 14. ਅ |
| 15. ਹ | | | | |

# ਅਧਿਆਇ-11: ਮਿਸ਼ੈਲ ਫੂਕੋ ਅਤੇ ਪ੍ਰਵਚਨ

*Harpreet singh, Lovely Professional University*

ਵਿਸ਼ਾ ਵਸਤੂ (Content)


- ਉਦੇਸ਼
- ਪ੍ਰਸਤਾਵਨਾ
- ਵਿਸ਼ਾ ਵਸਤੂ
- ਸਾਰ-ਅੰਸ਼
- ਕੇਂਦਰੀ ਸ਼ਬਦ
- ਸਵੈ-ਮੁਲਾਂਕਣ
- ਅਭਿਆਸ ਪ੍ਰਸ਼ਨ
- ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਉੱਤਰ-ਸਰੰਚਨਾਵਾਦੀ ਚਿੰਤਨ ਵਿਚ ਮਿਸ਼ੇਲ ਫੂਕੋ Michel Foucault ਅਤੇ ਉਸਦੇ ਸਿਧਾਂਤ ਪ੍ਰਵਚਨ ਬਾਰੇ ਵਿਦਿਆਰਥੀ ਜਾਣ ਸਕਣਗੇ।
- ਪ੍ਰਵਚਨ ਦੀ ਪ੍ਰਕ੍ਰਿਤੀ ਅਤੈ ਸਰੂਪ ਨੂੰ ਸਮਝਦੇ ਹੋਏ ਇਸ ਦੀ ਅਹਿਮੀਅਤ ਤੋਂ ਜਾਣੂ ਹੋਣਗੇ।
- ਸਾਹਿਤ ਸਿਰਜਣਾ ਅਤੇ ਸਾਹਿਤ ਆਲੋਚਨਾ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਸਮਝਣ ਅਤੇ ਲਾਗੂ ਕਰ ਸਕਣ ਵਿਚ ਸਮਰਥ ਹੋਣਗੇ।

## ਪ੍ਰਸਤਾਵਨਾ:

ਮਿਸ਼ੈਲ ਫੂਕੋ ਦਾ ਅਧਿਐਨ ਕਾਰਜ ਮੁੱਖ ਰੂਪ ਵਿੱਚ ਸਮਾਜਿਕ ਸੰਰਚਨਾਵਾਂ, ਸੰਸਥਾਵਾਂ ਅਤੇ ਵਿਅਕਤੀਆਂ ਦੇ ਆਪਸੀ ਸੰਬੰਧਾਂ ਦੇ ਆਧਾਰਾਂ ਦੇ ਵਿਸ਼ਲੇਸ਼ਣ ਨਾਲ ਸਬੰਧਿਤ ਹੈ। ਉਹ ਵਿਅਕਤੀਆਂ ਅਤੇ ਸੰਸਥਾਵਾਂ ਵਿਚਕਾਰ ਸਾਰੇ ਤਰ੍ਹਾਂ ਦੇ ਆਪਸੀ ਸਬੰਧਾਂ ਵਿੱਚ ਸ਼ਕਤੀ/ਪਾਵਰ ਨੂੰ ਕਾਰਜਸ਼ੀਲ ਮੰਨਦਾ ਹੈ। ਉਸ ਦਾ ਵਿਚਾਰ ਹੈ ਕਿ ਸਾਰੇ ਸੰਬੰਧ ਸ਼ਕਤੀ ਦੁਆਰਾ ਹੀ ਕੇਂਦਰਿਤ ਹਨ ਅਤੇ ਪ੍ਰਵਚਨ ਡਿਸਕੋਰਸ ਵੀ ਸ਼ਕਤੀ ਦਾ ਹੀ ਇੱਕ ਰੂਪ ਹੈ। ਸ਼ਕਤੀ ਸੰਬੰਧ (power Relation) ਸ਼ਕਤੀ ਨੂੰ ਆਮ ਕਰਕੇ ਇਸ ਤਰ੍ਹਾਂ ਸੰਕਲਪ ਬੱਧ ਕੀਤਾ ਜਾਂਦਾ ਹੈ ਕਿ ਉਹ ਲੋਕ ਜਿਹੜੇ ਸ਼ਕਤੀਵਾਨ ਹੁੰਦੇ ਹਨ ਆਪਣੀ ਇੱਛਾ/ਵਿਲ ਨੂੰ ਸ਼ੱਕਤੀਹੀਣ ਲੋਕਾਂ ਉੱਤੇ ਥੋਪਣ ਦੀ ਕਿੰਨੀ ਸਮਰੱਥਾ ਰੱਖਦੇ ਹਨ ਅਤੇ ਇਸ ਸਮਰੱਥਾ ਵਜੋਂ ਕਿ ਜਿਹੜੇ ਕਾਰਜਾਂ ਨੂੰ ਉਹ ਲੋਕ ਨਹੀਂ ਕਰਨਾ ਚਾਹੁੰਦੇ ਉਨ੍ਹਾਂ ਨੂੰ ਕਰਨ ਲਈ ਉਨ੍ਹਾਂ ਲੋਕਾਂ ਨੂੰ ਕਿੱਥੋਂ ਤੱਕ ਮਜਬੂਰ ਕੀਤਾ ਜਾ ਸਕਦਾ ਹੈ। ਸ਼ੱਕਤੀ ਇੱਕ ਅਜਿਹੇ ਕਬਜ਼ੇ ਜਾਂ ਹਥਿਆਰ ਵਜੋਂ ਵੀ ਦੇਖੀ ਜਾਂਦੀ ਹੈ ਜਿਹੜਾ ਸੱਤਾ ਸ਼ਕਤੀ ਦੀ ਪੁਜ਼ੀਸ਼ਨ ਤੇ ਬੈਠੇ ਲੋਕਾਂ ਦੁਆਰਾ ਆਮ ਸ਼ਕਤੀਹੀਣ ਲੋਕਾਂ ਦੀਆਂ ਸਮਾਜਿਕ ਪ੍ਰਕਿਰਿਆਵਾਂ ਵਿਚਾਰਾਂ ਅਤੇ ਪ੍ਰਵਚਨਾਂ ਨੂੰ ਨਿਯੰਤਰਿਤ ਕਰਨ ਲਈ ਵਰਤਿਆ ਜਾਂਦਾ ਹੈ ਅਤੇ ਸ਼ਕਤੀ ਇੱਕ ਅਜਿਹਾ ਰੂਪ ਵੀ ਹੈ ਜੋ ਸ਼ਕਤੀਹੀਣ ਆਮ ਲੋਕਾਂ ਵੱਲੋਂ ਉਨ੍ਹਾਂ ਉੱਤੇ ਥੋਪੇ ਨਿਯੰਤਰਣ ਨੂੰ ਤੋੜਨ ਦੇ ਲਈ ਸਾਹਮਣੇ ਆਉਂਦਾ ਹੈ। ਜਿਸ ਨੂੰ ਫੂਕੋ ਉਪਜਾਇਕਤਾ productive ਦੇ ਮਹੱਤਵਪੂਰਨ ਪੱਖ ਤੋਂ ਵੇਖਦਾ ਹੈ। ਫੂਕੋ ਨੇ ਸਮਾਜਿਕ ਸੰਬੰਧਾਂ ਅਤੇ ਸਮਾਜ ਵਿੱਚ ਪ੍ਰਵਾਹਿਤ ਪ੍ਰਵਚਨਾਂ ਡਿਸਕੋਰਸ ਦਾ ਅਧਿਐਨ ਸ਼ਕਤੀ/ਗਿਆਨ power/knowledge ਜੁੱਟ ਰਾਹੀਂ ਕੀਤਾ ਹੈ। The order of things , Archaeology of knowledge ਪਾਠਾਂ ਦੇ ਅਧਿਐਨ ਦੇ ਰਾਹੀਂ ਫੂਕੋ ਨੇ ਇਹ ਗੱਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਕੋਈ ਚੀਜ਼ ਸੱਚ /ਯਥਾਰਥ truth, ਇੱਕ ਤੱਥ fact ਅਤੇ ਇੱਕ ਗਿਆਨ knowledge ਵਾਂਗ ਸਮਾਜਿਕ ਪ੍ਰਚਲਨ ਵਿੱਚ ਕਿਵੇਂ ਸਥਾਪਿਤ ਹੋ ਜਾਂਦੀ ਹੈ ਅਤੇ ਉਹ ਕਿਹੜੇ ਸੰਸਥਾਗਤ ਤਰੀਕੇ ਹਨ ਜਿਹੜੇ ਕਿਸੇ ਚੀਜ਼ ਨੂੰ ਸੱਚ ਤੱਥ ਜਾਂ ਗਿਆਨ ਵਜੋਂ ਸਥਾਪਿਤ ਕਰਦੇ ਹਨ।

## ਵਿਸ਼ਾ ਵਸਤੂ:

ਮਿਸ਼ੈਲ ਫੂਕੋ ਦਾ ਜਨਮ 15 ਅਕਤੂਬਰ 1926 ਨੂੰ ਪੱਛਮ-ਮੱਧ ਫ਼ਰਾਂਸ ਦੇ ਸ਼ਹਿਰ ਪਾਏਟੀਰਸ ਵਿਚ, ਇੱਕ ਖੁਸ਼ਹਾਲ ਅਤੇ ਸਮਾਜਕ ਰੂੜੀਵਾਦੀ ਅੱਪਰ ਮਿਡਲ ਕਲਾਸ ਪਰਿਵਾਰ ਵਿੱਚ ਹੋਇਆ ਸੀ। ਉਹ 'ਕਾਲਜੇ ਦੀ ਫ੍ਰਾਂਸ' ਪੈਰਿਸ ਵਿਚ 'History of Systems of Thought' ਦਾ ਪ੍ਰੋਫ਼ੈਸਰ ਸੀ। ਸਿਖਲਾਈ ਦੀ ਦ੍ਰਿਸ਼ਟੀ ਤੋਂ ਉਹ ਦਾਰਸ਼ਨਿਕ ਸੀ, ਅਤੇ ਅਨੇਕਾਂ ਲਿਖਤਾਂ ਦਾ ਸਿਰਜਕ ਸੀ। ਉਸਦੀਆਂ ਉਹ ਪੁਸਤਕਾਂ ਜਿਹੜੀਆਂ ਅੰਗੇਜ਼ੀ ਵਿਚ ਅਨੁਵਾਦਿਤ ਹੋ ਚੁੱਕੀਆਂ ਹਨ, ਹਵਾਲਿਆਂ ਵਿਚ ਦੇਖੀਆਂ ਜਾ ਸਕਦੀਆਂ ਹਨ। 1984 ਵਿਚ ਫੂਕੋ ਦਾ ਦੇਹਾਂਤ ਹੋ ਗਿਆ।ਉਸਦੀਆਂ ਪ੍ਰਮੁੱਖ ਪੁਸਤਕਾਂ ਹੇਠ ਲਿਖੇ ਅਨੁਸਾਰ ਹਨ :

1. ਦ ਅਰਕਿਆਲੋਜੀ ਔਫ ਨੋਲੇਜ The Archealogy of Knogledge
2. ਡਰੀਮ, ਇਮੈਜੀਨੇਸ਼ਨ ਐਂਡ ਅਗਜਿਸਟੰਸ **Dream, imagination, and existence**
3. ਮੈਂਟਲ ਇਲਨੈਸ ਐਂਡ ਸਾਇਕੋਲੋਜੀ Mental illness and Psychology
4. ਮੈਡਨੈਸ ਐਂਡ ਸਿਵਲਾਈਜੇਸ਼ਨ Madness and Civilization
5. ਦ ਬਰਥ ਔਫ ਦ ਕਲੀਨਿਕ The Birth of Clinic
6. ਦ ਔਰਡਰ ਔਫ ਥਿੰਗਜ਼ The Order of Things
7. ਦ ਔਰਡਰ ਔਫ ਡਿਸਕੋਰਸ The Order of Discourse
8. ਡਸਿਪਲਨ ਐਂਡ ਪਨਿਸ਼ Discipline and Punish
9. ਦ ਹਿਸਟਰੀ ਔਫ ਸੈਕਸੁਐਲਿਟੀ ( ਤਿੰਨ ਭਾਗਾਂ ਚ ) The History of Sexuality (Three Parts)

ਮਿਸ਼ੈਲ ਫੂਕੋ ਦਾ ਅਧਿਐਨ ਕਾਰਜ ਮੁੱਖ ਰੂਪ ਵਿੱਚ ਸਮਾਜਿਕ ਸੰਰਚਨਾਵਾਂ, ਸੰਸਥਾਵਾਂ ਅਤੇ ਵਿਅਕਤੀਆਂ ਦੇ ਆਪਸੀ ਸੰਬੰਧਾਂ ਦੇ ਆਧਾਰਾਂ ਦੇ ਵਿਸ਼ਲੇਸ਼ਣ ਨਾਲ ਸਬੰਧਿਤ ਹੈ। ਉਹ ਵਿਅਕਤੀਆਂ ਅਤੇ ਸੰਸਥਾਵਾਂ ਵਿਚਕਾਰ ਸਾਰੇ ਤਰ੍ਹਾਂ ਦੇ ਆਪਸੀ ਸਬੰਧਾਂ ਵਿੱਚ ਸ਼ਕਤੀ/ਪਾਵਰ ਨੂੰ ਕਾਰਜਸ਼ੀਲ ਮੰਨਦਾ ਹੈ । ਉਸ ਦਾ ਵਿਚਾਰ ਹੈ ਕਿ ਸਾਰੇ ਸੰਬੰਧ ਸ਼ਕਤੀ ਦੁਆਰਾ ਹੀ ਕੇਂਦਰਿਤ ਹਨ ਅਤੇ ਪ੍ਰਵਚਨ ਡਿਸਕੋਰਸ ਵੀ ਸ਼ਕਤੀ ਦਾ ਹੀ ਇੱਕ ਰੂਪ ਹੈ ਫੂਕੋ ਦੀ ਸ਼ਕਤੀ ਸਬੰਧੀ ਧਾਰਨਾ ਕਾਫੀ ਜਟਿਲ ਹੈ। ਮਨੁੱਖਾਂ ਵਿਚਲੇ ਆਪਸੀ ਸਮਾਜਿਕ ਸਬੰਧਾਂ ਵਿੱਚ ਕਾਰਜਸ਼ੀਲ ਸੱਕਤੀ ਅਤੇ ਇਸ ਦੁਆਰਾ ਉਤਪੰਨ ਹੋਏ ਪ੍ਰਭਾਵ ਸਬੰਧੀ ਸਪੱਸ਼ਟ ਕਰਦਾ ਹੈ ਕਿ ਸਮਾਜਿਕ ਸੰਬੰਧਾਂ ਵਿੱਚ ਸੱਕਤੀ ਦਮਨਕਾਰੀ ਸੁਭਾਅ ਵਜੋਂ ਵੀ ਹੁੰਦੀ ਹੈ ਅਤੇ ਉਤਪਾਦਕ pruductive ਵੀ। ਫੂਕੋ ਨੇ ਮਾਰਕਸਵਾਦੀਆਂ ਵਾਂਗ ਸ਼ਕਤੀ ਦੁਆਰਾ ਦਮਨ ਉੱਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਇਸ ਦੇ ਪ੍ਰਤੀਰੋਧਕ ਮੁਜਾਮਤਕਾਰੀ ਪੱਖ ਉੱਤੇ ਵਧੇਰੇ ਧਿਆਨ ਕੇਂਦਰਿਤ ਕੀਤਾ ਹੈ ਜਿਵੇਂ ਫੂਕੋ ਨਾਰੀਵਾਦੀ ਆਲੋਚਕਾਂ ਨੂੰ ਪ੍ਰੇਰਿਤ ਕਰਕੇ ਔਰਤ ਮਰਦ ਦੇ ਆਪਸੀ ਸਬੰਧਾਂ ਦੇ ਨਿਰਧਾਰਨ ਵਿੱਚ ਸੱਕਤੀ ਨੂੰ ਪਰਖਣ ਦੀ ਰੀਤ ਆਰੰਭ ਕਰਦਾ ਹੈ ।

ਸ਼ਕਤੀ ਸੰਬੰਧ (power Relation) ਸ਼ਕਤੀ ਨੂੰ ਆਮ ਕਰਕੇ ਇਸ ਤਰ੍ਹਾਂ ਸੰਕਲਪ ਬੱਧ ਕੀਤਾ ਜਾਂਦਾ ਹੈ ਕਿ ਉਹ ਲੋਕ ਜਿਹੜੇ ਸ਼ਕਤੀਵਾਨ ਹੁੰਦੇ ਹਨ ਆਪਣੀ ਇੱਛਾ/ਵਿਲ ਨੂੰ ਸ਼ੱਕਤੀ ਹੀਣ ਲੋਕਾਂ ਉੱਤੇ ਥੋਪਣ ਦੀ ਕਿੰਨੀ ਸਮਰੱਥਾ ਰੱਖਦੇ ਹਨ ਅਤੇ ਇਸ ਸਮਰੱਥਾ ਵਜੋਂ ਕਿ ਜਿਹੜੇ ਕਾਰਜਾਂ ਨੂੰ ਉਹ ਲੋਕ ਨਹੀਂ ਕਰਨਾ ਚਾਹੁੰਦੇ ਉਨ੍ਹਾਂ ਨੂੰ ਕਰਨ ਲਈ ਉਨ੍ਹਾਂ ਲੋਕਾਂ ਨੂੰ ਕਿੱਥੋਂ ਤੱਕ ਮਜਬੂਰ ਕੀਤਾ ਜਾ ਸਕਦਾ ਹੈ। ਸ਼ਕਤੀ ਇੱਕ ਅਜਿਹੇ ਕਬਜ਼ੇ ਜਾਂ ਹਥਿਆਰ ਵਜੋਂ ਵੀ ਦੇਖੀ ਜਾਂਦੀ ਹੈ ਜਿਹੜਾ ਸੱਤਾ ਸ਼ਕਤੀ ਦੀ ਪੁਜ਼ੀਸ਼ਨ ਤੇ ਬੈਠੇ ਲੋਕਾਂ ਦੁਆਰਾ ਆਮ ਸ਼ਕਤੀਹੀਣ ਲੋਕਾਂ ਦੀਆਂ ਸਮਾਜਿਕ ਪ੍ਰਕਿਰਿਆਵਾਂ ਵਿਚਾਰਾਂ ਅਤੇ ਪ੍ਰਵਚਨਾਂ ਨੂੰ ਨਿਯੰਤਰਿਤ ਕਰਨ ਲਈ ਵਰਤਿਆ ਜਾਂਦਾ ਹੈ ਅਤੇ ਸ਼ਕਤੀ ਇੱਕ ਅਜਿਹਾ ਰੂਪ ਵੀ ਹੈ ਜੋ ਸ਼ਕਤੀਹੀਣ ਆਮ ਲੋਕਾਂ ਵੱਲੋਂ ਉਨ੍ਹਾਂ ਉੱਤੇ ਥੋਪੇ ਨਿਯੰਤਰਣ ਨੂੰ ਤੋੜਨ ਦੇ ਲਈ ਸਾਹਮਣੇ ਆਉਂਦਾ ਹੈ। ਜਿਸ ਨੂੰ ਫੂਕੋ ਉਪਜਾਇਕਤਾ productive ਦੇ ਮਹੱਤਵਪੂਰਨ ਪੱਖ ਤੋਂ ਵੇਖਦਾ ਹੈ । ਫੂਕੋ ਨੇ ਸਮਾਜਿਕ ਸੰਬੰਧਾਂ ਅਤੇ ਸਮਾਜ ਵਿੱਚ ਪ੍ਰਵਾਹਿਤ ਪ੍ਰਵਚਨਾਂ ਡਿਸਕੋਰਸ ਦਾ ਅਧਿਐਨ ਸ਼ਕਤੀ/ਗਿਆਨ power/knowledge ਜੁੱਟ ਰਾਹੀਂ ਕੀਤਾ ਹੈ power/knowledge, the order of things , archaeology of knowledge ਪਾਠਾਂ ਦੇ ਅਧਿਐਨ ਦੇ ਰਾਹੀਂ ਫੂਕੋ ਨੇ ਇਹ ਗੱਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਕੋਈ ਚੀਜ਼ ਸੱਚ /ਯਥਾਰਥ truth, ਇੱਕ ਤੱਥ fact ਅਤੇ ਇੱਕ ਗਿਆਨ knowledge ਵਾਂਗ ਸਮਾਜਿਕ ਪ੍ਰਚਲਨ ਵਿੱਚ ਕਿਵੇਂ ਸਥਾਪਿਤ ਹੋ ਜਾਂਦੀ ਹੈ ਅਤੇ ਉਹ ਕਿਹੜੇ ਸੰਸਥਾਗਤ ਤਰੀਕੇ ਹਨ ਜਿਹੜੇ ਕਿਸੇ ਚੀਜ਼ ਨੂੰ ਸੱਚ ਤੱਥ ਜਾਂ ਗਿਆਨ ਵਜੋਂ ਸਥਾਪਿਤ ਕਰਦੇ ਹਨ ।

ਗਿਆਨ ਅਤੇ ਸ਼ਕਤੀ ਦੇ ਆਪਸੀ ਸਬੰਧਾਂ ਬਾਰੇ ਫੂਕੋ ਕਹਿੰਦਾ ਹੈ ਕਿ ਸ਼ੱਕਤੀ ਲਈ ਇਹ ਸੰਭਵ ਹੀ ਨਹੀਂ ਕਿਉਂ ਗਿਆਨ ਤੋਂ ਬਿਨਾਂ ਕਿਰਿਆਸ਼ੀਲ ਹੋ ਸਕੇ ਅਤੇ ਗਿਆਨ ਲਈ ਵੀ ਇਹ ਅਸੰਭਵ ਹੈ ਕਿਉਂ ਸ਼ਕਤੀ ਨੂੰ ਨਾ ਉਪਜਾਏ। ਇਸ ਤਰ੍ਹਾਂ ਫੂਕੋ ਨੇ ਸਾਰੇ ਸਮਾਜਿਕ ਪ੍ਰਵਚਨ ਵਿੱਚ ਸ਼ਕਤੀ ਸਬੰਧਾਂ ਦੀ ਭੂਮਿਕਾ ਅਤੇ ਪ੍ਰਵਚਨਾਂ ਦੀ ਉਪਜ ਅਤੇ ਕਿਰਿਆਸ਼ੀਲਤਾ ਵਿੱਚ ਸ਼ਕਤੀ/ਗਿਆਨ ਦੇ ਮਹੱਤਵਪੂਰਨ ਜੁੱਟ ਦੀ ਪਹਿਚਾਣ ਅਤੇ ਨਿਰਧਾਰਨ ਕੀਤਾ ਹੈ। ਫੂਕੋ ਅਨੁਸਾਰ ਸਮਾਜ ਵਿੱਚ ਪ੍ਰਵਚਨਾਂ ਦੇ ਪ੍ਰਚੱਲਣ ਲਈ ਇਹ ਦੋਵੇਂ ਸਪੱਸ਼ਟ ਰੂਪ ਵਿੱਚ ਇੱਕ ਦੂਜੇ ਤੇ ਨਿਰਭਰ ਕਰਦੇ ਹਨ। ਸਮਾਜ ਵਿੱਚ ਜਿੱਥੇ ਵੀ ਸ਼ਕਤੀ ਸਬੰਧਾਂ ਵਿੱਚ ਅਸੰਤੁਲਨ ਹੋਵੇਗਾ, ਉੱਥੇ ਹੀ ਗਿਆਨ ਦਾ ਉਤਪਾਦਨ ਵੀ ਹੋਵੇਗਾ ।ਪਰ ਫੂਕੋ ਅਨੁਸਾਰ ਕਿਸੇ ਗਿਆਨ ਦੇ ਇੱਕ ਤੱਥ ਬਣਨ ਲਈ ਉਸਨੂੰ ਸੱਤਾ ਅਧਿਕਾਰ ਜਾਂ ਸ਼ਕਤੀ ਦੀ ਪਦਵੀ ਤੇ ਬੈਠੇ ਲੋਕਾਂ ਦੁਆਰਾ ਪੁਸ਼ਟੀਕਰਨ ratification ਦੀ ਪ੍ਰਕਿਰਿਆ ਵਿੱਚੋਂ ਲੰਘਣਾ ਪੈਂਦਾ ਹੈ। ਇਸ ਪ੍ਰਕਾਰ ਸਮਾਜਿਕ ਵਿਵਸਥਾ ਵਿਚਲੇ ਸਾਰੇ ਸਬੰਧਾਂ ਨੂੰ ਹੀ ਸ਼ਕਤੀ ਅਤੇ ਗਿਆਨ ਦੀ ਜੁੱਟ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ ਇਵੇਂ ਇਹ ਸੱਕਤੀ ਅਤੇ ਗਿਆਨ ਦਾ ਜੁੱਟ ਹੀ ਸਮਾਜ ਵਿੱਚ ਸੰਚਾਲਿਤ ਸਾਰੇ ਪ੍ਰਵਚਨਾਂ ਨੂੰ ਉਪਜਾਉਣ ਨਿਯੰਤਰਿਤ ਕਰਨ ਅਤੇ ਸੰਚਾਰਿਤ ਕਰਨ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਨਜ਼ਰ ਆਉਂਦਾ ਹੈ। ਸ਼ਕਤੀ ਗਿਆਨ ਅਤੇ ਪ੍ਰਵਚਨਾਂ ਦੇ ਪੈਦਾ ਅਤੇ ਸੰਚਾਰਿਤ ਹੋਣ ਨੂੰ ਸਮਝਣਾ ਹੀ ਫੂਕੋ ਦੇ ਅਧਿਐਨ ਕਾਰਜ ਦੇ ਮੁੱਖ ਮੰਤਵ ਵਜੋਂ ਸਾਹਮਣੇ ਆਉਂਦਾ ਹੈ ।

ਉੱਤਰ-ਸਰੰਚਨਾਵਾਦੀ ਚਿੰਤਨ ਵਿਚ ਸੋਚ ਦੀ ਇਕ ਧਾਰਾ ਹੋਰ ਵੀ ਹੈ। ਜਿਹੜੀ ਇਸ ਗੱਲ ਤੇ ਜੋਰ ਦਿੰਦੀ ਹੈ ਕਿ "ਪਾਠਾਤਮਕਤਾ" ਹੀ ਸਭ ਕੁਝ ਨਹੀਂ, ਸਗੋਂ ਵਿਸ਼ਵ ਵਿਚ ਸ਼ਕਤੀ (ਸੱਤਾ) ਦੀ ਖੇਡ ਵਿਚ ਪਾਠ ਦੀ ਬਜਾਇ ਪ੍ਰਵਚਨ ਸ਼ਾਮਿਲ ਹੈ। ਮਿਸ਼ੇਲ ਫੂਕੋ Michel Foucault ਦਾ ਬੁਨਿਆਦੀ ਨੁਕਤਾ ਇਹ ਹੈ ਕਿ ਪਾਠਾਤਮਕਤਾ ਦੇ ਸਿਧਾਂਤ ਰਾਜਨੀਤਕ ਤੇ ਸਾਮਾਜਿਕ ਸ਼ਕਤੀਆਂ ਅਤੇ ਵਿਚਾਰਧਾਰਾ ਨੂੰ ਅਰਥਾਂ ਦੇ ਨਿਰਮਾਨ ਦਾ ਮਾਧਿਅਮ ਮੰਨ ਕੇ ਉਨਾਂ ਦੀ ਹੈਸੀਅਤ ਨੂੰ ਘਟਾ ਦਿੰਦੇ ਹਨ। ਵਾਸਤਵਿਕਤਾ ਇਹ ਹੈ ਕਿ ਜਦੋਂ ਕੋਈ ਹਿਟਲਰ, ਮੁਸੋਲਿਨੀ ਜਾਂ ਸਟਾਲਿਨ ਇਕ ਪੂਰੀ ਕੌਮ ਨੂੰ ਆਪਣੇ ਹੁਕਮ ਅਨੁਸਾਰ ਚਲਾਉਂਦਾ ਹੈ, ਤਾਂ ਅਜਿਹਾ ਪ੍ਰਵਚਨ ਦੀ ਸ਼ਕਤੀ ਦੇ ਮਾਧਿਅਮ ਰਾਹੀਂ ਹੁੰਦਾ ਹੈ । ਇਸ ਸ਼ਕਤੀ ਦੇ ਪ੍ਰਭਾਵਾਂ ਨੂੰ ਪਾਠ ਤਕ ਸੀਮਿਤ ਰਖਣਾ ਗ਼ਲਤ ਹੈ |

ਫੂਕੋ ਆਖਦਾ ਹੈ ਕਿ ਵਾਸਤਵਿਕ ਸ਼ਕਤੀ ਦਾ ਪ੍ਰਯੋਗ ਵਚਨ ਦੇ ਮਾਧਿਅਮ ਰਾਹੀਂ ਹੁੰਦਾ ਹੈ ਅਤੇ ਉਸ ਸ਼ਕਤੀ ਦੇ ਠੋਸ ਪ੍ਰਭਾਵ ਸਾਮਣੇ ਆਉਂਦੇ ਹਨ । ਇਥੇ ਇਹ ਸਪਸ਼ਟ ਹੈ ਕਿ ਫੂਕੋ ਆਪਣੇ ਪ੍ਰਵਚਨ-ਸਿਧਾਂਤ ਰਾਹੀਂ ਜਰਮਨ ਦਾਰਸ਼ਨਿਕ ਨੀਤਸ਼ੇ ਦੀ ਨਵੀਨ ਵਿਆਖਿਆ ਪੇਸ਼ ਕਰ ਰਿਹਾ ਹੈ ।

ਉੱਤਰ ਸੰਰਚਨਾਵਾਦੀ ਚਿੰਤਨ ਵਿੱਚ ਮਨੁੱਖੀ ਜੀਵਨ ਅਤੇ ਭਾਸ਼ਕ ਵਿਚਾਰ ਵਿੱਚ ਨਿਹਿਤ ਵਿਚਾਰਧਾਰਾ ਦਾ ਮਸਲਾ ਵੱਡੀ ਅਹਿਮੀਅਤ ਰੱਖਦਾ ਹੈ।ਉਤਰ ਸੰਰਚਨਾਵਾਦੀਆਂ ਨੇ ਇਹ ਗੱਲ ਸ਼ਿੱਦਤ ਨਾਲ ਮਹਿਸੂਸ ਕੀਤੀ ਕਿ ਇਹ ਵਿਚਾਰਧਾਰਾ ਹੀ ਹੈ ਜੋ ਮਨੁੱਖ ਦੀਆਂ ਸਮੁੱਚੀਆਂ ਸਮਾਜਿਕ ਪ੍ਰਕਿਰਿਆਵਾਂ ਜਿਵੇਂ ਸਾਹਿਤਿਕ, ਸੱਭਿਆਚਾਰਕ ,ਰਾਜਨੀਤਕ, ਆਰਥਿਕ ਆਦਿਕ ਨੂੰ ਭਾਸ਼ਿਕ ਵਿਹਾਰ ਵਿੱਚ ਦਾਖਲ ਹੋ ਕੇ ਵੱਡੀ ਵੱਡੀ ਪੱਧਰ ਤੇ ਅਸਰ ਅੰਦਾਜ਼ ਕਰਦੀ ਹੈ ।ਇਹ ਵਿਚਾਰਧਾਰਾ ਅੱਗੋਂ ਤਾਕਤ power ਨਾਲ ਜੁੜ ਕੇ ਸਮੁੱਚੇ ਮਾਨਵੀ ਸਬੰਧਾਂ ਨੂੰ ਨਿਰਧਾਰਿਤ ਅਤੇ ਪ੍ਰਭਾਵਿਤ ਕਰਦੀ ਹੈ। ਉੱਤਰ ਸੰਰਚਨਾਵਾਦੀ ਚਿੰਤਕ ਮਿਸ਼ੈਲ ਫੂਕੋ ਨੇ ਤਾਕਤ ਨੂੰ ਪ੍ਰਵਚਨ ਨਾਲ ਸਬੰਧਿਤ ਕਰਦਿਆਂ ਕਿਹਾ ਕਿ ਤਾਕਤ ਪ੍ਰਵਚਨ ਵਿੱਚ ਹੀ ਨਿਹਿਤ ਹੁੰਦੀ ਹੈ ।ਇਵੇਂ ਫੂਕੋ ਦਾ ਤਾਕਤ ਪਾਵਰ ਨੂੰ ਪ੍ਰਵਚਨ ਨਾਲ ਸੰਬੰਧਿਤ ਕਰ ਦੇਣਾ ਉੱਤਰ ਸੰਰਚਨਾਵਾਦੀ ਚਿੰਤਨ ਦਾ ਇੱਕ ਮਹੱਤਵਪੂਰਨ ਨੁਕਤਾ ਬਣ ਜਾਂਦਾ ਹੈ।

ਫੂਕੋ ਨੇ ਤਾਕਤ ਨੂੰ ਹੀ ਪ੍ਰਵਚਨ ਕਹਿ ਕੇ ਰਾਜਨੀਤੀ, ਕਲਾ, ਵਿਗਿਆਨ ਅਤੇ ਆਰਥਿਕਤਾ ਆਦਿ ਖੇਤਰਾਂ ਵਿੱਚ ਤਾਕਤ ਦੇ ਭੇੜ ਰਾਹੀਂ ਸਰਬ ਉੱਚਤਾ ਹਾਸਲ ਕਰ ਲੈਣ ਲਈ ਪ੍ਰਮੁੱਖ ਹਥਿਆਰ ਵਜੋਂ ਪ੍ਰਵਚਨ ਨੂੰ ਵੀ ਵਰਤੋਂ ਨੂੰ ਹੀ ਮੰਨਿਆ ਹੈ। ਫੂਕੋ ਨੇ ਮਨੁੱਖ ਕਰਤਾ ਅਤੇ ਉਸ ਦੀ ਚੇਤਨਾ ਨੂੰ ਇਤਿਹਾਸਿਕ ਵਿਕਾਸ ਰਾਹੀਂ ਪਰਖ ਪੜਚੋਲ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਹ ਇਤਿਹਾਸ ਨੂੰ ਇੱਕ ਨਿਸ਼ਚਿਤ ਸੰਰਚਨਾ ਵਿੱਚੋਂ ਘਟਾ ਕੇ ਦੇਖਣ ਦੇ ਵਿਰੁੱਧ ਹੈ। ਇਸ ਪੱਖੋਂ ਉਹ ਸੰਰਚਨਾਵਾਦ ਦੇ ਵਿਰੋਧ ਵਿੱਚ ਖਲੋਤਾ ਹੈ ਜਿਸ ਕਾਰਨ ਉਸ ਨੂੰ ਉੱਤਰ ਸੰਰਚਨਾਵਾਦੀ ਕਿਹਾ ਜਾਂਦਾ ਹੈ। ਰੋਲਾ ਬਾਰਤ ਨੇ ਉੱਨੀ ਸੌ ਅਠਾਹਠ1968 ਦੇ ਵਿੱਚ ਇੱਕ ਲੇਖ ਲਿਖਿਆ The Death of the Author ਜਿਸ ਰਾਹੀਂ ਉਹ ਸੰਰਚਨਾਵਾਦ ਤੋਂ ਉੱਤਰ ਸੰਰਚਨਾਵਾਦ ਵੱਲ ਖਿਸਕ ਗਿਆ। ਜਿਸ ਵਿੱਚ ਉਸ ਨੇ ਕਿਹਾ ਕਿ ਲੇਖਕ ਦੁਆਰਾ ਕਿਸੇ ਰਚਨਾ ਦੇ ਲਿਖਣ ਤੋਂ ਬਾਅਦ ਉਹ ਰਚਨਾ ਲੇਖਕ ਦੀ ਹਸਤੀ ਤੋਂ ਪੂਰੀ ਤਰ੍ਹਾਂ ਆਜ਼ਾਦ ਹੋ ਜਾਂਦੀ ਹੈ ਅਤੇ ਇੱਕ ਮੁਕੰਮਲ ਸੰਰਚਨਾ ਵਜੋਂ ਵਿਚਰਦੀ ਹੈ। ਇਸ ਲਈ ਸਾਹਿਤਕਾਰ/ ਸਮੀਖਿਆਕਾਰ ਨੂੰ ਉਸ ਕਿਰਤ ਦੇ ਵਿਸ਼ਲੇਸ਼ਣ ਸਮੇਂ ਉਸ ਦੇ ਲੇਖਕ ਦੇ ਜੀਵਨ ਵੇਰਵਿਆਂ ਨੂੰ ਵਿਸ਼ਲੇਸ਼ਣ ਵਿੱਚ ਮੁਲਵਤੀ ਕਰਨਾ ਚਾਹੀਦਾ; ਸਗੋਂ ਉਸ ਲੇਖਕ ਦੀਆਂ ਲਿਖੀਆਂ ਹੋਈਆਂ ਹੋਰ ਪੁਸਤਕਾਂ ਨਾਲ ਅੰਤਰ ਸਬੰਧਿਤ ਕਰਕੇ ਵਿਚਾਰਨਾ ਚਾਹੀਦਾ ਹੈ। ਇਵੇਂ ਇੱਥੇ ਰੌਲਾ ਬਰਤ ਨੇ ਪਾਠਾਂ ਵਿੱਚ ਵਿਚਰਦੀ ਅੰਤਰ ਪਾਠਾਤਮਿਕਤਾ Intetextuality ਵੱਲ ਵੀ ਇਸ਼ਾਰਾ ਕਰ ਦਿੱਤਾ ਸੀ। ਸੰਰਚਨਾਵਾਦ ਅਤੇ ਉਸ ਤੋਂ ਪਹਿਲਾਂ ਦੇ ਸਮੀਖਿਆ ਸਿਧਾਂਤਾਂ ਵਿੱਚ ਕਿਸੇ ਰਚਨਾ ਦੇ ਲੇਖਕ ਤੋਂ ਆਜ਼ਾਦ ਹੈਸੀਅਤ ਵਿੱਚ ਵਿਚਰਣ ਅਤੇ ਉਸ ਦੇ ਹੋਰ ਪਾਠਾਂ ਨਾਲ ਅੰਤਰ ਪਾਰਟੀ ਸੰਬੰਧ ਹੋਣ ਨੂੰ ਨਹੀਂ ਵਿਚਾਰਿਆ ਜਾਂਦਾ ਸੀ ਸਗੋਂ ਇਸ ਦੀ ਥਾਂ ਤੇ ਲੇਖਕਾਂ ਦੇ ਜੀਵਨ ਵੇਰਵਿਆਂ ਨੂੰ ਵਿਸ਼ਲੇਸ਼ਣ ਵਿੱਚ ਸ਼ਾਮਿਲ ਕਰ ਲਿਆ ਜਾਂਦਾ ਸੀ। ਜਿਸ ਕਾਰਨ ਰਚਨਾ ਦੇ ਅਰਥਾਂ ਤੇ ਲੇਖਕ ਦੇ ਵਿਚਾਰਾਂ ਦਾ

ਪ੍ਰਾਪੇਗੰਡਾ ਕਰਨ ਦਾ ਦੋਸ਼ ਲੱਗ ਜਾਂਦਾ ਸੀ ਪਰ ਰੋਲਾਂ ਬਾਰਤ ਨੇ ਲੇਖਕ ਦੀ ਮੌਤ ਦਾ ਐਲਾਨ ਕਰਕੇ ਸਾਹਿਤਿਕ ਕਿਰਤ ਨੂੰ ਲੇਖਕ ਤੋਂ ਆਜ਼ਾਦ ਕਰ ਦਿੱਤਾ ਅਤੇ ਪਾਠਾਂ ਵਿੱਚ ਵਿਚਰਦੀ ਅੰਤਰ ਪਾਠਾਤਮਿਕਤਾ ਵੱਲ ਇਸ਼ਾਰਾ ਕਰਕੇ ਸਾਹਿਤ ਸਮੀਖਿਆ ਦੇ ਉੱਤਰ ਸਰੰਚਨਾ ਵੱਧ ਉੱਤਰ ਸੰਰਚਨਾਵਾਦ ਵੱਲ ਵੱਧ ਜਾਣ ਦਾ ਰਾਹ ਪੱਧਰਾ ਕਰ ਦਿੱਤਾ । ਇਸ ਅੰਤਰ ਪਾਠਾਤਮਿਕਤਾ ਦੇ ਸੰਕਲਪ ਨੂੰ ਮਗਰੋਂ ਜੂਲੀਆ ਕ੍ਰਿਸਤੀਵਾ ਨੇ ਵਿਕਸਿਤ ਕਰਕੇ ਵੱਡੀ ਪੱਧਰ ਤੇ ਵਰਤਿਆ। ਅੰਤਰ ਪਾਠਾਤਮਿਕਤਾ ਦੀ ਇਹ ਧਾਰਨਾ ਵੀ ਉੱਤਰ ਸੰਰਚਨਾਵਾਦੀ ਚਿੰਤਨ ਦਾ ਇੱਕ ਵੱਡਾ ਆਧਾਰ ਬਣ ਗਈ। ਪ੍ਰਵਚਨ ਦੀ ਪੱਧਰ ਤੇ ਅੰਤਰ ਪਾਠਾਤਮਿਕਤਾ ਨੂੰ ਵਿਚਾਰਿਆਂ ਉੱਤਰ ਸੰਰਚਨਾਵਾਦੀਆਂ ਦਾ ਵਿਚਾਰ ਹੈ ਕਿ ਪ੍ਰਵਚਨ ਕਿਉਂਕਿ ਇੱਕ ਵੱਡੇ ਪ੍ਰਵਚਨ ਪ੍ਰਬੰਧ ਦਾ ਅੰਗ ਹੁੰਦੇ ਹਨ, ਇਸ ਲਈ ਕਿਸੇ ਵੀ ਪ੍ਰਵਚਨ ਦੇ ਉਸ ਪ੍ਰਵਚਨ ਪ੍ਰਬੰਧ ਵਿੱਚ ਵਿਚਰਦਿਆਂ ਦੂਜੇ ਪ੍ਰਵਚਨਾਂ ਨਾਲ ਅੰਤਰ ਪਾਠ ਤਾਂ ਵਾਲੇ ਸੰਬੰਧ ਹੁੰਦੇ ਹਨ ।ਜਿਨ੍ਹਾਂ ਦੇ ਸੰਦਰਭ ਵਿੱਚ ਵਿਚਰਦਿਆਂ ਹੀ ਉਹ ਆਪਣੇ ਅਰਥ ਉਪਜਾਉਂਦਾ ਹੈ। ਇਸ ਲਈ ਪ੍ਰਵਚਨ ਦੀ ਇਸ ਮੁੱਖ ਅੰਤਰ ਪਾਠਾਂ ਦੀ ਲੜੀ ਵਿੱਚ ਬੱਝੇ ਹੁੰਦੇ ਹਨ ਇਸੇ ਕਰਕੇ ਅੰਤਰ ਪਾਠਾਤਮਿਕਤਾ ਦਾ ਇਹ ਸੰਕਲਪ ਉੱਤਰ ਸੰਰਚਨਾਵਾਦੀ ਵਿਸ਼ਲੇਸ਼ਣ ਵਿੱਚ ਖਾਸ ਹੈਸੀਅਤ ਰੱਖਦਾ ਹੈ ।

ਫੂਕੋ ਦਾ ਸਭ ਤੋਂ ਵਧੇਰੇ ਪਬੁੱਧ ਅਮਰੀਕੀ ਸ਼ਾਗਿਰਦ ਐਡਵਰਡ ਸਈਦ ਹੈ । ਫਿਲਿਸਤੀਨੀ ਹੋਣ ਦੇ ਨਾਤੇ ਉਹ ਫੂਕੇ ਦੇ ਉੱਤਰ-ਸੰਰਚਨਾਵਾਦੀ ਚਿੰਤਨ ਵਿਚ, ਜਿਹੜਾ ਨੀਤਸ਼ੇ ਦੇ ਪ੍ਰਭਾਵ ਵਿਚ ਰੰਗਿਆ ਹੋਇਆ ਹੈ, ਵਿਸ਼ੇਸ਼ ਆਕਰਸ਼ਨ ਦਾ ਅਨੁਭਵ ਕਰਦਾ ਹੈ, ਕਿਉਂਕਿ ਉਸਦੇ ਮਾਧਿਅਮ ਰਾਹੀਂ ਉਹ ਪ੍ਰਵਚਨਗਤ ਤੇ ਤਰਕਯੁਕਤ ਭਾਸ਼ਣ ਦੇ ਸਿਧਾਂਤ Theory of discourse ਨੂੰ ਰਾਜਨੀਤਕ ਤੇ ਸਾਮਾਜਿਕ ਸੰਘਰਸ਼ ਦੀ ਠੀਕ ਮੰਝਧਾਰ ਨਾਲ ਜੋੜ ਸਕਦਾ ਹੈ। ਉਸਦੀ ਅਤਿਅੰਤ ਮਹੱਤਵਪੂਰਣ ਰਚਨਾਂ Orientalism 1978 ਨੇ ਪੱਛਮੀ ਪੂਰਬਵੇਤਾਵਾਂ ਦੀਆਂ ਮਾਨਸਿਕ ਪ੍ਰਵਿਰਤੀਆਂ ਨੂੰ ਜਿਸ ਤਰਾਂ ਉਘਾੜਿਆ ਹੈ, ਉਸਦੇ ਪ੍ਰਭਾਵਾਂ ਨੂੰ ਸੱਟ ਮਾਰਨ ਵਾਲਾ ਹੀ ਆਖਿਆ ਜਾ ਸਕਦਾ ਹੈ । ਉਸਨੇ ਤਰਕ-ਸੰਗਤ ਬਹਿਸ ਕੀਤੀ ਹੈ ਕਿ ਕਿਸ ਤਰ੍ਹਾਂ ਪੀੜ੍ਹੀ-ਦਰ-ਪੀੜ੍ਹੀ ਪੂਰਬਵੇਤਾਵਾਂ ਨੇ ਪੂਰਬ ਦੇ ਬਿੰਬ ਨੂੰ ਪੱਛਮ ਵਾਲਿਆਂ ਦੀ ਦ੍ਰਿਸ਼ਟੀ ਵਿਚ ਤਬਾਹ ਕੀਤਾ ਅਤੇ ਪੂਰਬ ਦੀ ਵਿਚਾਰਕ ਸਾਹਿਤਕ, ਅਧਿਆਤਮਕ ਤੇ ਸਭਿਆਚਾਰਕ ਦੌਲਤ ਤੇ ਬੌਧਿਕ ਪ੍ਰਵਿਰਤੀਆਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ | ਐਡਵਰਡ ਸਈਦ ਨੇ ਉਸਦਾ ਸੰਬੰਧ ਪੱਛਮੀ ਸਾਮਰਾਜ ਦੇ ਸੱਤਾਵਾਦੀ ਪ੍ਰਵਚਨ ਨਾਲ ਜੋੜਿਆ ਹੈ ਅਤੇ ਉਸਨੇ ਵਿਆਪਕ ਪੱਧਰ ਉੱਤੇ ਚੁਣੌਤੀ ਦਿੱਤੀ ਹੈ ਕਿ ਕਿਸ ਤਰ੍ਹਾਂ ਪੱਛਮ ਸਾਡੇ ਪੁਰਾਤਨ ਗਿਆਨ ਨੂੰ ਆਪਣੇ ਅਨੁਕੂਲ ਢਾਲਦਾ ਰਿਹਾ ਹੈ, ਲੇਕਿਨ ਉਸਦੇ ਮੂਲ ਨੂੰ ਨਸ਼ਟ ਕਰਦਾ ਰਿਹਾ ਹੈ । ਤਰਕ ਨੂੰ ਅਗਾਂਹ ਵਧਾਉਂਦਿਆਂ ਹੋਇਆਂ ਐਡਵਰਡ ਸਈਦ ਆਖਦਾ ਹੈ ਕਿ ਕੋਈ 'ਪਵਚਨ ਨਾ ਸਿਰਫ ਸ਼ਕਤੀ ਰੱਖਦਾ ਹੈ, ਸਗੋਂ ਅਸਹਿਮਤੀ ਨੂੰ ਵੀ ਪ੍ਰੇਰਿਤ ਕਰਦਾ ਹੈ ।

ਸਾਹਿਤਕ ਆਲੋਚਕ ਦੀ ਸ਼ਕਤੀ ਦੇ ਸੰਬੰਧ ਵਿਚ ਐਡਵਰਡ ਸਈਦ ਦਾ ਕਹਿਣਾ ਹੈ ਕਿ ਜਦੋਂ ਅਸੀਂ ਕੋਈ ਆਲੋਚਨਾਤਮਕ ਆਲੇਖ ਲਿਖਦੇ ਹਾਂ, ਤਾਂ ਸਾਹਿਤਕ ਪਾਠ ਤੇ ਪਾਠਕ ਦੇ ਨਾਲ ਸਾਡੇ ਜੋ ਵੀ ਸੰਬੰਧ ਹੋ ਸਕਦੇ ਹਨ, ਉਨ੍ਹਾਂ ਵਿਚੋਂ ਕਿਸੇ ਇਕ ਜਾਂ ਇਕ ਤੋਂ ਵਧੇਰੇ ਦ੍ਰਿਸ਼ਟੀਕੋਣ ਨੂੰ ਅਸੀਂ ਅਪਣਾਉਂਦੇ ਹਾਂ | ਆਲੋਚਨਾ ਸਾਹਿਤਕ ਪਾਠ ਤੇ ਪਾਠਕ ਦੇ ਜਾਂ ਤਾਂ ਵਿਚਕਾਰ ਸਥਿਤ ਹੋ ਸਕਦੀ ਹੈ ਜਾਂ ਉਹ ਇਨ੍ਹਾਂ ਦੋਹਾਂ ਵਿਚੋਂ ਕਿਸੇ ਇਕ ਦਾ ਪੱਖ ਲਵੇਗੀ । ਇਤਿਹਾਸਕ ਪਰਿਪੇਖ ਦੇ ਸੰਬੰਧ ਵਿਚ ਉਹ ਆਖਦਾ ਹੈ ਕਿ ਆਲੋਚਕ ਅਤੀਤ ਦੇ ਪਾਠ ਦਾ ਅਧਿਐਨ ਨਿਸ਼ਕ੍ਰਿਯ ਰੂਪ ਵਿਚ ਉਸਦੇ ਇਕ ਪੱਖੀ ਅਰਥ ਨੂੰ ਪ੍ਰਸਤੁਤ ਕਰਕੇ ਨਹੀਂ ਕਰ ਸਕਦਾ । ਉਹ ਵਰਤਮਾਨ ਯੁੱਗ ਦੇ 'ਪੁਰਾਲੇਖ' ਦੇ ਅੰਦਰ ਬੈਠ ਕੇ ਅਰਥਾਤ ਉਨ੍ਹਾਂ ਉਮੀਦਾਂ ਤੇ ਜ਼ਰੂਰਤਾਂ ਤੋਂ ਨਜ਼ਰ ਫੇਰ ਕੇ, ਜਿਨਾਂ ਨੂੰ ਸ਼ਕਤੀ ਦੀ ਖੇਡ ਨੇ ਉਤਪੰਨ ਕੀਤਾ ਹੈ, ਲਿਖ ਹੀ ਨਹੀਂ ਸਕਦਾ | ਭਾਵ ਇਹ ਕਿ ਪਾਠ ਦੇ ਅ-ਪਾਠਕੀ non-textual ਤੱਤ ਦੀ ਐਡਵਰਡ ਸਈਦ ਦੇ ਕਥਨ-ਅਨੁਸਾਰ ਅਵੱਗਿਆ ਕੀਤੀ ਹੀ ਨਹੀਂ ਜਾ ਸਕਦੀ । ਉਸ ਨੇ ਕਿਹਾ ਹੈ ਕਿ ਪੱਛਮੀ ਚਿੰਤਕਾਂ ਨੇ ਪੂਰਬ ਦੇ ਪੁਰਾਤਨ ਗਿਆਨ ਭਾਵ ਪੂਰਬ ਦੇ ਵਿਚਾਰਧਾਰਕ, ਸਾਹਿਤਕ, ਸੱਭਿਆਚਾਰਕ, ਅਧਿਆਤਮਕ ਅਤੇ ਬੌਧਿਕ ਗਿਆਨ ਨੂੰ ਆਪਣੇ ਪੱਛਮੀ ਚੋਟੀ ਵਿੱਚ ਫਿੱਟ ਕਰਕੇ ਪੱਛਮੀ ਸਾਮਰਾਜ ਦੇ ਸੱਤਾਵਾਦੀ ਪ੍ਰਵਚਨ ਨਾਲ ਜੋੜ ਲਿਆ ਹੈ। ਇਸ ਤਰ੍ਹਾਂ ਪੱਛਮੀ ਚਿੰਤਕਾਂ ਨੇ ਪੂਰਬ ਦੇ ਬਿੰਬ ਨੂੰ ਪੱਛਮੀ ਲੋਕਾਂ ਦੀ ਨਜ਼ਰ ਵਿੱਚ ਤਬਾਹ ਕਰਕੇ ਆਪਣੇ ਸਾਮਰਾਜੀ ਸੱਤਾਵਾਦੀ ਪ੍ਰਵਚਨ ਨੂੰ ਪਰਸਾਰਿਆ ਹੈ ਪਰ ਉਸ ਦੇ ਮੂਲ ਭਾਵ ਪੁਰਾਤਨ ਪੂਰਬੀ ਗਿਆਨ ਦੇ ਪ੍ਰਵਚਨ ਨੂੰ ਨਸ਼ਟ ਕਰ ਦਿੱਤਾ ਹੈ । ਇਵੇਂ ਫੂਕੋ ਦੇ ਪ੍ਰਵਚਨ ਨੂੰ ਵਿਸਥਾਰਦਿਆਂ ਐਡਵਰਡ ਸਈਦ ਪ੍ਰਵਚਨ / ਡਿਸਕੋਰਸ ਆਫ ਪਾਵਰ ਨੂੰ ਅਸਹਿਮਤੀ ਦੇ ਪ੍ਰਵਚਨ ਤੱਕ ਲੈ ਜਾਂਦਾ ਹੈ; ਜੋ ਆਖਰਕਾਰ ਸ਼ਕਤੀ ਦੇ ਪ੍ਰਵਚਨ ਤੇ ਰਾਜ ਸੱਤਾ ਨੂੰ ਚੁਣੌਤੀ ਦੇਣ ਵਾਲਾ ਹੁੰਦਾ ਹੈ ।ਸਾਹਿਤ

ਅਧਿਐਨ ਸਮੇਂ ਇਤਿਹਾਸਕ ਪੱਖ ਨੂੰ ਵਰਤਮਾਨ ਨਾਲ ਸੁਮੇਲ ਕੇ ਦੇਖਣ ਵਾਲੀ ਉਸ ਦੀ ਦ੍ਰਿਸ਼ਟੀ ਸਬੰਧੀ ਡਾ ਹਰਭਜਨ ਸਿੰਘ ਭਾਟੀਆ ਆਪਣੇ ਲੇਖ 'ਉੱਤਰ ਸੰਰਚਨਾਵਾਦ ਅਤੇ ਪੰਜਾਬੀ ਸਮੀਖਿਆ ' ਵਿੱਚ ਲਿਖਦੇ ਹਨ :-

ਸਾਹਿਤ ਅਧਿਐਨ ਸਮੇਂ ਅਤੀਤ ਤੇ ਵਰਤਮਾਨ ਦੀ ਸੰਪਾਦਕਾ ਦਾ ਪੱਖ ਪੂਰਦਿਆਂ ਉਸ ਨੇ ਇੱਕ ਭਰਤੀ ਦੀ ਬਜਾਏ ਐਸੀ ਅੰਤਰ ਅਨੁਸ਼ਾਸਨੀ ਪਹੁੰਚ ਦਾ ਪੱਖ ਪੂਰਿਆ ਜਿਹੜੀ ਅਧਿਐਨ ਵਸਤੂ ਦੀ ਦੀਆਂ ਵਿਭਿੰਨ ਪਰਤਾਂ ਦਾ ਵਿਸ਼ਲੇਸ਼ਣ ਕਰਨ ਦੇ ਸਮਰੱਥ ਹੋ ਸਕੇ। ਪ੍ਰਵਚਨ /ਡਿਸਕੋਰਸ ਪਦ ਦੀ ਅਧਿਕ ਵਰਤੋਂ ਮਿਸ਼ੈਲ ਫੂਕੋ ਦੁਆਰਾ ਕੀਤੀ ਗਈ ਹੈ ਅਤੇ ਇਹ ਇੱਕ ਅਜਿਹਾ ਪਦ ਹੈ ਜਿਸ ਦਾ ਬਹੁਤ ਪਰਸਪਰ ਵਿਰੋਧਤਾਵਾਂ ਵਾਲਾ ਅਤੇ ਗੁੰਝਲਦਾਰ ਹੈ। ਫੂਕੋ ਨੇ ਆਪਣੇ ਅਧਿਐਨ ਕਾਰਜ ਵਿੱਚ ਇਸ ਨੂੰ ਕਈ ਤਰੀਕਿਆਂ ਨਾਲ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਉਸ ਦੁਆਰਾ ਵੱਖ ਵੱਖ ਚੀਜ਼ਾਂ ਨੂੰ ਪ੍ਰਗਟਾਉਣ ਲਈ ਪ੍ਰਵਚਨ ਦੀ ਕੀਤੀ ਗਈ ਵਰਤੋਂ ਵਿੱਚੋਂ ਖ਼ੁਦ ਪ੍ਰਵਚਨ ਵੀ ਪ੍ਰਭਾਵਿਤ ਹੋ ਜਾਂਦਾ ਹੈ । ਜਿਸ ਸਬੰਧੀ ਸਾਰਾ ਮਿਲਜ਼ ਦਾ ਵਿਚਾਰ ਹੈ ਕਿ ਫੂਕੋ ਨੇ ਪ੍ਰਵਚਨ ਨੂੰ ਸਾਰੇ ਤਰ੍ਹਾਂ ਦੇ ਉਚਾਰਾਂ ਅਤੇ ਕਥਨਾਂ ਵਾਂਗ ਲਿਆ ਹੈ ਜਿਹੜੇ ਕੁਝ ਅਰਥ ਅਤੇ ਪ੍ਰਭਾਵ ਰੱਖਦੇ ਹਨ। ਇਵੇਂ ਹੀ ਉਹ ਪ੍ਰਵਚਨ ਨੂੰ ਉਨ੍ਹਾਂ ਕਥਨਾਂ ਵਾਂਗ ਹੀ ਦੇਖਦਾ ਹੈ ਜਿਹੜੇ ਸਮੂਹ ਦਾ ਨਿਰਮਾਣ ਕਰਦੇ ਹਨ ਜਿਵੇਂ ਜਿਹੜੇ ਮਿਲ ਕੇ ਨਾਰੀਵਾਦੀ ਪ੍ਰਵਚਨ ਜਾਂ ਨਸਲਵਾਦੀ ਪ੍ਰਵਚਨ ਆਦਿ ਨੂੰ ਉੱਪ ਜਾਂਦੇ ਹਨ। ਪ੍ਰਵਚਨ ਨੂੰ regulated practices ਕਹਿਣ ਤੋਂ ਉਸ ਦਾ ਭਾਵ ਇਹ ਹੈ ਕਿ ਪ੍ਰਵਚਨ ਕੁਝ ਅਣਲਿਖੇ ਨਿਯਮਾਂ ਅਤੇ ਸੰਰਚਨਾਵਾਂ ਵਾਂਗ ਕਾਰਜ ਕਰਦਾ ਹੈ ਜਿਹੜੇ ਕੁਝ ਖਾਸ ਉਚਾਰਾਂ ਅਤੇ ਕਥਨਾਂ ਨੂੰ ਉਪਜਾਉਂਦੇ ਹਨ । ਫੂਕੋ ਕਥਨਾਂ ਅਤੇ ਪਾਠਾਂ ਦੇ ਉਤਪੰਨ ਹੋਣ ਦੀ ਬਜਾਏ ਉਨ੍ਹਾਂ ਨੂੰ ਉਪਜਾਉਣ ਪਿੱਛੋਂ ਕਾਰਜਸ਼ੀਲ ਅਣਲਿਖਤ ਨਿਯਮਾਂ ਪ੍ਰਤੀ ਵਧੇਰੇ ਉਤਸਕ ਹੈ। ਇਹ ਅਣਲਿਖਤ ਰਚਨਾਵਾਂ ਦੇ ਲਿਖੇ ਜਾਣ ਪਿੱਛੇ ਕਾਰਜਸ਼ੀਲ ਸਮੁੱਚੇ ਪ੍ਰਬੰਧ ਵਿੱਚੋਂ ਹੁੰਦੇ ਹਨ। ਫੂਕੋ ਅਨੁਸਾਰ ਪ੍ਰਵਚਨ ਨਿਯਮਬੱਧ ਕਥਨਾਂ ਦਾ ਸਮੂਹ ਹੁੰਦਾ ਹੈ ਜਿਹੜਾ ਦੂਸਰੇ ਕਥਨਾਂ ਨਾਲ ਪੂਰਵ ਅਨੁਮਾਨਿਤ ਤਰੀਕਿਆਂ ਨਾਲ ਜੁੜਿਆ ਹੁੰਦਾ ਪ੍ਰਵਚਨ ਨੂੰ ਨਿਯਮਾਂ ਦੇ ਸਮੂਹ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ। ਜਿਹੜੇ ਕਿ ਕੁਝ ਨਿਸਚਿਤ ਉਚਾਰਾਂ ਅਤੇ ਕਥਨਾਂ ਨੂੰ ਵਰਗੀਕ੍ਰਿਤ ਕਰਦੇ ਅਤੇ ਪ੍ਰਸਾਰਿਤ ਕਰਦੇ ਹਨ ਇੱਥੇ ਕੁਝ ਕਥਨਾਂ ਨੂੰ ਵੱਡੇ ਪੱਧਰ ਤੇ ਪ੍ਰਸਾਰਿਤ ਕੀਤਾ ਜਾਂਦਾ ਹੈ ਅਤੇ ਕੁਝ ਦੇ ਪ੍ਰਸਾਰਨ ਫੈਲਾਓ ਉੱਤੇ ਬੰਦਸ਼ਾਂ ਲਾਈਆਂ ਜਾਂਦੀਆਂ ਹਨ। ਇਸ ਦੀ ਉਦਾਹਰਨ ਦਿੰਦੇ ਹਨ ਫੂਕੋ ਕਹਿੰਦਾ ਹੈ ਕਿ ਜਿਵੇਂ ਪੱਛਮੀ ਸਮਾਜ ਵਿੱਚ ਬਾਈਬਲ ਦੀ ਕਾਪੀ ਬਹੁਤ ਸਾਰੇ ਘਰਾਂ ਵਿੱਦਿਅਕ ਅਦਾਰਿਆਂ ਆਦਿ ਚ ਉਪਲੱਬਧ ਹੈ ਅਤੇ ਬਹੁਤ ਸਾਰੇ ਅਧਿਆਪਕ ਅਤੇ ਹੋਰ ਵਿਦਵਾਨ ਆਪਣੇ ਕਥਨਾਂ ਦੀ ਪੁਸ਼ਟੀ ਲਈ ਵਿੱਦਿਅਕ ਅਦਾਰਿਆਂ ਵਿੱਚ ਪੜ੍ਹਾਉਂਦੇ ਸਮੇਂ ਜਾਂ ਅਖ਼ਬਾਰਾਂ ਰਸਾਲਿਆਂ ਵਿੱਚ ਆਪਣੀ ਲਿਖਤ ਸਮੇਂ ਬਾਈਬਲ ਵਿੱਚੋਂ ਕਥਨਾਂ ਦੀਆਂ ਟੂਕਾਂ ਨੂੰ ਵਰਤ ਕੇ ਬਾਈਬਲ ਦੇ ਗਿਆਨ ਪ੍ਰਵਚਨ ਨੂੰ ਪ੍ਰਸਾਰ ਦੇ ਫੈਲਾਉਂਦੇ ਹਨ ਇਵੇਂ ਹੀ ਖ਼ੁਦ ਬਾਈਬਲ ਉੱਤੇ ਕੀਤੇ ਜਾਂਦੇ ਅਧਿਐਨ ਸਮੇਂ ਬਾਈਬਲ ਦੇ ਕਥਨਾਂ ਅਤੇ ਚਿੰਤਕਾਂ ਵੱਲੋਂ ਦਿੱਤੀਆਂ ਜਾਂਦੀਆਂ ਟਿੱਪਣੀਆਂ ਨਾਲ ਵੀ ਇੱਕ ਅਜਿਹੇ ਪ੍ਰਵਚਨ ਦਾ ਨਿਰਮਾਣ ਹੁੰਦਾ ਰਹਿੰਦਾ ਹੈ; ਜਿਹੜਾ ਪੱਛਮੀ ਸਮਾਜ ਚ ਹਰ ਸਮੇਂ ਪ੍ਰਸਾਰਿਤ ਹੁੰਦਾ ਰਹਿੰਦਾ ਹੈ ਪਰ ਇਨ੍ਹਾਂ ਪੱਛਮੀ ਸਮਾਜਾਂ ਵਿੱਚ ਦੂਜੀਆਂ ਧਾਰਮਿਕ ਪੁਸਤਕਾਂ ਦੇ ਕਥਨਾਂ ਦਾ ਪ੍ਰਸਾਰ ਬਾਈਬਲ ਦੇ ਪ੍ਰਵਚਨ ਵਾਂਗ ਨਹੀਂ ਕੀਤਾ ਜਾਂਦਾ ਇਸ ਤਰ੍ਹਾਂ ਫੂਕੋ ਦੀ ਛੇਕਣ ਰੋਕਣ ਵੱਖਰੇ ਆਉਣ exclusion ਦੀ ਧਾਰਨਾ ਉਸ ਦੇ ਪ੍ਰਵਚਨ ਬਾਰੇ ਚਿੰਤਨ ਵਿੱਚ ਬੜੀ ਮਹੱਤਵਪੂਰਨ ਹੈ। ਉਸ ਅਨੁਸਾਰ ਪ੍ਰਵਚਨ ਨੂੰ ਕਥਨਾਂ ਦੇ ਉਸ ਸਮੂਹ ਵਾਂਗ ਜਿਹੜਾ ਕੁਝ ਆਪਸੀ ਸੰਬੰਧ ਤਾਂ ਸੰਗਤੀ ਵਾਲਾ ਹੁੰਦਾ ਹੈ ਦੀ ਬਜਾਏ ਅਸੀਂ ਪ੍ਰਵਚਨ ਨੂੰ ਇੱਕ ਵਿਦਵਾਨ ਜਾਂ ਹੋਂਦਸ਼ੀਲ ਚੀਜ਼ ਵਜੋਂ ਵੀ ਵੇਖ ਸਕਦੇ ਹਾਂ ਕਿਉਂਕਿ ਕਿਰਿਆਵਾਂ ਵਿਵਹਾਰਾਂ ਦੀ ਕੁਝ ਜਟਿਲ ਸਮੂਹ ਇਸ ਨੂੰ ਪ੍ਰਸਾਰਨ ਵਿੱਚ ਰੱਖਣ ਦੀ ਕੋਸ਼ਿਸ਼ ਕਰਦੇ ਹਨ ਇਵੇਂ ਹੀ ਕੁਝ ਦੂਜੀਆਂ ਕਿਰਿਆਵਾਂ ਇਸ ਨੂੰ ਹੋਰ ਦੂਜੀਆਂ ਕਥਨਾਂ ਪ੍ਰਵਚਨਾਂ ਤੋਂ ਬਚਾਉਂਦੀਆਂ ਹਨ ਅਤੇ ਉਹ ਉਨ੍ਹਾਂ ਦੂਸਰੇ ਕਥਨਾਂ ਅਤੇ ਟਿੱਪਣੀਆਂ ਨੂੰ ਪ੍ਰਸਾਰਨ ਤੋਂ ਬਾਹਰ ਕਰ ਦਿੰਦੀਆਂ ਹਨ। ਇਹ ਦੂਸਰੇ ਕਥਨ ਜੋ ਕਿਸੇ ਪ੍ਰਵਚਨ ਦੇ ਸੰਗਤੀ ਵਾਲੇ ਸੁਭਾਅ ਅਨੁਕੂਲ ਨਹੀਂ ਹੁੰਦੇ ਹਨ ਉਨ੍ਹਾਂ ਨੂੰ ਪ੍ਰਵਚਨ ਦੇ ਪ੍ਰਸਾਰਨ ਦੇ ਘੇਰੇ ਤੋਂ ਬਾਹਰ ਪੜ੍ਹਨਾ ਹੀ ਛੇਕਣਾ, ਰੋਕ ਲਾਉਣਾ ਜਾਂ ਵੱਖਰਿਆਉਣਾ exclusion ਹੁੰਦਾ ਹੈ । ਕਈ ਲੋਕ ਡਿਸਕੋਰਸ ਨੂੰ ਪਾਵਰ ਨਾਲ ਸਬੰਧਿਤ ਕਰਕੇ ਹੀ ਦੇਖਦੇ ਹਨ ਭਾਵੇਂ ਫੂਕੋ ਦਾ ਪ੍ਰਵਚਨ ਦਾ ਸੰਕਲਪ ਸ਼ਕਤੀ ਨਾਲ ਸੰਬੰਧਿਤ ਹੈ ਪਰ ਇਹ ਸਮਾਜ ਵਿੱਚ ਸੱਕਤੀ ਸੰਬੰਧਾਂ ਦੇ ਆਪਸੀ ਵਿਵਹਾਰ ਸਮੇਂ ਪ੍ਰਤੀਰੋਧ resistance ਨੂੰ ਵੀ ਵਿਚਾਰਦਾ ਹੈ। ਫੂਕੋ ਦੀ ਪ੍ਰਵਚਨ ਦੀ ਧਾਰਨਾ ਮਾਰਕਸਵਾਦੀਆਂ ਦੇ ਵਿਚਾਰਧਾਰਾਂ ਦੇ ਸੰਕਲਪ ਦਾ ਵਿਅਕਤੀਗਤ ਤੌਰ ਤੇ ਲੋਕਾਂ ਉੱਤੇ ਵਿਚਾਰਾਂ ਦੇ ਸਮੂਹ ਨੂੰ ਥੋਪਣ ਵਾਂਗ ਨਹੀਂ ਹੈ। ਫੂਕੋ ਦਾ ਪ੍ਰਵਚਨ ਨੂੰ ਸ਼ਕਤੀ ਨਾਲ ਸਬੰਧਿਤ ਕਰਕੇ ਵਿਚਾਰਨ ਬਾਰੇ ਕਥਨ ਬੜਾ ਉਤਸੁਕਤਾ ਭਰਪੂਰ ਹੈ ਕਿ ਜਿਵੇਂ ਮਾਰਕਸਵਾਦੀ ਸਿਧਾਂਤਕਾਰੀ ਵਿਚਲੀ ਵਿਚਾਰਧਾਰਾ ਹਮੇਸ਼ਾ ਨਾਂਹ ਪੱਖੀ ਬੰਦਸ਼ਾਂ ਪੂਰਨ ਅਤੇ ਕਿਸੇ ਚੀਜ਼ ਪ੍ਰਤੀ ਝੂਠੇ

ਵਿਸ਼ਵਾਸਾਂ ਦੇ ਇੱਕ ਸਮੂਹ ਵਾਂਗ ਹੁੰਦੀ ਹੈ ਪਰ ਫੂਕੋ ਅਨੁਸਾਰ ਪ੍ਰਵਚਨ ਦੋਵੇਂ ਤਰ੍ਹਾਂ ਦੇ ਅਰਥਾਂ ਦਮਨ oppression ਅਤੇ ਪ੍ਰਤੀਰੋਧ resistance ਨੂੰ ਰੱਖਣ ਵਾਲਾ ਹੁੰਦਾ ਹੈ। ਇਵੇਂ ਫੂਕੋ ਅਨੁਸਾਰ ਪ੍ਰਵਚਨ ਦੇ ਅਰਥ ਭਾਸ਼ਾ language ਦੀ ਸਮਾਨਤਾ ਦੇ ਵੀ ਨਹੀਂ ਹਨ ਅਤੇ ਨਾ ਹੀ ਪ੍ਰਵਚਨ ਅਤੇ ਯਥਾਰਥ reality ਵਿੱਚ ਹੀ ਆਮ ਤਰ੍ਹਾਂ ਦੇ ਸਬੰਧ ਮੰਨੇ ਜਾ ਸਕਦੇ ਹਨ। ਪ੍ਰਵਚਨ ਯਥਾਰਥ ਨੂੰ ਆਸਾਨੀ ਨਾਲ ਭਾਸ਼ਾ ਵਿਚ ਰੂਪਾਂਤਰਿਤ ਨਹੀਂ ਕਰਦਾ, ਸਗੋਂ ਇਸ ਨੂੰ ਇੱਕ ਅਜਿਹੇ ਪ੍ਰਬੰਧ ਵਾਂਗ ਸਮਝਣਾ ਚਾਹੀਦਾ ਹੈ ਜਿਹੜਾ ਉਸ ਢੰਗ ਨੂੰ ਸੰਰਚਨਾਬਧ ਕਰਦਾ ਹੈ ਅਤੇ ਜਿਸ ਰਾਹੀਂ ਅਸੀਂ ਯਥਾਰਥ ਦਾ ਅਨੁਭਵ ਕਰਦੇ ਹਾਂ।

ਫੂਕੋ ਅਨੁਸਾਰ ਅਸੀਂ ਪ੍ਰਵਚਨ ਨੂੰ ਇੱਕ ਜ਼ਬਰਦਸਤੀ ਉਲੰਘਨਾ violence ਵਜੋਂ ਸਮਝਦੇ ਹਾਂ ਜਿਹੜੀ ਕੇ ਅਸੀ ਚੀਜ਼ਾਂ ਨਾਲ ਕਰਦੇ ਹਾਂ ਜਾਂ ਇੱਕ ਅਜਿਹੇ ਵਿਵਹਾਰ ਪ੍ਰੈਕਟਿਸ ਵਜੋਂ ਜਿਹੜਾ ਅਸੀਂ ਉਨ੍ਹਾਂ ਚੀਜ਼ਾਂ ਉੱਤੇ ਥੋਪਦੇ ਹਾਂ ਇਸ ਵਿਵਹਾਰ ਦੇ ਸਿੱਟੇ ਵਜੋਂ ਹੀ ਪ੍ਰਵਚਨ ਦੀ ਇੱਕਸਾਰਤਾ ਨਿਯਮਬੱਧਤਾ ਸਾਹਮਣੇ ਆਉਂਦੀ ਹੈ ।

ਫੂਕੋ ਦੇ ਇਸ ਵਿਚਾਰ ਦੀ ਪੁਸ਼ਟੀ ਲਈ ਉਦਾਹਰਣ ਵਜੋਂ ਸਾਰਾ ਮਿਲਜ਼ ਲਿਖਦੀ ਹੈ ਕਿ ਪੱਛਮੀ ਯੂਰਪ ਵਿੱਚ ਰੰਗਾਂ ਨੂੰ ਦਰਸਾਉਣ ਵਾਲੀਆਂ ਕਈ ਸੂਚਕ ਲੜੀਆਂ ਹਨ ਪਰ ਸਾਰੀਆਂ ਹੀ ਭਾਸ਼ਕ ਰੰਗਾਂ ਵਿੱਚ ਇੱਕੋ ਹੀ ਤਰੀਕੇ ਨਾਲ ਭਿੰਨਤਾਵਾਂ ਸਥਾਪਿਤ ਨਹੀਂ ਕਰਦੀਆਂ; ਜਿਵੇਂ ਇਹ ਸਾਰੀਆਂ ਭਾਸ਼ਾਵਾਂ ਹਰੇ ਅਤੇ ਨੀਲੇ ਵਿੱਚ ਅੰਤਰ ਸਥਾਪਿਤ ਨਹੀਂ ਕਰਦੀਆਂ। ਪਰ ਇਸ ਦਾ ਅਰਥ ਇਹ ਨਹੀਂ ਕਿ ਉਹ ਭਾਸ਼ਾਈ ਬੁਲਾਰਾ ਇਨ੍ਹਾਂ ਰੰਗਾਂ ਵਿੱਚ ਪਿੰਡ ਥਾਵਾਂ ਨਹੀਂ ਦਰਸਾ ਸਕਦਾ ਸਗੋਂ ਇਸ ਦਾ ਅਰਥ ਇਹ ਹੈ ਕਿ ਖਾਸ ਸੱਭਿਆਚਾਰ ਵਿੱਚ ਇਸ ਭਿੰਨਤਾ ਨੂੰ ਵਿਸ਼ੇਸ਼ਤਾ ਨਾਲ ਪ੍ਰਗਟਾਇਆ ਹੀ ਨਹੀਂ ਗਿਆ ਹੁੰਦਾ। ਜਿਸ ਕਾਰਨ ਉਸ ਸੱਭਿਆਚਾਰ ਵਾਲੇ ਸਮਾਜ ਦੀ ਭਾਸ਼ਾ ਵਿੱਚ ਭਿੰਨਤਾ ਨੂੰ ਦੂਜੀਆਂ ਭਾਸ਼ਾਵਾਂ ਵਾਂਗ ਨਹੀਂ ਦਰਸਾਉਂਦੀ। ਪਰ ਇਹ ਸੰਭਵ ਹੈ ਕਿ ਉੱਥੇ ਇਨ੍ਹਾਂ ਰੰਗਾਂ ਵਿੱਚ ਕਿਸੇ ਹੋਰ ਤਰ੍ਹਾਂ ਦੀ ਭਿੰਨਤਾ ਮੌਜੂਦ ਹੋਵੇ ਜਾਂ ਫਿਰ ਨਾ ਦੋਵਾਂ ਰੰਗਾਂ ਹਰੇ ਅਤੇ ਨੀਲੇ ਨੂੰ ਇੱਕ ਹੀ ਸਮਝਿਆ ਜਾਂਦਾ ਹੋਵੇ। ਇਸ ਪ੍ਰਕਾਰ ਉਹ ਇੱਕ ਰੂਪਤਾ ਨਿਯਮਬੱਧਤਾ ਜਿਸ ਨੂੰ ਅਸੀਂ ਯਥਾਰਥ ਵਜੋਂ ਆਖਦੇ ਹਾਂ ਉਹ ਪ੍ਰਵਚਨ ਦੀਆਂ ਉਹ ਵਿਲੱਖਣਤਾ ਹੀ ਗੁੰਮਨਾਮ ਇੱਕਰੂਪਤਾ ਦੇ ਨਤੀਜੇ ਵਜੋਂ ਹੋ ਸਕਦੀਆਂ ਹਨ; ਜਿਨ੍ਹਾਂ ਨੂੰ ਅਸੀਂ ਯਥਾਰਥ ਉੱਤੇ ਥੋਪਦੇ ਹਾਂ ਫੂਕੋ ਅਨੁਸਾਰ ਅਸਲ ਵਿੱਚ ਪ੍ਰਵਚਨ ਨੂੰ ਇੱਕ ਅਜਿਹੀ ਚੀਜ਼ ਵਾਂਗ ਸਮਝਣਾ ਚਾਹੀਦਾ ਹੈ ਜਿਹੜੀ ਸਾਡੇ ਅਨੁਭਵਾਂ ਉੱਤੇ ਪਾਬੰਦੀਆਂ ਰੁਕਾਵਟਾਂ ਲਾਉਂਦੀ ਹੈ ।

ਇਸੇ ਵਿਚਾਰਧਾਰਾ ਨੂੰ ਅੱਗੇ ਲਿਜਾਂਦਿਆਂ ਇੱਕ ਹੋਰ ਪੱਖ ਸਾਹਮਣੇ ਆਉਂਦਾ ਹੈ ਜਿਸ ਬਾਰੇ ਫੂਕੋ ਦਾ ਕਹਿਣਾ ਹੈ ਕਿਤੇ ਕੋਈ ਵੀ ਅਤਾਰਕਿਕ ਜਾਂ ਅਸੰਗਤ ਖੇਤਰ ਨਹੀਂ ਹੈ ਅਤੇ ਹਰੇਕ ਚੀਜ਼ ਪ੍ਰਵਚਨ ਦੁਆਰਾ ਨਿਰਮਿਤ ਅਤੇ ਅਨੁਭਵ ਕੀਤੀ ਗਈ ਹੈ। ਫੂਕੋ ਦਾ ਵਿਚਾਰ ਹੈ ਕਿ ਸਾਡਾ ਸਰੀਰ ਭਾਵੇਂ ਕਿ ਸਾਫ਼ ਰੂਪ ਵਿੱਚ ਪਦਾਰਥਕ ਹਸਤੀ ਪਰ ਇਹ ਪੀੜ ਨੂੰ ਵੀ ਮਹਿਸੂਸ ਕਰਦਾ ਹੈ। ਆਕਰਸ਼ਣ ਸ਼ਕਤੀ ਦਾ ਖੇਤਰ ਅਤੇ ਦੁਰਘਟਨਾਵਾਂ ਸਮੇਂ ਚੋਟ ਪੁੱਜਣ ਵਾਲਾ ਵੀ ਹੈ ਤਾਂ ਵੀ ਸਰੀਰ ਨੂੰ ਸਿਰਫ ਤਾਰਕਿਕ ਤਰਕਪੂਰਨ ਦੁਆਰਾ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਜਿਹੜੀ ਕਿ ਸਾਡੇ ਸਰੀਰ ਬਾਰੇ ਸਾਡੀ ਸਮਝ ਦੇ ਪ੍ਰਵਚਨ ਰਾਹੀਂ ਪੈਦਾ ਹੋਣ ਵਿੱਚ ਹੈ। ਭਾਵ ਸੰਸਾਰ ਵਿੱਚ ਅਨੇਕਾਂ ਵਸਤੂਆਂ ਪਦਾਰਥ ਮੌਜੂਦ ਹਨ ਅਤੇ ਘਟਨਾਵਾਂ ਵਾਪਰਦੀਆਂ ਹਨ ਪਰ ਅਸੀਂ ਇਨ੍ਹਾਂ ਘਟਨਾਵਾਂ ਨੂੰ ਅਨੁਭਵ ਕਰਦੇ ਅਤੇ ਪ੍ਰਗਟਾਉਂਦੇ ਸਿਰਫ ਤਾਰਕਿਕ ਸੰਰਚਨਾਵਾਂ ਦੁਆਰਾ ਹੀ ਹਾਂ । ਅਸੀਂ ਹਮੇਸ਼ਾਂ ਚੇਤਨ ਹੁੰਦੇ ਹਾਂ ਕਿ ਪ੍ਰਵਚਨ ਹੀ ਸਾਡੀ ਅਨੁਭਵ ਸਮਰੱਥਾ ਨੂੰ ਸੰਰਚਨਾਵਾਦ ਕਰਦਾ ਹੈ ਇਵੇਂ ਸਾਡੇ ਸਾਰੇ ਅਨੁਭਵ ਅਤੇ ਪ੍ਰਗਟਾਵੇ ਤਾਰਕਿਕ ਸੰਰਚਨਾਵਾਂ ਦੁਆਰਾ ਈ ਜਾਣੇ ਜਾਂਦੇ ਹਨ ਜਿਹੜੀਆਂ ਉਨ੍ਹਾਂ ਦੇ ਖਾਸ ਅਰਥ ਅਤੇ ਪ੍ਰਭਾਵ ਨਿਰਧਾਰਿਤ ਕਰਦੀਆਂ ਹਨ ।

ਫੂਕੋ ਨੇ ਪ੍ਰਵਚਨ ਬਾਰੇ ਵਿਚਾਰ ਦੌਰਾਨ ਨਿਯੰਤਰਣ ਅਤੇ ਬੰਦਸ਼ਾਂ ਰਚਨਾਵਾਂ ਤੇ ਵੀ ਧਿਆਨ ਕੇਂਦਰਿਤ ਕੀਤਾ ਹੈ ਉਸ ਅਨੁਸਾਰ ਭਾਵੇਂ ਅਸੀਂ ਮੁੱਖ ਕਿਸਮਾਂ ਦੇ ਵਾਕ ਉਚਾਰਨ ਦੀ ਸਮਰੱਥਾ ਰੱਖਦੇ ਹਾਂ ਪਰ ਅਸੀਂ ਆਪਣੇ ਬੋਲਾਂ ਦੀ ਚੋਣ ਬੜੇ ਸੀਮਿਤ ਘੇਰੇ ਵਿੱਚੋਂ ਹੀ ਕਰਦੇ ਹਾਂ। ਜਦੋਂ ਅਸੀਂ ਕੁਝ ਕਹਿਣ ਬਾਰੇ ਸੋਚਦੇ ਹਾਂ ਤੇ ਇਕ ਖ਼ਾਸ ਵਿਸ਼ੇ ਖੇਤਰ ਤੇ ਧਿਆਨ ਕੇਂਦਰਿਤ ਕਰਦੇ ਹਾਂ। ਉਸ ਵਿਸ਼ੇ ਬਾਰੇ ਕੁਝ ਕਹਿਣ ਲਈ ਅਸੀਂ ਖ਼ੁਦ ਨੂੰ ਅਧਿਕਾਰਿਤ ਤੌਰ ਤੇ ਯੋਗ ਬਣਾਉਂਦੇ ਹਾਂ ਅਤੇ ਇਸ ਪ੍ਰਕਿਰਿਆ ਦੌਰਾਨ ਉਸ ਵਿਸ਼ੇ ਖੇਤਰ ਸਬੰਧੀ ਆਪਣੀ ਸੋਚਣ ਦੇ ਢੰਗ ਵਿੱਚ ਕੁਝ ਜੋੜਦਿਆਂ ਉਸ ਨੂੰ ਸੁਚੱਜਾ ਬਣਾਇਆ ਜਾਂਦਾ ਹੈ । ਪਰ ਮੁਸ਼ਕਿਲ ਹੁੰਦਿਆਂ

ਵੀ ਅਸੰਭਵ ਨਹੀਂ ਹੈ ਕੋਈ ਬੁਲਾਰਾ ਵਿਸ਼ੇ ਸਬੰਧੀ ਨਿਯੰਤਰਣ ਤਾਰਕਿਕ ਬੰਦਸ਼ਾਂ ਤੋਂ ਬਾਹਰ ਸੋਚੇ ਅਤੇ ਉਸ ਨੂੰ ਪ੍ਰਗਟ ਕਰੇ ਕਿਉਂਕਿ ਜੇ ਉਹ ਵਿਸ਼ੇ ਖੇਤਰ ਤੋਂ ਬਾਹਰ ਜਾ ਕੇ ਆਪਣੇ ਕਥਨ ਜਾਂ ਗਿਆਨ ਨੂੰ ਪ੍ਰਗਟਾਵੇਗਾ  ਤਾਂ ਉਹ ਦੂਸਰਿਆਂ ਦੁਆਰਾ ਪਾਗਲ ਜਾਂ ਅਬੋਧ ਸਮਝਿਆ ਜਾਵੇਗਾ। ਫੂਕੋ ਸਮਝਾਉਂਦਾ ਹੈ ਕਿ ਕਿਸੇ ਪ੍ਰਵਚਨ ਦੇ ਆਰੰਭ ਅਤੇ ਅੰਤ ਸਮੇਂ ਕੁਝ ਰਸਮਾਂ ਰਿਵਾਜ ਹੁੰਦੇ ਹਨ। ਉਦਾਹਰਣ ਵਜੋਂ ਉਸ ਅਨੁਸਾਰ ਟੈਲੀਫੋਨ ਤੇ ਗੱਲਬਾਤ ਸਮੇਂ ਅਸੀਂ ਅਚੇਤਨ ਤੌਰ ਤੇ ਹੀ ਕੁਝ ਨਿਯਮਿਤ ਰਵਾਇਤਾਂ ਦੀ ਵਰਤੋਂ ਗੱਲਬਾਤ ਦੇ ਆਰੰਭ ਅਤੇ ਅੰਤ ਸਮੇਂ ਕਰਦੇ ਹਾਂ ਪਰ ਅਸੀਂ ਇਨ੍ਹਾਂ ਰਵਾਇਤੀ ਉਚਾਰਾਂ ਬਾਰੇ ਹਮੇਸ਼ਾ ਨਹੀਂ ਸੋਚਦੇ ਸਗੋਂ ਇਨ੍ਹਾਂ ਵੱਲ ਉਦੋਂ ਹੀ ਤਵੱਜੋਂ ਦਿੰਦੇ ਹਾਂ ਜਦੋਂ ਕਿਸੇ ਵੱਲੋਂ ਇਨ੍ਹਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ ਫੂਕੋ ਅਨੁਸਾਰ ਪ੍ਰਵਚਨਾਂ ਨੂੰ ਨਿਯਮਬੱਧ ਕੀਤਾ ਜਾਂਦਾ ਹੈ ।

ਉਸ ਨੇ ਆਪਣੇ ਆਰਟੀਕਲ The Order of Discourse ਵਿੱਚ ਪ੍ਰਗਟਾਵਾ ਕੀਤਾ ਹੈ ਕਿ ਉਹ ਪ੍ਰਕਿਰਿਆਵਾਂ ਹੀ ਪ੍ਰਵਚਨ ਉੱਤੇ **ਨਿਯੰਤਰਣ** ਲਾਉਂਦੀਆਂ ਹਨ ਅਤੇ ਜੋ ਪ੍ਰਵਚਨ ਦੀ ਪੈਦਾਇਸ਼ ਲਈ ਸੇਧ ਦਿੰਦੀਆਂ ਹਨ । ਉਨ੍ਹਾਂ ਵਿੱਚ ਪ੍ਰਕਿਰਿਆਵਾਂ ਢੰਗਾਂ ਦਾ ਪਹਿਲਾਂ ਸਮੂਹ ਤਿੰਨ ਤਰ੍ਹਾਂ ਦੀ ਬਾਹਰੀ ਵਰਜਨਾਵਾਂ /ਰੋਕਾਂ external exclusions ਹਨ:

1. ਵਰਜਿਤ ਕਰਮ/ ਵਿਵਰਜਿਤ ਠਹਿਰਾਉਣਾ taboo
2. ਪਾਗਲ ਅਤੇ ਸਿਆਣੇ ਵਿੱਚ ਅੰਤਰ ਕਰਨਾ the distinction between the mad and the sane
3. ਸੱਚ ਅਤੇ ਝੂਠ ਵਿੱਚ ਅੰਤਰ ਕਰਨਾ the distinction between true and false

ਵਰਜਿਤ ਕਰਮ/ ਵਿਵਰਜਿਤ ਠਹਿਰਾਉਣਾ (taboo) –

ਇੱਥੇ ਤਬੂ ਮਨਾਈਆਂ ਵਰਜਨਾਵਾਂ ਦੀ ਇੱਕ ਅਜਿਹੀ ਕਿਸਮ ਹੈ ਜਿਹੜੀ ਕੁਝ ਖਾਸ ਵਿਸ਼ੇ ਖੇਤਰਾਂ ਬਾਰੇ ਬੋਲਣ ਨੂੰ ਮੁਸ਼ਕਿਲ ਬਣਾਉਂਦੀ ਹੈ। ਜਿਵੇਂ ਕਿ ਕਾਮੁਕਤਾ ਅਤੇ ਮੌਤ ਦੇ ਵਿਸ਼ੇ ਬਾਰੇ ਅਤੇ ਉਨ੍ਹਾਂ ਤਰੀਕਿਆਂ ਦੇ ਢੰਗਾਂ ਉੱਤੇ ਬੰਦਸ਼ਾਂ ਲਾਉਂਦੀ ਹੈ; ਜਿਨ੍ਹਾਂ ਰਾਹੀਂ ਅਸੀਂ ਇਨ੍ਹਾਂ ਵਿਸ਼ਿਆਂ ਬਾਰੇ ਬੋਲਣਾ ਚਾਹੁੰਦੀ ਹਾਂ ।

ਦੂਜੀ ਬਾਹਰੀ ਵਰਜਨਾਂ ਪਾਗਲ ਅਤੇ ਸਿਆਣੀ ਦੇ ਕਥਨਾਂ ਪ੍ਰਤੀ  ਭਿੰਨਤਾਂ ਵਜੋਂ ਹੈ। ਇਸ ਵਾਰੀ ਫੂਕੋ ਨੇ ਆਪਣੀ ਕਿਤਾਬ Madness and Civilization ਮੈਡਨੇਸ ਐਂਡ ਸਿਵਲਾਈਜ਼ੇਸ਼ਨ ਵਿੱਚ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਲੋਕਾਂ ਜਿਨ੍ਹਾਂ ਨੂੰ ਪਾਗਲ ਸਮਝਿਆ ਜਾਂਦਾ ਹੈ ਉਨ੍ਹਾਂ ਦੇ ਕਥਨਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਉਨ੍ਹਾਂ ਪ੍ਰਤੀ ਅਜਿਹਾ ਵਰਤਾਓ ਕੀਤਾ ਜਾਂਦਾ ਹੈ ਜਿਵੇਂ ਉਨ੍ਹਾਂ ਦੇ ਇਹ ਕਥਨ ਹੋਂਦ  ਹੀ ਨਾ ਰੱਖਦੇ ਹੋਣ ਉਦਾਹਰਨ ਵਜੋਂ ਦੇਖੀਏ ਤਾਂ ਜਿਨ੍ਹਾਂ ਨੂੰ ਪਾਗਲ ਸਮਝਿਆ ਜਾਂਦਾ ਹੈ, ਉਨ੍ਹਾਂ ਨੂੰ ਜ਼ਬਰਦਸਤੀ ਦਵਾਈ ਖਵਾਈ ਜਾਂਦੀ ਹੈ ਭਾਵੇਂ ਉਹ ਇਹ ਕਹਿੰਦੇ ਹਨ ਕਿ ਉਹ ਦਵਾਈ ਨਹੀਂ ਖਾਣਾ ਚਾਹੁੰਦੀ ਪਰ ਉਨ੍ਹਾਂ ਦੇ ਇਨ੍ਹਾਂ ਕਥਨਾਂ ਨੂੰ ਪਾਗਲ ਦੇ ਕਥਨ ਸਮਝ ਕੇ ਰੱਦ ਕਰ ਦਿੱਤਾ ਜਾਂਦਾ ਹੈ ਇਸ ਨਜ਼ਰੀਏ ਤੋਂ ਦੇਖਿਆ ਸਾਫ ਹੈ ਕਿ ਕੇਵਲ ਉਨ੍ਹਾਂ ਲੋਕਾਂ ਦੇ ਕਥਨਾਂ ਤੇ ਹੀ ਧਿਆਨ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਸਿਆਣੇ saneਸਮਝਿਆ ਜਾਂਦਾ ਹੈ ।

ਫੂਕੋ ਅਨੁਸਾਰ ਵਰਜਿਤ ਰੋਕਾਂ ਦਾ ਤੀਜਾ ਅਮਲ ਸੱਚ ਅਤੇ ਝੂਠ ਵਿੱਚ ਵੰਡ ਕਰਨਾ ਹੈ । ਇਸ ਅਨੁਸਾਰ ਉਹ ਲੋਕ ਜੋ ਹੁਕਮ/ ਸੱਤਾ ਦੀ ਪੁਜ਼ੀਸ਼ਨ ਉੱਤੇ ਹੁੰਦੇ ਹਨ ਕੇਵਲ ਉਨ੍ਹਾਂ ਨੂੰ ਹੀ ਵਿਸ਼ੇਸ ਐਕਸਪਰਟ ਮੰਨਿਆ ਜਾਂਦਾ ਹੈ ਅਤੇ ਸਿਰਫ ਉਨ੍ਹਾਂ ਦੇ ਕਥਨਾਂ ਨੂੰ ਹੀ ਸੱਚ ਸਮਝਿਆ ਜਾਂਦਾ ਹੈ ਜਾਂ ਕੇਵਲ ਉਹੀ ਸੱਚ ਬੋਲ ਸਕਦੇ ਹਨ ਪਰ ਉਹ ਲੋਕ ਜਿਹੜੇ ਸੱਤਾ ਸ਼ਕਤੀ ਦੀ ਪੁਜ਼ੀਸ਼ਨ ਵਿੱਚ ਨਹੀਂ ਹਨ ਉਨ੍ਹਾਂ ਦੇ ਕਥਨਾਂ ਨੂੰ ਸੱਚ ਯਥਾਰਥ ਵਜੋਂ ਬੋਲੇ ਗਏ ਨਹੀਂ ਸਮਝਿਆ ਜਾਂਦਾ। ਸੱਚ ਯਥਾਰਥ true ਦੀ ਧਾਰਨਾ ਨੂੰ ਸਪੱਸ਼ਟ ਰੂਪ ਵਿੱਚ ਨਹੀਂ ਲਿਆ ਜਾ ਸਕਦਾ। ਆਪਣੇ ਅਧਿਐਨ ਵਿੱਚ ਫੂਕੋ ਨੇ ਸੱਚ ਨੂੰ ਅਜਿਹੀ ਚੀਜ਼ ਵਜੋਂ ਲਿਆ ਹੈ; ਜਿਸ ਨੂੰ ਸਾਰੇ ਪ੍ਰਕਾਰ ਦੇ ਕਾਰਜਾਂ ਪ੍ਰਕਿਰਿਆਵਾਂ ਅਤੇ ਸੰਸਥਾਵਾਂ ਦੁਆਰਾ ਸਹਾਇਤਾ ਪਹੁੰਚਾ ਕੇ ਭੌਤਿਕ ਦ੍ਰਿਸ਼ਟੀ ਤੋਂ ਸਥਾਪਿਤ ਕੀਤਾ ਜਾਂਦਾ ਹੈ। ਇਹ ਸੰਸਥਾਵਾਂ ਯੂਨੀਵਰਸਿਟੀਆਂ, ਸਰਕਾਰੀ ਅਦਾਰੇ, ਛਾਪੇਖਾਨੇ ਅਤੇ ਵਿਗਿਆਨਿਕ ਅਦਾਰੇ ਆਦਿ ਹੁੰਦੇ ਹਨ।

ਸਾਰੇ ਅਦਾਰੇ ਹੀ ਉਨ੍ਹਾਂ ਕਤਲਾਂ ਨੂੰ ਰੋਕਣ ਜਾਂ ਛੇਕਣ ਦਾ ਕਾਰਜ ਕਰਦੇ ਹਨ ਜਿਨ੍ਹਾਂ ਨੂੰ ਉਹ ਝੂਠ ਵਜੋਂ ਪਛਾਣਦੇ ਹਨ ਅਤੇ ਉਨ੍ਹਾਂ ਕਥਨਾਂ ਨੂੰ ਪ੍ਰਸਾਰਨ ਵਿੱਚ ਜਾਰੀ ਰੱਖਦੇ ਹਨ ਜਿਨ੍ਹਾਂ ਨੂੰ ਕਿ ਉਹ ਸੱਚ ਸਮਝਦੇ ਹਨ। ਫੂਕੋ ਅਨੁਸਾਰ ਕੇਵਲ ਉਹ ਕਥਨ ਹੀ ਪ੍ਰਸਾਰਿਤ ਹੋ ਸਕਦੇ ਹਨ ਜਿਹੜੇ ਕਿ ਸੱਚ ਵਿੱਚੋਂ ਉਪਜੇ ਹਨ। ਫੂਕੋ ਨੇ ਪ੍ਰਵਚਨ ਦੀ ਉਤਪਾਦਨ ਉੱਤੇ ਲੱਗਣ ਵਾਲੀਆਂ ਇਨ੍ਹਾਂ ਤਿੰਨ ਪ੍ਰਕਾਰ ਦੀਆਂ ਬਾਹਰੀ ਰੋਕਾਂ ਜਾਂ ਵਰਜਨਾਵਾਂ ਤੋਂ ਇਲਾਵਾ ਚਾਰ ਤਰ੍ਹਾਂ ਦੀਆਂ ਅੰਦਰੂਨੀ ਰੋਕਾਂ ਦੇ ਢੰਗਾਂ ਨੂੰ ਵੀ ਦਰਸਾਇਆ ਹੈ ।ਇਹ ਹਨ ਟਿੱਪਣੀ Commentary , ਰਚਨਾਕਾਰ the author, ਗਿਆਨ ਸ਼ਾਖਾ discipline ਅਤੇ ਬੋਲਣ ਯੋਗ ਵਿਸ਼ੇ ਦੀ ਦੁਰਲੱਭਤਾ ਜਾਂ ਵਿਰਲਤਾ the rarefaction of the speaking subject. ਇਹ ਸਾਰੇ ਹੀ ਢੰਗ ਹੀ ਪ੍ਰਵਚਨ ਦੇ ਵਰਗੀਕਰਨ, ਉਨ੍ਹਾਂ ਨੂੰ ਸੰਚਾਰਨ ਅਤੇ ਤਰਤੀਬਬੱਧ ਸ਼ੈਲੀਬੱਧ ਕਰਨ ਨਾਲ ਸੰਬੰਧਿਤ ਹਨ ਅਤੇ ਉਨ੍ਹਾਂ ਦਾ ਕਾਰਜ ਅੰਤਿਮ ਤੌਰ ਤੇ ਉਨ੍ਹਾਂ ਲੋਕਾਂ ਵਿੱਚ ਭਿੰਨਤਾ ਸਥਾਪਤ ਕਰਨੀ ਹੈ। ਜਿਹੜੀ ਬੋਲਣ ਲਈ ਅਧਿਕਾਰ ਸੰਪੰਨ ਹਨ ਅਤੇ ਅਧਿਕਾਰ ਸੰਪੰਨ ਨਹੀਂ ਹਨ ਇਸ ਤਰ੍ਹਾਂ ਹੀ ਉਨ੍ਹਾਂ ਪ੍ਰਵਚਨਾਂ ਵਿੱਚ ਭਿੰਨਤਾ ਸਥਾਪਿਤ ਕਰਨਾ ਹੈ ਜਿਹੜੇ ਕਿ ਬੋਲੇ ਜਾਣ ਯੋਗ ਹਨ ਅਤੇ ਜਿਹੜੇ ਬੋਲੇ ਜਾਣ ਯੋਗ ਨਹੀਂ ਹਨ ।ਸੋ ਪਹਿਲੀ ਅੰਦਰੂਨੀ ਰੋਕ/ਵਰਜਨਾਂ ਟਿੱਪਣੀ ਵੱਜੋਂ ਹੈ ਇਹ ਕਿਸੇ ਦੂਜੇ ਦੇ ਕਥਨ ਬਾਰੇ ਲਿਖਤ ਹੁੰਦੀ ਹੈ ਅਤੇ ਤਦ ਸਾਹਿਤਕ ਆਲੋਚਨਾ ਨੂੰ ਵੀ ਟਿੱਪਣੀ ਵਜੋਂ ਮੰਨਿਆ ਜਾ ਸਕਦਾ ਹੈ ।

ਦੂਜੀ ਅੰਦਰੂਨੀ ਵਰਜਨਾ ਕੋਈ ਰਚਨਾਕਾਰ ਇਹ ਧਾਰਨਾ ਵਿਰੋਧਾਭਾਸ ਵਾਲੀ ਹੈ। ਜਿੱਥੇ ਜ਼ਿਆਦਾਤਰ ਲੋਕਾਂ ਲਈ ਰਚਨਾਕਾਰ ਸਪਸ਼ਟ ਰੂਪ ਵਿੱਚ ਟੈਕਸਟ ਦਾ ਰਚੇਤਾ ਲੇਖਕ ਹੀ ਹੈ ਪਰ ਫੂਕੋ ਲਈ ਰਚਨਾਕਾਰ ਦਾ ਅਸਤਿੱਤਵ ਰਚਨਾ ਕਾਰੋਬਾਰੀ ਉਸ ਧਾਰਨਾਂ ਵਜੋਂ ਹੈ ਜਿਸ ਨੂੰ ਪਾਠਾਂ ਟੈਕਸਟ ਦੇ ਸੰਗਠਨਾਤਮਿਕ ਸਿਧਾਂਤ ਵਜੋਂ ਦੇਖਿਆ ਜਾਂਦਾ ਹੈ ਅਤੇ ਜਿਸ ਨੂੰ ਬਹੁ ਭਾਂਤੀ ਅਨੇਕ ਪ੍ਰਕਾਰ ਦੇ ਪਾਠਾਂ ਜਿਹੜੇ ਕਿ ਉਸ ਦੁਆਰਾ ਛਪਵਾਏ ਗਏ ਹੁੰਦੇ ਹਨ ਵਿੱਚ ਇੱਕ ਜੁੜਨਸ਼ੀਲਤਾ ਪ੍ਰਦਾਨ ਕਰਨ ਵਾਲੇ ਵਜੋਂ ਸਮਝਿਆ ਜਾਂਦਾ ਹੈ ਇਸ ਦੀ ਉਦਾਹਰਨ ਵਜੋਂ ਕਿਹਾ ਜਾ ਸਕਦਾ ਹੈ ਕਿ ਕਿਸੇ ਇੱਕ ਰਚਨਾ ਕਾਲ ਦੁਆਰਾ ਭਾਵੇਂ ਵੱਖ ਵੱਖ ਵਿਸ਼ੇ ਖੇਤਰਾਂ ਸਬੰਧੀ ਭਿੰਨ ਭਿੰਨ ਪ੍ਰਕਾਰ ਦੀਆਂ ਪਾਠ ਪੁਸਤਕਾਂ ਲਿਖੀਆਂ ਹੋਣ ਪਰ ਅਸੀਂ ਇੱਕੋ ਕਿਸਮ ਦੀ ਸ਼ੈਲੀ ਕਰਕੇ ਅਤੇ ਇੱਕ ਰਚਨਾਕਾਰ ਦੁਆਰਾ ਰਚੀਆਂ ਹੋਣ ਕਰਕੇ ਪਹਿਲੇ ਪ੍ਰਭਾਵ ਅਧੀਨ ਆਪਸ ਵਿੱਚ ਸਬੰਧਿਤ ਕਰਕੇ ਹੀ ਦੇਖਦੇ ਹਾਂ ਇਨ੍ਹਾਂ ਪਾਠਾਂ ਜਾਂ ਕਿਤਾਬਾਂ ਵਿੱਚ ਭਾਵੇਂ ਸ਼ੈਲੀ ਦੀ ਸਮਾਨਤਾ ਹੋਵੇ ਜਾਂ ਫਿਰ ਵਿਚਾਰਾਂ ਦੀ ਇਹ ਇੱਕੋ ਲੇਖਕ ਦੁਆਰਾ ਲਿਖਿਆ ਹੋਣ ਕਰਕੇ ਕਿਸੇ ਨਾ ਕਿਸੇ ਪੱਧਰ ਤੇ ਜ਼ਰੂਰ ਇੱਕ ਦੂਜੇ ਨਾਲ ਸੰਬੰਧਿਤ ਹੋ ਜਾਂਦੀਆਂ ਹਨ। ਪਰ ਇਨ੍ਹਾਂ ਪਾਠਾਂ ਦਾ ਪੁਸਤਕਾਂ ਵਿੱਚ ਜੁਡੀਸ਼ੀਲਤਾ ਦਰਸਾਉਂਦਿਆਂ ਹਨ। ਫੂਕੋ ਅਸਲ ਲੇਖਕ real author ਦੀ ਬਜਾਏ ਲੇਖਕ ਕਾਰਜ Author-function ਸੰਕਲਪ ਦੀ ਵਰਤੋਂ ਕਰਦਾ ਹੈ। ਲੇਖਕ ਕਾਰਜ ਦੀ ਧਾਰਨਾ ਅਧੀਨ ਕਿਸੇ ਰਚਨਾਕਾਰ ਦੇ ਮੁੱਢਲੇ ਕਾਰਜਾਂ ਰਚਨਾਵਾਂ ਪਰਿਪੱਕਤਾ ਗ੍ਰਹਿਣ ਕਰਨ ਸਮੇਂ ਦੇ ਸ਼ੁਰੂਆਤੀ ਕਾਰਜਾਂ ਅਤੇ ਉਸ ਦੀ ਪ੍ਰੋੜ੍ਹਤਾ ਸਮਾਂ ਦੀਆਂ ਆਖਰੀ ਰਚਨਾਵਾਂ ਵਿੱਚ ਵਿਕਾਸ ਲੜੀ ਨੂੰ ਰੱਖਿਆ ਜਾ ਸਕਦਾ ਹੈ। ਫੂਕੋ ਦੀ ਇਸ ਧਾਰਨਾ ਦੀ ਪ੍ਰੋੜ੍ਹਤਾ ਵਜੋਂ ਸਾਰਾ ਮਿਲਸ ਕਹਿੰਦੀ ਹੈ ਕਿ ਜੇ ਅਸੀਂ ਸ਼ੈਕਸਪੀਅਰ ਦੇ ਕਾਰਜ ਨੂੰ ਦੇਖੀਏ ਤਾਂ ਪਤਾ ਚਲਦਾ ਹੈ ਕਿ ਉਸ ਦੀਆਂ ਸ਼ੁਰੂਆਤੀ ਰਚਨਾਵਾਂ ਪਿਛਲੀਆਂ ਰਚਨਾਵਾਂ ਤੋਂ ਘੱਟ ਵਿਕਸਤ ਹਨ ਅਤੇ ਇਨ੍ਹਾਂ ਦਾ ਅਧਿਐਨ ਸਾਨੂੰ ਸ਼ੈਕਸਪੀਅਰ ਦੇ ਜੀਵਨ ਦੀ ਕਲਪਿਤ ਰੂਪ ਰੇਖਾ ਵਿੱਚ ਪੜਤਾਲਣ ਦੀ ਬਜਾਏ ਇਨ੍ਹਾਂ ਦੇ ਆਪਣੇ ਪਦਾਂ own terms ਅਨੁਸਾਰ ਹੀ ਅਨੁਸਾਰ ਹੀ ਕਰਨਾ ਚਾਹੀਦਾ ਹੈ।

ਪ੍ਰਵਚਨ ਦੇ ਉਤਪਾਦਨ ਉੱਤੇ ਤੀਜੀ ਵਰਜਨਾਂ ਜਾਂ ਰੋਕ ਸਿਧਾਂਤਕ ਸੀਮਾਵਾਂ disciplinary boundary ਦੇ ਰੂਪ ਵਿੱਚ ਇਹ ਸੀਮਾਵਾਂ ਹਨ ਜੋ ਕਿਸੇ ਗਿਆਨ ਖੇਤਰ ਦੀ ਹੱਦਬੰਦੀ ਅਧੀਨ ਲਾਈਆਂ ਜਾਂਦੀਆਂ ਹਨ। ਫੂਕੋ ਅਨੁਸਾਰ ਮਿਸਾਲ ਵਜੋਂ ਜੇ ਅਸੀਂ ਸਮਾਜ ਵਿਗਿਆਨ ਅਨੁਸਾਰ ਕਾਰਜ ਕਰਦੇ ਹਾਂ ਤਾਂ ਅਸੀਂ ਵਿਸ਼ਿਆਂ ਦੀ ਇੱਕ ਨਿਸ਼ਚਿਤ ਲੜੀ ਲਈ ਵਿਧੀ ਵਿਗਿਆਨਿਕ ਵਿਧੀ ਸ਼ਾਸਤਰੀ ਅਤੇ ਸਿਧਾਂਤਕ ਸੰਦਾਂ tools ਦੀ ਇੱਕ ਖਾਸ ਲੜੀ ਉਲੀਕਦੇ ਹਾਂ ਪਰ ਜੇ ਅਸੀਂ ਕਿਸੇ ਦੂਜੇ ਗਿਆਨ ਖੇਤਰ ਜਿਵੇਂ ਭਾਸ਼ਾ ਵਿਗਿਆਨ ਜਾਂ ਮਨੋ ਵਿਗਿਆਨ ਆਦਿ ਵਿਸ਼ੇ ਤੇ ਅਧਿਐਨ ਕਰਦੇ ਹਾਂ ਤਾਂ ਉਸ ਖੋਜ ਪੜਤਾਲ ਲਈ ਬਿਲਕੁਲ ਅਲੱਗ ਪ੍ਰਕਾਰ ਦੇ ਢੰਗ ਤਰੀਕੇ ਦਾ ਸਿਧਾਂਤਕ ਵਿਧੀ ਜਾਂ ਸ਼ਾਸਤਰੀ ਸੰਦ ਵਰਤਣੇ ਪੈਣਗੇ ਇਸ ਪ੍ਰਕਾਰ ਗਿਆਨ ਅਨੁਸ਼ਾਸਨ ਜਾਂ ਗਿਆਨ ਖੇਤਰ ਪ੍ਰਵਚਨ ਦੀ ਉਪਜ ਉੱਪਰ ਇੱਕ ਸੀਮਾ ਵਾਂਗ ਕਾਰਜ ਕਰਦਾ ਹੈ ਕਿਉਂਕਿ ਇਹ ਤਜਵੀਜ਼ ਕਰਦਾ ਹੈ ਜੋ ਜਾਣਦਾ ਹੈ ਕਿ ਕਿਸ ਚੀਜ਼ ਨੂੰ ਕਿਸ ਖਾਸ ਗਿਆਨ ਖੇਤਰ ਵਿੱਚ ਸੰਭਾਵਿਤ ਗਿਆਨ ਵਜੋਂ ਮੰਨਿਆ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਵਿੱਚੋਂ ਹਰੇਕ ਸਖ਼ਤ ਵਿਧੀ ਸ਼ਾਸਤਰੀ ਨੇਮਾਂ ਅਤੇ ਪਰ ਸਥਾਪਨਾਵਾਂ ਅਧੀਨ ਕਾਰਜ ਕਰਦਾ ਹੈ ਸੋ ਗਿਆਨ ਖੇਤਰ ਡਿਸਿਪਲਿਨ ਬਹੁਤ ਬਰੀਕੀ ਨਾਲ ਨਿਸ਼ਚਿਤ ਕੀਤੀਆਂ ਹੋਈਆਂ ਸੀਮਾਵਾਂ ਅੰਦਰ ਰਹਿ ਕੇ ਹੀ ਨਵੇਂ ਕਥਨਾਂ ਦੇ ਪੈਦਾ ਹੋਣ ਦੀ ਆਗਿਆ ਦਿੰਦੇ ਹਨ।

ਫੂਕੋ ਦੁਆਰਾ ਪ੍ਰਵਚਨ ਦੇ ਉਤਪਾਦਨ ਸਬੰਧੀ ਵਰਣਿਤ ਇੱਕ ਹੋਰ ਵਰਜਨਾ ਬੋਲੇ ਜਾਣ ਵਾਲੇ ਵਿਸ਼ੇ ਦੀ ਦੁਰਲੱਭਤਾ /ਵਿਰਲਤਾ ਹੈ ਇਸ ਤੋਂ ਉਸ ਦਾ ਭਾਵ ਇਹ ਹੈ ਕਿ ਅਧਿਕਾਰਿਕ ਤੌਰ ਤੇ ਕੌਣ ਬੋਲ ਸਕਦਾ ਹੈ ਅਤੇ ਉਸ ਉੱਤੇ ਸੀਮਾਵਾਂ ਦੇ ਲਾਗੂ ਹੋਣ ਤੋਂ ਹੈ ਫੂਕੋ ਦੀ ਇਸ ਧਾਰਨਾ ਅਨੁਸਾਰ ਕੁਝ ਪ੍ਰਵਚਨ ਅਜਿਹੇ ਹੁੰਦੇ ਹਨ ਜੋ ਸਾਰਿਆਂ ਲਈ ਖੁੱਲ੍ਹੇ ਅਤੇ ਪਹੁੰਚ ਯੋਗ ਹੁੰਦੇ ਹਨ ਪਰ ਕੁਝ ਅਜਿਹੇ ਵੀ ਹੁੰਦੇ ਹਨ ਜਿਹੜੇ ਬੜੀ ਸੀਮਤ ਪਹੁੰਚ ਵਾਲੇ ਭਾਵ ਘੱਟ ਲੋਕਾਂ ਦੀ ਪਹੁੰਚ ਵਿੱਚ ਹੁੰਦੇ ਹਨ। ਅਧਿਕਾਰਕ ਤੌਰ ਤੇ ਬੋਲਣ ਲਈ ਅਧਿਕਾਰ ਪ੍ਰਾਪਤੀ ਦੀ ਦਿਸ਼ਾ ਵਿੱਚ ਪਰੰਪਰਾਵਾਂ ਰੀਤਾਂ ਇੱਕ ਲੜੀ ਵਾਂਗ ਸਾਹਮਣੇ ਆਉਂਦੀਆਂ ਹਨ ਅਤੇ ਇਹ ਪਰੰਪਰਾਵਾਂ ਉਸ ਖ਼ਾਸ ਸਮੁਦਾਏ ਦੇ ਪ੍ਰਵਚਨ ਵਿੱਚ ਸਮਾ ਜਾਂਦੀਆਂ ਹਨ। ਜਿੱਥੇ ਕਿ ਪ੍ਰਵਚਨ ਨਿਯਤ ਨਿਯਮਾਂ ਅਨੁਸਾਰ ਹੀ ਪ੍ਰਸਾਰਿਤ ਹੁੰਦਾ ਹੈ ਉਦਾਹਰਨ ਵਜੋਂ ਜਿਵੇਂ ਯੂਨੀਵਰਸਿਟੀਆਂ ਵਿੱਚ ਸਿਰਫ਼ ਨਿਸਚਿਤ ਲੋਕ ਹੀ ਲੈਕਚਰ ਦੇ ਸਕਦੇ ਹਨ ਜਿਹੜੇ ਕਿ ਆਮ ਤੌਰ ਤੇ ਖਾਸ ਕਿਸਮ ਦੇ ਬਣਾਏ ਕਮਰਿਆਂ ਵਿੱਚ ਦਿੱਤੇ ਜਾਂਦੇ ਹਨ ਅਤੇ ਜਿੱਥੇ ਲੈਕਚਰਾਰ ਸਾਰਿਆਂ ਦੇ ਸਾਹਮਣੇ ਖਲੋ ਕੇ ਲੈਕਚਰ ਦਿੰਦਾ ਹੈ। ਇੱਥੇ ਸਿਰਫ਼ ਲੈਕਚਰਾਰ ਹੀ ਨਿਸ਼ਚਿਤ ਸਮੇਂ ਤਕ ਬੋਲਦਾ ਹੈ ਅਤੇ ਆਮ ਕਰਕੇ ਕੋਈ ਵਿਦਿਆਰਥੀ ਨਹੀਂ ਬੋਲਦਾ ਕਿਉਂਕਿ ਯੂਨੀਵਰਸਿਟੀ ਦੇ ਅਣਲਿਖਤ ਨਿਯਮ ਇਹ ਦਰਸਾਉਂਦੇ ਹਨ ਕਿ ਲੈਕਚਰ ਦੌਰਾਨ ਅਧਿਕਾਰ ਪੂਰਨ ਤੌਰ ਤੇ ਸਿਰਫ਼ ਅਧਿਆਪਕ ਹੀ ਬੋਲ ਸਕਦਾ ਹੈ ਜੇ ਇਸ ਦੌਰਾਨ ਕੋਈ ਵਿਦਿਆਰਥੀ ਬੋਲੇਗਾ ਤਾਂ ਉਸ ਨੂੰ ਬਾਕੀ ਸਾਰੇ ਲੋਕ ਭਟਕਿਆ ਹੋਇਆ aberrant  ਸਮਝਣਗੇ। ਫੂਕੋ ਦਾ ਵਿਚਾਰ ਹੈ ਕਿ ਸਿੱਖਿਆ ਦਾ ਹਰੇਕ ਪ੍ਰਬੰਧਕੀ ਪ੍ਰਵਚਨਾਂ ਨੂੰ ਬਰਕਰਾਰ ਰੱਖਣ ਅਤੇ ਪ੍ਰਵਚਨਾਂ ਦੀ ਉਚਿਤਤਾ ਨੂੰ ਵਿਸਤਾਰਨ ਦਾ ਢੰਗ ਹੈ ਜੋ ਉਨ੍ਹਾਂ ਗਿਆਨਾਂ ਅਤੇ ਸ਼ਕਤੀਆਂ ਦੁਆਰਾ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਉਹ ਆਪਣੇ ਵਿੱਚ ਸਮਾਈ ਬੈਠੇ ਹਨ ।ਇਸ ਤਰ੍ਹਾਂ ਫੂਕੋ ਨੇ ਯੂਨੀਵਰਸਿਟੀ ਬਾਰੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਯੂਨੀਵਰਸਿਟੀ ਦੇ ਧਿਆਨ ਦਾ ਕੇਂਦਰ ਗਿਆਨ ਦੇ ਪ੍ਰਸਾਰਨ ਪ੍ਰਤੀ ਘੱਟ ਅਤੇ ਨਿਸਚਿਤ ਕਿਸਮ ਦੇ ਗਿਆਨ ਨੂੰ ਛੇਕਣ ਦਾ ਰੋਕਣ ਦੇ ਢੰਗਾਂ ਉੱਤੇ ਵੱਧ ਕੇਂਦਰਿਤ ਹੈ ਅਤੇ ਇਹ ਉਹ ਕਠੋਰ ਪ੍ਰਕਿਰਿਆਵਾਂ ਹਨ ਜਿੱਥੇ ਕਿਸੇ ਵਿਦਿਆਰਥੀਆਂ ਦੇ ਵਿਚਾਰਾਂ ਨੂੰ ਗਿਆਨ ਦੀਆਂ ਉਨ੍ਹਾਂ ਕਿਸਮਾਂ ਅਨੁਸਾਰ ਮੰਨਣ ਲਈ ਪ੍ਰੇਰਿਆ ਜਾਂਦਾ ਹੈ ਜਿਨ੍ਹਾਂ ਨੂੰ ਅਕੈਡਮਿਕ ਮੰਨਿਆ ਜਾਂਦਾ ਹੈ ਇਸ ਪ੍ਰਕਾਰ ਸਮੁੱਚਾ ਪ੍ਰਬੰਧ ਹੀ ਚੁੱਪ ਕਰਾਉਣ silencing ਅਤੇ ਬੋਲਣ ਲਈ ਮਜਬੂਰ ਕਰਨ forcing to speak ਵਾਂਗ ਹੈ ਇਸ ਤਰ੍ਹਾਂ ਅਧਿਆਪਕਾਂ ਅਤੇ ਵਿਦਿਆਰਥੀਆਂ ਦਰਮਿਆਨ ਸ਼ਕਤੀ ਪਾਵਰ ਸਬੰਧਾਂ ਨੂੰ ਉਲੀਕਣ ਸਬੰਧੀ ਵਧੇਰੇ ਤਵੱਜੋਂ ਦਿੱਤੀ ਜਾਂਦੀ ਹੈ ।

ਇਸ ਤਰ੍ਹਾਂ ਪ੍ਰਵਚਨ ਬਾਰੇ ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਇਹ ਇੱਕ ਅਜਿਹਾ ਪਦ ਹੈ ਜਿਹੜਾ ਸਾਰੀ ਤਰ੍ਹਾਂ ਦੇ ਕਥਨਾਂ ਨੂੰ ਦਰਸਾਉਣ ਜਾਂ ਪੇਸ਼ ਕਰਨ ਵਾਲਾ ਉਨ੍ਹਾਂ ਨਿਯਮਾਂ ਨੂੰ ਜਿਨ੍ਹਾਂ ਦੁਆਰਾ ਇਹ ਕਥਨ ਉਪਜੇ ਹਨ, ਉਹ ਪ੍ਰੀਕਿਰਿਆਵਾਂ ਜਿਨ੍ਹਾਂ ਦੁਆਰਾ ਇਹ ਕਥਨ ਪ੍ਰਸਾਰਿਤ ਕੀਤੇ ਜਾਂਦੇ ਹਨ ਅਤੇ ਜਿਨ੍ਹਾਂ ਰਾਹੀਂ ਦੂਸਰੇ ਕਥਨ ਪ੍ਰਸਾਰਨ ਤੋਂ ਰੋਕੇ ਜਾਂਦੇ ਹਨ ਇੱਥੇ ਇਹ ਸਭ ਕੁਝ ਹੀ ਸਮੁੱਚੇ ਰੂਪ ਵਿੱਚ ਪ੍ਰਵਚਨ ਵਜੋਂ ਸਮਝਿਆ ਜਾਂਦਾ ਹੈ ।

ਫੂਕੋ ਦੇ ਪ੍ਰਵਚਨ ਸਿਧਾਂਤ ਨੂੰ ਪੂਰੀ ਤਰ੍ਹਾਂ ਸਪਸ਼ਟੀਕਰਨ ਕਰਨ ਦੇ ਲਈ ਇਨ੍ਹਾਂ ਚਾਰ ਤੱਥਾਂ ਨੂੰ ਵੀ ਸਮਝਣ ਦੀ ਬਹੁਤ ਲੋੜ ਹੈ

ਗਿਆਨ ਮੀਮਾਂਸਾ Epistem

ਫੂਕੋ ਅਨੁਸਾਰ ਗਿਆਨ ਮੀਮਾਂਸਾ ਉਹ ਸਭ ਕੁਝ ਦਾ ਜੋੜ ਨਹੀਂ ਹੁੰਦੀ ਜਿਸ ਨੂੰ ਅਸੀਂ ਇੱਕ ਖਾਸ ਸਮੇਂ ਬਿੰਦੂ ਉੱਤੇ ਜਾਣਦੇ ਹੁੰਦੇ ਹਾਂ ਸਗੋਂ ਇਹ ਇੱਕ ਖ਼ਾਸ ਸਮੇਂ ਉੱਤੇ ਪੈਦਾ ਹੋਣ ਵਾਲੀ ਗਿਆਨਾਂ ਅਤੇ ਉਨ੍ਹਾਂ ਨਿਯਮਾਂ ਦੇ ਆਪਸੀ ਸਬੰਧਾਂ ਦਾ ਸਮੂਹ ਹੁੰਦੀ ਹੈ ਜਿਨ੍ਹਾਂ ਦੁਆਰਾ ਨਵੇਂ ਗਿਆਨ ਨੂੰ ਉਪਜਾਇਆ ਜਾਂਦਾ ਹੈ । ਇਸ ਤਰ੍ਹਾਂ ਇੱਕ ਵਿਸ਼ੇਸ਼ ਸਮੇਂ ਤੇ ਵੱਖ ਵੱਖ ਵਿਗਿਆਨਾਂ ਦੇ ਪ੍ਰਚਲਨ ਵਿੱਚ ਸੰਕਲਪਿਕ ਅਤੇ ਸਿਧਾਂਤਕ ਪੱਧਰਾਂ ਦੇ ਕਾਰਜਸ਼ੀਲ ਹੋਈਆਂ ਕੁਝ ਸਮਾਨਤਾਵਾਂ ਦੇਖੀਆਂ ਜਾ ਸਕਦੀਆਂ ਹਨ ।

ਪੁਰਾਲੇਖ (archive) --- ਫੂਕੋ ਨੇ ਪੁਰਾਲੇਖ ਪਦ ਦੀ ਵਰਤੋਂ ਉਨ੍ਹਾਂ ਅਣ ਲਿਖਤ ਨਿਯਮਾਂ ਨੂੰ ਦਰਸਾਉਣ ਲਈ ਕੀਤੀ ਜਿਹੜੇ ਕੁਝ ਨਿਸਚਿਤ ਕਿਸਮ ਦੇ ਕਥਨਾਂ ਦੇ ਉਤਪਾਦਨ ਦਾ ਮਾਰਗ ਦਰਸ਼ਨ ਕਰਦੇ ਹਨ ਅਤੇ ਉਨ੍ਹਾਂ ਸਾਰੀਆਂ ਤਾਰਕਿਕ ਬਣਤਰਾਂ ਦੇ ਕੁੱਲ ਜੋੜ ਲਈ ਜਿਹੜੀਆਂ ਕਿ ਕਿਸੇ ਇੱਕ ਸਮੇਂ ਉੱਤੇ ਪ੍ਰਸਾਰਨ ਵਿੱਚ ਹੁੰਦੀਆਂ ਹਨ। ਇੱਥੇ ਇਹ ਧਿਆਨ ਦੇਣ ਵਾਲੀ ਗੱਲ ਹੈ ਕਿ ਇਹ ਸਾਰੇ ਨੇਮ ਅਤੇ ਬਣਤਰਾਂ subconscious ਰੂਪ ਵਿੱਚ ਸਾਡੇ ਮਨ ਵਿੱਚ ਸਮਾਈਆਂ ਹੁੰਦੀਆਂ ਹਨ ਇਸੇ ਕਰਕੇ ਅਣਲਿਖਤ ਹੁੰਦੀਆਂ ਵੀ ਹੁੰਦਿਆਂ ਹੋਇਆਂ ਵੀ ਇਹ ਨੇਮ ਤੇ ਤਾਰਕਿਕ ਬਣਤਰਾਂ ਪ੍ਰਵਚਨਾਂ ਦੀ ਉਪਜਣ ਦੀ ਅਗਵਾਈ ਕਰਦੀਆਂ ਹਨ।

ਤਾਰਕਿਕ ਬਣਤਰਾਂ (discursive formation) ਪਦ ਦੀ ਵਰਤੋਂ ਫੂਕੋ ਨੇ ਕੁਝ ਖਾਸ ਪ੍ਰਕਾਰ ਦੇ ਕਥਨਾਂ ਦੀ ਇਕੱਤਰਤਾ ਅਤੇ ਸਮੂਹਾਂ ਦੇ ਨਿਰਮਾਣ ਵਜੋਂ ਕੀਤੀ ਹੈ। ਇਹ ਉਨ੍ਹਾਂ ਕਥਨਾਂ ਦੇ ਸਮੂਹਾਂ ਦਾ ਨਿਰਮਾਣ ਹੁੰਦਾ ਹੈ ਜਿਹੜੇ ਅਕਸਰ ਖਾਸ ਸੰਸਥਾਵਾਂ ਅਤੇ ਸ਼ਕਤੀ/ਪਾਵਰ ਦੇ ਸਥਾਨਾਂ ਨਾਲ ਸੰਬੰਧਿਤ ਹੁੰਦੇ ਹਨ ਅਤੇ ਜਿਹੜੇ ਵਿਅਕਤੀਆਂ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਹੁੰਦੇ ਹਨ। ਇਸ ਪ੍ਰਕਾਰ ਤਾਰਕਿਕ ਸੰਰਚਨਾਵਾਂ ਨੂੰ ਉਨ੍ਹਾਂ ਦੀ ਪੁਖ਼ਤਗੀ ਵਜੋਂ ਸਮਝਣਾ ਚਾਹੀਦਾ ਹੈ। ਜੋ ਇੱਕ ਸਮੂਹ ਵਾਂਗ ਹੁੰਦੀਆਂ ਹਨ ਮਿਸਾਲ ਵਜੋਂ ਇਕੱਠਾਂ ਦਾ ਇੱਕ ਅਜਿਹਾ ਸਮੂਹ ਹੋ ਸਕਦਾ ਹੈ ਜਿਹੜਾ ਕਿਸੇ ਸੰਸਥਾਈ ਦਬਾਅ ਵਜੋਂ ਨਿਰਮਿਤ ਹੋਇਆ ਹੋਵੇ ਜਾਂ ਜਿਹੜਾ ਉਤਪਤੀ ਸਰੋਤ ਦੀਆਂ ਸਮਾਨਤਾਵਾਂ ਕਰਕੇ ਜਾਂ ਉਨ੍ਹਾਂ ਦੁਆਰਾ ਕੀਤੇ ਜਾਂਦੇ ਕਾਰਜਾਂ ਦੀ ਇੱਕ ਸਮਾਨ ਹੋਣ ਨਾਲ ਸੰਗਠਿਤ ਹੋਇਆ ਹੋਵੇ।

ਪ੍ਰਵਚਨਾਂ ਨੂੰ ਪੂਰੀ ਤਰ੍ਹਾਂ ਜੁੜਨ ਸੀਲ ਨਹੀਂ ਸਮਝਣਾ ਚਾਹੀਦਾ ਕਿਉਂਕਿ ਇਹ ਆਪਣੇ ਨਾਲ ਹਮੇਸ਼ਾ ਵਿਰੋਧੀ ਤੇ ਵਿਵਾਦਪੂਰਨ ਕਥਨਾਂ ਦੇ ਸਮੂਹਾਂ ਨੂੰ ਰੱਖਦੇ ਹਨ ਜਿਵੇਂ ਅਸੀਂ ਮਰਦਾਨਗੀ masculinity ਦੇ ਪ੍ਰਵਚਨ ਨੂੰ ਇੱਕ ਏਕਾਤਮਕ ਸਮੁੱਚ ਵਜੋਂ ਨਹੀਂ ਦੇਖ ਸਕਦੇ।

ਸੋ ਉਪਰੋਕਤ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਫੂਕੋ ਦੀ ਮਸ਼ਹੂਰੀ ਦਾ ਆਧਾਰ ਇਸ ਗੱਲ ਤੇ ਹੈ ਕਿ ਉਸਨੇ ਸ਼ਕਤੀ ਨੂੰ ਚੁਣੌਤੀ ਦਿੱਤੀ ਹੈ, ਜਿਹੜੀ ਪ੍ਰਭਾਵਸ਼ਾਲੀ ਸੱਤਾ ਸੰਸਥਾਨਾਂ ਨੂੰ ਹਰੇਕ ਸਮਾਜ ਅਤੇ ਹਰੇਕ ਦੌਰ ਵਿਚ ਪ੍ਰਾਪਤ ਰਹੀ ਹੈ। ਫੂਕੋ ਦਾ ਕਹਿਣਾ ਹੈ ਕਿ ਸੱਤਾਵਾਨ ਲੋਕ ਹੀ ਨਿਰਧਾਰਿਤ ਕਰਦੇ ਹਨ ਕਿ ਕੀ ਕਹਿਣਾ ਚਾਹੀਦਾ ਹੈ ਅਤੇ ਕੀ ਨਹੀਂ। ਸ਼ਕਤੀ ਅਕਾਂਖਿਆ ਦੇ ਦਮਨ ਲਈ ਪ੍ਰਯੋਗ ਕੀਤੀ ਜਾਂਦੀ ਹੈ ਜਿਵੇਂ ਪਰਾ ਅੰਹ super ego ਇਡ ਨੂੰ ਦਬਾਉਂਦੀ ਹੈ। ਪਰ ਫੂਕੋ ਅਕਾਂਖਿਆ ਦਾ ਪੱਖ ਲੈਂਦਾ ਹੈ ਅਤੇ ਉਨ੍ਹਾਂ ਤੱਤਾਂ ਦਾ ਜਿਨਾਂ ਨੂੰ ਸਮਾਜ ਆਪਣੇ ਦਾਇਰੇ ਵਿਚੋਂ ਬਾਰ ਰਖਦਾ ਹੈ। ਦੂਸਰੇ ਉੱਤਰ-ਸੰਰਚਨਾਵਾਦੀ ਚਿੰਤਕਾਂ ਵਾਂਗ ਫੂਕੋ ਵੀ 'ਅੰਹ' ਦੇ ਵਿਰੁਧ ਹੈ। ਆਤਮ ਦੀ ਹੋਂਦ ਉਨਾਂ ਲਈ ਇਕ ਪਰੰਪਰਕ ਧਾਰਮਿਕ ਧਾਰਣਾ ਹੈ, ਇਕ ਮਿਥਿਆ ਪਰਾਭੌਤਿਕਤਾ, ਜਿਸਨੂੰ ਵਿਲਯ ਹੋਣਾ ਚਾਹੀਦਾ ਹੈ। ਇਹ ਚਿੰਤਕ ਪੂਰਾ ਭੌਤਿਕਤਾ ਅਤੇ ਹਰੇਕ ਪ੍ਰਕਾਰ ਦੇ ਅਧਿਕਾਰ ਦੇ ਵੀ ਵਿਰੁਧ ਹਨ। ਇਹ ਸੰਸਾਰ ਤੋਂ ਪਾਰ ਵਸਦੇ ਕਿਸੇ ਗੂੜ ਰਹੱਸ ਨੂੰ ਲੱਭਣਾ ਹੀ ਨਹੀਂ ਚਾਹੁੰਦੇ, ਜਿਹੜਾ ਬ੍ਰਹਿਮੰਡ ਦਾ ਰੱਹਸ ਖੋਲ ਸਕੇ, ਕਿਉਂਕਿ ਉਨਾਂ ਦਾ ਵਿਸ਼ਵਾਸ ਹੈ ਕਿ ਸੰਸਾਰ ਵਿਚ ਹਰੇਕ ਵਸਤੂ ਦੀ ਵਿਆਖਿਆ ਸੰਭਵ ਹੀ ਨਹੀਂ।

ਨੀਤਸ਼ੇ ਨੇ ਆਖਿਆ ਸੀ ਕਿ "ਲੋਕ ਪਹਿਲਾਂ ਇਹ ਨਿਸ਼ਚਿਤ ਕਰਦੇ ਹਨ ਕਿ ਉਨਾਂ ਨੂੰ ਕੀ ਚਾਹੀਦਾ ਹੈ ਅਤੇ ਫੇਰ ਤੱਥਾਂ ਨੂੰ ਆਪਣੇ ਨਿਸ਼ਾਨੇ ਦੇ ਅਨੁਰੂਪ ਢਾਲ ਲੈਂਦੇ ਹਨ। ਫਲਸਰੂਪ ਮਨੁੱਖ ਨੂੰ ਵਸਤੂਆਂ ਵਿਚ ਓਹੀ ਕੁਝ ਨਜ਼ਰ ਆਉਂਦਾ ਹੈ, ਜੋ ਉਨਾਂ ਵਿੱਚ ਖੁਦ ਉਸਨੇ ਦਾਖਲ ਕੀਤਾ ਹੈ | ਫੂਕੋ ਇਸ ਬਹਿਸ ਨੂੰ ਵਿਸਤਾਰ ਦਿੰਦੇ ਹੋਏ ਆਖਦਾ ਹੈ ਕਿ ਪੂਰਾ ਗਿਆਨ ਸ਼ਕਤੀ ਦੀ ਅਕਾਂਖਿਆ will to power ਦਾ ਲਖਾਇਕ ਹੈ। ਇਸਦਾ ਅਰਥ ਇਹ ਹੋਇਆ ਕਿ ਅਸੀਂ ਨਿਰਪੇਖ ਯਥਾਰਥ ਜਾਂ ਵਸਤੂ ਮੂਲਕ ਗਿਆਨ ਦੀ ਗੱਲ ਨਹੀਂ ਕਰ ਸਕਦੇ। ਲੋਕ ਕਿਸੇ ਦਰਸ਼ਨ ਜਾਂ ਵਿਗਿਆਨਕ ਸਿਧਾਂਤਾਂ ਨੂੰ ਕੇਵਲ ਉਸੇ ਸਮੇ ਠੀਕ ਸਮਝਦੇ ਹਾਂ, ਜਦੋਂ ਉਹ ਆਪਣੇ ਯੁੱਗ ਦੀਆਂ ਰਾਜਨੀਤਕ ਤੇ ਬੌਧਿਕ ਸੱਤਾ-ਸੰਸਥਾਵਾਂ ਦਾ ਵਿਚਾਰਧਾਰਾ ਜਾਂ ਸੱਚ ਨਾਲ ਸੰਪਰਕ ਰਖੇ ਜਾਂ ਤਤਕਾਲੀਨ ਪ੍ਰਚਲਿਤ ਮਾਨਦੰਡਾਂ ਤੇ ਪੂਰਿਆਂ ਉੱਤਰੇ।

ਫੂਕੋ 'ਪ੍ਰਵਚਨ' ਨੂੰ ਮਨੁੱਖੀ ਮਨ ਦੀ ਕੇਂਦਰੀ ਗਤੀਵਿਧੀ ਮੰਨਦਾ ਹੈ, ਇਕ ਆਮ ਸਰਬ ਵਿਆਪੀ ਪਾਠ' ਦੇ ਰੂਪ ਵਿਚ ਨਹੀਂ ਸਗੋਂ ਅਰਥ-ਉਪਾਦਨ ਦੇ ਇਕ ਮਹਾ- ਸਾਗਰ ਦੇ ਰੂਪ ਵਿਚ। ਉਹ ਪਰਿਵਰਤਨ ਦੇ ਇਤਿਹਾਸਕ ਆਯਾਮ ਵਿਚ ਰੁਚੀ ਰਖਦਾ ਹੈ। ਉਹ ਆਖਦਾ ਹੈ ਕਿ ਜੋ ਕੁਝ ਕਹਿਣਾ ਸੰਭਵ ਹੈ ਉਹ ਇਕ ਯੁੱਗ ਤੋਂ ਦੂਸਰੇ ਯੁੱਗ ਵਿਚ ਪਰ ਪਰਿਵਰਤਿਤ ਹੋ ਜਾਂਦਾ ਹੈ। ਵਿਗਿਆਨ ਵਿਚ ਵੀ ਕੋਈ ਸਿਧਾਂਤ ਉਸ ਸਮੇਂ ਤੀਕ ਸਵੀਕਾਰ ਨਹੀਂ ਕੀਤਾ ਜਾਂਦਾ ਜਦੋਂ ਤਕ ਕਿ ਉਹ ਵਿਗਿਆਨ ਦੇ ਸੱਤਾ-ਸੰਸਥਾਨਾਂ ਅਤੇ ਉਨਾਂ ਦੇ ਪ੍ਰਬੰਧਕੀ ਵਿਆਖਿਆਕਾਰਾਂ ਦੀ ਸ਼ਕਤੀਗਤ ਸੰਧੀ ਨਾਲ ਇਕ-ਸੁਰਤਾ ਪੈਦਾ ਨਾ ਕਰ ਲਵੇ। ਫੂਕੋ ਕਹਿੰਦਾ ਹੈ ਕਿ ਮੈਂਡੇਲ Mendel ਦੇ ਪ੍ਰਜਨਨ ਗਿਆਨ ਦੇ ਸਿਧਾਂਤ ਦਾ 1860 ਦੇ ਸਮੇ ਵਿਚ ਕੋਈ ਸਵਾਗਤ ਨਹੀਂ ਹੋਇਆ ਸੀ,ਜਿਵੇਂ ਇਹ ਵਿਚਾਰ ਖ਼ਲਾਅ ਵਿਚ ਪੇਸ਼ ਹੋਏ ਸਨ ਅਤੇ ਉਨ੍ਹਾਂ ਨੂੰ ਆਪਣੀ ਸਵੀਕ੍ਰਿਤੀ ਲਈ ਵੀਹਵੀਂ ਸਦੀ ਦਾ ਇੰਤਜ਼ਾਰ ਕਰਨਾ ਪਿਆ। ਉਸਦਾ ਪ੍ਰਸਿੱਧ ਕਥਨ ਹੈ : ਸਿਰਫ ਸੱਚ ਬੋਲਣਾ ਕਾਫੀ ਨਹੀਂ ਹੈ, ਸੱਚ ਦੇ 'ਅੰਦਰ' ਹੋਣਾ ਵੀ ਜ਼ਰੂਰੀ ਹੈ।

It is not enough to speak the truth, one must

be in the truth

ਫੂਕੋ ਨੇ ਆਪਣੇ ਮੁੱਢਲੇ ਦੌਰ ਵਿਚ ਪਾਗਲਪਨ ਉਪਰ ਜੋ ਕਾਰਜ ਕੀਤਾ, ਉਸ ਲਈ ਉਸਨੂੰ ਮਿਸਾਲਾਂ ਸਿਰਫ ਸਾਹਿਤ ਵਿਚੋਂ ਹੀ ਪ੍ਰਾਪਤ ਹੋ ਸਕੀਆਂ | ਉਸਨੇ ਅੰਦਾਜ਼ਾ ਲਗਾਇਆ ਕਿ ਸਮਾਜ ਦੇ ਉਹ ਸਿਧਾਂਤ ਤੇ ਨੇਮ, ਜਿਹੜੇ ਇਹ ਨਿਸ਼ਚਿਤ ਕਰਦੇ ਹਨ ਕਿ ਸਾਧਾਰਨ ਅਤੇ ਧੀਗਤ ਕੀ ਹੈ, ਉਹ ਅਤਿਅੰਤ ਸਫਲਤਾ ਪੂਰਵਕ ਉਨ੍ਹਾਂ ਸੁਰਾਂ ਨੂੰ ਨੀਵਾਂ ਕਰ ਦਿੰਦੇ ਹਨ ਜੋ ਉਨ੍ਹਾਂ ਦੇ ਦਾਇਰੇ ਤੋਂ ਬਾਹਰ ਹਨ। ਵਿਅਕਤੀਆਂ ਨੂੰ ਆਮ ਤੌਰ ਤੇ ਅਣਬੋਲੇ ਪੁਰਾ ਲਖਾ unspoken archives ਦੇ ਨੇਮਾਂ ਤੇ ਸਿਧਾਤਾਂ ਨੂੰ ਮੰਨਣਾ ਪੈਂਦਾ ਹੈ, ਨਹੀਂ ਤਾਂ ਉਸੇ ਨੂੰ ਪਾਗਲ ਐਲਾਨਿਆਂ ਜਾ ਸਕਦਾ ਹੈ ਜਾਂ ਚੁੱਪ ਕਰਾਇਆ ਜਾ ਸਕਦਾ ਹੈ | ਅਜਿਹਾ ਸਿਰਫ ਵੱਖ ਕਰਕੇ ਨਹੀਂ ਸਗੋਂ ਦਾਇਰੇ ਨੂੰ ਛੋਟਾ ਕਰਕੇ ਵੀ ਕੀਤਾ ਜਾ ਸਕਦਾ ਹੈ। ਫੇਰ ਸਿੱਖਿਆ ਪ੍ਰਬੰਧ ਹੈ ਜਿਸਦੇ ਅਨੁਸਾਰ ਨਿਸ਼ਚਿਤ ਕੀਤਾ ਜਾ ਸਕਦਾ ਹੈ ਕਿ ਕੀ ਰੱਦ ਕਰਨਾ ਹੈ ਅਤੇ ਕੀ ਬੁੱਧੀਗਤ ਤੇ ਗਿਆਨ-ਪਰਕ ਹੈ | ਫੂਕੋ ਦਾ ਕਹਿਣਾ ਹੈ ਕਿ ਇਤਿਹਾਸ ਦੇ ਵਿਭਿੰਨ ਕਾਲਖੰਡਾਂ ਵਿਚ ਗਿਆਨ ਦੇ ਵਿਵਿਧ ਰੂਪ ਬਣੇ, ਵਿਸ਼ੇਸ਼ ਤੌਰ ਤੇ ਲਿੰਗ-ਅਪਰਾਧ, ਮਨੋਚਿਕਿਤਸਾ ਤੇ ਅਖੰਡ-ਗਿਆਨ ਦੇ ਸੰਬੰਧ ਬਾਰੇ ਅਤੇ ਫੇਰ ਇਹ ਪੂਰੀ ਤਰ੍ਹਾਂ ਬਦਲ ਗਏ। ਅਜਿਹੇ ਪਰਿਵਰਤਨ ਇਕ ਦੌਰ ਤੇ ਦੂਸਰੇ ਦੌਰ ਤਕ ਹੁੰਦੇ ਰਹੇ ਹਨ। ਉਹ ਕਹਿੰਦਾ ਹੈ ਕਿ ਇਤਿਹਾਸ ਪ੍ਰਵਚਨਗਤ ਪਰਿਵਰਤਨਾਂ ਦੀ ਇਕ ਵਿਲੱਖਣ ਸੰਗਲੀ ਹੈ। ਸ਼ਕਤੀ ਦੇ ਦਬਾਉਂਦੇ ਬਦਲਦੇ ਵਰਗਾਂ ਨੂੰ ਉਹ ਸਭਿਆਚਾਰ ਦੇ ਪੁਰਾ ਲੇਖ ਘੋਸ਼ਿਤ ਕਰਦਾ ਹੈ। ਉਨ੍ਹਾਂ ਨੂੰ ' ਸਕਾਰਾਤਮਕ ਅਵਚੇਤਨ' ਦਾ ਨਾਮ ਦਿੰਦਾ ਹੈ।

ਫੂਕੋ ਇਹ ਦਿਲਚਸਪ ਨੁਕਤਾ ਉਠਾਉਂਦਾ ਹੈ ਕਿ ਗਿਆਨ ਦੀ ਪੋਲੀਸਿੰਗ ਭਾਵੇ ਆਮ ਤੌਰ ਤੇ ਕਈ ਨਾਮਾਂ ਨਾਲ ਜੋੜੀ ਜਾਂਦੀ ਹੈ,ਪਰ ਅਸਲ ਵਿਚ ਸੰਰਚਨਾਵਾਦੀ ਸਿਧਾਤਾਂ ਦੇ ਉਹ ਵਿਭਿੰਨ ਗਿਆਨ-ਅਨੁਸ਼ਾਸਨਾਂ ਦੇ ਪ੍ਰਬੰਧਾਂ ਦੇ ਲਖਾਇਕ ਹਨ, ਉਹ ਦੇ ਵਿਅਕਤੀ ਦੀ ਚੇਤਨਾ ਦ ਬਸ ਵਿਚ ਨਹੀਂ ਹਨ। ਵਿਸ਼ੇਸ਼ ਗਿਆਨ ਅਨੁਸ਼ਾਸਨਾਂ ਦਾ ਕਾਰਜ-ਵਿਹਾਰ ਅਤਿਅੰਤ ਜਟਿਲ ਸਿਧਾਤਾਂ ਅਤੇ ਨੇਮਾਂ ਨੂੰ ਸੂਤਰਬਧ ਕਰਦਾ ਹੈ, ਜਿਸ ਨਾਲ ਸੰਸਥਾਵਾਂ ਸਿਖਿਆ ਤੇ ਗਿਆਨ-ਪ੍ਰਸਾਰ ਦਾ ਕੇਂਦਰ ਬਣਦੀਆਂ ਹਨ। ਗਿਆਨ- ਸੰਗ੍ਰਹਿ ਦਾ ਜਤਨ ਇਕ ਨਿਰ-ਵਿਅਕਤੀਗਤ ਸ਼ਕਤੀ ਹੈ। ਸਾਨੂੰ ਕਦੇ ਵੀ ਇਸਦਾ ਅੰਦਾਜ਼ਾ ਨਹੀਂ ਹੋ ਸਕਦਾ ਕਿ ਖੁਦ ਸਾਡੇ ਯੁੱਗ ਦੇ ਗਿਆਨ ਦਾ ਪੁਰਾਲੇਖ ਕੀ ਹੈ, ਕਿਉਂਕਿ ਗਿਆਨ-ਅਕਾਂਖਿਆ ਇਕ ਨਿਰ-ਵਿਅਕਤੀਗਤ ਸ਼ਕਤੀ ਹੈ ਅਤੇ ਅਸੀਂ ਅਵਚੇਤਨ ਤੋਂ ਬੋਲਦੇ ਹਾਂ। ਅਸੀਂ ਪ੍ਰਬਵਰਤੀ ਸੰਸਥਾਵਾਂ ਦੇ 'ਪੁਰਾ ਲੇਖਾਂ ਨੂੰ ਇਸਲਈ ਸਮਝ ਸਕਦੇ ਹਾਂ ਕਿ ਅਸੀਂ ਉਨਾਂ ਨਾਲੋਂ ਭਿੰਨ ਹਾਂ ਅਤੇ ਕਾਲਗਤ ਦੂਰੀ ਉਪਰ ਹਾਂ। ਮਿਸਾਲ ਵਜੋਂ ਜਦੋਂ ਵੀ ਅਸੀਂ ਨਵ-ਜਾਗ੍ਰਿਤੀ ਕਾਲ ਦੇ ਸਾਹਿਤ ਦਾ ਅਧਿਐਨ ਕਰਦੇ ਹਾਂ, ਉਸਦੀ ਅਮੀਰੀ ਤੇ ਸ਼ਾਬਦਿਕ ਸ਼ਕਤੀ ਦਾ ਉਲੇਖ ਕਰਦੇ ਹਾਂ |

ਇਤਿਹਾਸ ਕਦੇ ਗਿਆਨ-ਪਰਕ ਨਹੀਂ ਹੋ ਸਕਦਾ। ਤਾਂ ਵੀ ਫੂਕੋ ਉਨ੍ਹਾਂ ਭਾਸ਼ਾਈ ਮਾਧਿਅਮਾਂ ਨੂੰ, ਜੋ ਇਤਿਹਾਸਕਾਰ ਇਤਿਹਾਸ ਨੂੰ ਅਰਥ ਭਰਪੂਰ ਢੰਗ ਨਾਲ ਪੇਸ਼ ਕਰਨ ਲਈ ਇਸਤੇਮਾਲ ਕਰਦੇ ਹਨ ਸਿਰਫ ਸ਼ਾਬਦਿਕ ਖੇਡ ਨਹੀਂ ਮੰਨਦਾ। ਉਹ ਕਹਿੰਦਾ ਹੈ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਜਿਹੇ ਪ੍ਰਵਚਨਗਤ ਤੇ ਤਰਕ ਸੰਗਤ ਕਥਨ ਅਸਲ ਵਿਚ ਸ਼ਕਤੀ ਸੰਘਰਸ਼ ਦੇ ਜਗਤ ਦੇ ਅੰਦਰ ਉਪਜਦੇ ਹਨ। ਰਾਜਨੀਤੀ, ਕਲਾ ਤੇ ਵਿਗਿਆਨ ਵਿਚ ਸ਼ਕਤੀ ਪ੍ਰਵਚਨ' ਹੀ ਤੋਂ ਪ੍ਰਾਪਤ ਹੁੰਦੀ ਹੈ। 'ਪ੍ਰਵਚਨ' ਅਜਿਹੀ ਹਿੰਸਾ ਹੈ, ਜਿਹੜੀ ਅਸੀਂ ਚੀਜ਼ਾਂ ਦੇ ਨਾਲ ਉਚਿਤ ਠਹਿਰਾਉਂਦੇ ਹਾਂ :

'Discourse is violence that we do to things

ਵਿਭਿੰਨ ਪ੍ਰਵਚਨਗਤ ਕਥਨਾ ਦੀ ਵਸਤੂ ਮੁਲਕਤਾ ਬਾਰੇ ਜੋ ਅਧਿਐਨ ਕੀਤੇ ਜਾਂਦੇ ਹਨ, ਉਹ ਖੋਟੇ ਤੇ ਨਿਰਮਲ ਹਨ। ਸੰਸਾਰ ਵਿਚ ਕੋਈ ਪ੍ਰਵਚਨ ਸੌ ਫੀ ਸਦੀ ਸੱਚਾ ਨਹੀਂ, ਪ੍ਰਵਚਨ ਘਟ ਸ਼ਕਤੀ-ਸੰਪੰਨ ਜਾਂ ਵਧੇਰੇ ਸ਼ਕਤੀ- ਸੰਪੰਨ ਹੁੰਦੇ ਹਨ :

"There are no absolutely 'true' discourses, only
more or less powerful ones.'

ਜਿਥੋਂ ਤਕ ਬੌਧਿਕ ਹਰਕਤ ਦਾ ਪ੍ਰਸ਼ਨ ਹੈ, ਫਕੋ ਕੁਝ ਨ ਕੁਝ ਨੇੜਤਾ ਦੇਰੀਦਾ ਨਾਲ ਰਖਦਾ ਹੈ (ਜਿਸਦਾ ਜ਼ਿਕਰ ਅਗਾਂਹ ਆਵੇਗਾ) | ਦੇਰੀਦਾ ਨੇ ਭਾਸ਼ਾਈ ਅਰਥ ਨੂੰ ਇਕ ਸਦੀਵੀ ਗਰਦਸ਼ ਦੇ ਦਿੱਤੀ ਹੈ, ਅਰਥ ਕਿਤੇ ਵੀ ਸਥਾਪਿਤ ਨਹੀਂ ਹੋ ਸਕਦਾ, ਦੇਰੀਦਾ ਨੇ ਅਰਥ ਦੀ ਕੇਂਦਰ ਹੀਣਤਾ ਦਾ ਜੋ ਦਰਵਾਜ਼ਾ ਖੋਲ੍ਹ ਦਿੱਤਾ ਹੈ ਉਹ ਮਨੁੱਖੀ ਮਨੋਰਥ ਤੋਂ ਪਰਾਂ ਹੈ। ਜੇ ਦੇਰੀਦਾ ਦੇ 'ਪਾਠ-ਸਿਧਾਂਤ' ਨੂੰ ਹੀਗੇਲ ਦੀ ਸਵੈ-ਚਾਲਿਤ ਤਾਰਕਿਕਤਾ ਦੇ ਬੰਧਨ ਤੋਂ ਮੁਕਤ ਰੂਪ ਕਿਹਾ ਜਾ ਸਕਦਾ ਹੈ, ਤਾਂ ਫੂਕੇ ਦੇ

ਰਾਜਨੀਤੀ ਸ਼ਾਸਤਰ ਨੂੰ ਵੀ ਹੀਗੇਲ ਦੇ ਸਵੈ-ਚਲਿਤ ਰਾਜਨੀਤਕ ਪ੍ਰਬੰਧਾਂ ਦੇ ਇਤਿਹਾਸ ਦਾ ਅਜਿਹਾ ਰੂਪ ਐਲਾਨਿਆ ਜਾ ਸਕਦਾ ਹੈ, ਜੋ ਕੈਦ-ਮੁਕਤ ਅਤੇ ਬੰਧਨ ਹੀਣ ਹੈ।

## ਸਾਰ-ਅੰਸ਼:

ਫੂਕੋ ਦੀ ਕੋਈ ਵੀ ਲਿਖਤ ਚੁੱਕ ਕੇ ਦੇਖ ਲਵੋ 'ਪ੍ਰਵਚਨ ਦੀ ਭਰਮਾਰ ਮਿਲੇਗੀ ਅਤੇ ਜਿਥੇ ਪ੍ਰਵਚਨ ਦਾ ਜ਼ਿਕਰ ਆਵੇਗਾ ਉਥੇ ਸ਼ਕਤੀ ਦਾ ਉਲੇਖ ਜ਼ਰੂਰ ਹੀ ਉਹ ਆਮ ਤੌਰ ਤੇ ਸਮਸਿਆਵਾਂ ਨੂੰ ਦੋ ਪੱਖਾਂ ਵਿਚ ਵੰਡ ਦਿੰਦਾ ਹੈ- ਉਹ ਜੋ ਪ੍ਰਵਚਨ ਦੀ ਸ਼ਕਤੀ ਰੱਖਦੇ ਹਨ ਅਤੇ ਉਹ ਜਿਨਾਂ ਨੂੰ 'ਪ੍ਰਵਚਨ ਦਾ ਅਧਿਕਾਰ ਨਹੀਂ ਹੈ। 'ਪ੍ਰਵਚਨ' ਤੋਂ ਉਸਦਾ ਭਾਵ ਵਿਚਾਰ, ਪ੍ਰਵਿਰਤੀਆਂ, ਦ੍ਰਿਸ਼ਟੀਕੋਣ, ਧਾਰਣਾਵਾਂ ਸਭ ਕੁਝ ਹੈ। ਜਿਥੋਂ ਤਕ ਪਾਗਲਪਨ, ਜੁਰਮ ਜਾਂ ਕਾਮ ਦਾ ਸੰਬੰਧ ਹੈ, ਫੂਕੋ ਆਖਦਾ ਹੈ ਕਿ ਸ਼ਕਤੀ ਦਾ 'ਪ੍ਰਵਚਨ' ਸੱਚ ਦੀ ਸੇਵਾ ਦੇ ਨਾਮ ਉੱਤੇ ਅਜਨਬੀਅਤ ਨੂੰ ਜਨਮ ਦਿੰਦਾ ਹੈ ਅਤੇ ਇਨ੍ਹਾਂ ਤੱਤਾਂ ਨੂੰ ਸਮਾਜ ਦੇ ਸੀਮਾਂਤ ਚਰਿਤ ਬਣਾ ਦਿੰਦਾ ਹੈ | ਪਰ ਫੂਕੋ ਆਪਣੇ ਪ੍ਰਵਚਨ ਦੇ ਸਿਧਾਂਤਕ ਆਧਾਰਾਂ ਨੂੰ ਸਪਸ਼ਟ ਨਹੀਂ ਕਰਦਾ, ਅਤੇ ਖੁਦ ਫੂਕੋ ਦੇ ਪ੍ਰਵਚਨ ਦਾ ਅਧਿਕਾਰ ਪ੍ਰਸ਼ਨ-ਚਿੰਨ੍ਹ ਬਣ ਕੇ ਰਹਿ ਜਾਂਦਾ ਹੈ।

## ਮੁੱਖ ਕੇਂਦਰੀ ਸ਼ਬਦ:

ਦਮਨ-----ਜ਼ੁਲਮ ਕਰਨਾ

ਪ੍ਰਤੀਰੋਧ-----ਵਿਰੋਧ ਕਰਨਾ

ਡਿਸਕੋਰਸ-----ਪ੍ਰਵਚਨ

ਛੇਕਣਾ------ ਵੱਖਰਿਆਉਣਾ

ਰੂਪਾਂਤਰਿਤ----ਪਰਵਰਤਿਤ

 ਸਵੈ-ਮੁਲਾਂਕਣ:

1. ਮਿਸ਼ੈਲ ਫੂਕੋ ਦਾ ਸੰਬੰਧ ਕਿਹੜੇ ਦੇਸ਼ ਨਾਲ ਸੀ:

ੳ. ਫਰਾਂਸ
ਅ.ਅਮਰੀਕਾ
ੲ. ਇੰਗਲੈਂਡ
ਸ. ਰੂਸ

2. ਮਿਸ਼ੈਲ ਫੂਕੋ ਦਾ ਜਨਮ ਹੋਇਆ:

ੳ. 1926

ਅ. 1936

ੲ. 1944

ਸ. 1916

3. ਪ੍ਰਵਚਨ Discourse ਦਾ ਸਿਧਾਂਤ ਕਿਸ ਦੀ ਦੇਣ ਹੈ:

ੳ. ਸੋਸਿਉਰ

ਅ. ਰੋਲਾਂ ਬਾਰਥ

ੲ. ਮਿਸ਼ੈਲ ਫੂਕੋ

ਸ. ਦੈਰੀਦਾ

4. ਮਿਸ਼ੈਲ ਫੂਕੋ ਕਿਸ ਵਿਸ਼ੇ ਦਾ ਪ੍ਰਫੈਸਰ ਸੀ:

ੳ. Sociology of Systems of Thought

ਅ. Economic of Systems of Thought

ੲ. political of Systems of Thought

ਸ. History of Systems of Thought

5. ਮਿਸ਼ੈਲ ਫੂਕੋ ਦਾ ਦਿਹਾਂਤ ਹੋਇਆ:

ੳ. 1988

ਅ. 1986

ੲ. 1984

ਸ. 1985

**6.** ਤਬੂ ਮਨਾਈਆਂ ਵਰਜਨਾਵਾਂ ਦੀ ਇੱਕ ਅਜਿਹੀ ਕਿਸਮ ਹੈ ਜਿਹੜੀ ਕੁਝ ਖਾਸ ਵਿਸ਼ੇ ਖੇਤਰਾਂ ਬਾਰੇ ਬੋਲਣ ਨੂੰ ਮੁਸ਼ਕਿਲ ਬਣਾਉਂਦੀ ਹੈ। ਇਹ ਕਥਨ ਹੈ:

ੳ. ਸਹੀ

ਅ. ਗਲਤ

7. ਮਿਸ਼ੈਲ ਫੂਕੋ ਅਨੁਸਾਰ ਸਿਰਫ ਸੱਚ ਬੋਲਣ ਕਾਫੀ ਨਹੀਂ ਹੈ, ਸੱਚ ਦੇ 'ਅੰਦਰ' ਹੋਣਾ ਵੀ ਜ਼ਰੂਰੀ ਹੈ ।

ਇਹ ਕਥਨ ਹੈ:

ੳ. ਸਹੀ

ਅ. ਗਲਤ

8. ਮਿਸ਼ੇਲ ਫੂਕੋ Michel Foucault ਦਾ ਬੁਨਿਆਦੀ ਨੁਕਤਾ ਇਹ ਹੈ ਕਿ ਪਾਠਾਤਮਕਤਾ ਦੇ ਸਿਧਾਂਤ ਰਾਜਨੀਤਕ ਤੇ ਸਾਮਾਜਿਕ ਸ਼ਕਤੀਆਂ ਅਤੇ ਵਿਚਾਰਧਾਰਾ ਨੂੰ ਅਰਥਾਂ ਦੇ ਨਿਰਮਾਨ ਦਾ ਮਾਧਿਅਮ ਮੰਨ ਕੇ ਉਨਾਂ ਦੀ ਹੈਸੀਅਤ ਨੂੰ ਵਧਾ ਦਿੰਦੇ ਹਨ।

ਇਹ ਕਥਨ ਹੈ:

ੳ. ਸਹੀ

ਅ. ਗਲਤ

9. ਹੇਠ ਲਿਖਿਆਂ ਵਿਚੋਂ ਕਿਹੜੀ ਪੁਸਤਕ ਮਿਸ਼ੈਲ ਫੂਕੋ ਦੀ ਨਹੀ ਹੈ:

ੳ. ਦ ਬਰਥ ਔਫ ਦ ਕਲੀਨਿਕ The Birth of Clinic

ਅ. ਡਸਿਪਲਨ ਐਂਡ ਪਨਿਸ਼ Discipline and Punish

ੲ. ਦ ਔਰਡਰ ਔਫ ਡਿਸਕੋਰਸ The Order of Discourse

ਸ. ਰਾਈਟਿੰਗ ਐਂਡ ਡਿਫਰੈਂਸ Writing and difference

10. ਦ ਹਿਸਟਰੀ ਔਫ ਸੈਕਸੁਐਲਿਟੀ The History of Sexuality ਕਿੰਨੇ ਭਾਗਾਂ ਵਿਚ ਹੈ

ੳ. 3

ਅ. 4

ੲ. 5

ਸ. 6

11. ਕਿਹੜੇ ਕਿਹੜੈ ਖੇਤਰਾਂ ਵਿਚ ਪ੍ਰਵਚਨ ਨੂੰ ਹਥਿਆਰ ਵੱਜੋਂ ਵਰਤਿਆਂ ਜਾਂਦਾ ਹ਼ੈ

ੳ. ਰਾਜਨੀਤੀ

ਅ. ਕਲਾ

ੲ. ਆਰਥਿਕਤਾ

ਸ. ਉਪਰੋਕਤ ਸਾਰੇ

12. ਐਡਵਰਡ ਸਈਦ ਕਿਸ ਦਾ ਸ਼ਾਗਿਰਦ ਸੀ :

ੳ. ਸੋਸਿਉਰ

ਅ. ਰੋਲਾਂ ਬਾਰਥ

ੲ. ਬਾਖਤਿਨ

ਸ. ਮਿਸ਼ੈਲ ਫੁਕੋ

13. ਖਾਲੀ ਥਾਂ ਭਰੋ:

ਉਸ ਨੇ ਆਪਣੇ ਆਰਟੀਕਲ --------------------ਵਿੱਚ ਪ੍ਰਗਟਾਵਾ ਕੀਤਾ ਹੈ ਕਿ ਉਹ ਪ੍ਰਕਿਰਿਆਵਾਂ ਹੀ ਪ੍ਰਵਚਨ ਉੱਤੇ ਨਿਯੰਤਰਣ ਲਾਉਂਦੀਆਂ ਹਨ ਜੋ ਪ੍ਰਵਚਨ ਦੀ ਪੈਦਾਇਸ਼ ਲਈ ਸੇਧ ਦਿੰਦੀਆਂ ਹਨ ।

14.ਮਿਸ਼ੈਲ ਫੂਕੋ ਦੀ ਪੁਸਤਕ ਹੈ:

ੳ. Righting Degree Zero

ਅ. Writing and difference

ੲ. The Order of Things

ਸ. S/Z

15. ਮਿਸ਼ੈਲ ਫੂਕੋ ਨੇ ਕਿਹੜੀ ਵਰਜਨਾ/ਰੋਕ ਦਾ ਜ਼ਿਕਰ ਨਹੀਂ ਕੀਤਾ:

ੳ. ਵਰਜਿਤ ਕਰਮ/ ਵਿਵਰਜਿਤ ਠਹਿਰਾਉਣਾ taboo
ਅ. ਪਾਗਲ ਅਤੇ ਸਿਆਣੇ ਵਿੱਚ ਅੰਤਰ ਕਰਨਾ the distinction between the mad and the sane
ੲ. ਸੱਚ ਅਤੇ ਝੂਠ ਵਿੱਚ ਅੰਤਰ ਕਰਨਾ the distinction between true and false
ਸ. ਨੇਕੀ ਅਤੇ ਬਦੀ distinction between goodness and evil

## ਅਭਿਆਸ ਪ੍ਰਸ਼ਨ

2. ਉੱਤਰ-ਸਰੰਚਨਾਵਾਦੀ ਚਿੰਤਨ ਵਿਚ ਮਿਸ਼ੇਲ ਫੂਕੋ Michel Foucault ਦੀ ਕੀ ਦੇਣ ਹੈ?
3. ਮਿਸ਼ੇਲ ਫੂਕੋ ਦੀਆਂ ਪ੍ਰਮੁੱਖ ਧਾਰਨਾਵਾਂ ਦਾ ਵਰਣਨ ਕਰੋ।
4. ਉੱਤਰ-ਸਰੰਚਨਾਵਾਦੀ ਚਿੰਤਨ ਵਿਚ ਮਿਸ਼ੇਲ ਫੂਕੋ ਦਾ ਵਨਵੇਕਲਾਸਥਾਨ ਹੈ: ਸਪਸ਼ਟ ਕਰੋ।
5. "ਪਾਠਾਤਮਕਤਾ ਹੀ ਸਭ ਕੁਝ ਨਹੀਂ, ਸਗੋਂ ਵਿਸ਼ਵ ਵਿਚ ਸ਼ਕਤੀ (ਸੱਤਾ) ਦੀ ਖੇਡ ਵਿਚ ਪਾਠ ਦੀ ਬਜਾਇ ਪਵਚਨ ਸ਼ਾਮਿਲ ਹੈ: ਸਪੱਸ਼ਟ ਕਰੋ।

## ਸੰਦਰਭ ਪੁਸਤਕਾਂ:


- ਮਿਸ਼ੈਲ ਫੂਕੋ, ਮਨਮੋਹਨ, ਪੰਜਾਬੀ ਅਕਾਦਮੀ, ਦਿੱਲੀ, (2011)
- ਸੰਰਚਨਾਵਾਦ, ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਗੋਪੀ ਚੰਦ ਨਾਰੰਗ, ਭਾਰਤੀ ਸਾਹਿਤ ਅਕਾਦਮੀ ਦਿੱਲੀ, (2011)


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%AA%E0%A9%8D%E0%A8%B0%E0%A8%B5%E0%A8%9A%E0%A8%A8

ਉੱਤਰਮਾਲਾ

| | | | | |
|---|---|---|---|---|
| 1. ੳ | 2. ੳ | 3. ੲ | 4. ਸ | 5. ੲ |
| 6. ੳ | 7. ੳ | 8. ਅ | 9. ਸ | 10. ੳ |
| 11.ਸ | 12. ਸ | 13. The Order of Discourse | | 14. ੲ |
| 15. ਸ | | | | |

# ਅਧਿਆਇ-12 ਬਸਤੀਵਾਦ ਅਤੇ ਉੱਤਰ ਬਸਤੀਵਾਦ

*Harpreet singh, Lovely Professional University*

ਵਿਸ਼ਾ ਵਸਤੂ (Content)


- ਉਦੇਸ਼
- ਪ੍ਰਸਤਾਵਨਾ
- ਵਿਸ਼ਾ ਵਸਤੂ
- ਸਾਰ-ਅੰਸ਼
- ਕੇਂਦਰੀ ਸ਼ਬਦ
- ਸਵੈ-ਮੁਲਾਂਕਣ
- ਅਭਿਆਸ ਪ੍ਰਸ਼ਨ
- ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਬਸਤੀਵਾਦ ਅਤੇ ਉੱਤਰ ਬਸਤੀਵਾਦ ਦੇ ਅੰਤਰਗਤ ਪੈਦਾ ਹੋਏ ਭੂਗੋਲਿਕ ਰਾਜਨੀਤਿਕ, ਸਭਿਆਚਾਰਕ ਸਥਿਤੀ ਵਿੱਚ ਵੱਖ-ਵੱਖ ਨਸਲਾਂ/ਜਾਤੀਆਂ ਦੇ ਸਾਹਿਤ ਅਤੇ ਸਭਿਆਚਾਰ ਨੂੰ ਸਮਝ ਸਕੇਗਾ।
- ਪ੍ਰਵਾਸ, ਨਸਲ, ਰੇਸ ਸਵੈ-ਪਛਾਣ, ਦੇਸ਼-ਨਿਕਾਲਾ, ਆਪਣਾ ਦੇਸ਼, ਘਰ-ਕੌਮੀਅਤ ਆਦਿ ਮਸਲਿਆਂ ਤੋਂ ਜਾਣੂ ਹੋਵੇਗਾ।
- ਸਾਹਿਤ ਆਲੋਚਨਾ ਵਿਚ ਇਸ ਦੀ ਵਰਤੋਂ ਦੁਆਰਾ ਸਾਹਿਤ ਦੀਆਂ ਵਿਭਿੰਨ ਦਿਸ਼ਾਵਾਂ ਦਾ ਮੁਲਾਂਕਣ ਕਰ ਸਕਣ ਦੇ ਸਮਰੱਥ ਹੋਵੇਗਾ।

## ਪ੍ਰਸਤਾਵਨਾ:

ਬਸਤੀਵਾਦ ਇਕ ਪੂੰਜੀ ਕੇਂਦਰਤ ਮਹਾਂਨਗਰ ਤੋਂ ਬਿਗਾਨੇ ਲੋਕਾਂ ਦੀ ਧਰਤੀ ਉੱਤੇ ਸਥਾਪਿਤ ਕੀਤਾ ਸ਼ਾਸਨ ਹੈ।ਬਸਤੀਵਾਦ ਤੋਂ ਭਾਵ ਜਦੋਂ ਸ਼ਾਸਨ ਬਿਗਾਨੀ ਧਰਤੀ ਉੱਤੇ ਆਪਣੇ ਲੋਕਾਂ ਦੀਆਂ ਜਾਂ ਪਹਿਲਾਂ ਬਸਤੀਆਂ ਬਣਾਏ ਦੇਸ਼ਾਂ ਵਿੱਚੋਂ ਕਿਰਤ ਲਈ ਵਰਤਣ ਵਾਸਤੇ ਉੱਥੋਂ ਦੇ ਨਿਮਨ ਵਰਗ ਨੂੰ ਲਿਆ ਕੇ ਵਸਾ ਦੇਣਾ ਜੋ ਲੋਕ ਵਸਾਏ ਜਾਂਦੇ ਹਨ ਉਹ ਆਰਥਿਕ ਪੱਖੋਂ ਕਾਫੀ ਕਮਜ਼ੋਰ ਹੁੰਦੇ ਹਨ। ਨਿਸ਼ਚੇ ਹੀ ਬਸਤੀ ਬਣਾਏ ਜਾਣ ਵਾਲੇ ਲੋਕਾਂ ਜਾਂ ਦੇਸ਼ ਦੀ ਆਰਥਿਕਤਾ ਪਛੜੀ ਹੁੰਦੀ ਹੈ। ਬਸਤੀਵਾਦੀ ਸ਼ਾਸਕ ਆਪਣਾ ਰਾਜ, ਬਿਹਤਰ ਆਰਥਿਕਤਾ, ਵਧੀਆ ਹਥਿਆਰਾਂ, ਸੁਸਿਖਿਅੱਤ ਫ਼ੌਜ ਰਾਹੀਂ ਸਥਾਪਿਤ ਕਰਦਾ ਹੈ। ਬਸਤੀਵਾਦ (colonialism)ਆਰਥਿਕ ਸ਼ੋਸਣ ਦੀ ਅੰਤਰਰਾਸ਼ਟਰੀ ਪ੍ਰਣਾਲੀ ਜਿਸ ਰਾਹੀਂ ਤਾਕਤਵਰ ਕੌਮਾਂ ਕਮਜ਼ੋਰ ਕੌਮਾਂ ਉੱਤੇ ਪ੍ਰਭਾਵਕ ਹੁੰਦੀਆਂ ਹਨ।ਪ੍ਰਭਾਵਕ ਕੌਮ ਫ਼ੌਜੀ ਤਾਕਤ ਅਤੇ ਸਥਾਨਿਕ ਵੱਲੋਂ ਨਾਲ ਗੰਢਤੁੱਪ ਦੁਆਰਾ ਕਬਜ਼ੇ ਕੀਤੀਆਂ ਬਸਤੀਆਂ ਦੇ ਕੱਚੇ ਮਾਲ ਅਤੇ ਮੰਡੀਉੱਤੇ ਕਾਬਜ਼ ਹੁੰਦੀ ਹੈ।ਇਸ ਕੱਚੇ ਮਾਲ ਨੂੰ ਆਪਣੇ ਭਾਅ ਅਨੁਸਾਰ ਖ਼ਰੀਦਦੀ ਅਤੇ ਤਿਆਰ ਮਾਲ ਨੂੰ ਆਪਣੇ ਭਾਅ ਤੇ ਬਸਤੀ ਅਤੇ ਹੋਰ ਮੁਲਕਾਂ ਵਿੱਚ ਵੇਚਦੀ ਹੈਜਦਕਿ ਹੋਰ ਕਿਦੇ ਮੁਲਕ ਦਾ ਮਾਲ ਇਸ ਬਸਤੀ ਵਿਚ ਨਹੀਂ ਵਿਕ ਸਕਦਾ। ਬਸਤੀਵਾਦ ਤੋਂ ਉੱਤਰ ਬਸਤੀਵਾਦ ਦੀਆਂ ਅਵੱਸਥਾਵਾਂ ਅਤੇ ਸਾਹਿਤ ਭੂਮਿਕਾ ਦਾ ਅਧਿਐਨ ਬਹੁਤ ਮਹੱਤਵ ਰੱਖਦਾ ਹੈ।

## ਵਿਸ਼ਾ ਵਸਤੂ:

ਉਨੀਵੀਂ ਸਦੀ ਵਿੱਚ ਬਸਤੀਵਾਦ ਵਿੱਚ ਬੜਾ ਵਾਧਾ ਹੋਇਆ ਅਤੇ ਵੀਂਹਵੀ ਸਦੀ ਦੇ ਦੋ ਮਹਾਯੁੱਧ ਬਸਤੀਆਂ ਉੱਤੇ ਕਬਜ਼ੇ ਲਏ ਸਨ।ਪਰ ਇਹਨਾਂ ਯੁੱਧਾਂ ਨੇ ਸਰਮਾਏਦਾਰੀ ਮੁਲਕਾਂ ਦੀ ਆਪਣੀ ਹਾਲਤ ਪਤਲੀ ਕਰ ਦਿੱਤੀ ਅਤੇ ਬਹੁਤੇ ਮੁਲਕ ਬਸਤੀਵਾਦ ਤਾਕਤਾਂ ਤੋਂ ਸੁਤੰਤਰ ਹੋ ਗਏ। ਬਸਤੀਵਾਦ ਦਾ ਅਰਥ ਅਸੀਂ ਸਹੀ ਅਰਥ ਵਿੱਚ ਲੈ ਸਕਦੇ ਹਾਂ ਕਿ ਹੋਰਾਂ ਖੇਤਰਾਂ ਅਤੇ ਉੱਥੇ ਦੇ ਲੋਕਾਂ ਦਾ ਰਾਸ਼ਟਰ ਦੁਆਰਾ ਕਾਬਜ਼ ਹੋਣਾ ਅਤੇ ਉਪਨਿਵੇਸ਼ਕਰਨ ਕਰਨਾ। ਉਪਨਿਵੇਸ਼ਕਰਨ ਜਗਤ ਵਿੱਚ ਉਨ੍ਹਾਂ ਹੀ ਪੁਰਾਣਾ ਹੈ ਜਿੰਨਾ ਕੀ ਮਾਨਵੀ ਸਮਾਜ ਹੈ। ਪਰ ਉਨੀਵੀਂ ਸ਼ਤਾਬਦੀ ਦੇ ਅੰਤਿਮ ਚਰਨ ਵਿੱਚ ਇਹ ਵਿੱਚ ਇਹ ਸ਼ਬਦ ਕੁੱਝ ਵਧੇਰੇ ਖਾਸ ਅਰਥਾਂ ਵਿੱਚ ਲਿਆ ਗਿਆ ਜਦੋਂ ਬਸਤੀਵਦਿਕਾਂ ਨੇ ਯੂਰਪੀ ਸਮਾਜਾਂ ਤੋਂ ਚੱਲ ਕੇ ਪੱਛੜੇ ਸਮਾਜਾਂ ਵਿੱਚ ਪ੍ਰਵੇਸ਼ ਕੀਤਾ।ਉਹਨਾਂ ਨੇ ਇਸ ਨੂੰ ਸਭਿਅਤਾ ਦਾ ਵਿਸਥਾਰ ਦੱਸਿਆ।ਭਾਵੇਂ ਆਰੰਭ ਵਿੱਚ ਉਹਨਾਂ ਦਾ ਮੂਲ ਮਕਸਦ ਕੱਚੇ ਮਾਲ , ਨਵੀਆਂ ਮੰਡੀਆਂ ਨਿਵੇਸ਼ ਦੇ ਨਵੇਂ ਖੇਤਰਾਂ ਦੀ ਤਲਾਸ਼ ਸੀ। ਪਰ ਬਾਅਦ ਵਿੱਚ ਬਸਤੀਵਾਦ ਨਾਲ ਉਪਨਿਵੇਸ਼ਕਰਨ ਵੀ ਜੁੜ ਗਿਆ।ਇਸ ਪ੍ਰਕਿਰਿਆਂ ਵਿੱਚ ਸ਼ਾਹੀ ਮੁਲਕਾਂ ਦੇ ਲੋਕ ਆ ਕੇ ਵਸਣ ਲੱਗ ਪਏ ਅਤੇ ਬਸਤੀਵਾਦ ਦੇ ਵਿਚਿੱਤਰ ਪਹਿਲੂ ਉੱਭਰੇ ਜਿਵੇਂ ਹਕੂਮਤੀ ਅਤੇ ਜਨਤਕ ਲੋਕਾਂ ਵਿਚਕਾਰ ਨਸਲੀ ਅਤੇ ਸਭਿਆਚਾਰਕ ਵਿਤਕਰੇ ਹੋਂਦ ਵਿਚ ਆਏ।ਇਸ ਤੋਂ ਇਲਾਵਾ ਰਾਜਨੀਤਿਕ ਅਤੇ ਕਾਨੂੰਨੀ ਪ੍ਰਧਾਨਤਾ ਹਕੂਮਤੀ ਲੋਕਾਂ ਦੇ ਹੱਥ ਹੋਣ ਕਰਕੇ ਜਨਤਾ ਦਾ ਸ਼ੋਸਣ ਹੋਣ ਲੱਗਾ।ਬਹੁਤੇ ਵਿਚਾਰਵਾਨਂਦਾ ਵਿਚਾਰ ਹੈ ਕਿ ਅਸੁੰਤਲਨ ਵਿਕਾਸ ਦਾ ਜ਼ਿੰਮੇਵਾਰ ਬਸਤੀਵਾਦ ਹੀ ਮੁੱਖ ਕਾਰਨ ਹੈ।1947 ਵਿੱਚ ਆਜਾਦੀ ਨੇ ਕੇਵਲ ਇੱਕ ਦਲਿਤ ਕੌਮ ਨੂੰ ਸਤੁੰਤਰ ਕੌਮ ਵਿਚ ਹੀ ਨਹੀਂ ਬਦਲਿਆਂ ਇਸ ਨੇ ਕੌਮੀ ਸਪੇਸ ਅਤੇ ਕੌ ਮੀ ਆਤਮ ਨੂੰ ਵੀ ਵੰਡ ਦਿੱਤਾ। ਹਿੰਦੁਸਤਾਨੀ ਹੁਣ ਹਿੰਦੁਸਤਾਨੀਆਂ ਅਤੇ ਪਾਕਿਸਤਾਨੀਆਂ 'ਚ ਵੰਡੇ ਗਏ ਜੋ ਮੰਗ ਵੱਖਰੀ ਮੱਤ-ਪ੍ਰਣਾਲੀ ਲਈ ਸ਼ੁਰੂ ਹੋਈ ਸੀ, ਉਹ ਸਹਿਜੇ-ਸਹਿਜੇ ਦੋ ਰਾਸ਼ਟਰ ਸਿਧਾਂਤ ਵਿੱਚ ਕਠੋਰ ਰੂਪ ਧਾਰ ਗਈ ਅਤੇ ਮਜ਼ਹਬ ਪਛਾਣ ਅਤੇ ਵੰਡ ਦਾ ਕਾਰਕ ਬਣ ਗਿਆ। ਇਸ ਨਾਲ ਲੱਖਾਂ ਲੋਕ ਵਿਸਥਾਪਤ ਹੋਏ ਅਤੇ ਉਹਨਾਂ ਨੂੰ ਰਿਫਿਊਜੀ ਬਣਾ ਦਿੱਤਾ ਗਿਆ।ਜਿਸ ਕਾਰਨ ਹਿੰਸਾ ਅਤੇ ਖੁਨ ਖਰਾਬਾਂ ਇਨਸਾਨੀ ਜਾਨ ਅਤੇ ਸੰਪਤੀ ਦਾ ਨੁਕਸਾਨ ਹੋਇਆ ਅਤੇ ਮਰਦ ਪ੍ਰਦਾਨ ਰੋਲ ਅਪਣਾਉਦੇ ਹੋਏ ਜੋਹਰ ਅਤੇ ਸਤੀ ਵਰਗੀਆਂ ਰੂੜੀਆਂ ਮੁੜ ਅਪਣਾਈਆਂ ਗਈਆਂ।

ਬਸਤੀਵਾਦ ਦਾ ਆਰੰਭ ਪੱਛਮੀ ਸੱਭਿਅਤਾ ਨੇ ਕੀਤਾ ਹੈ। ਇਹ ਆਰੰਭ ਵਾਸਕੋਡੀਆਮਾ ਨਾਲ ਸ਼ੁਰੂ ਹੁੰਦਾ ਹੈ।ਉਸ ਤੋਂ ਪਿੱਛੋਂ ਯੂਰਪੀ ਦੇਸ਼ ਆਪਣੀਆਂ ਬਸਤੀਆਂ ਬਣਾਉਦੇ ਰਹੇ। ਯੂਰਪੀ ਦੇਸ਼ਾਂ ਨੇ ਅਫ਼ਰੀਕਾ, ਅਮਰੀਕਾ ਤੇ ਏਸ਼ੀਆਂ ਦੇ ਕਾਫ਼ੀ ਦੇਸ਼ ਆਪਣੇ ਸਿੱਧੇ ਰਾਜ ਵਿੱਚ ਸ਼ਾਮਿਲ ਕੀਤੇ। ਇਹਨਾਂ ਬਸਤੀਵਾਦੀ ਦੇਸ਼ਾਂ ਵਿੱਚੋਂ ਪ੍ਰਮੁੱਖ ਸਨ ਪੁਰਤਗਾਲ ਸਪੇਨ, ਜਰਮਨੀ, ਗਲੋਂਡ, ਫਰਾਂਸ, ਬੈਲਜੀਅਮ ਅਤੇ ਬਰਤਾਨੀਆਂ।

ਇਨ੍ਹਾਂ ਬਸਤੀਵਾਦੀ ਦੇਸ਼ਾਂ ਦਾ ਪ੍ਰਬੰਧ ਇੱਕੋ ਜਿਹਾ ਨਹੀਂ ਸੀ ਉਸ ਵਿਚ ਕਾਫ਼ੀ ਨੀਤੀ ਦੀ ਵਿਲੱਖਣਤਾ ਸੀ। ਰੂਪਰਟ ਐਮਰਸਨ (Emerson Rupert) ਨੇ ਆਪਣੇ ਇੱਕ ਨਿਬੰਧ "ਬਸਤੀਵਾਦ" ਵਿਚ ਚਾਰ ਨੀਤੀਆਂ ਦਾ ਜ਼ਿਕਰ ਕੀਤਾ ਹੈ। ਬਰਤਾਨੀਆ ਆਪਣੀਆਂ ਬਸਤੀਆਂ ਵਿਚ

ਸੁਤੰਤਰ ਸਥਾਨਕ ਪ੍ਰਬੰਧ ਨੂੰ ਵਿਕਸਿਤ ਕਰਨ ਦੇ ਯਤਨ ਵਿਚ ਸੀ। ਫ਼ਰਾਂਸ ਬਸਤੀਆਂ ਨੂੰ ਆਪਣੀ ਸਭਿਆਚਾਰਕ, ਆਰਥਿਕ ਅਤੇ ਰਾਜਸੀ ਨੀਤੀ ਵਿਚ ਜਜ਼ਬ ਕਰਨ ਵੱਲ ਰੁਚਿਤ ਸੀ। ਬੈਲਜੀਅਮ, ਆਪਣੇ ਬਸਤੀਵਾਦੀ ਸ਼ਾਸਨ ਅਧੀਨ ਦੇਸਾਂ ਵਿਚ ਸਥਾਨਕ ਵਿਸ਼ੇਸ਼ ਵਰਗ ਬਣਾਉਣ ਵਿਚ ਵਿਅੱਸਤ ਸੀ। ਪੁਰਤਗਾਲ ਨੇ ਆਪਣੇ ਕੁਲ ਪ੍ਰਬੰਧ ਵਿਚ ਸਭ ਲਈ ਇੱਕ ਜਾ ਮੰਨ ਲਿਆ ਸੀ ਭਾਵੇਂ ਕਈ ਪ੍ਰਕਾਰ ਦਾ ਵਿਤਕਰਾ ਫ਼ਿਰ ਵੀ ਦੇਖਿਆ ਜਾ ਸਕਦਾ ਸੀ।

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਜਦੋਂ ਪੱਛਮ ਵਿਚ ਦਸਤਕਾਰੀ ਵਿਕਸਿਤ ਹੋ ਗਈ, ਮਹਾਂਨਗਰਾਂ ਵਿਚ ਕਾਫ਼ੀ ਪੂੰਜੀ ਜਮ੍ਹਾਂ ਹੋਈ। ਇਸ ਨਾਲ ਅਜ਼ਾਰਾਦਾਰ ਪੂੰਜੀ ਜਾਂ 'ਮੋਨੋਂਪਲੀ ਕੈਪੀਟਲ' ਹੋਂਦ ਵਿਚ ਆਈ।ਇਸ ਪੂੰਜੀ ਨੂੰ ਘਰ ਵਿਚ ਰੱਖਣ ਨਾਲੋਂ ਬਾਹਰਲੇ ਦੇਸ਼ਾਂ ਵਿਚ ਲਾਉਣਾ ਲਾਹੇਵੰਦ ਸਮਝਿਆ ਗਿਆ। ਜਿਥੇ ਪੂੰਜੀ ਨਿਵੇਸ਼ ਕੀਤਾ ਗਿਆ, ਉਨ੍ਹਾਂ ਦੇਸ਼ਾਂ ਨੂੰ ਵਿਸ਼ਵ-ਪੂੰਜੀ ਜਾਂ ਗਲੋਬਲ ਕੈਪੀਟਲ ਨਾਲ ਜੋੜ ਦਿੱਤਾ ਗਿਆ ਬੈਂਕ ਦੀ ਭੂਮਿਕਾ ਵੀ ਅਹਿਮ ਬਣ ਗਈ। ਪੂੰਜੀ ਰਾਹੀਂ ਜਿਵੇਂ ਬਗਾਨੇ ਦੇਸ਼ਾਂ ਦੀ ਆਰਥਿਕਤਾ ਨੂੰ ਕਾਬੂ ਕਰਨ ਦੇ ਨਾਲ ਬਾਕੀ ਸੰਸਥਾਵਾਂ ਨੂੰ ਵੀ ਅਧਿਕਾਰ ਵਿਚ ਕੀਤਾ ਗਿਆ। ਇਸ ਨਾਲ ਬਸਤੀਵਾਦ,ਸਾਮਰਾਜ ਜਾਂ ਇੰਪੀਰੀਅਲਿਜ਼ਮ ਬਣ ਗਿਆ। ਲੈਨਿਨ (Lenin) ਨੇ 1916 ਵਿਚ ਛਾਪੀ ਆਪਣੀ ਇੱਕ ਪੁਸਤਕ ਵਿਚ ਜਿਸ ਦਾ ਅੰਗ੍ਰੇਜ਼ੀ ਵਿਚ ਅਨੁਵਾਦਿਤ ਨਾਂ ਇੰਪੀਰੀਅਲਿਜ਼ਮ: ਦ ਹਾਈਐਸਟ ਸਟੇਜ ਔਫ ਕੈਪੀਟੇਲਿਜ਼ਮ(Imperialism : The highest,state of capitalism) ਹੈ ਸਾਮਰਾਜ ਨੂੰ ਵਿਕਸਿਤ ਪੂੰਜੀਵਾਦ ਨਾਲ ਜੋੜਿਆ ਹੈ ਅਤੇ ਇਸ ਨੂੰ ਪੂੰਜੀਵਾਦ ਦਾ ਆਖ਼ਰੀ ਪੜਾਅ ਦੱਸਿਆ ਹੈ।

ਵਿਕਸਿਤ ਪੂੰਜੀਵਾਦ ਦੇ ਸਾਮਰਾਜ ਬਣਨ ਨਾਲ ਵਿਦੇਸ਼ਾਂ ਵਿਚ ਕੀਤਾ ਗਿਆ ਪੂੰਜੀ ਨਿਵੇਸ਼ ਸਾਮਰਾਜੀ ਦੇਸ਼ਾਂ ਲਈ ਲਾਹੇਵੰਦ ਸੀ ਜਾਂ ਨਹੀਂ, ਇਸ ਬਾਰੇ ਉੱਥੋਂ ਦੇ ਵਿਸ਼ੇਸ਼ੱਗਾਂ ਦੀਆਂ ਵਿਰੋਧੀ ਰਾਵਾਂ ਰਹੀਆਂ ਹਨ। ਬਸਤੀਵਾਦ ਦਾ ਸਿੱਧਾਂਤ ਕਰਨ ਵਿਦਵਾਨਾਂ ਨੇ ਕਈ ਦ੍ਰਿਸ਼ਟੀਕੋਣਾਂ ਤੋਂ ਕੀਤਾ ਹੈ, ਪਰ ਇਸ ਯਥਾਰਥ ਬਾਰੇ ਇਹ ਸਵੀਕਾਰ ਕਰਨਾ ਔਖਾ ਨਹੀਂ ਕਿ ਸੋਵੀਅਤ ਸੰਘ ਦਾ ਇਨਕਲਾਬੀ ਅਭਿਆਸ ਅਤੇ ਇਸ ਦਾ ਸਿੱਧਾਂਤ ਭਾਵੇਂ ਐਨਲਾਈਟਨਮੈਂਟ ਤੋਂ ਆਪਣੇ ਆਪ ਨੂੰ ਮੁਕਤ ਨਾ ਕਰ ਸਕਿਆ ਪਰ ਇਸ ਦੇ ਕੌਮੀ ਵੱਲ ਧਿਆਨ ਅਤੇ ਨਿਆਂ ਦੇ ਮੁੱਦੇ ਨੂੰ ਪ੍ਰਾਥਮਿਕਤਾ ਦੇਣ ਨਾਲ ਕੌਮੀ ਆਜ਼ਾਦੀ ਬਸਤੀਆਂ ਦਾ ਵੱਡਾ ਮੁੱਦਾ ਬਣ ਗਈ।ਪੱਛਮੀ ਪੂੰਜੀਵਾਦ ਦੇ ਵਿਕਸਿਤ ਹੋਣ ਤੋਂ ਪਿੱਛੋਂ ਬਸਤੀਵਾਦ ਅਤੇ ਸਾਮਰਾਜਵਾਦੀ ਦਾ ਵੱਡਾ ਯਤਨ ਆਪਣੇ ਅਧੀਨ ਦੇਸ਼ਾਂ ਜਾਂ ਬਸਤੀਆਂ ਨੂੰ ਇਸ ਤਰਾਂ ਸੰਗਠਿਤ ਕਰਨਾ ਸੀ ਕਿ ਉਨ੍ਹਾਂ ਦੇ ਉਤਪਾਦਨ ਰਿਸ਼ਤੇ ਅਤੇ ਸ਼ਕਤੀਆਂ ਗਲੋਬਲ ਕੈਪੀਟਲ ਨਾਲ ਜੁੜ ਜਾਣ। ਇਸ ਨਾਲ ਅਰਥਚਾਰਾ, ਸਭਿਆਚਾਰ, ਸਾਹਿਤਿਕ,ਸੌਂਦਯ ਸ਼ਾਸਤਰ ਅਤੇ ਗਿਆਨ-ਸ਼ਾਸਤਰੀ ਸਿਰਜਨਾਵਾਂ ਸਭ ਇੱਕ ਅਨੁਸ਼ਾਂਸਨ ਵਿਚ ਆ ਗਏ। ਇਸ ਦਾ ਅਰਥ ਇਹ ਨਹੀਂ ਕਿ ਇਨ੍ਹਾਂ ਵਿਚ ਵਿਲੱਖਣਤਾ ਜਾਂ ਲਚਕ ਨਾ ਰਹੀ, ਇਨ੍ਹਾਂ ਦੀ ਪ੍ਰੇਰਣਾ ਜਾਂ ਪ੍ਰਭਾਵ ਸ੍ਰੋਤ ਸਾਂਝਾ ਬਣ ਗਿਆ। ਬਸਤੀਵਾਦ ਸ਼ਾਸਨ ਆਪਣਾ ਰਾਜ, ਬਿਹਤਰ ਆਰਥਿਕਤਾ, ਵਧੀਆ ਹਥਿਆਰਾਂ, ਸੁਰੱਖਿਅਤ ਫੌਜ ਰਾਹੀਂ ਸਥਾਪਿਤ ਕਰਦਾ ਹੈ। ਬਸਤੀਵਾਦ ਅਧਿਕਾਰ ਅਤੇ ਅਨੁਸ਼ਾਸਨ ਨੂੰ ਸਥਿਰ ਕਰਨ ਅਤੇ ਨਿਰੰਤਰ ਰੱਖਣ ਲਈ ਪਿੱਛੋਂ ਅਨੁਸ਼ਾਸਨ, ਵਿਚਾਰਧਾਰਕ ਵਿਉਂਤਾਂ ਆਦਿ ਵੀ ਵਰਤੇ ਜਾਂਦੇ ਹਨ।

ਬਸਤੀਵਾਦ ਤੋਂ ਉੱਤਰ ਬਸਤੀਵਾਦ ਸਥਿਤੀਆਂ ਵਿਚ ਪਰਿਵਰਤਨਸਰਲ ਨਹੀਂ ਸੀ ਸਗੋਂ ਇਸ ਨਾਲ ਕਿੰਨੀ ਹੀ ਪੀੜਾ, ਹਿੰਸਾ ਅਤੇ ਕਸ਼ਟ ਵੀ ਆਏ ਅਤੇ ਇਸ ਨੇ ਨਵੀਆਂ ਨੁਹਾਰਾਂ ਅਤੇ ਨਵੇਂ ਇਤਿਹਾਸਾਂ ਨੂੰ ਜਨਮ ਦਿੱਤਾ। ਇਸਨੇ ਦੱਬੀਆਂ ਹੋਈਆਂ ਸਿਮਰਤੀਆਂ ਮੁੜ ਜਗਾਈਆਂ ਅਤੇ ਨਫ਼ਰਤ ਅਤੇ ਦੁਸ਼ਮਣੀ ਵਧਾਈ, ਜਦ ਲੱਖਾਂ ਰਫ਼ਿਊਜੀ ਕੈਪਾਂ ਵਿੱਚ ਇੱਕਠੇ ਤਾੜ ਦਿੱਤੇ ਗਏ। ਇਸ ਅਵਧੀ ਦੀ ਹਿੰਸਾਂ ਗਾਂਧੀ ਦੀਆਂ ਅਹਿੰਸਾਤਮਕ ਸਿੱਖਿਆਵਾਂ ਦੇ ਪੂਰੀ ਉਲਟ ਸੀ ਅਤੇ ਇਕ ਤਰ੍ਹਾਂ ਨਾਲ ਗਾਂ ਧੀਵਾਦੀ ਵਿਚਾਰਧਾਰਾ ਅਤੇ ਇਸ ਦੁਆਰਾ ਪੇਸ਼ ਕੀਤੇ ਜਾਂਦੇ ਮਾਨਵਵਾਦੀ ਪ੍ਰਵਚਨ ਦੀ ਆਲੋਚਨਾ ਸੀ। ਆਜਾਦੀ ਨੇ ਬੁੱਧੀਜੀਵੀਆ ਦਾ ਸਥਾਪਤੀ ਨਾਲ ਰਿਸ਼ਤਾ ਵੀ ਬਦਲ ਦਿੱਤਾ। ਪਹਿਲਾਂ ਵਾਲਾ ਵਿਪੱਖੀ ਨਜ਼ਰੀਆਂ ਪ੍ਰਸੰਸਕ ਨਹੀਂ ਰਿਹਾ ਸੀ।ਇਸ ਕਾਲ ਵਿੱਚ ਅਵਰੋਧ ਸੀ। ਪਹਿਲਾਂ ਸਿਆਸਤਦਾਨ ਰਾਜਨੀਤਿਕ ਮਤਭੇਦਾਂ ਦੇ ਬਾਵਜੂਦ ਕਸ਼ਟਾਂ ਦੀ ਸਾਂਝ ਅਤੇ ਕਦਰਾਂ ਕਮੀਤਾਂ ਪ੍ਰਤੀਬੱਧਤਾ ਕਾਰਨ ਇਕਜੁੱਟ ਸਨ ਪਰ ਤੇਜ਼ੀ ਨਾਲ ਬੀਤੇ ਦੀ ਗੱਲ ਬਣਦੇ ਜਾਂ ਰਹੇ ਸਨ। ਇਸ ਸਮੇਂ ਦੌਰਾਨ ਵਿਸਥਾਪਤੀ ਵਿਸ਼ਵਵਿਆਪੀ ਵਰਤਾਰਾ ਸੀ ਖਾਸ ਕਰਕੇ ਵਿਸ਼ਵ ਜੰਗ , ਨਾਜੀ ਜੁਲਮਾਂ, ਨਾਗਾਸਾਕੀ-ਹੀਰੋਈਨਾਂ ਦੇ ਐਟਮੀ ਵਿਸਫ਼ੋਟਾਂ ਅਤੇ ਸਾਮਰਾਜੀ ਸੱਤਾ ਦੇ ਖਾਤਮੇ ਕਾਰਨ ਵੱਡੀ ਜਨਸੰਖਿਆਂ ਵਿਸਥਾਪਤ ਹੋਈ ਸੀ। ਦੇਸ਼ ਦਾ ਬਟਵਾਰਾ ਇੱਕ ਹੋਰ ਅਜਿਹਾ ਕਦਮ ਸੀ ਜਿਸਨੇ ਪਰੰਪਰਾਗਤ ਵਫ਼ਾਦਾਰੀਆਂ ਭੂਗੋਲਿਕ ਦਾਅਵੇ ਅਤੇ ਧਾਰਮਿਕ ਸੰਬੰਧਾਂ ਦੁਆਰਾ ਸੰਬੰਧਾਂ ਕਾਰਨ ਤਣਾਉ ਪੈਦਾ ਕੀਤੇ। ਆਮ ਮਨੁੱਖ ਨੂੰ ਬਟਵਾਰੇ ਦੇ ਪੂਰੇ ਸਿੱਟੇ ਅਸਲ'ਚ ਸਮਝ ਨਹੀਂ ਆਏ। ਔਸਤ ਹਿੰਦੂ ਜਾਂ ਮੁਸਲਮਾਨ ਨੇ ਧਰਮ-ਆਧਾਰਿਤ ਖੇਤਰਾਂ ਚ ਦੇਸ਼ ਦੇ ਬਟਵਾਰੇ ਨੂੰ ਬਦਕਿਸਮਤੀ ਦੇ ਸਾਧਨ ਦੇ ਸੰਦਰਭ ਚ ਚਿਤਵਿਆ। ਇੱਥੋਂ ਤੀਕ ਕਿ ਪੜ੍ਹੇ-ਲਿਖੇ ਹਿਦੁਸਤਾਨੀ ਵੀ ਹੱਦਾਂ ਦਾ ਪੂਰੀ ਤਰ੍ਹਾਂ ਅਹਿਸਾਸ ਨਾ ਕਰ ਪਾਏ ਜਿਹਨਾਂ ਨੇ ਉਹਨਾਂ ਨੂੰ ਸੀਮਤ ਅਤੇ ਵਿਸਥਾਪਤ ਕਰ ਦੇਣਾ ਸੀ। ਇਸ ਤੋਂ ਇਲਾਵਾ ਰਾਸ਼ਟਰੀ ਲੀਡਰਸ਼ਿਪ ਨੂੰ ਸੱਤਾ ਸੌਂਪਣ ਦੇ ਬਾਵਜੂਦ ਆਰਥਿਕ ਜਾਂ ਸਭਿਆਚਾਰਕ ਸਮਾਨਤਾ ਅਜੇ ਵੀ ਸੁਪਨਾ ਬਣੀ ਰਹੀ । ਆਰਥਿਕ ਮੁੱਦੇ ਪੇਂ ਡੂ ਗਰੀਬੀ ਅਤੇ ਜਾਤੀਜਾਤ ਭਾਰੂ ਮੁੱਦੇ ਸਨ ਅਤੇ ਖੁਦ ਬਟਵਾਰਾ ਵੀ ਜਿਸ ਦੇ ਵਾਪਰਨ ਤੇ ਆਪਣੇ ਆਪ ਵਿੱਚ ਅਹਿੰਸਾ ਦੀ ਸਮੁੱਚੀ ਲਹਿਰ ਤੇ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਸੀ।

ਮਾਨਵਵਾਦੀ ਕਦਰਾ-ਕੀਮਤਾਂ ਅਤੇ ਧਾਰਮਿਕ ਦਾਅਵਿਆਂ ਦਰਮਿਆਨ ਟਕਰਾਉ ਅਤੇ ਇਹਨਾਂ ਦੇ ਇੱਕ ਦੂਜੇ ਤੇ ਭਾਰੂ ਹੋਣ ਤੇ ਵੀ ਬੁੱਧੀਜੀਵੀਆਂ ਦਾ ਧਿਆਨ ਖਿੱਚਿਆ।ਇੱਕ ਹੋਰ ਧਾਰਾ ਸਮਾਜਿਕ ਯਥਾਰਥ ਦੇ ਨਾਵਲ ਦੀ ਸੀ ਜਿਸ ਨੇ ਸ਼੍ਰੇਣੀਜਾਤੀ, ਲਿੰਗ ਅਤੇ ਇਤਿਹਾਸ

ਚਾਰਾਂ ਦਾ ਹੀ ਅੰਤਰ-ਦ੍ਰਿਸ਼ਟੀ ਨਾਲ ਵਿਸ਼ਲੇਸ਼ਣ, ਪੁਨਰ-ਵਿਆਖਿਆ ਅਤੇ ਪੁਨਰ-ਰਚਨਾ ਕਰਦੇ ਹੋਏ ਵਿਵੇਚਨ ਕੀਤਾ।"ਕੀ ਇਸ ਪੜਾਅ ਨੂੰ ਉੱਤਰਬਸਤੀਵਾਦ ਕਹਿਣਾ ਸੰਭਵ ਹੈ? ਤੀਜੇ ਸੰਸਾਰ, ਹਾਲ ਹੀ ਤੱਕ ਦੀਆਂ ਬਸਤੀਆਂ ਦੇ ਸਾਹਿਤ ਅਤੇ ਕਾਲੇ ਲੇਖਕਾਂ ਅਤੇ ਪ੍ਰਵਾਸੀ ਆਬਾਦੀਆਂ ਦੇ ਸਾਹਿਤ ਨੂੰ ਸਾਂਝੇ ਰੂਪ ਚ ਦੇਖਣ ਲਈ ਇਹ ਇਕ ਸਰਲ ਸੰਕਲਪ ਬਣ ਚੁੱਕਾ ਹੈ।

ਉੱਤਰ ਬਸਤੀਵਾਦ ਸ਼ਬਦ ਨੂੰ ਅੰਗਰੇਜੀ ਭਾਸ਼ਾ ਲੇਖਕ ਅਤੇ ਪ੍ਰਵਾਸ ਦੇ ਸਾਹਿਤ ਨਾਲ ਭਾਰੂ ਸੰਬੰਧਾਂ ਤੋਂ ਮੁਕਤ ਕਰਨ ਦੀ ਲੋੜ ਹੈਇਸ ਨੂੰ ਭਾਰਤੀ ਇਤਿਹਾਸ, ਸਿਧਾਂਤ ਅਤੇ ਵਿਹਾਰ ਪ੍ਰਤੀ ਪ੍ਰਸੰਸਕ ਬਣਾਏ ਜਾਣ ਦੀ ਲੋੜ ਹੈ। ਉੱਤਰ ਬਸਤੀਵਾਦ ਵਿਚਾਰਧਾਰਾ ਦੇ ਕੁੱਝ ਪ੍ਰਮੁੱਖ ਸਰੋਕਾਰ 'ਸਵੈ' ਅਤੇ 'ਹੋਰ' ਦਰਮਿਆਨ ਰਿਸ਼ਤੇ ਅਨੁਸਾਰ ਪਛਾਣੇ ਜਾ ਸਕਦੇ ਹਨ ਜੋ ਆਪਣੇ ਆਪ ਚ ਕਈ ਖੇਤਰਾਂ ਨੂੰ ਆਤਮਸ਼ਾਤ ਕਰਦਾ ਹੈ, ਟਕਰਾਉ ਦੀ ਪ੍ਰਕਿਰਤੀ, 'ਸਵੈ'ਦੀ ਸਿਰਜਣਾ ਦਾ ਢੰਗ, ਪਰੰਪਰਾ ਅਤੇ ਧਰਮ ਦਾ ਰੋਲ , ਆਰਥਿਕ ਸ਼ਕਤੀ ਅਤੇ ਸ਼ਮਾਜਿਕ ਰਿਸ਼ਤਾ। ਇਹ ਸਭਿਆਚਾਰਕ ਸਰੰਚਨਾਵਾਂ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ ਅਤੇ ਜਿਸ ਤਰ੍ਹਾਂ ਸਭਿਆਤਾਵਾਂ ਨੂੰ ਆਪਣੇ ਅਤੇ ਹੋਰਾਂ ਵਲੋਂ ਸਮਝਿਆਂ ਜਾਂਦਾ ਹੈ।ਅਕਸਰ ਹੀ 'ਸਵੈ' ਅਤੇ 'ਹੋਰ' ਦਰਮਿਆਨ ਰਿਸ਼ਤਾ ਵੈਰ ਅਵਿਸ਼ਵਾਸ ਅਤੇ ਸੰਦੇਹ ਦੁਆਰਾ ਉਘੜਦਾ ਹੈ।

ਜਿੱਥੋਂ ਤੀਕ ਉੱਤਰ ਬਸਤੀਵਾਦ ਦੀ ਵਰਤੋਂ ਦਾ ਸਵਾਲ ਅਫਰੀਕਾ ਭਾਰਤ ਅਤੇ ਸੰਸਾਰ ਦੇ ਦੂਸਰੇ ਬਸਤੀਵਾਦੀ ਦੇਸ਼ਾਂ ਉੱਪਰ ਇਸ ਨੂੰ ਲਾਗੂ ਕਰਨ ਦਾ ਸਵਾਲ ਹੈ ਇਹ ਨਾ ਕੇਵਲ ਇੱਕ ਗਲਪ ਜਾਂ ਭਰਮ ਹੈ ਸਗੋਂ ਬਹੁਤ ਹੀ ਘ੍ਰਿਣਾਯੋਗ ਮਿੱਥ ਹੈ ਇਹ ਸਾਡੇ ਲੋਕਾਂ ਦੇ ਜੀਵਨ ਦੇ ਖਤਰਨਾਕ ਕਾਲ ਉੱਪਰ ਪਰਦਾ ਪਾਉਣ ਦਾ ਕੋਝਾ ਯਤਨ ਹੈ।

ਇੱਕ ਕਾਨਫਰੰਸ ਵਿੱਚ ਭਾਂਬਾ ਨੇ ਵਿਚਾਰ ਪੇਸ਼ ਕੀਤਾ ਤੇ ਉੱਤਰ ਬਸਤੀਵਾਦ ਪਦ ਦੀ ਜ਼ਿਆਦਾਤਰ ਵਰਤੋਂ ਉਸ ਸਮਾਜਿਕ ਆਲੋਚਨਾ ਦੇ ਵਰਣਨ ਲਈ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨਾ ਬਰਾਬਰ ਅਤੇ ਨਾ ਹਮਵਾਰ ਰਚਨਾਵਾਂ ਦੇ ਵਰਤਾਰਿਆਂ ਰਾਹੀਂ ਤੀਸਰੀ ਦੁਨੀਆਂ ਦੇ ਬਸਤੀਵਾਦ ਹੰਢਾ ਚੁੱਕੇ ਮੁਲਕਾਂ ਦੇ ਅਨੁਭਵ ਨੂੰ ਪੱਛਮੀ ਦ੍ਰਿਸ਼ਟੀ ਤੋਂ ਵੇਖੇ ਜਾਣ ਦੀ ਗਵਾਹੀ ਭਰਦਾ ਹੈ। ਉੱਤਰ ਬਸਤੀਵਾਦ ਬਸਤੀਵਾਦ ਤੋਂ ਬਾਅਦ ਦੇ ਸਮੇਂ ਅਤੇ ਸੰਸਾਰ ਦਾ ਨਹੀਂ ਉਸ ਅਲੋਚਨਾਤਮਕ ਪ੍ਰੈਕਟਿਸ ਦਾ ਨਾਮ ਹੈ; ਜਿਸ ਰਾਹੀਂ ਗਿਆਨ ਅਤੇ ਸ਼ਕਤੀ ਦੇ ਉਨ੍ਹਾਂ ਰਿਸ਼ਤਿਆਂ ਅਤੇ ਸੰਸਥਾਵਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਿਨ੍ਹਾਂ ਰਾਹੀਂ ਬਸਤੀਵਾਦ ਸੱਤ/ ਵਿਚਾਰਧਾਰਾ ਬਸਤੀਵਾਦੀ ਸਮੇਂ ਸੰਸਾਰ ਤੋਂ ਬਾਅਦ ਵੀ ਲੋਕਾਂ ਨੂੰ ਮਾਨਸਿਕ ਪੱਧਰ ਤੇ ਆਪਣਾ ਮੁਲਾ ਬਣਾਈ ਰੱਖਦੀ ਹੈ। ਇਹ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਅਤੀਤ ਦੇ ਬਸਤੀਵਾਦੀ ਰਿਸ਼ਤੇ ਵਰਤਮਾਨ ਦੇ ਨਵ ਬਸਤੀਵਾਦੀ ਰਿਸ਼ਤਿਆਂ ਵਿੱਚ ਪੁਨਰ ਉਤਪਾਦਿਤ ਜਾਂ ਰੂਪਾਂਤਰਿਤ ਹੁੰਦੇ ਹਨ ?ਵਰਤਮਾਨ ਸਮੇਂ ਸੰਸਾਰ ਦੇ ਪ੍ਰਤੀਰੋਧ ਨੂੰ ਵੀ ਇਸੇ ਲਈ ਬਸਤੀਵਾਦੀ ਪ੍ਰੈਕਟਿਸ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਬਹੁਤੇ ਚਿੰਤਕ ਪਦ ਉੱਤਰ ਦਾ ਵਿਰੋਧ ਇਸ ਕਾਰਨ ਕਰਦੇ ਹਨ ਕੀ ਇਹ ਬਸਤੀਵਾਦ ਤੋਂ ਬਾਅਦ ਦੇ ਕਾਲ ਵੱਲ ਸੰਕੇਤ ਕਰਦਾ ਹੈ ਪ੍ਰੰਤੂ ਇਹ ਸਮਝਣਾ ਜ਼ਿਆਦਾ ਜ਼ਰੂਰੀ ਹੈ ਕਿ ਰਾਜਨੀਤਕ ਤੌਰ ਤੇ ਬਸਤੀਵਾਦ ਦੇ ਖ਼ਾਤਮੇ ਨਾਲ ਬਸਤੀਵਾਦੀ ਸੰਸਾਰਿਕ ਸੰਸਥਾਵਾਂ ਵਿਚਾਰਧਾਰਾ ਸੱਭਿਆਚਾਰ ਅਤੇ ਮਨੁੱਖਾਂ ਨੂੰ ਮਾਨਸਿਕ ਅਤੇ ਮਨੋਵਿਗਿਆਨਕ ਤੌਰ ਤੇ ਕਾਬੂ ਕਰਨ ਦੀਆਂ ਜੁਗਤਾਂ ਅਤੇ ਗਿਆਨ ਅਤੇ ਸੱਤਾ ਦੇ ਸਹਿਯੋਗ ਦੇ ਮੱਕੜ ਜਾਲ ਵਿੱਚੋਂ ਕਿਸੇ ਬਸਤੀ ਦੇ ਲੋਕਾਂ ਦਾ ਆਜ਼ਾਦ ਹੋ ਜਾਣਾ ਕੋਈ ਬਹੁਤ ਸੁਖਾਲਾ ਕਾਰਜ ਨਹੀਂ ਹੈ ।

ਵੀਂਹਵੀਂ ਸਦੀ ਦਾ ਦੂਸਰਾ ਅੱਧ ਬਸਤੀਵਾਦ ਦੇ ਖ਼ਾਤਮੇ ਦਾ ਯੁੱਗ ਹੈ। ਇਸ ਸਮੇਂ ਵਿੱਚ ਇੰਗਲੈਂਡ ਫਰਾਂਸ ਆਦਿ ਸਾਮਰਾਜੀ ਦੇਸ਼ਾਂ ਦੀਆਂ ਬਹੁਤੀਆਂ ਬਸਤੀਆਂ ਨੇ ਆਪਣੇ ਦੇਸ਼ ਵਿੱਚ ਰਾਸ਼ਟਰਵਾਦੀ ਲਹਿਰਾਂ ਰਾਹੀਂ ਇਨ੍ਹਾਂ ਮੁਲਕਾਂ ਦੀ ਸਾਮਰਾਜੀ ਗੁਲਾਮੀ ਤੋਂ ਆਪਣੇ ਦੇਸ਼ਾਂ ਨੂੰ ਆਜ਼ਾਦ ਕਰਵਾ ਕੇ ਨਵੇਂ ਕੌਮੀ ਰਾਜਾਂ ਦੀ ਸਥਾਪਨਾ ਕੀਤੀ। ਇਸ ਦੌਰ ਵਿੱਚ ਅਮਰੀਕਾ ਆਦਿ ਵਿੱਚ ਰਹਿ ਰਹੇ ਅਫ਼ਰੀਕਨ ਕਾਲੇ ਲੋਕਾਂ ਨੇ ਗੋਰੇ ਨਸਲ ਪ੍ਰਸਤਾਂ ਵੱਲੋਂ ਉਨ੍ਹਾਂ ਨਾਲ ਕੀਤੇ ਜਾ ਰਹੇ ਜ਼ੁਲਮਾਂ, ਵਧੀਕੀਆਂ ਅਤੇ ਭੇਦ-ਭਾਵ ਦੇ ਖਿਲਾਫ਼ ਡੱਟਵੇਂ ਸੰਘਰਸ਼ ਕੀਤੇ। ਉਨ੍ਹਾਂ ਦਾ ਯਤਨ ਸੀ ਕਿ ਪਰਵਾਸੀਆਂ ਨੂੰ ਯੂਰਪੀਅਨ ਅਤੇ ਅਮਰੀਕਾ ਦੇ ਮੂਲ ਨਿਵਾਸੀਆਂ ਦੇ ਨਾਲ ਬਰਾਬਰੀ ਦੀ ਪੱਧਰ ਤੇ ਸਲੂਕ ਕੀਤਾ ਜਾਵੇ। ਇਸ ਦੇ ਨਾਲ ਹੀ ਵੱਖ ਵੱਖ ਸਮੂਹਾਂ, ਜਾਤੀਆਂ, ਨਸਲਾਂ ਦੀ ਆਪਸੀ ਵਖਰੇਵਿਆਂ ਅਤੇ ਵਿਲੱਖਣਤਾਵਾਂ ਨੂੰ ਸਾਹਿਤ ਕਿਵੇਂ ਪ੍ਰਸਤੁਤ ਕਰਦਾ ਹੈ ਇਉਂ ਇੱਕ ਪ੍ਰਕਾਰ ਦੇ ਅੰਤਰਜਾਤੀ ਅੰਤਰ ਨਸਲੀ ਅੰਤਰ ਦੇਸ਼ੀ ਅਤੇ ਅੰਤਰ ਸਭਿਆਚਾਰਕ ਸੰਬੰਧਾਂ ਦੀ ਸਾਹਿਤ ਅਤੇ ਦੂਸਰੇ ਕਲਾ ਰੂਪਾਂ ਵਿੱਚ ਕੀਤੀ ਜਾਣ ਵਾਲੀ ਪੇਸ਼ਕਾਰੀ ਉੱਪਰ ਵਧੇਰੇ ਧਿਆਨ ਦਿੱਤਾ ਜਾਣ ਲੱਗਾ। ਇਸੇ ਪ੍ਰਸੰਗ ਵਿੱਚ ਪ੍ਰਵਾਸ, ਨਸਲ, ਰੰਗ, ਸਵੈ-ਪਛਾਣ, ਦੇਸ਼ ਨਿਕਾਲਾ ਆਪਣਾ ਦੇਸ਼/ ਘਰ, ਕੌਮੀਅਤ ਆਦਿ ਮਸਲਿਆਂ ਬਾਰੇ ਭਰਪੂਰ ਵਿਚਾਰ-ਚਰਚਾ ਹੋਣੀ ਸ਼ੁਰੂ ਹੋ ਗਈ। ਇਸ ਤਰ੍ਹਾਂ ਦੇ ਮਾਹੌਲ ਵਿੱਚ ਸਾਹਿਤ ਦਾ ਮਹੱਤਵ ਇਨ੍ਹਾਂ ਵਖਰੇਵਿਆਂ ਵਿਸ਼ੇਸ਼ਤਾਵਾਂ ਅੰਤਰ-ਸੰਬੰਧਾਂ ਅਤੇ ਅੰਤਰ-ਸੰਘਰਸ਼ ਨੂੰ ਸਮਝਣ ਵਿੱਚ ਇੱਕ ਵਿਸ਼ੇਸ਼ ਰੁਤਬਾ ਇਖ਼ਤਿਆਰ ਤਿਆਰ ਕਰ ਗਿਆ।

ਸਮਕਾਲੀ ਉੱਤਰ ਬਸਤੀਵਾਦ ਦਾ ਆਰੰਭ 1947 ਤੋਂ ਹੋ ਜਾਂਦਾ ਹੈ ਭਾਵੇਂ ਇਹ ਨਿਯਮਿਤ ਪ੍ਰਵਚਨ ਦੇ ਤੌਰ ਤੇ ਇਸ ਦਾ ਆਰੰਭ ਅਤੇ ਨਾਮਕਰਨ 1978 ਹੋਇਆ ਪ੍ਰਵਾਨ ਕੀਤਾ ਜਾਂਦਾ ਹੈ। ਉੱਤਰ ਬਸਤੀਵਾਦੀ ਪਹੁੰਚ ਸਾਹਿਤ ਵਿੱਚ ਜਾਂ ਵੱਖ ਵੱਖ ਬਸਤੀਕ੍ਰਿਤ ਦੇਸ਼ਾਂ ਦੇ ਸਾਹਿਤ ਵਿੱਚ ਪੇਸ਼ ਹੋ ਰਹੇ ਜਬਰ ਅਤੇ ਵਿਦਰੋਹ ਨੂੰ ਇੱਕੋ ਵੇਲੇ ਹੀ ਪੇਸ਼ ਕਰਦੀ ਹੈ। ਸੰਸਕ੍ਰਿਤਕ, ਇਤਿਹਾਸਕ, ਰਾਜਨੀਤਕ, ਭੂਗੋਲਿਕ ਭਿੰਨਤਾਵਾਂ ਵੱਲ ਧਿਆਨ ਦੇਣਾ ਬੜਾ ਮਹੱਤਵਪੂਰਨ ਹੈ ਪ੍ਰੰਤੂ ਇਸ ਤੋਂ ਵੀ ਵੱਧ ਮਹੱਤਵਪੂਰਨ ਹੈ ਭਿੰਨਤਾਵਾਂ ਦਾ ਚਿੰਤਨ ਅਤੇ ਭਿੰਨਤਾਵਾਂ ਤੋਂ ਪਾਰ ਜਾਣ ਦਾ ਚਿੰਤਨ। ਉੱਤਰ ਬਸਤੀਵਾਦੀ ਦ੍ਰਿਸ਼ਟੀ ਦੀ ਪਹਿਲੀ ਸੀਮਾ ਇਹ ਹੈ ਕਿ ਇਸ ਵੱਲੋਂ

ਬਸਤੀਵਾਦ,ਬਸਤੀਕਾਰ ਅਤੇ ਬਸਤੀਕ੍ਰਿਤ ਵਿੱਚ ਜੋ ਵਖਰੇਵਾਂ ਕੀਤਾ ਗਿਆ ਹੈ ਇਹ ਵਖਰੇਵਾਂ ਬਹੁਤਾ ਸੰਤੁਸ਼ਟੀ ਜਨਕ ਪ੍ਰਵਾਨ ਨਹੀਂ ਕੀਤਾ ਗਿਆ। ਕਿਸੇ ਇੱਕ ਦੇਸ਼ ਨੂੰ ਜਿਸ ਨੂੰ ਪਹਿਲਾਂ ਬਸਤੀਕ੍ਰਿਤ ਪ੍ਰਵਾਨ ਕੀਤਾ ਗਿਆ ਹੋਵੇ ਉਹੀ ਦੇਸ਼ ਅੱਜ-ਖੁਦ ਸਾਮਰਾਜਵਾਦ ਅਤੇ ਬਸਤੀਕਾਰ ਦਾ ਰੋਲ ਨਿਭਾਉਣ ਲੱਗ ਪਿਆ ਹੈ।ਇਸ ਪ੍ਰਸੰਗ ਵਿੱਚ ਅਮਰੀਕੀ ਸਾਮਰਾਜਵਾਦ ਜੋ ਅੱਜ ਸੰਸਾਰ ਦਾ ਸਭ ਤੋਂ ਵੱਡਾ ਸਾਮਰਾਜਵਾਦੀ ਮੁਲਕ ਹੈ ਕਿਸੇ ਸਮੇਂ ਇਹ ਬਰਤਾਨੀਆਂ ਦੀ ਖ਼ੁਦ ਇੱਕ ਆਪ ਬਸਤੀ ਰਿਹਾ ਹੈ। ਇਸੇ ਪ੍ਰਕਾਰ ਆਸਟ੍ਰੇਲੀਆ ਵਰਗੇ ਮੁਲਕ ਵਿੱਚ ਜਿਸ ਨੂੰ Settller Colony ਕਿਹਾ ਗਿਆ ਹੈ-ਵਿੱਚ ਇੱਕੋ ਵੇਲੇ ਬਸਤੀਕਾਰ, ਬਸਤੀਕ੍ਰਿਤ ਅਤੇ ਮੂਲ ਵਾਸੀਆਂ ਵਿੱਚ ਇੱਕ ਆਪਣੀ ਕਿਸਮ ਦਾ ਵਖਰੇਵਾਂ ਵਿਦਮਾਨ ਰਹਿੰਦਾ ਹੈ।ਇਸ ਪ੍ਰਕਾਰ ਕਿਸੇ ਮੁਲਕ ਦੀ ਬਸਤੀਵਾਦ ਤੋਂ ਰਾਜਨੀਤਕ ਮੁਕਤੀ ਦੇ ਨਾਲ ਹੀ ਕੋਈ ਮੁਲਕ ਬਸਤੀਵਾਦੀ ਸੰਸਕਾਰਾਂ ਵਿਚਾਰਧਾਰਾ ਅਤੇ ਉੱਥੋ ਦੇ ਵਸਨੀਕਾਂ ਦੀ ਚੇਤਨਾ ਨੂੰ ਜਿਵੇਂ ਬਸਤੀਵਾਦ ਨੇ ਅੰਦਰੋਂ ਅਤੇ ਬਾਹਰੋਂ ਕਾਬੂ ਕੀਤਾ ਹੁੰਦਾ ਹੈ।ਇਸ ਮਾਨਸਿਕ ਜਕੜ ਤੋਂ ਪਹਿਲਾਂ ਖਹਿੜਾ ਛੁਡਾ ਸਕਣਾ ਬੜਾ ਸਮੱਸਿਆ ਮੂਲਕ ਹੁੰਦਾ ਹੈ। ਰਾਜਨੀਤਿਕ ਗੁਲਾਮੀ ਨਾਲੋਂ ਸਭਿਆਚਾਰਕ ਅਤੇ ਮਨੋਵਿਗਿਆਨਕ ਗੁਲਾਮੀ ਜ਼ਿਆਦਾ ਲੰਮੇ ਸਮੇਂ ਲਈ ਜ਼ਿਆਦਾ ਡੂੰਘੀ ਤਰ੍ਹਾਂ ਮਨੁੱਖਾਂ ਨੂੰ ਆਪਣੇ ਕਾਬੂ ਵਿਚ ਰੱਖਦੀ ਹੈ।

Ella Shohat ਨੇ ਉੱਤਰ ਬਸਤੀਵਾਦ ਉੱਪਰ ਦੋਸ਼ ਲਾਉਂਦਿਆਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਸੰਕਲਪ ਵਿੱਚ ਉੱਤਰ ਢੁਕਵਾਂ ਨਹੀਂ ਕਿਉਂਕਿ ਆਸਟਰੇਲੀਆ ਦੇ ਮੂਲ ਵਾਸੀਆਂ ਨਾਲ ਆਸਟਰੇਲੀਆ ਦੇ ਵਸਨੀਕ ਬਣ ਚੁੱਕੇ ਗੋਰੇ ਯੂਰਪੀਅਨਾਂ ਵੱਲੋਂ ਕੀਤੇ ਜਾਂਦੇ ਜਬਰ ਅਤੇ ਵਖਰੇਵੇਂ ਵੱਲ ਸਾਡਾ ਧਿਆਨ ਖਿੱਚਣ ਦੇ ਨਾਲ ਨਾਲ ਯੂਰਪ ਦੇ ਗੋਰਿਆਂ ਦੀ ਯੂਰਪ ਦੇ ਕੁਲੀਨ ਵਰਗ ਵੱਲੋਂ ਕੀਤੇ ਜਾਂਦੇ ਜਬਰ ਅਤੇ ਧੌਂਸ ਨੂੰ ਸਿਰਫ ਉੱਤਰ ਆਧੁਨਿਕਤਾ ਲਾ ਕੇ ਇੱਕੋ ਰੱਸੇ ਨਹੀਂ ਬੰਨ੍ਹਿਆ ਜਾ ਸਕਦਾ। ਨਾਰੀਵਾਦੀ ਚਿੰਤਕਾਂ ਨੇ ਉੱਤਰ ਬਸਤੀਵਾਦ ਨੂੰ ਮਰਦਾਂ ਨੂੰ ਵਿਸ਼ੇਸ਼ ਅਧਿਕਾਰ ਦੇਣ ਦਾ ਦੋਸ਼ੀ ਠਹਿਰਾਉਂਦਿਆਂ ਨਾਰੀ ਦੇ ਜੀਵਨ ਦੇ ਬਹੁ-ਰੰਮੇ ਅਨੁਭਵਾਂ ਵੱਲ ਬਹੁਤ ਹੀ ਘੱਟ ਧਿਆਨ ਦੇਣ ਦਾ ਦੋਸ਼ੀ ਠਹਿਰਾਇਆ ਹੈ।

Simon ਉੱਤਰ ਬਸਤੀਵਾਦ ਸ਼ਬਦ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਹੈ ਪਹਿਲੇ ਲਈ ਉਹ ਉੱਤਰ ਬਸਤੀਕਾਰ ਸ਼ਬਦ ਵਰਤਦੀ ਹੈ,ਉਹ ਲੋਕ ਜੋ ਆਪਣੇ ਆਪ ਨੂੰ ਬਸਤੀਕਾਰਾਂ ਦੇ ਵਾਰਿਸ ਜਾਂ ਬਸਤੀਕਾਰਾਂ ਨਾਲ ਆਪਣੀ ਪਛਾਣ ਜੋੜਦੇ ਹਨ ਅਤੇ ਬਸਤੀਕਾਰੀ ਵਿੱਚੋਂ ਲਾਭ ਪ੍ਰਾਪਤ ਕਰਦੇ ਹਨ।ਦੂਸਰੇ ਲੋਕ ਜੋ ਉੱਤਰ ਬਸਤੀਕ੍ਰਿਤ ਹਨ ਜਿਹੜੇ ਬਸਤੀਕਾਰਾਂ ਵੱਲੋਂ ਸੱਭਿਆਚਾਰਕ ਤੌਰ ਤੇ ਮਹਿਰੂਮ ਕਰ ਦਿੱਤੇ ਗਏ ਹਨ ਇਉਂ ਇਤਿਹਾਸਕ ਅਤੇ ਰਾਜਨੀਤਿਕ ਦੱਬਾਵਾਂ ਅਧੀਨ ਉੱਤਰ ਬਸਤੀਵਾਦ ਦਾ ਜਮਾਤੀ ਸੱਠ ਅਤੇ ਬਸਤੀਕ੍ਰਿਤ ਕੌਮਾਂ ਦੇ ਆਪਣੇ ਅੰਤਰ-ਕੌਮੀ ਵਖਰੇਵੇਂ ਸਾਡੇ ਸਾਹਮਣੇ ਸਪੱਸ਼ਟ ਹੋ ਜਾਂਦੇ ਹਨ।1945 ਵਿੱਚ ਦੂਜੀ ਜੰਗ ਖ਼ਤਮ ਹੋਣ ਦੇ ਬਾਅਦ, ਦੂਜੇ ਵਿਸ਼ਵ ਯੁੱਧ ਤੋਂ ਪਹਿਲਾਂ ਧਰਤੀ ਦਾ 85% ਹਿੱਸਾ ਇੱਕ ਲੰਮੇ ਅਰਸੇ ਤੱਕ ਕੁਝ ਕੁ ਯੂਰਪੀ ਦੇਸ਼ਾਂ ਦਾ ਗੁਲਾਮ ਰਿਹਾ। ਜਿਸ ਨੂੰ ਅਸੀਂ ਬਸਤੀਵਾਦ ਯੁੱਗ ਆਖਦੇ ਹਨ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਗੁਲਾਮ ਮੁਲਕ ਆਜ਼ਾਦ ਹੋ ਗਏ। ਇਨ੍ਹਾਂ ਆਜ਼ਾਦ ਮੁਲਕਾਂ ਦੇ ਲੋਕ ਸਾਰੇ ਦੇਸ਼ ਵਿੱਚ ਵੱਸਦੇ ਹਨ ਤੇ ਇਸ ਆਜ਼ਾਦੀ ਤੋਂ ਬਾਅਦ ਦੇ ਸਾਰੇ ਸੰਸਾਰ ਨੂੰ ਉੱਤਰ ਬਸਤੀਵਾਦ ਦਾ ਸੰਸਾਰ ਕਿਹਾ ਜਾਣ ਲੱਗਾ। ਨਾ ਤਾਂ ਵਰਤਮਾਨ ਸੰਸਾਰ ਨੂੰ ਅਤੇ ਨਾ ਹੀ ਵਰਤਮਾਨ ਯੁੱਗ ਨੂੰ ਉੱਤਰ ਬਸਤੀਵਾਦ ਕਿਹਾ ਜਾ ਸਕਦਾ ਹੈ। ਉੱਤਰ ਬਸਤੀਵਾਦੀ ਚਿੰਤਕਾਂ ਨੂੰ ਇਸ ਗੱਲ ਦੀ ਵਧੇਰੇ ਚਿੰਤਾ ਰਹਿੰਦੀ ਹੈ ਕਿ ਗੁਲਾਮ ਰਹਿ ਚੁੱਕੇ ਦੇਸ਼ਾਂ ਵਿੱਚ ਆਜ਼ਾਦੀ ਦੀ ਭਾਵਨਾ ਪੈਦਾ ਕਰਨ ਲਈ ਉਨ੍ਹਾਂ ਨੂੰ ਆਪਣੀ ਕੌਮੀ ਪਹਿਚਾਣ ਕਿਵੇਂ ਸਥਾਪਤ ਕਰਨੀ ਹੈ।ਪੱਛਮੀ ਸਾਮਰਾਜ ਨੇ ਆਪਣੇ ਆਪ ਨੂੰ ਤਰਕ ਅਤੇ ਵਿਕਾਸ ਨਾਲ ਪੂਰਬ ਨੂੰ ਰੂਹਾਨੀਅਤ ਅਤੇ ਖੜੋਤ ਨਾਲ ਜੋੜ ਕੇ ਸਾਨੂੰ ਕੇਵਲ ਨਿਗੂਣਾ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਸਗੋਂ ਆਧੁਨਿਕ ਸੰਸਾਰ ਦੇ ਨਿਰਮਾਣ ਵਿੱਚ ਤਰਕ ਅਤੇ ਵਿਕਾਸ ਦੇ ਮਹੱਤਵ ਨੂੰ ਵਧਾ ਕੇ ਅੰਤ ਪੂਰਬ ਦੀਆਂ ਰੂਹਾਨੀ ਕਦਰਾਂ-ਕੀਮਤਾਂ ਛੁਡਵਾ ਕੇ ਸਾਨੂੰ ਪੱਛਮ ਦੇ ਤੌਰ ਤਰੀਕੇ ਅਪਣਾਉਣ ਲਈ ਤਿਆਰ ਵੀ ਕੀਤਾ।ਸਾਡੇ ਅੰਦਰ ਹੀਣ-ਭਾਵਨਾ ਪੈਦਾ ਕਰ ਦਿੱਤੀ ਤੇ ਅਸੀਂ ਪੱਛਮ ਦੇ ਗ਼ੁਲਾਮ ਹੋ ਨਿੱਬੜੇ।ਅਸੀਂ ਅੰਗਰੇਜ਼ੀ ਭਾਸ਼ਾ ਦੇ ਗੀਤ ਗਾਉਣ ਲੱਗੇ, ਅੰਗਰੇਜ਼ ਸਾਡੇ ਉੱਪਰ ਰਾਜ ਕਰਨ ਲੱਗੇ।

ਉੱਤਰ ਬਸਤੀਵਾਦ ਅਤੇ ਨਵ ਬਸਤੀਵਾਦ ਦੇ ਸੰਬੰਧਾਂ ਬਾਰੇ ਵੀ ਚਿੰਤਕਾਂ ਨੇ ਕਾਫ਼ੀ ਮਹੱਤਵਪੂਰਨ ਮੁੱਦੇ ਉਠਾਏ ਹਨ। ਇਨ੍ਹਾਂ ਵਿੱਚ ਪਹਿਲਾ ਮੁੱਦਾ ਹੀ ਇਹ ਹੈ ਕਿ ਭਾਵੇਂ ਉੱਤਰ ਬਸਤੀਵਾਦ ਜੁਝਾਰਵਾਦ ਜਾਂ ਵਿਦਰੋਹ ਦਾ ਬੁਰਕਾ ਪਾ ਕੇ ਬਸਤੀਵਾਦ ਦਾ ਵਿਰੋਧ ਕਰਨ ਦਾ ਸਿਧਾਂਤਕ ਪੱਧਰ ਤੇ ਦੰਭ ਕਰਦਾ ਹੈ।ਪ੍ਰੰਤੂ ਕਿਸੇ ਵੀ ਤਰ੍ਹਾਂ ਉੱਤਰ ਬਸਤੀਵਾਦ-ਨਵ-ਬਸਤੀਵਾਦ ਨਾਲ ਆਪਣੀ ਲੁਕਵੀਂ ਸਾਂਝ ਨੂੰ ਛੁਪਾ ਨਹੀਂ ਸਕਦੀ ਜਿਸ ਅਧੀਨ ਬਸਤੀਵਾਦ ਦੇ ਮੁੱਕ ਜਾਣ ਬਾਅਦ ਵੀ ਅੱਜ ਲੱਖਾਂ ਲੋਕ ਨਵ-ਬਸਤੀਵਾਦ ਜਬਰ ਧੌਂਸ ਦਾ ਸ਼ਿਕਾਰ ਹੋ ਰਹੇ ਹਨ। ਮੀਨਾਕਸ਼ੀ ਮੁਖਰਜੀ ਇਸੇ ਪ੍ਰਸੰਗ ਵਿੱਚ ਬਿਆਨ ਕਰਦੀ ਹੈ ਕਿ ਉੱਤਰ ਬਸਤੀਵਾਦ ਸੰਕਲਪ ਦੀ ਘਾੜਤ ਅਤੇ ਨਾਮਕਰਨ ਪੱਛਮ ਵਿਸ਼ੇਸ਼ ਕਰਕੇ ਅਮਰੀਕਨ ਯੂਨੀਵਰਸਿਟੀਆਂ ਵੱਲੋਂ ਕੀਤੀ ਗਈ ਹੈ।ਭਾਰਤ ਵਰਗੇ ਮੁਲਕ ਜੋ ਬਸਤੀਵਾਦ ਬਾਅਦ ਹੰਢਾ ਚੁੱਕੇ ਹਨ ਦੀਆਂ ਸਮੱਸਿਆਵਾਂ ਨੂੰ ਸਮਝਣ ਵਿੱਚ ਕਿਸੇ ਵੀ ਪ੍ਰਕਾਰ ਬਹੁਤਾ ਸਹਾਈ ਨਹੀਂ ਹੁੰਦਾ।

ਬਸਤੀਵਾਦੀ ਦ੍ਰਿਸ਼ਟੀ ਰਾਹੀਂ ਭਾਰਤ ਵਿੱਚ ਰਚੇ ਸਮੁੱਚੇ ਸਾਹਿਤ ਨੂੰ ਵਿਸ਼ਾਲ ਬਸਤੀਵਾਦੀ ਵਿਰੋਧ ਵੀ ਇੱਕ ਰਾਜਨੀਤੀ ਅਤੇ ਰਣਨੀਤੀ ਵਜੋਂ ਵਿਚਾਰਨਾ ਸਿਧਾਂਤਕ ਤੌਰ ਤੇ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਹਰ ਰਚਨਾ ਹੀ ਲੁਕਵੇਂ ਅਤੇ ਸੂਖਮ ਰੂਪ ਵਿੱਚ ਬਸਤੀਵਾਦ ਵਿਰੁੱਧ ਵਿਦਰੋਹ ਜਾਂ ਨਕਲ ਹੋਵੇ ਜ਼ਰੂਰੀ ਨਹੀਂ, ਸਾਹਿਤ ਦਾ ਸੰਸਾਰ ਅਤੇ ਕਿਸੇ ਦੇਸ਼ ਦੇ ਲੋਕਾਂ ਦੇ ਜੀਵਨ ਦੇ

ਹਜ਼ਾਰਾਂ ਮਸਲੇ ਹੋ ਸਕਦੇ ਹਨ। ਕਿਸੇ ਇੱਕ ਮਸਲੇ ਤੀਕ ਸਾਹਿਤ ਨੂੰ ਘਟਾ ਕੇ ਵੇਖਣਾ ਆਪਣੀ ਕਿਸਮ ਦੇ ਘਟਾਓਵਾਦ ਅਤੇ ਸੰਕੀਰਣਤਾ ਦਾ ਸਿਧਾਂਤਕ ਪ੍ਰਗਟਾਵਾ ਬਣ ਕੇ ਰਹਿ ਜਾਵੇਗਾ। ਕਿਉਂਕਿ ਸਾਰਾ ਕੁਝ ਪੱਛਮੀ ਯੂਨੀਵਰਸਿਟੀਆਂ ਅਤੇ ਚਿੰਤਨ ਦੀ ਇਜਾਰੇਦਾਰੀ ਦਾ ਨਤੀਜਾ ਹੈ। ਸੋ ਸਾਡੇ ਸਾਹਿਤ ਚਿੰਤਕ ਅਤੇ ਪੱਛਮੀ ਚਿੰਤਨ ਪਰੰਪਰਾ ਵਿੱਚ ਰਿਸ਼ਤਾ ਅਜੇ ਵੀ ਗ਼ਰੀਬ ਅਤੇ ਅਮੀਰ ਜਾਂ ਸਾਧਨ-ਸੰਪੰਨ ਅਤੇ ਸਾਧਨ ਵਿਪੰਨ ਚਿੰਤਨ ਪਰੰਪਰਾ ਦਾ ਰਿਸ਼ਤਾ ਹੈ। ਜੋ ਆਰਥਿਕ ਨਾ ਬਰਾਬਰੀ ਦਾ ਚਿੰਤਨ ਦੀ ਪੱਧਰ ਤੇ ਨਾ ਬਰਾਬਰੀ ਵਾਲੇ ਰਿਸ਼ਤੇ ਦਾ ਆਧਾਰ ਬਣਦਾ ਹੈ। ਉੱਤਰ ਬਸਤੀਵਾਦੀ ਚਿੰਤਨ ਵਿੱਚ ਵਾਦ ਵਿਰੋਧ ਦਾ ਜ਼ਿਕਰ ਕਰਨਾ ਵੀ ਜ਼ਰੂਰ ਹੈ। ਬਹੁਤੇ ਉੱਤਰ ਸੰਰਚਨਾਵਾਦੀ ਜਿੰਨ੍ਹਾਂ ਵਿੱਚ ਯੱਕ ਦੈਰੀਦਾ, ਫੂਕੋ, ਦੋਲੀਉਜ਼ੇ, ਲਿਉਤਾਰ ਅਤੇ ਹੋਰ ਚਿੰਤਕਾਂ ਨੂੰ ਗਿਣਿਆ ਜਾ ਸਕਦਾ ਹੈ ਚਿੰਤਨ ਦੀ ਪੱਧਰ ਤੇ ਭਾਸ਼ਾ ਨੂੰ ਯਥਾਰਥ ਦੇ ਪ੍ਰਗਟਾਵੇ ਦਾ ਮਾਧਿਅਮ ਮੰਨਣ ਦੀ ਥਾਂ ਇਹ ਦਾਅਵਾ ਕਰਦੇ ਹਨ ਕਿ ਯਥਾਰਥ ਦਾ ਉਤਪਾਦਨ ਭਾਸ਼ਾ ਰਾਹੀਂ ਕੀਤਾ ਜਾਂਦਾ ਹੈ। ਯਥਾਰਥ ਅਸਲ ਭਾਸ਼ਾ ਦਾ ਸਿੱਟਾ ਹੈ। ਯਥਾਰਥ ਟੁਕੜਿਆਂ ਵਿੱਚ ਵੰਡਿਆ ਗਿਆ ਹੈ ਇਸ ਪ੍ਰਕਾਰ ਦੇ ਟੁਕੜਿਆਂ ਵਿੱਚ ਵੰਡੇ ਸਮਾਜਿਕ ਯਥਾਰਥ ਦਾ ਕੋਈ ਸਾਂਝਾ ਆਧਾਰ ਲੱਭਣਾ ਸੰਭਵ ਨਹੀਂ ਇਸੇ ਕਾਰਨ ਇਸ ਸਥਿਤੀ ਦਾ ਸੰਗਠਨ ਵਿਰੋਧ ਸੰਭਵ ਨਹੀਂ। ਆਰਿਫ ਡਰਲਿੰਕ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਉੱਤਰ ਸੰਰਚਨਾਵਾਦੀਆਂ ਅਤੇ ਉੱਤਰ ਬਸਤੀਵਾਦੀਆਂ ਦੀ ਇਸ ਪਹੁੰਚ ਦਾ ਵਿਰੋਧ ਕਰਦਿਆਂ ਇਹ ਮੱਤ ਪੇਸ਼ ਕੀਤਾ ਹੈ ਕਿ ਸਾਰਾ ਕੁਝ ਮੁੱਠੀ ਭਰ ਬੁੱਧੀਜੀਵੀਆਂ ਦੇ ਆਪਣੇ ਜੀਵਨ ਦਾ ਸੱਚ ਅਤੇ ਭਰਮ ਤਾਂ ਹੋ ਸਕਦਾ ਹੈ ਵਿਸ਼ਾਲ ਸੰਸਾਰ ਵਿੱਚ ਜਿਉਂ ਰਹੇ ਮਨੁੱਖਾਂ ਦੇ ਵਿਸ਼ਾਲ ਜੀਵਨ ਦਾ ਸੱਚ ਨਹੀਂ।

ਬਸਤੀਵਾਦ ਸੰਕਲਪ ਇਨ੍ਹਾਂ ਬਹੁਅਰਥੀ ਹੈ ਕਿ ਵਿਸ਼ਲੇਸ਼ਣ ਦੇ ਉਦੇਸ਼ ਨੂੰ ਸਾਹਮਣੇ ਰੱਖਦਿਆਂ ਇਸ ਦੇ ਅਰਥਾਂ ਦੀ ਸੀਮਾ ਰੇਖਾ ਨਿਰਧਾਰਿਤ ਕਰਨਾ ਜ਼ਰੂਰੀ ਹੈ। ਉੱਤਰ ਬਸਤੀਵਾਦ ਦਾ ਸੰਕਲਪ ਸੰਯੁਕਤ ਰਾਜ ਅਮਰੀਕਾ ਲਈ ਆਪਣੀ ਜੰਗ-ਏ-ਆਜ਼ਾਦੀ ਤੋਂ ਬਾਅਦ ਢੁੱਕਵਾਂ ਸੀ ਜਾਂ ਕਾਫੀ ਹੱਦ ਤੱਕ ਇਹ ਕੈਨੇਡਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਦੀਆਂ ਮੁੱਢਲੀਆਂ ਬਸਤੀਆਂ ਲਈ ਵੀ ਇਹ ਢੁੱਕਵਾਂ ਪ੍ਰਵਾਨ ਕੀਤਾ ਜਾ ਸਕਦਾ ਹੈ। ਚਿੰਤਕ ਉੱਤਰ ਬਸਤੀਵਾਦ ਵਿੱਚ ਬਸਤੀਵਾਦ ਦਾ ਸਰਕਾਰੀ ਖਾਤਮਾ ਅਤੇ ਨਵੀਂ ਸਮਾਜਿਕ ਸੰਰਚਨਾ ਵਿੱਚ ਇਸ ਦੀ ਨਿਰੰਤਰਤਾ ਅਤੇ ਰਹਿੰਦ ਖੂੰਹਦ ਨੂੰ ਪ੍ਰਵਾਨ ਕਰਦੇ ਹਨ ਉੱਤਰ ਬਸਤੀਵਾਦ ਨੂੰ ਇੱਕ ਵਧੇਰੇ ਵਿਆਪਕ ਸੰਕਲਪ ਵਜੋਂ ਦੇਖਦੇ ਹਨ। ਉੱਤਰ ਬਸਤੀਵਾਦੀ ਚਿੰਤਨ ਸਮਕਾਲੀ ਪੂੰਜੀਵਾਦ ਦੀਆਂ ਸੰਸਾਰੀਕਰਨ ਅਤੇ ਪਾਰ ਕੌਮੀ ਪ੍ਰਵਿਰਤੀਆਂ ਨਾਲ ਪੂਰੀ ਤਰ੍ਹਾਂ ਘਿਉ ਖਿਚੜੀ ਹੈ। ਵੀਹਵੀਂ ਸਦੀ ਦਾ ਦੂਸਰਾ ਅੱਧ ਬਸਤੀਵਾਦ ਦੇ ਖ਼ਾਤਮੇ ਦਾ ਯੁੱਗ ਹੈ| ਇਸ ਸਮੇਂ ਇੰਗਲੈਂਡ, ਫਰਾਂਸ ਆਦਿ ਸਾਮਰਾਜੀ ਦੇਸ਼ਾਂ ਦੀਆਂ ਬਹੁਤੀਆਂ ਬਸਤੀਆਂ ਨੇ ਆਪਣੇ ਦੇਸ਼ ਵਿਚ ਰਾਸ਼ਟਰਵਾਦੀ ਲਹਿਰਾਂ ਰਾਹੀਂ ਇਨ੍ਹਾਂ ਮੁਲਕਾਂ ਦੀ ਸਾਮਰਾਜੀ ਗ਼ੁਲਾਮੀ ਤੋਂ ਆਪਣੇ ਦੇਸ਼ਾਂ ਨੂੰ ਆਜ਼ਾਦ ਕਰਵਾ ਕੇ ਨਵੇਂ ਕੌਮੀ-ਰਾਜਾਂ ਦੀ ਸਥਾਪਨਾ ਕੀਤੀ। ਭੂਗੋਲਿਕ ਰਾਜਨੀਤਿਕ ਸਭਿਆਚਾਰਕ ਸਥਿਤੀ ਵਿੱਚ ਵੱਖ-ਵੱਖ ਨਸਲਾਂ/ਜਾਤੀਆਂ ਦੇ ਸਾਹਿਤ ਅਤੇ ਸਭਿਆਚਾਰ ਵਿਚਲੇ ਵਖਰੇਵਿਆਂ ਨੂੰ ਸਮਝੇ ਜਾਣ ਉੱਪਰ ਧਿਆਨ ਕੇਂਦਰਿਤ ਹੋਣ ਲੱਗਾ। ਇਸ ਪ੍ਰਸੰਗ ਵਿੱਚ ਪ੍ਰਵਾਸ, ਨਸਲ, ਰੇਸ, ਸਵੈ-ਪਛਾਣ, ਦੇਸ਼ ਨਿਕਾਲਾ ਆਪਣਾ ਦੇਸ਼ ਘਰ ਕੌਮੀਅਤ ਆਦਿ ਮਸਲਿਆਂ ਬਾਰੇ ਭਰਪੂਰ ਵਿਚਾਰ-ਚਰਚਾ ਹੋਣੀ ਆਰੰਭ ਹੋ ਗਈ। ਇਸ ਤਰ੍ਹਾਂ ਦੀ ਸਥਿਤੀ ਵਿੱਚ ਸਾਹਿਤ ਦਾ ਮਹੱਤਵ ਇਨ੍ਹਾਂ ਵਖਰੇਵਿਆਂ, ਵਿਸ਼ੇਸ਼ਤਾਵਾਂ, ਅੰਤਰ-ਸਬੰਧਾਂ ਅਤੇ ਅੰਤਰ-ਸੰਘਰਸ਼ ਨੂੰ ਸਮਝਣ ਵਿੱਚ ਇੱਕ ਵਿਸ਼ੇਸ਼ ਰੁਤਬਾ ਅਖਤਿਆਰ ਕਰ ਗਿਆ।

ਉਤਰ ਬਸਤੀਵਾਦ ਨੇ ਇੱਕ ਅਜਿਹੇ ਕਾਵਿ-ਸ਼ਾਸਤਰ ਦੀ ਸੰਭਾਵਨਾ ਸਿਰਜੀ ਹੈ, ਜਿਸ ਦੀ ਦੋ-ਪੱਖੀ ਜਾਂ ਬਹੁ-ਪੱਖੀ ਅਸਤਿਤਵੀ ਦ੍ਰਿਸ਼ਟੀ ਇੱਕੋ ਸਮੇਂ ਮੁਕਤੀ ਅਤੇ ਵਿਰੋਧ ਅਭਿਵਿਅਕਤ ਕਰਦੀ ਹੈ। ਇਸ ਪ੍ਰਵਚਨ ਨੇ ਵੱਖ-ਵੱਖ ਪ੍ਰਕਾਰ ਦੇ ਆਲੋਚਨਾਤਮਿਕ ਪ੍ਰਬੰਧਾਂ ਉਤੇ ਗੰਭੀਰ ਪ੍ਰਭਾਵ ਪਾਇਆ ਹੈ।

ਵਿਸ਼ਾਲ ਰੂਪ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਤਰ ਬਸਤੀਵਾਦੀ ਪ੍ਰਵਚਨ ਨੂੰ ਇੱਕ ਜਟਿਲ, ਭਿੰਨਤਾਮੁਖੀ, ਪ੍ਰਤਿਯੋਗਿਤ ਸੈੱਟ ਸਮਝਿਆ ਜਾ ਸਕਦਾ, ਹੈ ਜਿਸ ਵਿਚ ਇਤਿਹਾਸਿਕ, ਅਸਤਿਤਵ ਮੂਲਕ ਸਭਿਆਚਾਰਕ, ਸੌਂਦਰਯ ਸ਼ਾਸਤਰੀ ਅਤੇ ਪੇਸ਼ਗਤ ਅੰਤਰ ਸੰਬੰਧ ਮੌਜੂਦ ਹਨ, ਜੋ ਬਸਤੀਵਾਦੀ ਅਨੁਸ਼ਾਸਨਾਂ ਦੇ ਅੰਤ ਪਿੱਛੋਂ ਹੀ ਉੱਭਰੇ ਹਨ। ਉਤਰ-ਬਸਤੀਵਾਦ, ਲਿਬਿਡਿਨਲ ਅਤੇ ਮੁਕਤੀਪੱਖੀ ਸਪੇਸ ਨੂੰ ਦੇਸੀ, ਇਤਿਹਾਸਾਂ ਅਤੇ ਲੋਕਾਂ ਲਈ ਨਜਿੱਠਦਾ ਹੈ, ਇਸ ਨੂੰ ਬਸਤੀਵਾਦੀ ਪ੍ਰਵਚਨ ਦੇ ਬਾਇਨਰੀ ਵਿਰੋਧ ਵਿਚ ਨਹੀਂ ਦੇਖਣਾ ਚਾਹੀਦਾ। ਇਹ ਦੇਸਿਤਾ ਵਿਚ ਸੈ-ਸਥਾਨਕਰਨ ਦੀ ਘੁਲੀ ਹੋਈ ਦ੍ਰਿਸ਼ਟੀ ਹੈ, ਜੋ ਨਾਲ ਹੀ ਬਸਤੀਵਾਦ ਦੇ ਅੰਤ ਪਿੱਛੋਂ ਉਪਜੇ ਖਲਾਅ ਨੂੰ ਭਰਨ ਲਈ ਅਨੇਕਾਂ ਵਿਯੋਜਨਾਂ(ਡਿਸਜੰਕਸ਼ਨਜ਼) ਨੂੰ ਨਜਿੱਠਦੀ ਹੈ। ਇਸ ਦੇ ਬਾਵਜੂਦ ਉਤਰਬਸਤੀਵਾਦ ਦੀ ਮੁਕਤੀ ਅਤੇ ਵਿਰੋਧ ਦਰਮਿਆਨ ਦਵੈਤ ਸਮੱਸਿਆਵਾਂ ਤੋਂ ਮੁਕਤ ਨਹੀਂ ਹੈ। ਇਹ ਦੋ-ਮੁਖੀ ਦ੍ਰਿਸ਼ਟੀ 'ਕੌਮਾਂ, ਜਾਤੀਆਂ, ਸਮੂਹਾਂ, ਲੋਕਾਂ ਦੇ ਇਤਿਹਾਸਾਂ, ਦੇ ਪ੍ਰਭੁਤਾ-ਹਾਸਿਲ ਪ੍ਰਬੰਧਾਂ ਵਲੋਂ ਆਤਮਸਾਤਕਰਣ ਨੂੰ ਰੋਕਦੀ ਹੈ।

ਉਤਰ ਬਸਤੀਵਾਦੀ ਪ੍ਰਵਚਨ ਇਸ ਤੱਥ ਨੂੰ ਅਣਡਿੱਠ ਕਰਦਾ ਹੈ ਕਿ ਬਸਤੀਕਰਨ ਨੇ ਵੱਖ-ਵੱਖ ਸਭਿਆਚਾਰਾਂ ਨੂੰ ਇੱਕੋ ਢੰਗ ਨਾਲ ਇਡੀਪਲਿਤ ਨਹੀਂ ਕੀਤਾ। ਇਸ ਕਾਰਨ ਉਤਰਬਸਤੀਵਾਦ ਕਾਵਿ-ਸ਼ਾਸਤਰ ਨੇ ਵੀ ਪ੍ਰਤੀ-ਬਸਤੀਕਰਨ ਦੇ ਵਿਲੱਖਣ ਰੂਪਾਂ ਨੂੰ ਸੰਬੋਧਿਤ ਹੋਣਾ ਹੈ। ਉਤਰ ਬਸਤੀਵਾਦ ਹੁਣ ਦੌਲਤ ਦੀ ਆਸਾਵੀਂ ਵੰਡ ਅਤੇ ਮਰਦ ਅਤੇ ਇਸਤਰੀ ਦਰਮਿਆਨ ਹੱਕਾਂ ਦੀ ਕਾਣੀ ਦੇਣ ਵਿਚ ਉਲਝਿਆ

ਹੋਇਆ ਹੈ। ਮੈਕਿਨਟੋਕ ਦਾ ਵਿਚਾਰ ਹੈ ਕਿ ਉਤਰਬਸਤੀਵਾਦ ਨੂੰ ਹੁਣ 'ਅਨੇਕ ਸ਼ਕਤੀਆਂ ਅਤੇ ਇਤਿਹਾਸਾਂ'' ਦੀ ਸਪੇਸ ਵਿਚ ਨਜਿੱਠਿਆ ਜਾਣਾ ਬਣਦਾ ਹੈ। ਜਿੱਥੇ ਇਕੋ ਇਕ ਚੌਖਟੇ ਨੂੰ ਇਤਿਹਾਸ-ਸਵਰਿਤ ਸਿੱਧਾਂਤਾਂ ਅਤੇ ਵਿਉਂਤਾਂ ਦੇ ਪਾਸਾਰ' ਨਾਲ ਬਦਲ ਦਿੱਤਾ ਗਿਆ ਹੈ।

ਉਤਰ ਬਸਤੀਵਾਦ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਬਸਤੀਵਾਦੀ ਇਪਿਸਟੀਮ,ਮਨੋਵਿਗਿਆਨਕ ਕੋਡ ਅਤੇ ਸਭਿਆਚਾਰਕ ਸਪੇਸਾਂ ਨੂੰ ਬਸਤੀਵਾਦੀ ਕਾਨੂੰਨ ਤੋਂ ਕਿਵੇਂ ਮੁਕਤ ਕਰੇ !ਇਹ ਪ੍ਰਵਚਨ ਇਸ ਬਾਰੇ ਚੇਤੰਨ ਹੈ ਕਿ ਸਾਮਰਾਜੀ-ਬਸਤੀਵਾਦੀ ਪਾਠਗਤ ਤਾ ਸੀ ਸਭਿਆਚਾਰਾਂ ਦੀ ਭਾਸ਼ਾ, ਖੇਤਰ ਅਤੇ ਚਿੰਨ ਸ਼ਾਸਤਰੀ ਇਪਿਸਟੀਮ ਨੂੰ ਕਿਵੇਂ ਵਿਗਾੜਦੀ ਹੈ। ਬਸਤੀਵਾਦ, ਇਤਿਹਾਸ,ਭਾਸ਼ਾ ਅਤੇ ਦੇਹ ਨੂੰ ਦੇਸੀ ਵਿਕਾਸ ਤੋਂ ਰੋਕਦਾ ਹੈ, ਅਸਪਸ਼ਟ ਕਰਦਾ ਹੈ, ਖਾਲੀ ਪੈਸਾ ਉਸਾਰਦਾ ਹੈ, ਜੋ ਟਿਫਿਨ ਅਤੇ ਲਾਅਸਨ (tiffin, Chris and Alla Lawson) ਅਨੁਸਾਰ ਸਥਾਨਕ ਲੋਕਾਂ ਦੇ ਅਣਨੁੱਖੀਕਰਣ ਉੱਤੇ ਵਾਸ ਬਣਾਉਂਦੀਆਂ ਹਨ। ਉਤਰਬਸਤੀਵਾਦੀ ਪ੍ਰਵਚਨ ਇਨਾਂ ਪਰਵਿਰਤਿਤ ਹੋਏ ਇਤਿਹਾਸਾਂ, ਬਦਲੀਆਂ ਹੋਈਆਂ ਸੀਮਾਵਾਂ ਅਤੇ ਟੁਕੜੇ-ਟੁਕੜੇ ਕੀਤੀਆਂ ਦੇਹਾਂ ਨੂੰ ਪ੍ਰਤਿ-ਪਾਤਰਾਤਤਾ ਅਤੇ ਪ੍ਰਤੀ-ਚਿੰਨ੍ਹ ਸ਼ਾਸਤਰ ਰਾਹੀਂ ਅਨੁਪੂਰਿਤ (Supliment) ਕਰਦਾ ਹੈ।

ਉਤਰ ਬਸਤੀਵਾਦ ਦਾ ਸਭ ਤੋਂ ਮਹੱਤਵਪੂਰਣ ਨਕਸ਼ ਵਿਉਂਤਾਂ ਦਾ ਜਟਿਲ ਨੈਟਵਰਕ ਹੈ ਜਿਸ ਰਾਹੀਂ ਦਲਿਤ ਵਰਗ ਆਪਣੀ ਗੱਲ ਕਹਿ ਸਕੇ। ਗਾਇਤ੍ਰੀ ਸਪੀਵਾਕ ਪ੍ਰਮਾਣਿਕ ਦਲਿਤ ਆਵਾਜ਼ ਦੇ ਪ੍ਰਗਟਾਉ ਬਾਰੇ ਪ੍ਰਸ਼ਨ ਉਠਾਉਂਦੀ ਹੈ। ਉਸ ਦਾ ਵਿਚਾਰ ਹੈ ਕਿ ਦਲਿਤ ਆਤਮ ਨਿਰੰਤਰ, ਪ੍ਰਭੂਤੱਵੀ ਵਰਗ ਦੀ ਵਿਚਾਰਧਾਰਾ, ਕਾਨੂੰਨ, ਵਰਗ, ਲਿੰਗ ਆਦਿ ਦੀਆਂ ਅਨੇਕਾਂ ਏਜੰਸੀਆਂ ਰਾਹੀਂ ਹੀ ਪ੍ਰਤਿਨਿਧਤਾ ਪ੍ਰਾਪਤ ਕਰ ਰਿਹਾ ਹੈ। ਦਲਿਤ ਦੀਆਂ ਵਿਲੱਖਣ ਪੁਜ਼ੀਸ਼ਨਾਂ ਹੋਣ ਦੇ ਬਾਵਜੂਦ ਇਸਤਰੀ ਨੂੰ ਵਿਚਾਰਧਾਰਕ ਅਤੇ ਲਿੰਗਿਤ ਘਾੜਤਾਂ ਰਾਹੀਂ ਦੂਹਰੇ ਮਿਟਾਇਆ ਜਾ ਰਿਹਾ ਹੈ। ਉਸ ਦਾ ਵਿਚਾਰ ਹੈ ਕਿ ਉਤਰਬਸਤੀਵਾਦੀ, ਬਸਤੀਵਾਦੀ ਨਾਲ ਮਿਲੀਭੁਗਤ ਦਾ ਸਬੰਧ ਰੱਖਦਾ ਹੈ ਤਾਂ ਕਿ ਹਾਸ਼ੀਅਤ ਦੀ ਪ੍ਰਮਾਣਿਕ ਆਵਾਜ਼ ਨਾ ਸੁਣੀ ਜਾਵੇ। ਉਤਰਬਸਤੀਵਾਦੀ ਦਾ ਸਰੋਕਾਰ ਅਨੇਕਾਂ ਵਿਚਿੱਤਰ ਆਵਾਜ਼ਾਂ ਨਾਲ ਹੈ। ਇਹ ਵਿਰੋਧੀ ਗਿਆਨ-ਸ਼ਾਸਤਰੀ ਹਿੰਸਾ ਨਾਲ ਉਤਰਬਸਤੀਵਾਦੀ ਗਿਆਨ-ਸ਼ਾਸਤਰ ਨੂੰ ਚੀਰ ਕੇ ਅੱਗੇ ਲੰਘ ਜਾਂਦਾ ਹੈ।

ਉਤਰਬਸਤੀਵਾਦ ਦੀ ਬਸਤੀਵਾਦ ਦੇ ਕਾਨੂੰਨ ਵਿਚੋਂ ਆਪਣੇ ਆਪ ਨੂੰ ਕੱਢਣ ਅਤੇ ਵਿਰੋਧ ਦੀ ਪ੍ਰਕ੍ਰਿਆ ਅਸਪਸ਼ਟ ਕਰਨ ਦੀ ਪ੍ਰਕ੍ਰਿਆ ਵੀ ਹੈ। ਇਹ ਇਤਿਹਾਸ, ਸੱਭਿਆਚਾਰ, ਲਿੰਗ, ਜਾਤੀ, ਸੀਮਾ, ਭਾਸ਼ਾ ਅਤੇ ਪਵਿੱਤਰ ਨਾਲ ਸੰਬੰਧਿਤ ਸਿਗਨੀਫਾਇਰਾਂ ਦੇ ਭਿੜਨ ਦੀ ਧਰਤੀ ਵੀ ਹੈ ਜੋ ਅਨਿਚਿਤਤ, ਗਤੀ ਅਤੇ ਸੰਵਾਦ ਦਾ ਜਗਤ ਆਰੰਭ ਕਰਦੀ ਹੈ। ਉਤਰਬਸਤੀਵਾਦੀ ਪ੍ਰਵਚਨ ਜੀਵਨ ਇਤਿਹਾਸ ਅਤੇ ਆਰਥਿਕਤਾ ਦੀ ਕੁੱਲ ਬਹੁਲਤਾ ਨਾਲ ਨਜਿੱਠਦਾ ਹੈ ਜੋ ਦਖਲ ਦੇਣ ਲਈ ਅਸਾਵੇਂਪਣ ਦੀ ਸਪੇਸ ਨੂੰ ਵਿਸਤ੍ਰਿਤ ਕਰਦੀ ਹੈ। ਇਸ ਲਈ ਸਪੇਸ ਨੇ ਕੁਝ ਅਜੋਕੇ ਆਲੋਚਨਾਤਮਕ ਪ੍ਰਬੰਧਾਂ ਉੱਤੇ ਕਾਫ਼ੀ ਪ੍ਰਭਾਵ ਪਾਇਆ ਹੈ।

ਆਪਣੀਆਂ ਸਮੱਸਿਆਵਾਂ ਦੇ ਬਾਵਜੂਦ, ਇਸ ਵਿਚ ਸੰਦੇਹ ਨਹੀਂ ਕਿ ਉਤਰਬਸਤੀਵਾਦੀ ਪਰਵਚਨ ਨੇ ਭਵਿੱਖਾਰਥੀ, ਬਹੁ-ਪਰਿਪੇਖੀ, ਬਹੁ-ਸਭਿਆਚਾਰਕ ਜਾਂ ਅਨਿਕ ਸਿਗਨੀਫਾਈਡੀ ਚਿੰਨ੍ਹ ਲਈ ਧਰਤੀ ਤਿਆਰ ਕੀਤੀ ਹੈ । ਇਸ ਨਾਲ ਅਸੀਂ ਬਹੁ-ਕੌਣੀ ਅਤੇ ਬਹੁ-ਸਭਿਆਚਾਰਕ, ਡਿਫਰੈਸ਼ਲ ਕਾਵਿ- ਸ਼ਾਸਤਰ ਦੇ ਨੇੜੇ ਪਹੁੰਚ ਗਏ ਹਾਂ। ਉਤਰਬਸਤੀਵਾਦ ਦਾ ਹਥਿਆਰਬੰਦ ਕੌਮੀ ਵਿਰੋਧ ਹੁਣ ਸੰਧੀਆਂ ਅਤੇ ਗੁਫ਼ਤਗੂ ਰਾਹੀਂ ਪ੍ਰਗਤੀ ਵਿਚ ਬਦਲ ਗਿਆ ਹੈ। ਪਰ ਇਹ ਸਾਰੀ ਸਮੱਸਿਆਗਤ ਯਾਤਰਾ ਦੇ ਬਾਵਜੂਦ ਉੱਤਰ ਬਸਤੀਵਾਦ ਨੇ ਪ੍ਰਵਚਨ ਵਜੋਂ ਆਪਣੀ ਵਿਲੱਖਣਤਾ ਸਥਾਪਿਤ ਕੀਤੀ ਹੈ। ਭਾਵੇਂ ਇਸ ਨੂੰ ਬਸਤੀਵਾਦ ਦੀ ਰੇਖਾਗਤਤਾ (ਲੀਨੀਆਰਟੀ) ਅਤੇ ਇਤਿਹਾਸ ਦੇ ਪ੍ਰਗਤੀਸ਼ੀਲ ਵਿਕਾਸ ਨੂੰ ਸਵੀਕਾਰ ਕਰਨ ਦੇ ਨਾਲ, ਬਸਤੀਵਾਦ ਨਾਲ ਇੱਕ ਸਾਂਝ ਜਾਂ ਸਾਜਸ਼ ਦਾ (ਕੌਪਲਿਸਿਟ) ਰਿਸ਼ਤਾ ਕਾਇਮ ਰੱਖਣ ਦਾ ਦੋਸ਼ੀ ਵੀ ਆਖਿਆ ਗਿਆ ਹੈ, ਤਾਂ ਵੀ ਇਸ ਨੇ ਕਈ ਮੌਲਿਕ ਧਾਰਨਾਵਾਂ ਲਿਆਂਦੀਆਂ ਹਨ ਜਿਨ੍ਹਾਂ ਨੇ ਸਾਡੀ ਸਭਿਆਚਾਰਕ ਸੋਚ, ਚਿੰਨ੍ਹ-ਸ਼ਾਸਤਰ, ਮਾਨਵ-ਵਿਗਿਆਨ ਅਤੇ ਕਾਵਿ-ਸ਼ਾਸਤਰ ਨੂੰ ਪੁਨਰ-ਪਰਿਭਾਸ਼ਿਤ ਕਰਨ ਲਈ ਪ੍ਰੇਰਣਾ ਦਿੱਤੀ ਹੈ।

## ਸਾਰ-ਅੰਸ਼:

ਜੇਕਰ ਬਸਤੀਵਾਦ ਅਧੀਨਤਾ ਅਤੇ ਅਨਕੂਲਤਾ ਦੀ ਰਣਨੀਤੀ ਅਖਤਿਆਰ ਕਰਦਾ ਹੈਜੇਕਰ ਇਹ ਸਥਾਨਕ ਪਛਾਣ ਨੂੰ ਕੰਟਰੋਲ ਕਰਨ ਦੇ ਢੰਗ ਵਜੋਂ ਭਾਸ਼ਾਈ ਆਰੋਪਣ ਅਤੇ ਧਰਮ ਪਰਿਵਰਤਨ ਦਾ ਪ੍ਰਯੋਗ ਕਰਦਾ ਹੈ ਤਾਂ ਉੱਤਰ ਬਸਤੀਵਾਦ ਵਿਕਲਪਾਂ ਦੀ ਤਲਾਸ਼ ਰਾਹੀਂ ਕਾਰਜਸੀਲ ਹੁੰਦਾ ਹੈ ਵੈਕਲਪਿਕ ਇਤਿਹਾਸ, ਵੈਕਲਪਿਕ ਵਿੱਦਿਆ, ਵੈਕਲਪਿਕ ਆਧੁਨਿਕਤਾ, ਬਸਤੀਵਾਦ ਦੀ ਅਧੀਨਗੀ ਤੇ ਵਿਨਾਸ ਕੀਤੀ ਦੇ ਵਿਪਰੀਤ ਉੱਤਰ ਬਸਤੀਵਾਦ ਸਮਾਨਤਾ ਅਤੇ ਵਖਰੇਵੇਂ ਦੀ ਅਭਿਵਿਅਕਤੀ ਦੀ ਤਲਾਸ਼ ਕਰਦਾ ਹੈ।ਇਹ ਆਤਮ ਸਨਮਾਨ ਅਤੇ ਗੁੰਮੇ ਇਤਿਹਾਸ ਨੂੰ ਮੁੜ ਲੱਭਣ ਦੀ ਕੋਸ਼ਿਸ ਕਰਦਾ ਹੈ।ਬਸਤੀਕਾਰ ਅਤੇ ਬਸਤੀ ਬਣੇ ਲੋਕਾਂ ਦਰਮਿਆਨ ਰਿਸ਼ਤਾ ਸੱਤਾ ਅਤੇ ਗਿਆਨ ਦੀ ਉੱਤਪਤੀ ਦੁਆਰਾ ਤੈਅ ਹੁੰਦਾ ਹੈ।ਉੱਤਰ ਬਸਤੀਵਾਦ ਵੈਕਲਪਿਕ ਗਿ ਆਨ ਸੀਮਾ ਮਾਵਾਂ ਨੂੰ ਉਠਿਤ ਠਹਿਰਾਉਣ ਅਤੇ ਇੱਕ ਪਾਸੜ ਪ੍ਰਵਿਰਤੀ ਨੂੰ ਪੁੱਠਾ ਗੇੜ ਦੇਣ ਲਈ ਪ੍ਰਯਤਨਸ਼ੀਲ ਹੁੰਦਾ ਹੈ। ਜੇਕਰ ਮੈਕਾਲੇ ਦੇ ਸਿੱਖਿਆ ਮਸੌਦੇ ਅਤੇ ਮਿਸ਼ਨਰੀਆਂ ਦੀਆਂ ਧਰਮ ਪ੍ਰਚਾਰ ਕੋਸ਼ਿਸਾਂ ਨੇ ਮੁਕਾਮੀ ਸਵੈ ਦੀ ਸਿਰਜਣਾ ਨੂੰ ਕੰ ਟਰੋਲ ਕਰਨ ਦੀ ਕੋਸ਼ਿਸ ਕੀਤੀ ਜੇਕਰ ਸਮਾਨਤਾ ਅਤੇ ਆਜ਼ਾਦੀ ਲਈ ਪ੍ਰਤੀਬੱਧਤਾ ਦੇ

ਬਾਵਜੂਦ ਮਾਰਕਸ ਅਤੇ ਮਿੱਲ ਦੋਵਾਂ ਨੇ 'ਜਾਂਗਲੀ' ਰੰਗਦਾਰ ਸੰਸਾਰ ਤੇ ਗੋਰੇ ਲੋਕਾਂ ਦੇ ਸ਼ਾਸਨ ਨੂੰ ਉਠਿਤ ਠਹਿਰਾਇਆ ਤਾਂ ਉੱਤ ਰ ਬਸਤੀਵਾਦੀ ਜੁਗਤਾਂ ਨੇ ਅਤੀਤ ਦਾ ਪੁਨਰ ਸਿਰਜਣ ਅਤੇ ਪਰੰਪਰਾ ਵਿੱਚਸਵੈ ਨੂੰ ਆਸ਼ਰਿਤ ਕਰਨ ਦੀ ਕੋਸ਼ਿਸ ਕੀਤੀ।

## ਮੁੱਖ ਕੇਂਦਰੀ ਸ਼ਬਦ:

ਸਵੈ---ਨਿੱਜ

ਪ੍ਰਯਤਨਸ਼ੀਲ ---ਯਤਨਸ਼ੀਲ

ਸਿਗਨੀਫਾਈਡੀ ---ਸੰਕਲਪ/ ਅਰਥਗਤ

ਵਿਲੱਖਣ ---ਵਿਸ਼ਿਸ਼ਟ/ਨਿਵੇਕਲਾ

ਅਣਡਿੱਠ ---ਅਣਦੇਖਿਆ

ਇਖ਼ਤਿਆਰ --- ਧਾਰਨ ਕਰਨਾ

## ਸਵੈ-ਮੁਲਾਂਕਣ:

1. ਕਿਹੜੀ ਸਦੀ ਵਿਚ ਬਸਤੀਵਾਦ ਵਿਚ ਵਾਧਾ ਹੋਇਆ:

ੳ. 17 ਵੀ ਸਦੀ
ਅ.18 ਵੀ ਸਦੀ
ੲ. 19 ਵੀ ਸਦੀ
ਸ. 20 ਵੀ ਸਦੀ

2. ਬਸਤੀਵਾਦ ਤੋਂ ਭਾਵ ਹੈ:

ੳ. ਬਸਤੀਵਾਦ ਇਕ ਪੂੰਜੀ ਕੇਂਦਰਤ ਮਹਾਂਨਗਰ ਤੋਂ ਬਿਗਾਨੇ ਲੋਕਾਂ ਦੀ ਧਰਤੀ ਉੱਤੇ ਸਥਾਪਿਤ ਕੀਤਾ ਸ਼ਾਸਨ ਹੈ

ਅ. ਉਪਨਿਵੇਸ਼ਕਰਨ ਕਰਨਾ

ੲ. ਬਸਤੀਵਾਦ ਰਾਹੀਂ ਤਾਕਤਵਰ ਕੌਮਾਂ ਕਮਜ਼ੋਰ ਕੌਮਾਂ ਉੱਤੇ ਪ੍ਰਭਾਵਕ ਹੁੰਦੀਆਂ ਹਨ।

ਸ. ਉਪਰੋਕਤ ਸਾਰੇ

3. ਇਹਨਾਂ ਵਿਚੋਂ ਕਿਹੜੇ ਬਸਤੀਵਾਦੀ ਦੇਸ਼ ਹਨ:

ੳ. ਪੁਰਤਗਾਲ

ਅ. ਬੈਲਜੀਅਮ ਅਤੇ ਬਰਤਾਨੀਆਂ

ੲ. ਜਰਮਨੀ ਅਤੇ ਫਰਾਂਸ

ਸ. ਅਫਰੀਕਾ

੫. ਇੰਪੀਰੀਅਲਿਜ਼ਮ: ਦ ਹਾਈਐਸਟ ਸਟੇਜ ਔਫ ਕੈਪੀਟੇਲਿਜ਼ਮ (Imperialism : The highest,state of capitalism) ਕਿਸ ਚਿੰਤਕ ਦੀ ਪੁਸਤਕ ਦਾ ਅਨੁਵਾਦ ਹੈ

ੳ. ਕਾਰਲ ਮਾਰਕਸ

ਅ. ਫ੍ਰੈਡਰਿਕ ਏਂਗਲਸ

ੲ. ਲੈਨਿਨ

ਸ. ਜੈਕ ਲਾਕਾਂ

5. ਬਸਤੀਵਾਦ ਦੇ ਖ਼ਾਤਮੇ ਦਾ ਯੁੱਗ ਹੈ:

ੳ. ਵੀਂਹਵੀਂ ਸਦੀ ਦਾ ਦੂਸਰਾ ਅੱਧ

ਅ. ਵੀਂਹਵੀਂ ਸਦੀ ਦਾ ਮੱਧ

ੲ. ਵੀਂਹਵੀਂ ਸਦੀ ਦਾ ਪਹਿਲਾ ਅੱਧ

ਸ. ਵੀਂਹਵੀਂ ਸਦੀ ਦਾ ਅੰਤ

**6.** ਨਾਰੀਵਾਦੀ ਚਿੰਤਕਾਂ ਨੇ ਉੱਤਰ ਬਸਤੀਵਾਦ ਨੂੰ ਮਰਦਾਂ ਨੂੰ ਵਿਸ਼ੇਸ਼ ਅਧਿਕਾਰ ਦੇਣ ਦਾ ਦੋਸ਼ੀ ਠਹਿਰਾਉਂਦਿਆਂ ਨਾਰੀ ਦੇ ਜੀਵਨ ਦੇ ਬਹੁ–ਰੰਮੇ ਅਨੁਭਵਾਂ ਵੱਲ ਬਹੁਤ ਹੀ ਘੱਟ ਧਿਆਨ ਦੇਣ ਦਾ ਦੋਸ਼ੀ ਠਹਿਰਾਇਆ ਹੈ।

ਇਹ ਕਥਨ ਹੈ:

ੳ. ਸਹੀ

ਅ. ਗਲਤ

7. Simon ਉੱਤਰ ਬਸਤੀਵਾਦ ਸ਼ਬਦ ਨੂੰ ਚਾਰ ਹਿੱਸਿਆਂ ਵਿੱਚ ਵੰਡਦੀ ਹੈ-

ਇਹ ਕਥਨ ਹੈ:

ੳ. ਸਹੀ

ਅ. ਗਲਤ

8. ਉੱਤਰ ਬਸਤੀਵਾਦ ਦੇ ਸੰਬੰਧ ਵਿਚ ਇਹ ਮੰਨਿਆ ਜਾਂਦਾ ਹੈ ਕਿਅਕਸਰ ਹੀ 'ਸਵੈ' ਅਤੇ 'ਹੋਰ' ਦਰਮਿਆਨ ਰਿਸ਼ਤਾ ਵੈਰ,ਅਵਿਸ਼ਵਾਸ ਅਤੇ ਸੰਦੇਹ ਦੁਆਰਾ ਉਘੜਦਾ ਹੈ।

ਇਹ ਕਥਨ ਹੈ:

ੳ. ਸਹੀ

ਅ. ਗਲਤ

9. ਸਮਕਾਲੀ ਉੱਤਰ ਬਸਤੀਵਾਦ ਦਾ ਆਰੰਭ ਹੋ ਜਾਂਦਾ ਹੈ:

ੳ. 1945

ਅ. 1950

ੲ. 1947

ਸ. 1960

10. ਸਾਰਾ ਕੁਝ ਮੁੱਠੀ ਭਰ ਬੁੱਧੀਜੀਵੀਆਂ ਦੇ ਆਪਣੇ ਜੀਵਨ ਦਾ ਸੱਚ ਅਤੇ ਭਰਮ ਤਾਂ ਹੋ ਸਕਦਾ ਹੈ ਵਿਸ਼ਾਲ ਸੰਸਾਰ ਵਿੱਚ ਜਿਉਂ ਰਹੇ ਮਨੁੱਖਾਂ ਦੇ ਵਿਸ਼ਾਲ ਜੀਵਨ ਦਾ ਸੱਚ ਨਹੀਂ।

ਇਹ ਕਥਨ ਹੈ:

ੳ. ਯੱਕ ਦੈਰੀਦਾ

ਅ. ਫੂਕੋ

ੲ. ਰੋਲਾ ਬਾਰਥ

ਸ. ਆਰਿਫ ਡਰਲਿੰਕ

11. ਬਸਤੀਵਾਦ ਅਤੇ ਉੱਤਰ ਬਸਤੀਵਾਦ ਦੇ ਮੁੱਖ ਮੁੱਦੇ ਰਹੇ ਹਨ

ੳ. ਪ੍ਰਵਾਸ, ਨਸਲ, ਰੇਸ

ਅ. ਸਵੈ-ਪਛਾਣ

ੲ. ਦੇਸ਼ ਨਿਕਾਲਾ, ਆਪਣਾ ਦੇਸ਼-ਘਰ ਕੌਮੀਅਤ

ਸ. ਉਪਰੋਕਤ ਸਾਰੇ

12. ਉਤਰ ਬਸਤੀਵਾਦੀ ਪ੍ਰਵਚਨ ਦੀ ਵਿਸ਼ੇਸ਼ਤਾ ਨਹੀਂ ਹੈ

ੳ. ਜਟਿਲ,ਭਿੰਨਤਾਮੁਖੀ,ਪ੍ਰਤਿਯੋਗਿਤ ਸੈੱਟ

ਅ. ਇਤਿਹਾਸਿਕ ਮੂਲਕ ਸਭਿਆਚਾਰਕ

ੲ. ਅਸਤਿਤਵ ਮੂਲਕ ਸਭਿਆਚਾਰਕ

ਸ. ਸੌਂਦਰਯ ਸ਼ਾਸਤਰੀ ਅਤੇ ਪੇਸ਼ਗਤ ਅੰਤਰ ਸੰਬੰਧ

ਹ. ਉਪਨਿਵੇਸ਼ਵਾਦ ਦੀ ਰੁਚੀ

13. ਖਾਲੀ ਥਾਂ ਭਰੋ:

ਉੱਤਰ ਬਸਤੀਵਾਦ ਸੰਕਲਪ ਦੀ ਘਾੜਤ ਅਤੇ ਨਾਮਕਰਨ ਪੱਛਮ ਵਿਸ਼ੇਸ਼ ਕਰਕੇ ---------ਯੂਨੀਵਰਸਿਟੀਆਂ ਵੱਲੋਂ ਕੀਤੀ ਗਈ ਹੈ।

14.ਹੇਠ ਲਿਖਿਆਂ ਵਿਚੋਂ ਕਿਸਨੂੰ Settller Colony ਮੰਨਿਆ ਗਿਆ ਹੈ:

ੳ. ਅਮਰੀਕਾ

ਅ. ਇੰਗਲੈਂਡ

ੲ. ਆਸਟਰੇਲੀਆ

ਸ. ਫਰਾਂਸ

15. ਭਾਰਤ ਦਾ ਵੱਡਾ ਹਿੱਸਾ ਕਿਹੜੇ ਦੇਸ਼ ਦੀ ਬਸਤੀ ਰਿਹਾ:

ੳ. ਅਮਰੀਕਾ

ਅ. ਇੰਗਲੈਂਡ

ੲ. ਪੁਰਤਗਾਲ

ਸ. ਫਰਾਂਸ

## ਅਭਿਆਸ ਪ੍ਰਸ਼ਨ

1. ਬਸਤੀਵਾਦ ਦੀ ਪ੍ਰਕ੍ਰਿਤੀ ਅਤੇ ਸਰੂਪ ਬਾਰੇ ਚਾਨਣਾ ਪਾਉ।
2. ਬਸਤੀਵਾਦ ਦੀਆਂ ਵਿਸ਼ੇਸ਼ਤਾਵਾਂ ਨੂੰ ਇਤਿਹਾਸਕ ਪਿਛੋਕੜ ਵਿਚ ਰੱਖ ਕੇ ਪੇਸ ਕਰੋ।
3. ਉੱਤਰ ਬਸਤੀਵਾਦ ਬਸਤੀਵਾਦ ਦਾ ਵਿਸਥਾਰ ਹੈ ਸਪਸ਼ਟ ਕਰੋ।
4. ਉੱਤਰ ਬਸਤੀਵਾਦ ਨਾਲ ਸੰਬੰਧਿਤ ਜੁੜੇ ਮਸਲਿਆਂ ਦਾ ਵਿਸਥਾਰ ਵਿਚ ਵਰਣਨ ਕਰੋ।

## ਸੰਦਰਭ ਪੁਸਤਕ:


- ਵਾਦ ਚਿੰਤਨ, ਭੱਟੀ, ਸੁਰਜੀਤ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲਾ ਸੰਸਕਰਨ (2010)


## ਮਹੱਤਵਪੂਰਨ ਲਿੰਕ

https://pa.warbletoncouncil.org/diferencias-colonialismo-imperialismo-3781

https://www.ijcrt.org/papers/IJCRT2005177.pdf

https://pa.info-about.info/89193/1/%E0%A8%89%E0%A9%B1%E0%A8%A4%E0%A8%B0-%E0%A8%AC%E0%A8%B8%E0%A8%A4%E0%A9%80%E0%A8%B5%E0%A8%BE%E0%A8%A6.html

ਉੱਤਰਮਾਲਾ

| | | | | |
|---|---|---|---|---|
| 1. ੲ | 2. ਸ | 3. ਸ | 4. ੲ | 5. ੳ |
| 6. ੳ | 7. ਅ | 8. ੳ | 9. ੲ | 10. ਸ |
| 11.ਸ | 12. ਹ | 13. ਅਮਰੀਕਨ | 14. ੲ | |
| 15. ਅ | | | | |

# ਅਧਿਆਇ-13: ਉੱਤਰ ਆਧੁਨਿਕਤਾ

*Harpreet singh, Lovely Professional University*

ਵਿਸ਼ਾ ਵਸਤੂ (Content)

- ਉਦੇਸ਼
- ਪ੍ਰਸਤਾਵਨਾ
- ਵਿਸ਼ਾ ਵਸਤੂ
- ਸਾਰ-ਅੰਸ਼
- ਕੇਂਦਰੀ ਸ਼ਬਦ
- ਸਵੈ-ਮੁਲਾਂਕਣ
- ਅਭਿਆਸ ਪ੍ਰਸ਼ਨ
- ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ—

- ਉੱਤਰ-ਆਧੁਨਿਕਤਾ ਚਿੰਤਨ ਅਤੇ ਇਸ ਨਾਲ ਸੰਬੰਧਿਤ ਸਿਧਾਂਤਾਂ ਨੂੰ ਜਾਣ ਸਕਣਗੇ।
- ਸਾਹਿਤ ਵਿਚ ਉੱਤਰ-ਆਧੁਨਿਕਤਾ ਅਧਿਐਨ ਪ੍ਰਣਾਲੀ ਦੀ ਮਹੱਤਤਾ ਤੇ ਸਾਰਥਕਤਾ ਨੂੰ ਸਮਝ ਸਕਣਗੇ।
- ਸਾਹਿਤ ਆਲੋਚਨਾ ਵਿਚ ਇਸ ਦੀ ਵਰਤੋਂ ਦੁਆਰਾ ਸਾਹਿਤ ਸਿਰਜਨਾ ਅਤੇ ਸਾਹਿਤ ਆਲੋਚਨਾ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਸਮਝਣ ਅਤੇ ਲਾਗੂ ਕਰ ਸਕਣ ਵਿਚ ਸਮਰਥ ਹੋਣਗੇ।

## ਪ੍ਰਸਤਾਵਨਾ:

ਉੱਤਰ ਆਧੁਨਿਕਤਾ, ਆਧੁਨਿਕਤਾ ਦੀ ਉੱਤਰ ਸਥਿਤੀ ਅਰਥਾਤ ਆਧੁਨਿਕਤਾ ਦਾ ਵਿਸਥਾਰ ਹੈ । ਆਧੁਨਿਕਤਾ ਦੇ ਕਾਰਨ ਹੀ ਉੱਤਰ ਆਧੁਨਿਕਤਾ ਦਾ ਜਨਮ ਹੋਇਆ ਹੈ। ਕਿਸੇ ਵੀ ਚਿੰਤਨ ਦੀ ਉੱਤਰ ਸਥਿਤੀ ਉਸ ਵੇਲੇ ਹੋਂਦ ਗ੍ਰਹਿਣ ਕਰਦੀ ਹੈ ਜਦੋਂ ਉਸ ਦੀ ਮੌਜੂਦਾ ਸਥਿਤੀ ਤਰੁੱਟੀਆਂ ਤੇ ਖਾਮੀਆਂ ਨਾਲ ਭਰ ਜਾਵੇ। ਉੱਤਰ ਰੂਪ ਦਾ ਹੋਂਦ ਵਿੱਚ ਆਉਣਾ ਕੋਈ ਯਕਦਮ ਵਾਪਰਨ ਵਾਲਾ ਵਰਤਾਰਾ ਨਹੀਂ, ਸਗੋਂ ਇਹ ਜੜ੍ਹ ਹੋ ਚੁੱਕੀਆਂ ਧਾਰਨਾਵਾਂ ਨੂੰ ਸ਼ੱਕ ਦੀ ਨਜ਼ਰੇ ਵੇਖਦਿਆਂ ਹੋਇਆ ਉਨ੍ਹਾਂ ਨਾਲ ਸੰਵਾਦ ਰਚਾ ਕੇ ਉਨ੍ਹਾਂ ਉੱਪਰ ਮੁੜ ਵਿਚਾਰ ਕਰਨ ਲਈ ਪ੍ਰੇਰ ਕੇ ਆਪਣਾ ਰੂਪ ਸਹਿਜ ਭਾਅ ਗ੍ਰਹਿਣ ਕਰਦਾ ਹੈ।

## ਵਿਸ਼ਾ ਵਸਤੂ:

ਉੱਤਰ ਆਧੁਨਿਕਤਾ ਵਿੱਚ ਨਿਸ਼ਚਿਤ ਵਿਚਾਰ ਦਾ ਦਰਸ਼ਨ ਤੋਂ ਜ਼ਿਆਦਾ ਇੱਕ ਪ੍ਰਵਿਰਤੀ ਦਾ ਨਾਮ ਹੈ; ਜਿਸ ਦਾ ਆਰੰਭ ਵੀਹਵੀਂ ਸਦੀ ਦੇ ਮਗਰਲੇ ਅੱਧ ਵਿੱਚ ਹੋਇਆ ਟੋਇਨਬੀ ਨੇ ਆਪਣੇ ਗ੍ਰੰਥ ਇਸ ਸਟੱਡੀ ਆਫ਼ ਹਿਸਟਰੀ ਵਿੱਚ ਆਧੁਨਿਕ ਕਾਲ ਦਾ ਅੰਤ 1875 ਦੇ ਕਰੀਬ ਮੰਨਿਆ ਹੈ ਅਤੇ ਆਪਣੇ ਗ੍ਰੰਥ ਦੇ 1939 ਵਿੱਚ ਪ੍ਰਕਾਸ਼ਿਤ ਹੋਏ ਭਾਗ ਪੰਜਵੇਂ ਵਿੱਚ ਨਵੀਂ ਯਥਾਰਥ ਲਈ ਉੱਤਰ ਆਧੁਨਿਕ ਸ਼ਬਦ ਵਰਤਿਆ ਹੈ। ਉੱਤਰ ਆਧੁਨਿਕ ਵਿਸ਼ੇਸ਼ਣ ਦੀ ਸਭ ਤੋਂ ਪਹਿਲੀ ਵਾਰ ਵਰਤੋਂ ਅਮਰੀਕੀ ਨਾਵਲਕਾਰ ਜਾਨ ਬਾਰਥ ਨੇ 1967 ਵਿੱਚ ਕੀਤੀ।

1979ਵਿੱਚ ਲਿਓ ਤਾਜ ਨੇ ਸਮਕਾਲੀ ਗਿਆਨ ਦੀ ਵਰਤਮਾਨ ਸਥਿਤੀ ਲਈ ਉੱਤਰ ਆਧੁਨਿਕ ਸ਼ਬਦ ਵਰਤਿਆ। ਇਸ ਤਰ੍ਹਾਂ ਉੱਤਰ ਆਧੁਨਿਕ ਪਦ ਦਾ ਪ੍ਰਮਾਣਿਕ ਰੂਪ ਹੋਂਦ ਵਿੱਚ ਆਇਆ। ਵੱਖ ਵੱਖ ਇਤਿਹਾਸਕਾਰਾਂ ਦੀ ਇਸ ਪ੍ਰਤੀ ਵੱਖ ਵੱਖ ਵਿਚਾਰ ਹਨ:

ਸਕੋਟ ਲੈਸ਼ ਉੱਤਰ ਆਧੁਨਿਕਤਾ ਦਾ ਸਬੰਧ ਸੱਭਿਆਚਾਰ ਦੇ ਨਾਲ ਜੋੜਦਾ ਹੈ ਜਿਸ ਸਦਕਾ ਕੁਝ ਨਵੇਂ ਪੈਰਾਡਾਈਮ ਹੋਂਦ ਵਿੱਚ ਆਏ । ਰਿਚਰਡ ਗੋਟ ਇਸਨੂੰ ਆਧੁਨਿਕਤਾ ਤੋਂ ਮੁਕਤੀ ਦਿਵਾਉਣ ਵਾਲਾ ਇੱਕ ਸਰੂਪ ਸਮਝਦਾ ਹੈ ਜੋ ਇੱਕ ਵਿਖੰਡਿਤ ਅੰਦੋਲਨ ਹੈ ਜਿਸ ਵਿੱਚ ਅਨੇਕਾਂ ਫੁੱਲ ਖਿੜ ਸਕਦੇ ਹਨ ਅਤੇ ਇਸ ਵਿੱਚ ਅਨੇਕਾਂ ਹੀ ਸੱਭਿਆਚਾਰਾਂ ਦਾ ਨਿਵਾਸ ਹੋ ਸਕਦਾ ਹੈ।

ਉੱਤਰ ਆਧੁਨਿਕਤਾ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਇਸ ਪ੍ਰਕਾਰ ਹਨ

ਡਾ. ਗੁਰਭਗਤ ਸਿੰਘ, 'ਉੱਤਰ-ਆਧੁਨਿਕਤਾਵਾਦ'ਪੁਸਤਕ ਵਿਚ ਲਿਖਦੇ ਹਨ-

"ਉੱਤਰ ਆਧੁਨਿਕਤਾ ਸਮਾਜਕ ਅਨੁਭਵ ਹੈ, ਸੰਸਥਾਵਾਂ ਦਾ ਨਿਵੇਕਲਾ ਸੰਗਠਨ ਹੈ, ਜੋ ਉੱਤਰ-ਆਧੁਨਿਕਤਾਵਾਦੀ ਨਿਰਪੇਖ ਜਾਂ ਪਰਿਪੇਖਾਂ ਨਾਲ ਸੰਸਥਕ ਪੱਧਰ ਉੱਤੇ ਵਾਪਰਿਆ ਹੈ।"

ਡਾ. ਗੁਰਪਾਲ ਸਿੰਘ ਸੰਧੂ, 'ਮੱਧਕਾਲੀ ਸਿਧਾਂਤ ਅਤੇ ਮੱਧਕਾਲੀ ਪ੍ਰਵਚਨ' ਪੁਸਤਕ ਵਿਚ ਲਿਖਦੇ ਹਨ-

"ਉੱਤਰ-ਆਧੁਨਿਕ ਵਿਚਾਰ-ਚਰਚਾ ਦੇ ਮੁੱਢ ਵਿਚ ਹੀ ਯਾਂ ਫਰਾਂਸਿਸ ਲਿਉਤਾਰਦ ਨੇ ਮਹਾਂ-ਬਿਰਤਾਤਾਂ ਦੇ ਦਮਨ ਅਤੇ ਨਿਆਂਸ਼ੀਲਤਾ ਘੜਨ ਦੇ ਪ੍ਰਜੈਕਟਾਂ ਦੀ ਕਲਪਨਾ ਅਤੇ ਖਾਤਮੇ ਦੇ ਨਾਲ-ਨਾਲ 'ਛੋਟੇ ਬਿਰਤਾਤਾਂ' ਦੇ ਗੌਰਵ ਨਾਲ ਹੀ ਪਵਿੱਤਰ ਦੇ ਸਿਰਜਣ ਦੀ ਸੰਭਾਵਨਾ ਨੂੰ ਚਿਤਵਿਆ ਸੀ।"

ਡਾ. ਸੁਤਿੰਦਰ ਸਿੰਘ ਨੂਰ, ਪ੍ਰੀਤਮ ਸਿੰਘ ਬਤਰਾ, ਉੱਤਰ-ਆਧੁਨਿਕਤਾ ਕਲਾ ਅਤੇ ਸਾਹਿਤ, ਪਸਤਕ ਦੀ ਸੰਪਾਦਕੀ ਵਿਚ ਲਿਖਦੇ ਹਨ

"ਇਸ ਸਮਾਨਾਂਤਰਤਾ ਤੇ ਸੁਤੰਤਰਤਾ ਨੇ ਇਸ ਵਿਚ ਉੱਤਰ-ਆਧੁਨਿਕਤਾ ਦੀ ਇਕ ਪ੍ਰਵਿਰਤੀ ਮਾਨਸਿਕਤਾ ਜਾਂ ਅਵਚੇਤਨ ਨੂੰ

ਵੀ ਪੈਦਾ ਕੀਤਾ।"

ਪ੍ਰੋ. ਕਿਸ਼ਨ ਸਿੰਘ, ਸਿੱਖ ਲਹਿਰ, ਵਿਚ ਲਿਖਦੇ ਹਨ:

"ਇਨਕਲਾਬੀ ਚੇਤਨਤਾ ਵਾਸਤੇ ਲਾਜ਼ਮੀ ਹੈ ਕਿ ਉਹ ਕਾਬਜ਼ ਜਮਾਤ ਦੇ ਹਿੱਤੀ ਖਿਆਲਾਂ, ਜਜ਼ਬਿਆਂ, ਨੀਅਤਾਂ, ਅਮਲੀ ਤੌਰ ਤੇ ਕੰਮ ਕਰਦੀਆਂ ਮਜ਼ਬੀ ਕਲਚਰਲ, ਸਮਾਜਿਕ, ਸਿਆਸੀ ਹਰ ਕਿਸਮ ਦੀਆਂ ਸੰਸਥਾਵਾਂ ਦਾ ਖੰਡਨ ਕਰੇ, ਅਤੇ ਉਹਨਾ ਦੇ ਮੁਕਾਬਲੇ ਉਤੇ, ਆਪਣੇ ਹਿੱਤ ਉਸਾਰੇ ਅਤੇ ਉਨ੍ਹਾਂ ਦੀ ਸੱਚ ਅਤੇ ਸਦਾਚਾਰ ਦੀ ਬਿਨਾਅ ਉੱਤੇ ਵਕਾਲਤ ਕਰੇ।"

ਇਸੇ ਤਰ੍ਹਾਂ ਪੱਛਮ ਦੇ ਵਿਦਵਾਨਾਂ ਦੇ ਕਥਨਾਂ ਨੂੰ ਸਮਝਿਆ ਜਾ ਸਕਦਾ ਹੈ:

"ਗਿਆਨ ਦਾ ਰੁਤਬਾ ਹੁਣ ਬਦਲ ਗਿਆ ਹੈ ਕਿਉਂਕਿ ਸਮਾਜ ਹੁਣ ਉਸ ਯੁੱਗ ਵਿਚ ਦਾਖਲ ਹੋ ਗਿਆ ਹੈ ਜਿਸ ਨੂੰ ਉੱਤਰ-ਉਦਯੋਗਿਕ ਕਾਲ ਵਜੋਂ ਜਾਣਿਆਂ ਜਾਂਦਾ ਹੈ ਅਤੇ ਸੱਭਿਆਚਾਰ ਉਸ ਕਾਲ ਵਿਚ ਜਿਸ ਨੂੰ ਉੱਤਰ-ਆਧੁਨਿਕ ਯੁੱਗ ਵਜੋਂ ਜਾਣਿਆਂ ਜਾਂਦਾ ਹੈ।...ਗਿਆਨ ਇਕ ਲਿਆਕਤ ਦਾ ਸਵਾਲ ਹੈ ਜਿਹੜੀ ਸਧਾਰਣ ਨਿਰਧਾਰਣਤਾ ਅਤੇ ਸੱਚਾਈ ਦੀ ਕਸੌਟੀ ਦੀ ਵਰਤੋਂ ਤੋਂ ਬਾਹਰ ਹੈ। ਗਿਆਨ ਮਨੁੱਖ ਨੂੰ ਉਪਯੁਕਤ ਆਦੇਸ਼ਾਤਮਕ ਅਤੇ ਮੁੱਲਵਾਨ ਸੰਕੇਤਕ ਉਦਾਹਰਣ ਵਿਚ ਨਿਪੁੰਨ ਬਨਾਉਂਦਾ ਹੈ... ਗਿਆਨ ਕੇਵਲ ਸੰਕੇਤਕ-ਬਿਆਨਾ ਦਾ ਸੈਟ ਨਹੀਂ....ਬਲਕਿ ਅਜਿਹੇ ਘੇਰਿਆਂ ਤੋਂ ਬਾਹਰ ਹੈ। ਗਿਆਨ ਇਕ ਲਿਆਕਤ ਦਾ ਸਵਾਲ ਹੈ ਜਿਹੜੀ ਸਧਾਰਣ ਨਿਰਧਾਣਤਾ ਅਤੇ ਸੱਚਾਈ ਦੀ ਕਸੌਟੀ ਦੀ ਵਰਤੋਂ ਤੋਂ ਬਾਹਰ ਹੈ।" ("Jean Francis Lyoterd, The Post Modern Condition : A Report on Knowledge)

"ਉੱਤਰ-ਆਧੁਨਿਕਤਾ ਨਾ ਪੇਸ਼ ਕਰਨ ਯੋਗ ਨੂੰ ਪੇਸ਼ ਕਰਨ ਯੋਗ ਬਣਾਉਂਦੀ ਹੈ। ਉਹ ਚੰਗੇ ਰੂਪਾਂ ਦੀ ਦਿਲਜੋਈ ਨੂੰ ਨਿਕਾਰਦੀ ਹੈ, ਭਾਵਨਾ ਦੀ ਇਕਸੁਰਤਾ, ਜਿਹੜੀ ਅਣ-ਪ੍ਰਾਪਤੀ ਦੇ ਉਦਰੇਵੇਂ ਨੂੰ ਸਮੂਹਕ ਤੌਰ ਤੇ ਵੰਡਾਉਣਯੋਗ ਬਣਾਉਂਦੀ ਹੈ, ਉਹ ਨਵੀਂ ਪੇਸ਼ਕਾਰੀ ਲਈ ਖੋਜ ਕਰਦੀ ਹੈ, ਉਸ ਦਾ ਲੁਤਫ਼ ਲੈਣ ਲਈ ਨਹੀਂ ਸਗੋਂ ਅਣਪ੍ਰਦਰਸ਼ਨਤਾ ਨੂੰ ਜ਼ੋਰਦਾਰ ਭਾਵਨਾ ਪ੍ਰਦਾਨ ਕਰਾਉਣ ਲਈ।"

(Mark.C.Taylor (Ed.), Saints and Postmodernism, p.XIII)

"ਉੱਤਰ-ਆਧੁਨਿਕ ਸੰਸਾਰ ਗਲੋਬਲ ਸਭਿਅਤਾ ਹੈ, ਅਤੇ ਇਕ ਸਭਿਅਤਾ ਨੂੰ ਜੇਕਰ ਇਸ ਨੇ ਕੰਮ ਕਰਨਾ ਹੈ, ਤਾਂ ਇਸ ਨੂੰ ਕੁਝ ਸੰਗਠਿਤ ਸਚਾਈਆਂ ਅਤੇ ਡੂੰਘੀਆਂ ਕੀਮਤਾਂ ਦੀ ਲੋੜ ਹੈ।"

(Walter truett Anderson, The Fortana Post-Modernism Reader, p.208)

"ਭਾਸ਼ਾ ਦਾ ਫੋਕਸ, ਸਬਜੈਕਟ ਦੇ ਵਿਕੇਂਦਰੀਕਰਨ ਵੱਲ ਰੁਚਿਤ ਹੁੰਦਾ ਹੈ। ਨਿੱਜਤਾ ਆਪਣੇ ਆਪ ਨੂੰ ਅਭਿਵਿਅਕਤ ਕਰਨ ਲਈ ਭਾਸ਼ਾ ਦੀ ਵਰਤੋਂ ਨਹੀਂ ਕਰਦੀ ਸਗੋਂ ਭਾਸ਼ਾ ਹੀ ਵਿਅਕਤੀ ਰਾਹੀਂ ਬੋਲਦੀ ਹੈ। ਨਿੱਜ ਵਾਦਤਾ ਹੀ ਇਕ ਸਭਿਆਚਾਰ ਅਤੇ ਇਸ ਦੀ ਭਾਸ਼ਾ ਲਈ ਮਾਧਿਅਮ ਬਣਦੀ ਹੈ।"

(Waltor Truett Anderson, The Fortana Post Modernism Reader, p.22)

ਉੱਤਰ-ਆਧੁਨਿਕਤਾ ਇਕ ਅਜਿਹੀ ਮੱਦ ਹੈ ਜਿਹੜੀ ਇਕ ਇਤਿਹਾਸਕ ਸਮੇਂ ਜਾਂ ਬੁੱਧੀਜੀਵੀਆਂ ਦੇ ਵਿਚਾਰਾਂ ਦੀ ਮੁੱਖ ਲਹਿਰ ਦੀ ਵਿਆਖਿਆ ਕਰਦੀ ਹੈ, ਜਿਸਨੇ ਫਿਲਾਸਫੀ, ਕਲਾ, ਆਲੋਚਨਾਤਮਕ ਥਿਊਰੀ, ਆਰਕੀਟੈਕਚਰ, ਇਤਿਹਾਸ ਅਤੇ ਸੱਭਿਆਚਾਰ ਤੇ ਮੁੱਖ ਪ੍ਰਭਾਵ ਪਾਇਆ ਹੈ। ਇਹ ਮੱਦ ਬਹੁਤ ਸਾਰੇ ਵੱਖੋ-ਵੱਖਰੇ ਵਿਚਾਰਾਂ ਦੀ ਅਗਵਾਈ ਕਰਦੀ ਹੈ, ਪਰੰਤੂ ਜ਼ਰੂਰੀ ਨਹੀਂ ਇਸ ਮੱਦ ਦੀਆਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਬਿਨਾ ਕਿਸੇ ਸ਼ੱਕ ਤੋਂ ਇਸ ਨਾਲ ਸੰਬੰਧ ਰੱਖਦੀਆਂ ਹੋਣ। ਉੱਤਰ-ਆਧੁਨਿਕਤਾ ਦੇ ਆਮ ਤੌਰ ਤੇ ਹੇਠ ਲਿਖੇ ਲੱਛਣ ਦੱਸੇ ਜਾਂਦੇ ਹਨ-

ਆਧੁਨਿਕਤਾ ਪ੍ਰਤਿ ਇਕ ਪ੍ਰਤੀਕਰਮ-ਵੱਡੀਆਂ, ਪੂਰਨ ਕਦਰਾਂ-ਕੀਮਤਾਂ ਅਤੇ ਸੰਗਠਨਾਂ ਤੇ ਬਲ (ਜ਼ੋਰ)। ਇਹ ਵਿਸ਼ਵਾਸ ਕਿ ਕੋਈ ਵੀ ਸੰਚਾਰ, ਮਿੱਥ, ਲੱਖਣਾ, ਸੱਭਿਆਚਾਰਕ ਪੱਖ-ਪਾਤ, ਰਾਜਨੈਤਿਕ ਵੱਥ ਆਦਿ ਤੋਂ ਖਾਲੀ ਨਹੀਂ ਹੁੰਦੀ।

ਭਾਵ ਕਿ ਉੱਤਰ ਆਧੁਨਿਕਤਾ ਉਸ ਅਵਸਥਾ ਨੂੰ ਦਰਸਾਉਂਦੀ ਹੈ ਜਦ ਉੱਨੀਵੀਂ ਸਦੀ ਦੇ ਮਗਰਲੇ ਦਹਾਕਿਆਂ ਤੋਂ ਸੱਭਿਆਚਾਰ ਵਿੱਚ ਆਏ ਬਦਲਾਅ ਨਾਲ ਵਿਗਿਆਨ ਸਾਹਿਤ ਅਤੇ ਕਲਾ ਦੇ ਨਿਯਮਾਂ ਵਿੱਚ ਭਾਰੀ ਤਬਦੀਲੀ ਆਈ । ਉੱਤਰ ਆਧੁਨਿਕਤਾ ਨੂੰ ਸਮਾਜਿਕ ਅਨੁਭਵ ਸੰਸਥਾਵਾਂ ਦਾ ਨਿਵੇਕਲਾ ਸੰਗਠਨ ਜਾਂ ਅਭਿਆਸ ਵਿੱਚ ਵਾਪਰਿਆ ਇੱਕ ਪਰਿਵਰਤਨ ਕਿਹਾ ਜਾ ਸਕਦਾ ਹੈ; ਜੋ ਮਹਾਂ ਬਿਰਤਾਂਤ ਦੀ ਹੋਂਦ ਨੂੰ ਨਕਾਰ ਕੇ ਅਲਪ ਬਿਰਤਾਂਤਾਂ ਨੂੰ ਮਹੱਤਵ ਦਿੰਦਾ ਹੈ ਵੱਖ ਵੱਖ ਵਿਚਾਰਵਾਨਾਂ ਨੇ ਇਸ ਨੂੰ ਆਪੋ ਆਪਣੀ ਸਮਝ ਮੁਤਾਬਕ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ । ਇਹ ਕੋਈ ਇੱਕ ਆਯਾਮੀ ਜਾਂ ਇਕਹਿਰੀ ਸਥਿਤੀ ਨਹੀਂ ਹੈ ਇਹ ਇੱਕ ਭੌਤਿਕ ਸਮਾਜਿਕ ਅਵਸਥਾ ਹੈ ਗਿਆਨ ਦੀ ਇੱਕ ਸਥਿਤੀ ਹੈ ਜਿਸ ਨੇ ਪੱਛਮੀ ਤਰਕ ਸ਼ਾਸਤਰ ਨੂੰ ਚੁਣੌਤੀ ਦਿੱਤੀ ਹੈ ਉੱਤਰ ਆਧੁਨਿਕਤਾ ਦੇ ਕਈ ਲੱਛਣ ਇਸ ਉੱਪਰ ਵਿਚਾਰ ਕਰਨ ਤੋਂ ਬਾਅਦ ਸਾਹਮਣੇ ਆਉਂਦੇ ਹਨ ਜਿਨ੍ਹਾਂ ਦੀ ਰੌਸ਼ਨੀ ਵਿਚ ਇਸ ਚਿੰਤਨ ਦਾ ਰਾਹ ਰੌਸ਼ਨ ਹੁੰਦਾ ਜਾਪਦਾ ਹੈ ਇਹ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

- ਦੇਹ ਅਤੇ ਵਿਚਾਰ ਦੀ ਮੁਕਤੀ
- ਔਰਤ ਦੀ ਹੋਂਦ ਦੀ ਅੱਡਰੀ ਪਹਿਚਾਣ ਹਾਸ਼ੀਆਗਤ ਨੂੰ ਮੁੜ ਕੇਂਦਰ ਵਿੱਚ ਸਥਾਪਿਤ ਕਰਨਾ
- ਅਲਪ ਬਿਰਤਾਂਤਾਂ ਦੀ ਪੈਰਵੀ ਅਤੇ ਮਹਾਨ ਬਿਰਤਾਂਤ ਦਾ ਵਿਰੋਧ
- ਨਿਸ਼ਚਿਤਤਾ ਦੇ ਸਥਾਨ ਤੇ ਅਨਿਸਚਿਤਤਾ ਦਾ ਬੋਲਬਾਲਾ
- ਵਿਸ਼ਵੀਕਰਨ ਤੋਂ ਸਥਾਨੀਕਰਨ ਵੱਲ
- ਕੁਦਰਤ ਦੇ ਹੱਕ ਵਿੱਚ
- ਕੌਮ ਅਤੇ ਕੌਮੀਅਤਾਂ

## ਦੇਹ ਅਤੇ ਵਿਚਾਰ :

ਪੁਰਾਣੇ ਸਮਿਆਂ ਵਿੱਚ ਮਨੁੱਖੀ ਦੇਹ ਨੂੰ ਸਜਾ ਦੇ ਕੇ ਪਰਤੰਤਰ ਕੀਤਾ ਜਾਂਦਾ ਸੀ ਪਰ ਉੱਤਰ ਆਧੁਨਿਕਤਾ ਨੇ ਮਨੁੱਖੀ ਦੇਹ ਨੂੰ ਸੱਚ ਨੂੰ ਪ੍ਰਮਾਣਿਕਤਾ ਦਿੱਤੀ ਅਤੇ ਪ੍ਰਵਾਨ ਕੀਤਾ ਅਤੇ ਇਹ ਵਿਚਾਰ ਪੇਸ਼ ਕੀਤਾ ਕਿ ਮਨੁੱਖੀ ਮਨ ਦੇ ਨਾਲ ਨਾਲ ਦੇਹ ਦੀ ਮੁਕਤੀ ਵੀ ਬਹੁਤ ਜ਼ਰੂਰੀ ਹੈ ਅਤੇ ਇਸ ਦੇ ਲਈ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਅਤੇ ਇਸ ਨੂੰ ਮੁਕਤ ਕਰਨ ਲਈ ਤਾਕਤ ਬਾਰੇ ਢੰਗ ਈਜਾਦ ਕਰਨੇ ਪੈਣਗੇ।

## ਨਾਰੀ ਦੀ ਹੋਂਦ ਦੀ ਵੱਖ ਪਹਿਚਾਣ:

ਪ੍ਰਾਚੀਨ ਸਮਿਆਂ ਤੋਂ ਹੀ ਨਾਰੀ ਨੂੰ ਸਿਰਫ਼ ਇੱਕ ਭੋਗਣ ਵਾਲੀ ਵਸਤੂ ਤੇ ਬੱਚੇ ਜੰਮਣ ਵਾਲੀ ਮਸ਼ੀਨ ਤੇ ਘਰ ਦੀ ਨੌਕਰਾਣੀ ਦੇ ਰੂਪ ਦੇ ਵਿੱਚ ਹੀ ਵੇਖਿਆ ਮੰਨਿਆ ਗਿਆ ਸੀ ਅਤੇ ਔਰਤ ਨੂੰ ਹਮੇਸ਼ਾ ਮਰਦ ਦੇ ਬਰਾਬਰ ਲਿਆ ਕੇ ਵੀ ਉਸ ਨੂੰ ਹੀਣਤਾ ਦਾ ਅਹਿਸਾਸ ਕਰਵਾਇਆ ਜਾਂਦਾ ਰਿਹਾ। ਸੁਧੀਸ਼ ਪਚੌਰੀ ਲਿਖਦੇ ਹਨ,"ਵਿਗਿਆਪਨ ਜ਼ਿਆਦਾਤਰ ਔਰਤਾਂ ਨੂੰ ਦਰਸਾਉਂਦੇ ਹਨ। ਇਹ ਉਨ੍ਹਾਂ ਦਾ ਰੂਪ ਅਤੇ ਆਚਰਣ ਨਿਰਧਾਰਤ ਕਰਦੇ ਹਨ। ਇਹ ਸਮੂਹਿਕ ਅਤੇ ਜਾਤੀ ਮਿੱਥਕਾਂ ਦੇ ਸਹਾਰੇ ਆਪਣਾ ਕੰਮ ਕਰਦੇ ਹਨ। ਔਰਤ ਨੂੰ ਇਕ ਉਪਭੋਗ ਦੀ ਵਸਤੂ ਬਣ ਕੇ ਔਰਤਪੁਣੇ ਥਾਂ ਵਿਗਿਆਪਨ ਵਿਚ ਸੁੱਘੜ ਅਤੇ ਤੇਜ਼ ਹੋ ਜਾਂਦੀ ਹੈ।" (ਸੁਧੀਸ਼ ਪਚੌਰੀ, ਉੱਤਰ-ਆਧੁਨਿਕਤਾ ਔਰ ਉੱਤਰ-ਸੰਰਚਨਾਵਾਦ, ਪੰਨਾ-79) ਪਰ ਉੱਤਰ ਆਧੁਨਿਕਤਾ ਨੇ ਔਰਤ ਦੀ ਅੱਡਰੀ ਹੋਂਦ ਨੂੰ ਪਰਿਭਾਸ਼ਿਤ ਅਤੇ ਪ੍ਰਵਾਨ ਕੀਤਾ ਅਤੇ ਪਹਿਲੀ ਵਾਰ ਨਾਰੀ ਨੂੰ ਮੱਧ ਦੇ ਸਾਹਮਣੇ ਬਰਾਬਰ ਲਿਆਕੇ ਖੜ੍ਹਾ ਕਰ ਦਿੱਤਾ ਉੱਤਰ ਆਧੁਨਿਕਤਾ ਨੇ ਮਰਦ ਪ੍ਰਧਾਨ ਸੱਭਿਆਚਾਰ ਦੀ ਥਾਂ ਮਰਦ ਔਰਤ ਨੂੰ ਬਰਾਬਰ ਰੱਖਿਆ ਅਤੇ ਇੱਕ ਸਾਂਝੇ ਸੱਭਿਆਚਾਰ ਦਾ ਨਿਰਮਾਣ ਕੀਤਾ।

## ਹਾਸ਼ੀਆਗਤ ਨੂੰ ਮੁੜ ਕੇਂਦਰ ਵਿੱਚ ਸਥਾਪਿਤ ਕਰਨਾ :

ਉੱਤਰ ਆਧੁਨਿਕਤਾ ਨੇ ਦੱਬੇ ਕੁਚਲੇ ਲੋਕਾਂ ਦੀ ਪੈਰਵਾਈ ਕੀਤੀ। ਆਧੁਨਿਕਤਾ ਨੇ ਸਿਰਫ਼ ਇੱਕ ਖ਼ਾਸ ਵਰਗ ਦੀ ਖਾਸ ਪੱਖ ਦੀ ਗੱਲ ਕਰਦਿਆਂ ਬਹੁਤੇ ਲੋਕਾਂ ਨੂੰ ਹਾਸ਼ੀਏ ਉੱਪਰ ਧੱਕ ਦਿੱਤਾ ਸੀ, ਪਰ ਉੱਤਰ ਆਧੁਨਿਕਤਾ ਨੇ ਹਾਸ਼ੀਏ ਤੇ ਧੱਕੇ ਗਏ ਲੋਕਾਂ ਨੂੰ ਮੁੜ ਕੇਂਦਰ ਵਿੱਚ ਲਿਆ ਕੇ ਵਸਾਉਣ ਦੇ ਉਪਰਾਲੇ ਕੀਤੇ।

## ਅਲਪ ਬਿਰਤਾਂਤਾਂ ਦੀ ਪੈਰਵੀ ਅਤੇ ਮਹਾਨ ਬਿਰਤਾਂਤਾਂ ਦਾ ਵਿਰੋਧ :

ਉੱਤਰ ਆਧੁਨਿਕਤਾ ਦੀ ਇੱਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਨੇ ਮਹਾਂਬਿਰਤਾਂਤਾਂ ਨੂੰ ਨਕਾਰਣ ਦੇ ਨਾਲ਼ ਨਾਲ਼ ਅਲਪ ਬਿਰਤਾਂਤਾਂ ਨੂੰ ਮਹੱਤਵ ਦਿੱਤਾ ਹੈ ਉੱਤਰ ਆਧੁਨਿਕਤਾ ਕਿਸੇ ਵੀ ਤਰ੍ਹਾਂ ਦੇ ਮਹਾਂ ਬਿਰਤਾਂਤ ਨੂੰ ਸਵੀਕਾਰ ਨਹੀਂ ਕਰਦਾ ਅਤੇ ਇਸ ਧਾਰਨਾ ਨੂੰ ਮੁੱਢੋਂ ਹੀ ਰੱਦ ਕਰਦਾ ਹੈ ਤੇ ਜੀਵਨ ਦੀ ਸੰਪੂਰਨ ਵਿਆਖਿਆ ਨੂੰ ਕੀਤੇ ਜਾਣਾ ਪ੍ਰਵਾਨ ਨਹੀਂ ਕਰਦਾ ਇਸ ਲਈ ਉਹ ਸਥਾਨਕ ਜਾਂ ਅਲਪ ਬਿਰਤਾਂਤਾਂ ਨੂੰ ਮਹੱਤਵ ਦਿੰਦਾ ਹੈ ਜੋ ਕਿਸੇ ਸਮੇਂ ਆਪਣੇ ਆਪ ਵਿੱਚ ਹੀ ਮਹਾਂਬਿਰਤਾਂਤਾਂ ਦੀ ਤਰਜ਼ ਤੇ ਵਿਵਹਾਰ ਕਰਨ ਲੱਗਦੇ ਹਨ।

## ਨਿਸ਼ਚਿਤਤਾ ਦੇ ਸਥਾਨ ਤੇ ਅਨਿਸ਼ਚਿਤਤਾ ਦਾ ਬੋਲਬਾਲਾ:

ਉੱਤਰ ਆਧੁਨਿਕਤਾ ਨੇ ਆਧੁਨਿਕਤਾ ਦੀ ਨਿਸਚਿਤਤਾ ਨੂੰ ਤੋੜ ਕੇ ਅਨਿਸ਼ਚਿਤਤਾ ਨੂੰ ਉਸ ਦੀ ਜਗ੍ਹਾ ਤੇ ਖੜ੍ਹਾ ਕਰ ਦਿੱਤਾ ਦੈਰੀਦਾ ਰੋਲਾ ਬਾਥ ਹੁਰਾਂ ਦੀ ਪਾਠ ਨੇ ਨਵੇਂ ਸਿਰੇ ਤੋਂ ਅਧਿਐਨ ਕਰਦਿਆਂ ਵਿਰਚਨਾਵਾਦ ਆਦਿ ਸਿਧਾਂਤ ਸੰਕਲਪ ਸਾਹਮਣੇ ਲੈ ਕੇ ਆਉਂਦੇ ਉੱਤਰ ਆਧੁਨਿਕਤਾ ਦੀ ਨਿਸਚਿਤਤਾ ਦੀ ਰੂਹ ਹੋ ਚੁੱਕੀ ਧਾਰਨਾ ਨੂੰ ਤੋੜ ਦਿੱਤਾ

## ਵਿਸ਼ਵੀਕਰਨ ਤੋਂ ਸਥਾਨੀਕਰਨ ਵੱਲ:

ਵੀਹਵੀਂ ਸਦੀ ਵਿੱਚ ਬਸਤੀਵਾਦ ਦਾ ਪੂਰੇ ਜ਼ੋਰ ਤੇ ਬੋਲ ਬਾਲਾ ਸੀ ਵਿਗਿਆਨ ਵੀ ਬਸਤੀਵਾਦ ਦੇ ਮੋਢੇ ਨਾਲ ਮੋਢਾ ਲਾ ਕੇ ਚੱਲਿਆ । ਪਰ ਦੂਜੀ ਸੰਸਾਰ ਜੰਗ ਤੋਂ ਬਾਅਦ ਬਸਤੀਆਂ ਟੁੱਟਣ ਲੱਗੀਆਂ ਅਤੇ ਇਸ ਦੇ ਨਾਲ ਹੀ ਸਥਾਨਕ ਭਾਸ਼ਾ, ਸਥਾਨਕ ਸੱਭਿਆਚਾਰ, ਸਥਾਨਕ

ਧਰਮ ਨੇ ਆਪਣੇ ਆਪ ਨੂੰ ਪੁਨਰ ਸਥਾਪਤੀ ਵੱਲ ਤੋਰਿਆ ।ਉੱਤਰ ਆਧੁਨਿਕਤਾ ਨੇ ਕੌਮੀ ਸੱਭਿਆਚਾਰ ਦੀ ਪਹਿਚਾਣ ਨੂੰ ਮਾਨਤਾ ਦਿੱਤੀ। ਵਿਸ਼ਵੀਕਰਨ ਸਥਾਨਕ ਸੱਭਿਆਚਾਰਾਂ ਨੂੰ ਦਬਾ ਕੇ ਰੱਖਣਾ ਚਾਹੁੰਦਾ ਹੈ ਪਰ ਸਥਾਨਕ ਸੱਭਿਆਚਾਰ ਇਸ ਅੱਗੇ ਬਗ਼ਾਵਤ ਕਰ ਰਹੇ ਹਨ ਉੱਤਰ ਆਧੁਨਿਕਤਾ ਇਸ ਬਗ਼ਾਵਤੀ ਸੁਰ ਨੂੰ ਬੋਲ ਦਿੰਦੀ ਹੈ ।

## ਕੁਦਰਤ ਦੇ ਹੱਕ:

ਵਿੱਚ ਦੀ ਕਰਦੇ ਨੇ ਆਧੁਨਿਕਤਾ ਦੀ ਦੌੜ ਅੰਦਰ ਇੱਕ ਨਾਅਰਾ ਬੁਲੰਦ ਕੀਤਾ ਸੀ ਕਿ ਮਨੁੱਖ ਦਾ ਕੁਦਰਤ ਤੇ ਕਾਬੂ ਕਰ ਸਕਣਾ ਮੁਮਕਿਨ ਹੈ ।ਆਧੁਨਿਕ ਦੌਰ ਦੇ ਵਿੱਚ ਕੁਦਰਤੀ ਸਾਧਨਾਂ ਦੇ ਵਿਕਾਸ ਦੇ ਨਾਮ ਉੱਪਰ ਬਹੁਤ ਲੁੱਟ ਹੋਈ। ਵਿਗਿਆਨ ਨੇ ਕੁਦਰਤੀ ਵਰਤਾਰਿਆਂ ਅੰਦਰ ਰੱਜ ਕੇ ਵਿਗਾੜ ਪਾਇਆ ਪਰ ਉੱਤਰ ਆਧੁਨਿਕਤਾ ਨੇ ਇਸ ਦਾ ਕਰੜਾ ਵਿਰੋਧ ਕੀਤਾ ਕੁਦਰਤ ਵਿੱਚ ਵਿਗਾੜ ਸਿਰਫ਼ ਮਨੁੱਖ ਦੀ ਮੁਨਾਫਾਖੋਰੀ ਦੇ ਲਾਲਚ ਵਿੱਚ ਸੀ। ਉੱਤਰ ਆਧੁਨਿਕਤਾ ਨੇ ਮਨੁੱਖ ਨੂੰ ਕੁਦਰਤ ਨਾਲ ਸਹਿਯੋਗ ਕਰਕੇ ਚੱਲਣ ਲਈ ਕਿਹਾ ਜਿਸ ਵਿੱਚ ਸਭ ਦੀ ਭਲਾਈ ਹੈ ।

## ਕੌਮ ਅਤੇ ਕੌਮੀਅਤਾਂ :

ਪੱਛਮੀ ਸਮਾਜ ਵਿੱਚ ਨਸਲੀ ਵਿਤਕਰੇ ਦਾ ਸ਼ਿਕਾਰ ਬਹੁਤ ਕੌਮਾਂ ਹੋਈਆਂ। ਇੱਕ ਖਾਸ ਵਰਗ ਵੱਲੋਂ ਉਨ੍ਹਾਂ ਨੂੰ ਹੀਣ ਭਾਵਨਾ ਨਾਲ ਵੇਖਿਆ ਗਿਆ ਅਤੇ ਉਨ੍ਹਾਂ ਨੂੰ ਅਸੱਭਿਅਕ ਕਿਹਾ ਗਿਆ ਘੱਟ ਗਿਣਤੀਆਂ ਨੂੰ ਮੁੱਖ ਧਾਰਾ ਵਿੱਚ ਜਬਰਨ ਸ਼ਾਮਿਲ ਕਰਨ ਦੇ ਲਈ ਪ੍ਰੇਰਿਤ ਕੀਤਾ ਜਾਂਦਾ ਰਿਹਾ ਜਿਵੇਂ ਕਾਲੇ ਅਫਰੀਕਨਾਂ ਤੋਂ ਉਨ੍ਹਾਂ ਦੀ ਭਾਸ਼ਾ ਖੋਹ ਕੇ ਉਨ੍ਹਾਂ ਦੇ ਉਪਰ ਜਬਰੀ ਯੂਰਪੀ ਸੱਭਿਆਚਾਰ ਮੜ੍ਹ ਦਿੱਤਾ ਕਿਹਾ। ਉੱਤਰ ਆਧੁਨਿਕਤਾ ਨੇ ਇਸ ਦਾ ਵਿਰੋਧ ਕੀਤਾ ।

ਉੱਤਰ ਆਧੁਨਿਕਤਾ ਦੀ ਪ੍ਰਕਿਰਤੀ ਦੀ ਜੇ ਗੱਲ ਕੀਤੀ ਜਾਵੇ ਤਾਂ ਇਸ ਦੀ ਪ੍ਰਕਿਰਤੀ ਬਹੁ ਵਿਧਾਵੀ ਹੈ; ਅੰਤਰ ਵਿਰੋਧੀ ਹੈ ;ਇਸ ਵਿੱਚ ਇੱਕ ਅਜਿਹੀ ਤਕਨੀਕ ਈਜਾਦ ਕਰਦਾ ਹੈ ਜਿਸ ਰਾਹੀਂ ਇਹ ਅਗਿਆਤ ਚੀਜ਼ਾਂ ਦੀ ਸਥਾਪਨਾ ਕਰਦਾ ਹੈ ਅਤੇ ਫਿਰ ਉਨ੍ਹਾਂ ਨੂੰ ਅੰਦਰੂਨੀ ਪੱਧਰ ਤੇ ਤੋੜਨ ਦਾ ਕੰਮ ਕਰਦਾ ਹੈ। ਇਹ ਚੀਜ਼ਾਂ ਨੂੰ ਮਸ਼ਹੂਰ ਵੀ ਕਰਦਾ ਹੈ ਅਤੇ ਉਨ੍ਹਾਂ ਨੂੰ ਵਿਅਰਥ ਵੀ ਆਪਣੇ ਆਪ ਹੀ ਕਰ ਦਿੰਦਾ ਹੈ। ਉੱਤਰ ਆਧੁਨਿਕਤਾ ਸੰਪੂਰਨਤਾ ਵਾਦੀ ਨਹੀਂ ਹੈ ਇਹ ਕਿਸੇ ਕਿਸਮ ਦੀ ਸ਼੍ਰੇਣੀ ਬੱਧਤਾ ਸਵੀਕਾਰ ਨਹੀਂ ਕਰਦਾ ਕੋਈ ਵੀ ਸ਼੍ਰੇਣੀ ਬੱਧਤਾ ਅੰਤਿਮ ਨਹੀਂ ਹੋ ਸਕਦੀ ਉੱਤਰ ਆਧੁਨਿਕਤਾ ਕੁਝ ਵੀ ਲੁਕੋ ਕੇ ਨਹੀਂ ਰੱਖਦਾ ਜੋ ਵੀ ਹੈ ਸਭ ਪ੍ਰਤੱਖ ਹੈ ਉਪਭੋਗਤਾ ਸਮਾਜ ਨਾਲ ਸਬੰਧ ਵੀ ਇਸ ਦੇ ਸਭ ਦੇ ਸਾਹਮਣੇ ਹਨ ਉੱਤਰ ਆਧੁਨਿਕਤਾ ਇਨ੍ਹਾਂ ਸਬੰਧਾਂ ਦਾ ਰੱਜ ਕੇ ਲਾਹਾ ਲੈਂਦਾ ਹੈ ਅਤੇ ਇਹ ਸਵੀਕਾਰ ਕਰਦਾ ਹੈ ਕਿ ਆਪਣੇ ਸਮੇਂ ਦੇ ਵਿੱਚ ਸੰਸਕ੍ਰਿਤਿਕ ਉਤਪਾਦਨ ਅਤੇ ਉਸ ਦੇ ਰਾਜਨੀਤਕ ਅਤੇ ਸਮਾਜਿਕ ਸਬੰਧਾਂ ਦਾ ਆਪਸ ਦੇ ਵਿੱਚ ਗਹਿਰਾ ਰਿਸ਼ਤਾ ਹੈ । ਉੱਤਰ-ਆਧੁਨਿਕਤਾ ਪੂੰਜੀਵਾਦੀ ਵਿਕਾਸ ਦੀ ਸਥਿਤੀ ਨੂੰ ਦਰਸਾਉਂਦੀ ਹੈ। ਸਮੀਖਿਆ ਨੂੰ ਸਥੂਲ ਅਰਥਾਂ ਦੀ ਥਾਂ ਵਿਆਪਕ ਅਰਥਾਂ ਨੂੰ ਮੰਨਿਆਂ ਜਾਂਦਾ ਹੈ। ਇਹ ਸੰਪੂਰਨਤਾ ਦਾ ਖੰਡਨ ਕਰਦੀ ਹੈ ਜੇ ਕੋਈ ਕਹੇ ਕਿ ਮੈ ਇਸ ਦੁਨੀਆਂ ਵਿਚ ਸੰਪੂਰਨ ਹਾਂ ਤਾਂ ਇਹ ਇਸ ਦਾ ਵਿਰੋਧ ਕਰਦੀ ਹੈ। ਉੱਤਰ-ਆਧੁਨਿਕਤਾ ਅਨੁਸਾਰ ਕੁਝ ਵੀ ਸੰਪੂਰਨ ਨਹੀਂ ਹੈ

ਉੱਤਰ-ਆਧੁਨਿਕ ਸਥਿਤੀ ਵਿਚ ਕਿਸੇ ਆਦਰਸ਼ ਜਾਂ ਗਿਆਨ ਦਾ ਆਧਾਰ ਮਾਨਵਤਾ ਦੀ ਆਧੁਨਿਕ ਚੇਤਨਾ ਹੁੰਦੀ ਹੈ।ਉੱਤਰ ਆਧੁਨਿਕਤਾ ਵਿਅਕਤੀ ਜਾ ਸਮਾਜਿਕ ਇਕਾਈਆਂ ਦੀ ਆਜ਼ਾਦੀ ਦੇ ਪੱਖ ਵਿਚ ਤਰਕ ਕਰਦੀ ਹੈ । ਵਿਅਕਤੀ ਨੂੰ ਮਹਿਜ਼ ਇਕ ਸਮਾਜਿਕ ਔਜ਼ਾਰ ਨਾ ਸਮਝਦੇ ਹੋਏ ਪੂਰਨ ਅਸਤਿਤਵ ਪ੍ਰਦਾਨ ਕਰਦੀ ਹੈ । ਆਧੁਨਿਕਤਾ ਦੇ ਪੂਰਨਵਾਦੀ ਰਵੱਈਏ ਦਾ ਵਿਰੋਧ ਕਰਦੀ ਹੈ । ਗਿਆਨ ਦੀ ਥਾਂ ਉਪਭੋਗ ਨੂੰ ਪ੍ਰਧਾਨਤਾ ਦਿੰਦੀ ਹੈ।

ਇਹ ਅਤੀਤ ਵਿਚ ਜਾਣ ਦੀ ਖੁੱਲ ਦਿੰਦੀ ਹੈ ਪਰ ਉਸਨੂੰ ਸਿਰਫ ਮਨੋਰੰਜਨ ਬਣਾ ਕੇ ਉਪਭੋਗ ਦੀ ਸਮੱਗਰੀ ਬਨਾਉਣ ਲਈ ਇਹ ਅਤੀਤ ਦਾ ਦੁਬਾਰਾ ਉਤਪਾਦਨ ਸੰਭਵ ਕਰਦੀ ਹੈ ਪਰ ਉਸਦੀ ਵਿਸ਼ਾਲਤਾ ਜਾ ਵਿਰਾਟਤਾ ਸਵੀਕਾਰ ਨਹੀਂ ਕਰਦੀ ।ਹਰ ਮਹਾਨਤਾ ਨੂੰ ਆਮ ਬਣਾਉਦੀ ਹੈ।ਸਮੱਗਰਤਾ ਦਾ ਵਿਖੰਡਨ (ਅਸਵੀਕਾਰ) ਕਰਦੀ ਹੈ।ਰਚਨਾ ਨੂੰ ਵਿਗਿਆਪਨ ਅਤੇ ਸਮੀਖਿਆ ਨੂੰ ਪ੍ਰਯੋਜਨ ਬਣਾ ਦਿੰਦੀ ਹੈ।ਇਸ ਨਾਲ ਸ਼ਬਦਾਰਥ ਵਿਚ ਅਨੇਕਾਂਤ ਪੈਦਾ ਹੁੰਦੇ ਹਨ।ਇਹ ਗਿਆਨ ਸ਼ਬਦ ਦਾ ਅਰਥ ਬਦਲਦੀ ਹੈ, ਅਗਿਆਤ ਪ੍ਰਸਤੁਤ ਕਰਦੀ ਹੈ, ਵੈਦਯਤਾ ਦਾ ਨਵਾਂ ਆਦਰਸ਼ ਪੇਸ਼ ਕਰਦੀ ਹੈ। ਮਤੈਕਯ ਦੇ ਬਦਲੇ ਮਤਭੇਦ ਨੂੰ ਮਹੱਤਵ ਦਿੰਦੀ ਹੈ , ਇਕਰੂਪਤਾ ਨੂੰ ਅਸਵੀਕਾਰ ਕਰ ਕੇ ਬਿਸ਼ਮਤਾ ਦੀ ਸਥਿਤੀ ਸਵੀਕਾਰ ਕਰਦੀ ਹੈ, ਇਕਰੂਪਤਾ ਦੇ ਪ੍ਰਤੀ ਇਹ ਵਿਰੁਚੀ ਇਤਿਹਾਸਕ ਅਨੁਭਵ ਤੇ ਆਧਾਰਿਤ ਹੈ।ਇਹ ਸਾਰਥਕ ਬਹੁਲਤਾ ਸਵੀਕਾਰ ਕਰਦੀ ਹੈ। ਇਸ ਅਨੁਸਾਰ ਏਕਤਾ ਸਿਰਫ ਦਮਨਕਾਰੀ ਅਤੇ ਇਕਪੱਖੀ ਤਰੀਕੇ ਨਾਲ ਸਥਾਪਿਤ ਕੀਤੀ ਜਾ ਸਕਦੀ ਹੈ। ਏਕਤਾ ਦਾ ਸਿੱਧਾ ਅਰਥ ਹੈ ਨਿਯਮਾ ਅਤੇ ਬਲਾਂ ਦੀ ਜਰੂਰਤ ਬਹੁਲਤਾ ਅਤੇ ਵਿਸ਼ਾਲਤਾ ਸਮਾਜਿਕ ਪ੍ਰਕਿਰਿਆ ਵਿਚ ਅਨਿਵਾਰੀ ਰੂਪ ਵਿਚ ਟਕਰਾਉ ਦੀ ਸਥਿਤੀ ਪੈਦਾ ਕਰਦੇ ਹਨ । ਉੱਤਰ-ਆਧੁਨਿਕਤਾ ਅਨੁਸਾਰ ਸਾਪੇਖ ਮਤੈਕਯ ਨਿਆਂ ਪ੍ਰਾਪਤ ਕਰਨ ਦਾ ਕੋਈ ਸੰਤੋਸ਼ਜਨਕ ਸਮਾਧਾਨ ਨਹੀਂ ਦੇ ਸਕਦਾ । ਇਸ ਲਈ ਨਿਆਂ ਦੇ ਅਜਿਹੇ ਵਿਹਾਰਕ ਅਤੇ ਵਿਵਹਾਰਕ ਪੱਖ ਤੱਕ ਪਹੁੰਚਣਾ ਪਵੇਗਾ ਜੋ ਮਤੈਕਯ ਨਾਲ ਨਾ ਜੁੜਿਆ ਹੋਵੇ । ਲਿਉਤਾਰਦ ਨੇ ਨਿਆਂ ਦੀ ਚੇਤਨਾ ਵਿਕਸਤ ਕੀਤੀ ਅਤੇ ਅਨਿਆਇ ਦੇ ਪ੍ਰਤੀ ਇਕ ਨਵੀਂ

ਸੰਵੇਦਨਸ਼ੀਲਤਾ ਦਾ ਨਿਰਮਾਣ ।ਇਹ ਉੱਚੀ ਸੰਸਕ੍ਰਿਤੀ ਅਤੇ ਨੀਵੀਂ ਸੰਸਕ੍ਰਿਤੀ ਵਿਚ ਫਰਕ ਕਰਨ ਦੀ ਪ੍ਰਕਿਰਿਆ ਨੂੰ ਚੁਨੌਤੀ ਦਿੰਦੀ ਹੈ।ਉੱਤਰ-ਆਧੁਨਿਕਤਾ ਵਿਚਾਰਧਾਰਾ, ਨਿਜੀ ਆਸਥਾਵਾਂ, ਕਮੀਆਂ ਅਤੇ ਵਿਕਾਰਾਂ ਨੂੰ ਵਿਗਿਆਨ ਨਾਲ ਜੋੜਦੀ ਹੈ ।ਆਧੁਨਿਕਤਾਵਾਦ ਦੇ ਅਨੁਸਾਰ ਬਿਰਤਾਤਾਂ ਦੀ ਦੁਨੀਆਂ ਵਿਚੋਂ ਨਿਕਲ ਕੇ ਹੀ ਅਸਲੀ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ । ਲਿਉਤਾਰਦ ਅਨੁਸਾਰ ਬਿਰਤਾਂਤ ਅਤੇ ਵਿਗਿਆਨ ਦਾ ਵਿਰੋਧ ਤਰਕਹੀਨ ਹੈ ਕਿਉਂਕਿ ਵਿਗਿਆਨ ਆਪਣੇ ਆਪ ਵਿਚ ਇਕ ਤਰਾਂ ਦਾ ਬਿਰਤਾਂਤ ਹੈ ਵਿਗਿਆਨ ਉੱਨਤੀ ਦਾ ਰਸਤਾ ਦਿਖਾਂਉਦਾ ਹੈ। ਉਦਯੋਗ ਅਤੇ ਵਪਾਰ ਵਿਚ ਸਹਾਇਤਾ ਕਰਦਾ ਹੋਇਆ ਸੋਸ਼ਣ ਅਤੇ ਕਿਰਤ ਤੋਂ ਮਨੁੱਖ ਨੂੰ ਮੁਕਤ ਕਰਦਾ ਹੈ । ਵਿਗਿਆਨ ਵਿਚਾਰਾਂ ਦੀ ਆਜ਼ਾਦੀ ਅਤੇ ਵਿਕਾਸ ਦੇ ਦਰਵਾਜ਼ੇ ਖੋਲਦਾ ਹੈ । ਇਸ ਲਈ ਮਹਾਂਬਿਰਤਾਤਾਂ ਨੂੰ ਛੱਡ ਕੇ ਅਨਿਸ਼ਚਿਤਤਾ ਅਤੇ ਸਾਪੇਖਤਾ ਦੀ ਉੱਤਰ-ਆਧੁਨਿਕ ਸਥਿਤੀ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ। ਉੱਤਰ-ਆਧੁਨਿਕਤਾ ਤਾਰਕਿਕਤਾ ਦੇ ਬਹੁ ਉਪਯੋਗ ਉੱਤੇ ਪ੍ਰਸ਼ਨ ਖੜਾ ਕਰਦੀ ਹੈ । ਉਸ ਅਨੁਸਾਰ ਮਨੁੱਖ ਪੂਰੀ ਤਰਾਂ ਨਾਲ ਸਵਾਇਤ, ਉੱਚਾ ਅਤੇ ਸ੍ਰੇਸ਼ਟ ਹੈ। ਉਹ ਆਪਣੇ ਮਾਨਸ ਅਤੇ ਕਾਮੁਕਤਾ ਤੋਂ ਬਿਨਾ ਕਿਸੇ ਪ੍ਰਤੀ ਜਬਾਵਦੇਹ ਨਹੀਂ ਅਤੇ ਨਾ ਹੀ ਨਿਰਭਰ ਹੈ।ਉੱਤਰ-ਆਧੁਨਿਕ ਪਿਛੇ ਨਹੀਂ ਮੁੜਨਾ ਚਾਹੁੰਦਾ, ਇਹ ਉਨ੍ਹਾ ਪ੍ਰੰਪਰਿਕ ਤੇ ਧਾਰਮਿਕ ਪ੍ਰਤੀਮਾਨਾਂ ਨੂੰ ਪੁਨਰ ਸੁਰਜੀਤ ਨਹੀਂ ਕਰਨਾ ਚਾਹੁੰਦਾ ਜਿਨ੍ਹਾ ਨੂੰ ਆਧੁਨਿਕਤਾ ਨੇ ਅਸਵੀਕਾਰ ਕਰ ਦਿੱਤਾ ਸੀ । ਇਹ ਅਜਿਹੇ ਪ੍ਰਤੀਮਾਨਾਂ ਨੂੰ ਅਸਵੀਕਾਰ ਕਰਦਾ ਹੈ ਜਿਨ੍ਹਾ ਵਿਚ ਲਿਖਤ ਭਾਸ਼ਾ ਅਤੇ ਤਰਕ ਉਪਰ ਜ਼ੋਰ ਦਿੱਤਾ ਜਾਂਦਾ ਹੈ । ਉੱਤਰ-ਆਧੁਨਿਕਤਾ ਨਿਸ਼ਚਿਤਤਾ ਦੇ ਅਸੰਦੇਹ ਪੂਰਨ ਆਧਾਰ ਤੇ ਕਿਸੇ ਗਿਆਨ ਤੰਤਰ ਦੀ ਸਥਾਪਨਾ ਦੀਆਂ ਕਠਿਨਾਈਆਂ ਨੂੰ ਸਵੀਕਾਰ ਕਰਦੀ।ਹੈ

ਇਸ ਦੀ ਭਾਸ਼ਾ ਵਿਚ ਅਨੇਕ ਅਰਥਤਾ ਹੈ ਜੋ ਬਹੁਅਰਥਾਕਤਾ ਹੈ। ਜੋ ਸਾਹਮਣੇ ਪ੍ਰਤੱਖ ਹੈ ਸਿਰਫ ਉਹ ਹੀ ਸੱਚੀ ਨਹੀਂ ਇਸ ਦੇ ਧਰਾਤਲ ਤੋਂ ਪਾਰ ਵੀ ਕੁਝ ਹੈ ਜੋ ਉੱਤਰ ਆਤਮਿਕਤਾ ਲੱਭਣ ਦਾ ਯਤਨ ਕਰਦੀ ਹੈ ਸ਼ਬਦ ਨੂੰ ਨਿਰਧਾਰਿਤ ਤੇ ਨਿਸ਼ਚਿਤ ਅਰਥਾਂ ਵਿੱਚ ਬਣ ਸਕਣਾ ਲਗਭਗ ਅਸੰਭਵ ਹੈ ਕਿਉਂਕਿ ਸ਼ਬਦ ਜਿੰਨ੍ਹਾਂ ਵਿਕਾਸ ਕਰਨ ਜਾਂਦਾ ਹੈ। ਉਸ ਦੇ ਅਰਥ ਹੋਰ ਹੋਰ ਜ਼ਿਆਦਾ ਜਟਿਲ ਹੁੰਦੇ ਜਾਂਦੇ ਹਨ।

ਆਧੁਨਿਕਤਾਵਾਦੀ ਚਿੰਤਕਾਂ ਨੇ ਧਰਮ ਨੂੰ ਮਹਾਂਬਿਰਤਾਤ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਹੈ ਜਦੋਂ ਕਿ ਉੱਤਰ-ਆਧੁਨਿਕ ਸਥਿਤੀ ਵਿਚ ਉੱਭਰੇ ਨਵੇਂ ਸਿਧਾਂਤ ਇਸ ਨੂੰ ਇਕ ਸੱਚ ਦੇ ਤੌਰ ਤੇ ਪਰਿਭਾਸ਼ਾਬੱਧ ਕਰਦੇ ਹਨ। ਸੱਚ ਵੱਡਾ ਜਾਂ ਛੋਟਾ ਜਾਂ ਕਿਸੇ ਵਿਅਕਤੀ, ਸਮੂਹ ਦਾ ਅਧਿਕਾਰੀ ਨਹੀ ਹੋ ਸਕਦਾ ਹੈ। "ਦੈਰਿਦਾ ਦਾ ਪ੍ਰਤਿਸਿਰਜਨਾਤਮਕ (deconstruction) ਪਰਿਪੇਖ ਪਰਵਚਨ, ਚਿੰਨ੍ਹ, ਆਤਮ, ਸਭਿਆਚਾਰ ਸਭ ਨੂੰ ਕਾਲ-ਪ੍ਰਭਾਵਾਂ ਨਾਲ ਆਏ ਪਰਿਵਰਤਨਾਂ ਵਿਚੋਂ ਲੰਘਦੇ ਦੇਖਦਾ ਹੈ ਅਤੇ ਅਜਿਹੀ ਸਿਮਰਤੀ ਵਿਕਸਿਤ ਕਰਨ ਲਈ ਅੰਤਰ-ਦ੍ਰਿਸ਼ਟੀ ਦਿੰਦਾ ਹੈ ਜੋ ਮੂਲ ਨਾਲ ਅਸੰਤੁਲਿਤ ਰੂਪ ਵਿਚ ਜੁੜੀ ਹੋਣ ਦੀ ਥਾਂ ਗਤੀ ਨਾਲ ਮਧਿਆਸਥਿਤ ਹੁੰਦੀ ਰਹੇ। ਇਸ ਅੰਤਰ-ਦ੍ਰਿਸ਼ਟੀ ਨਾਲ ਉਹ ਸਭਿਆਚਾਰਾਂ ਅਤੇ ਉਹਨਾਂ ਦੇ ਪਾਠਾਂ ਨੂੰ ਵੀ ਗਤੀਸ਼ੀਲਤਾ ਵਿਚ ਦੇਖਣ ਅਤੇ ਅਤੇ ਉਹਨਾਂ ਦੇ ਗਤੀਸ਼ੀਲ ਹੋਣ ਬਾਰੇ ਸੁਝਾਅ ਦੇ ਰਿਹਾ ਹੈ। ਉੱਤਰ-ਆਧੁਨਿਕਤਾਵਾਦ ਅਨੇਕਵਾਦੀ ਚਿੰਤਨ ਹੈ ਅਤੇ ਇਸ ਅਨੁਸਾਰ ਕੋਈ ਵੀ ਧਰਮ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਹ ਹੀ ਸਰਬੋਤਮ ਹੈ। ਸੱਚ ਇਕ ਨਹੀਂ ਅਨੇਕਵਾਦੀ ਅਤੇ ਅਨੇਕਪੱਖੀ ਹੋ ਸਕਦਾ ਹੈ। ਇਸ ਨਜ਼ਰੀਏ ਨਾਲ ਸਭ ਵਿਸ਼ਵਾਸਾਂ ਦੀ ਆਪਣੇ ਢੰਗ ਨਾਲ ਵਿਆਖਿਆ ਕੀਤੀ ਜਾ ਸਕਦੀ ਹੈ।

ਡਾ. ਗੁਰਭਗਤ ਸਿੰਘ ਉੱਤਰ ਆਧੁਨਿਕ ਚਿੰਤਨ ਨੂੰ ਮਨੁੱਖੀ ਆਜ਼ਾਦੀ ਦੇ ਚਿੰਤਨ ਵਜੋਂ ਵਿਚਾਰਦੇ ਸਪੱਸ਼ਟ ਕਰਦੇ ਹਨ ਕਿ ਹਰ ਇਕ ਮਨੁੱਖ ਦਾ ਆਪਦਾ ਸੱਚ ਅਤੇ ਗੌਰਵ ਹੁੰਦਾ ਹੈ। ਇਹ ਧਾਰਨਾ ਸੰਸਾਰਕ ਪੱਧਰ ਤੇ ਭੋਜਨ, ਪਹਿਰਾਵੇ, ਕਲਾ, ਸੰਗੀਤ ਅਤੇ ਸਾਹਿਤ ਆਦਿ ਦੀ ਪਸੰਦ ਜਾਂ ਨਾਪਸੰਦ ਦੀ ਵੱਖਰਤਾ ਤੇ ਨਿਰਭਰ ਹੋ ਸਕਦੀ ਹੈ। ਆਪਣੀ ਆਜ਼ਾਦੀ ਨੂੰ ਮਾਣਦੇ ਹੋਏ ਅਜਿਹੀ ਸੋਚ ਰੱਖੀਏ ਕਿ ਉਹ ਦੂਜੇ ਦੀ ਪਰੇਸ਼ਾਨੀ ਦਾ ਕਾਰਨ ਨਾ ਬਣੇ। "ਅੱਜ ਜੇ ਕਿਸੇ ਸੱਭਿਆਚਾਰ/ਕੌਮ ਨੇ ਵਿਗਸਣਾ ਹੈ ਤਾਂ ਉਸ ਲਈ ਰਾਹ ਆਪਣੀ ਪਛਾਣ ਨੂੰ ਖੁੱਲ੍ਹਾ ਰੱਖਣਾ ਹੈ। ਇਸ ਵਿਚ ਹੋਰਨਾਂ ਪਛਾਣਾਂ ਲਈ ਗੁੰਜਾਇਸ਼ ਬਨਾਉਣੀ ਪਵੇਗੀ ਤਾਂ ਕਿ ਚਿੰਤਨ, ਆਰਥਿਕਤਾ ਅਤੇ ਵਰਤਾਓ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਜੀ ਆਇਆਂ ਆਖਿਆ ਜਾ ਸਕੇ। ਅਜਿਹੇ ਕੌਮੀ/ਸੱਭਿਆਚਾਰਕ ਚਿੰਨ੍ਹ ਤਲਾਸ਼ਣੇ ਪੈਣਗੇ ਜੋ ਗੁਲਦਸਤਿਆਂ ਵਰਗੇ ਹੋਣ। ਇਕ ਗੁਲਦਸਤੇ ਦੀ ਪਛਾਣ ਉਸ ਵਿਚ ਵਿਲੱਖਣ ਪਛਾਣਾਂ ਜਾ ਫੁੱਲਾਂ ਦੀ ਸੰਵਾਦੀ ਹਾਜ਼ਰੀ ਹੈ।

ਡਾ.ਰਾਜਿੰਦਰਪਾਲ ਸਿੰਘ ਆਪਣੀ ਪੁਸਤਕ ਉਤਰ ਆਧੁਨਿਕਤਾ ਵਿਚ ਉਤਰ ਆਧੁਨਿਕਤਾ ਬਾਰੇ ਬੜਾ ਵਿਦਵਤਾ ਭਰਪੂਰ ਸੰਵਾਦ ਉਲੀਕਦੇ ਹਨ। ਉਨ੍ਹਾਂ ਦੇ ਮੁੱਖ ਵਿਚਾਰਾਂ ਨੂੰ ਹੇਠ ਲਿਖੀਆਂ ਟਿੱਪਣੀਆਂ ਤੋਂ ਸਮਝਿਆ ਜਾ ਸਕਦਾ ਹੈ:-

1. ਸਾਹਿਤ ਅਤੇ ਸਾਹਿਤਕ ਆਲੋਚਨਾ ਕਿਸੇ ਖਿਲਾਅ ਵਿਚ ਪੈਦਾ ਨਹੀ ਹੁੰਦੇ ਸਗੋਂ ਇਸ ਪਿੱਛੇ ਲੰਮੀ-ਚੌੜੀ ਸਾਹਿਤਕ ਪਰੰਪਰਾ ਅਤੇ ਸਮਾਜਕ ਸਮੂਹ ਦਾ ਅਵਚੇਤਨ ਕੰਮ ਕਰਦਾ ਹੁੰਦਾ ਹੈ। ਉਤਰ-ਆਧੁਨਿਕ ਕਾਲ ਦੇ ਸਾਹਿਤ ਨੂੰ ਪਛਾਨਣ ਲਈ ਸਾਨੂੰ ਪੂਰਵ ਪ੍ਰਚੱਲਤ ਆਧੁਨਿਕ ਸਾਹਿਤ ਧਾਰਾਵਾਂ ਬਾਰੇ ਜਾਣਨਾ ਪਵੇਗਾ। ਉਤਰ-ਆਧੁਨਿਕ ਸਾਹਿਤ, ਆਧੁਨਿਕ ਸਾਹਿਤ ਦੇ ਕੇਵਲ ਵਿਰੋਧ ਵਿਚੋਂ ਹੀ ਪੈਦਾ ਨਹੀਂ ਹੋਇਆ ਸਗੋਂ ਉਸ ਦੀ ਕੁੱਖੋਂ ਵੀ ਪੈਦਾ ਹੋਇਆ ਹੈ ਅਤੇ ਇਸੇ ਕਰਕੇ ਆਧੁਨਿਕ ਸਾਹਿਤ ਨੂੰ ਅੱਗੇ ਵੀ ਵਧਾਉਂਦਾ ਹੈ। ਇਸ ਵਿਡੰਬਨਾ ਨੂੰ ਸਮਝ ਕੇ ਹੀ ਉਤਰ-ਆਧੁਨਿਕ ਕਾਲ ਦੇ ਸਾਹਿਤ ਦੀਆਂ ਵਿਸ਼ੇਸ਼ਤਾਈਆਂ ਅਤੇ ਇਸਦੇ ਪੈਦਾ ਹੋਣ ਦੇ ਕਾਰਨਾਂ ਨੂੰ ਸਮਝਿਆ ਜਾ ਸਕਦਾ ਹੈ।

2. ਉਤਰ-ਆਧੁਨਿਕਤਾ ਦੇ ਬਿਰਤਾਂਤ ਵਿਚ ਗੈਰ-ਤਰਤੀਬਬੱਧਤਾ, ਖੰਡਿਤਤਾ, ਅਸਪਸ਼ਟਤਾ, ਆਪਹੁਦਰਾਪਣ, ਅਕੇਂਦਰਤਾ ਪ੍ਰਮੁੱਖ ਵਿਸ਼ੇਸ਼ਤਾਈਆਂ ਹਨ।

3. ਜਨ-ਸਭਿਆਚਾਰ ਨੂੰ ਸਮਰਥਨ ਦੇਣਾ ਹੀ ਉਤਰ-ਆਧੁਨਿਕਤਾ ਦਾ ਇਕ ਮਾਤਰ ਲੱਛਣ ਨਹੀਂ ਹੈ ਸਗੋਂ ਇਸ ਨੇ 'ਦੂਸਰੇ' ਸਭਿਆਚਾਰਾਂ ਦੀਆਂ ਸਾਹਿਤਕ ਕਿਰਤਾਂ ਨੂੰ ਵੀ ਮਾਨਤਾ ਦੇਣੀ ਸ਼ੁਰੂ ਕੀਤੀ। ਆਧੁਨਿਕਤਾ ਦੇ ਪ੍ਰਭਾਵ ਅਧੀਨ ਉਚ-ਪੱਧਰੀ ਆਲੋਚਨਾ ਮੁੱਖ ਤੌਰ ਤੇ ਯੂਰਪ ਕੇਂਦਰਤ ਉਚ-ਪੱਧਰੀ ਸਾਹਿਤ ਤੱਕ ਸੀਮਤ ਸੀ ਅਤੇ ਇਹ ਦੂਸਰੇ ਸਭਿਆਚਾਰਾਂ ਦੇ ਪੈਦਾ ਕੀਤੇ ਸਾਹਿਤ ਨੂੰ ਤਾਂ ਹੀ ਮਾਨਤਾ ਦਿੰਦੀ ਸੀ ਜੇ ਉਨ੍ਹਾਂ ਦੀਆਂ ਵਿਚਾਰਧਾਰਕ ਮਾਨਤਾਵਾਂ ਅੱਗੇ ਵਿਛ ਕੇ ਚੱਲੇ, ਨਹੀਂ ਤਾਂ ਉਹ ਦੂਸਰੇ ਸਭਿਆਚਾਰਾਂ ਦੀਆਂ ਸਾਹਿਤਕ ਕਿਰਤਾਂ ਨੂੰ ਦਬਾਅ ਦਿੰਦੀ ਸੀ।

4.ਪੰਜਾਬ ਦੇ ਆਧੁਨਿਕੀਕਰਨ ਅਤੇ ਉਤਰ-ਆਧੁਨਿਕੀਕਰਨ ਵਿਚ ਵਿਸ਼ਵੀਕਰਨ ਦਾ ਵੀ ਪ੍ਰਭਾਵ ਹੈ। ਪੰਜਾਬ ਭਾਰਤੀ ਮੰਡੀ ਰਾਹੀਂ ਕੌਮਾਂਤਰੀ ਮੰਡੀ ਦਾ ਹਿੱਸਾ ਹੈ। ਇਸ ਲਈ ਪੰਜਾਬ ਦੀ ਵਿਸ਼ੇਸ਼ ਅਤਿ ਉਨਤ ਖੇਤੀਬਾੜੀ ਆਰਥਿਕਤਾ ਉਸਨੂੰ ਭਾਰਤੀ ਮੰਡੀ ਵਿਚ ਵਿਸ਼ੇਸ਼ ਸਥਾਨ ਦਿਵਾਉਂਦੀ ਹੈ। ਇਥੋਂ ਦੇ ਬਹੁਗਿਣਤੀ ਦਾ ਧਰਮ ਇਸਨੂੰ ਵੱਖਰੀ ਸਭਿਆਚਾਰਕ ਨੁਹਾਰ ਦਿੰਦਾ ਹੈ। ਅਜਿਹੀ ਗੁੰਝਲਦਾਰ ਪ੍ਰਕਿਰਿਆ ਰਾਹੀਂ ਪੰਜਾਬ ਵਿਚ ਸਥਿਤੀ ਪੱਖੋਂ ਮੱਧਕਾਲੀ, ਆਧੁਨਿਕ, ਉਤਰ-ਆਧੁਨਿਕ ਸਾਰੀਆਂ ਹੀ ਸਥਿਤੀਆਂ ਅਤੇ ਵਿਚਾਰਧਾਰਾਵਾਂ ਮਿਲ ਜਾਂਦੀਆਂ ਹਨ। ਇਸ ਨੂੰ ਰੂਪਕੀ ਪੱਧਰ ਤੇ ਸਮਝਣ ਲਈ ਲੁਧਿਆਣਾ-ਰਾਜਪੁਰਾ ਚਹੁੰ ਮਾਰਗੀ ਸੜਕ ਦੀ ਆਵਾਜਾਈ ਨੂੰ ਲਿਆ ਜਾ ਸਕਦਾ ਹੈ ਕਿ ਸੜਕ ਉਪਰ ਓਡਾਂ ਦੇ ਖੋਤੇ (ਕਬੀਲਾ ਯੁੱਗ), ਬਲਦਾਂ ਦੇ ਗੱਡੇ (ਜਾਗੀਰਦਾਰੀ ਯੁੱਗ), ਟਰੈਕਟਰ-ਟਰਾਲੀਆਂ, ਟਰੱਕਾਂ (ਸਨਅਤੀ ਯੁੱਗ) ਅਤੇ ਅਤਿ-ਆਧੁਨਿਕ ਯੁੱਗ ਦੀਆਂ ਤੇਜ਼ ਕਾਰਾਂ ਸੀਲੋ-ਸੈਂਟਰੋ ਵੀ ਚਲਦੀਆਂ ਹਨ।

5. ਉਤਰ-ਆਧੁਨਿਕਤਾ ਦਾ ਸਰੋਕਾਰ ਬਹੁ-ਭਾਸ਼ਾਈ, ਬਹੁ-ਨਸਲੀ, ਬਹੁ-ਧਰਮੀ, ਬਹੁ-ਜਾਤੀ, ਭਾਸ਼ਾਈ, ਧਾਰਮਿਕ, ਸਭਿਆਚਾਰਕ ਘੱਟ ਗਿਣਤੀਆਂ ਨੂੰ ਬੜਾ ਰਾਸ ਆਇਆ ਹੈ। ਇਸ ਪ੍ਰਸੰਗ ਵਿਚ ਉਤਰ-ਆਧੁਨਿਕਤਾ ਨੂੰ ਪੰਜਾਬੀ ਸਮਾਜ ਨੇ ਵਿਚਾਰਨਾ ਹੈ।

6. ਉਤਰ-ਆਧੁਨਿਕਤਾਵਾਦ ਦਾ ਫਿਕਰ ਖੰਡਿਤ ਆਪਾ ਨਹੀਂ ਹੈ ਅਤੇ ਨਾ ਹੀ ਕਲਾ ਦਾ ਉਦੇਸ਼ ਕਿਸੇ ਸੰਗਠਤ, ਸੰਪੂਰਨ, ਵਿਚਾਰਸ਼ੀਲ ਸੇਧ ਵਾਲੇ ਆਤਮ ਦੀ ਸਿਰਜਣਾ ਹੈ ਸਗੋਂ ਇਹ ਤਾਂ ਮਨੁੱਖ ਦੇ ਅਰਥਹੀਣ ਹੋਣ ਨੂੰ ਉਭਾਰ ਕੇ ਪੇਸ਼ ਕਰਦੀ ਹੈ।

7. ਉਤਰ-ਆਧੁਨਿਕ ਯੁੱਗ ਵਿਚ ਹਰ ਉਚਾਰ ਹੀ ਕਲਾਤਮਿਕ ਬਣ ਗਿਆ। ਸਾਹਿਤਿਕ ਅਤੇ ਗੈਰ-ਸਾਹਿਤਿਕ ਦਾ ਨਿਖੇੜਾ ਫਜ਼ੂਲ ਬਣ ਕੇ ਰਹਿ ਗਿਆ। ਰੋਮਨ ਜੈਕਬਸਨ ਤੋਂ ਲੈ ਕੇ ਪਾਇਰੇ ਮੈਸ਼ਰੇ ਤੱਕ ਇਹ ਸਮਝਿਆ ਜਾਂਦਾ ਰਿਹਾ ਹੈ ਕਿ ਭਾਸ਼ਾ ਦੇ ਵਿਭਿੰਨ ਪ੍ਰਕਾਰਜ ਹਨ ਅਤੇ ਉਨ੍ਹਾਂ ਵਿਚੋਂ ਇਕ ਸਾਹਿਤਕ ਪ੍ਰਕਾਰਜ ਹੈ ਪਰੰਤੂ ਉਤਰ-ਆਧੁਨਿਕ ਦੌਰ ਵਿਚ ਇਹ ਸਮਝ ਬਣਦੀ ਜਾਂਦੀ ਹੈ ਕਿ ਸਾਹਿਤਕ ਅਤੇ ਗੈਰ ਸਾਹਿਤਕ ਦਾ ਨਿਖੇੜਾ ਨਿਰਮੂਲ ਹੈ।

## ਸਾਰ-ਅੰਸ਼:

ਸੋ ਉੱਤਰ ਆਧੁਨਿਕ ਦਾ ਸੰਬੰਧ ਇਤਿਹਾਸਿਕ ਕਾਲ ਨਾਲ ਹੈ ਇਹ ਆਧੁਨਿਕਤਾ ਦਾ ਵਿਸਥਾਰ ਵੀ ਹੈ, ਵਿਰੋਧੀ ਵੀ ਹੈ, ਅਤੇ ਵਿਚਲਨ ਵੀ ਹੈ ਪਰ ਉੱਤਰ ਆਧੁਨਿਕਤਾਵਾਦ ਦਾ ਸਬੰਧ ਸੰਸਕ੍ਰਿਤਿਕ ਤੱਤਾਂ ਨਾਲ ਹੈ;ਇਹ ਸੰਪੂਰਨ ਸੰਸਕ੍ਰਿਤਿਕ ਅਵਧਾਰਨਾ ਹੈ ਇਸ ਦਾ ਸਬੰਧ ਸਾਹਿਤ ਕਲਾ ਅਤੇ ਸੱਭਿਆਚਾਰਕ ਪ੍ਰਵਿਰਤੀਆਂ ਨਾਲ ਹੈ। ਉੱਤਰ ਆਧੁਨਿਕਤਾ ਅਤੇ ਉੱਤਰ ਆਧੁਨਿਕਤਾਵਾਦ ਵਿੱਚ ਵਿਰੋਧ ਹੈ ਉੱਥੇ ਇਹ ਦੋਵੇਂ ਧਾਰਨਾਵਾਂ ਆਪਸ ਵਿੱਚ ਅੰਤਰ ਸੰਵਾਦ ਵੀ ਰਚਾਉਂਦੀਆਂ ਹਨ ਉੱਤਰ ਆਧੁਨਿਕਤਾਵਾਦ ਪਾਠ ਕੇਂਦਰਿਤ ਹੈ ਇਸ ਵਿੱਚ ਪਾਠ ਦੀ ਭੂਮਿਕਾ ਵੀ ਅਹਿਮ ਹੋ ਗਈ ਹੈ ਪਾਠਕ ਨੂੰ ਕਿਸੇ ਨਿਸ਼ਚਿਤ ਅਰਥਾਂ ਤੇ ਨਿਰਧਾਰਿਤ ਸਥਾਨ ਦੀ ਲੋੜ ਵਿੱਚ ਹੀ ਨਹੀਂ ਸਗੋਂ ਅਨਿਸ਼ਚਿਤ ਅਤੇ ਅਸੰਖ ਤਰੀਕਿਆਂ ਨਾਲ ਪਾਠ ਨੂੰ ਪੜ੍ਹ ਸਕਦਾ ਹੈ । ਉੱਤਰ ਆਧੁਨਿਕਤਾਵਾਦ ਵਿੱਚ ਭਾਸ਼ਾ ਦੀ ਭੂਮਿਕਾ ਸਭ ਤੋਂ ਅਹਿਮ ਹੈ ਭਾਸ਼ਾ ਤੋਂ ਬਾਹਰ ਕੁਝ ਵੀ ਨਹੀਂ ਉੱਤਰ ਆਧੁਨਿਕਤਾਵਾਦ ਵਿੱਚ ਜਦੋਂ ਰਚਨਾ ਦੀ ਸਮਾਪਤੀ ਹੁੰਦੀ ਹੈ ਤਾਂ ਰਚਨਾਕਾਰ ਮਰ ਜਾਂਦਾ ਹੈ ਅਤੇ ਪਾਠਕ ਦਾ ਜਨਮ ਹੁੰਦਾ ਹੈ ਉੱਤਰ ਆਧੁਨਿਕਤਾਵਾਦ ਗਿਆਨ, ਵਿਵੇਕ, ਚੇਤਨਾ ਅਰਥ, ਭਾਸ਼ਾ, ਇਤਿਹਾਸ ਆਦਿ ਨੂੰ ਸੱਤਾ, ਵਿਚਾਰਧਾਰਾ ਅਤੇ ਸ਼ਕਤੀ ਤੋਂ ਮੁਕਤ ਕਰਨ ਦਾ ਸਾਹਸ ਰੱਖਦਾ ਹੈ।

## ਮੁੱਖ ਕੇਂਦਰੀ ਸ਼ਬਦ:

ਪ੍ਰਤਿਸਿਰਜਨਾਤਮਕ ---ਵਿਰਚਨਾਵਾਦ

ਵਿਵੇਕ---ਸੁਝ, ਬੁੱਧੀ

ਰਚਨਾਕਾਰ ---ਲੇਖਕ

ਪ੍ਰਵਿਰਤੀਆਂ ---ਰੁਝਾਨ

ਮਾਨਤਾਵਾਂ ---ਧਾਰਾਂਵਾਂ

ਸੁਹਜਾਤਮਕ--- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

**1.** ਉੱਤਰ ਆਧੁਨਿਕਤਾ ਹੈ:

ੳ. ਉੱਤਰ ਆਧੁਨਿਕਤਾ ਆਧੁਨਿਕਤਾ ਦੀ ਉੱਤਰ ਸਥਿਤੀ ਹੈ

ਅ. ਉੱਤਰ ਆਧੁਨਿਕਤਾ ਆਧੁਨਿਕਤਾ ਦਾ ਵਿਸਥਾਰ ਹੈ

ੲ. ਉੱਤਰ ਆਧੁਨਿਕਤਾ ਆਧੁਨਿਕਤਾ ਦੇ ਅਨੁਭਵਾਂ ਦਾ ਪ੍ਰਤੀਕਰਮ ਹੈ

ਸ. ਉਪਰੋਕਤ ਸਾਰੇ

2. ਟੋਇਨਬੀ ਨੇ ਆਪਣੇ ਗ੍ਰੰਥ 'ਇਸ ਸਟੱਡੀ ਆਫ਼ ਹਿਸਟਰੀ' ਵਿੱਚ ਆਧੁਨਿਕ ਕਾਲ ਦਾ ਅੰਤ ਮੰਨਿਆ ਹੈ:

ੳ. 1850 ਦੇ ਕਰੀਬ

ਅ. 1875 ਦੇ ਕਰੀਬ

ੲ. 1900 ਦੇ ਕਰੀਬ

ਸ. 1915 ਦੇ ਕਰੀਬ

3. ਉੱਤਰ ਆਧੁਨਿਕ ਵਿਸ਼ੇਸ਼ਣ ਦੀ ਸਭ ਤੋਂ ਪਹਿਲੀ ਵਾਰ ਵਰਤੋਂ ਅਮਰੀਕੀ ਨਾਵਲਕਾਰ ਜਾਨ ਬਾਰਥ ਨੇ ------ ਵਿੱਚ ਕੀਤੀ।:

ੳ. 1965

ਅ. 1966

ੲ. 1967

ਸ. 1968

4. "ਭਾਸ਼ਾ ਦਾ ਫੋਕਸ, ਸਬਜੈਕਟ ਦੇ ਵਿਕੇਂਦਰੀਕਰਨ ਵੱਲ ਰੁਚਿਤ ਹੁੰਦਾ ਹੈ। ਨਿੱਜਤਾ ਆਪਣੇ ਆਪ ਨੂੰ ਅਭਿਵਿਅਕਤ ਕਰਨ ਲਈ ਭਾਸ਼ਾ ਦੀ ਵਰਤੋਂ ਨਹੀਂ ਕਰਦੀ ਸਗੋਂ ਭਾਸ਼ਾ ਹੀ ਵਿਅਕਤੀ ਰਾਹੀਂ ਬੋਲਦੀ ਹੈ। ਨਿੱਜ ਵਾਦਤਾ ਹੀ ਇਕ ਸਭਿਆਚਾਰ ਅਤੇ ਇਸ ਦੀ ਭਾਸ਼ਾ ਲਈ ਮਾਧਿਅਮ ਬਣਦੀ ਹੈ।"

ਇਹ ਕਥਨ ਹੈ-

ੳ. Mark.C.Taylor (Ed.)

ਅ. Leo taaj

ੲ. Waltor Truett Anderson

ਸ. Jean Francis Lyoterd

5. "ਉੱਤਰ-ਆਧੁਨਿਕ ਸੰਸਾਰ ਗਲੋਬਲ ਸਭਿਅਤਾ ਹੈ, ਅਤੇ ਇਕ ਸਭਿਅਤਾ ਨੂੰ ਜੇਕਰ ਇਸ ਨੇ ਕੰਮ ਕਰਨਾ ਹੈ, ਤਾਂ ਇਸ ਨੂੰ ਕੁਝ ਸੰਗਠਿਤ ਸਚਾਈਆਂ ਅਤੇ ਡੂੰਘੀਆਂ ਕੀਮਤਾਂ ਦੀ ਲੋੜ ਹੈ।"


**LOVELY PROFESSIONAL UNIVERSITY**

ਇਹ ਕਥਨ ਹੈ-

ੳ. Mark.C.Taylor (Ed.)

ਅ. Michel Foucault

ੲ. Jean Francis Lyoterd

ਸ. Waltor Truett Anderson

**6.** ਉੱਤਰ ਆਧੁਨਿਕਤਾ ਨੇ ਆਧੁਨਿਕਤਾ ਦੀ ਨਿਸਚਿਤਤਾ ਨੂੰ ਤੋੜ ਕੇ ਅਨਿਸ਼ਚਿਤਤਾ ਨੂੰ ਉਸ ਦੀ ਜਗ੍ਹਾ ਤੇ ਖੜ੍ਹਾ ਕਰ ਦਿੱਤਾ। ਦੈਰੀਦਾ ਰੋਲਾ ਬਾਰਥ ਹੁਰਾਂ ਦੀ ਪਾਠ ਨੇ ਨਵੇਂ ਸਿਰੇ ਤੋਂ ਅਧਿਐਨ ਕਰਦਿਆਂ ਵਿਰਚਨਾਵਾਦ ਆਦਿ ਸਿਧਾਂਤ ਸੰਕਲਪ ਸਾਹਮਣੇ ਲੈ ਕੇ ਆਉਂਦੇ।

ਇਹ ਕਥਨ ਹੈ:

ੳ. ਸਹੀ

ਅ. ਗਲਤ

7. ਉੱਤਰ ਆਧੁਨਿਕਤਾ ਦੀ ਇੱਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਨੇ ਅਲਪ ਬਿਰਤਾਂਤਾਂ ਨੂੰ ਨਕਾਰਣ ਦੇ ਨਾਲ਼ ਨਾਲ਼ ਮਹਾਂਬਿਰਤਾਂਤਾਂ ਨੂੰ ਮਹੱਤਵ ਦਿੱਤਾ ਹੈ।

ਇਹ ਕਥਨ ਹੈ:

ੳ. ਸਹੀ

ਅ. ਗਲਤ

8. ਉੱਤਰ ਆਧੁਨਿਕਤਾ ਨੇ ਕੌਮੀ ਸੱਭਿਆਚਾਰ ਦੀ ਪਹਿਚਾਣ ਨੂੰ ਮਾਨਤਾ ਦਿੱਤੀ।

ਇਹ ਕਥਨ ਹੈ:

ੳ. ਸਹੀ

ਅ. ਗਲਤ

9. ਉੱਤਰ-ਆਧੁਨਿਕ ਵਿਚਾਰ-ਚਰਚਾ ਦੇ ਮੁੱਢ ਵਿਚ ਹੀ ਯਾਂ ਫਰਾਂਸਿਸ ਲਿਉਤਾਰਦ ਨੇ ਕੀ ਕਲਪਿਆ:

ੳ. ਮਹਾਂ-ਬਿਰਤਾਤਾਂ ਦੇ ਦਮਨ

ਅ. ਨਿਆਂਸ਼ੀਲਤਾ ਘੜਨ ਦੇ ਪ੍ਰਜੈਕਟਾਂ ਦੀ ਕਲਪਨਾ ਅਤੇ ਖਾਤਮਾ

ੲ. 'ਛੋਟੇ ਬਿਰਤਾਤਾਂ' ਦੇ ਗੌਰਵ

ਸ. ਉਪਰੋਕਤ ਸਾਰੇ

10. ਉੱਤਰ-ਆਧੁਨਿਕਤਾ ਨਾ ਪੇਸ਼ ਕਰਨ ਯੋਗ ਨੂੰ ਪੇਸ਼ ਕਰਨ ਯੋਗ ਬਣਾਉਂਦੀ ਹੈ। ਉਹ ਚੰਗੇ ਰੂਪਾਂ ਦੀ ਦਿਲਜੋਈ ਨੂੰ ਨਿਕਾਰਦੀ ਹੈ, ਭਾਵਨਾ ਦੀ ਇਕਸੁਰਤਾ, ਜਿਹੜੀ ਅਣ-ਪ੍ਰਾਪਤੀ ਦੇ ਉਦਰੇਵੇਂ ਨੂੰ ਸਮੂਹਕ ਤੌਰ ਤੇ ਵੰਡਾਉਣਯੋਗ ਬਣਾਉਂਦੀ ਹੈ, ਉਹ ਨਵੀਂ ਪੇਸ਼ਕਾਰੀ ਲਈ ਖੋਜ ਕਰਦੀ ਹੈ, ਉਸ ਦਾ ਲੁਤਫ਼ ਲੈਣ ਲਈ ਨਹੀਂ ਸਗੋਂ ਅਣਪ੍ਰਦਰਸ਼ਨਤਾ ਨੂੰ ਜ਼ੋਰਦਾਰ ਭਾਵਨਾ ਪ੍ਰਦਾਨ ਕਰਾਉਣ ਲਈ।"

ਇਹ ਕਥਨ ਹੈ:

ੳ. Mark.C.Taylor (Ed.)

ਅ. Walter truett Anderson

ੲ. Waltor Truett Anderson

ਸ. Jean Francis Lyoterd

11. ਉੱਤਰ ਆਧੁਨਿਕਤਾ ਦੀਆਂ ਵਿਸ਼ੇਸ਼ਤਾਵਾਂਨਹੀਂ ਹੈ :

ੳ. ਵਿਸ਼ਵੀਕਰਨ ਤੋਂ ਸਥਾਨੀਕਰਨ ਵੱਲ

ਅ. ਕੁਦਰਤ ਦੇ ਵਿਰੋਧ ਵਿਚ

ੲ. ਅਲਪ ਬਿਰਤਾਂਤਾਂ ਦੀ ਪੈਰਵੀ ਅਤੇ ਮਹਾਨ ਬਿਰਤਾਂਤਾਂ ਦਾ ਵਿਰੋਧ

ਸ. ਨਿਸ਼ਚਿਤਤਾ ਦੇ ਸਥਾਨ ਤੇ ਅਨਿਸ਼ਚਿਤਤਾ ਦਾ ਬੋਲਬਾਲਾ

12. ਉੱਤਰ ਆਧੁਨਿਕਤਾ ਦੀ ਪ੍ਰਕਿਰਤੀ ਹੈ:

ੳ. ਬਹੁ ਵਿਧਾਵੀ

ਅ. ਅੰਤਰ ਵਿਰੋਧੀ

ੲ. ਸੰਪੂਰਨਤਾਵਾਦੀ

ਸ. ਅਗਿਆਤ ਚੀਜ਼ਾਂ ਦਾ ਸਥਾਪਨ

13. ਖਾਲੀ ਥਾਂ ਭਰੋ:

ਉੱਤਰ-ਆਧੁਨਿਕਤਾ -----------------ਦਾ ਖੰਡਨ ਕਰਦੀ ਹੈ ਜੇ ਕੋਈ ਕਹੇ ਕਿ ਮੈ ਇਸ ਦੁਨੀਆਂ ਵਿਚ ਸੰਪੂਰਨ ਹਾਂ ਤਾਂ ਇਹ ਇਸ ਦਾ ਵਿਰੋਧ ਕਰਦੀ ਹੈ। ਉੱਤਰ-ਆਧੁਨਿਕਤਾ ਅਨੁਸਾਰ ਕੁਝ ਵੀ ਸੰਪੂਰਨ ਨਹੀਂ ਹੈ

14. 'ਉੱਤਰ-ਆਧੁਨਿਕਤਾ' ਕਿਸ ਚਿੰਤਕ ਦੀ ਪੁਸਤਕ ਹੈ:

ੳ. ਡਾ. ਸੁਤਿੰਦਰ ਸਿੰਘ ਨੂਰ

ਅ. ਡਾ.ਗੁਰਭਗਤ ਸਿੰਘ

ੲ. ਡਾ. ਰਾਜਿੰਦਰਪਾਲ ਸਿੰਘ

ਸ. ਡਾ. ਗੁਰਪਾਲ ਸਿੰਘ ਸੰਧੂ

15. 'ਉੱਤਰ-ਆਧੁਨਿਕਤਾ' ਦੀ ਵਿਸ਼ੇਸ਼ਤਾ ਨਹੀਂ ਹੈ:

ੳ. ਉੱਤਰ-ਆਧੁਨਿਕ ਸਥਿਤੀ ਵਿਚ ਗਿਆਨ ਦਾ ਆਧਾਰ ਮਾਨਵਤਾ ਦੀ ਆਧੁਨਿਕ ਚੇਤਨਾ ਹੁੰਦੀ ਹੈ

ਅ. ਉੱਤਰ ਆਧੁਨਿਕਤਾ ਵਿਅਕਤੀ ਜਾ ਸਮਾਜਿਕ ਇਕਾਈਆਂ ਦੀ ਆਜ਼ਾਦੀ ਦਾ ਵਿਰੋਧ ਕਰਦੀ ਹੈ

ੲ. ਗਿਆਨ ਦੀ ਥਾਂ ਉਪਭੋਗ ਨੂੰ ਪ੍ਰਧਾਨਤਾ ਦਿੰਦੀ ਹੈ

ਸ. ਆਧੁਨਿਕਤਾ ਦੇ ਪੂਰਨਵਾਦੀ ਰਵੱਈਏ ਦਾ ਵਿਰੋਧ ਕਰਦੀ ਹੈ

## ਅਭਿਆਸ ਪ੍ਰਸ਼ਨ

1. ਉੱਤਰ ਆਧੁਨਿਕਤਾ ਦੀ ਪਰਿਭਾਸ਼ਾ ਅਤੇ ਸਰੂਪ ਨੂੰ ਨਿਸ਼ਚਿਤ ਕਰੋ।
2. ਉੱਤਰ ਆਧੁਨਿਕਤਾ ਅਤੇ ਉੱਤਰ ਆਧੁਨਿਕਤਾਵਾਦ ਵਿਚ ਕੀ ਅੰਤਰ ਹੈ?
3. ਉੱਤਰ ਆਧੁਨਿਕਤਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।
4. ਉੱਤਰ ਆਧੁਨਿਕਤਾ ਬਾਰੇ ਡਾ.ਰਾਜਿੰਦਰਪਾਲ ਸਿੰਘ ਦੀਆਂ ਧਾਰਨਾਵਾਂ ਦਾ ਵਰਣਨ ਕਰੋ।

## ਸੰਦਰਭ ਪੁਸਤਕਾਂ:


- ਪਾਠ ਉੱਤਰ ਪਾਠ, ਜਗਜੀਤ ਸਿੰਘ, ਸ਼ਬਦ ਲੋਕ ਪ੍ਰਕਾਸ਼ਨ,(2011)
- ਵਾਦ ਚਿੰਤਨ, ਭੱਟੀ, ਸੁਰਜੀਤ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲਾ ਸੰਸਕਰਨ (2010)
- *ਉਤਰ ਆਧੁਨਿਕਤਾ*, ਡਾ. ਰਾਜਿੰਦਰਪਾਲ ਸਿੰਘ, ਪੰਜਾਬੀ ਯੂਨੀਵਰਸਿਟੀ, (2011)
- ਡਾ. *ਮਾਰਕਸਵਾਦ, ਨਵ ਮਾਰਕਸਵਾਦ ਅਤੇ ਉਤਰ-ਆਧੁਨਿਕਤਾਵਾਦ*, ਡਾ. ਭੀਮ ਇੰਦਰ ਸਿੰਘ, ਤਰਕ ਭਾਰਤੀ ਪ੍ਰਕਾਸ਼ਨ (2004)
- *ਉਤਰ ਆਧੁਨਿਕਤਾ: ਕਲਾ ਤੇ ਸਾਹਿਤ*, ਨੂਰ, ਸਤਿੰਦਰ ਸਿੰਘ ਤੇ ਬੱਤਰਾ, ਪੰਜਾਬੀ ਅਕਾਦਮੀ (1998)


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%u0a09%u0a71%u0a24%u0a30-%u0a06%u0a27%u0a41%u0a28%u0a3f%u0a15%u0a24%u0a3e

https://unacademy.com/lesson/utr-aadhuniktaa-dee-lhchnn/L5UQKWXV

https://pa.warbletoncouncil.org/posmodernidad-1756

ਉੱਤਰਮਾਲਾ

| | | | | |
|---|---|---|---|---|
| 1. ਸ | 2. ਅ | 3. ੲ | 4. ੲ | 5. ਸ |
| 6. ੳ | 7. ਅ | 8. ੳ | 9. ਸ | 10. ੳ |
| 11.ਅ | 12. ੲ | 13. ਸੰਪੂਰਨਤਾ | 14. ੲ | 15. ਅ |


**LOVELY PROFESSIONAL UNIVERSITY**

# ਅਧਿਆਇ-14: ਵਿਸ਼ਵੀਕਰਨ

*Harpreet singh, Lovely Professional University*

ਵਿਸ਼ਾ ਵਸਤੂ (Content)

- ਉਦੇਸ਼
- ਪ੍ਰਸਤਾਵਨਾ
- ਵਿਸ਼ਾ ਵਸਤੂ
- ਸਾਰ-ਅੰਸ਼
- ਕੇਂਦਰੀ ਸ਼ਬਦ
- ਸਵੈ-ਮੁਲਾਂਕਣ
- ਅਭਿਆਸ ਪ੍ਰਸ਼ਨ
- ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ–

- ਵਿਸ਼ਵੀਕਰਨ ਦੇ ਸਰੂਪ, ਪ੍ਰਕ੍ਰਿਤੀ ਅਤੇ ਵਿਸ਼ੇਸ਼ਤਾਵਾਂ ਨੂੰ ਸਮਝਣ ਦੇ ਕਾਬਲ ਬਣਨਗੇ।
- ਵਿਸ਼ਵੀਕਰਨ ਨਾਲ ਪੈਦਾ ਹੋਈਆਂ ਸਥਿਤੀਆਂ ਅਤੇ ਹਾਲਾਤਾਂ ਦਾ ਮੁਲਾਂਕਨ ਕਰ ਸਕਣ ਵਿਚ ਸਮਰੱਥ ਹੋਣਗੇ।
- ਵਿਸ਼ਵੀਕਰਨ ਦੇ ਸੰਦਰਭ ਵਿਚ ਸਾਹਿਤ ਸਿਰਜਨਾ ਅਤੇ ਸਾਹਿਤ ਆਲੋਚਨਾ ਦੀਆਂ ਵਿਭਿੰਨ ਦਿਸ਼ਾਵਾਂ ਤੋਂ ਜਾਣੂ ਹੋਣਗੇ।

## ਪ੍ਰਸਤਾਵਨਾ:

ਅੱਜ ਵਿਸ਼ਵੀਕਰਨ ਵਿਸ਼ਵ ਦਾ ਸਭ ਤੋਂ ਭਖਵਾਂ ਮੁੱਦਾ ਬਣ ਕੇ ਸਾਹਮਣੇ ਆ ਗਿਆ ਹੈ। ਕੋਸ਼ਗਤ ਸ਼ਬਦਾਂ ਅਨੁਸਾਰ ਵਿਸ਼ਵੀਕਰਨ ਵਸਤਾਂ, ਪੂੰਜੀ ਅਤੇ ਮਨੁੱਖੀ ਕਿਰਤ ਦਾ ਵਿਸ਼ਵ-ਵਿਆਪੀ ਆਦਾਨ ਪ੍ਰਦਾਨ ਹੈ। ਇਸ ਵਰਤਾਰੇ ਨੇ ਜੀਵਨ ਦੇ ਹਰ ਖੇਤਰ ਰਾਜਨੀਤੀ, ਆਰਥਿਕਤਾ, ਸਭਿਆਚਾਰ, ਖੇਤੀ, ਉਦਯੋਗ, ਸੂਚਨਾ ਤੇ ਸੰਚਾਰ, ਕਲਾਵਾਂ ਅਤੇ ਸਾਹਿਤ ਨੂੰ ਆਪਣੀ ਲਪੇਟ ਵਿਚ ਪੂਰੀ ਤਰ੍ਹਾਂ ਲਿਆ ਹੈ। ਮੁਨਾਫ਼ਾ ਬ੍ਰਿਤੀ ਅਤੇ ਨਿਰੰਕੁਸ਼ ਸੱਤਾ ਵਿਸ਼ਵੀਕਰਨ ਸਮਾਜ ਦੇ ਮੂਲ ਲੱਛਣ ਕਹੇ ਜਾ ਸਕਦੇ ਹਨ। ਅਜੋਕਾ ਸੰਸਾਰ ਸਾਮਰਾਜੀ ਵਿਸ਼ਵੀਕਰਨ ਦੇ ਤੀਜੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਵਰਤਾਰੇ ਦਾ ਪਹਿਲਾ ਦੌਰ ਤਜਾਰਤੀ ਸਾਮਰਾਜ ਸੀ, ਦੂਜਾ ਬਸਤੀਵਾਦੀ

ਸਾਮਰਾਜ ਦਾ ਅਤੇ ਤੀਜਾ ਅਜੋਕਾ ਦੌਰ ਵਿਤੀ ਸਾਮਰਾਜ ਦਾ ਹੈ। ਮੁੱਢਲੇ ਦੌਰ ਵਿਚ ਵਿਸ਼ਵੀਕਰਨ ਦੀ ਭੂਮਿਕਾ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਵਾਲੀ ਸੀ ਪਰ ਅਜੋਕੇ ਵਿਸ਼ਵੀਕਰਨ ਨੇ ਮਾਨਵੀਂ ਜ਼ਿੰਦਗੀ ਨੂੰ ਕਈ ਪਾਸਿਆਂ ਤੋਂ ਚਿੰਤਾ ਦਾ ਵਿਸ਼ਾ ਵੀ ਬਣਾ ਦਿੱਤਾ ਹੈ। ਇਸ ਵਰਤਾਰੇ ਨਾਲ ਸਮਾਜ ਵਿਚ ਕਈ ਨਵੀਨ ਸਰੋਕਾਰ ਉਭਰ ਕੇ ਸਾਡੇ ਸਾਹਮਣੇ ਆਏ ਹਨ ਮਨੁੱਖ ਨੇ ਪਦਾਰਥਕ ਸੁੱਖ ਸਹੂਲਤਾਂ ਅਤੇ ਪੂੰਜੀ ਨੂੰ ਹੀ ਜ਼ਿੰਦਗੀ ਦਾ ਅੰਤਿਮ ਨਿਸ਼ਾਨਾ ਸਮਝ ਲਿਆ ਹੈ। ਇਹ ਵਰਤਾਰਾ ਸਮਾਜ ਨੂੰ ਖੁਸ਼ਹਾਲੀ ਤੇ ਕੰਗਾਲੀ ਦੇ ਦੋ ਵੱਡੇ ਧੁਰਵਾਂ ਵਿਚ ਵੰਡ ਰਿਹਾ ਹੈ ਇਕ ਵਰਗ ਕੋਲ ਧਨ ਦੇ ਅੰਬਾਰ ਲੱਗਦੇ ਤੁਰੇ ਜਾਂਦੇ ਹਨ, ਦੂਸਰੇ ਕੋਲ ਅਣਪੂਰੀਆਂ ਆਸਾਂ ਇਕੱਠੀਆਂ ਹੁੰਦੀਆਂ ਜਾਂਦੀਆਂ ਹਨ ਤੇ ਇਉਂ ਸਮਾਜ ਦਾ ਸ਼੍ਰੇਣਿਕ ਪਾੜਾ ਵਧਦਾ ਜਾ ਰਿਹਾ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਕਾਰਨ ਵਿਕਸਤ ਪੂੰਜੀਵਾਦੀ ਮੁਲਕਾਂ ਅਤੇ ਪੱਛੜੇ ਮੁਲਕਾਂ ਵਿਚਕਾਰ ਪਾੜਾ ਹੋਰ ਵਧਿਆ ਹੈ। ਵਿਸ਼ਵੀਕਰਨ ਸਦਕਾ ਭਾਵੇਂ ਪੱਛੜੇ ਮੁਲਕਾਂ ਵਿਚ ਵਿਦੇਸ਼ੀ ਸਰਮਾਏ ਦਾ ਪਾਸਾਰ ਵਧਿਆ ਹੈ ਪਰ ਨਾਲ ਹੀ ਵਿਕਸਤ ਪੂੰਜੀਵਾਦੀ ਮੁਲਕਾਂ ਵਿਚਕਾਰ ਸਰਮਾਇਆ ਇੱਕਠਾ ਕਰਨ ਦੀ ਹੋੜ੍ਹ ਹੋਰ ਵੀ ਵਧ ਗਈ ਹੈ ਤੇ ਇਹਨਾਂ ਵਿਕਸਤ ਪੂੰਜੀਵਾਦੀ ਮੁਲਕਾਂ ਦੇ ਪੈਦਾਵਾਰੀ ਰਿਸ਼ਤੇ ਵਿਸ਼ਵੀਕਰਨ ਦੀਆਂ ਨੀਤੀਆਂ ਅਨੁਸਾਰ ਹੀ ਬਣ ਰਹੇ ਹਨ।

## ਵਿਸ਼ਾ ਵਸਤੂ:

ਵਿਸ਼ਵੀਕਰਨ ਦਾ ਵਰਤਾਰਾ ਸਮਕਾਲ ਵਿਚ ਬਹੁ-ਚਰਚਿਤ ਅਤੇ ਬਹੁ-ਪਾਸਾਰੀ ਹੈ। ਇਸ ਦਾ ਲੰਮੇਰਾ ਇਤਿਹਾਸਕ ਪਿਛੋਕੜ ਹੈ। ਧਰਤੀ ਉਤੇ ਅਨੇਕ ਜਾਨਦਾਰਾਂ ਵਿਚੋਂ ਮਨੁੱਖ ਹੀ ਵਿਕਾਸ ਦੀ ਪ੍ਰਕਿਰਿਆ ਵਿਚ ਰਿਹਾ ਹੈ ਅਤੇ ਉਸਨੇ ਆਪਣੀ ਲੋੜ ਅਨੁਸਾਰ ਸਮੇਂ ਸਮੇਂ ਕੁਦਰਤੀ ਵਸਤਾਂ ਨੂੰ ਵਰਤਿਆ ਹੈ। ਇਸ ਗੱਲ ਵਿਚ ਕੋਈ ਅਤਿਕਥਨੀ ਨਹੀਂ ਕਿ ਮਨੁੱਖ ਦੀ ਸਮੁੱਚੀ ਹੋਂਦ ਸਮਾਜ ਉਤੇ ਹੀ ਨਿਰਭਰ ਕਰਦੀ ਹੈ। ਸਮਾਜ ਦੀ ਬਣਤਰ ਦਾ ਅਧਿਐਨ ਦਾ ਵਿਸ਼ਲੇਸ਼ਣ ਕਰਨ ਤੋਂ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਸਮਾਜ ਉਹ ਸੰਗਠਨ ਹੈ ਜੋ ਮਨੁੱਖ ਦੀਆਂ ਸਰਗਰਮੀਆਂ ਅਤੇ ਉਸ ਦੇ ਵਿਵਹਾਰਾਂ ਨੂੰ ਸੁਤੰਤਰ ਤੇ ਸੀਮਿਤ ਕਰਦਾ ਹੈ ਅਤੇ ਸਮਾਜ ਹੀ ਇਕ ਸਧਾਰਣ ਮਨੁੱਖ ਨੂੰ ਆਪਣੇ ਕਾਨੂੰਨਾਂ ਅਤੇ ਨਿਯਮਾਂ ਅਨੁਸਾਰ ਆਦਰਸ਼ ਮਨੁੱਖ ਬਣਨ ਦੀ ਸੇਧ ਦਿੰਦਾ ਹੈ। ਇਸ ਪ੍ਰਸੰਗ ਵਿਚ ਡਾ.ਟੀ.ਆਰ. ਵਿਨੋਦ ਦਾ ਵਿਚਾਰ ਹੈ ਕਿ ਮਨੁੱਖ ਜਾਤੀ ਦੀ ਇਹ ਵਿਲੱਖਣਤਾ ਹੈ ਕਿ ਮਨੁੱਖ ਦੀ ਜਨਮ ਜਾਤ ਸ਼ਕਤੀ ਉਦਪਾਦਨ ਕਰਨ ਅਤੇ ਉਦਪਾਦਨ ਪ੍ਰਕਿਰਿਆ ਸੰਬੰਧੀ ਚੇਤਨ ਹੋਣ ਦੀ ਪੱਧਰ ਤੱਕ ਵਿਕਾਸ ਕਰਨ ਦੀ ਯੋਗਤਾ ਰੱਖਦੀ ਹੈ ਅਜਿਹੀ ਯੋਗਤਾ ਦੇ ਸਹਾਰੇ ਮਨੁੱਖ ਨੇ ਆਪਣੀ ਲੰਮੀ ਜੀਵਨ ਪ੍ਰਕਿਰਿਆ ਦੌਰਾਨ ਅਜਿਹੇ ਪ੍ਰਬੰਧ ਦੀ ਸਰੰਚਨਾ ਕੀਤੀ ਹੈ ਜੋ ਮਨੁੱਖ ਦੀ ਹਰ ਲੋੜ ਦਾ ਪੂਰਕ ਹੋ ਨਿਬੜਿਆ ਹੈ। 'ਸਮਾਜ' ਇਸੇ ਪ੍ਰਬੰਧ ਦਾ ਹੀ ਨਾਂ ਹੈ। ਮਨੁੱਖ ਨੂੰ ਜਿਉਂਦੇ ਰਹਿਣ ਲਈ ਸਭਿਅਤਾ ਅਰਥਾਤ ਪਦਾਰਥਕ ਉਤਪਾਦਨ ਦੀ ਲੋੜ ਬੁਨਿਆਦੀ ਲੱਗੀ ਅਤੇ ਇਸ ਲੋੜ ਦੀ ਪੂਰਤੀ ਲਈ ਉਹ ਵੱਖ ਵੱਖ ਰਿਸ਼ਤਿਆਂ ਵਿਚ ਬੱਝਿਆ ਤੇ ਉਹਨਾਂ ਰਿਸ਼ਤਿਆਂ ਦੀ ਸੁਰੱਖਿਆ ਲਈ ਉਸਨੇ ਵਿਭਿੰਨ ਪ੍ਰਕਾਰ ਦੀਆਂ ਸੰਸਥਾਵਾਂ ਤੇ ਰਹੁ-ਰੀਤਾਂ ਦੀ ਸਰੰਚਨਾ ਕੀਤੀ। ਕਾਰਲ ਮਾਰਕਸ ਅਤੇ ਏਂਗਲਜ ਦਾ ਸਮਾਜ ਦੇ ਪ੍ਰਸੰਗ ਵਿਚ ਵਿਚਾਰ ਹੈ ਕਿ ਸਮਾਜ ਦੀ ਬਣਤਰ ਵਿਚ ਸਮਾਜ ਦਾ ਆਰਥਿਕ ਢਾਂਚਾ, ਅਸਲੀ ਬੁਨਿਆਦ ਹੁੰਦਾ ਹੈ, ਜਿਸ ਉਤੇ ਕਾਨੂੰਨੀ ਅਤੇ ਰਾਜਨੀਤਕ ਪਰਾ-ਬਣਤਰ ਖੜੀ ਹੁੰਦੀ ਹੈ ਅਤੇ ਸਮਾਜ ਚੇਤਨਤਾ ਦੇ ਨਿਸ਼ਚਿਤ ਰੂਪ ਇਸਦੇ ਅਨੁਸਾਰੀ ਹੁੰਦੇ ਹਨ। ਇਸ ਤਰ੍ਹਾਂ ਆਰਥਿਕਤਾ ਦੀ ਸਮਾਜ ਦੀ ਹੋਂਦ ਪੈਦਾ ਕਰਨ ਵਿਚ ਅਹਿਮ ਭੂਮਿਕਾ ਹੈ। ਜਿਹੜੀ ਉਸਨੂੰ ਮਾਨਵੀਂ ਸੰਬੰਧਾਂ ਵਿਚ ਜੋੜਦੀ ਹੈ।ਮਨੁੱਖੀ ਸਮਾਜ ਦੇ ਇਤਿਹਾਸ ਤੇ ਪਿਛਲ ਝਾਤ ਮਾਰਦਿਆਂ ਪਤਾ ਲੱਗਦਾ ਹੈ ਕਿ ਮਨੁੱਖੀ ਸਮਾਜ ਦਾ ਇਤਿਹਾਸ ਲੱਗਭੱਗ ਦਸ ਲੱਖ ਸਾਲ ਪੁਰਾਣਾ ਹੈ। ਆਦਿ-ਕਾਲੀਨ ਸਮਾਜ ਵਿਚ ਕੁਦਰਤ ਤੋਂ ਮਿਲੀਆਂ ਵਸਤਾਂ ਤੇ ਸਾਰਿਆਂ ਦਾ ਅਧਿਕਾਰ ਹੁੰਦਾ ਸੀ ਅਤੇ ਇਹ ਸਮਾਜ ਲੁੱਟ-ਖਸੁੱਟ ਰਹਿਤ ਸੀ। ਪਰੰਤੂ ਅੱਜ ਮਨੁੱਖ ਵੱਲੋਂ ਅੱਗ, ਪਹੀਏ ਅਤੇ ਬੋਲੀ ਦੁਆਰਾ ਲਿਆਂਦੇ ਇਨਕਲਾਬੀ ਵਿਕਾਸਕਾਰਨ, ਮਨੁੱਖ ਦੀ ਪ੍ਰਕ੍ਰਿਤੀ ਦੇ ਖਿਲਾਫ਼ ਲੜਨ ਅਤੇ ਪ੍ਰਕ੍ਰਿਤੀ ਵਿਚ ਕੰਮ ਕਰ ਰਹੇ ਨੇਮਾਂ ਨੂੰ ਸਮਝ ਕੇ ਵਰਤਣ ਦੀ ਸਮਰੱਥਾ ਵਿਚ ਬੇਅੰਤ ਵਾਧਾ ਹੋਇਆ ਹੈ। ਏਂਗਲਜ ਲਿਖਦਾ ਹੈ ਕਿ ਰਗੜ ਰਾਹੀਂ ਅੱਗ ਪ੍ਰਾਪਤ ਕਰਨ ਦੀ ਲੱਭਤ ਮਨੁੱਖ ਦੀ ਵੱਡੀ ਉਨਤੀ ਸੀ ਜਿਸ ਨੇ ਮਨੁੱਖ ਨੂੰ ਪਸ਼ੂ ਜਗਤ ਤੋਂ ਨਿਖੇੜਿਆ। ਕਬੀਲਿਆਂ ਵਿਚ ਰਹਿੰਦੇ ਮਨੁੱਖਾਂ ਕੋਲ ਜੋ ਕੁੱਝ ਹੁੰਦਾ ਸੀ ਉਸ ਨੂੰ ਸਾਰੇ ਰਲ ਮਿਲ ਕੇ ਖਾ ਲੈਂਦੇ ਸਨ। ਉਸ ਵੇਲੇ ਵਾਧੂ ਉਤਪਾਦਨ ਕਰਨਾ ਮਨੁੱਖ ਦੀ ਸਮਰੱਥਾ ਵਿਚ ਨਹੀਂ ਸੀ। ਜਿਉਂ-ਜਿਉਂ ਮਨੁੱਖ ਨੇ ਵਿਕਾਸ ਕੀਤਾ ਉਸ ਦੇ ਉਤਪਾਦਨ ਵਿਚ ਵਾਧਾ ਸ਼ੁਰੂ ਹੋਗਿਆ ਤੇ ਉਤਪਾਦਨ ਦੀਆਂ ਵੱਖ ਵੱਖ ਸ਼ਾਖਾਂ ਹੋਂਦ ਵਿਚ ਆਈਆਂ, ਨਿੱਜੀ ਮਾਲਕੀ ਬਣਈ ਸ਼ੁਰੂ ਹੋ ਗਈ ਜਿਸ ਦੇ ਪ੍ਰਭਾਵ ਸਦਕਾ ਕੁਟੰਬ, ਟੁੱਟਣੇ ਸ਼ੁਰੂ ਹੋ ਗਏ। ਕਬੀਲਾ ਸਮਾਜ ਦਾਸ ਸਮਾਜ ਵਿਚ ਵਟਣ ਲੱਗਾ। ਪੈਦਾਵਰੀ ਤਾਕਤਾਂ ਦੇ ਵਿਕਾਸ ਨਾਲ ਕਿਰਤ ਦੀ ਸਮਾਜਕ ਵੰਡ ਹੋਈ। ਪਸ਼ੂ ਪਾਲਣ ਅਤੇ ਖੇਤੀ ਦੇ ਧੰਦੇ ਨਾਲ ਨਿੱਜੀ ਸੰਪਤੀ ਹੋਂਦ ਵਿਚ ਆ ਗਈ। ਸਮਾਜ ਦੇ ਇਤਿਹਾਸ ਵਿਚ ਪਹਿਲੀ ਵਾਰ ਦੋ ਵਿਰੋਧੀ ਜਮਾਤਾਂ ਹੋਂਦ ਵਿਚ ਆਈਆਂ । ਇਕ ਗੁਲਾਮ ਤੇ ਦੂਜੀ ਮਾਲਕ। ਉਦੋਂ ਤੋਂ ਲੈਕੇ ਅੱਜ ਤੱਕ ਵਿਦਮਾਨ ਸਾਰੇ ਸਮਾਜਾਂ ਦਾ ਇਤਿਹਾਸ ਜਮਾਤੀ ਘੋਲਾਂ ਦਾ ਇਤਿਹਾਸ ਰਿਹਾ ਹੈ। ਸਮਾਜਕ ਵਿਕਾਸ ਦੀ ਤੋਰ ਦੇ ਨਾਲ ਗੁਲਾਮਦਾਰੀ ਯੁੱਗ ਤੋਂ ਬਾਅਦ ਜਾਗੀਰਦਾਰੀ ਯੁਗ ਹੋਂਦ ਵਿਚ ਆਇਆ ਤਾਂ ਉਸ ਸਮੇਂ ਸਮਾਜ ਦੀ ਬੁਨਿਆਦੀ ਵੰਡ ਜਾਗੀਰਦਾਰਾਂ ਤੇ ਕਿਸਾਨਾਂ ਵਿਚ ਹੋਈ, ਜਿੱਥੇ ਜਾਗੀਰਦਾਰਾਂ ਅਤੇ ਕਿਸਾਨਾਂ ਦੇ ਆਪਸੀ ਹਿੱਤ ਟਕਰਾਏ। ਇਸ ਸਾਮੰਤੀ ਸਮਾਜ ਵਿਚ ਰਜਵਾੜਾਸ਼ਾਹੀ ਦੇ ਅੰਤਰਗਤ ਪ੍ਰਭੂਸਤਾ ਰਾਜੇ ਕੋਲ ਹੁੰਦੀ ਸੀ। ਰਾਜੇ ਦੇ ਅਧਿਕਾਰਾਂ ਨੂੰ ਦੈਵੀ ਅਧਿਕਾਰ ਮੰਨਿਆ ਜਾਂਦਾ ਅਤੇ ਉਹ ਸਿਰਫ ਈਸ਼ਵਰ ਪ੍ਰਤੀ ਹੀ ਜਵਾਬਦੇਹ ਹੁੰਦਾ ਸੀ। ਵਪਾਰ ਦੇ ਵਿਕਾਸ ਅਤੇ ਸੰਸਾਰ ਮੰਡੀ ਦੇ ਵਿਕਸਤ ਹੋਣ ਨਾਲ ਜਾਗੀਰਦਾਰੀ ਸਮਾਜ ਵਿਚ ਪੂੰਜੀਵਾਦੀ ਜਮਾਤ ਪੈਦਾ ਹੋ ਗਈ। ਸਮਾਜ ਵਿਚ ਪੂੰਜੀ ਦੀ ਸ਼ਕਤੀ ਪੈਦਾ ਹੋਣ ਨਾਲ ਸਾਮੰਤੀ ਸਮਾਜ ਦੀ ਥਾਂ ਪੂੰਜੀਵਾਦੀ ਤੇ ਸਰਮਾਏਦਾਰੀ ਸਮਾਜ ਨੇ ਲੈ ਲਈ। ਹੌਲੀ ਹੌਲੀ ਇਹ ਪੂੰਜੀ ਦਾ ਪਾਸਾਰ

ਦੁਨੀਆਂ ਦੇ ਹਰੇਕ ਕੋਨੇ ਤੱਕ ਪਹੁੰਚਣ ਲੱਗਾ ਜਿਸ ਕਾਰਨ ਪੂਰਾ ਵਿਸ਼ਵ ਅਮੀਰ ਤੇ ਗਰੀਬ ਦੋ ਮੁੱਖ ਵਰਗਾਂ ਵਿਚ ਵੰਡਿਆ ਗਿਆ। ਜਿਉਂ ਜਿਉਂ ਪੂੰਜੀ ਦੀ ਤਾਕਤ ਵਧਣ ਲੱਗੀ ਤਿਉਂ-ਤਿਉਂ ਪੂੰਜੀ ਦੇ ਵਧਾਵੇ ਲਈ ਜ਼ਮੀਨ ਹੋਰ ਤਿਆਰ ਹੋਣ ਲੱਗੀ।

ਭਾਰਤ ਵਿਚ ਪੂੰਜੀਵਾਦ ਦਾ ਆਰੰਭ ਅੰਗਰੇਜ਼ਾਂ ਦੇ ਆਉਣ ਨਾਲ ਹੀਹੋਇਆ। ਇਹਨਾਂ ਨੇ ਭਾਰਤ ਦੇ ਸਮਾਜਕ ਪ੍ਰਬੰਧ ਵਿਚ ਅਜਿਹੀ ਤਬਦੀਲੀ ਲਿਆਂਦੀ ਜਿਸ ਨੇ ਭਾਰਤੀ ਸਮਾਜ ਨੂੰ ਨਾ ਕੇਵਲ ਪੂੰਜੀਵਾਦੀ ਲੀਹਾਂ ਤੇ ਤੋਰਿਆ ਸਗੋਂ ਵਿਸ਼ਵ-ਮੰਡੀ ਨਾਲ ਵੀ ਜੋੜ ਦਿੱਤਾ, ਜਿਸ ਵਿਚ ਪੈਦਾਵਾਰ ਸਮਾਜ ਦੇ ਭਲੇਲਈ ਨਹੀਂ ਸਗੋਂ ਮੁਨਾਫ਼ੇ ਲਈ ਕੀਤੀ ਜਾਣ ਲੱਗੀ। ਅੰਗਰੇਜ਼ਾਂ ਵੱਲੋਂ ਕੀਤੇ ਜਾਂਦੇ ਸ਼ੋਸ਼ਣ ਨੇ ਭਾਰਤੀ ਮਜਦੂਰਾਂ, ਕਿਰਤੀਆਂ ਤੇ ਕਿਸਾਨਾਂ ਦੀ ਆਰਥਿਕ ਹਾਲਤ ਨੂੰ ਇਸ ਹੱਦ ਦਰਜੇ ਤੱਕ ਨਿਘਾਰ ਦਿੱਤਾ ਕਿ ਇਹ ਸਾਰੇ ਵਰਗ ਇਸ ਬੇਇਨਸਾਫ਼ੀ ਨੂੰ ਸਹਿਣ ਨਾ ਕਰਦੇ ਹੋਏ ਸੰਗਠਿਤ ਹੋ ਕੇ ਪੂੰਜੀਵਾਦੀ ਜੂਲਾ ਲਾਹ ਸੁਟਣ ਲਈਹਥਿਆਰਬੰਦ ਕ੍ਰਾਂਤੀ ਕਰਕੇ ਸੰਘਰਸ਼ ਦੇ ਰਾਹ ਤੇ ਤੁਰ ਪਏ ਜਿਸ ਦੇ ਸਿੱਟੇ ਵੱਜੋਂਭਾਰਤ ਆਜ਼ਾਦ ਹੋਇਆ। ਆਜ਼ਾਦੀ ਤੋਂ ਬਾਅਦ ਭਾਰਤ ਨੂੰ ਬੇਸ਼ੱਕ ਸਿਧਾਂਤਕ ਤੌਰਤੇ ਸਮਾਜਵਾਦੀ ਲੋਕਤੰਤਰ ਸਮਾਜ ਘੋਸ਼ਿਤ ਕੀਤਾ ਗਿਆ ਪਰੰਤੂ ਵਿਹਾਰਕ ਤੌਰ ਦੇਸ਼ਦੇ ਸ਼ਾਸ਼ਨ ਦੀ ਵਾਗਡੋਰ ਪੂੰਜੀਪਤੀਆਂ ਦੇ ਹੱਥ ਵਿਚ ਚਲੀ ਜਾਣ ਕਰਕੇ ਭਾਰਤ ਵਿਚ ਪੂੰਜੀਵਾਦ ਵਿਕਸਤ ਪੂੰਜੀਵਾਦ ਦੇ ਤੌਰ ਤੇ ਪ੍ਰਵੇਸ਼ ਕਰਨ ਲੱਗਾ। ਇਹ ਵਿਕਸਤ ਪੂੰਜੀਵਾਦ ਇਸ ਤਰਕ ਨੂੰ ਪ੍ਰਫੁੱਲਤ ਕਰਦਾ ਹੈ ਕਿ ਹਰੇਕ ਵਸਤੂ ਖਪਤ ਵਾਸਤੇ ਹੈ ਅਤੇ ਖਪਤ ਸਭਿਆਚਾਰ ਨੂੰ ਸਾਰੇ ਸਮਾਜ ਵਿਚ ਫ਼ੈਲਾਅ ਕੇ ਵੱਧ ਤੋ ਵੱਧ ਧਨ ਬਟੋਰਨਾ ਇਸ ਦਾ ਮੁੱਖ ਮੰਤਵ ਹੈ। ਅਜਿਹੇ ਸਮਾਜ ਵਿਚ ਸਿਆਸਤ ਦਾਅਪਰਾਧੀਕਰਨ ਹੋ ਜਾਣਾ ਸੁਭਾਵਿਕ ਗੱਲ ਹੈ।

ਅੱਜ ਪੂਰਾ ਸੰਸਾਰ ਉਸ ਦੌਰ ਵਿਚੋਂ ਗੁਜ਼ਰ ਰਿਹਾ ਹੈ ਜਦੋਂ ਵਿਕਸਤ ਦੇਸ਼ਾਂ ਦਾ ਪੂੰਜੀਵਾਦ ਆਪਣੀ ਉਮਰ ਵਧਾਉਣ ਲਈ ਪੈਦਾਵਾਰ ਵਿਚ ਹੋਰ ਜ਼ਿਆਦਾ ਉਤਪਾਦਨ ਕਰਨ ਦੀ ਥਾਂ ਪਰਜੀਵੀ ਪੂੰਜੀ ਰਾਹੀਂ ਪੂਰੀ ਦੁਨੀਆਂ ਉਤੇ ਆਪਣਾ ਅਧਿਕਾਰ ਕਾਇਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਅਜੋਕੇ ਸਮਾਜ ਦਾ ਸਿੱਧਾ ਸੰਬੰਧ ਵਿਸ਼ਵੀਕਰਨ ਨਾਲ ਜਾ ਜੁੜਦਾ ਹੈ। ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਵਿਸ਼ਵੀਕਰਨ ਪੂੰਜੀਵਾਦ ਦਾ ਹੀ ਵਿਕਸਤ ਰੂਪ ਹੈ। ਵਿਸ਼ਵੀਕਰਨ ਦੇ ਭਾਰਤ ਵਿਚ ਪ੍ਰਵੇਸ਼ ਬਾਰੇ ਜਾਣਨ ਤੇ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਭਾਰਤ ਵਿਚ ਵਿਸ਼ਵੀਕਰਨ ਦਾ ਪ੍ਰਭਾਵ ਤਾਂ ਅੰਗਰੇਜ਼ਾਂ ਦੀ ਆਮਦ ਬਸਤੀਵਾਦੀ ਸਾਮਰਾਜ ਦੇ ਦਖ਼ਲ ਨਾਲ ਹੀ ਪੈ ਗਿਆ ਸੀ ਪਰੰਤੂ ਵੀਹਵੀਂ ਸਦੀ ਦੇ ਆਖਰੀ ਦਹਾਕੇ ਭਾਵ 1990 ਤੋਂ ਬਾਅਦ ਪੂੰਜੀਦੇ ਵਿਸ਼ਵੀਕਰਨ ਦਾ ਮੌਜੂਦਾ ਦੌਰ ਆਪਣੇ ਪੂਰੇ ਜਲੌਅ ਉੱਤੇ ਸੀ। 1991 ਵਿਚ ਰੂਸਦੇ ਸਮਾਜਵਾਦੀ ਸੋਵੀਅਤ ਸੰਘ ਦੇ ਵਿਗਠਨ ਤੋਂ ਬਾਅਦ ਪੂਰਬੀ ਯੂਰਪ ਦੇਸ ਸਮਾਜਵਾਦੀ ਮੁਲਕ ਵੀ ਇਕ ਇਕ ਕਰਕੇ ਡਿੱਗਣ ਲੱਗੇ ਜਿਸ ਦੇ ਨਤੀਜੇ ਵੱਜੋਂ ਸੰਸਾਰ ਵਿਚ ਪੂੰਜੀਵਾਦ ਦੀ ਜਿੱਤ ਦਾ ਐਲਾਨ ਕਰ ਦਿੱਤਾ ਗਿਆ। ਪੂਰੇ ਸੰਸਾਰ ਦੇਇਕ ਧੁਰਵੀ ਹੋ ਜਾਣ 'ਤੇ ਅਮਰੀਕਾ ਪੂੰਜੀਵਾਦੀ ਕੈਂਪ ਦਾ ਨਿਰਵਿਵਾਦ ਨੇਤਾ ਬਣਕੇ ਉਭਰਿਆ। ਅੱਜ ਵਿਸ਼ਵੀਕਰਨ ਵਿਸ਼ਵ ਦਾ ਸਭ ਤੋਂ ਭਖਵਾਂ ਮੁੱਦਾ ਬਣ ਕੇਸਾਹਮਣੇ ਆ ਗਿਆ ਹੈ। ਕੋਸ਼ ਗਤ ਸ਼ਬਦਾਂ ਅਨੁਸਾਰ ਵਿਸ਼ਵੀਕਰਨ ਵਸਤਾਂ, ਪੂੰਜੀਅਤੇ ਮਨੁੱਖੀ ਕਿਰਤ ਦਾ ਵਿਸ਼ਵਵਿਆਪੀ ਆਦਾਨ ਪ੍ਰਦਾਨ ਹੈ। ਇਸ ਵਰਤਾਰੇ ਨੇਜੀਵਨ ਦੇ ਹਰ ਖੇਤਰ ਰਾਜਨੀਤੀ, ਆਰਥਿਕਤਾ, ਸਭਿਆਚਾਰ, ਖੇਤੀ, ਉਦਯੋਗ, ਸੂਚਨਾ ਤੇ ਸੰਚਾਰ, ਕਲਾਵਾਂ ਅਤੇ ਸਾਹਿਤ ਨੂੰ ਆਪਣੀ ਲਪੇਟ ਵਿਚ ਪੂਰੀ ਤਰ੍ਹਾਂ ਫੈਲਿਆ ਹੈ। ਮੁਨਾਫ਼ਾ ਬ੍ਰਿਤੀ ਅਤੇ ਨਿਰੰਕੁਸ਼ ਸੱਤਾ ਵਿਸ਼ਵੀਕਰਨ ਸਮਾਜ ਦੇ ਮੂਲ ਲੱਛਣ ਕਹੇ ਜਾ ਸਕਦੇ ਹਨ। ਡਾ. ਟੀ.ਆਰ.ਵਿਨੋਦ ਵਿਸ਼ਵੀਕਰਨ ਦੇ ਪ੍ਰਸੰਗ ਵਿਚ ਲਿਖਦਾ ਹੈ ਕਿ "ਅਜੋਕਾ ਸੰਸਾਰ ਸਾਮਰਾਜੀ ਵਿਸ਼ਵੀਕਰਨ ਦੇ ਤੀਜੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਵਰਤਾਰੇ ਦਾ ਪਹਿਲਾ ਦੌਰ ਤਜਾਰਤੀ ਸਾਮਰਾਜ ਸੀ, ਦੂਜਾ ਬਸਤੀਵਾਦੀ ਸਾਮਰਾਜ ਦਾ ਅਤੇ ਤੀਜਾ ਅਜੋਕਾ ਦੌਰ ਵਿਤੀ ਸਾਮਰਾਜ ਦਾ ਹੈ।"

ਮੁੱਢਲੇ ਦੌਰ ਵਿਚ ਵਿਸ਼ਵੀਕਰਨ ਦੀ ਭੂਮਿਕਾ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਵਾਲੀ ਸੀ ਪਰ ਅਜੋਕੇ ਵਿਸ਼ਵੀਕਰਨ ਨੇ ਮਾਨਵੀਂ ਜ਼ਿੰਦਗੀ ਨੂੰ ਕਈ ਪਾਸਿਆਂ ਤੋਂ ਚਿੰਤਾ ਦਾ ਵਿਸ਼ਾ ਵੀ ਬਣਾ ਦਿੱਤਾ ਹੈ। ਇਸ ਵਰਤਾਰੇ ਨਾਲ ਸਮਾਜ ਵਿਚ ਕਈ ਨਵੀਨ ਸਰੋਕਾਰ ਉਭਰ ਕੇ ਸਾਡੇ ਸਾਹਮਣੇ ਆਏ ਹਨ ਮਨੁੱਖ ਨੇ ਪਦਾਰਥਕ ਸੁੱਖ ਸਹੂਲਤਾਂ ਅਤੇ ਪੂੰਜੀ ਨੂੰ ਹੀ ਜ਼ਿੰਦਗੀ ਦਾ ਅੰਤਿਮ ਨਿਸ਼ਾਨਾ ਸਮਝ ਲਿਆ ਹੈ। ਖੇਤੀ ਦੀਆਂ ਨਵੀਆਂ ਉਤਪਾਦਕ ਵਿਧੀਆਂ ਦੀ ਵਰਤੋਂ ਨਾਲ ਨਿਮਨ ਕਿਸਾਨੀ ਮਰਨ ਕਿਨਾਰੇ ਹੋ ਗਈ ਹੈ, ਮਹਿੰਗੀ ਮਸ਼ੀਨਰੀ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਵਿਚ ਵਾਧਾ ਕੀਤਾ ਹੈ। ਮਾਨਵੀਂ ਰਿਸ਼ਤੇ ਕੇਵਲ ਸਵਾਰਥ ਕੇਂਦਰਿਤ ਹੋ ਗਏ ਹਨ। ਔਰਤ ਦੇ ਜਿਸਮ ਦੀ ਪ੍ਰਦਰਸ਼ਨੀ, ਮਾਦਾ ਭਰੂਣ ਹੱਤਿਆ ਵਿਚ ਨਿਰੰਤਰ ਵਾਧਾ,ਰਾਜਨੀਤਕ ਭ੍ਰਿਸ਼ਟਾਚਾਰ ਆਦਿ ਚਿੰਤਾ ਦੇ ਵਿਸ਼ੇ ਬਣ ਗਏ ਹਨ। ਇਸ ਚਿੰਤਾ ਨੂੰ ਆਧਾਰ ਬਣਾਉਂਦਿਆਂ ਡਾ. ਅਜੀਤ ਪਾਲ ਸਿੰਘ ਲਿਖਦਾ ਹੈ ਕਿ

> "ਇਹ ਵਰਤਾਰਾ ਸਮਾਜ ਨੂੰ ਖੁਸ਼ਹਾਲੀ ਤੇ ਕੰਗਾਲੀ ਦੇ ਦੋ ਵੱਡੇ ਧੁਰਵਾਂ ਵਿਚ ਵੰਡ ਰਿਹਾ ਹੈ ਇਕ ਵਰਗ ਕੋਲ ਧਨ ਦੇ ਅੰਬਾਰ ਲੱਗਦੇ ਤੁਰੇ ਜਾਂਦੇ ਹਨ, ਦੂਸਰੇ ਕੋਲ ਅਣਪੂਰੀਆਂ ਆਸਾਂ ਇਕੱਠੀਆਂ ਹੁੰਦੀਆਂ ਜਾਂਦੀਆਂ ਹਨ ਤੇ ਇਉਂ ਸਮਾਜ ਦਾ ਸ਼੍ਰੇਇਕ ਪਾੜਾ ਵਧਦਾ ਜਾ ਰਿਹਾ ਹੈ।"

ਅੱਜ ਦਾ ਮਨੁੱਖ ਆਪਣੇ ਗੌਰਵਮਈ ਵਿਰਸੇ ਪ੍ਰਤੀ ਬੇਮੁਖ ਹੋ ਰਿਹਾ ਹੈ ਸਿੱਟੇ ਵੱਜੋਂ ਨੈਤਿਕਤਾ ਖ਼ਤਮ ਹੋ ਕੇ ਸੱਭਿਆਚਾਰਕ ਮੁੱਲ ਧੁੰਦਲੇ ਪੈਂਦੇ ਜਾ ਰਹੇ ਹਨ। ਸੰਗੀਤ, ਨਾਚ ਅਤੇ ਸਾਹਿਤ ਨੂੰ ਮੰਡੀ ਦੀ ਜਿਣਸ ਬਣਾ ਕੇ ਮੁਨਾਫ਼ਾ ਕਮਾਊ ਮਦਾਂ ਵਜੋਂ ਵਿਕਸਤ ਕੀਜਾ ਜਾ ਰਿਹਾ ਹੈ। ਦਲਿਤ ਵਰਗ ਦੀਆਂ ਸਮੱਸਿਆਵਾਂ ਵਿਚਵਾਧਾ ਅਤੇ ਧਰਮ ਨੂੰ ਪਦਾਰਥਕ ਲੱਭਤਾਂ ਲਈ ਜੁਗਤ ਵੱਜੋਂ ਵਰਤਿਆ ਜਾ ਰਿਹਾ ਹੈ। ਲੇਕਿਨ ਇਸ ਅਤਿ ਵਿਕਾਸ ਦੇ ਯੁੱਗ ਵਿਚੋਂ ਮਾਨਵ ਅਤੇ ਮਾਨਵਤਾ ਮਨਫ਼ੀ ਹੋ ਰਹੇ ਹਨ। ਦੁਨੀਆਂ ਦਾ ਪ੍ਰਸਿੱਧ ਅਰਥ-ਸ਼ਾਸਤਰੀ ਹੈਰੀ ਮੈਗਡਾਫ਼ ਵਿਸ਼ਵੀਕਰਨ ਦੇ ਆਪਸੀ ਅੰਤਰ ਵਿਰੋਧਾਂ ਬਾਰੇ ਲਿਖਦਾ ਹੈ :

> "ਵਿਸ਼ਵੀਕਰਨ ਦੀ ਪ੍ਰਕਿਰਿਆ ਕਾਰਨ ਵਿਕਸਤ ਪੂੰਜੀਵਾਦੀ ਮੁਲਕਾਂ ਅਤੇ ਪੱਛੜੇ ਮੁਲਕਾਂ ਵਿਚਕਾਰ ਪਾੜਾ ਹੋਰ ਵਧਿਆ ਹੈ। ਵਿਸ਼ਵੀਕਰਨ ਸਦਕਾ ਭਾਵੇਂ ਪੱਛੜੇ ਮੁਲਕਾਂ ਵਿਚ ਵਿਦੇਸ਼ੀ ਸਰਮਾਏ ਦਾ ਪਾਸਾਰ ਵਧਿਆ ਹੈ ਪਰ ਨਾਲ ਹੀ ਵਿਕਸਤ ਪੂੰਜੀਵਾਦੀ ਮੁਲਕਾਂ ਵਿਚਕਾਰ ਸਰਮਾਇਆ ਇੱਕਠਾ ਕਰਨ ਦੀ ਹੋੜ੍ਹ ਹੋਰ ਵੀ ਵਧ ਗਈ ਹੈ ਤੇ ਇਹਨਾਂ ਵਿਕਸਤ ਪੂੰਜੀਵਾਦੀ ਮੁਲਕਾਂ ਦੇ ਪੈਦਾਵਾਰੀ ਰਿਸ਼ਤੇ ਵਿਸ਼ਵੀਕਰਨ ਦੀਆਂ ਨੀਤੀਆਂ ਅਨੁਸਾਰ ਹੀ ਬਣ ਰਹੇ ਹਨ।"

ਜ਼ਿੰਦਗੀ ਦੇ ਬਾਕੀ ਬਹੁਤ ਕੁਝ ਵਾਂਗ ਸਮਾਜ ਦਾ ਇਹ ਦੌਰ ਵੀ ਮਨੁੱਖ ਸਿਰਜਿਤ ਹੈ। ਖੁੱਲ੍ਹ ਇਸ ਸਮਾਜ ਦਾ ਕੇਂਦਰੀ ਪ੍ਰਵਰਗ ਹੈ। ਇਸ ਵਰਤਾਰੇ ਦੀ ਗਤੀ ਨੂੰ ਤੇਜ ਕਰਨ ਵਿਚ ਆਵਾਜਾਈ, ਸੰਚਾਰ ਦੇ ਸਾਧਨਾਂ ਅਤੇ ਤਕਨੀਕੀ ਵਿਕਾਸ ਨੇ ਵੱਡਾ ਯੋਗਦਾਨ ਪਾਇਆ ਹੈ। ਅੱਜ ਸਾਰਾ ਸੰਸਾਰ ਸੁੰਗੜ ਕੇ ਇਕ ਪਿੰਡ ਬਣ ਗਿਆ ਹੈ ਤੇ ਦੂਜੇ ਪਾਸੇ ਹਰ ਪਿੰਡ ਨੇ ਪੂਰੇ ਸੰਸਾਰ ਦਾ ਰੂਪ ਧਾਰਨ ਕਰ ਲਿਆ ਹੈ।ਇਸ ਵਰਤਾਰੇ ਦਾ ਸਮੁੱਚਾ ਅਧਿਐਨ ਕਰਨ ਉਪਰੰਤ ਇਹ ਤੱਥ ਸਪੱਸ਼ਟ ਹੁੰਦਾ ਹੈ ਕਿ ਕੋਈ ਵੀ ਵਰਤਾਰਾ ਕੇਵਲ ਚੰਗਾ ਜਾਂ ਕੇਵਲ ਮਾੜਾ ਨਹੀ ਹੁੰਦਾ। ਅਜੋਕੇ ਵਿਸ਼ਵੀਕਰਨ ਦਾ ਸਾਡੇ ਸਮਾਜ ਤੇ ਜੋ ਪ੍ਰਭਾਵ ਪੈ ਰਿਹਾ ਹੈ ਉਸ ਨੂੰ ਵੇਖਣ ਪਰਖਣ ਦਾ ਹਰ ਮਨੁੱਖ ਦਾ ਆਪਣਾ-ਆਪਣਾ ਨਜ਼ਰੀਆ ਹੈ। ਪਹਿਲਾ ਨਜ਼ਰੀਆ ਵਿਸ਼ਵੀਕਰਨ ਦੀਆਂ ਨੀਤੀਆਂ ਦਾ ਗੁਣਗਾਣ ਕਰਦਾ ਹੋਇਆ ਸਮੁੱਚੇ ਸਮਾਜ ਦੀ ਤਰੱਕੀ ਦੀ ਗੱਲ ਕਰਦਾ ਹੈ। ਪਰੰਤੂ ਦੂਜਾ ਨਜ਼ਰੀਆ ਇਸ ਦੀਆਂ ਖ਼ਾਮੀਆਂ ਨੂੰ ਸਾਹਮਣੇ ਰੱਖਦਾ ਇਸ ਵਰਤਾਰੇ ਨੂੰ ਮਾਨਵ ਵਿਰੋਧੀ ਦੱਸਦਾ ਹੈ। ਦੋਵੇਂ ਪੱਖਾਂ ਨੂੰ ਧਿਆਨ ਵਿਚ ਰੱਖਦਿਆਂ ਵਿਗਿਆਨਕ ਪਹੁੰਚ ਆਪਣਾ ਕੇ ਜਦੋਂ ਅਸੀਂ ਦੇਖਦੇ ਹਾਂ ਤਾਂ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਅਤੇ ਸਮਾਜ ਦੇ ਅਗਲੇ ਵਿਕਾਸ ਦੀ ਦ੍ਰਿਸ਼ਟੀ ਤੋਂ ਵਿਸ਼ਵੀਕਰਨ ਪ੍ਰਤੀ ਸਾਡਾ ਰਵੱਈਆ ਹਾਂ-ਮੁਖੀ ਬਣ ਜਾਂਦਾ ਹੈ ਪਰ ਦੂਜੇ ਹੀ ਪਲ ਇਸ ਦੀਆਂ ਨੀਤੀਆਂ ਦੁਆਰਾ ਮਜ਼ਦੂਰ ਵਰਗ ਦੀ ਬੇਕਿਰਕ ਲੁੱਟ-ਖਸੁੱਟ ਦੀ ਦ੍ਰਿਸ਼ਟੀ ਤੋਂ ਸਾਡਾ ਨਜ਼ਰੀਆ ਨਾਂਹ ਪੱਖੀ ਸਰੋਕਾਰਾਂ ਵੱਲ ਮੁੜ ਜਾਂਦਾ ਹੈ।ਇਸ ਵਰਤਾਰੇ ਦਾ ਪ੍ਰਭਾਵ ਜਿੱਥੇ ਮਨੁੱਖੀ ਜ਼ਿੰਦਗੀ ਦੇ ਬਾਕੀ ਖੇਤਰਾਂ ਤੇ ਪਿਆ ਹੈ ਉੱਥੇ ਸਮਾਜ ਦੇ ਬਦਲਾਵ ਦੇ ਨਾਲ ਨਾਲ ਸਾਹਿੱਤਕ ਵਿਧਾਵਾਂ ਵਿੱਚ ਵੀ ਨਿਰੰਤਰ ਤਬਦੀਲੀ ਆਉਣੀ ਸੁਭਾਵਿਕ ਗੱਲ ਹੈ। ਕਿਉਂਕਿ ਸਾਹਿਤ ਜ਼ਿੰਦਗੀ ਦਾਸੱਚ ਹੈ ਜੋ ਮਨੁੱਖੀ ਜ਼ਿੰਦਗੀ ਵਿਚੋ ਹੀ ਉਪਜਦਾ ਹੋਇਆ ਜ਼ਿੰਦਗੀ ਦੇ ਹਰ ਖੇਤਰ ਨੂੰ ਸਮਝਣ ਦਾ ਰਾਹ ਵਿਖਾਉਂਦਾ ਹੈ। ਸਾਹਿਤ ਸਮਾਜ ਦਾ ਬਹੁਮੁੱਲਾ ਸਰਮਾਇਆ ਹੁੰਦਾਹੈ। ਇਹ ਸਮਾਜ ਦੀ ਕੇਵਲ ਤਸਵੀਰ ਹੀ ਪੇਸ਼ ਨਹੀਂ ਕਰਦਾ ਸਗੋਂ ਸਮਾਜ ਦੀ ਤਸਵੀਰ ਨੂੰ ਬਣਾਉਣ ਤੇ ਬਦਲਣ ਦੀ ਸਮਰੱਥਾ ਵੀ ਰੱਖਦਾ ਹੈ। ਪ੍ਰੋ. ਕਿਸ਼ਨ ਸਿੰਘ ਆਪਣੇ ਲੇਖ 'ਸਾਹਿਤ ਅਤੇ ਸਦਾਚਾਰ' ਵਿਚ ਲਿਖਦਾ ਹੈ ਕਿ ਸਾਹਿਤ ਸਮਾਜ 'ਚੋਂ ਪੁੰਗਰਦਾ ਹੈ, ਉਸ ਤੋਂ ਖੁਰਾਕ ਲੈ ਕੇ ਮੌਲਦਾ ਹੈ ਤੇ ਉਸ ਨਾਲ ਨਿਹੁ ਨਿਭਾਉਂਦਾ ਅਤੇ ਉਸਦੀਆਂ ਜ਼ਿੰਮੇਵਾਰੀਆਂ ਪੂਰਦਾ ਆਪਣੀ ਸਫਲਤਾ ਹਾਸਲ ਕਰਦਾ ਹੈ। ਸਮਕਾਲੀ ਸਮਾਜਿਕ ਜ਼ਿੰਦਗੀ ਦੇ ਤਲਖ ਬੁਨਿਆਦੀ ਮਸਲਿਆਂ ਨਾਲ ਉਲਝਣਾ ਹੀ ਸਾਹਿਤ ਦੀ ਦਿਲਚਸਪੀ ਹੁੰਦੀ ਹੈ। ਭਾਵ ਕਿ ਸਾਹਿਤ ਸਮਾਜ ਦੇ ਵਿਕਾਸ ਦੀ ਪੱਧਰ ਦੇ ਨਾਲ ਨਾਲ ਤੁਰਦਾ ਹੈ। ਮਹਾਨ ਸਾਹਿਤ ਉਹੀ ਹੁੰਦਾ ਹੈ ਜੋ ਆਪਣੇ ਸਮੇਂ ਦੀਆਂ ਵੰਗਾਰਾਂ ਨੂੰ ਸੰਬੋਧਿਤ ਹੋ ਕੇ ਸਿਰਜਿਆ ਜਾਂਦਾ ਹੈ ਅਤੇ ਲੋਕ ਪੱਖੀ ਵਿਚਾਰਾਂ ਦਾ ਹਾਮੀ ਹੁੰਦਾ ਹੈ।

ਅਜਿਹੇ ਵਿਚਾਰਾਂ ਨੂੰ ਆਧਾਰ ਬਣਾਉਂਦਿਆਂ ਅਜੋਕੇ ਦੌਰ ਵਿਚ ਵਿਸ਼ਵੀਕਰਨ ਤੋਂ ਪ੍ਰਭਾਵਿਤ ਮਸਲਿਆਂ ਨੂੰ ਬਹੁ-ਗਿਣਤੀ ਸਾਹਿਤਕਾਰ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਦੇ ਹਨ। ਅਜੋਕਾ ਪੰਜਾਬੀ ਸਾਹਿਤ ਇਕ ਪਾਸੇ ਸਥਾਨਕ ਸਰੋਕਾਰਾਂ ਅਤੇ ਦੂਜੇ ਪਾਸੇ ਵਿਸ਼ਵ ਚਿੰਤਨ ਨਾਲ ਸੰਵਾਦ ਰਚਾ ਰਿਹਾ ਹੈ। ਜਗਦੀਸ਼ ਸ਼ਰਮਾ ਅਨੁਸਾਰ, ''ਜਦੋਂ ਤੱਕ ਸਮਾਜ ਦੀ ਵਿਚਾਰਧਾਰਾ, ਸਾਹਿਤਕ ਰਚਨਾ ਵਿਚ ਆਟੇ ਦੇ ਗੁਨ੍ਹਾਵ ਵੀ ਤਰ੍ਹਾਂ ਗੁੰਨ੍ਹੀ ਨਹੀਂ ਜਾਂਦੀ, ਉਦੋ ਤੱਕ ਸਮਾਜ ਦੇ ਕਿਸੇ ਵੀ ਵਰਤਾਰੇ ਦੇ ਸਹੀ ਅਸਤਿਤਵ ਦਾ ਪਤਾ ਨਹੀਂ ਲਗਾਇਆ ਜਾ ਸਕਦਾ।"ਭਾਵ ਕਿ ਇਹ ਤਿੰਨੇ ਸੰਕਲਪ ਇਕ ਦੂਜੇ ਤੋਂ ਬਗੈਰ ਅਧੂਰੇ ਹਨ। ਸਮਾਜਕ ਪ੍ਰਸਥਿਤੀਆਂ ਬਦਲਣ ਨਾਲ ਸਰੋਕਾਰ ਵੀ ਬਦਲਦੇ ਰਹਿੰਦੇ ਹਨ। ਅਜੋਕਾ ਵਿਸ਼ਵੀਕਰਨ ਮਨੁੱਖੀ ਸਮਾਜ ਦੇ ਇਤਿਹਾਸਕ ਵਿਕਾਸ ਦਾ ਅਹਿਮ ਪੜਾਅ ਹੈ ਇਸ ਦੇ ਪਿਛੋਕੜ ਵਿਚ ਸਦੀਆਂ ਦੀਆਂ ਕੋਸ਼ਿਸ਼ਾਂ **ਪ੍ਰਵਾਹਮਾਨ** ਹਨ।

ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਇਸ ਨਾਲ ਪਰੰਪਰਾਗਤ ਤਵਾਜਨ ਵਿਗੜਦਾ ਹੈ ਤੇ ਨਵੀਆਂ ਧਾਰਨਾਵਾਂ ਖੁੰਡੀਆਂ ਹੋ ਚੁੱਕੀਆਂ ਧਾਰਨਾਵਾਂ ਦੀ ਥਾਂ ਲੈਣ ਲਈ ਹੱਥ ਪੈਰ ਪਸਾਰਨੇ ਸ਼ੁਰੂ ਕਰ ਦਿੰਦੀਆਂ ਹਨ। ਇਸੇ ਧਾਰਨਾ ਅਧੀਨ 1990 ਤੋਂ ਬਾਅਦ ਸੰਨ 1991 ਵਿਚ ਸੋਵੀਅਤ ਸੰਘ ਦੇ ਟੁੱਟਣ ਨਾਲ ਵਿਸ਼ਵ ਵਿਚਲਾ ਸਮਾਜਵਾਦੀ ਢਾਂਚਾ ਵੀ ਖੇਰੂ ਖੇਰੂ ਹੋ ਗਿਆ ਜਿਸ ਦੇ ਸਿੱਟੇ ਵੱਜੋਂ ਵਿਸ਼ਵ ਅੰਦਰ ਉਦਾਰੀਕਰਨ, ਨਿੱਜੀਕਰਨ ਅਤੇ

ਵਿਸ਼ਵੀਕਰਨ ਦੇ ਵਰਤਾਰੇ ਨੇ ਹੋਂਦ ਗ੍ਰਹਿਣ ਕੀਤੀ ਅਤੇ ਸੰਸਾਰ ਪੂਰੀ ਤਰ੍ਹਾਂ ਇਕ ਧਰੁਵੀ ਹੋ ਗਿਆ, ਜਿਸ ਵਿਚ ਅਮਰੀਕਾ ਇਕ ਵੱਡੀ ਸ਼ਕਤੀ ਵਜੋਂ ਉਭਰਿਆ ਜਿਸ ਨਾਲ ਵਿਸ਼ਵੀਕਰਨ ਦੀ ਧਾਰਨਾ ਨੂੰ ਹੋਰ ਬਲ ਮਿਲਿਆ। ਇਹ ਵਿਸ਼ਵੀਕਰਨ 'ਵਾਸ਼ਿੰਗ ਟਨ ਕਨਸੈਨਸਜ਼' ਉਪਰ ਅਧਾਰਿਤ ਹੈ ਜੋ ਕਿ ਅਜਿਹੇ ਮੰਡੀ ਕੇਂਦਰਿਤ ਸਿਧਾਤਾਂ ਦਾ ਸਮੂਹ ਹੈ ਜਿਹੜੇ ਕਿ ਅਵਿਕਸਤ ਦੇਸ਼ਾਂ ਦੀਆਂ ਮੰਡੀਆਂ ਨੂੰ ਵਪਾਰ ਲਈ ਖੋਲ੍ਹਣ ਅਤੇ ਉਹਨਾਂ ਨੂੰ ਆਈ.ਐਮ.ਐਫ(ਇੰਟਰਨੈਸ਼ਨਲ ਮੋਨੀਟਰੀ ਫੰਡ) ਅਤੇ ਸੰਸਾਰ ਬੈਂਕ ਵਰਗੀਆਂ ਸੰਸਥਾਵਾਂ ਰਾਹੀਂ ਵਿਸ਼ਵ ਆਰਥਿਕਤਾ ਨਾਲ ਜੋੜਨ ਲਈ ਬਣਾਏ ਗਏ ਸਨ। ਇਹਨਾਂ ਸਿਧਾਂਤਾਂ ਵਿਚ ਵਪਾਰ ਅਤੇ ਵਿੱਤ ਦਾ ਉਦਾਰੀਕਰਨ ਕਰੋ, ਮੰਡੀ ਨੂੰ ਮੁੱਲ ਨਿਰਧਾਰਤ ਕਰਨ ਦਿਉ, ਘਾਟੇ ਵਿਚ ਚੱਲ ਰਹੇ ਸਰਕਾਰੀ ਵਿਭਾਗਾਂ ਦੀ ਸਹੀ ਸਮਰੱਥਾ ਨੂੰ ਵਧਾਉਣ ਲਈ ਉਹਨਾਂ ਵਿੱਚੋਂ ਸਰਕਾਰੀ ਕੰਟਰੋਲ ਖਤਮ ਕਰਕੇ ਨਿੱਜੀਕਰਨ ਕਰੋ, ਉਦਯੋਗਾਂ ਦੀ ਖੁੱਲ, ਕਰ ਸੁਧਾਰ ਅਤੇ ਸਰਕਾਰੀ ਖਰਚਿਆਂ ਨੂੰ ਘਟਾਉਣਾ ਸ਼ਾਮਿਲ ਸੀ।

ਵਿਕਸਤ ਦੇਸ਼ਾਂ ਨੇ 'ਵਾਸ਼ਿੰਗਟਨ ਕਨਸੈਨਸਜ਼' ਆਰਥਿਕ ਸੁਧਾਰਾਂ ਦੇ ਪੁਲੰਦੇ ਨੂੰ ਲਾਗੂ ਕਰਨ ਵੇਲੇ ਕੇਵਲ ਮੁਨਾਫ਼ਾ ਬਿਰਤੀ ਨੂੰ ਕੇਂਦਰ ਵਿਚ ਰੱਖਿਆ ਜਿਸ ਨਾਲ ਇਸ ਉਤੇ ਲੁੱਟ ਦੀ ਖੁੱਲ੍ਹੀ ਛੁੱਟੀ ਦੀ ਵਿਚਾਰਧਾਰਾ ਭਾਰੂ ਹੋ ਗਈ ਅਤੇ ਵਿਕਸਤ ਦੇਸ਼, ਸਰਮਾਏ ਦੇ ਬਰਾਮਦ ਰਾਹੀਂ ਪੱਛੜੇ ਹੋਏ ਮੁਲਕਾਂ ਦੀ ਲੁੱਟ ਖਸੁੱਟ ਦੇ ਰਾਹ ਤੇ ਤੁਰ ਪਏ। ਅਸਲ ਵਿਚ ਇਹ ਵਰਤਾਰਾ ਕੋਈ ਨਵਾਂ ਨਹੀਂ ਹੈ ਇਹ ਪੰਦਰ੍ਹਵੀਂ ਸਦੀ ਦੇ ਅੰਤਲੇ ਦਹਾਕਿਆਂ ਤੋਂ ਲੈ ਕੇ ਉੱਨੀਂਵੀਂ ਸਦੀ ਦੇ ਅੱਧ ਤੱਕ ਏਸ਼ੀਆ, ਅਫ਼ਰੀਕਾ, ਆਸਟਰੇਲੀਆ ਤੇ ਲਾਤੀਨੀ ਅਮਰੀਕਾ ਦੇ ਬਹੁਤ ਸਾਰੇ ਦੇਸ਼ਾਂ ਵਿਚ ਆਰੰਭ ਹੋ ਚੁੱਕਾ ਸੀ। ਬੇਸ਼ੱਕ ਪਹਿਲੇ ਮਹਾਂਯੁੱਧ ਦੇ ਸ਼ੁਰੂ ਹੋਣ ਤੋਂ ਬਾਅਦ ਇਸ ਅਮਲ ਉਪਰ ਕਾਫ਼ੀ ਰੋਕਾਂ ਵੀ ਲੱਗੀਆਂ, ਪਰ ਵੀਹਵੀਂ ਸਦੀ ਦੇ ਅਖ਼ੀਰ ਤੱਕ ਇਸਨੇ ਬੜੀ ਤੇਜ਼ੀ ਨਾਲ ਪੂਰੇ ਸੰਸਾਰ ਨੂੰ ਆਪਣੇ ਘੇਰੇ ਵਿਚ ਲੈ ਲਿਆ। ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਅਤੇ ਗੈਟ ਸਮਝੌਤੇ ਦੇ ਲਾਗੂ ਹੋਣ ਨਾਲ ਤਾਂ ਇਸ ਵਰਤਾਰੇ ਵਿਚ ਬਾਕੀ ਰਹਿੰਦੀਆਂ ਰੁਕਾਵਟਾਂ ਵੀ ਦੂਰ ਹੋ ਗਈਆਂ।

ਪਹਿਲੀ ਵਾਰ ਇਹ ਸ਼ਬਦ1890 ਈਸਵੀ ਵਿਚ ਯਾਤਰਾ ਦੇ ਸੰਦਰਭ ਵਿਚ ਵਰਤਿਆ ਗਿਆ ਅਤੇ 1957 ਵਿਚ ਇਸ ਦੀ ਵਰਤੋ ਵਪਾਰ ਲਈ ਕੀਤੀ ਗਈ ਅਤੇ 1980 ਵਿਆਂ ਤੋਂ ਗਲੋਬਲਾਈਜੇਸ਼ਨ ਹੁਣ ਦੇ ਮੌਜੂਦਾ ਸੰਦਰਭ ਵਿਚ ਵਰਤਿਆ ਜਾਣਾ ਲੱਗਾ।"

ਡਾ. ਸੁਖਦੇਵ ਸਿੰਘ ਪੂੰਜੀਵਾਦ ਦੇ ਅਗਲੇਰੇ ਪੜਾਅ ਵਿਸ਼ਵੀਕਰਨ ਦਾ ਬਿਆਨ ਕਰਦੇ ਲਿਖਦਾ ਹੈ ਕਿ "ਪੂੰਜੀਵਾਦ ਇਤਿਹਾਸਕ ਵਿਕਾਸ ਦੇ ਪੜਾਵਾਂ, ਕੌਮੀ ਸਰਮਾਏਦਾਰੀ ਅਤੇ ਬਸਤੀਵਾਦੀ ਵਿਵਸਥਾ ਵਿਚੋਂ ਲੰਘ ਕੇ ਹੀ ਇਸ ਅਜੋਕੇ ਪੜਾਅ ਤੱਕ ਪਹੁੰਚਿਆ ਹੈ।"

ਅਸਲ ਵਿਚ ਪੂੰਜੀ ਦਾ ਚਰਿੱਤਰ ਮੁੱਢ ਤੋਂ ਹੀ ਵਿਸ਼ਵੀ ਰਿਹਾ ਹੈ। ਡਾ. ਅਨੂਪ ਸਿੰਘ ਅਜੋਕੇ ਵਿਸ਼ਵੀਕਰਨ ਦਾ ਰੂਪ ਬਿਆਨਦਾ ਲਿਖਦਾ ਹੈ ਕਿ "ਬਸਤੀਵਾਦ ਜਿਸਮਾਨੀ ਗੁਲਾਮੀ ਸੀ, ਸਾਮਰਾਜਵਾਦ ਆਰਥਿਕ ਗੁਲਾਮੀ, ਪਰੰਤੂ ਅਜੋਕਾ ਵਿਸ਼ਵੀਕਰਨ ਮੁਕੰਮਲ ਗੁਲਾਮੀ ਹੈ।"

ਸੱਚਾਈ ਤਾਂ ਇਹ ਹੈ ਕਿ ਬੇਸ਼ੱਕ ਇਹ ਵਿਸ਼ਵੀਕਰਨ ਦੌਰ ਉੱਚੇ ਪੱਧਰ ਦੇ ਰਹਿਣ ਸਹਿਣ ਅਤੇ ਪਦਾਰਥਕ-ਆਰਥਿਕ ਖੁਸ਼ਹਾਲੀ ਨਾਲ ਡੂੰਘਾ ਸਰੋਕਾਰ ਰੱਖਦਾ ਹੈ ਪਰੰਤੂ ਇਹ ਵੀ ਭੁੱਲਿਆ ਨਹੀਂ ਜਾ ਸਕਦਾ ਕਿ ਅੰਤਰਰਾਸ਼ਟਰੀ ਆਰਥਿਕਤਾ ਤਾਕਤ ਦੀ ਖੇਡ ਹੈ ਇਸ ਵਿਚ ਜੋ ਤਾਕਤਵਰ ਹਨ ਉਹ ਹੀ ਖੇਡ ਦੇ ਨਿਯਮ ਬਣਾਉਂਦੇ ਹਨ ਤੇ ਆਖਿਰ ਜਿੱਤ ਵੀ ਉਹਨਾਂ ਦੀ ਹੀ ਹੁੰਦੀ ਹੈ। ਡਾ. ਮਨਜੀਤ ਸਿੰਘ ਵਿਸ਼ਵੀਕਰਨ ਦੇ ਉਦੇਸ਼ ਬਾਰੇ ਬਿਆਨਦਾ ਲਿਖਦਾ ਹੈ ਕਿ ਵਿਸ਼ਵੀਕਰਨ ਦਾ ਬੁਨਿਆਦੀ ਉਦੇਸ਼ ਵਿਸ਼ਵ ਭਰ ਵਿਚ ਪੂੰਜੀ ਦੇ ਫੈਲਾਉ ਤੇ ਵਹਾਉ ਦੀ ਪ੍ਰਕਿਰਿਆ ਨੂੰ ਤੇਜ ਕਰਨਾ ਅਤੇ ਸਮੁੱਚੇ ਵਿਸ਼ਵ ਨੂੰ ਆਪਣੀ ਮੰਡੀ ਵਿਚ ਤਬਦੀਲ ਕਰਨਾ ਹੈ।" ਵਿਸ਼ਵ ਆਰਥਿਕਤਾਵਾਂ ਦਾ ਆਪਸ ਵਿਚ ਜੁੜਨਾ ਅਤੇ ਵਸਤਾਂ, ਸਰਮਾਏ, ਕਿਰਤ ਅਤੇ ਗਿਆਨ ਸੂਚਨਾ ਦਾ ਬੇਰੋਕ ਵਹਾਅ ਇਸ ਵਿਸ਼ਵੀਕਰਨ ਦੇ ਪਛਾਣਯੋਗ ਸਰੋਕਾਰ ਹਨ। ਤਕਨਾਲੋਜੀ ਵਿਸਫੋਟ ਨੇ ਦੁਨੀਆ ਨੂੰ ਇਕ ਗਲੋਬਲ ਪਿੰਡ ਵਿਚ ਬਦਲ ਦਿੱਤਾ ਹੈ ਅਤੇ ਹੁਣ ਵਸਤਾਂ,ਸੇਵਾਵਾਂ, ਤਕਨਾਲੋਜੀ, ਪੂੰਜੀ ਤੇ ਕਿਰਤ ਦਾ ਵਿਸ਼ਵ ਪੱਧਰ ਉਤੇ ਏਕੀਕਰਨ ਹੋ ਰਿਹਾਹੈ। ਸਮੇਂ ਅਤੇ ਸਥਾਨ ਦੀ ਦਿਨੋ ਦਿਨ ਸੁੰਗੜਦੀ ਵਿੱਥ ਨੇ ਮਾਨਵ ਜਾਤੀ ਅੰਦਰ ਗਲੋਬਲ ਚੇਤਨਾ ਪੈਦਾ ਕੀਤੀ ਹੈ। ਇੰਟਰਨੈੱਟ, ਕੰਪਿਊਟਰ, ਫੈਕਸ, ਟੈਲੀਫੋਨ,ਟੈਲੀਵਿਯਨ ਅਤੇ ਸੰਚਾਰ ਦੀਆਂ ਹੋਰ ਵਿਗਿਆਨਕ ਸਹੂਲਤਾਂ ਨੇ ਸਮੇਂ ਅਤੇ ਸਥਾਨ ਦੀ ਦੂਰੀ ਨੂੰ ਖਤਮ ਕਰ ਦਿੱਤਾ ਹੈ ਅਤੇ ਵਿਸ਼ਵ ਹੁਣ ਵਿਰਾਟ ਅਤੇ ਵਸੀਹ ਵਿਸ਼ਵ ਨਹੀਂ ਰਿਹਾ ਸਗੋਂ ਇਕ ਪਿੰਡ ਦਾ ਰੂਪ ਧਾਰਨ ਕਰ ਚੁੱਕਾ ਹੈ।

ਇਸ ਦੌਰ ਵਿਚ ਜਿੱਥੇ ਨਵੀਂ ਤਕਨੀਕ ਮਨੁੱਖ ਨੂੰ ਸੁੱਖ ਸਹੂਲਤਾਂ ਤਾਂ ਦੇਣ ਵਿਚ ਸਹਾਈ ਹੋਈ ਹੈ ਉਥੇ ਇਹ ਗੱਲ ਵੀ ਸ਼ਪੱਸ਼ਟ ਕਰਨੀ ਜਰੂਰੀ ਹੈ ਕਿ ਤਕਨੀਕ ਕਦੇ ਵੀ ਨਿਰਪੱਖ ਨਹੀਂ ਹੁੰਦੀ ਅਤੇ ਇਹ ਹਮੇਸ਼ਾ ਆਪਣੇ ਮਾਲਕ ਦੇ ਹੱਕ 'ਚ ਭੁਗਤਦੀ ਹੈ। ਅਰਥ ਸਪੱਸ਼ਟ ਹੈ ਕਿ ਇਸ ਨੇ ਹਮੇਸ਼ਾ ਪੂੰਜੀਪਤੀਆਂ ਦੀ ਵੱਧ ਮੁਨਾਫ਼ਾ ਕਮਾਉਣ ਵਿਚ ਮੱਦਦ ਕਰਕੇ ਮਜਦੂਰ ਦੀ ਲੁੱਟ ਨੂੰ ਤੇਜ ਕੀਤਾ ਹੈ। ਵਿਸ਼ਵੀਕਰਨ ਦੌਰ ਦਾ ਸਭ ਤੋਂ ਘਣਾਉਣਾ ਪੱਖ ਇਹ ਹੈ ਕਿ ਇਸ ਵਿਚ ਮਨੁੱਖ ਤੇ ਮਨੁੱਖ ਵਿਚ ਸਿੱਧਾ ਰਿਸ਼ਤਾ ਬਣਨ ਦੀ ਥਾਂ ਉਨ੍ਹਾਂ

ਵਿਚਕਾਰ ਨਿਰੋਲ ਮੰਡੀ ਦਾ ਰਿਸ਼ਤਾ ਬਣਦਾ ਹੈ। ਮੰਡੀ ਕਲਚਰ ਦਾ ਬੁਨਿਆਦੀ ਖ਼ਾਸਾ ਪੈਸੇ ਤੇ ਲਾਭ ਨਾਲ ਜੁੜਿਆ ਹੈ ਇਸ ਲਈ ਪੈਸਾ ਇਸਦਾ ਅੰਤਿਮ ਮੁੱਲ ਹੈ ਸਿੱਟੇ ਵਜੋਂ ਮਨੁੱਖ ਦਾ ਸਭ ਕੁਝ , ਇਥੋ ਤੱਕ ਕਿ ਉਸਦੀ ਦੇਹ ਵੀ ਪੈਸੇ ਅਧੀਨ ਆ ਗਈ ਹੈ। ਮੰਡੀ ਅਤੇ ਖਪਤ ਸਭਿਆਚਾਰ ਨੇ ਅੱਜ ਦੇ ਮਨੁੱਖ ਨੂੰ ਮੰਡੀ ਦੇ ਮਾਲ ਵਿਚ ਤਬਦੀਲ ਕਰ ਦਿੱਤਾ ਹੈ। ਕਰਿਸ ਬਾਰਕਰ ਵੀ ਵਿਸ਼ਵੀਕਰਨ ਦੇ ਪ੍ਰਸੰਗ ਵਿਚ ਲਿਖਦਾ ਹੈ ਕਿ "ਮਨੁੱਖੀ ਜ਼ਿੰਦਗੀ ਅਤੇ ਮਾਨਵੀ ਕਿਰਦਾਰ ਨਾਲ ਸਬੰਧਿਤ ਹਰ ਸ਼ੈਅ ਨੂੰ ਮੰਡੀ ਦੀ ਵਸਤ ਬਣਾਉਣਾ ਇਸ ਦਾ ਉਦੇਸ਼ ਵੀ ਹੈ ਅਤੇ ਲੋੜ ਵੀ।" ਇਸ ਪ੍ਰਕਿਰਿਆ ਨਾਲ ਮਨੁੱਖਤਾ ਦੇ ਹੋ ਰਹੇ ਘਾਣ ਬਾਰੇ ਸੋਚਣਾ ਪੂੰਜੀਵਾਦੀ ਦੇਸ਼ਾਂ ਦਾ ਵਿਸ਼ਾ ਨਹੀਂ ਹੈ। ਡਾ. ਹਰਿਭਜਨ ਸਿੰਘ ਭਾਟੀਆ ਇਸ ਪ੍ਰਕਿਰਿਆ ਨਾਲ ਆਏ ਬਦਲਾਵ ਬਾਰੇ ਲਿਖਦਾ ਹੈ ਕਿ ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਸਾਡੇ ਦ੍ਰਿਸ਼ਟੀ ਦਾਇਰਿਆਂ ਨੂੰ ਵਸੀਹ, ਸਾਡੀਆਂ ਹੱਦ ਬੰਦੀਆਂ ਨੂੰ ਕਮਜ਼ੋਰ, ਸਾਡੇ ਬਾਡਰਾਂ ਨੂੰ ਮੋਕਲਾ, ਸਾਡੀਆਂ ਵਫਾਦਾਰੀਆਂ ਨੂੰ ਪਰਿਵਰਤਿਤ ਅਤੇ ਸਾਡੇ ਵਪਾਰ ਨੂੰ ਖੁੱਲ੍ਹਾ ਕੀਤਾ ਹੈ।" ਦੁਨੀਆਂ ਦਾ ਹਰ ਦੇਸ਼ ਇਸ ਵਰਤਾਰੇ ਨਾਲ ਇੰਨਾ ਨੇੜਿਉਂ ਜੁੜ ਚੁੱਕਾ ਹੈ ਕਿ ਕੋਈ ਵੀ ਦੇਸ਼ ਚਾਹੁੰਦੇ ਹੋਏ ਵੀ ਇਸਤੋਂ ਨਿੱਖੜ ਨਹੀਂ ਸਕਦਾ।

ਵਿਸ਼ਵੀਕਰਨ ਦੇ ਮੁਖ ਖੇਤਰ ਹੇਠ ਲਿਖੇ ਹਨ

1. ਪੂੰਜੀਵਾਦ
2. ਤਕਨੀਕੀ ਉੱਨਤੀ
3. ਉਦਾਰੀਕਰਨ
4. ਆਰਥਿਕਤਾ
5. ਸਭਿਆਚਾਰਕ ਏਕੀਕਰਨ
6. ਨਵ-ਉਦਾਰਵਾਦ
7. ਸੁਧਾਰਵਾਦੀ

## ਪੂੰਜੀਵਾਦ:

ਵਿਸ਼ਵੀਕਰਨ ਦੇ ਪ੍ਰਚਲਣ ਵਿੱਚ ਪਦਾਰਥਵਾਦ ਦਾ ਪ੍ਰਮੁੱਖ ਰੋਲ ਕਾਰਜਸ਼ੀਲ ਹੈ। ਮਾਰਕਸਵਾਦੀ ਰਾਜਨੀਤਿਕ ਆਰਥਿਕਤਾ ਨੇ ਵੀ ਪ੍ਰੋੜਤਾ ਕੀਤੀ ਹੈ ਕਿ ਪੂੰਜੀਵਾਦ ਵਿਸ਼ਵੀਕਰਨ ਦੀ ਆਧਾਰ -ਮੂਲਕ ਤਾਕਤ ਹੈ। ਕਾਰਲ ਮਾਰਕਸ ਨੇ ਆਪ ਪਾਰ -ਰਾਸ਼ਟਰੀ ਮੰਡੀਆਂ ਬਾਰੇ ਪੇਸ਼ੀਨਗੋਈ ਕੀਤੀ ਸੀ। ਪੂੰਜੀਵਾਦ ਚਾਰ ਸਿਧਾਂਤਾਂ ਉਪਰ ਕਾਰਜਸ਼ੀਲ ਹੈ। ਪਹਿਲਾ, ਹਰੇਕ ਫਰਮ, ਅਦਾਰੇ ਨੇ ਗਲੋਬਲ ਮੰਡੀ ਨੂੰ ਵਿਕਰੀ ਵਧਾਉਣ ਦੀ ਮਨਸ਼ਾ ਨਾਲ ਜੋੜ ਲਿਆ ਹੈ। ਨਿਰਧਾਰਿਤ ਕੀਮਤ ਤੇ ਜਿੰਨੀ ਵੱਧ ਵਿਕਰੀ ਹੋਵੇਗੀ, ਉਨਾ ਹੀ ਵੱਧ ਲਾਭ ਹੋਵੇਗਾ। ਇਸ ਲਈ ਵਿਕਰੀ ਵਧਾਉਣ ਲਈ ਬਹੁ-ਕੌਮੀ ਕੰਪਨੀਆਂ ਵੱਲੋਂ ਵੱਧ ਜਨ ਸੰਖਿਆ ਵਾਲੇ, ਕਮਜ਼ੋਰ ਆਰਥਿਕਤਾ ਵਾਲੇ ਅਤੇ ਉਦਯੋਗੀਕਰਨ ਤੋਂ ਪਛੜੇ ਦੇਸ਼ਾਂ ਵਿੱਚ ਮੰਡੀਆਂ ਨੂੰ ਉਭਾਰਿਆ ਜਾ ਰਿਹਾ ਹੈ। ਦੂਸਰਾ ਸਿਧਾਂਤ ਜਾਂ ਸਟ੍ਰੈਟਜੀ ਇਹ ਅਪਣਾਈ ਜਾ ਰਹੀ ਹੈ ਕਿ ਸਹਿੰਦੇ ਮੁਲਕਾਂ ਵਿੱਚ ਜਿੱਥੇ ਮੰਡੀ ਸਥਾਪਤ ਹੋ ਚੁੱਕੀ ਹੈ, ਉਥੇ ਵਸਤਾਂ ਦੀਆਂ ਕੀਮਤਾਂ ਵੱਧ ਰੱਖੀਆਂ ਜਾਂਦੀਆਂ ਹਨ ਅਤੇ ਉਹੀ ਵਸਤਾਂ ਦੀਆਂ ਕੀਮਤਾਂ ਨਵੀਆਂ ਸਥਾਪਤ ਕੀਤੀਆਂ ਜਾ ਰਹੀਆਂ ਮੰਡੀਆਂ ਵਿੱਚ ਬਹੁਤ ਘੱਟ ਰੱਖ ਕੇ ਭਾਵ ਘਾਟੇ ਦੇ ਪੱਧਰ ਤੇ ਵੀ ਵੇਚਣ ਲਈ ਤਿਆਰ ਰਹਿੰਦੇ ਹਨ। ਉਸ ਦਾ ਘਾਟਾ ਸਥਾਪਤ ਮੰਡੀਆਂ ਦੀ ਵਧੇਰੇ ਵਿਕਰੀ ਤੋਂ ਪੂਰਾ ਕਰ ਲਿਆ ਜਾਂਦਾ ਹੈ। ਤੀਜਾ ਸਿਧਾਂਤ ਹੈ ਕਿ ਵੱਖ-ਵੱਖ ਦੇਸ਼ਾਂ, ਥਾਵਾਂ ਤੇ ਟੈਕਸ ਪ੍ਰਣਾਲੀ ਵਿਚਲੀ ਵੱਖਰਤਾ ਦਾ ਲਾਭ ਲੈਣਾ। ਵੱਡੀਆਂ ਕੰਪਨੀਆਂ ਉਨ੍ਹਾਂ ਥਾਵਾਂ ਤੇ ਮੰਡੀਆਂ ਵਧਾ ਰਹੀਆਂ ਹਨ। ਜਿੱਥੇ ਟੈਕਸ ਘੱਟ ਹਨ ਜਾਂ ਟੈਕਸ ਰਿਆਇਤਾਂ ਉਪਲਬੱਧ ਹਨ । ਚੌਥੇ ਸਿਧਾਂਤ ਅਨੁਸਾਰ ਮੈਗਾ ਕਾਰਪੋਰੇਟਸ ਗਲੋਬਲ ਸੋਰਮਿੰਗ ਕਰਦੀਆਂ ਰਹਿੰਦੀਆਂ ਹਨ । ਅੰਤਰਰਾਸ਼ਟਰੀ ਸਮਝੌਤਿਆਂ ਅਨੁਸਾਰ ਬਹੁ-ਕੌਮੀ ਕੰਪਨੀਆਂ ਆਪਣੇ ਪ੍ਰਾਜੈਕਟ ਉਸ ਥਾਂ ਸਥਾਪਤ ਕਰਦੀਆਂ ਹਨ , ਜਿੱਥੇ ਕੱਚਾ ਮਾਲ ਵਧੇਰੇ ਮਾਤਰਾ ਵਿੱਚ ਉਪਲਬਧ ਹੋਵੇ ਸਮਾਨਤਾ ਹੋਵੇ ਅਤੇ ਸਸਤੇ ਮਜ਼ਦੂਰ ਮਿਲ ਸਕਦੇ ਹੋਣ।

## ਤਕਨੀਕੀ ਉੱਨਤੀ:

ਵਿਦਵਾਨਾਂ ਦਾ ਮੱਤ ਹੈ ਕਿ ਤਕਨਾਲੋਜੀ ਵਿਸ਼ਵੀਕਰਨ ਦਾ ਸਭ ਤੋਂ ਵੱਧ ਸਸ਼ੱਕਤ ਆਧਾਰ ਹੈ ਇਹ ਸੱਚ ਵੀ ਹੈ ਕਿ ਜੇ ਆਵਾਜਾਈ, ਸੰਚਾਰ ਅਤੇ ਡਾਟਾ ਪ੍ਰੋਸੈਸਿੰਗ ਵਿੱਚ ਏਨਾ ਸੁਧਾਰ ਨਾ ਹੁੰਦਾ ਤਾਂ ਸ਼ਾਇਦ ਵਿਸ਼ਵੀਕਰਨ ਦੀ ਵਰਤਮਾਨ ਅਵਸਥਾ ਸੰਭਵ ਹੀ ਨਾ ਹੋ ਸਕਦੀ ਸਪੀਡ ਅਤੇ ਸਮਰੱਥਾ ਦੇ ਲਿਹਾਜ਼ ਨਾਲ ਜੈਟ ਜਹਾਜ਼ਾਂ ਨੇ ਭਾਰੀ ਪਰਿਵਰਤਨ ਲਿਆਂਦਾ ਸੀ। ਮੋਬਾਇਲ ਫੋਨ, ਇੰਟਰਨੈਟ, ਵੀਡੀਓ ਫੋਨ, ਟੀ.ਵੀ. ਕੰਪਿਊਟਰ, ਵੀਡੀਓ ਕਾਨਫਰੰਸਿੰਗ, ਵਾਇਸ-ਮੇਲ ਅਤੇ ਅਤੀ ਆਧੁਨਿਕ ਫੈਕਸ ਜਿਹੀਆਂ ਸੁਵਿਧਾਵਾਂ ਉਪਲਬਧ ਕਰਾ ਕੇ ਵਿਸ਼ਵੀਕਰਨ ਨੂੰ ਪੱਕੇ ਪੈਰੀਂ ਕੀਤਾ ਹੈ।

## ਉਦਾਰੀਕਰਨ:

ਉਦਾਰੀਕਰਨ ਨੇ ਵਿਦੇਸ਼ੀ ਵਪਾਰ ਵਿੱਚ ਬੜ੍ਹੋਤਰੀ ਲਿਆਂਦੀ ਹੈ।ਸਭ ਤੋਂ ਪਹਿਲਾਂ ਅਮਰੀਕਾ, ਫਿਰ ਇੰਗਲੈਂਡ ਅਤੇ ਫਿਰ ਹੋਰ ਯੂਰੋਪੀਨ ਦੇਸ਼ਾਂ ਨੇ ਅੰਤਰਦੇਸ਼ੀ ਵਪਾਰ ਵਾਸਤੇ ਸਰਹੱਦਾਂ ਖੋਲ ਦਿੱਤੀਆਂ , ਕਸਟਮ ਡਿਊਟੀ ਵਿੱਚ ਢਿਲ ਵਰਤੀ ਜਾਣ ਲਗੀ । ਆਈ.ਐਸ. ਐਸ. ਦੇ ਐਗਰੀਮੈਂਟ ਆਰਟੀਕਲ ਵਿੱਚ ਸੋਧ ਕੀਤੀ ਗਈ ਤਾਂ ਜੋ ਮੈਂਬਰ ਦੇਸ਼ ਆਪਣੀ ਮੁਦਰਾ ਸਥਿਤੀ ਦੇ ਵਹਾਅ ਤੇ ਕਾਬੂ ਰੱਖ ਸਕਣ । ਵਿਸ਼ਵੀਕਰਨ ਦਾ ਸਿਧਾਂਤ ਨਾਮਕਰਣ ਅਤੇ ਇਤਿਹਾਸਕ ਪਰਿਪੇਖ ਦੇ ਨਾਲ ਇਹ ਵੀ ਵੇਖਣਾ ਜ਼ਰੂਰੀ ਹੈ ਕਿ ਵਿਸ਼ਵੀਕਰਨ ਦਾ ਸਮਾਜ ਨੇ ਕਿਹੋ ਜਿਹਾ ਪ੍ਰਭਾਵ ਕਬੂਲਿਆ ਹੈ। ਇਸ ਪ੍ਰਕਿਰਿਆ ਅਧੀਨ ਕਿੰਨਾ ਕੁ ਅਤੇ ਕਿਸ ਦਿਸ਼ਾ ਵਿੱਚ ਪਰਿਵਰਤਨ ਵਾਪਰਿਆ ਹੈ।

## ਆਰਥਿਕਤਾ:

ਵਿਸ਼ਵੀਕਰਨ ਨੇ ਆਰਥਿਕਤਾ ਵਿੱਚ ਪਰਿਵਰਤਨ ਕੀਤੇ ਹਨ।ਗਲੋਬਲ ਮੰਡੀ ਅਤੇ ਮੁਕਾਬਲੇ ਕਾਫੀ ਪਰਿਵਰਤਨ ਕੀਤਾ ਹੈ।ਵਿਸ਼ਵੀਕਰਨ ਨੇ ਕਮਿਊਨੀਕੇਸ਼ਨ ਦੇ ਵਿੱਚ ਵੀ ਕਾਫੀ ਤਬਦੀਲੀ ਲੈ ਕੇ ਆਂਦੀ ਹੈ । ਐਲਵਿਨ ਅਤੇ ਹੈਲਦੀ ਟੌਫਲਰ ਨੇ ਕਿਹਾ ਹੈ ਕਿ ਮਾਨਵਤਾ ਹੁਣ ਇਤਿਹਾਸ ਦੇ ਤੀਜੇ ਚੱਲਣ ਵਿੱਚ ਪ੍ਰਵੇਸ਼ ਪਾ ਗਈ ਹੈ। ਵਰਤਮਾਨ ਚਰਣ ਨੂੰ 'ਲੇਟ ਕੇਪੀਟੇਲਿਜ਼ਮ' ਜਾਂ ਉੱਤਰ ਪੂੰਜੀਵਾਦੀ ਸਮਾਜ ਵੀ ਕਿਹਾ ਹੈ। ਵਿਸ਼ਵੀਕਰਨ ਨੇ ਰਾਜ ਸਰਕਾਰਾਂ ਨੂੰ ਪ੍ਰਬੰਧ ਵਿੱਚ ਮੂਲ ਤਬਦੀਲੀਆਂ ਕਰਨ ਲਈ ਮਜ਼ਬੂਰ ਕੀਤਾ ਹੈ।ਇੰਦਰਾ ਗਾਂਧੀ ਤੋਂ ਬਾਅਦ ਦੀਆਂ ਸਰਕਾਰਾਂ ਨੇ ਨਿਜੀਕਰਨ ਨੂੰ ਹੱਲਾਸ਼ੇਰੀ ਦੇਣੀ ਸ਼ੁਰੂ ਕੀਤੀ ਹੋਈ ਹੈ। ਵੱਡੇ-ਵੱਡੇ ਸਰਕਾਰੀ ਅਦਾਰੇ ਜਿਨ੍ਹਾਂ ਦੀ ਕਾਇਮੀ ਉਪਰ ਹਿੰਦੋਸਤਾਨ ਦੀ ਗਰੀਬ ਤੋਂ ਗਰੀਬਤਰ ਜਨਤਾ ਦੀ ਖੂਨ ਪਸੀਨੇ ਦੀ ਕਮਾਈ ਸਿੱਧੇ -ਅਸਿੱਧੇ ਤੌਰ ਤੇ ਲੱਗੀ ਹੋਈ ਹੈ , ਨੂੰ ਕੌਡੀਆਂ ਦੇ ਭਾਅ ਬਹੁ -ਕੌਮੀ ਕੰਪਨੀਆਂ ਕੋਲ ਗਿਰਵੀ ਕੀਤਾ ਜਾਂ ਵੇਚਿਆ ਜਾ ਰਿਹਾ ਹੈ । ਵਿਸ਼ਵੀਕਰਨ ਦੇ ਜਵਾਰ ਅੱਗੇ ਰਾਜ ਸਰਕਾਰਾਂ ਸਾਤ -ਸਤ ਹੀਣ ਹੋ ਰਹੀਆਂ ਹਨ।ਰਾਜ ਦੀ ਪ੍ਰਭੂਸੱਤਾ ਖਤਰੇ ਵਿੱਚ ਹੈ। ਸਰਕਾਰ ਕੋਲ ਗਲੋਬਲ ਆਰਥਿਕ ਪ੍ਰਕਿਰਿਆ ਨੂੰ ਕੰਟਰੋਲ ਕਰਨ ਦੀ ਸ਼ਕਤੀ ਹੁੰਦੀ ਹੈ ਜੇ ਉਹ ਇਸ ਨੂੰ ਕਾਬੂ ਕਰਨ ਦੀ ਚਾਹਵਾਨ ਹੋਵੇ ਤਾਂ ਬਲਕਿ ਮੁਦਰਾ ਸਫੀਤੀ ਦੇ ਖੇਤਰ ਵਿੱਚ ਸਰਕਾਰ ਕੋਲ ਹੀ ਕੰਟਰੋਲ ਵਾਲੀ ਮੁਢਲੀ ਤਾਕਤ ਹੁੰਦੀ ਹੈ। ਇਸ ਪ੍ਰਕਾਰ ਦਾ ਨਿਊ ਮਲਟੀਲੇਟਰੇਲਿਜ਼ਮ ਫੈਲ ਰਿਹਾ ਹੈ , ਜਿਸ ਵਿੱਚ ਅੰਤਰਰਾਸ਼ਟਰੀ ਔਰਗਨਾਈਜੇਸ਼ਨਜ਼ , ਗਲੋਬਲ ਗਵਰਨਿੰਗ ਏਜੰਸੀਜ਼ ਬਣ ਰਹੀਆਂ ਹਨ , ਜਿਨ੍ਹਾਂ ਨੂੰ ਰਾਜ ਸਰਕਾਰਾਂ ਵੱਲੋਂ ਕੁਝ ਖੁੱਲਾਂ ਅਤੇ ਛੋਟਾਂ ਦਿੱਤੀਆਂ ਜਾ ਰਹੀਆਂ ਹਨ । ਇਹ ਤਬਦੀਲੀ ਦੇਣੀ ਪ੍ਰਭਾਵੀ ਹੈ ਕਿ ਹੁਣ ਲਗਦਾ ਹੈ ਕਿ ਇਸ ਤੇ ਰੋਕ ਲਾਉਣ ਦੀ ਥਾਂ ਇਸ ਨੂੰ ਪ੍ਰਭੂਸੱਤਾ ਦੇ ਪ੍ਰਸੰਗ ਵਿੱਚ ਨਵ ਪਰਿਭਾਸ਼ਤਿ ਕਰਨਾ ਪਵੇਗਾ।

## ਸਭਿਆਚਾਰਕ ਏਕੀਕਰਨ:

ਸਭਿਆਚਾਰਕ ਏਕੀਕਰਨ ਹੋ ਰਿਹਾ ਹੈ ਜਿਸ ਵਿੱਚ ਵਿਸ਼ਵੀਕਰਨ ਦਾ ਇੱਕ ਖਾਸ ਰੋਲ ਹੈ। ਉਦਾਰੀਕਰਨ ਜਾਂ ਪੱਛਮੀਕਰਨ ਦੇ ਰੂਪ ਵਿੱਚ ਵਿਸ਼ਵੀਕਰਨ ਨੂੰ ਸਵੀਕਾਰਦਿਆਂ ਸਾਰਾ ਸੰਸਾਰ ਇਕੋ ਸਭਿਆਚਾਰਕ ਇਕਾਈ ਬਣਦਾ ਜਾ ਰਿਹਾ ਹੈ । ਨਤੀਜੇ ਵਜੋਂ ਵਖਰੇਵਿਆਂ ਵਿੱਚ ਯੂਨਿਟੀ ਦੀ ਥਾਂ ਡਾਇਵਰਸਿਟੀ ਹੀ ਖਤਮ ਹੋ ਕੇ ਸਭਿਆਚਾਰਕ ਏਕਤਾ ਪੈਦਾ ਹੋ ਰਹੀ ਹੈ । ਅਗਲਾ ਨੁਕਤਾ ਜੋ ਗਲੋਬਲਾਈਜੇਸ਼ਨ ਦੇ ਆਰਥਿਕ, ਰਾਜਨੀਤਿਕ ਸਰੋਕਾਰਾਂ ਸੰਬੰਧੀ ਵਿਚਾਰਨਯੋਗ ਹੈ ਉਹ ਹੈ ਆਧੁਨਿਕਤਾ ਅਤੇ ਉਤਰ ਆਧੁਨਿਕਤਾ ਦਾ। ਗਿਡਨਜ਼ ਦਾ ਵਿਚਾਰ ਹੈ ਕਿ ਵਿਸ਼ਵੀਕਰਨ ਆਧੁਨਿਕਤਾ ਦੀ ਉੱਤਰਾਧਿਕਾਰੀ ਹੈ ਲੇਕਿਨ ਕੁਝ ਵਿਦਵਾਨ ਇਸ ਧਾਰਨਾ ਦਾ ਵਿਰੋਧ ਵੀ ਕਰਦੇ ਹਨ । ਉਨ੍ਹਾਂ ਅਨੁਸਾਰ ਆਧੁਨਿਕਤਾ ਸਮੁੱਚ ਵਿੱਚ ਨਹੀਂ ਬਲਕਿ ਅੰਸ਼ਕ ਰੂਪ ਵਿੱਚ ਇਸ ਦੀ ਜਿੰਮੇਵਾਰ ਹੈ । ਜਿਵੇਂ ਮਾਰਕਸ, ਆਧੁਨਿਕ ਪੂੰਜੀਗਤ ਵਰਤਾਰੇ ਨੂੰ ਜਿੰਮੇਵਾਰ ਠਹਿਰਾਉਂਦਾ ਹੈ ਅਤੇ ਲਿਬਰਲਜ਼ ਅਨੁਸਾਰ ਆਧੁਨਿਕ ਉਦਯੋਗਿਕ ਤਕਨੀਕ ਨੇ ਹੀ ਸਭ ਤੋਂ ਵੱਧ ਵਿਸ਼ਵੀਕਰਨ ਨੂੰ ਉਤਸ਼ਾਹਿਤ ਕੀਤਾ ਹੈ। ਵਿਸ਼ਵੀਕਰਨ ਦੇ ਪ੍ਰਸੰਗ ਵਿੱਚ ਇਹ ਪ੍ਰਸ਼ਨ ਵੀ ਪੈਦਾ ਹੁੰਦਾ ਹੈ ਕਿ ਕੀ ਇਸ ਨੇ ਸਾਰਿਆਂ ਨੂੰ ਇਕੋ ਜਿਹਾ ਲਾਭ ਪੁਚਾਇਆ ਹੈ ਜਾਂ ਸ਼ੋਸ਼ਣ ਕੀਤਾ ਹੈ ? ਬਰਾਬਰੀ ਦੇ ਮਾਮਲੇ ਵਿੱਚ ਇਹ ਹੁੰਗਾਰਾ ਨਾਂਹ-ਵਾਦੀ ਹੈ। ਵਡੇਰੇ ਪਰਿਪੇਖ `ਚ ਆਮ ਸਹਿਮਤੀ ਹੈ ਕਿ ਇਸ ਨੇ ਸਮਾਜਿਕ ਦਰਜਾਬੰਦੀ ਨੂੰ ਹੋਰ ਗੂੜ੍ਹਾ ਕੀਤਾ ਹੈ। ਵਰਗ ਵੰਡ ਵਿੱਚ ਪਾੜਾ ਹੋਰ ਵਧਾਇਆ ਹੈ। ਜਿਨ੍ਹਾਂ ਕੋਲ ਪਹਿਲਾਂ ਹੀ ਬਹੁਤ ਸੀ, ਉਨ੍ਹਾਂ ਨੂੰ ਹੋਰ ਜ਼ਿਆਦਾ ਲਾਭ ਦਿੱਤਾ ਹੈ । ਵਿਸ਼ਵੀਕਰਨ ਦੇ ਦੌਰ ਵਿੱਚ ਪੇਂਡੂ ਆਬਾਦੀ ਵੀ ਵਿਤਕਰੇ ਦਾ ਸ਼ਿਕਾਰ ਹੋ ਰਹੀ ਹੈ । ਇਸ ਵਰਤਾਰੇ ਵਿੱਚ ਪੇਂਡੂ ਲੋਕਾਂ ਨੂੰ ਸ਼ਹਿਰਾਂ ਦੇ ਮੁਕਾਬਲੇ ਬਹੁਤ ਘੱਟ ਧਨ ਸੇਵਾਵਾਂ ਉਪਲਬਧ ਕਰਾਈਆਂ ਗਈਆਂ ਹਨ।ਵਿਸ਼ਵੀਕਰਨ ਉਂਜ ਵੀ ਸਮੁੱਚੇ ਤੌਰ ਤੇ ਸ਼ਹਿਰਾਂ ਤੱਕ ਸੀਮਤ ਸ਼ਹਿਰੀਕ੍ਰਿਤ ਵਰਤਾਰਾ ਹੈ । ਇਸ ਦੇ ਵਿਪਰੀਤ ਕੁਝ ਵਿਦਵਾਨਾਂ ਦਾ ਮਤ ਹੈ ਕਿ ਲੋਕਰਾਜ ਵਿਸ਼ਵੀਕਰਨ ਨਾਲ ਕਦਮ ਮਿਲਾ ਕੇ ਚਲਣ ਤੋਂ ਅਸਮਰੱਥ ਹੈ ਕਿਉਂਕਿ ਕੁਝ ਅਜਿਹੇ ਮਾਮਲੇ ਹਨ ਜਿਨ੍ਹਾਂ ਨੂੰ ਵਿਕੋਲਿਤਰੇ ਤੌਰ ਤੇ ਇਕੱਲਾ ਦੇਸ਼ ਜਾਂ ਕੁਝ ਛੋਟੇ ਦੇਸ਼ ਹੱਲ ਨਹੀਂ ਕਰ ਸਕਦੇ ਜਿਨ੍ਹਾਂ ਵਾਸਤੇ ਵੱਡੀਆਂ ਤਾਕਤਾਂ ਦੇ ਸਹਿਯੋਗ ਦੀ ਲੋੜ ਹੈ।

## ਨਵ-ਉਦਾਰਵਾਦ:

ਕਲਾਸੀਕਲ ਉਦਾਰਵਾਦ ਦੀਆਂ ਧਾਰਨਾਵਾਂ ਉੱਪਰ ਅਧਾਰਿਤ ਹੈ ਕਿ ਮੰਡੀ ਤਾਕਤਾਂ ਸਮੁੱਚੀ ਮਾਨਵਤਾ ਵਾਸਤੇ ਖੁਸ਼ਹਾਲੀ , ਆਜ਼ਾਦੀ, ਅਮਨ-ਸ਼ਾਂਤੀ ਲਿਆਉਣ ਲਈ ਵਚਨਬੱਧ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਅਨੁਸਾਰ ਵਿਸ਼ਵੀਕਰਨ ਦੀ ਲੋੜ ਜਾਂ ਹਿੱਤਾਂ ਅਨੁਸਾਰ ਨਿਯਮ

ਨਿਰਧਾਰਿਤ ਕਰਨੇ ਚਾਹੀਦੇ ਹਨ। ਬਲਕਿ ਕੀਮਤਾਂ, ਤਨਖਾਹਾਂ ਅਤੇ ਕਰੰਸੀ ਵਟਾਂਦਰੇ ਉਪਰਲੀਆਂ ਬੇਲੋੜੀਆਂ ਪਾਬੰਦੀਆਂ ਖਤਮ ਕਰ ਦੇਣੀਆਂ ਚਾਹੀਦੀਆਂ ਹਨ।

## ਸੁਧਾਰਵਾਦੀ:

ਸੁਧਾਰਵਾਦੀ ਇਸ ਮਤ ਦੇ ਹਾਮੀ ਹਨ ਕਿ ਪੂੰਜੀਵਾਦ ਹੀ ਸਮਾਜ ਭਲਾਈ ਲਈ ਸਭ ਤੋਂ ਵੱਧ ਕਾਰਗਰ ਸਿੱਧ ਹੋ ਸਕਦੀ ਹੈ। ਉਹ ਨਾਲ ਹੀ ਤਾੜਨਾ ਵੀ ਕਰਦੇ ਹਨ ਕਿ ਬੇਕਾਬੂ ਪੂੰਜੀਵਾਦ ਨਿਜ , ਸਮਾਜ ਅਤੇ ਵਾਤਾਵਰਣ ਵਾਸਤੇ ਨੁਕਸਾਨਦਾਇਕ ਵੀ ਸਾਬਿਤ ਹੋ ਸਕਦਾ ਹੈ । ਮੂਲਵਾਦੀ ਚਾਹੁੰਦੇ ਹਨ ਕਿ ਜਾਂ ਤਾਂ ਵਿਸ਼ਵੀਕਰਨ ਦੇ ਵਰਤਾਰੇ ਨੂੰ ਠੱਲ੍ਹ ਪਾਈ ਜਾਵੇ ਜਾਂ ਫਿਰ ਇਸ ਨੂੰ ਉਨ੍ਹਾਂ ਅਨੁਸਾਰ ਚਲਾਇਆ ਜਾਵੇ । ਜਿਹੜੇ ਮੂਲਵਾਦੀ ਵਿਸ਼ਵੀਕਰਨ ਨੂੰ ਰੋਕ ਕੇ ਮੁੜ ਪਹਿਲਾਂ ਵਾਲੀਆਂ ਹਾਲਤਾਂ ਤੇ ਲਿਆਉਣ ਦੇ ਹਾਮੀ ਹਨ, ਉਨ੍ਹਾਂ ਨੂੰ ਪਰੰਪਰਾਵਾਦੀ ਕਿਹਾ ਗਿਆ ਹੈ।

## ਸਾਰ-ਅੰਸ਼:

ਇਸ ਤਰ੍ਹਾਂ ਸਪਸ਼ਟ ਹੁੰਦਾ ਹੈ ਕਿ ਵਿਸ਼ਵੀਕਰਨ ਸਮਕਾਲ ਦਾ ਸਭ ਤੋਂ ਵਡੇਰਾ ਤੇ ਮਹੱਤਵਪੂਰਨ ਵਰਤਾਰਾ ਹੈ ਇਸ ਦਾ ਪ੍ਰਭਾਵ ਸਮਾਜ ਦੇ ਹਰ ਖੇਤਰ ਉਪਰ ਪੈ ਰਿਹਾ ਹੈ। ਇਸ ਪ੍ਰਭਾਵ ਅਧੀਨ ਸਭਿਆਚਾਰ ਵੀ ਆ ਰਿਹਾ ਹੈ। ਇਨ੍ਹਾਂ ਪ੍ਰਭਾਵਾਂ ਸਦਕਾ ਸਭਿਆਚਾਰ ਵਿਚ ਬਹੁਤ ਵੱਡੀ ਤਬਦੀਲੀ ਵਾਪਰ ਰਹੀ ਹੈ । ਵਿਸ਼ਵੀਕਰਨ ਸਮੁੱਚੇ ਵਿਸ਼ਵ ਨੂੰ ਇੱਕ ਸੱਭਿਆਚਾਰਕ ਇਕਾਈ ਬਣਾਉਣ ਵੱਲ ਰੁਚਿਤ ਹੈ। ਅਜਿਹੀ ਪ੍ਰਕਿਰਿਆ ਵੱਖ-ਵੱਖ ਸੱਭਿਆਚਾਰਾਂ ਦੀ ਹੋਂਦ ਅਤੇ ਵੰਨ-ਸੁਵੰਨਤਾ ਲਈ ਖਤਰਾ ਬਣਦੀ ਜਾ ਰਹੀ ਹੈ। ਵਿਦਵਾਨਾਂ ਨੇ ਇਸ ਨੂੰ ਸੱਭਿਆਚਾਰਕ ਸਾਮਰਾਜਵਾਦ ਦਾ ਨਾਮ ਵੀ ਦਿੱਤਾ ਹੈ। ਵਿਸ਼ਵੀਕਰਨ ਦੀ ਨੀਤੀ ਦਰਜੇਬੰਦੀ ਨੂੰ ਵਧਾਉਣ ਵਾਲੀ ਵੀ ਹੈ; ਜਿਸ ਦਾ ਲਾਭ ਕੇਵਲ ਇਕ ਵਿਸ਼ੇਸ਼ ਤਬਕੇ ਨੂੰ ਹੋਏਗਾ ਅਤੇ ਬਾਕੀਆਂ ਦਾ ਸ਼ੋਸ਼ਣ। ਜਿਸ ਲਈ ਅਣਗਿਣਤ ਢੰਗ ਤਰੀਕਿਆਂ ਦੀ ਕਾਢ ਕੱਢੀ ਜਾ ਚੁੱਕੀ ਹੈ। ਅਜਿਹੀ ਸਥਿਤੀ ਵਿੱਚ ਸਾਧਨ ਸੰਪੰਨ ਧਿਰ ਹੋਰ ਵੀ ਧਨੀ ਹੋਈ ਹੈ `ਤੇ ਸ਼ੋਸ਼ਿਤ ਦੀ ਹਾਲਤ ਵਧੇਰੇ ਤਰਸਯੋਗ ਹੁੰਦੀ ਜਾ ਰਹੀ ਹੈ। ਰਾਜਨੀਤਕ ਤੌਰ ਤੇ ਕਿਸੇ ਦੇਸ਼ ਜਾਂ ਕੌਮ ਨੂੰ ਫੌਜਾਂ ਅਤੇ ਹਥਿਆਰਾਂ ਦੇ ਜ਼ੋਰ `ਤੇ ਕੁਝ ਸਾਲਾਂ ਜਾਂ ਸਦੀਆਂ ਤੱਕ ਗੁਲਾਮ ਬਣਾਇਆ ਜਾ ਸਕਦਾ ਹੈ। ਜਦੋਂ ਕਿ ਬੌਧਿਕ ਗੁਲਾਮੀ, ਅਜਿਹੀ ਗੁਲਾਮੀ ਨਾਲੋਂ ਕਿਤੇ ਵੱਧ ਖ਼ਤਰਨਾਕ ਹੁੰਦੀ ਹੈ। ਪੂੰਜੀਵਾਦੀ ਸ਼ਕਤੀਆਂ ਜਨ ਸੰਚਾਰ ਸਾਧਨਾ ਦੀ ਵਰਤੋਂ ਰਾਹੀਂ ਵਿਸ਼ਵ ਸੱਭਿਆਚਾਰ ਉਸਾਰ ਕੇ, ਛੋਟੇ ਸੱਭਿਆਚਾਰ ਦੇ ਲੋਕਾਂ ਨੂੰ ਬੌਧਿਕ ਗੁਲਾਮ ਬਣਾ ਰਹੀਆਂ ਹਨ।ਅਜਿਹੀ ਸਥਿਤੀ ਵਿੱਚ ਛੋਟੇ ਸੱਭਿਆਚਾਰ ਦੇ ਲੋਕ ਆਪਣੀਆਂ ਸਮਰੱਥਾਵਾਂ ਅਤੇ ਸੰਭਾਵਨਾਵਾਂ ਦਾ ਪ੍ਰਗਟਾਵਾ ਕਰਨ ਦੀ ਥਾਂ ਪ੍ਰਭਾਵੀ ਸੱਭਿਆਚਾਰ ਦੀ ਨਕਲ ਕਰ ਰਹੇ ਹਨ।ਵਿਸ਼ਵੀਕਰਨ ਨੇ ਸਮਾਜ ਦੇ ਹਰ ਪੱਖ ਉੱਤੇ ਵਿਆਪਕ ਪ੍ਰਭਾਵ ਪਾਇਆ ਹੈ। ਸਾਹਿਤ, ਸਭਿਆਚਾਰ ਅਤੇ ਮੀਡੀਆ ਵੀ ਇਸ ਤੋਂ ਭਿੰਨ ਨਹੀਂ ਹਨ। ਪੂੰਜੀਵਾਦੀ ਯੁੱਗ ਵਿੱਚ ਜਿੱਥੇ ਮੀਡੀਆ ਵਿਸ਼ਵੀਕਰਨ ਦਾ ਮੁੱਖ ਸੰਦ ਬਣ ਗਿਆ ਹੈ। ਉੱਥੇ ਇਸ ਕੋਲ ਸਾਹਿਤਿਕ ਕਿਰਤਾਂ, ਸਾਹਿਤਕ ਸਰੋਕਾਰਾਂ ਜਾਂ ਸਾਹਿਤਕਾਰਾਂ ਲਈ ਕੋਈ ਸਮਾਂ ਜਾਂ ਸਪੇਸ ਨਹੀਂ ਬਚਿਆ ਹੈ।

## ਮੁੱਖ ਕੇਂਦਰੀ ਸ਼ਬਦ:

ਵਿਸ਼ਵੀਕਰਨ------ ਭੂਮੰਡਲੀਕਰਨ

ਸਰਮਾਇਆ-------ਪੂੰਜੀ

ਰਵੱਈਆ ਹਾਂ-ਮੁਖੀ-------ਸਾਕਾਰਤਮਕ ਪਹੁੰਚ

ਨਜ਼ਰੀਆ-------ਦਿਸ਼ਟੀਕੋਣ

ਲੁੱਟ-ਖਸੁੱਟ--------ਸ਼ੋਸਣ

ਅਸਤਿਤਵ-----ਹੋਂਦ, ਵਜੂਦ

ਪ੍ਰਵਾਹਮਾਨ------------ਗਤੀਸ਼ੀਲ

## ਸਵੈ-ਮੁਲਾਂਕਣ:

**1.** ਕੋਸ਼ ਗਤ ਸ਼ਬਦਾਂ ਅਨੁਸਾਰ ਵਿਸ਼ਵੀਕਰਨ ਤੋਂ ਭਾਵ ਹੈ:

ੳ. ਵਸਤਾਂ ਦਾ ਵਿਸ਼ਵਵਿਆਪੀ ਆਦਾਨ ਪ੍ਰਦਾਨ

ਅ. ਪੂੰਜੀ ਦਾ ਵਿਸ਼ਵਵਿਆਪੀ ਆਦਾਨ ਪ੍ਰਦਾਨ

ੲ. ਮਨੁੱਖੀ ਕਿਰਤ ਦਾ ਵਿਸ਼ਵਵਿਆਪੀ ਆਦਾਨ ਪ੍ਰਦਾਨ

ਸ. ਉਪਰੋਕਤ ਸਾਰੇ

2. ਸਮੇਂ ਅਤੇ ਸਥਾਨ ਦੀ ਦੂਰੀ ਨੂੰ ਖਤਮ ਕਰ ਦਿੱਤਾ ਹੈ

ੳ. ਇੰਟਰਨੈੱਟ ਤੇ ਕੰਪਿਊਟਰ

ਅ. ਫੈਕਸ

ੲ. ਟੈਲੀਵਿਯਨ

ਸ. ਟੈਲੀਫੋਨ

ਹ.ਉਪਰੋਕਤ ਸਾਰੇ

3. ਵਿਸ਼ਵੀਕਰਨ ਦਾ ਪਛਾਣਯੋਗ ਸਰੋਕਾਰ ਨਹੀਂ ਹੈ:

ੳ. ਵਿਸ਼ਵ ਆਰਥਿਕਤਾਵਾਂ ਦਾ ਆਪਸ ਵਿਚ ਜੁੜਨਾ

ਅ. ਵਸਤਾਂ ਅਤੇ ਸਰਮਾਏ ਦਾ ਵਿਸ਼ਵੀ ਪੱਧਰ ਤੇ ਪਾਸਾਰ

ੲ. ਕਿਰਤ ਅਤੇ ਗਿਆਨ ਸੂਚਨਾ ਦਾ ਬੇਰੋਕ ਵਹਾਅ

ਸ. **ਸਭਿਆਚਾਰਕ** ਵਿਭਿੰਨਤਾ

4. "ਅਜੋਕਾ ਸੰਸਾਰ ਸਾਮਰਾਜੀ ਵਿਸ਼ਵੀਕਰਨ ਦੇ ਤੀਜੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਵਰਤਾਰੇ ਦਾ ਪਹਿਲਾ ਦੌਰ ਤਜਾਰਤੀ ਸਾਮਰਾਜ ਸੀ, ਦੂਜਾ ਬਸਤੀਵਾਦੀ ਸਾਮਰਾਜ ਦਾ ਅਤੇ ਤੀਜਾ ਅਜੋਕਾ ਦੌਰ ਵਿਤੀ ਸਾਮਰਾਜ ਦਾ ਹੈ।"

ਇਹ ਕਥਨ ਹੈ-

ੳ. ਡਾ. ਅਨੂਪ ਸਿੰਘ

ਅ. ਪ੍ਰੋ. ਕਿਸ਼ਨ ਸਿੰਘ

ੲ. ਡਾ. ਅਜੀਤ ਪਾਲ ਸਿੰਘ

ਸ. ਡਾ.ਟੀ ਆਰ ਵਿਨੋਦ

5. "ਵਿਸ਼ਵੀਕਰਨ ਦਾ ਵਰਤਾਰਾ ਸਮਾਜ ਨੂੰ ਖੁਸ਼ਹਾਲੀ ਤੇ ਕੰਗਾਲੀ ਦੇ ਦੋ ਵੱਡੇ ਧੁਰਵਾਂ ਵਿਚ ਵੰਡ ਰਿਹਾ ਹੈ ਇਕ ਵਰਗ ਕੋਲ ਧਨ ਦੇ ਅੰਬਾਰ ਲੱਗਦੇ ਤੁਰੇ ਜਾਂਦੇ ਹਨ, ਦੂਸਰੇ ਕੋਲ ਅਣਪੂਰੀਆਂ ਆਸਾਂ ਇਕੱਠੀਆਂ ਹੁੰਦੀਆਂ ਜਾਂਦੀਆਂ ਹਨ ਤੇ ਇਉਂ ਸਮਾਜ ਦਾ ਸ਼੍ਰੇਣਿਕ ਪਾੜਾ ਵਧਦਾ ਜਾ ਰਿਹਾ ਹੈ।"

ਇਹ ਕਥਨ ਹੈ-

ੳ. ਪ੍ਰੋ. ਕਿਸ਼ਨ ਸਿੰਘ

ਅ. ਡਾ. ਅਜੀਤ ਪਾਲ ਸਿੰਘ

ੲ. ਡਾ.ਟੀ ਆਰ ਵਿਨੋਦ

ਸ. ਡਾ. ਅਨੂਪ ਸਿੰਘ

6. " ਵਿਸ਼ਵੀਕਰਨ ਸ਼ਬਦ ਪਹਿਲੀ ਵਾਰ ਇਹ ਸ਼ਬਦ1890 ਈਸਵੀ ਵਿਚ ਯਾਤਰਾ ਦੇ ਸੰਦਰਭ ਵਿਚ ਵਰਤਿਆ ਗਿਆ ਅਤੇ 1957 ਵਿਚ ਇਸ ਦੀ ਵਰਤੋ ਵਪਾਰ ਲਈ ਕੀਤੀ ਗਈ ਅਤੇ 1980 ਵਿਆਂ ਤੋਂ ਗਲੋਬਲਾਈਜੇਸ਼ਨ ਹੁਣ ਦੇ ਮੋਜੂਦਾ ਸੰਦਰਭ ਵਿਚ ਵਰਤਿਆ ਜਾਣਾ ਲੱਗਾ।"

ਕਥਨ ਹੈ:

ੳ. ਸਹੀ

ਅ. ਗਲਤ

7. ਵਿਸ਼ਵੀਕਰਨ ਸਮੁੱਚੇ ਵਿਸ਼ਵ ਨੂੰ ਬਹੁ-ਸੱਭਿਆਚਾਰਕ ਇਕਾਈਆਂ ਵਿਚ ਪ੍ਰਵਰਤਿਤਕਰਨ ਵੱਲ ਰੁਚਿਤ ਹੈ।

ਇਹ ਕਥਨ ਹੈ:

ੳ. ਸਹੀ

ਅ. ਗਲਤ

8. ਵਿਦਵਾਨਾਂ ਦਾ ਮੱਤ ਹੈ ਕਿ ਤਕਨਾਲੋਜੀ ਵਿਸ਼ਵੀਕਰਨ ਦਾ ਸਭ ਤੋਂ ਵੱਧ ਸਸ਼ੱਕਤ ਆਧਾਰ ਹੈ ਇਹ ਸੱਚ ਵੀ ਹੈ ਕਿ ਜੇ ਆਵਾਜਾਈ , ਸੰਚਾਰ ਅਤੇ ਡਾਗ ਪ੍ਰੋਸੈਸਿੰਗ ਵਿੱਚ ਏਨਾ ਸੁਧਾਰ ਨਾ ਹੁੰਦਾ ਤਾਂ ਸ਼ਾਇਦ ਵਿਸ਼ਵੀਕਰਨ ਦੀ ਵਰਤਮਾਨ ਅਵਸਥਾ ਸੰਭਵ ਹੀ ਨਾ ਹੋ ਸਕਦੀ

ਇਹ ਕਥਨ ਹੈ:

ੳ. ਸਹੀ

ਅ. ਗਲਤ

9. ਵਿਸ਼ਵੀਕਰਨ ਦੇ ਮੁੱਖ ਮਸਲੇ ਹਨ:

ੳ. ਤਕਨੀਕੀ ਉੱਨਤੀ

ਅ. ਨਵ-ਉਦਾਰਵਾਦ

ੲ. ਸਭਿਆਚਾਰਕ ਏਕੀਕਰਨ

ਸ. ਉਪਰੋਕਤ ਸਾਰੇ

10. "ਬਸਤੀਵਾਦ ਜਿਸਮਾਨੀ ਗੁਲਾਮੀ ਸੀ, ਸਾਮਰਾਜਵਾਦ ਆਰਥਿਕ ਗੁਲਾਮੀ, ਪਰੰਤੂ ਅਜੋਕਾ ਵਿਸ਼ਵੀਕਰਨ ਮੁਕੰਮਲ ਗੁਲਾਮੀ ਹੈ।"

ਇਹ ਕਥਨ ਹੈ:

ੳ. ਡਾ. ਅਨੂਪ ਸਿੰਘ

ਅ. ਡਾ. ਅਜੀਤ ਪਾਲ ਸਿੰਘ

ੲ. ਡਾ.ਟੀ ਆਰ ਵਿਨੋਦ

ਸ. ਪ੍ਰੋ. ਕਿਸ਼ਨ ਸਿੰਘ

11. ਸਭਿਆਚਾਰਕ ਏਕੀਕਰਨ ਦੀਆਂ ਵਿਸ਼ੇਸ਼ਤਾਵਾਂ ਹੈ:

ੳ. ਸਮਾਜਿਕ ਦਰਜਾਬੰਦੀ ਨੂੰ ਹੋਰ ਗੂੜ੍ਹਾਕਰਨਾ


LOVELY PROFESSIONAL UNIVERSITY

ਅ. ਵਰਗ ਵੰਡ ਵਿੱਚ ਪਾੜਾ

ੲ. ਪੇਂਡੂ ਆਬਾਦੀ ਨਾਲ ਵਿਤਕਰਾ

ਸ. ਬਰਾਬਰੀ ਦੇ ਮਾਮਲੇ ਲਿਆਉਣੇ

12. ਬੇਕਾਬੂ ਪੂੰਜੀਵਾਦ ਕਿਸ ਵਾਸਤੇ ਨੁਕਸਾਨਦਾਇਕ ਸਾਬਿਤ ਹੋ ਸਕਦਾ ਹੈ

ੳ. ਨਿਜ

ਅ. ਸਮਾਜ

ੲ. ਵਾਤਾਵਰਣ

ਸ. ਉਪਰੋਕਤ ਸਾਰੇ

13. ਖਾਲੀ ਥਾਂ ਭਰੋ:

ਕਰਿਸ ਬਾਰਕਰ ਵੀ ਵਿਸ਼ਵੀਕਰਨ ਦੇ ਪ੍ਰਸੰਗ ਵਿਚ ਲਿਖਦਾ ਹੈ ਕਿ "ਮਨੁੱਖੀ ਜ਼ਿੰਦਗੀ ਅਤੇ ਮਾਨਵੀ ਕਿਰਦਾਰ ਨਾਲ ਸਬੰਧਿਤ ਹਰ ਸ਼ੈਅ ਨੂੰ --------------------ਬਣਾਉਣਾ ਇਸ ਦਾ ਉਦੇਸ਼ ਵੀ ਹੈ ਅਤੇ ਲੋੜ ਵੀ।"

14. **ਨਵ-ਉਦਾਰਵਾਦ** ਦਾ ਉਦੇਸ਼ ਨਹੀਂ ਹੈ:

ੳ. ਸਮੁੱਚੀ ਮਾਨਵਤਾ ਵਾਸਤੇ ਸਭਿਆਚਾਰਕ ਵਿਭਿੰਨਤਾ ਲਿਆਉਣਾ

ਅ. ਸਮੁੱਚੀ ਮਾਨਵਤਾ ਵਾਸਤੇ ਆਜ਼ਾਦੀ ਲਿਆਉਣਾ

ੲ. ਸਮੁੱਚੀ ਮਾਨਵਤਾ ਵਾਸਤੇ ਅਮਨ ਸ਼ਾਂਤੀ ਲਿਆਉਣਾ

ਸ. ਸਮੁੱਚੀ ਮਾਨਵਤਾ ਵਾਸਤੇ ਖੁਸ਼ਹਾਲੀ ਲਿਆਉਣਾ

15. ਗਲੋਬਲ ਮੰਡੀ ਦਾ ਮਸਲਾ ਵਿਸ਼ਵੀਕਰਨ ਦੇ ਕਿਸ ਸੰਦਰਭ ਵਿਚ ਵਿਚਾਰਿਆ ਜਾਂਦਾ ਹੈ।

ੳ. ਉਦਾਰੀਕਰਨ

ਅ. ਸਭਿਆਚਾਰਕ ਏਕੀਕਰਨ

ੲ. ਆਰਥਿਕਤਾ

ਸ. ਨਵ-ਉਦਾਰਵਾਦ

## ਅਭਿਆਸ ਪ੍ਰਸ਼ਨ

1. ਵਿਸ਼ਵੀਕਰਨ ਦੇ ਪਿਛੋਕੜ ਬਾਰੇ ਵਿਸਥਾਰ ਵਿਚ ਵਰਣਨ ਕਰੋ।
2. ਵਿਸ਼ਵੀਕਰਨ ਦੇ ਸਰੂਪ ਅਤੇ ਪ੍ਰਕ੍ਰਿਤੀ ਬਾਰੇ ਚਰਚਾ ਕਰੋ।
3. ਵਿਸ਼ਵੀਕਰਨ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।
4. ਵਿਸ਼ਵੀਕਰਨ ਦੇ ਪ੍ਰਭਾਵਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਦਿਉ।

## ਸੰਦਰਭ ਪੁਸਤਕਾਂ:


- *ਵਿਸ਼ਵੀਕਰਨ : ਸਾਹਿਤਿਕ ਪ੍ਰਤਿਉੱਤਰ,* ਮਨਜੀਤ ਸਿੰਘ, ਡਾ. ਆਰਸੀ ਪਬਲਿਸ਼ਰਜ, (2007)
- ਵਿਸ਼ਵੀਕਰਨ ਦਾ ਪ੍ਰਵਚਨ: ਆਰਥਿਕ, ਰਾਜਸੀ ਤੇ ਸਭਿਆਚਾਰਕ ਪਰਿਪੇਖ, ਗੁਰਜਸਵਿੰਦਰ ਸਿੰਘ (ਸੰਪਾ), ਚੇਤਨਾ ਪ੍ਰਕਾਸ਼ਨ, ਲੁਧਿਆਣਾ, (2006)
- ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ ਸਭਿਆਚਾਰ, ਅਮਰਜੀਤ ਸਿੰਘ ਕਾਗ, ਸਾਹਿਤ ਅਕਾਡਮੀ , 2015


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%u0a35%u0a3f%u0a36%u0a35%u0a40%u0a15%u0a30%u0a28+(globalization)

https://pa.eferrit.com/%E0%A8%B8%E0%A8%AE%E0%A8%BE%E0%A8%9C-%E0%A8%B5%E0%A8%BF%E0%A8%97%E0%A8%BF%E0%A8%86%E0%A8%A8-%E0%A8%B5%E0%A8%BF%E0%A9%B1%E0%A8%9A/

ਉੱਤਰਮਾਲਾ

| | | | | |
|---|---|---|---|---|
| 1. ਸ | 2. ਹ | 3. ਸ | 4. ਸ | 5. ਅ |
| 6. ੳ | 7. ਅ | 8. ੳ | 9. ਸ | 10. ੳ |
| 11.ਸ | 12. ਸ | 13. ਮੰਡੀ ਦੀ ਵਸਤ | 14. ੳ | 15. ੲ |